# ਗੁਰੂ ਨਾਨਕ ਬਾਣੀ ਵਿਚ ਸੰਗਤ ਦਾ ਸੰਕਲਪ

# GURU NANAK BANI VICH SANGAT DA SANKALP

**THESIS**

SUBMITTED TO THE PANJAB UNIVERSITY, CHANDIGARH

FOR THE DEGREE OF

## DOCTOR OF PHILOSOPHY

IN THE FACULTY OF LANGUAGES

**1998**

P.U. LIBRARY
CHANDIGARH

Submitted By

**JASBIR KAUR**

DEPARTMENT OF GURU NANAK SIKH STUDIES

PANJAB UNIVERSITY

CHANDIGARH

# ਤਤਕਰਾ


ਪੰਨਾ ਨੰਬਰ

ਭੂਮਿਕਾ ੳ – ਸ

*ਅਧਿਆਇ ਪਹਿਲਾ* ਸੰਗਤ : ਪਰਿਭਾਸ਼ਾ ਤੇ ਵਿਕਾਸ 1–24

1.1 ਸੰਗਤ ਦੀ ਪਰਿਭਾਸ਼ਾ

1.2 ਸੰਗਤ ਦਾ ਵਿਕਾਸ

1.2.1 ਵੇਦਾਂ ਵਿੱਚ ਸੰਗਤ ਦਾ ਸੰਕਲਪ

1.2.2 ਉਪਨਿਸ਼ਦਾਂ ਵਿੱਚ ਸੰਗਤ ਦਾ ਸੰਕਲਪ

1.2.3 ਜੈਨ ਮਤ ਵਿੱਚ ਸੰਗਤ ਦਾ ਸੰਕਲਪ

1.2.4 ਬੁੱਧ ਮਤ ਵਿੱਚ ਸੰਗਤ ਦਾ ਸੰਕਲਪ

1.2.5 ਈਸਾਈ ਮਤ ਵਿੱਚ ਸੰਗਤ ਦਾ ਸੰਕਲਪ

1.2.6 ਇਸਲਾਮ ਮਤ ਵਿੱਚ ਸੰਗਤ ਦਾ ਸੰਕਲਪ

*ਅਧਿਆਇ ਦੂਜਾ* ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਉਦਭਵ 25–48

2.1 ਗੁਰੂ ਨਾਨਕ ਬਾਣੀ ਅਰਥਾਤ ਗੁਰਮਤਿ ਸਾਹਿਤ ਵਿਚ 'ਸੰਗਤ' ਸ਼ਬਦ ਅਤੇ ਵਿਕਾਸ।

2.2 ਗੁਰੂ ਨਾਨਕ ਬਾਣੀ ਵਿਚਲੀ ਸੰਗਤ : ਪਰਿਭਾਸ਼ਾ ਤੇ ਸਰੂਪ

2.3 ਗੁਰੂ ਨਾਨਕ ਬਾਣੀ ਵਿਚਲੀ 'ਸੰਗਤ' ਦੇ ਉਦਭਵ ਦੇ ਕਾਰਣ:-

(1) ਮਨੁੱਖੀ ਜੀਵ (2) ਸੱਚ (ਪਰਮਾਤਮਾ) (3) ਗੁਰੂ

(4) ਕਲਯੁਗ (5) ਪੰਜ ਵਿਕਾਰ (6) ਮੁਕਤੀ

(7) ਸਮਾਜਿਕ ਜੀਵਨ

ਅਧਿਆਇ ਤੀਜਾ **ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਮੁਢਲਾ ਰੂਪ ਤੇ ਇਤਿਹਾਸਕ ਵਿਕਾਸ** 49-70

**3.1 ਮੁਢਲਾ ਰੂਪ**

3.1.1 ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਅਲੱਗ ਅਲੱਗ ਸੰਗਤਾਂ ਤੇ ਮੋਢੀ ਸਿੱਖ।

3.1.2 ਸੰਗਤਾਂ ਦਾ ਸਰੂਪ ਤੇ ਪ੍ਰਕਿਰਿਆ।

**3.2 ਇਤਿਹਾਸਕ ਵਿਕਾਸ**

3.2.1 ਗੁਰੂ ਅੰਗਦ ਦੇਵ ਸਮੇਂ ਸੰਗਤ

3.2.2 ਗੁਰੂ ਅਮਰਦਾਸ ਸਮੇਂ ਸੰਗਤ

—ਸੰਗਤ ਦੇ ਵਿਕਾਸ ਵਿੱਚ ਮੰਜੀ ਪ੍ਰਥਾ ਦਾ ਯੋਗਦਾਨ

3.2.3 ਗੁਰੂ ਰਾਮ ਦਾਸ ਸਮੇਂ ਸੰਗਤ

—ਮਸੰਦ ਪ੍ਰਥਾ ਦਾ ਯੋਗਦਾਨ

—ਅੰਮ੍ਰਿਤਸਰ ਦੀ ਸਥਾਪਨਾ

3.2.4 ਗੁਰੂ ਅਰਜਨ ਦੇਵ ਸਮੇਂ ਸੰਗਤ

—ਮਸੰਦ ਪ੍ਰਥਾ ਦਾ ਵਿਸਥਾਰ

—ਹਰਿਮੰਦਰ ਸਾਹਿਬ ਦੀ ਸਥਾਪਨਾ

—ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ

3.2.5 ਗੁਰੂ ਹਰਗੋਬਿੰਦ ਵੇਲੇ ਸੰਗਤ

—ਮੀਰੀ ਪੀਰੀ ਦਾ ਸਿਧਾਂਤ

—ਚਾਰ ਧੂਣਿਆਂ ਦਾ ਯੋਗਦਾਨ (ਪ੍ਰਚਾਰ ਕੇਂਦਰ)

3.2.6 ਗੁਰੂ ਹਰਿ ਰਾਇ ਸਮੇਂ ਸੰਗਤ

—ਬਖਸ਼ਿਸ਼ਾਂ ਦੀ ਸਥਾਪਨਾ (ਪ੍ਰਚਾਰ ਕੇਂਦਰ)

—ਪ੍ਰਚਾਰਕ ਥਾਪਣੇ

3.2.7 ਗੁਰੂ ਹਰਿਕ੍ਰਿਸ਼ਨ ਸਮੇਂ ਸੰਗਤ

—ਪ੍ਰਚਾਰ ਲਈ ਸਿੱਖਾਂ ਨੂੰ ਭੇਜਣਾ

—ਹੁਕਮਨਾਮੇ ਜਾਰੀ ਕਰਨੇ

3.2.8 ਗੁਰੂ ਤੇਗ ਬਹਾਦਰ ਸਮੇਂ ਸੰਗਤ

—ਗੁਰੂ ਨਾਨਕ ਦੁਆਰਾ ਸਥਾਪਤ ਸੰਗਤਾਂ ਨੂੰ ਪੁਨਰ ਸੁਰਜੀਤ ਕਰਨਾ

—ਨਵੇਂ ਪ੍ਰਚਾਰ ਕੇਂਦਰ ਸਥਾਪਤ

—ਮਸੰਦ ਥਾਪਣੇ

3.2.9 ਗੁਰੂ ਗੋਬਿੰਦ ਸਿੰਘ ਸਮੇਂ ਸੰਗਤ

—ਗੁਰਸੰਗਤ ਕੀਨੀ ਖਾਲਸਾ

—ਸੰਗਤ ਨੂੰ ਗੁਰੂ ਦੀ ਪਦਵੀ

• 3.2.10 ਸੰਗਤ ਤੇ ਸਰਬੱਤ ਖਾਲਸਾ

*ਅਧਿਆਇ ਚੌਥਾ* **<u>ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੀ ਸੰਰਚਨਾ</u>** 71–80

**ਮੂਲ ਅੰਸ਼ –**

**4.1 ਸਿੱਖ**

**4.2 ਪਰਮਾਤਮਾ**

**4.3 ਗੁਰੂ**

**ਹੋਰ ਅੰਸ਼ –**

**4.4 ਕੀਰਤਨ**

**4.5 ਕਥਾ**

**4.6 ਅਰਦਾਸ**

**4.7 ਸੇਵਾ**

**4.8 ਲੰਗਰ/ਪੰਗਤ**

ਅਧਿਆਇ ਪੰਜਵਾਂ — ਗੁਰੂ ਨਾਨਕ ਬਾਣੀ ਵਿਚਲੀ ਸੰਗਤ ਤੇ ਅਕਾਲਪੁਰਖ/ਗੁਰੂ — 81-105

5.1 ਗੁਰੂ ਨਾਨਕ ਬਾਣੀ ਅਨੁਸਾਰ ਅਕਾਲਪੁਰਖ (ਬ੍ਰਹਮ)

5.2 ਗੁਰੂ ਨਾਨਕ ਬਾਣੀ ਅਨੁਸਾਰ ਸੰਗਤ ਵਿੱਚ ਅਕਾਲਪੁਰਖ ਦਾ ਵਾਸਾ

5.3 ਸੰਗਤ ਵਿੱਚੋਂ ਅਕਾਲਪੁਰਖ ਦੀ ਪ੍ਰਾਪਤੀ

5.4 ਗੁਰੂ ਨਾਨਕ ਬਾਣੀ ਵਿਚਲੀ ਸੰਗਤ ਤੇ ਗੁਰੂ

5.5 ਗੁਰੂ ਨਾਨਕ ਬਾਣੀ ਅਨੁਸਾਰ ਸ਼ਬਦ-ਗੁਰੂ

5.6 ਸੰਗਤ ਰਾਹੀਂ ਗੁਰੂ ਦੀ ਪ੍ਰਾਪਤੀ

5.7 ਗੁਰੂ ਅਤੇ ਅਕਾਲਪੁਰਖ ਦੀ ਅਭੇਦਤਾ

ਅਧਿਆਇ ਛੇਵਾਂ — ਗੁਰੂ ਨਾਨਕ ਬਾਣੀ ਵਿਚਲੀ ਸੰਗਤ ਅਤੇ ਸਿੱਖ — 106-117

6.1. ਸਿੱਖ ਦੀ ਪਰਿਭਾਸ਼ਾ

6.2. ਸਿੱਖ 'ਸੰਗਤ' ਦੇ ਗਠਨ ਦਾ ਮੂਲ ਅੰਸ਼

6.3. ਸਿੱਖ ਦੁਆਰਾ 'ਸੰਗਤ' ਦੀ ਸੇਵਾ

6.4. ਸਿੱਖ ਦੀ 'ਸੰਗਤ' ਪ੍ਰਾਪਤੀ ਲਈ ਅਰਦਾਸ

6.5. ਸਿੱਖ ਉਤੇ 'ਸੰਗਤ' ਦਾ ਪ੍ਰਭਾਵ

6.5.1. 'ਸੰਗਤ' ਦੀ ਪਰਿਭਾਸ਼ਾ ਦਾ ਵਿਸਤਾਰ

6.5.2. ਦੁਤੀਆਂ ਭਾਵ ਨੂੰ ਖਤਮ ਕਰਨਾ

6.5.3. ਸਿੱਖ ਨੂੰ ਗੁਨਾਹਾਂ ਤੋਂ ਰੋਕਣਾ

6.5.4.ਪੰਜ ਵਿਕਾਰਾਂ ਤੋਂ ਛੁਟਕਾਰਾ

6.5.5.ਭਾਈਚਾਰਕ ਸਾਂਝ

6.5.6.ਸੁੱਖ ਦੀ ਪ੍ਰਾਪਤੀ

6.5.7.'ਸੰਗਤ' ਵਿਚੋਂ ਤੀਰਥ ਇਸ਼ਨਾਨ

6.5.8.ਸੱਚੇ ਗਿਆਨ ਦੀ ਪ੍ਰਾਪਤੀ

6.5.9.ਪਰਮਾਤਮਾ ਨਾਲ ਮਿਲਾਉਣਾ

6.5.10.ਹੋਰ ਪ੍ਰਾਪਤੀਆਂ

*ਅਧਿਆਇ ਸੱਤਵਾਂ* ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੇ ਬੁਨਿਆਦੀ ਮੁੱਦੇ 118-165

(ਧਾਰਮਿਕ, ਸਮਾਜਿਕ, ਰਾਜਨੀਤਕ, ਆਰਥਿਕ, ਮਨੁੱਖੀ ਅਧਿਕਾਰ)

7.1. ਧਾਰਮਿਕ ਮੁੱਦੇ

7.2. ਸਮਾਜਿਕ ਮੁੱਦੇ

7.3. ਰਾਜਨੀਤਕ ਮੁੱਦੇ

7.4. ਆਰਥਿਕ ਮੁੱਦੇ

7.5. ਮਨੁੱਖੀ ਅਧਿਕਾਰ

*ਅਧਿਆਇ ਅੱਠਵਾਂ* ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਮੰਤਵ 166-187

8.1 ਮਨੁੱਖੀ ਜੀਵਨ ਦਾ ਲਕਸ਼

8.2 ਲਕਸ਼ ਪ੍ਰਾਪਤੀ ਦੇ ਸਾਧਨ

8.3 ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਮੰਤਵ

8.3.1 ਆਦਰਸ਼ ਮਨੁੱਖ ਦੀ ਉਸਾਰੀ

8.3.2 ਆਦਰਸ਼ ਸਮਾਜ ਦੀ ਉਸਾਰੀ

ਅਧਿਆਇ ਨੌਵਾਂ | ਗੁਰੂ ਨਾਨਕ ਬਾਣੀ ਵਿੱਚ ਕੁਸੰਗਤ | 188-201

9.1 ਕੁਸੰਗਤ ਦੀ ਪਰਿਭਾਸ਼ਾ

9.2 ਵੱਖ ਵੱਖ ਧਰਮਾਂ ਵਿੱਚ ਕੁਸੰਗਤ ਬਾਰੇ ਵਿਚਾਰ

9.3 ਗੁਰੂ ਨਾਨਕ ਬਾਣੀ ਅਨੁਸਾਰ ਕੁਸੰਗਤ

9.3.1 ਮਨਮੁਖ

9.3.2 ਸਾਕਤ

9.3.3 ਮਾਇਆਧਾਰੀ

9.3.4 ਪੰਜ ਵਿਕਾਰ

ਅਧਿਆਇ ਦਸਵਾਂ | ਗੁਰੂ ਨਾਨਕ ਬਾਣੀ ਵਿਚਲੀ ਸੰਗਤ ਅਤੇ ਹੋਰ ਧਾਰਮਿਕ ਪੁਸਤਕਾਂ - ਤੁਲਨਾਤਮਕ ਅਧਿਐਨ (ਵੇਦ, ਉਪਨਿਸ਼ਦ, ਧਮਪਦ, ਬਾਈਬਲ, ਕੁਰਾਨ ਸ਼ਰੀਫ਼) | 202-211

10.1 'ਸਿੱਖ-ਸੰਗਤ' ਤੇ ਵੇਦ

10.2 'ਸਿੱਖ-ਸੰਗਤ' ਤੇ ਉਪਨਿਸ਼ਦ

10.3 'ਸਿੱਖ-ਸੰਗਤ' ਤੇ ਧਮਪਦ

10.4 'ਸਿੱਖ-ਸੰਗਤ' ਤੇ ਬਾਈਬਲ

10.5 'ਸਿੱਖ-ਸੰਗਤ ਤੇ ਕੁਰਾਨ ਸ਼ਰੀਫ਼

ਅਧਿਆਇ ਗਿਆਰਵਾਂ | 'ਸਿੱਖ-ਸੰਗਤ' ਦਾ ਭਵਿਖ | 212-219

ਨਿਸ਼ਕਰਸ਼ | 220-228

ਪਰਿਸ਼ਿਸ਼ਟ | 229-235

ਪੁਸਤਕ ਸੂਚੀ | 236-253

# ਭੂਮਿਕਾ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦੇ ਕੇ ਇਕ ਅਕਾਲਪੁਰਖ ਨਾਲ ਜੁੜਨ ਤੇ ਨਾਮ ਜਪਣ ਦਾ ਉਪਦੇਸ਼ ਦਿੱਤਾ। ਹਰ ਪ੍ਰਾਣੀ ਨੂੰ ਕਿਸੇ ਜਾਤ-ਪਾਤ, ਧਰਮ, ਰੰਗ ਜਾਂ ਪੇਸ਼ੇ ਦੇ ਵਿਤਕਰੇ ਜਾਂ ਭਿੰਨ-ਭੇਦ ਤੋਂ ਬਿਨਾਂ ਇੱਕੋ ਜਿਹਾ ਸਥਾਨ ਦਿੱਤਾ। ਕਿਰਤ ਕਰਕੇ ਵੰਡ ਛਕਣ ਦਾ ਸੰਦੇਸ਼ ਦ੍ਰਿੜ ਕਰਵਾਇਆ। ਉਹਨਾਂ ਦਾ ਫੁਰਮਾਨ ਇਹ ਸੀ ਕਿ ਹਰ ਬੰਦਾ ਜਿਥੇ ਵੀ ਜਾਵੇ ਗੁਣਾਂ ਦੀ ਸਾਂਝ ਕਰੇ ਅਤੇ ਔਗੁਣ ਤਿਆਗੇ:

*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥*
*ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥*
*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥*
*ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥*
*ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥*
*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥*[1]

ਭਾਈ ਗੁਰਦਾਸ ਜੀ ਨੇ ਬਹੁਤ ਠੀਕ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਵਿਚ ਪਵਿੱਤਰਤਾ ਕਾਇਮ ਕਰਨ ਲਈ ਤੇ ਲੁਕਾਈ ਦੇ ਸੁਧਾਰ ਲਈ ਉਦਾਸੀਆਂ ਕੀਤੀਆਂ:

*ਚੜਿਆ ਸੋਧਣਿ ਧਰਤਿ ਲੁਕਾਈ।*[2]

ਜਿਥੇ ਵੀ ਗੁਰੂ ਸਾਹਿਬ ਗਏ ਤੇ ਠਹਿਰੇ ਉਹ ਸਥਾਨ ਸਿੱਖੀ ਦਾ ਕੇਂਦਰ ਬਣ ਗਿਆ। ਗੁਰੂ ਨਾਨਕ ਸਾਹਿਬ ਨੇ ਆਪਣੇ ਮਿਸ਼ਨ ਦੇ ਆਰੰਭ ਤੋਂ ਹੀ 'ਸੰਗਤ' ਦੇ ਆਸ਼ੇ ਨੂੰ ਮੁੱਖ ਰੱਖਿਆ। ਜਿਥੇ ਵੀ ਗੁਰੂ ਸਾਹਿਬ ਗਏ 'ਸੰਗਤ' ਕਾਇਮ ਕੀਤੀ। ਇਤਿਹਾਸ ਤੋਂ ਇਹ ਪਤਾ ਲਗਦਾ ਹੈ ਕਿ ਹਰ ਥਾਂ 'ਸਿੱਖ ਸੰਗਤ' ਦੀ ਸਹੂਲਤ ਲਈ ਧਰਮਸਾਲ ਕਾਇਮ ਕੀਤੀ ਜਿਸ ਨੂੰ ਬਾਅਦ ਵਿਚ 'ਗੁਰਦੁਆਰਾ' ਦਾ ਨਾਮ ਦਿੱਤਾ ਗਿਆ। ਭਾਈ ਗੁਰਦਾਸ ਦੇ ਸ਼ਬਦਾਂ ਵਿੱਚ:

*ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥*
*ਸਿਧ ਆਸਣ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ॥*
*ਘਰਿ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥*[3]

ਗੁਰੂ ਨਾਨਕ ਸਾਹਿਬ ਨੇ ਆਪਣੇ ਧਾਰਮਿਕ ਦਰਸ਼ਨ ਦੇ ਦੋ ਜ਼ਰੂਰੀ ਸਿਧਾਂਤ 'ਗੁਰਬਾਣੀ' ਤੇ 'ਸੰਗਤ' ਮੰਨੇ ਹਨ। ਜਦ ਅਚੱਲ ਵਟਾਲੇ ਵਿੱਚ ਗੁਰੂ ਸਾਹਿਬ ਦੀ ਜੋਗੀਆਂ ਨਾਲ ਗੋਸ਼ਟ ਹੋਈ ਤੇ ਜੋਗੀਆਂ ਨੇ ਗੁਰੂ ਸਾਹਿਬ ਨੂੰ ਕਰਾਮਾਤ ਦਿਖਾਣ ਲਈ ਕਿਹਾ ਤਾਂ ਗੁਰੂ ਜੀ ਨੇ ਉੱਤਰ ਦਿੱਤਾ ਕਿ ਸਾਡੇ ਪਾਸ ਦੋ ਹੀ ਕਰਾਮਾਤਾਂ ਹਨ, ਇੱਕ 'ਗੁਰਬਾਣੀ' ਤੇ ਦੂਜੀ 'ਸੰਗਤ'। ਭਾਈ ਗੁਰਦਾਸ ਜੀ ਦੇ ਵਰਨਣ ਅਨੁਸਾਰ:

---

1. ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 765-766
2. ਵਾਰਾਂ ਭਾਈ ਗੁਰਦਾਸ, ਵਾਰ - 1, ਪਉੜੀ 20
3. ਉਹੀ ਵਾਰ 1, ਪਉੜੀ 27

*ਸਿਧਿ ਬੋਲਨਿ ਸੁਣ ਨਾਨਕਾ ਤੁਹਿ ਜਗਨੋ ਕਿਆ ਕਰਾਮਾਤਿ ਦਿਖਾਈ॥*
*ਕੁਝ ਦਿਖਾਲੇਂ ਅਸਾ ਨੋ ਤੁਹਿ ਕਿਉ ਢਿਲ ਅਵੇਹੀ ਲਾਈ॥*
*ਬਾਬਾ ਬੋਲੇ ਨਾਥ ਜੀ ! ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ॥*
*ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹਹਿ ਰਾਈ॥*[1]

ਸੰਗਤ ਤੇ ਗੁਰਬਾਣੀ ਸਿੱਖ ਧਰਮ ਦੇ ਦੋ ਵੱਡੇ ਦਾਰਸ਼ਨਿਕ ਥੰਮ ਹਨ। 'ਸੰਗਤ' ਗੁਰੂ ਦੀ ਜ਼ਾਹਰਾ ਸ਼ਕਤੀ ਹੈ ਤੇ ਗੁਰਬਾਣੀ ਆਤਮਕ ਤਥਾ ਰਹੱਸਵਾਦੀ ਸ਼ਕਤੀ ਹੈ। ਗੁਰੂ ਨਾਨਕ ਸਾਹਿਬ ਨੇ ਜੋ 'ਸੰਗਤਾਂ' ਕਾਇਮ ਕੀਤੀਆਂ, ਸਮੇਂ ਦੇ ਬੀਤਣ ਨਾਲ ਇਹਨਾਂ ਦੇ ਧਾਰਮਿਕ ਤੇ ਰਾਜਸੀ ਵਿਕਾਸ ਨਾਲ ਸਿੱਖ ਧਰਮ ਦਾ ਵਿਕਾਸ ਹੋਇਆ। ਗੁਰੂ ਅਮਰਦਾਸ ਜੀ ਨੇ ਇਹਨਾਂ 'ਸੰਗਤਾਂ' ਨੂੰ ਜਥੇਬੰਦ ਕਰਨ ਲਈ 'ਮੰਜੀਆਂ' ਸਥਾਪਤ ਕੀਤੀਆਂ। ਪਿੱਛੋਂ ਗੁਰੂ ਅਰਜਨ ਸਾਹਿਬ ਨੇ 'ਸਿੱਖ ਸੰਗਤਾਂ' ਨੂੰ ਹੋਰ ਪਕਿਆਈ ਨਾਲ ਸੰਗਠਤ ਕੀਤਾ। ਗੁਰੂ ਤੇਗ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ 'ਸਿੱਖ ਸੰਗਤਾਂ' ਨੂੰ ਅੰਤਮ ਰੂਪ ਦੇ ਕੇ, ਇਨ੍ਹਾਂ ਰਾਹੀਂ ਖਾਲਸਾ ਪੰਥ ਦਾ ਨਿਰਮਾਣ ਕੀਤਾ। ਇੰਜ ਸਿੱਖ ਧਰਮ ਵਿਚ 'ਸੰਗਤ' ਇਕ ਵੱਡੀ ਕਰਾਮਾਤ ਵਜੋਂ ਹੋਂਦ ਵਿੱਚ ਆਈ। 'ਸਿੱਖ ਸੰਗਤ' ਦੀ ਨੀਂਹ ਨਿਰੋਲ ਅਧਿਆਤਮਿਕ ਹੈ ਅਤੇ ਇਸ ਉੱਪਰ ਕੀਤੀ ਗਈ ਉਸਾਰੀ ਸਮਾਜਿਕ ਆਰਥਿਕ ਤੇ ਰਾਜਨੀਤਕ ਤੱਤਾਂ ਨਾਲ ਕੀਤੀ ਗਈ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੇ ਉਪਦੇਸ਼ ਨੂੰ ਅਮਲੀ ਜਾਮਾ 'ਸੰਗਤ' ਰਾਹੀਂ ਪਹਿਨਾਇਆ। ਉਹਨਾਂ ਨੇ ਇੱਕ ਅਜਿਹੇ ਸਮਾਜ ਦੀ ਉਸਾਰੀ ਦਾ ਬੀੜਾ ਉਠਾਇਆ ਜਿੱਥੇ ਭੇਦ-ਭਾਵ ਨੂੰ ਕੋਈ ਥਾਂ ਨਾ ਹੋਵੇ। ਹਰ ਕੋਈ ਕਿਰਤ ਕਰੇ, ਨਾਮ ਜਪੇ ਤੇ ਵੰਡ ਕੇ ਛਕੇ।

ਅਨੇਕ ਵਿਦਵਾਨਾਂ ਨੇ ਗੁਰੂ ਨਾਨਕ ਬਾਣੀ ਦੇ ਅਨੇਕ ਪੱਖਾਂ ਤੋਂ ਅਧਿਐਨ ਕੀਤੇ ਹਨ। ਇਹਨਾਂ ਅਧਿਐਨਾਂ ਦਾ ਆਪਣੇ ਆਪਣੇ ਖੇਤਰ ਵਿੱਚ ਵਿਸ਼ੇਸ਼ ਮੁੱਲ ਹੈ ਪਰ ਇਸ ਸਾਰੇ ਖੋਜ ਭਰਪੂਰ ਸਾਹਿਤ ਵਿਚ ਸਾਡੇ ਸ਼ੋਧ-ਪ੍ਰਬੰਧ ਦੇ ਵਿਸ਼ੇ 'ਗੁਰੂ ਨਾਨਕ ਬਾਣੀ ਵਿੱਚ ਸੰਗਤ ਦਾ ਸੰਕਲਪ' ਦੇ ਪੱਖ ਵਿੱਚ ਕੋਈ ਵਿਸ਼ੇਸ਼ ਕੰਮ ਨਹੀ ਹੋਇਆ। ਕੁੱਝ ਸਾਲਾਂ ਤੋਂ ਮੇਰੇ ਮਨ ਵਿਚ ਇਹ ਜਬਰਦਸਤ ਇੱਛਾ ਸੀ ਕਿ ਇਸ ਵਿਸ਼ੇ ਸੰਬੰਧੀ ਗੰਭੀਰਤਾ ਨਾਲ ਅਧਿਐਨ ਕੀਤਾ ਜਾਵੇ। ਇਸ ਸੰਬੰਧੀ ਮੈਂ ਡਾ. ਦਰਸ਼ਨ ਸਿੰਘ ਜੀ ਮੁਖੀ 'ਗੁਰੂ ਨਾਨਕ ਸਿੱਖ ਸਟਡੀਜ਼ ਵਿਭਾਗ' ਨਾਲ ਸੰਪਰਕ ਕੀਤਾ। ਮੈ ਪਹਿਲੀ ਮਿਲਣੀ ਤੇ ਹੀ ਡਾ. ਸਾਹਿਬ ਦੇ ਵਿਸ਼ਾਲ ਗਿਆਨ, ਦੂਰ-ਦ੍ਰਿਸ਼ਟੀ ਅਤੇ ਵਿਵੇਕਮਈ ਵਿਚਾਰਾਂ ਤੋਂ ਪ੍ਰਭਾਵਿਤ ਹੋਈ। ਇਸ ਪਿਛੋਂ ਉਹਨਾਂ ਨਾਲ ਇਸ ਵਿਸ਼ੇ ਸੰਬੰਧੀ ਮੀਟਿੰਗਾਂ ਵੀ ਕੀਤੀਆਂ ਗਈਆਂ। ਉਹਨਾਂ ਨੇ ਬੜੇ ਨਿੱਘੇ-ਪਿਆਰ ਅਤੇ ਹਮਦਰਦੀ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ ਮੈਨੂੰ ਇਸ ਵਿਸ਼ੇ ਉਤੇ ਸ਼ੋਧ-ਪ੍ਰਬੰਧ ਲਿਖਣ ਦੀ ਆਗਿਆ ਦੇ ਦਿੱਤੀ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਸੰਗਤ ਦਾ ਸਰੂਪ, ਸੰਚਾਲਨ, ਉਦੇਸ਼ ਆਦਿ ਬਾਰੇ ਕਾਫੀ ਕੁਝ ਲਿਖਿਆ ਹੈ। ਮੈਂ ਇਸੇ ਨੂੰ ਹੀ ਆਪਣੇ ਸ਼ੋਧ-ਪ੍ਰਬੰਧ ਦਾ ਮੂਲ ਆਧਾਰ ਬਣਾਇਆ ਹੈ।

ਸ਼ੋਧ-ਪ੍ਰਬੰਧ ਨੂੰ ਵਿਸ਼ੇ ਦੀ ਤਰਤੀਬ ਅਨੁਸਾਰ ਗਿਆਰਾਂ ਅਧਿਆਇ ਵਿੱਚ ਵੰਡਿਆ ਹੈ। ਪਹਿਲੇ ਅਧਿਆਇ ਵਿੱਚ ਸੰਗਤ ਦੀ ਪਰਿਭਾਸ਼ਾ ਤੇ ਸਰੂਪ ਬਾਰੇ ਵਿਚਾਰ ਕਰਨ ਦੇ ਨਾਲ-ਨਾਲ ਵੇਦਾਂ ਤੋਂ ਲੈ ਕੇ ਗੁਰੂ ਨਾਨਕ ਸਾਹਿਬ ਤੱਕ ਵੱਖ ਵੱਖ ਧਰਮਾਂ ਸਮੇਂ ਸੰਗਤ ਦੇ ਵਿਕਾਸ ਦੇ ਵੱਖ ਵੱਖ ਪੜਾਵਾਂ ਨੂੰ ਵਿਚਾਰਿਆ ਗਿਆ ਹੈ।

---

1. ਉਹੀ ਵਾਰ 1, ਪਉੜੀ 42

ਦੂਸਰੇ ਅਧਿਆਇ ਵਿੱਚ ਗੁਰੂ ਨਾਨਕ ਬਾਣੀ ਵਿਚ ਸੰਗਤ ਦੇ ਉਦਭਵ ਨੂੰ ਵਿਚਾਰ-ਗੋਚਰ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਉਹਨਾਂ ਕਾਰਨਾਂ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ ਜਿਹਨਾਂ ਸਦਕੇ ਗੁਰੂ ਨਾਨਕ ਬਾਣੀ ਵਿਚਲੀ 'ਸੰਗਤ' ਦਾ ਉਦਭਵ ਹੋਇਆ। ਇਸ ਤੋਂ ਬਿਨਾਂ ਇਸ ਅਧਿਆਇ ਵਿੱਚ ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੇ ਸਰੂਪ ਨੂੰ ਵੀ ਅਧਿਐਨ ਦਾ ਕੇਂਦਰ ਬਣਾਇਆ ਗਿਆ ਹੈ।

ਤੀਸਰਾ ਅਧਿਆਇ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ 'ਸੰਗਤਾਂ' ਦਾ ਮੁਢਲਾ ਰੂਪ ਤੇ ਵਿਕਾਸ ਦੇ ਵੱਖ ਵੱਖ ਪੜਾਵਾਂ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿੱਚ ਗੁਰੂ ਨਾਨਕ ਸਾਹਿਬ ਦੁਆਰਾ ਸਥਾਪਤ ਮੁੱਖ ਸੰਗਤਾਂ, ਉਹਨਾਂ ਦੇ ਮੋਢੀਆਂ ਤੋਂ ਇਲਾਵਾ ਸੰਗਤਾਂ ਦੀਆਂ ਪ੍ਰਕਿਰਿਆਵਾਂ ਤੇ ਕਾਰਜ ਪ੍ਰਣਾਲੀਆਂ ਬਾਰੇ ਵੀ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਅਧਿਐਨ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਸ ਅਧਿਆਇ ਵਿੱਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ 'ਸੰਗਤ' ਦੇ ਵਿਕਾਸ ਪੜਾਵਾਂ ਨੂੰ ਇਤਿਹਾਸਕ ਸੰਦਰਭ ਵਿੱਚ ਵਿਚਾਰਿਆ ਗਿਆ ਹੈ।

ਚੌਥਾ ਅਧਿਆਇ ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੀ ਸਰੰਚਨਾ ਬਾਰੇ ਹੈ। ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੇ ਮੁੱਖ ਅੰਸ਼ ਕਿਹੜੇ ਕਿਹੜੇ ਹਨ, ਸੰਬੰਧੀ ਵਿਚਾਰ ਕੀਤੀ ਗਈ ਹੈ।

ਪੰਜਵੇਂ ਅਧਿਆਇ ਵਿੱਚ ਗੁਰੂ ਨਾਨਕ ਬਾਣੀ ਅਨੁਸਾਰ ਅਕਾਲਪੁਰਖ, ਸੰਗਤ ਵਿੱਚ ਅਕਾਲਪੁਰਖ ਦਾ ਵਾਸਾ, ਸੰਗਤ ਵਿੱਚੋਂ ਅਕਾਲਪੁਰਖ ਦੀ ਪ੍ਰਾਪਤੀ, ਸੰਗਤ ਤੇ ਗੁਰੂ, ਸ਼ਬਦ-ਗੁਰੂ, ਸੰਗਤ ਰਾਹੀ ਗੁਰੂ ਦੀ ਪ੍ਰਾਪਤੀ, ਗੁਰੂ ਅਤੇ ਅਕਾਲਪੁਰਖ ਦੀ ਅਭੇਦਤਾ ਬਾਰੇ ਵਿਚਾਰ ਕੀਤੀ ਗਈ ਹੈ।

ਛੇਵੇਂ ਅਧਿਆਇ ਵਿੱਚ ਗੁਰੂ ਨਾਨਕ ਬਾਣੀ ਅਨੁਸਾਰ ਸਿੱਖ ਦੀ ਪਰਿਭਾਸ਼ਾ, ਸਿੱਖ ਦੁਆਰਾ ਸੰਗਤ ਦੀ ਸੇਵਾ, ਸਿੱਖ ਦੀ ਸੰਗਤ ਲਈ ਅਰਦਾਸ, ਸਿੱਖ ਉਤੇ ਸੰਗਤ ਦਾ ਪ੍ਰਭਾਵ ਆਦਿ ਵਿਸ਼ੇ ਸਾਡੇ ਅਧਿਐਨ ਦਾ ਕੇਂਦਰ ਰਹੇ ਹਨ।

ਸਤਵੇਂ ਅਧਿਆਇ ਵਿੱਚ ਸੰਗਤ ਮਨੁੱਖ ਦੀ ਜ਼ਿੰਦਗੀ ਦੇ ਜਿਹਨਾਂ ਮੁੱਖ ਮੁੱਦਿਆਂ ਨੂੰ ਛੂੰਹਦੀ ਹੈ, ਬਾਰੇ ਵਿਚਾਰ ਕੀਤੀ ਗਈ ਹੈ। ਇਹ ਮੁੱਦੇ ਧਾਰਮਿਕ, ਸਮਾਜਿਕ, ਰਾਜਨੀਤਕ, ਆਰਥਿਕ ਅਤੇ ਮਨੁਖੀ ਅਧਿਕਾਰਾਂ ਦੀਆਂ ਸ਼੍ਰੇਣੀਆਂ ਵਿੱਚ ਵੰਡੇ ਗਏ ਹਨ।

ਅੱਠਵੇਂ ਅਧਿਆਇ ਵਿੱਚ ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੇ ਮੁੱਖ ਮੰਤਵ, ਆਦਰਸ਼ ਮਨੁੱਖ ਦੀ ਉਸਾਰੀ ਅਤੇ ਆਦਰਸ਼ ਸਮਾਜ ਦੀ ਉਸਾਰੀ ਸਬੰਧੀ ਵਿਚਾਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਨੌਵਾਂ ਅਧਿਆਇ ਗੁਰੂ ਨਾਨਕ ਬਾਣੀ ਅਨੁਸਾਰ 'ਕੁਸੰਗਤ' ਦੇ ਵਿਸ਼ੇ ਨਾਲ ਸੰਬੰਧਿਤ ਹੈ। ਵੱਖ ਵੱਖ ਧਰਮਾਂ ਵਿੱਚ ਕੁਸੰਗਤ ਬਾਰੇ ਵਿਚਾਰ ਕਰਨ ਤੋਂ ਪਿਛੋਂ ਗੁਰੂ ਨਾਨਕ ਬਾਣੀ ਅਨੁਸਾਰ ਜਿਹਨਾਂ (ਮਨਮੁਖ, ਸਾਕਤ, ਮਾਇਆਧਾਰੀ, ਪੰਜ ਵਿਕਾਰ ਆਦਿ) ਦੀ ਕੁਸੰਗਤ ਤੋਂ ਮਨੁੱਖ ਨੂੰ ਵਰਜਿਆ ਗਿਆ ਹੈ, ਸੰਬੰਧੀ ਚਰਚਾ ਕੀਤੀ ਗਈ ਹੈ।

ਦਸਵਾਂ ਅਧਿਆਇ ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੇ ਤੁਲਨਾਤਮਕ ਅਧਿਐਨ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿੱਚ ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਵੇਦ, ਉਪਨਿਸ਼ਦ, ਧਮਪਦ, ਬਾਈਬਲ ਤੇ ਕੁਰਾਨ ਸ਼ਰੀਫ ਨਾਲ ਤੁਲਨਾਤਮਕ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ।

ਗਿਆਰਵਾਂ ਅਧਿਆਇ 'ਸਿੱਖ-ਸੰਗਤ' ਦੇ ਭਵਿਖ ਬਾਰੇ ਹੈ। ਇਸ ਵਿੱਚ ਵਰਤਮਾਨ ਅਤੇ ਭਵਿਖ ਦੀਆਂ ਸੰਭਾਵੀ ਸਮੱਸਿਆਵਾਂ ਦੇ ਪ੍ਰਕਰਣ ਵਿੱਚ 'ਸਿੱਖ-ਸੰਗਤ' ਦੀ ਸਾਰਥਿਕਤਾ ਨੂੰ ਵਿਚਾਰਿਆ ਗਿਆ ਹੈ।

ਗੁਰੂ ਨਾਨਕ ਬਾਣੀ ਵਿੱਚੋਂ ਦਿਤੇ ਹਵਾਲੇ ਗੁਰੂ ਨਾਨਕ ਬਾਣੀ ਪ੍ਰਕਾਸ਼ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਦਿੱਤੇ ਗਏ ਹਨ। ਗੁਰੂ ਨਾਨਕ ਬਾਣੀ ਪ੍ਰਕਾਸ਼ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋ ਤੁਕਾਂ ਦੇ ਨਾਲ ਪੰਨਾਂ ਨੰਬਰ ਦਿੱਤਾ ਗਿਆ ਹੈ।

ਮੇਰੀ ਖੋਜ ਦਾ ਵਿਸ਼ਾ ਗੁਰੂ ਨਾਨਕ ਬਾਣੀ ਦੇ ਇੱਕ ਮਹੱਤਵਪੂਰਨ ਸੰਕਲਪ ਨਾਲ ਜੁੜਿਆ ਹੋਇਆ ਹੈ ਜਿਸ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਜੀਵ ਨੂੰ ਸੰਸਾਰ ਵਿੱਚ ਵਿਚਰਦਿਆਂ ਅਕਾਲਪੁਰਖ ਨਾਲ ਜੁੜਨ ਦਾ ਮਾਰਗ ਦਰਸਾਇਆ ਹੈ, ਇਸ ਲਈ ਮੈਨੂੰ ਉਹਨਾਂ ਸਾਰੀਆਂ ਖੋਜ ਵਿਧੀਆਂ ਦਾ ਆਸਰਾ ਲੈਣਾ ਪਿਆ ਹੈ ਜਿਹਨਾਂ ਦਾ ਸੰਬੰਧ ਧਰਮ ਮੀਮਾਂਸਾਂ ਤੇ ਸਮਾਜ ਸ਼ਾਸਤਰ ਨਾਲ ਹੈ। ਇਸ ਸੰਬੰਧੀ ਕਿਸ ਖੋਜ ਵਿਧੀ ਨੂੰ ਅਪਣਾਇਆ ਜਾਵੇ, ਵਿਸ਼ੇ ਤੇ ਕੋਈ ਇੱਕ ਰਾਇ ਨਹੀਂ ਬਣੀ। ਹਥਲੇ ਖੋਜ-ਪ੍ਰਬੰਧ ਨਾਲ ਸੰਬੰਧਿਤ ਸਮਸਿਆਵਾਂ ਨੂੰ ਸਮਝਣ ਲਈ ਵੱਖ ਵੱਖ ਵਿਸ਼ਿਆਂ ਦੀਆਂ ਖੋਜ ਵਿਧੀਆਂ ਦੇ ਪ੍ਰਮਾਣਿਕ ਸੁਝਾਵਾਂ ਤੋਂ ਸੇਧ ਲਈ ਗਈ ਹੈ। ਆਪਣੇ ਖੋਜ ਅਧਿਐਨ ਨੂੰ ਸਾਰਥਿਕ ਬਣਾਉਣ ਲਈ ਮੈਂ ਪ੍ਰਮੁਖ ਅਤੇ ਗੌਣ ਜਾਣਕਾਰੀ ਦੇ ਸਰੋਤਾਂ ਦੀ ਸਹਾਇਤਾ ਲਈ ਹੈ।

ਮੈਂ ਆਪਣੇ ਨਿਗਰਾਨ ਤੇ ਪਥ-ਪ੍ਰਦਰਸ਼ਕ ਡਾ. ਦਰਸ਼ਨ ਸਿੰਘ ਜੀ, ਪ੍ਰੋਫੈਸਰ ਤੇ ਚੇਅਰਮੈਨ, ਗੁਰੂ ਨਾਨਕ ਸਿੱਖ ਸਟਡੀਜ਼ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਦੀ ਦਿਲੋਂ ਅਭਾਰੀ ਹਾਂ ਜਿਨ੍ਹਾ ਨੇ ਮੈਨੂੰ ਇਸ ਵਿਸ਼ੇ ਵੱਲ ਪ੍ਰੇਰਿਆ ਅਤੇ ਆਪਣੀ ਯੋਗ ਅਗਵਾਈ ਦੁਆਰਾ ਮੇਰੇ ਇਸ ਅਧਿਐਨ ਦੀ ਬੁਨਿਆਦੀ ਸਮੱਸਿਆ ਤੋਂ ਲੈ ਕੇ ਅੰਤਮ ਪੱਧਰ ਤੱਕ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਵਿਸ਼ੇਸ਼ ਸਮਾਂ ਦੇ ਕੇ ਸੁਯੋਗ ਅਗਵਾਈ ਕੀਤੀ ਹੈ। ਡਾ. ਸਾਹਿਬ ਦੀ ਤਾਰਕਿਕ ਦ੍ਰਿਸ਼ਟੀ ਤੇ ਵਿਗਿਆਨਕ ਪਹੁੰਚ ਨੇ ਮੇਰੇ ਇਸ ਸ਼ੋਧ ਪ੍ਰਬੰਧ ਨੂੰ ਵਿਸ਼ਲੇਸ਼ਣਾਤਮਕ, ਤੱਥਯੁਕਤ ਤੇ ਵਿਵੇਕਸ਼ੀਲ ਬਣਾਉਣ ਵਿਚ ਮਾਰਗਦਰਸ਼ਨ ਕੀਤਾ ਹੈ। ਮੈਂ ਉਹਨਾਂ ਦੁਆਰਾ ਮਿਲੇ ਉਤਸ਼ਾਹ, ਅਗਵਾਈ ਅਤੇ ਸਹਾਇਤਾ ਨਾਲ ਇਸ ਖੋਜ-ਕਾਰਜ ਨੂੰ ਮੁਕੰਮਲ ਕਰ ਸਕਣ ਦੇ ਯੋਗ ਹੋਈ ਹਾਂ।

ਆਪਣੇ ਸਤਿਕਾਰਯੋਗ ਪਿਤਾ ਸ. ਸ਼ੇਰ ਸਿੰਘ ਤੇ ਮਾਤਾ ਕਰਤਾਰ ਕੌਰ ਦੇ ਪਹਾੜ ਜਿਡੇ ਜ਼ੇਰੇ ਤੇ ਧੀਰਜ ਸਦਕੇ ਮੈਂ ਸ਼ੋਧ-ਕਾਰਜ ਨੂੰ ਪੂਰਾ ਕਰ ਸਕੀ ਹਾਂ। ਇਸ ਕੰਮ ਲਈ ਮੈਂ ਉਹਨਾਂ ਦੀ ਵੀ ਰਿਣੀ ਹਾਂ।

**(ਜਸਵੀਰ ਕੌਰ)**

ਅਧਿਆਇ ਪਹਿਲਾ

# ਸੰਗਤ : ਪਰਿਭਾਸ਼ਾ ਤੇ ਵਿਕਾਸ

1.1 ਸੰਗਤ ਦੀ ਪਰਿਭਾਸ਼ਾ

1.2 ਸੰਗਤ ਦਾ ਵਿਕਾਸ

1.2.1 ਵੇਦਾਂ ਵਿੱਚ ਸੰਗਤ ਦਾ ਸੰਕਲਪ

1.2.2 ਉਪਨਿਸ਼ਦਾਂ ਵਿੱਚ ਸੰਗਤ ਦਾ ਸੰਕਲਪ

1.2.3 ਜੈਨ ਮਤ ਵਿੱਚ ਸੰਗਤ ਦਾ ਸੰਕਲਪ

1.2.4 ਬੁੱਧ ਮਤ ਵਿੱਚ ਸੰਗਤ ਦਾ ਸੰਕਲਪ

1.2.5 ਈਸਾਈ ਮਤ ਵਿੱਚ ਸੰਗਤ ਦਾ ਸੰਕਲਪ

1.2.6 ਇਸਲਾਮ ਮਤ ਵਿੱਚ ਸੰਗਤ ਦਾ ਸੰਕਲਪ

# ਸੰਗਤ : ਪਰਿਭਾਸ਼ਾ ਤੇ ਵਿਕਾਸ

## 1.1 ਸੰਗਤ ਦੀ ਪਰਿਭਾਸ਼ਾ

ਸੰਗਤ ਮੂਲ ਰੂਪ ਵਿੱਚ ਸੰਸਕ੍ਰਿਤ ਸ਼ਬਦ ਹੈ। ਇਹ ਸੰਸਕ੍ਰਿਤ ਦੀ ਧਾਤੂ 'ਗਮ' ਜਿਸਦਾ ਅਰਥ 'ਜਾਣਾ' ਹੈ ਤੋਂ ਬਣਿਆ ਹੈ। 'ਗਮ' ਨਾਲ ਪ੍ਰੱਤੈ ਲਗ ਕੇ 'ਗਤਿ' ਰੂਪ ਬਣਦਾ ਹੈ। ਗਤਿ ਤੋਂ ਪਹਿਲਾਂ 'ਸਮ' ਉਪਸਰਗ ਲੱਗਣ ਨਾਲ ਸੰਗਤ ਸ਼ਬਦ ਬਣਦਾ ਹੈ। ਜਿਸ ਦਾ ਅਰਥ ਹੈ:

"ਮੇਲ, ਮਿਲਣਾ, ਸੰਗਮ, ਸੰਸਰਗ, ਸਹਿਯੋਗ, ਆਪਸੀ ਮੇਲਜੋਲ, ਸੰਜੋਗ।[1]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੰਗਤ ਦੇ ਕੋਸ਼ਗਤ ਤਥਾ ਅੱਖਰੀ ਅਰਥ ਹਨ :

"ਸਭਾ, ਮਜਲਿਸ, ਮਿਲਾਪ, ਸੁਹਬਤ, ਸੰਬੰਧ, ਰਿਸ਼ਤਾ, ਨਾਤਾ ਅਤੇ ਗੁਰਸਿੱਖਾਂ ਦੇ ਜਮ੍ਹਾ ਹੋਣ ਦੀ ਥਾਂ।"[2]

ਪੰਜਾਬੀ ਕੋਸ਼ ਵਿੱਚ ਸੰਗਤ ਦੇ ਅਰਥ, "ਜੋੜਮੇਲ, ਇੱਕਠ, ਸਮਾਜ, ਟੋਲੀ, ਸੁਹਬਤ, ਸੁਸਾਇਟੀ, ਸੰਜੋਗ" ਲਏ ਗਏ ਹਨ।[3]

ਸ੍ਰੀ ਗੁਰੂ ਗ੍ਰੰਥ ਕੋਸ਼ ਅਨੁਸਾਰ ਸੰਗਤ ਦੇ ਅਰਥ ਹਨ:

"ਮੇਲ, ਕੱਠੇ ਹੋਣਾ, ਇੱਕਠ, ਭਲੇ ਪੁਰਸ਼ਾਂ ਦਾ ਇੱਕਠ।"[4]

ਭਾਈ ਮੱਈਆ ਸਿੰਘ ਅਤੇ ਗੁਰਚਰਨ ਤੇ ਸ਼ਰਨ ਸਿੰਘ ਦੁਆਰਾ ਲਿਖਤ ਪੰਜਾਬੀ ਅੰਗਰੇਜ਼ੀ ਸ਼ਬਦ ਕੋਸ਼ਾਂ ਅਨੁਸਾਰ ਸੰਗਤ ਦੇ ਅਰਥ ਇਸ ਪ੍ਰਕਾਰ ਹਨ:

"ਇੱਕਠ, ਸਾਥ, ਸਭਾ, ਸੰਸਥਾ, ਮੇਲ, ਮਿਲਣ ਦੀ ਥਾਂ, ਸਮਾਜ, ਪਾਰਟੀ, ਲੀਗ, ਮਿੱਤਰਤਾ, ਸੰਬੰਧ।[5]

ਸੰਸਕ੍ਰਿਤ-ਅੰਗਰੇਜ਼ੀ ਕੋਸ਼ਾਂ ਵਿੱਚ ਸੰਗਤ ਦੇ ਅਰਥ ਇਸ ਪ੍ਰਕਾਰ ਕੀਤੇ ਹਨ:

"ਇੱਕਠ, ਸਮਾਜ, ਅਚਾਨਕ ਮੇਲ, ਗਿਆਨ, ਮੇਲ, ਸੰਬੰਧ।"[6]

ਭਾਸ਼ਾ ਸ਼ਬਦ ਕੋਸ਼ ਅਨੁਸਾਰ ਸੰਗਤ ਦਾ ਅਰਥ ਹੈ:

"ਸੁਹਬਤ, ਸਾਥ ਕਰਨਾ, ਸਾਥ, ਸੰਬੰਧ, ਸਾਥੀ, ਸੰਪਰਕ, ਸਮੇਲਨ, ਮੇਲਜੋੜ, ਉਦਾਸੀ ਅਤੇ ਨਿਰਮਲੇ ਸਾਧੂਆਂ ਦੇ ਰਹਿਣ ਦਾ ਮੱਠ।"[7]

ਹਿੰਦੀ ਸ਼ਬਦ ਸਾਗਰ ਅਨੁਸਾਰ ਸੰਗਤ ਨੂੰ ਇਸ ਤਰ੍ਹਾਂ ਬਿਆਨਿਆ ਗਿਆ ਹੈ:

"ਮਿਲਿਆ ਜਾਂ ਜੁੜਿਆ ਹੋਇਆ, ਇੱਕਤਰ ਕੀਤਾ ਹੋਇਆ, ਸਾਥ, ਮਿੱਤਰਤਾ, ਦੋਸਤੀ, ਸੁਹਬਤ, ਸਾਜਾਂ ਉੱਤੇ ਸਾਥ ਦੇਣਾ।"[8]

'ਸੰਗਤ' ਸ਼ਬਦ ਦੇ ਇਹਨਾਂ ਹੀ ਅਰਥਾਂ ਦੀ ਪੁਸ਼ਟੀ ਸਾਨੂੰ ਹਿੰਦੀ ਰਾਸ਼ਟਰ ਭਾਸ਼ਾ ਕੋਸ਼ ਵਿੱਚੋਂ ਵੀ ਮਿਲਦੀ ਹੈ:

"ਸੰਗ ਰਹਿਣਾ, ਮਿੱਤਰਤਾ, ਮੇਲ ਮਿਲਾਪ, ਸੰਬੰਧ, ਸਾਧੂਆਂ ਦਾ ਸਮਾਜ, ਸਿੱਖਾਂ ਦਾ ਧਰਮ ਸਮਾਜ।"[9]

ਵਿਸ਼ਾਲ ਸ਼ਬਦ ਸਾਗਰ ਵਿੱਚ ਸੰਗਤ ਦੇ ਅਰਥ

"ਸੰਗ ਰਹਿਣਾ, ਸਾਥ, ਸਾਥ ਦੇਣਾ, ਮਿਲਣ ਦੀ ਕਿਰਿਆ, ਮਿਲਾਪ, ਉਦਾਸੀ ਜਾਂ ਨਿਰਮਲੇ ਸਾਧੂਆਂ ਦੇ ਰਹਿਣ ਦਾ ਸਥਾਨ" ਕੀਤੇ ਹਨ।[10]

ਬ੍ਰਿਹਤ ਹਿੰਦੀ ਕੋਸ਼ ਦੇ ਸੰਪਾਦਕ ਨੇ ਇਸ ਦੇ ਅਰਥ ਇਸ ਪ੍ਰਕਾਰ ਕੀਤੇ ਹਨ:

"ਮਿਲਿਆ ਹੋਇਆ, ਇੱਕਠਾ, ਮਿਲਾਪ, ਸੰਗ, ਸਾਥ, ਸਮਾਜ, ਸਭਾ, ਮਿਲਣ ਲਈ ਜਾਣਾ, ਵਿਚਾਰ-ਵਟਾਂਦਰਾ ਕਰਨਾ, ਗਿਆਨ ਵਧਾਉਣ ਲਈ ਪ੍ਰਸ਼ਨ ਕਰਨਾ।[11]

ਲਘੂ ਹਿੰਦੀ ਸ਼ਬਦ ਸਾਗਰ ਵਿੱਚ ਸੰਗਤ ਦੇ ਇਹ ਅਰਥ ਦਿੱਤੇ ਹਨ:

"ਸੁਹਬਤ, ਸੰਗਤਿ, ਸਾਥੀ, ਉਹ ਮੱਠ ਜਿਥੇ ਉਦਾਸੀ ਜਾਂ ਨਿਰਮਲੇ ਸਾਧੂ ਰਹਿੰਦੇ ਹਨ, ਸੰਬੰਧ, ਸੰਸਰਗ, ਗਾਣ ਬਜਾਣ ਦੇ ਕੰਮ ਵਿੱਚ ਯੋਗ ਦੇਣਾ, ਮੇਲ, ਜੋੜ ਦਾ, ਉਪਯੁਕਤ, ਠੀਕ।"[12]

ਪ੍ਰਮਾਣਿਕ ਹਿੰਦੀ ਕੋਸ਼ ਅਨੁਸਾਰ ਸੰਗਤ ਦੇ ਅਰਥ ਇਸ ਪ੍ਰਕਾਰ ਹਨ:

"ਸੰਗ, ਸਾਥ, ਸੰਬੰਧ, ਸਭਾ, ਸਮਾਜ, ਸਾਜ਼ਾਂ ਉਤੇ ਸਾਥ ਦੇਣਾ, ਸੰਸਰਗ, ਉਦਾਸੀ ਜਾਂ ਨਿਰਮਲੇ ਸਾਧੂਆਂ ਦੇ ਰਹਿਣ ਦੀ ਥਾਂ, ਸੁਹਬਤ।"[13]

ਰਾਜਸਥਾਨੀ ਸ਼ਬਦ ਕੋਸ਼ ਵੀ ਸੰਗਤ ਦੇ ਉਪਰੋਕਤ ਭਾਵ ਅਰਥਾਂ ਦੀ ਪੁਸ਼ਟੀ ਕਰਦਾ ਹੈ। ਇਸ ਅਨੁਸਾਰ ਸੰਗਤ ਦਾ ਅਰਥ ਹੈ:

"ਸਾਥ, ਸੁਹਬਤ, ਮੇਲ, ਮਿੱਤਰਤਾ, ਸੰਸਰਗ, ਸਾਥ ਰਹਿਣ ਵਾਲਿਆਂ ਦਾ ਦਲ ਜਾਂ ਮੰਡਲੀ, ਪਰਮਾਤਮਾ ਦਾ ਭਜਨ ਕਰ ਰਹੇ ਲੋਕਾਂ ਦਾ ਸਮੂਹ, ਉਦਾਸੀ ਅਤੇ ਨਿਰਮਲੇ ਸਾਧੂਆਂ ਦੇ ਰਹਿਣ ਦਾ ਮੱਠ, ਗਿਆਨ, ਗਿਆਨ ਪ੍ਰਾਪਤੀ ਲਈ ਪੁੱਛੇ ਗਏ ਪ੍ਰਸ਼ਨ, ਸਮਾਜ।"[14]

ਪਾਲੀ-ਹਿੰਦੀ ਕੋਸ਼ ਵਿੱਚ ਸੰਗਤ ਦੇ ਅਰਥ 'ਸਾਥ ਕਰਨਾ' ਹਨ।[15]

ਫਾਲਨ ਦੀ 'ਨਿਊ-ਹਿੰਦੋਸਤਾਨੀ ਇੰਗਲਿਸ਼ ਡਿਕਸ਼ਨਰੀ' ਅਨੁਸਾਰ ਸੰਗਤ ਦੇ ਅਰਥ ਹਨ:

"ਸਮਾਜ, ਸਾਥ, ਸਭਾ, ਸੰਸਥਾ, ਭਾਈਚਾਰਾ, ਪੂਜਾ ਸਥਾਨ, ਮੱਠ, ਗੁਰਸਿਖਾਂ ਦੇ ਜਮ੍ਹਾਂ ਹੋਣ ਦੀ ਥਾਂ, ਸਾਜ਼ਾਂ ਉੱਤੇ ਸਾਥ ਦੇਣਾ।"[16]

Congregation (ਕੰਗਰੀਗੇਸ਼ਨ)[17] ਕੰਪਨੀ[18], ਸੋਸਾਇਟੀ[19] ਸ਼ਬਦਾਂ ਨੂੰ ਅੰਗਰੇਜ਼ੀ ਵਿੱਚ ਸੰਗਤ ਦੇ ਪਰਿਆਇਵਾਚੀ ਸ਼ਬਦ ਮੰਨਿਆ ਗਿਆ ਹੈ।

ਵੱਖ ਵੱਖ ਵਿਦਵਾਨਾਂ ਨੇ ਸੰਗਤ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ:

ਭਾਈ ਜੋਧ ਸਿੰਘ ਸੰਗਤ ਦੀ ਇਸ ਤਰ੍ਹਾਂ ਵਿਆਖਿਆ ਕਰਦੇ ਹਨ:

"ਮਨੁੱਖ ਸਦਾ ਟੋਲੇ ਵਿੱਚ ਰਹਿੰਦਾ ਹੈ ਇਸ ਲਈ ਉਸ ਦੇ ਕਰਮ ਟੋਲੇ ਉਤੇ ਅਸਰ ਪਾਏ ਬਿਨ੍ਹਾਂ ਨਹੀਂ ਰਹਿ ਸਕਦੇ ਤੇ ਟੋਲੇ ਦੇ ਕਰਮ ਉਸ ਤੇ ਅਸਰ ਪਾਂਦੇ ਹਨ।"[20]

ਡਾ. ਸੁਰਜੀਤ ਸਿੰਘ ਨੇ ਸੰਗਤ ਨੂੰ ਇਸ ਤਰ੍ਹਾਂ ਪਾਰਿਭਾਸ਼ਿਤ ਕੀਤਾ ਹੈ:

"ਮਨੁੱਖ ਆਪਣੇ ਚੌਗਿਰਦੇ ਦੇ ਸਮੁੱਚੇ ਸਮਾਜ ਦਾ ਇੱਕ ਅੰਗ ਹੁੰਦਾ ਹੋਇਆ ਆਪਣੇ ਸਥਾਈ ਸੰਗ ਲਈ ਆਪਣੀ ਵਿਸ਼ੇਸ਼ ਰੁਚੀ ਅਤੇ ਲੋੜ ਅਨੁਸਾਰ ਕੁੱਝ ਵਿਅਕਤੀਆਂ ਦੀ ਚੋਣ ਕਰਦਾ ਹੈ। ਇਸ ਤਰ੍ਹਾਂ ਆਪਣੀ ਮਰਜ਼ੀ ਅਨੁਸਾਰ ਆਪਣੇ ਸਥਾਈ ਜਾਂ ਅਸਥਾਈ ਸਾਥ ਲਈ ਚੁਣੇ ਗਏ ਸੰਗ ਨੂੰ ਸੰਗਤ ਆਖਦੇ ਹਨ।"[21]

ਇਸੇ ਤਰ੍ਹਾਂ ਸਾਹਿਬ ਸਿੰਘ 'ਅਰਸ਼ੀ' ਨੇ ਮਨੁੱਖ ਦਾ ਆਪਣੇ ਸਾਥੀਆਂ ਨਾਲ ਮੇਲ-ਮਿਲਾਪ ਰੱਖਦੇ ਹੋਏ ਉਹਨ੍ਹਾਂ ਦਾ ਪ੍ਰਭਾਵ ਗ੍ਰਹਿਣ ਕਰਨ ਨੂੰ ਸੰਗਤ ਕਿਹਾ ਹੈ। ਉਹ ਲਿਖਦੇ ਹਨ:

"ਮਨੁੱਖ ਜਿਹੜੀ ਸੰਗਤ ਵਿੱਚ ਬੈਠੇਗਾ ਉਸ ਦੇ ਵਿਚਾਰਾਂ ਉੱਤੇ ਉਸ ਸੰਗਤ ਦਾ ਪ੍ਰਭਾਵ ਅਵੱਸ਼ ਹੋਵੇਗਾ। ਮਨੁੱਖ ਦੇ ਚੰਗੇ ਜਾਂ ਮਾੜੇ ਹੋਣ ਦੀ ਪਹਿਚਾਣ ਵੀ ਸੰਗਤ ਤੋਂ ਹੀ ਹੁੰਦੀ ਹੈ।"[22]

ਡਾ.ਪਰਕਾਸ਼ ਸਿੰਘ ਜੰਮੂ ਅਨੁਸਾਰ ਸੰਗਤ ਦੇ ਮੁੱਖ ਅਰਥ ਹਨ:

"ਸਾਧਾਰਨ ਮਨੁੱਖੀ ਮੇਲ ਮਿਲਾਪ ਜਿਸ ਵਿੱਚ ਚੰਗੇ ਜਾਂ ਭੈੜੇ ਦੀ ਭਾਵਨਾ ਨਹੀਂ ਹੁੰਦੀ।"[23]

ਪ੍ਰਿੰਸੀਪਲ ਹਰਭਜਨ ਸਿੰਘ ਅਨੁਸਾਰ ਤਾਂ ਜਾਨਵਰਾਂ ਤੇ ਬਨਸਪਤੀ ਨਾਲ ਮਿਲਾਪ ਵੀ ਸੰਗਤ ਹੈ। ਉਹਨਾਂ ਦੇ ਕਥਨ ਅਨੁਸਾਰ:

"ਸੰਗਤ ਦੇ ਪ੍ਰਭਾਵ ਦਾ ਇਹ ਆਲਮ ਹੈ ਕਿ ਜੇ ਕਿਤੇ ਮਨੁੱਖ ਦਾ ਬੱਚਾ ਆਰੰਭ ਤੋਂ ਹੀ ਜੰਗਲੀ ਜਾਨਵਰਾਂ ਵਿੱਚ ਪਲੇ, ਤਾਂ ਉਹ ਉਹਨਾਂ ਦਾ ਹੀ ਬੇਲੀ ਬਣਕੇ ਉਹਨਾਂ ਦੀਆਂ ਹੀ ਆਦਤਾਂ ਸਿੱਖ ਜਾਵੇਗਾ।"[24]

ਪ੍ਰਿੰਸੀਪਲ ਪ੍ਰਕਾਸ਼ ਸਿੰਘ ਅਨੁਸਾਰ:

"ਮਨੋ-ਵਿਗਿਆਨੀਆਂ ਦਾ ਕਹਿਣਾ ਹੈ ਕਿ ਨਾ ਕੇਵਲ ਮਨੁੱਖਾਂ ਦੀ ਸੰਗਤ ਕਰਕੇ ਹੀ ਸਗੋਂ ਵੱਖ ਵੱਖ ਚੀਜ਼ਾਂ ਦੇ ਮਾਹੌਲ ਦੀ ਸੰਗਤ ਦਾ ਵੀ ਮਨੁੱਖੀ ਪ੍ਰਵਿਰਤੀ ਉਪਰ ਅਸਰ ਪੈਂਦਾ ਹੈ। ਸੰਗਤ ਕੇਵਲ ਮਨੁੱਖਾਂ ਦੀ ਹੀ ਨਹੀਂ, ਆਲੇ ਦੁਆਲੇ ਪਈਆਂ ਵਸਤੂਆਂ ਦੀ ਵੀ ਹੈ। ਪੁਸਤਕਾਂ ਦੀ ਵੀ ਸੰਗਤ ਹੈ। ਸਾਹਿਤ ਦਾ ਮਨੁੱਖੀ ਮਨ ਤੇ ਭਰਪੂਰ ਅਸਰ ਪੈਂਦਾ ਹੈ। ਪਰ ਮਨੁੱਖ ਮਨੁੱਖਾਂ ਦੀ ਸੰਗਤ ਦਾ ਹੀ ਵੱਧ ਅਸਰ ਕਬੂਲਦਾ ਹੈ।"[25]

ਭਾਰਤੀ ਪਰੰਪਰਾ ਵਿੱਚ ਸੰਗਤ ਨਾਲ ਮੇਲ ਖਾਂਦੇ ਬ੍ਰਹਮਸਦ, ਸੰਧਿ, ਮੇਲ, ਸੰਸਰਗ, ਸੰਗਮ ਆਦਿ ਸ਼ਬਦ ਪ੍ਰਚਲਤ ਹਨ। ਸੰਗਤ ਦੇ ਇਕ ਤਾਂ ਸਾਥ, ਮੇਲ, ਮਿਲਾਪ, ਇੱਕਠ, ਸੋਸਾਇਟੀ (Society), ਕੰਪਨੀ (Company) ਸੁਹਬਤ (ਉਰਦੂ ਫਾਰਸੀ), ਸਮਾਗਮ (ਸੰਸਕ੍ਰਿਤ) ਸਾਧਾਰਣ ਅਰਥ ਹਨ, ਪਰ 'ਸੰਗਤ' ਦੀ ਧਾਰਮਿਕ ਪਰਿਭਾਸ਼ਾ 'ਚ ਸਾਧਾਰਣ ਅਰਥ ਦੀ ਥਾਂ ਹੋਰ ਅਰਥ ਹੋਣਗੇ। ਗੁਰਮਤਿ 'ਚ ਸੰਗਤ ਦਾ ਅਰਥ "ਸੰਗਤਿ, ਸਾਧਸੰਗਤਿ, ਸੰਗਤੀ, ਸਤਿਗੁਰੂ ਸੰਗਤਿ, ਸੰਤਸੰਗਤਿ, ਸੰਗ, ਸਾਧਸੰਗਿ, ਸਤਿਗੁਰੂ ਸੰਗ, ਸੰਗਾਨ, ਸੰਗਾਨੀ" ਹੈ।[26]

ਸਿੱਖ ਧਰਮ ਵਿੱਚ ਸੰਗਤ ਉਸ ਇਕਾਈ ਨੂੰ ਆਖਿਆ ਗਿਆ ਹੈ, ਜੋ ਕਿਸੇ ਇੱਕ ਥਾਂ ਰਹਿਣ ਵਾਲੇ ਸਿੱਖਾਂ ਨੇ ਬਣਾਈ।[27]

ਤੇਜਾ ਸਿੰਘ ਅਨੁਸਾਰ ਸੰਗਤ ਉਹ ਸੰਸਥਾ ਹੈ ਜਿਹੜੀ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਸਮੇਂ ਵੱਖ ਵੱਖ ਖਿੱਤਿਆਂ ਵਿੱਚ ਉਥੋਂ ਦੇ ਸਿੱਖਾਂ ਨੂੰ ਇੱਕਠਿਆਂ ਕਰਕੇ ਸਥਾਪਿਤ ਕੀਤੀ। ਇਸ ਸੰਸਥਾ ਵਿੱਚ ਸਿੱਖ ਇੱਕਠੇ ਹੋ ਕੇ ਕੀਰਤਨ ਅਤੇ ਪ੍ਰਭੂ ਦਾ ਨਾਮ ਸਿਮਰਨ ਕਰਦੇ ਸਨ।[28]

ਈਸਾਈ ਮੱਤ ਦੇ Congregation (ਕੰਗਰੀਗੇਸ਼ਨ)[29] ਅਤੇ Ecclesia[30] ਸ਼ਬਦ 'ਸੰਗਤ' ਲਈ ਠੀਕ ਢੁੱਕਵੇਂ ਹਨ।

ਇਸਲਾਮ ਧਰਮ 'ਚ ਸੰਗਤ ਦੇ ਪਰਿਆਇਵਾਚੀ ਸ਼ਬਦ 'ਸੁਹਬਤ' ਤੇ 'ਜਮਹ' ਹੈ। ਸੁਹਬਤ ਸਾਧਾਰਣ ਅਰਥ ਹੈ ਪਰ ਜਮਹ ਤਕਨੀਕੀ ਸ਼ਬਦ ਹੈ।[31]

ਇਸ ਤਰ੍ਹਾਂ ਸੰਗਤ ਧਰਮ-ਸਾਧਨਾ ਦੀ ਉਹ ਉੱਤਮ ਸੰਸਥਾ ਹੈ ਜਿਥੋਂ ਪਰਮਾਰਥ ਦੀ ਸਿਧਾਂਤਿਕ ਤੇ ਵਿਵਹਾਰਿਕ ਸਿੱਖਿਆ ਪ੍ਰਾਪਤ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਸਮੇਂ ਵੱਖ-ਵੱਖ ਥਾਵਾਂ ਤੇ ਜਾ ਕੇ ਉਪਦੇਸ਼ ਕਰਦੇ ਸਨ। ਉਥੇ ਉਸ ਵੇਲੇ ਦੇ ਕੁਝ ਸੁਚੇਤ ਲੋਕ ਉਹਨਾਂ ਦੀ ਵਿਚਾਰਧਾਰਾ ਨਾਲ ਸਹਿਮਤ ਹੋ ਕੇ ਉਹਨਾਂ ਦੇ ਪੈਰੋਕਾਰ ਬਣ ਜਾਂਦੇ ਸਨ। ਇਨ੍ਹਾਂ ਪੈਰੋਕਾਰਾਂ ਨੂੰ ਗੁਰੂ ਜੀ ਦੇ ਸਿੱਖ ਆਖਿਆ ਗਿਆ।[32] ਇਹਨਾਂ ਪੈਰੋਕਾਰਾਂ ਦੀ ਉਹ ਇੱਕ ਸੰਗਤ ਸਥਾਪਤ ਕਰ ਦਿੰਦੇ ਜੋ ਕਿ ਉਹਨਾਂ ਦੀ ਵਿਚਾਰਧਾਰਾ ਨੂੰ ਆਪਣੇ ਜੀਵਨ ਵਿੱਚ ਢਾਲਣ ਲਈ ਸਮੇਂ ਸਮੇਂ ਇਕੱਤਰ ਹੋ ਕੇ ਵਿਚਾਰ ਕਰਦੀ ਸੀ। ਇਸ ਦੇ ਨਾਲ ਹੀ ਗੁਰੂ ਜੀ ਦੀ ਵਿਚਾਰਧਾਰਾ ਨਾਲ ਹੋਰ ਲੋਕਾਂ ਨੂੰ ਵੀ ਜੋੜਨ ਦਾ ਉਪਰਾਲਾ ਕਰਦੀ ਸੀ। ਗੁਰੂ ਨਾਨਕ ਦੇਵ ਜੀ ਨੇ ਸੰਗਤ ਨੂੰ ਪਰਿਭਾਸ਼ਿਤ ਕਰਦੇ ਹੋਏ ਸੰਗਤ ਉਸ ਸਭਾ ਨੂੰ ਦੱਸਿਆ ਹੈ ਜਿਥੇ ਇਕ ਪਰਮਾਤਮਾ ਦਾ ਨਾਮ ਲਿਆ ਜਾਵੇ।

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥*[33]

ਉਪਰੋਕਤ ਵਿਚਾਰਾਂ ਤੋਂ ਇਹ ਸਪੱਸ਼ਟ ਹੈ ਕਿ ਸੰਗਤ ਦੇ ਅਰਥ ਭਲੇ ਲੋਕਾਂ ਦੀ ਸੰਗਤ ਹੈ। ਧਾਰਮਿਕ ਪੱਖ ਤੋਂ ਧਾਰਮਿਕ ਭਾਵਨਾ ਨਾਲ ਸਾਂਝੇ ਮੰਤਵ ਲਈ ਜੁੜੇ ਲੋਕਾਂ ਦੇ ਸਮੂਹ ਨੂੰ ਸੰਗਤ ਕਿਹਾ ਜਾਂਦਾ ਹੈ। ਗੁਰੂ ਨਾਨਕ ਬਾਣੀ ਅਨੁਸਾਰ ਇਸ ਦਾ ਇਹੀ ਮਤਲਬ ਨਿਕਲਦਾ ਹੈ ਕਿ ਸਿੱਖ-ਸਮਾਜ ਵਿੱਚ ਸੰਗਤ ਉਹਨਾਂ ਗੁਰਮੁਖਾਂ ਦਾ ਸਮੂਹ ਹੈ ਜਿਹੜੇ ਬਿਨਾਂ ਕਿਸੇ ਵਿਚੋਲੇ ਦੇ ਸਿਧੇ ਸਤਿਗੁਰੂ ਦੇ ਸੰਪਰਕ ਵਿੱਚ ਆਉਂਦੇ ਹਨ। ਇੱਕ ਨਿਸ਼ਚਿਤ ਥਾਂ ਉੱਤੇ,

ਏਕੋ ਨਾਮ ਅਭਿਆਸੀਆਂ ਦਾ ਗੁਰਸ਼ਬਦ ਦੀ ਰਹਿਨਮਾਈ ਵਿੱਚ ਜੁੜਨ ਵਾਲਾ ਬਾਕਾਇਦਾ ਸਿੱਖ ਸਮੂਹ ਸੰਗਤ ਹੈ। ਗੁਰੂ ਨਾਨਕ ਨੇ ਉਸ ਸਭਾ ਨੂੰ 'ਸੰਗਤ' ਕਿਹਾ ਹੈ, ਜਿੱਥੇ ਸਿਰਫ਼ ਇੱਕ ਪਰਮਾਤਮਾ ਦਾ ਨਾਮ ਸਿਮਰਿਆ ਜਾਂਦਾ ਹੈ।

## 1.2 ਸੰਗਤ ਦਾ ਵਿਕਾਸ

### 1.2.1 ਵੇਦਾਂ ਵਿੱਚ ਸੰਮਤੀ ਜਾਂ ਸਭਾ (ਸੰਗਤ) ਦਾ ਸੰਕਲਪ

ਵੇਦ ਆਰੀਆ ਲੋਕਾਂ ਦੀ ਪ੍ਰਥਮ ਰਚਨਾ ਹੈ। ਇਹ ਭਾਰਤੀ ਸੰਸਕ੍ਰਿਤੀ ਦਾ ਵੀ ਸਭ ਤੋਂ ਪੁਰਾਣਾ ਸਾਹਿਤ ਹੈ। ਵੈਦਿਕ ਸਾਹਿਤ ਸਤਸੰਗੀਆਂ ਦਾ ਸਾਹਿਤ ਹੈ। ਵੇਦਾਂ ਵਿੱਚ ਸੰਗਤ ਦੇ ਸੰਕਲਪ ਬਾਰੇ ਬਹੁਤ ਹਵਾਲੇ ਮਿਲਦੇ ਹਨ। ਵਧੇਰੇ ਵੈਦਿਕ ਪ੍ਰਾਰਥਨਾਵਾਂ ਵਿੱਚ 'ਵਿਅਸ' ਅਰਥਾਤ 'ਅਸੀਂ' ਸਾਰਿਆਂ ਦਾ ਸਹਿਭਾਵ ਚਿਤ੍ਰਤ ਹੈ। ਜਿਵੇਂ 'ਸੂਰਜ ਤੇ ਚੰਦਰਮਾ ਵਾਂਗ ਅਸੀਂ ਕਲਿਆਣਕਾਰੀ ਮਾਰਗ ਤੇ ਚਲੀਏ ਅਤੇ ਫੇਰ ਦਾਨੀ, ਅਹਿੰਸਕ ਅਤੇ ਗਿਆਨੀ ਵਿਅਕਤੀਆਂ ਦਾ ਸੰਗ ਜਾਂ ਸਤਿਸੰਗ ਕਰੀਏ।'[34]

ਵੈਦਿਕ ਕਾਲ ਵਿੱਚ ਲੋਕ ਸਮੂਹਕ ਪ੍ਰਾਰਥਨਾਵਾਂ ਵਿੱਚ ਵਧੇਰੇ ਸ਼ਕਤੀ ਮੰਨਦੇ ਸਨ।[35] ਇੱਥੋਂ ਤੱਕ ਕਿ ਉਹ ਇਕਲੇ ਭੋਜਨ ਖਾਣ ਨੂੰ ਵੀ ਪਾਪ ਸਮਝਦੇ ਸਨ।[36] ਅਥਰਵਵੇਦ ਅਨੁਸਾਰ ਅਜਿਹਾ ਸੰਗਠਨ ਜ਼ਰੂਰੀ ਹੈ ਜਿਸ ਨਾਲ ਸਭ ਨੂੰ ਸਮਾਨ ਗਿਆਨ ਦੀ ਪ੍ਰਾਪਤੀ ਹੋਵੇ ਤੇ ਮਨ ਵੀ ਇੱਕ ਹੀ ਤਰ੍ਹਾਂ ਦੇ ਸੰਸਕਾਰ ਨਾਲ ਜੁੜਿਆ ਰਹੇ।[37] ਰਿਗਵੇਦ ਵਿੱਚ ਵੀ ਸ਼ਕਤੀਆਂ ਦੇ ਸੰਗਠਨ ਅਤੇ ਏਕਤਾ ਉੱਤੇ ਜ਼ੋਰ ਦਿੱਤਾ ਗਿਆ ਹੈ।[38] ਅਜਿਹੇ ਸੰਗਠਨ ਲਈ ਲੋਕਾਂ ਦੁਆਰਾ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਸਨ।[39] ਦੇਵਤਿਆਂ ਦੀ ਉਸਤਤੀ ਅਤੇ ਗਿਆਨ ਦੀ ਪ੍ਰਾਪਤੀ ਲਈ ਲੋਕ ਸਮੂਹਕ ਰੂਪ ਵਿਚ ਜੁੜਦੇ ਸਨ। ਕਿਉਂਕਿ ਉਨ੍ਹਾਂ ਦਾ ਵਿਚਾਰ ਸੀ ਕਿ ਪਰਸਪਰ ਸਹਿਯੋਗ ਬਿਨ੍ਹਾਂ ਉੱਨਤੀ ਅਸੰਭਵ ਹੈ।[40] ਇਨ੍ਹਾਂ ਕਾਰਨਾਂ ਕਰਕੇ ਆਰੀਆਂ ਲੋਕ ਸਮੂਹਕ ਰੂਪ ਵਿੱਚ ਜੁੜ ਕੇ ਸੰਸਾਰਕ ਸੁੱਖਾਂ ਲਈ ਪ੍ਰਾਰਥਨਾਵਾਂ ਕਰਦੇ ਸਨ।

ਵੇਦਾਂ ਦੀ ਸੰਗਤ, ਸੰਗਤ ਦਾ ਮੁੱਢਲਾ ਰੂਪ ਸੀ। ਵੇਦਾਂ ਵਿੱਚ ਸੰਗਤ ਦੇ ਸਮਾਨਾਰਥੀ 'ਸੰਮਤੀ'[41], 'ਸਭਾ'[42], 'ਦੇਵਪੁੱਤਰੀ'[43] 'ਨਰਿਸ਼ਟਾ'[44] ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।

ਵੇਦ-ਸੰਗਤ ਵਿੱਚ ਬਿਨਾਂ ਕਿਸੇ ਭੇਦ-ਭਾਵ ਤੋਂ ਲੋਕ ਸ਼ਾਮਿਲ ਹੁੰਦੇ ਸਨ। ਭਾਵੇਂ ਵੈਦਿਕ ਸਾਹਿਤ ਵਿੱਚ ਵਰਣ ਵਿਵਸਥਾ ਦੇ ਹਵਾਲੇ ਮਿਲਦੇ ਹਨ[45] ਪਰੰਤੂ ਕੱਟੜਤਾ ਦਾ ਉਲੇਖ ਕਿਤੇ ਨਹੀਂ ਮਿਲਦਾ। ਚਾਰੇ ਵਰਣਾਂ ਨੂੰ ਇੱਕ-ਦੂਜੇ ਨਾਲ ਮਿਲ ਕੇ ਰਹਿਣ ਦਾ ਉਪਦੇਸ਼ ਰਿਗਵੇਦ ਵਿਚ ਮਿਲਦਾ ਹੈ।[46] ਸਾਰੇ ਵਰਣਾਂ ਦੇ ਲੋਕ 'ਸੰਗਤ' ਵਿੱਚ ਇਕੱਠੇ ਹੋ ਕੇ ਪ੍ਰਾਰਥਨਾਵਾਂ ਕਰਦੇ ਸਨ।[47] ਔਰਤਾਂ ਨੂੰ ਵੀ 'ਸੰਗਤ' ਵਿੱਚ ਸ਼ਾਮਲ ਹੋਣ ਦੇ ਅਧਿਕਾਰ ਪ੍ਰਾਪਤ ਸਨ।[48] ਪਤੀ-ਪਤਨੀ ਦੋਨਾਂ ਦੇ ਸੰਗਤ ਵਿਚ ਸ਼ਾਮਲ ਹੋਣ ਦੇ ਪ੍ਰਮਾਣ ਵੇਦਾਂ ਵਿੱਚ ਮਿਲਦੇ ਹਨ।[49]

'ਸੰਗਤ' ਵਿੱਚ ਲੋਕ ਦੇਵਤਿਆਂ ਕੋਲੋਂ ਵਿਭਿੰਨ ਪ੍ਰਕਾਰ ਦੇ ਸੁੱਖਾਂ, ਦੁਸ਼ਮਣਾਂ ਤੇ ਜਿੱਤਾਂ, ਲੰਮੀਆਂ ਉਮਰਾਂ ਅਤੇ ਆਰਥਿਕ ਪ੍ਰਾਪਤੀਆਂ ਲਈ ਯਾਚਨਾਵਾਂ ਕਰਦੇ ਸਨ।[50] ਇਸ ਤਰ੍ਹਾਂ ਸੰਗਤੀ ਭਾਵਨਾ ਰਾਹੀਂ ਖੁਸ਼ਹਾਲੀ ਪ੍ਰਾਪਤ ਹੁੰਦੀ ਸੀ।[51]

ਸੰਗਤ ਵਿੱਚ ਲੋਕ ਸਮੂਹਕ ਪ੍ਰਾਰਥਨਾਵਾਂ ਕਰਦੇ ਸਨ।[52] ਅਲੱਗ ਅਲੱਗ ਦੇਵਤਿਆਂ ਤੋਂ ਵਿਭਿੰਨ ਸੁੱਖਾਂ ਦੀ ਪ੍ਰਾਪਤੀ ਲਈ ਯਾਚਨਾਵਾਂ ਕੀਤੀਆਂ ਜਾਂਦੀਆਂ ਸਨ।[53] ਦੇਵਤਿਆਂ ਨੂੰ ਪਰਮਾਤਮਾ ਮੰਨ ਕੇ ਵੀ ਅਰਾਧਿਆ ਜਾਂਦਾ ਸੀ।[54] ਦੇਵਤਿਆਂ ਦੀ ਉਪਾਸਨਾ ਲਈ ਅਰਾਧਨਾ, ਹਵਨ ਤੇ ਯੱਗ ਕਰਦੇ ਸਨ।[55] ਪੁਰੋਹਿਤਾਂ ਨੂੰ ਦਾਨ ਦੇ ਰੂਪ ਵਿਚ ਅਨਾਜ ਤੇ ਜਾਨਵਰ ਦਿੱਤੇ ਜਾਂਦੇ ਸਨ।[56] ਯੱਗ ਲਈ ਜੁੜੀ 'ਸੰਗਤ' ਦਾ ਸੰਚਾਲਕ ਪ੍ਰਵਾਰ ਦਾ ਮੁਖੀਆ ਜਾਂ ਪੁਰੋਹਿਤ ਹੁੰਦਾ ਸੀ।[57]

ਜੀਵਨ ਦੇ ਸਹੀ ਰਸਤੇ ਤੋਂ ਭਟਕੇ ਲੋਕਾਂ ਨੂੰ 'ਸੰਗਤ' ਵਿੱਚ ਸ਼ਾਮਲ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਸੀ। ਉਨ੍ਹਾਂ ਨੂੰ ਉੱਤਮ ਕਾਰਜਾਂ ਲਈ ਉਤਸ਼ਾਹਿਤ ਵੀ ਕੀਤਾ ਜਾਂਦਾ ਸੀ।[58] ਇਹ ਇੱਕਠ ਖੁਲੀਆਂ ਥਾਵਾਂ ਤੇ ਹੁੰਦੇ ਸਨ। ਕੋਈ

ਮੰਦਰ ਜਾਂ ਦੇਵਤਿਆਂ ਦੀ ਮੂਰਤੀ ਨਹੀਂ ਹੁੰਦੀ ਸੀ।[59]

ਚਰਚਾ ਉਪਰੰਤ ਵੇਦਾਂ ਵਿੱਚ ਸੰਗਤ ਦਾ ਜੋ ਸਰੂਪ ਉਘੜਦਾ ਹੈ, ਉਸ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

1. 'ਸੰਗਤ' ਲਈ ਵੇਦਾਂ ਵਿੱਚ 'ਸੰਮਤੀ', 'ਦੇਵਪੁੱਤਰੀ', 'ਸਭਾ' ਅਤੇ 'ਨਰਿਸ਼ਟਾ' ਸਮਾਨਾਰਥ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।
2. 'ਸੰਗਤ' ਵਿਚ ਬਿਨ੍ਹਾਂ ਕਿਸੇ ਵਰਣ, ਭੇਦ-ਭਾਵ ਤੋਂ ਲੋਕ ਸ਼ਾਮਲ ਹੁੰਦੇ ਸਨ। ਇਸ ਵਿਚ ਔਰਤਾਂ ਨੂੰ ਸ਼ਾਮਲ ਹੋਣ ਦਾ ਅਧਿਕਾਰ ਪ੍ਰਾਪਤ ਸੀ।
3. 'ਸੰਗਤ' ਵਿਚ ਲੋਕਾਂ ਦੇ ਸ਼ਾਮਲ ਹੋਣ ਦਾ ਉਦੇਸ਼ ਸੰਸਾਰਕ ਸੁੱਖਾਂ (ਲੰਮੀਆਂ ਉਮਰਾਂ, ਧਨ ਤੇ ਉਤਮ ਬੁੱਧੀ) ਦੀ ਪ੍ਰਾਪਤੀ ਸੀ।
4. 'ਸੰਗਤ' ਵਿਚ ਲੋਕ ਦੇਵਤਿਆਂ ਦੀ ਉਸਤਤੀ ਵਿੱਚ ਪ੍ਰਾਰਥਨਾਵਾਂ ਕਰਦੇ ਸਨ। ਯਗ ਤੇ ਬਲੀ ਦੀਆਂ ਰਸਮਾਂ ਵੀ ਪ੍ਰਚਲਿਤ ਸਨ।

### 1.2.2. ਉਪਨਿਸ਼ਦਾਂ ਵਿਚ ਬ੍ਰਹਮਸੰਸਦ (ਸੰਗਤ) ਦਾ ਸੰਕਲਪ

ਪੂਰਵ ਉਪਨਿਸ਼ਦ ਕਾਲ ਵਿੱਚ ਦੇਵਤਾ-ਪ੍ਰਸਤੀ, ਭੂਤਾਂ-ਪ੍ਰੇਤਾਂ, ਜਾਦੂ-ਟੂਣਿਆਂ ਅਤੇ ਤੰਤਰਾਂ-ਮੰਤਰਾਂ ਵਿੱਚ ਵਿਸ਼ਵਾਸ, ਪਸ਼ੂਆਂ ਅਤੇ ਬਿਰਖਾਂ ਦੀ ਪੂਜਾ, ਯਗ-ਵਿਧੀਆਂ ਦੀ ਜਟਲਤਾ, ਬੇਜ਼ੁਬਾਨ ਨਿਰਦੋਸ਼ੇ ਜਾਨਵਰਾਂ ਦੀ ਬਲੀ, ਪਰੋਹਿਤਾਂ ਦੀ ਵਧ ਰਹੀ ਅਧਿਕਾਰ ਸਤ੍ਹਾ ਅਤੇ ਵਰਣ-ਵਿਵਸਥਾ ਦੀ ਵਧ ਰਹੀ ਕਠੋਰਤਾ ਦੇ ਵਿਰੁੱਧ ਜਨ-ਸਾਧਾਰਨ ਵਿੱਚ ਵਾਸਤਵਿਕ ਧਰਮ ਲੱਭਣ ਦੀ ਜਿਗਿਆਸਾ ਨੇ ਨਵੀਂ ਵਿਚਾਰਧਾਰਾ ਨੂੰ ਜਨਮ ਦਿੱਤਾ। ਬਹੁਦੇਵਵਾਦ ਦੀ ਥਾਂ ਪਾਰਬ੍ਰਹਮ ਦੀ ਹੋਂਦ ਦਾ ਸਿਧਾਂਤ ਵਿਕਸਤ ਹੋਇਆ। ਕਰਮ-ਕਾਂਡ ਦੀ ਜਗ੍ਹਾ ਅਧਿਆਤਮਿਕ ਚਿੰਨ ਦੇ ਰੂਪ ਵਿੱਚ ਗਿਆਨ-ਕਾਂਡ ਨੇ ਲੈ ਲਈ ਅਤੇ ਜਟਿਲ ਕਰਮ-ਕਾਂਡੀ ਵਿਧੀ ਵਿਧਾਨਾਂ ਦੀ ਅਧਿਆਤਮਿਕ ਵਿਆਖਿਆ ਹੋਣ ਲਗ ਪਈ। ਤਤ-ਗਿਆਨ ਦੁਆਰਾ ਸ਼ਕਤੀ ਦਾ ਸਿਧਾਂਤ, ਬ੍ਰਹਮ ਜੀਵ ਦੀ ਏਕਤਾ, ਪੁਨਰ-ਜਨਮ ਆਦਿ ਦੇ ਰਹੱਸਾਂ ਨੂੰ ਸਮਝਣ ਲਈ ਮਨ ਦੀ ਸ਼ੁੱਧਤਾ ਤੇ ਆਚਰਣ ਦੀ ਉਚਤਾ ਦੀ ਲੋੜ ਦਾ ਅਨੁਭਵ ਹੋਣ ਲੱਗਾ ਜਿਸ ਦੇ ਫਲਸਰੂਪ ਅਨੁਭਵੀ ਪੁਰਸ਼ਾਂ ਦੇ ਵਿਅਕਤੀਤਵ ਤੇ ਉਨ੍ਹਾਂ ਦੇ ਅਨੁਭਵਾਂ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਜਾਗ੍ਰਿਤ ਹੋ ਗਿਆ। ਇਹ ਆਤਮ ਵਿਜੈਤਾ ਮਹਾਨ ਵਿਚਾਰਕ ਜੰਗਲਾਂ ਅਤੇ ਪਹਾੜਾਂ ਵਿਚ ਆਪਣੇ ਸਥਾਪਤ ਕੀਤੇ ਆਸਰਮਾਂ ਦੇ ਅੰਦਰ ਨਿਰੰਤਰ ਸਵੈ-ਚਿੰਤਨ ਕਰਕੇ ਗਿਆਨ ਦੇ ਪ੍ਰਕਾਸ਼ ਨਾਲ ਸ਼ਿਸਾਂ ਦੀਆਂ ਅਧਿਆਤਮਿਕ ਸਮੱਸਿਆਵਾਂ ਦਾ ਸਮਾਧਾਨ ਕਰਦੇ ਸਨ। ਗੁਰੂਆਂ ਤੇ ਸ਼ਿਸ਼ਾਂ ਦੇ ਇਨ੍ਹਾਂ ਸੰਵਾਦਾਂ ਤੋਂ ਜਿਹੜਾ ਗਿਆਨ ਉਤਪੰਨ ਹੋਇਆ ਉਹ ਉਪਨਿਸ਼ਦਾਂ ਦੇ ਰੂਪ ਵਿੱਚ ਹੈ। ਉਪਨਿਸ਼ਦਾਂ ਵਿੱਚ ਗੁਰੂ ਅਤੇ ਸ਼ਿਸ਼ਾਂ ਜਾਂ ਵਿਦਵਾਨਾਂ ਵਿਚਕਾਰ ਕਿਸੇ ਰਿਸ਼ੀ ਆਸ਼ਰਮ ਜਾਂ ਰਾਜ ਸਭਾ ਵਿਚ ਬੈਠਕੇ ਪਰਸਪਰ ਸੰਬਾਦ ਦਾ ਜ਼ਿਕਰ ਕਈ ਵਾਰ ਆਉਂਦਾ ਹੈ।[60]

'ਉਪਨਿਸ਼ਦ' ਸ਼ਬਦ ਦੇ ਅਸਲੀ ਅਰਥ ਹੀ ਸੰਗਤ ਦੇ ਸੰਕਲਪ ਉਤੇ ਬੜਾ ਪ੍ਰਭਾਵਸ਼ਾਲੀ ਪ੍ਰਕਾਸ਼ ਪਾਉਂਦੇ ਹਨ। 'ਉਪਨਿਸ਼ਦ' ਸ਼ਬਦ ਦੀ ਵਿਉਂਤਪਤੀ ਮੂਲਕ ਅਰਥ ਇਸ ਪ੍ਰਕਾਰ ਹਨ:

1. 'ਉਪ' ਕੋਲ ਜਾਂ ਨਿਕਟ
2. 'ਨਿ' ਸ਼ਰਧਾਪੂਰਵਕ
3. 'ਸਦ' ਬੈਠਣਾ।[61]

ਇਸ ਤਰ੍ਹਾਂ 'ਉਪਨਿਸ਼ਦ' ਸ਼ਬਦ ਦਾ ਅਰਥ ਬਣਦਾ ਹੈ: ਸ਼ਰਧਾ-ਪੂਰਬਕ ਕੋਲ ਬੈਠਣਾ। ਸਪੱਸ਼ਟ ਰੂਪ ਵਿੱਚ ਇਸ ਦਾ ਅਰਥ ਇਹ ਹੈ :

ਆਤਮ-ਗਿਆਨ ਤਥਾ ਬ੍ਰਹਮ-ਗਿਆਨ ਦੇ ਗੁਪਤ ਭੇਦ ਨੂੰ ਸਮਝਣ ਲਈ ਸਤਪੁਰਸ਼ਾਂ ਦੀ ਸ਼ਰਨ ਵਿਚ ਸ਼ਰਧਾ-

ਪੂਰਬਕਬੈਠਣਾ।

ਸੰਗਤ ਦੇ ਸਰੂਪ ਨੂੰ ਸਾਕਾਰ ਕਰਨ ਲਈ ਇਹਨਾਂ ਤਿੰਨਾਂ ਪੱਖਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਸਭ ਦੀ ਪੁਸ਼ਟੀ ਉਪਨਿਸ਼ਦ ਦੀਆਂ ਅੰਦਰਲੀਆਂ ਗਵਾਹੀਆਂ ਤੋਂ ਵੀ ਹੋ ਜਾਂਦੀ ਹੈ। ਥਾਂ ਪਰ ਥਾਂ ਸ਼ਿਸ਼ ਨੂੰ ਉਪਦੇਸ਼ ਦਿੱਤਾ ਗਿਆ ਹੈ:

*'ਉਠੋ ਜਾਗੋ ਤੇ ਉਤਮ ਪੁਰਸ਼ਾਂ ਦੀ ਸੰਗਤ ਕਰੋ।'*[62]

ਤਤ-ਗਿਆਨ ਦੀ ਸੋਝੀ ਸਤਪੁਰਸ਼ਾਂ ਦੀ ਸੰਗਤ ਵਿੱਚੋਂ ਹੀ ਆ ਸਕਦੀ ਹੈ।[63] ਅਸੀਂ ਉਹਨਾਂ ਪਰਮ ਗਿਆਨੀ ਮਹਾਪੁਰਸ਼ਾਂ ਤੋਂ ਸੁਣਿਆ ਹੈ ਜਿਨ੍ਹਾਂ ਨੇ ਸਾਨੂੰ ਇਸ ਵਿਸ਼ੇ ਬਾਰੇ ਅਲੱਗ ਅਲੱਗ ਰੂਪ ਨਾਲ ਵਿਆਖਿਆ ਕਰਕੇ ਚੰਗੀ ਤਰ੍ਹਾਂ ਸਮਝਾਇਆ ਸੀ।[64]

ਕੇਨ-ਉਪਨਿਸ਼ਦ ਦਾ ਮੁੱਖ ਵਿਸ਼ਾ ਪਾਰਬ੍ਰਹਮ ਤੱਤ ਹੈ ਜੋ ਬਹੁੱਤ ਜ਼ਿਆਦਾ ਡੂੰਘਾ ਹੈ ਅਤੇ ਉਸ ਨੂੰ ਚੰਗੀ ਤਰ੍ਹਾਂ ਸਮਝਾਉਣ ਲਈ ਗੁਰੂ ਅਤੇ ਚੇਲੇ ਦੇ ਪ੍ਰਸ਼ਨ-ਉੱਤਰਾਂ ਰਾਹੀਂ ਦਰਸਾਇਆ ਗਿਆ ਹੈ। ਇਸ ਵਿੱਚ ਗੁਰੂ (ਖੋ) ਕਹਿ ਕੇ ਸ਼ਿਸ਼ ਪ੍ਰਸ਼ਨ ਕਰ ਰਿਹਾ ਹੈ ਤੇ ਗੁਰੂ ਸ਼ਿਸ਼ ਨੂੰ ਸਮਝਾ ਰਿਹਾ ਹੈ ਕਿ:

"ਅਸੀਂ ਤਾਂ ਜਿਨ੍ਹਾਂ ਮਹਾਪੁਰਸ਼ਾਂ ਪਾਸੋਂ ਇਸ ਗੂੜ੍ਹ ਤੱਤ ਦਾ ਉਪਦੇਸ਼ ਲਿਆ ਹੈ ਉਨ੍ਹਾਂ ਤੋਂ ਇਹ ਹੀ ਸੁਣਿਆ ਹੈ ਕਿ ਇਹ ਪਾਰਬ੍ਰਹਮ ਜੜ੍ਹ-ਚੇਤਨ ਦੋਹਾਂ ਤੋਂ ਹੀ ਭਿੰਨ ਹੈ।[65]

ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਇਹ ਪੂਰਾ ਉਪਨਿਸ਼ਦ ਗਿਆਨ-ਚਰਚਾ ਇੱਕ ਸੰਗਤ ਦੇ ਰੂਪ ਵਿੱਚ ਪ੍ਰਗਟਾਉਂਦਾ ਹੈ। ਉਪਨਿਸ਼ਦ ਵਿਚਲਾ ਗੁਰੂ ਜੋ ਕਿ ਸੰਗਤ ਦੀ ਸਿਰਜਣਾ ਕਰਦਾ ਹੈ ਉਹ ਵੀ ਪਹਿਲਾਂ ਮਹਾਂਪੁਰਸ਼ਾਂ ਦੀ ਸੰਗਤ ਵਿਚੋਂ ਗਿਆਨ-ਗੁੜ੍ਹਤੀ ਲੈ ਚੁੱਕਿਆ ਹੈ।

ਕਠ-ਉਪਨਿਸ਼ਦ ਦਾ ਮੂਲ ਆਧਾਰ ਹੀ ਸੰਗਤ ਹੈ। ਇਸ ਉਪਨਿਸ਼ਦ ਰੂਪੀ ਬ੍ਰਹਮ ਵਿੱਦਿਆ ਨੂੰ ਕਠ ਨਾਮੀ ਮੁਨੀ ਨੇ ਰਿਸ਼ੀਆਂ ਨੂੰ ਪੜ੍ਹਾ ਕੇ ਸਾਰੇ ਸੰਸਾਰ ਵਿੱਚ ਪ੍ਰਚਲਿਤ ਕੀਤਾ। ਭਾਵ ਕਿ ਕਠ ਮੁਨੀ ਨੇ ਸੰਗਤ ਦੀ ਸਿਰਜਣਾ ਕੀਤੀ ਜਿਸ ਦੇ ਗਿਆਨ ਰੂਪੀ ਪ੍ਰਕਾਸ਼ ਨੇ ਸੰਸਾਰ ਵਿੱਚ ਚਾਨਣ ਕੀਤਾ। ਇਸ ਉਪਨਿਸ਼ਦ ਦੇ ਮੂਲ ਮੰਤਰ ਵਿੱਚ ਹੀ ਸੰਗਤ ਦੇ ਰੂਪ ਵਿੱਚ ਪਰਮਾਤਮਾ ਅੱਗੇ ਅਰਦਾਸ ਕੀਤੀ ਗਈ ਹੈ:

'ਪਰਮਾਤਮਾ ਤੁਸੀਂ ਸਾਡੀ ਹਰ ਤਰ੍ਹਾਂ ਨਾਲ ਰੱਖਿਆ ਕਰੋ, ਸਚੁੱਜੇ ਢੰਗ ਨਾਲ ਪਾਲਣਾ ਕਰੋ। ਅਸੀਂ ਇੱਕ-ਦੂਜੇ ਨਾਲ ਪਿਆਰ ਭਾਵਨਾ ਨਾਲ ਰਹੀਏ। ਕਦੀ ਵੀ ਆਪਸ ਵਿੱਚ ਈਰਖਾ ਭਾਵ ਪੈਦਾ ਨਾ ਹੋਵੇ।[66]

ਕਠ-ਉਪਨਿਸ਼ਦ ਦੀ ਪਹਿਲੀ ਬੱਲੀ ਵਿੱਚ ਪਿਤਾ-ਪੁੱਤਰ ਅਤੇ ਗੁਰੂ-ਚੇਲਾ ਦੇ ਰਿਸ਼ਤੇ ਚਰਚਾ ਕੀਤੀ ਗਈ ਹੈ। ਇਸ ਵਿੱਚ ਬ੍ਰਹਮ ਨੂੰ ਜਾਨਣ ਵਾਲੇ ਦੀ ਸੰਗਤ ਅਤੇ ਸੇਵਾ ਨੂੰ ਬਹੁਤ ਉੱਚਾ ਦੱਸਿਆ ਗਿਆ ਹੈ। ਨਚੀਕੇਤਾ ਸੰਸਾਰਕ ਸਵਾਰਥਾਂ ਦਾ ਤਿਆਗ ਕਰਕੇ ਯਮਰਾਜ ਤੋਂ ਗਿਆਨ ਦੀ ਮੰਗ ਕਰਦਾ ਹੈ। ਇਸ ਦਾ ਭਾਵ ਇਹ ਹੈ ਕਿ ਉਹ ਯਮਰਾਜ ਦੀ ਸੰਗਤ ਵਿਚੋਂ ਦੁਨਿਆਵੀ ਵਸਤਾਂ ਦੀ ਪ੍ਰਾਪਤੀ ਨਹੀਂ ਚਾਹੁੰਦਾ।[67] ਦੂਸਰੀ ਬੱਲੀ ਵਿੱਚ ਸੰਗਤ ਤੇ ਕੁਸੰਗਤ ਨੂੰ ਵਿੱਦਿਆ ਤੇ ਅਵਿੱਦਿਆ ਨਾਲ ਤੁਲਨਾਇਆ ਗਿਆ ਹੈ। ਮਾੜੇ ਲੋਕਾਂ ਦੇ ਸੰਗ ਨੂੰ ਅੰਨ੍ਹੇ ਮਨੁੱਖ ਨਾਲ ਤੁਲਨਾ ਦਿੱਤੀ ਗਈ ਹੈ ।[68] ਇਸ ਅਨੁਸਾਰ ਆਤਮ-ਤੱਤ ਦੀ ਪ੍ਰਾਪਤੀ ਉਹਨਾਂ ਦੀ ਸੰਗਤ ਵਿਚੋਂ ਹੁੰਦੀ ਹੈ ਜਿਨ੍ਹਾਂ ਨੇ ਅਨੁਭਵੀ ਆਤਮ-ਦਰਸ਼ੀ ਗੁਰੂ ਕੋਲੋਂ ਉਪਦੇਸ਼ ਲੈ ਕੇ ਆਪਣੇ ਜੀਵਨ ਵਿੱਚ ਵਸਾਇਆ ਹੋਵੇ।[69] ਪਵਿੱਤਰ ਬੁੱਧੀ ਅਤੇ ਸਾਫ਼-ਸੁਥਰੀ ਭਗਤੀ ਭਗਵਾਨ ਦੀ ਕ੍ਰਿਪਾ ਨਾਲ ਮਹਾਂਪੁਰਸ਼ਾਂ ਦੀ ਸੰਗਤ ਤੋਂ ਪ੍ਰਾਪਤ ਹੁੰਦੀ ਹੈ।[70]

ਸੰਗਤ ਦੀ ਪ੍ਰਕ੍ਰਿਆ ਬਾਰੇ ਇਸ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਸਭ ਤੋਂ ਪਹਿਲਾਂ ਤਾਂ ਅਧਿਆਤਮਿਕ ਵਿਸੇ ਅਤੇ ਧਾਰਮਿਕ ਉਪਦੇਸ਼ਾਂ ਨੂੰ ਸਮਝ ਚੁੱਕੇ ਮਹਾਂਪੁਰਸ਼ਾਂ ਤੋਂ ਬੜੀ ਸ਼ਰਧਾ ਨਾਲ ਸੁਣਨਾ ਚਾਹੀਦਾ ਹੈ, ਸੁਣ ਕੇ ਉਸ ਨੂੰ ਵਿਚਾਰਨਾ ਚਾਹੀਦਾ ਹੈ। ਉਸ ਤੋਂ ਬਾਦ ਇੱਕਠੇ ਬੈਠ ਕੇ ਉਸ ਤੇ ਵਿਚਾਰ ਕਰਕੇ ਆਪਣੀ ਬੁੱਧੀ ਵਿੱਚ ਉਸ ਨੂੰ ਵਸਾ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਪਾਰਬ੍ਰਹਮ ਪਰਮਾਤਮਾ ਨੂੰ ਪ੍ਰਾਪਤ ਹੋ ਜਾਈਦਾ ਹੈ।[71] ਗਿਆਨੀ

ਪੁਰਖਾਂ ਦੀ ਸੰਗਤ ਤੋਂ ਮਨੁੱਖੀ ਸਰੀਰ ਦੀ ਦੁਰਲੱਭਤਾ ਬਾਰੇ ਪਤਾ ਚਲਦਾ ਹੈ।[72] ਮਹਾਂਪੁਰਸ਼ਾਂ ਦੇ ਉਪਦੇਸ਼ਾਂ ਰਾਹੀਂ ਮੱਨੁਖੀ ਭਲਾਈ ਦਾ ਰਸਤਾ ਅਤੇ ਪਰਮਾਤਮਾ ਦਾ ਰਹੱਸ ਸਮਝ ਆਉਂਦਾ ਹੈ।[73] ਵਡਭਾਗੇ ਮਨੁੱਖ ਸੰਗਤ ਵਿੱਚੋਂ ਪਰਮਾਤਮਾ ਦੀ ਕ੍ਰਿਪਾ ਨਾਲ ਅਸ਼ੁੱਧ ਵਿਸ਼ੇ ਭੋਗਾਂ ਦੇ ਦੁਖ ਭਰੇ ਨਤੀਜਿਆਂ ਨੰ ਸਮਝਦਾ ਹੈ ਅਤੇ ਅੰਮ੍ਰਿਤ ਸਰੂਪ ਪਰਮਾਤਮਾ ਨੂੰ ਪ੍ਰਾਪਤ ਕਰਨ ਦੀ ਇਛਾ ਰੱਖਦਾ ਹੋਇਆ ਇੰਦਰੀਆਂ ਨੂੰ ਭਗਵਾਨ ਸਬੰਧੀ ਵਿਸ਼ਿਆਂ ਵਿੱਚ ਲਗਾ ਕੇ ਪਰਮਾਤਮਾ ਦਾ ਅਨੁਭਵ ਕਰਦਾ ਹੈ।[74]

ਉਪਨਿਸ਼ਦਾਂ ਵਿੱਚ ਜਾਤੀ ਭੇਦਾਂ ਦਾ ਉਲੇਖ ਮਿਲਦਾ ਹੈ।[75] ਪਰ ਉਸ ਸਮੇਂ ਵਰਨਾਂ ਦੀ ਵੰਡ ਨੇ ਇੱਕ ਸਖ਼ਤ ਸਮਾਜਿਕ ਵਿਵਸਥਾ ਦਾ ਰੂਪ ਧਾਰਨ ਨਹੀਂ ਕੀਤਾ ਸੀ।[76] ਡਾ.ਐਸ.ਐਨ. ਦਾਸਗੁਪਤਾ ਅਨੁਸਾਰ ਉਸ ਸਮੇਂ ਕਿਸੇ ਨੂੰ ਵਰਨ ਜਾਂ ਜਾਤੀ ਦੇ ਕਾਰਨ ਧਰਮ ਸ਼ਾਸਤਰ ਤੋਂ ਦੂਰ ਨਹੀਂ ਰੱਖਿਆ ਜਾਂਦਾ ਸੀ।[77] ਉਪਨਿਸ਼ਦਾਂ ਦੀ ਸੰਗਤ ਵਿੱਚ ਪਰਮ ਰਹੱਸ ਦੇ ਪ੍ਰਸੰਗ ਨੂੰ ਸਿਰਫ ਭਗਵਾਨ ਪ੍ਰੇਮੀ ਤੇ ਆਤਮਕ ਤੌਰ ਤੇ ਸ਼ੁੱਧ ਬੁੱਧੀ ਵਾਲੇ ਬ੍ਰਾਹਮਣਾਂ ਦੀ ਸਭਾ ਵਿੱਚ ਹੀ ਵਿਚਾਰਿਆ ਜਾਂਦਾ ਸੀ। ਸਾਧਾਰਨ ਵਿਅਕਤੀ ਦੀ ਇਸ ਵਿੱਚ ਸ਼ਮੂਲੀਅਤ ਨਹੀਂ ਸੀ।[78]

ਉਪਨਿਸ਼ਦ ਕਾਲ ਵਿੱਚ ਅਧਿਆਤਮ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਸੀ। ਤਪੋਬਨਾਂ ਵਿੱਚ ਅਧਿਆਤਮਕ ਚਿੰਤਨ ਵਿੱਚ ਰੱਤੇ ਰਿਸ਼ੀਆਂ ਨੂੰ ਗੁਰੂ ਦੀ ਉਪਾਧੀ ਦਿੱਤੀ ਜਾਂਦੀ ਸੀ। ਇੰਦਰ, ਸ਼ੌਨਕ, ਨਚਿਕੇਤਾ, ਨਾਰਦ, ਸਤਯਕਾਮ, ਸ਼ਵੇਤਕੇਤੂ, ਜਨਕ ਅਤੇ ਅਜਾਤ ਸ਼ਤਰੂ ਆਦਿ ਪ੍ਰਧਾਨ ਅਧਿਆਤਮਿਕ ਅਤੇ ਬ੍ਰਹਮਨਿਸ਼ਠ ਗੁਰੂ ਮੰਨੇ ਗਏ ਹਨ। ਮੁੰਡਕੋ ਉਪਨਿਸ਼ਦ ਦਾ ਮੱਤ ਹੈ ਕਿ ਗੁਰੂ ਉਹ ਵਿਅਕਤੀ ਹੋ ਸਕਦਾ ਹੈ ਜਿਸ ਨੇ ਨੇਮ ਪੂਰਬਕ ਵੇਦਾਂ ਅਤੇ ਬ੍ਰਹਮ ਵਿਦਿਆ ਨੂੰ ਸੁਣਿਆ ਹੋਵੇ ਅਤੇ ਉਹਨਾਂ ਦਾ ਮਨਨ ਔਰ ਨਿਧਿਆਸਨ ਕਰਕੇ ਸਾਖਿਆਤ ਵੀ ਕਰ ਲਿਆ ਹੋਵੇ।[79] ਬ੍ਰਿਹਦਾਰਣਯਕ ਉਪਨਿਸ਼ਦ ਵਿੱਚ ਵੀ ਗੁਰੂ ਦੇ ਲੱਛਣਾ ਬਾਰੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਗਿਆ ਹੈ ਕਿ ਇਸ ਆਚਾਰਯ ਪਦ ਦੀ ਪ੍ਰਾਪਤੀ ਦਾ ਅਧਿਕਾਰੀ ਵੇਦਾਂ ਦਾ ਗਿਆਤਾ ਜਾਂ ਕੋਈ ਬ੍ਰਹਮਨਿਸ਼ਠ ਮਹਾਂਪੁਰਸ਼ ਹੀ ਹੋ ਸਕਦਾ ਹੈ।[80] ਗੁਰੂ ਉਹ ਹੀ ਹੁੰਦਾ ਸੀ ਜਿਸ ਵਿੱਚ ਹੰਕਾਰ ਤਥਾ ਅਵਿਦਿਆ ਦਾ ਨਿਤਾਂਤ ਅਭਾਵ ਹੋ ਚੁੱਕਿਆ ਹੋਵੇ।[81] ਇਸ ਤਰ੍ਹਾਂ ਦੇ ਗੁਰੂ ਦੀ ਸੰਗਤ ਵਿੱਚ ਧਰਮ, ਅਰਥ, ਕਾਮ, ਮੋਕਸ਼ ਦੀ ਪ੍ਰਾਪਤੀ ਹੁੰਦੀ ਸੀ ਅਤੇ ਮੌਤ ਤੋਂ ਬਾਅਦ ਉਹ ਜੀਵ ਪਰਲੋਕ ਵਿੱਚ ਪਰਮ-ਗਤੀ ਦਾ ਅਧਿਕਾਰੀ ਹੁੰਦਾ ਸੀ। ਜਿਵੇਂ ਵੇਦ ਅਨਾਦੀ ਹਨ ਇਸੇ ਤਰ੍ਹਾਂ ਗੁਰੂ ਦੀ ਸੰਗਤ ਨੂੰ ਵੀ ਅਨਾਦੀ ਮੰਨਿਆ ਗਿਆ ਹੈ।[82] ਗੁਰੂ ਦੀ ਸੰਗਤ ਹੀ ਬ੍ਰਹਮ ਵਿੱਦਿਆ ਦੀ ਉਤਪਤੀ ਦਾ ਕਾਰਨ ਹੈ।[83] ਕੀਰਤਨ ਅਤੇ ਸਿਮਰਨ ਵੀ ਸੰਗਤ ਦਾ ਮੁੱਖ ਅੰਸ਼ ਮੰਨੇ ਗਏ ਹਨ।[84] ਉਪਨਿਸ਼ਦਾਂ ਵਿੱਚ ਸੰਗਤ ਲਈ 'ਬ੍ਰਹਮਸੰਸਦ' ਸ਼ਬਦ ਦੀ ਵਰਤੋਂ ਕੀਤੀ ਗਈ ਹੈ।[85]

ਉਪਨਿਸ਼ਦਾਂ ਵਿੱਚ ਸੰਗਤ ਦਾ ਜੋ ਰੂਪ ਉਘੜ ਕੇ ਸਾਹਮਣੇ ਆਉਂਦਾ ਹੈ ਉਹ ਕਿਸੇ ਰਿਸ਼ੀ ਆਸ਼ਰਮ ਵਿੱਚ ਗੁਰੂ ਤੇ ਸ਼ਿਸ਼ਾਂ ਦੀ ਸੰਗਤ ਹੈ। ਇਹ ਸੰਗਤ ਆਮ ਮਨੁੱਖਾਂ ਲਈ ਨਹੀਂ ਸੀ। ਸ਼੍ਰੀ ਐਸ.ਐਨ. ਦਾਸਗੁਪਤਾ ਸ਼੍ਰੀ ਡਿਊਸਨ ਦੇ ਮਤ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਲਿਖਦੇ ਹਨ ਕਿ ਉਪਨਿਸ਼ਦਾਂ ਦਾ ਅਰਥ 'ਗੁਹਜ' ਗਿਆਨ ਸੀ ਅਤੇ ਗਿਆਨ ਦੇਣ ਵੇਲੇ ਇਸ ਨੂੰ ਗੁਪਤ ਰੱਖਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ।[86] ਗੁਰੂ ਦੀਖਿਆ ਕੇਵਲ ਅਧਿਕਾਰੀ ਪੁਰਸ਼ਾਂ ਨੂੰ ਹੀ ਦੇਣ ਦਾ ਰਿਵਾਜ ਸੀ। ਜਿਹੜਾ ਸ਼ਿਸ਼ ਗੁਰੂ-ਚਰਨਾਂ ਵਿੱਚ ਆਤਮ ਸਮਰਪਨ ਕਰਕੇ ਚਿਰੰਕਾਲ ਤੱਕ ਉਸਦੇ ਪਰਿਵਾਰ ਦੀ ਸੇਵਾ ਵਿੱਚ ਜੁਟਿਆ ਰਹਿੰਦਾ ਸੀ ਅਤੇ ਉਸ ਦੇ ਹਿਰਦੇ ਵਿੱਚ ਗੁਰੂ ਅਤੇ ਪਰਮਾਤਮਾ ਪ੍ਰਤੀ ਸਮਾਨ ਰੂਪ ਨਾਲ ਸ਼ਰਧਾ ਅਤੇ ਭਗਤੀ ਪੈਦਾ ਹੋ ਜਾਂਦੀ ਸੀ, ਉਹੀ ਗੁਰੂ ਦੀ ਦੀਖਿਆ ਪ੍ਰਾਪਤ ਕਰਨ ਦਾ ਅਧਿਕਾਰੀ ਹੋ ਸਕਦਾ ਸੀ। ਉਪਨਿਸ਼ਦਾਂ ਅਨੁਸਾਰ ਗੁਰੂ ਪਰਮਾਤਮਾ ਦਾ ਅਵਤਾਰ ਹੈ ਅਤੇ ਬ੍ਰਹਮ ਸਾਖਿਆਕਾਰ ਤੋਂ ਪਹਿਲਾਂ ਤੱਕ ਉਹੀ ਸ਼ਿਸ਼ ਦੀ ਪੂਜਾ ਲਈ ਈਸ਼ਵਰ ਦੀ ਸਾਕਾਰ ਮੂਰਤ ਹੁੰਦਾ ਸੀ।[87] ਇਸ ਤਰ੍ਹਾਂ ਸੰਗਤ ਦੇ ਮੁੱਖ ਅੰਸ਼, ਗੁਰੂ, ਸ਼ਿਸ਼, ਕੀਰਤਨ ਅਤੇ ਸਿਮਰਨ ਹਨ। ਸੰਗਤ ਦਾ ਕਾਰਜ ਖੇਤਰ ਵੀ ਅਧਿਆਤਮਕ ਜੀਵਨ ਤੱਕ ਹੀ ਸੀਮਤ ਸੀ। ਜ਼ਿੰਦਗੀ ਦੇ ਦੂਸਰੇ ਪੱਖਾਂ ਤੇ ਵਿਚਾਰ ਨਹੀਂ ਕੀਤਾ ਜਾਂਦਾ ਸੀ। ਰਿਸ਼ੀ ਆਸ਼ਰਮ ਵਿੱਚ ਪ੍ਰਵੇਸ਼ ਲੈਣ

ਲਈ ਘਰ-ਬਾਰ ਤਿਆਗਣਾ ਤੇ ਗ੍ਰਹਿਸਤੀ ਜੀਵਨ ਤੋਂ ਦੂਰ ਰਹਿਣਾ ਪੈਂਦਾ ਸੀ।[88]

ਉਪਨਿਸ਼ਦਾਂ ਅਨੁਸਾਰ ਸੰਗਤ ਦਾ ਮੁੱਖ ਮੰਤਵ ਤੱਤ-ਗਿਆਨ ਦੀ ਸੋਝੀ ਹੈ।[89] ਧੀਰਜਵਾਨ ਤੇ ਤੱਤ ਨੂੰ ਸਮਝਣ ਵਾਲੇ ਮਹਾਂਪੁਰਸਾਂ ਦੀ ਸੰਗਤ ਨਾਲ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।[90] ਵਿਸ਼ੇ-ਵਿਕਾਰਾਂ ਤੋਂ ਮੁਕਤੀ, ਅਧਿਆਤਮਕ ਗਿਆਨ ਦੀ ਪ੍ਰਾਪਤੀ ਅਤੇ ਸਤ ਦੀ ਪਹਿਚਾਣ ਲਈ ਗੁਰੂ ਦੀ ਸੰਗਤ ਦੀ ਪਰਮ ਅਵਸ਼ਕਤਾ ਹੈ।[91] ਗੁਰੂ ਦੀ ਸੰਗਤ ਮਨੁੱਖੀ-ਮਨ ਦੇ ਹਰ ਸੰਕਲਪ ਨੂੰ ਤੱਤ ਛਿਨ ਪੂਰਿਆਂ ਕਰਨ ਵਿੱਚ ਭਲੀ ਭਾਂਤ ਸਮਰਥ ਹੁੰਦੀ ਹੈ।[92] ਉਪਨਿਸ਼ਦਾਂ ਵਿਚ ਮੋਕਸ਼ ਦੀਆਂ ਦੋ ਅਵਸਥਾਵਾਂ ਮੰਨੀਆਂ ਗਈਆਂ ਹਨ:

1. ਆਵਾਗਵਨ ਤੋਂ ਛੁਟਕਾਰਾ 2. ਆਤਮ-ਬ੍ਰਹਮ ਦੀ ਅਭੇਦਤਾ।

ਉਪਨਿਸ਼ਦਾਂ ਅਨੁਸਾਰ ਜੀਵਨ ਦੇ ਦੁਖਾਂ ਦਾ ਕਾਰਨ ਉਸ ਦੀਆਂ ਅਸੀਮਤ ਇੱਛਾਵਾਂ ਹਨ। ਇਹ ਇੱਛਾਵਾਂ ਕਰਮਵਾਦ ਦੀ ਅਗਵਾਈ ਕਰਦੀਆਂ ਹਨ। ਕਰਮ ਸਿਧਾਂਤ ਜੀਵ ਦੇ ਜਨਮ ਮਰਨ ਦਾ ਕਾਰਨ ਹੈ ਜਿਸ ਕਰਕੇ ਜੀਵ ਬੰਧਨ ਵਿੱਚ ਫਸਿਆ ਦੁੱਖ ਤੇ ਸੁੱਖ ਭੋਗਦਾ ਹੈ। ਕਰਮਕਾਂਡ, ਦਾਨ ਪੁੰਨ, ਯਗ, ਕਰੱਤਵ ਤੇ ਉਪਾਸਨਾ ਆਦਿ ਨਾਲ ਜੀਵ ਇਸ ਬੰਧਨ ਵਿੱਚੋਂ ਛੁਟਕਾਰਾ ਨਹੀਂ ਪਾ ਸਕਦਾ। ਭਾਵੇਂ ਵੇਦਾਂ ਵਿੱਚ ਇਹਨਾਂ ਕਰਮਾਂ ਨੂੰ ਮੁਕਤੀ ਲਈ ਯੋਗ ਸਵੀਕ੍ਰਿਤ ਕੀਤਾ ਗਿਆ ਹੈ ਪਰ ਉਪਨਿਸ਼ਦਾਂ ਵਿੱਚ ਆਤਮ-ਗਿਆਨ ਉੱਤੇ ਬਲ ਦਿੱਤਾ ਗਿਆ ਹੈ। ਸੰਸਾਰਕ ਬੰਧਨਾਂ ਵਿੱਚੋਂ ਜੀਵ-ਆਤਮਾ ਦੇ ਛੁਟਕਾਰੇ ਲਈ ਬ੍ਰਹਮ ਗਿਆਨ ਨੂੰ ਅਤਿਅੰਤ ਅਵਸ਼ਕ ਮੰਨਿਆ ਗਿਆ ਹੈ। ਗਿਆਨ ਹੀ ਅਗਿਆਨਤਾ ਵਿੱਚੋਂ ਜੀਵ ਨੂੰ ਸਹੀ ਮਾਰਗ ਪ੍ਰਦਰਸ਼ਨ ਕਰਦਾ ਹੈ ਤੇ ਉਹ ਬੰਧਨ ਮੁਕਤ ਅਥਵਾ ਮੋਕਸ਼ ਨੂੰ ਪ੍ਰਾਪਤ ਹੁੰਦਾ ਹੈ। ਇਸ ਸਥਿਤੀ ਵਿੱਚ ਜੀਵ ਆਪਣੇ ਵਾਸਤਵਿਕ ਸਰੂਪ ਨੂੰ ਪਛਾਣ ਲੈਂਦਾ ਹੈ।[93] ਉਪਨਿਸ਼ਦਾਂ ਅਨੁਸਾਰ ਇਸ ਤੋਂ ਅਗਲੀ ਸਥਿਤੀ ਆਤਮਾ ਦੀ ਬ੍ਰਹਮ ਵਿੱਚ ਅਭੇਦਤਾ ਹੈ। ਇਸ ਅਵਸਥਾ ਵਿੱਚ ਜੀਵ-ਆਤਮਾ ਸਤ-ਚਿਤ ਅਨੰਦ ਸਰੂਪ ਸ਼ੁਧ ਬ੍ਰਹਮ ਦਾ ਅਨੁਭਵ ਕਰਨ ਲਗਦੀ ਹੈ।[94] ਸਦਾ ਬ੍ਰਹਮਾਨੰਦ ਵਿੱਚ ਲੀਨ ਉਹ ਬ੍ਰਹਮ ਰੂਪ ਹੋ ਜਾਂਦੀ ਹੈ। ਆਤਮਾ ਤੇ ਬ੍ਰਹਮ ਦਾ ਕੋਈ ਭੇਦ ਨਹੀਂ ਰਹਿੰਦਾ।[95] ਇਹ ਮੋਕਸ਼ ਜੀਵਨ ਦੀਆਂ ਉਚਤਮ ਕੀਮਤਾਂ ਨੂੰ ਪ੍ਰਤਿਪਾਦਨ ਕਰਦਾ ਹੈ। ਉਪਨਿਸ਼ਦਾਂ ਅਨੁਸਾਰ ਤੱਤਵ ਗਿਆਨ ਹੀ ਮੋਕਸ਼ ਪ੍ਰਾਪਤੀ ਦੀ ਅੰਤਮ ਪਉੜੀ ਤੇ ਪਹੁੰਚਾ ਸਕਦਾ ਹੈ। ਇਹ ਹੀ ਇੱਕੋ ਇੱਕ ਸਾਧਨ ਹੈ। ਤੱਤਵ ਗਿਆਨ ਸੰਗਤ ਵਿੱਚੋਂ ਪ੍ਰਾਪਤ ਹੁੰਦਾ ਹੈ।[96] ਇਸ ਦੀ ਪ੍ਰਾਪਤੀ ਜੀਵਤ ਅਵਸਥਾ ਵਿੱਚ ਹੋਣ ਨਾਲ ਉਸ ਦੀਆਂ ਵਾਸ਼ਨਾਵਾਂ ਦਾ ਅੰਤ ਹੋ ਜਾਂਦਾ ਹੈ। ਕਿਰੇਮਾਨ ਕਰਮ ਨਾਸ਼ ਹੋ ਜਾਂਦੇ ਹਨ ਤੇ ਸੰਚਤ ਕਰਮ ਮੁਕਤੀਹੀਨ ਹੋ ਜਾਂਦੇ ਹਨ। ਇਹ ਅਵਸਥਾ ਜੀਵਨ ਮੁਕਤ ਹੁੰਦੀ ਹੈ।[97]

ਉਪਨਿਸ਼ਦਾਂ ਅਨੁਸਾਰ ਗੁਰੂ ਤੋਂ ਦੀਖਿਆ ਲੈ ਕੇ ਸ਼ਿਸ਼ ਲਈ ਉਸ ਦਾ ਅਭਿਆਸ ਕਰਨਾ ਲਾਜ਼ਮੀ ਸੀ। ਕਿਉਂਕਿ ਅਭਿਆਸ ਬਿਨ੍ਹਾਂ ਬ੍ਰਹਮ ਪਰਤੱਖ ਨਹੀਂ ਹੋ ਸਕਦਾ। ਨਿਰਾ ਉਪਦੇਸ਼ ਕਾਫੀ ਨਹੀਂ।[98] ਜੋ ਸ਼ਿਸ਼ ਗੁਰੂ ਦੇ ਉਪਦੇਸ਼ ਨੂੰ ਬੜੀ ਸ਼ਰਧਾ ਨਾਲ ਸੁਣ ਕੇ ਉਸ ਨੂੰ ਵਿਚਾਰਦਾ ਸੀ ਤੇ ਵਿਚਾਰ ਕਰਕੇ ਆਪਣੀ ਬੁੱਧੀ ਵਿੱਚ ਵਸਾ ਲੈਂਦਾ ਸੀ, ਪਾਰਬ੍ਰਹਮ ਪਰਮਾਤਮਾ ਨੂੰ ਪ੍ਰਾਪਤ ਹੋ ਜਾਂਦਾ ਸੀ। ਸੰਗਤ ਵਿਚ ਕੀਰਤਨ ਤੇ ਸਿਮਰਨ ਵੀ ਪਰਮਾਤਮਾ ਦੀ ਪ੍ਰਾਪਤੀ ਲਈ ਸਹਾਈ ਮੰਨੇ ਗਏ। ਇਸ ਤਰ੍ਹਾਂ ਸੰਗਤ ਵਿੱਚ ਸ਼ਿਸ਼ ਗੁਰੂ ਦੇ ਦੱਸੇ ਉਪਦੇਸ਼ ਨੂੰ ਕਮਾਉਂਦਾ ਹੋਇਆ ਜੀਵਨ ਮੁਕਤੀ ਪ੍ਰਾਪਤ ਕਰ ਲੈਂਦਾ ਸੀ।

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ:-

1. ਉਪਨਿਸ਼ਦਾਂ ਦੀ ਸੰਗਤ ਸੰਸਥਾ ਦੇ ਰੂਪ ਵਿੱਚ ਸਥਾਪਤ ਹੋਈ ਹੈ।
2. ਇਹ ਸੰਗਤ ਗੁਰੂ ਤੇ ਸ਼ਿਸ਼ਾਂ ਦੀ ਸੰਗਤ ਹੈ। ਇਸ ਨੂੰ 'ਬ੍ਰਹਮਸੰਸਦ' ਵੀ ਕਿਹਾ ਗਿਆ ਹੈ।
3. ਇਸ ਦਾ ਵਿਸ਼ਾ ਬ੍ਰਹਮ-ਤੱਤ ਹੈ। ਇਸ ਦੀ ਸੰਰਚਨਾ, ਮਨੋਰਥ ਤੇ ਪ੍ਰਕ੍ਰਿਆ ਵੇਦਾਂ ਵਿਚਲੀ ਸੰਗਤ ਤੋਂ ਬਿਲਕੁਲ ਭਿੰਨ ਹੈ। ਵੇਦਾਂ ਦੀ ਸੰਗਤ ਵਿੱਚ ਦੇਵਤਿਆਂ ਦੀ ਉਪਾਸ਼ਨਾ ਮੁੱਖ ਵਿਸ਼ਾ ਸੀ। ਜਦ ਕਿ ਉਪਨਿਸ਼ਦਾਂ ਦੀ ਸੰਗਤ ਦਾ ਕੇਂਦਰ ਬਿੰਦੂ ਪਰਮਾਤਮਾ ਹੈ। ਇਸ ਦਾ ਸੰਚਾਲਕ ਗੁਰੂ ਹੈ ਜਦੋਂ ਕਿ ਵੇਦਾਂ ਦੀ ਸੰਗਤ ਦਾ ਸੰਚਾਲਕ

ਪਰੋਹਿਤ ਜਾਂ ਪਰਿਵਾਰ ਦਾ ਮੁੱਖੀ ਹੁੰਦਾ ਸੀ।

4. ਉਪਨਿਸ਼ਦਾਂ ਦੀ ਸੰਗਤ ਦਾ ਮੁੱਖ ਉਦੇਸ਼ ਜੀਵਨ ਮੁਕਤੀ ਸੀ ਜਦੋਂ ਕਿ ਵੇਦਾਂ ਵਿਚਲੀ ਸੰਗਤ ਦਾ ਮੁੱਖ ਉਦੇਸ਼ ਸੰਸਾਰਿਕ ਸੁੱਖਾਂ ਦੀ ਪ੍ਰਾਪਤੀ ਸੀ।
5. ਉਪਨਿਸ਼ਦਾਂ ਦੀ ਸੰਗਤ ਸਿਰਫ਼ ਚੋਣਵੇਂ ਸ਼ਿਸ਼ਾਂ ਨੂੰ ਹੀ ਪ੍ਰਾਪਤ ਹੁੰਦੀ ਸੀ। ਇਸ ਚੋਣ ਦਾ ਆਧਾਰ ਜਾਤੀ ਜਾਂ ਵਰਣ ਨਹੀਂ ਬਲਕਿ ਭਗਵਾਨ ਪ੍ਰੇਮੀ ਤੇ ਸ਼ੁਧ ਆਤਮਿਕ-ਬੁੱਧੀ ਵਾਲਿਆਂ ਨੂੰ ਹੀ ਸ਼ਾਮਿਲ ਕੀਤਾ ਜਾਂਦਾ ਸੀ। ਸ਼ਿਸ਼ ਗੁਰੂ ਦੇ ਆਸ਼ਰਮ ਵਿੱਚ ਰਹਿ ਕੇ ਗੁਰੂ ਦੇ ਬਚਨਾਂ ਨੂੰ ਕਮਾਉਂਦੇ ਸਨ ਜਦੋਂ ਕਿ ਵੇਦਾਂ ਦੀ ਸੰਗਤ ਜੋ ਕਿ ਖੁੱਲ੍ਹੀ ਥਾਂ ਤੇ ਇੱਕਤਰ ਹੁੰਦੀ ਸੀ, ਵਿੱਚ ਸਭ ਨੂੰ ਸ਼ਾਮਿਲ ਕੀਤਾ ਜਾਂਦਾ ਸੀ।
6. ਗੁਰੂ ਨੂੰ ਪਰਮਾਤਮਾ ਦਾ ਰੂਪ ਵੀ ਮੰਨਿਆ ਜਾਂਦਾ ਸੀ।
7. ਪ੍ਰਭੂ ਪ੍ਰਾਪਤੀ ਲਈ ਕੀਰਤਨ ਤੇ ਸਿਮਰਨ ਨੂੰ ਸਹਾਇਕ ਸਮਝਿਆ ਜਾਂਦਾ ਸੀ।

ਉਪਨਿਸ਼ਦਾਂ ਦੀ ਸੰਗਤ ਵਿੱਚ ਗੁਰੂ ਦੁਆਰਾ ਸੰਗਤ ਦਾ ਸੰਚਾਲਨ ਕਰਨਾ ਅਤੇ ਸੰਗਤ ਦਾ ਉਦੇਸ਼ ਅਧਿਆਤਮਕ (ਜੀਵਨ ਮੁਕਤੀ) ਹੋਣਾ ਭਾਰਤੀ ਦਰਸ਼ਨ-ਸ਼ਾਸਤਰ ਵਿੱਚ ਮਹੱਤਵਪੂਰਨ ਘਟਨਾ ਸੀ। ਇਸ ਨਾਲ ਬਹੁਦੇਵਵਾਦ ਦੀ ਥਾਂ ਪਰਮਾਤਮਾ ਦੀ ਹੋਂਦ ਸਿਧਾਂਤ ਵਿਕਸਿਤ ਹੋਇਆ ਤੇ ਸੰਗਤ ਦਾ ਸੰਕਲਪ ਇੱਕ ਨਵੇਂ ਰੂਪ ਵਿਚ ਵਿਕਸਿਤ ਹੋਇਆ।

### 2.3 ਜੈਨ ਮਤ ਵਿੱਚ ਜੈਨ-ਸੰਘ (ਸੰਗਤ) ਦਾ ਸੰਕਲਪ

ਜੈਨ ਧਰਮ ਦੇ ਆਦਿ ਸੰਚਾਲਕ 'ਮਹਾਂਵੀਰ' ਮੰਨੇ ਜਾਂਦੇ ਹਨ ਪਰ ਆਧੁਨਿਕ ਖੋਜ ਦੇ ਪ੍ਰਕਾਸ਼ ਵਿੱਚ ਇਸ ਧਰਮ ਦੇ ਪ੍ਰਮੁੱਖ ਪ੍ਰਵਰਤਕ ਇੱਕ ਪੌਰਾਣਿਕ ਮਹਾਂਪੁਰਸ਼ 'ਰਿਸ਼ਭਦੇਵ' ਦਸੇ ਜਾਂਦੇ ਹਨ ਜਿਨ੍ਹਾਂ ਤੋਂ ਬਾਦ 23 ਤੀਰਥੰਕਰ ਹੋਏ। ਇਨ੍ਹਾਂ ਵਿੱਚੋਂ ਅੰਤਮ ਤੀਰਥੰਕਰ 'ਮਹਾਂਵੀਰ' ਸਨ। ਜੈਨੀ ਵਿਚਾਰ ਪ੍ਰਣਾਲੀ ਅਨੀਸ਼ਵਰਵਾਦੀ ਹੈ। ਇਹ ਕਿਸੇ ਸਿਰਜਣਹਾਰ ਪਰਮਾਤਮਾ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦੀ। ਇਹਨਾ ਅਨੁਸਾਰ ਮੋਕਸ਼ ਪਰਮਾਤਮਾ ਵਿੱਚ ਜਜ਼ਬ ਹੋਣਾ ਨਹੀਂ, ਸਗੋਂ ਸੰਪੂਰਨ, ਰੋਸ਼ਨ ਅਤੇ ਪਵਿੱਤਰ ਆਤਮਾ ਦੀ ਪਦਵੀ ਪਾ ਲੈਣਾ ਹੈ ਜਿਹੜੀ ਸਰੀਰ ਅਤੇ ਕਰਮਾਂ ਦੇ ਚੱਕਰਾਂ ਤੋਂ ਮੁਕਤ ਹੈ।

ਜੈਨ ਸਾਹਿਤ ਵਿੱਚ 'ਕੈਵਲਿਆ' ਪ੍ਰਾਪਤੀ ਜਾਂ 'ਨਿਸ਼ਕਰਮਤਾ' ਸਿੱਧੀ ਲਈ ਸਤਸੰਗ ਨੂੰ ਪਰਮ ਅਵੱਸ਼ਕ ਮੰਨਿਆ ਗਿਆ ਹੈ। ਇਸ ਅਨੁਸਾਰ ਸਤਿਸੰਗ ਰਾਹੀਂ ਪ੍ਰਾਪਤ ਕੀਤਾ ਗਿਆਨ ਸਾਰੇ ਗਿਆਨਾਂ ਤੋਂ ਸ੍ਰੇਸ਼ਟ ਮੰਨਿਆ ਗਿਆ ਹੈ।[99] ਸਦਾ ਹੀ ਸਾਧੂ ਜਨਾਂ ਨਾਲ ਹੀ ਸੰਸਤਵ ਸੰਪਰਕ ਕਰਨਾ ਕਿਹਾ ਗਿਆ ਹੈ।[100] ਇੱਕਲੇ ਰਹਿਣ ਵਾਲੇ ਸਾਧਕ ਦੇ ਮਨ ਵਿੱਚ ਹਰ ਪਲ ਅਨੇਕਾਂ ਪ੍ਰਕਾਰ ਦੇ ਵਿਕਲਪ ਉਤਪੰਨ ਹੁੰਦੇ ਤੇ ਵਿਲੀਨ ਹੁੰਦੇ ਰਹਿੰਦੇ ਹਨ। ਇਸ ਕਰਕੇ ਸਜਣ ਪੁਰਖਾਂ ਦੀ ਸੰਗਤ ਵਿੱਚ ਰਹਿਣਾ ਸਰੇਸ਼ਟ ਹੈ।[101]

ਇਸ ਮਹੱਤਤਾ ਨੂੰ ਮੁੱਖ ਰੱਖ ਕੇ ਮਹਾਂਵੀਰ ਨੇ ਜੈਨ ਸਮਾਜ ਨੂੰ ਇਕ ਸੰਸਥਾਗਤ ਸੰਗਤ ਦਾ ਰੂਪ ਦਿੱਤਾ ਜਿਸ ਨੂੰ 'ਜੈਨ-ਸੰਘ' ਕਿਹਾ ਜਾਂਦਾ ਹੈ। ਜੈਨ-ਸੰਘ ਜਾਂ ਭਾਈਚਾਰਾ ਚੌਹਪੱਖੀ ਹੈ ਜਿਸ ਵਿੱਚ ਭਿਖਸ਼ੂ, ਭਿਖਸ਼ਣੀਆਂ, ਸਾਧਣੀਆਂ, ਧਰਮਬੰਧੂ ਅਤੇ ਧਰਮਭੈਣਾਂ ਸ਼ਾਮਿਲ ਹਨ।[102] ਮਹਾਵੀਰ ਸਮੇਂ ਇਸ ਸੰਘ ਵਿੱਚ 14000 ਭਿਖਸ਼ੂ, 36000 ਸਾਧਣੀਆਂ 159000 ਉਪਾਸ਼ਕ (ਸ਼੍ਰਾਵਕ) ਤੇ 318000 ਉਪਾਸ਼ਿਕਾਵਾਂ (ਸ਼੍ਰਾਵਿਕਾਵਾਂ) ਸਨ। ਸਾਧਣੀਆਂ ਦੇ ਸੰਘ ਦਾ ਸੰਚਾਲਨ ਵੀ ਇੱਕ ਸਾਧਣੀ ਨੂੰ ਦਿੱਤਾ ਗਿਆ ਸੀ।[103] ਸਰਬ ਸਾਧਾਰਨ ਨੂੰ ਸੰਘ ਦੇ ਅਖੰਡ ਭਾਗ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਂਦਾ ਸੀ। ਸੰਘ ਵਿੱਚ ਸਾਧੂ ਜਾਂ ਭਿਕਸ਼ੂਆਂ ਵਾਲਾ ਜੀਵਨ ਬਤੀਤ ਕਰਨ ਵਾਲਿਆਂ ਅਤੇ ਪਰਿਵਾਰ ਵਿੱਚ ਰਹਿਣ ਵਾਲਿਆਂ ਦੀਆਂ ਰਸਮਾਂ ਰੀਤਾਂ ਵਿੱਚ ਇਕ ਸਪਸ਼ਟ ਅੰਤਰ ਅਤੇ ਭੇਦ ਹੈ। ਭਿਕਸ਼ੂਆਂ ਵਾਲੇ ਜੀਵਨ ਨੂੰ 'ਯਤੀ ਧਰਮ' ਕਹਿੰਦੇ ਹਨ ਅਤੇ ਦੂਜੇ ਨੂੰ 'ਸ਼੍ਰਾਵਕ ਧਰਮ' ਆਖਦੇ ਹਨ। 'ਯਤੀ' ਦੇ ਅਰਥ ਉਹੀ ਹਨ ਜਿਹੜੇ ਮੁਨੀ ਅਤੇ ਸ੍ਰਮਣ ਦੇ ਹਨ ਜਦ ਕਿ 'ਸ਼੍ਰਾਵਕ' ਸ਼ਬਦ ਦਾ ਭਾਵ ਸ਼ਿਸ਼ ਜਾਂ ਸਾਧਾਰਣ ਪੁਜਾਰੀ ਹੈ। ਇਸ ਦਾ ਅੱਖਰੀ

ਭਾਵ ਹੈ: 'ਜਿਹੜਾ ਭਾਗ ਵੰਡਾਉਂਦਾ ਹੈ' ਜਾਂ 'ਜਿਹੜਾ ਮੰਗਦਾ ਹੈ।' ਪਰ ਜੈਨੀ ਭਿਕਸ਼ੂ ਇੱਕ ਐਸਾ ਸਾਧ ਹੈ ਜਿਸ ਦਾ ਕੋਈ ਘਰ ਘਾਟ ਨਹੀਂ ਹੈ।ਸੰਘ ਦਾ ਮੈਂਬਰ ਬਣਨ ਲਈ ਜਾਤੀ ਦੇ ਆਧਾਰ ਤੇ ਕੋਈ ਰੋਕ ਨਹੀਂ ਹੈ।ਭਿਖਸ਼ੂ-ਭਿਖਸ਼ਣੀਆਂ ਲਈਗ੍ਰਿਹਸਤਆਸ਼ਰਮਵਿਵਰਜਿਤਕੀਤਾਗਿਆਹੈ।[104] ਭ੍ਰਮਣਕਰਦੇਸਮੇਂਜੈਨੀਭਿਖਸ਼ੂ,ਭਿਖੂਸ਼ਣੀਆਂਜੈਨੀਵਿਹਾਰਾਂ ਵਿੱਚ ਰੁਕਦੇ ਤੇ ਉਪਾਸ਼ਕ ਤੇ ਉਪਾਸ਼ਕਾਵਾਂ ਨੂੰ ਉਪਦੇਸ਼ ਕਰਦੇ। ਇਹਨਾਂ ਵਿਹਾਰਾਂ ਵਿੱਚ ਕੋਈ ਮੂਰਤੀ ਆਦਿ ਨਹੀਂ ਹੁੰਦੀ ਸਿਰਫ ਵੱਡੇ ਹਾਲ ਵਿੱਚ ਬੈਠ ਭਿਖਸ਼ੂ ਉਪਦੇਸ਼ ਕਰਦਾ ਹੈ।[105]

ਜੈਨੀ ਮੰਦਰਾਂ ਵਿੱਚ ਤੀਰਥੰਕਰਾਂ ਦੀਆਂ ਮੂਰਤੀਆਂ ਸਾਹਮਣੇ ਜੁੜ ਕੇ ਜੈਨੀ ਸਾਧਨਾ ਕਰਦੇ ਹਨ।[106]

ਜੈਨ ਸੰਘ ਵਿੱਚ ਸ਼ਮੂਲੀਅਤ ਲਈ ਕੋਈ ਜਾਤ-ਪਾਤ ਜਾਂ ਰੁਤਬੇ ਤੇ ਆਧਾਰਿਤ ਭੇਦ ਭਾਵ ਨਹੀਂ ਕੀਤਾ ਗਿਆ। ਇਸ ਵਿਚ ਸ਼ਾਮਲ ਸਭ ਲੋਕਾਂ ਨੂੰ ਜੈਨੀ ਕਿਹਾ ਜਾਂਦਾ ਹੈ, ਜੋ ਕਿ ਇੱਕ ਵਿਸ਼ਾਲ ਜੈਨੀ ਭਾਈਚਾਰੇ ਨਾਲ ਜੁੜ ਜਾਦੇ ਹਨ।[107]

ਜੈਨ ਉਪਦੇਸ਼ਾਂ ਨੂੰ ਅਤਿ ਸੰਖਿਪਤ ਰੂਪ ਵਿੱਚ ਤ੍ਰਿ-ਰਤਨਾ ਦੁਆਰਾ ਪੇਸ਼ ਕੀਤਾ ਗਿਆ ਹੈ। ਤਿੰਨ ਰਤਨ ਇਹ ਹਨ:

1. ਸੱਚਾ ਧਰਮ 2. ਸੱਚਾ ਗਿਆਨ 3. ਸੱਚਾ ਆਚਾਰ। ਇਹਨਾਂ ਤਿੰਨਾਂ ਤੋਂ ਮੋਕਸ਼ ਦਾ 'ਦੁਆਰਾ' ਤਿਆਰ ਹੁੰਦਾ ਹੈ। ਸੱਚੇ ਧਰਮ (ਸਮਯਗ-ਦਰਸ਼ਨ) ਦਾ ਭਾਵ ਹੈ ਸੱਚ (ਤੱਤ੍ਵ) ਵਿੱਚ ਅਹਿਲ ਵਿਸ਼ਵਾਸ ਜਿਸ ਦੀ ਜੈਨ ਮਤ ਸਿਖਿਆ ਦੇਂਦਾ ਹੈ। ਸੱਚਾ ਗਿਆਨ ਨੌ ਸਚਾਈਆਂ ਦਾ ਸਿੱਧਾ ਜਾਂ ਅਸਿੱਧਾ ਗਿਆਨ ਹੈ। ਸੱਚਾ ਆਚਾਰ ਉਹ ਹੈ, ਜਿਹੜਾ ਜੈਨਮਤ ਦੀ ਪ੍ਰਤਿਗਿਆ ਅਤੇ ਸਿੱਖਿਆ ਅਨੁਸਾਰ ਚਲਦਾ ਹੈ। ਇਸ ਤਰ੍ਹਾਂ ਵਰਤ, ਨੇਮ ਅਤੇ ਤਪ ਦੁਆਰਾ ਮੁਕਤੀ ਪ੍ਰਾਪਤ ਕਰਨਾ ਮਨੁੱਖ ਦਾ ਲਕਸ਼ ਹੈ। ਆਪਣੇ ਅੰਦਰ ਸੰਚਤ ਕਰਮਾਂ ਨੂੰ ਨਸ਼ਟ ਕਰਨਾ ਤੇ ਹੋਰ ਕਰਮਾਂ ਨੂੰ ਸੰਚਿਤ ਹੋਣ ਤੋਂ ਰੋਕਣਾ 'ਮੋਕਸ਼' ਪ੍ਰਾਪਤੀ ਲਈ ਸਹਾਇਕ ਹੈ ਜੋ ਕਿ ਸਤਸੰਗ ਰਾਹੀਂ ਹੀ ਸੰਭਵ ਹੈ।[108]

ਜੈਨ ਵਿਚਾਰਧਾਰਾ ਅਨੁਸਾਰ ਆਤਮਾ ਸਦੀਵੀ ਅਤੇ ਨਿਰਪੇਖ ਹੈ, ਇਹ ਰੌਸ਼ਨ ਅਤੇ ਬੇਅੰਤ ਵਿਸਮਾਦੀ ਹੈ। ਜੀਵ ਸਰੀਰ ਵਿੱਚ ਆਤਮਾ ਹੈ ਅਤੇ ਇਸ ਤਰ੍ਹਾਂ ਸਰੀਰ ਦੇ ਕਰਮਾਂ ਦੇ ਚੰਗੇ-ਮੰਦੇ ਫਲ ਭੁਗਤਦਾ ਹੈ। ਇਹ ਜੀਵ ਆਵਾਗਵਨ ਦੇ ਚੱਕਰ ਵਿੱਚ ਪੈਂਦਾ ਹੈ, ਅਰਥਾਤ, ਇਹ ਆਪਣੇ ਕਰਮਾਂ ਅਨੁਸਾਰ ਮੁੜ ਜਨਮ ਲੈਂਦਾ ਹੈ। ਜੀਵ ਅਜੀਵ ਤੋਂ ਸੁਤੰਤਰ ਹੋ ਕੇ ਜਨਮ ਮਰਨ ਦੇ ਚੱਕਰ ਤੋਂ ਮੋਕਸ਼ ਪ੍ਰਾਪਤ ਕਰ ਸਕਦਾ ਹੈ। ਆਪਣੇ ਸੰਚਿਤ ਕਰਮਾਂ ਨੂੰ ਨਸ਼ਟ ਕਰਨਾ ਅਤੇ ਹੋਰਨਾਂ ਕਰਮਾਂ ਨੂੰ ਆਪਣੇ ਅੰਦਰ ਸੰਚਿਤ ਹੋਣ ਤੋਂ ਰੋਕਣ ਨਾਲ ਮੋਕਸ਼ ਪ੍ਰਾਪਤ ਹੋ ਸਕਦਾ ਹੈ। ਇਹ ਸਤਿਸੰਗ ਰਾਹੀਂ ਹੀ ਸੰਭਵ ਹੈ। ਸੰਘ ਵਿਚ ਸਮੂਹਕ ਰੂਪ ਵਿੱਚ ਵਰਤ, ਨੇਮ ਤੇ ਤਪ ਕਰਨੇ, ਸੰਤਾਂ ਤੇ ਗੁਣਵਾਨ ਪੁਰਸ਼ਾਂ ਦੀ ਸੇਵਾਂ, ਧਰਮ ਗ੍ਰੰਥਾਂ ਪ੍ਰਤੀ ਸ਼ਰਧਾ ਭਗਤੀ, ਮੁਕਤੀ ਪ੍ਰਾਪਤੀ ਦਾ ਪ੍ਰਚਾਰ ਅਤੇ ਆਪਣੇ ਧਰਮ ਭਰਾਵਾਂ ਨਾਲ ਪਿਆਰ ਆਦਿ ਗੁਣ ਮਨੁੱਖੀ-ਸ਼ਖਸ਼ੀਅਤ ਵਿੱਚ ਅਤਿ ਆਵਸ਼ਕ ਹਨ।[109]

ਜੈਨ ਧਰਮ ਵਿੱਚ ਤੀਰਥੰਕਰਾਂ ਦੀ ਪੂਜਾ ਦਾ ਵਿਧਾਨ ਵੀ ਉਪਲਬਧ ਹੁੰਦਾ ਹੈ। ਇਸ ਵਿੱਚ ਉਹਨਾਂ ਦੀ ਸਰੀਰਕ ਸੁੰਦਰਤਾ ਦਾ ਧਿਆਨ ਕਰਦੇ ਹੋਏ ਉਨ੍ਹਾਂ ਦੇ ਗਿਆਨ ਉੱਤੇ ਵੀ ਮਨਨ ਕੀਤਾ ਜਾਂਦਾ ਹੈ। ਉਨ੍ਹਾਂ ਦੀਆਂ ਮੂਰਤੀਆਂ ਨੂੰ ਵੇਖ ਕੇ ਉਨ੍ਹਾਂ ਦੀਆਂ ਉਚ ਕਰਨੀਆਂ ਅਤੇ ਅਨੁਪਮ ਕਾਰਨਾਮਿਆਂ ਨੂੰ ਯਾਦ ਕਰਦੇ ਹਨ। ਜੈਨ ਧਰਮ ਵਿੱਚ ਸ਼ਿਸ਼ ਆਪਣੇ ਗੁਰੂ ਅਤੇ ਤੀਰਥੰਕਰ ਦੀ ਆਗਿਆ ਦਾ ਪਾਲਣ ਕਰਨ ਲਈ ਹਰ ਸਮੇਂ ਸਾਵਧਾਨ ਰਹਿੰਦਾ ਹੈ। ਨਿਮਰਤਾ ਉਸ ਦਾ ਸਭ ਤੋਂ ਵੱਡਾ ਗੁਣ ਹੈ। ਹਰ ਰੋਜ਼ ਗੁਰੂ ਦੇ ਦਰਸ਼ਨ, ਬੰਧਨ, ਸੇਵਾ ਭਗਤੀ ਆਦਿ ਸ਼ਿਸ਼ ਲਈ ਆਵਸ਼ਕ ਹਨ। ਇਸ ਤਰ੍ਹਾਂ ਇਹ ਸਾਰੀਆਂ ਕ੍ਰਿਆਵਾਂ ਨੂੰ ਸਚਾਰੂ ਤੇ ਸਫ਼ਲਤਾਪੂਰਵਕ ਸੰਪੂਰਨ ਕਰਨ ਵਿੱਚ ਜੈਨ-ਸੰਘ ਦਾ ਮਹੱਤਵਪੂਰਣ ਯੋਗਦਾਨ ਹੈ ਜਿਸ ਦੇ ਅੰਦਰ ਵਿਚਰਦਾ ਹੋਇਆ ਮਨੁੱਖ ਮੋਕਸ਼ ਦੀ ਪਦਵੀ ਨੂੰ ਪ੍ਰਾਪਤ ਹੁੰਦਾ ਹੈ।

ਉਪਰੋਕਤ ਸੰਖੇਪ ਚਰਚਾ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ:

1. ਜੈਨ ਧਰਮ ਅਨੁਸਾਰ ਮਨੁੱਖ ਲਈ ਸਾਧਾਰਣ ਸਥਿਤੀ ਤੋਂ ਉਠ ਕੇ ਪਰਮ ਜੀਵ ਦੀ ਪਦਵੀ ਨੂੰ ਪਹੁੰਚਣ ਲਈ ਤੀਰਥੰਕਰ ਦੀ ਅਗਵਾਈ (ਉਸ ਦੇ ਉਪਦੇਸ਼ਾਂ ਨੂੰ ਕਮਾਉਣਾ) ਦੀ ਪਰਮ ਆਵੱਸ਼ਕਤਾ ਹੈ।
2. ਇਹ ਅਗਵਾਈ ਸਮੂਹਕ ਰੂਪ ਵਿੱਚ 'ਸੰਘ' ਵਿੱਚ ਪ੍ਰਾਪਤ ਹੁੰਦੀ ਹੈ।
3. ਜੈਨ-ਸੰਘ ਸੰਗਤ ਦਾ ਇਕ ਅਜਿਹਾ ਸੰਸਥਾਗਤ ਰੂਪ ਹੈ ਜਿਹੜਾ ਵੇਦਾਂ ਉਪਨਿਸ਼ਦਾਂ ਦੇ ਸਮੇਂ ਦੀ ਸੰਗਤ ਤੋਂ ਬਿਲਕੁਲ ਭਿੰਨ ਹੈ। ਵੇਦ ਸੰਗਤ ਦਾ ਮੁੱਖ ਉਦੇਸ਼ ਦੇਵਤਿਆਂ ਦੀ ਅਰਾਧਨਾ, ਉਪਨਿਸ਼ਦਾਂ ਦੀ ਸੰਗਤ ਦਾ ਵਿਸ਼ਾ ਬ੍ਰਹਮ ਹੈ ਪਰ ਜੈਨ ਸੰਘ ਵਿਚ ਇਹਨਾਂ ਦੋਨਾਂ ਅੰਸ਼ਾਂ ਦੀ ਅਣਹੋਂਦ ਹੈ। ਇਸ ਸੰਘ ਦਾ ਮੁੱਖ ਮੰਤਵ 'ਕੈਵਲਿਆ' ਪ੍ਰਾਪਤੀ ਹੈ।
4. ਇਸ ਸੰਘ ਵਿੱਚ ਜਾਤੀ ਦੇ ਆਧਾਰ ਤੇ ਕਿਸੇ ਨੂੰ ਸ਼ਾਮਲ ਹੋਣ ਤੋਂ ਰੋਕ ਨਹੀਂ ਹੈ। ਸਭ ਜੈਨੀ ਬੰਧੂ ਇਸ ਦੇ ਮੈਂਬਰ ਹਨ। ਇਸਤਰੀਆਂ ਦੀ ਸ਼ਮੂਲੀਅਤ ਸੰਘ ਵਿੱਚ ਸਾਧਣੀਆਂ ਦੇ ਰੂਪ ਵਿੱਚ ਵੱਡੀ ਪੱਧਰ ਤੇ ਕੀਤੀ ਗਈ ਹੈ। ਭਾਵੇਂ ਕਿ ਜੈਨੀਆਂ ਦਾ ਇੱਕ ਫਿਰਕਾ (ਦਿਗੰਬਰ) ਇਹ ਮੰਨਦਾ ਹੈ ਕਿ ਕੋਈ ਇਸਤ੍ਰੀ ਮੁੜ ਪੁਰਸ਼ ਰੂਪ ਵਿੱਚ ਜੰਮਣ ਤੋਂ ਬਿਨਾਂ ਮੋਕਸ਼ ਨਹੀਂ ਪ੍ਰਾਪਤ ਕਰ ਸਕਦੀ।

ਇਸ ਤਰ੍ਹਾਂ ਜੈਨਮਤ ਸਮੇਂ ਭਾਵੇਂ ਕਿ ਸੰਗਤ ਦਾ ਸਰੂਪ ਪੂਰਨ ਰੂਪ ਵਿੱਚ ਸੰਸਥਾਗਤ ਹੋ ਗਿਆ ਪਰ ਉਸ ਦੀ ਸੰਰਚਨਾ, ਉਦੇਸ਼ ਤੇ ਵਿਹਾਰ ਪੂਰਵ ਸਮੇਂ ਦੀ ਸੰਗਤ ਤੋਂ ਭਿੰਨ ਹੈ।

### 1.2.4. ਬੁੱਧ ਮਤ ਵਿੱਚ ਬੁੱਧ-ਸੰਘ (ਸੰਗਤ) ਦਾ ਸੰਕਲਪ

ਵੈਦਿਕ ਕਰਮ ਕਾਂਡ ਦੀ ਜਟਿਲਤਾ, ਬ੍ਰਹਮਣਵਾਦ ਦੀ ਸ਼ੰਕੀਰਣਤਾ, ਯਗਾਂ ਵਿੱਚ ਨਿਰਦੋਸ਼ ਜਾਨਵਰਾਂ ਦੀ ਬਲੀ, ਪੁਰੋਹਿਤ ਵਰਗ ਦੁਆਰਾ ਧਰਮ ਨੂੰ ਪੇਟ ਪੂਜਾ ਦਾ ਸਾਧਨ ਬਣਾਉਣ ਦੀ ਪ੍ਰਵਿਰਤੀ ਅਤੇ ਉਹਨਾਂ ਦੀ ਪ੍ਰਭੁਤਾ ਦੇ ਪ੍ਰਤੀਕਰਮ ਵਜੋਂ ਬੁਧ ਅਤੇ ਜੈਨ ਧਰਮ ਦੀ ਸਥਾਪਨਾ ਹੋਈ। ਇਹਨਾਂ ਧਰਮਾਂ ਦਾ ਮੁੱਖ ਸਿਧਾਂਤ ਅਹਿੰਸਾ ਸੀ। ਵਰਣਭੇਦ, ਸੰਪਰਦਾਇਕਤਾ ਅਤੇ ਬ੍ਰਾਹਮਣ ਵਰਗ ਦੇ ਵਿਰੁਧ ਇਹ ਇਕ ਪ੍ਰਬਲ ਆਵਾਜ਼ ਸੀ। ਮਹਾਤਮਾ ਬੁੱਧ ਨੇ ਗਿਆਨ ਦੀ ਥਾਂ ਕਰਮ ਨੂੰ ਵਧੇਰੇ ਤਰਜੀਹ ਦਿੱਤੀ, ਪਰ ਗਿਆਨ ਦੇ ਅਦਭੁੱਤ ਪ੍ਰੇਮੀ ਹੋਣ ਕਾਰਨ ਉਨ੍ਹਾਂ ਨੇ ਸੁਆਧੀਨ ਚਿੰਤਨ ਕੀਤਾ ਅਤੇ ਵਿਵੇਕ ਬੁਧੀ ਦੇ ਆਧਾਰ ਤੇ ਆਪਣਾ ਮਾਰਗ ਪ੍ਰਸਤੁਤ ਕੀਤਾ।

ਬੁੱਧ ਧਰਮ ਪਰਮਾਤਮਾ ਦੇ ਅਸਤਿਤਵ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦਾ, ਪਰ ਉਸ ਦੁਆਰਾ ਪ੍ਰਤਪਾਦਿਤ ਨਿਰਵਾਣਪਦ ਉਹ ਅਵਸਥਾ ਹੈ ਜਿੱਥੇ ਮਨੁੱਖ ਇਛਾਵਾਂ ਤੋਂ ਮੁਕਤ ਹੋ ਕੇ ਦੁੱਖਾਂ ਤੋਂ ਪੂਰਨ ਸੁਤੰਤਰਤਾ ਪ੍ਰਾਪਤ ਕਰਦਾ ਹੈ। ਬੁੱਧ ਨੇ ਬਾਰ ਬਾਰ ਇਸ ਗੱਲ ਤੇ ਜ਼ੋਰ ਦਿੱਤਾ ਕਿ ਮਨੁੱਖ ਨੂੰ ਨਿਰਵਾਣ ਦੀ ਪ੍ਰਾਪਤੀ ਲਈ ਸਵੈ-ਯਤਨਾਂ ਵਿੱਚ ਹੀ ਜੁੱਟਣਾ ਚਾਹੀਦਾ ਹੈ।

ਗੀਤਾ ਵਿੱਚ ਨਿਰਵਾਣ ਉਸ ਅਵਸਥਾ ਨੂੰ ਕਿਹਾ ਗਿਆ ਹੈ ਜਿੱਥੇ ਜੋਗੀ ਇੰਦ੍ਰੀਆਂ ਨੂੰ ਜਿੱਤ ਕੇ ਵਾਸ਼ਨਾ-ਮੁਕਤ ਹੋ ਜਾਂਦਾ ਹੈ।[110] ਬੁੱਧ ਨੇ ਇਸ ਸ਼ਬਦ ਨੂੰ ਆਪਣਾਇਆ ਅਤੇ ਪਰਮਪਦ ਦੇ ਰੂਪ ਵਿਚ ਇਸ ਦਾ ਪ੍ਰਯੋਗ ਕੀਤਾ। ਨਿਰਵਾਣ ਉਹ ਅਵਸਥਾ ਹੈ ਜਿਥੇ ਚਿੱਤ ਦੇ ਸੰਕਲਪ ਵਿਕਲਪ ਸਭ ਸਮਾਪਤ ਹੋ ਜਾਂਦੇ ਹਨ। ਮਾਨਸਿਕ ਇਕਾਗਰਤਾ ਪ੍ਰਾਪਤ ਹੋ ਜਾਂਦੀ ਹੈ।

ਸੰਗਤ ਦੀ ਮਹਿਮਾ ਬੁੱਧ ਧਰਮ ਵਿੱਚ ਸਵੀਕਾਰੀ ਗਈ ਹੈ। ਇਸ ਦਾ ਪ੍ਰਚਾਰ ਵੀ ਬੁੱਧ-ਸੰਘ (ਸੰਗਤ) ਰਾਹੀਂ ਹੀ ਹੋਇਆ ਹੈ। ਸੰਗਤ ਦੀ ਮਹਿਮਾਂ ਬਾਰੇ ਇਸ ਦੇ ਸਾਹਿਤ ਵਿੱਚ ਕਈ ਹਵਾਲੇ ਮਿਲਦੇ ਹਨ। ਤਤ-ਦਰਸ਼ੀ ਸਜਣਾਂ ਨਾਲ ਹੀ ਸੰਗ ਕਰਨਾ ਜਾਂ ਬੈਠਣਾ ਯੋਗ ਹੈ।[111] ਸਤਿਪੁਰਸ਼ਾਂ ਕੋਲ ਬੈਠੇ, ਸਤਿਪੁਰਸ਼ਾਂ ਨਾਲ ਹੀ ਮਿਲੇ ਜੁਲੇ, ਉਹਨਾਂ ਦੇ ਚੰਗੇ ਕਰਮਾਂ ਨੂੰ ਜਾਣਨ ਨਾਲ ਹੀ ਪ੍ਰਗਿਆ ਜਾਂ ਨਿਰਵਾਣ ਦੇਣ ਵਾਲੀ ਚੇਤਨਾ ਪ੍ਰਾਪਤ ਹੁੰਦੀ ਹੈ, ਐਵੇਂ ਨਹੀਂ।[112] ਸਤਪੁਰਸ਼ਾਂ ਦਾ ਦਰਸ਼ਨ ਕਲਿਆਣਕਾਰੀ ਹੈ। ਇਸ ਨਾਲ ਸ਼ੰਸ਼ੇ ਨਸ਼ਟ ਹੋ ਜਾਂਦੇ ਹਨ ਤੇ ਬੁੱਧੀ ਵਧਦੀ ਹੈ।[113] ਅਸਤਪੁਰਸ਼

ਨਰਕ ਵਿਚ ਲੈ ਜਾਂਦੇ ਹਨ, ਸਤਪੁਰਸ਼ ਮੁਕਤੀ ਪ੍ਰਾਪਤ ਕਰਾਉਂਦੇ ਹਨ।[114]

ਧਮਪਤ ਗ੍ਰੰਥ ਵਿੱਚ ਸੰਗਤ ਦੇ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਗਈ ਹੈ ਜਿਸ ਵਿੱਚ ਚੰਗੀ ਸੰਗਤ ਦੀ ਪ੍ਰਾਪਤੀ ਨੂੰ ਬਹੁਤ ਵੱਡੀ ਪ੍ਰਾਪਤੀ ਕਿਹਾ ਗਿਆ ਹੈ। ਸੰਤ ਗਿਆਨੀ, ਬੁੱਧੀਮਾਨ, ਕਰੱਤਵ ਅਤੇ ਪਾਲਣਹਾਰ ਅਤੇ ਅਤਿਅੰਤ ਸਹਿਨਸ਼ੀਲ ਸ੍ਰੇਸ਼ਠ ਮਨੁੱਖਾਂ ਦੀ ਸੰਗਤ ਕਰਨ ਦੀ ਤਾਕੀਦ ਕੀਤੀ ਗਈ ਹੈ।[115] ਇਹ ਵੀ ਕਿਹਾ ਗਿਆ ਹੈ ਕਿ ਜੇਕਰ ਅੱਛੀ ਸੰਗਤ ਨਾ ਮਿਲੇ ਤਾਂ ਕਿਸੇ ਬੁਰੀ ਸੰਗਤ ਤੋਂ ਦੂਰ ਇੱਕਲੇ ਹੀ ਵਿਚਰਨਾ ਯੋਗ ਹੈ।[116] ਬੁਰੀ ਸੰਗਤ ਹਮੇਸ਼ਾ ਦੁਖਦਾਈ ਹੁੰਦੀ ਹੈ। ਇਸ ਤੋਂ ਦੂਰ ਰਹਿਣਾ ਹੀ ਠੀਕ ਹੁੰਦਾ ਹੈ।[117] ਸੰਗਤ ਵਿੱਚ ਸਿਆਣਾ ਮਨੁੱਖ ਧਰਮ ਨੂੰ ਛੇਤੀ ਹੀ ਜਾਣ ਲੈਂਦਾ ਹੈ।[118]

ਬੁੱਧਮਤ ਵਿੱਚ ਸੰਗਤ ਦੇ ਸਰੂਪ ਤੇ ਮਹੱਤਤਾ ਨੂੰ ਦਰਸਾਉਂਦੇ ਹੋਏ ਇਸ ਨੂੰ ਅਮਲੀ ਰੂਪ ਵਿੱਚ ਲਿਆਉਣ ਲਈ ਸੰਸਥਾਗਤ ਰੂਪ ਦਿੱਤਾ ਗਿਆ। ਜਿਸ ਨੂੰ 'ਬੁੱਧ-ਸੰਘ' ਕਿਹਾ ਗਿਆ ਹੈ। ਸੰਗਤ ਦੇ ਸੰਸਥਾਗਤ ਰੂਪ ਬਾਰੇ ਕਿਹਾ ਗਿਆ ਹੈ ਕਿ ਸੰਘ ਵਿੱਚ ਏਕਤਾ ਸੁੱਖਦਾਇਕ ਹੈ ਤੇ ਸੁਸੰਗਠਿਤ ਹੋ ਕੇ ਸਾਧਨਾ ਕਰਨਾ ਸੁੱਖਦਾਇਕ ਹੈ।[119]

ਸਮਾਜ ਨੂੰ ਪਰਬੰਧਤ ਕਰਨ ਲਈ ਸੰਸਥਾਗਤ ਢਾਂਚਾ ਖੜ੍ਹਾ ਕੀਤਾ ਗਿਆ। ਬੁੱਧ-ਸੰਗਤ ਨੂੰ ਸੰਸਥਾ ਦਾ ਰੂਪ ਦੇ ਕੇ ਉਸ ਦੀਆਂ ਪ੍ਰਕ੍ਰਿਆਵਾਂ ਨੂੰ ਵੀ ਨਿਸ਼ਚਿਤ ਕੀਤਾ ਗਿਆ। ਇਹ ਸੰਘ ਧਮਪਦ ਵਿੱਚ ਵਰਣਤ ਸੰਗਤ ਦਾ ਅਮਲੀ ਰੂਪ ਸੀ। ਸੰਘ ਵਿਸ਼ਵ-ਵਿਆਪੀ ਸੰਸਥਾ ਹੈ ਇਸ ਵਿੱਚ ਭਿਖੂ, ਭਿਖਣੀ, ਉਪਾਸਕ (ਗ੍ਰਿਹਸਤੀ ਪੁਰਸ਼), ਉਪਾਸਿਕਾ (ਗ੍ਰਿਹਸਤੀ ਇਸਤਰੀ) ਆਦਿਕ ਸਾਰੇ ਸ਼ਾਮਲ ਹਨ। ਜੋ ਬੁੱਧ ਧਰਮ ਤੇ ਵਿਸ਼ਵਾਸ ਤੇ ਸ਼ਰਧਾ ਰੱਖਦੇ ਹਨ, ਉਹ ਸਾਰੇ ਇਸ ਦੇ ਮੈਂਬਰ ਹਨ।

ਕਰਤਵ, ਲਕਸ਼, ਮਾਰਗ ਤੇ ਅਧਿਕਾਰ ਦੇ ਆਧਾਰ ਤੇ ਸੰਘ ਦੋ ਪ੍ਰਕਾਰ ਦਾ ਹੈ : 1. ਭਿਖੂ ਸੰਘ (ਸ਼੍ਰਮਣ ਸੰਘ) 2 . ਉਪਾਸਕ ਸੰਘ (ਸਮਾਜ ਵਿੱਚ ਰਹਿਣ ਵਾਲੇ ਇਸਤ੍ਰੀਆਂ ਜਾਂ ਪੁਰਸ਼ਾਂ ਦਾ ਸੰਘ)। ਦੋਵੇਂ ਇਕ ਦੂਜੇ ਤੇ ਨਿਰਭਰ ਕਰਦੇ ਹਨ। ਭਿਖੂ ਤੇ ਭਿਖੂਣੀਆਂ, ਉਪਾਸ਼ਿਕ ਤੇ ਉਪਾਸ਼ਕਾਵਾਂ ਤੋਂ ਭਿੱਖਿਆ ਪ੍ਰਾਪਤ ਕਰਦੇ ਹਨ। ਭਿਖੂਆਂ ਦਾ ਲਕਸ਼ 'ਨਿਰਵਾਨ' ਪ੍ਰਾਪਤ ਕਰਨਾ ਤੇ ਗ੍ਰਿਹਸਤੀ ਉਪਾਸ਼ਕਾਂ ਦਾ ਲਕਸ਼ 'ਸੁਗਤਿ' ਅਥਵਾ ਸਵਰਗ ਦੀ ਪ੍ਰਾਪਤੀ ਕਰਨਾ ਸੀ। ਭਾਰਤ ਵਿੱਚ ਬੁੱਧ ਧਰਮ ਦੀ ਪ੍ਰਗਤੀ ਤੇ ਉਸ ਦੇ ਪ੍ਰਸਾਰ ਦੀ ਜ਼ਿੰਮੇਵਾਰੀ ਭਿਖੂ-ਸੰਘ ਅਤੇ ਉਹਨਾਂ ਦੇ ਵਿਹਾਰ ਉੱਤੇ ਸੀ। ਧਮਪਦ ਵਿਚ ਕਿਹਾ ਗਿਆ ਹੈ ਕਿ ਭਿਖੂ ਕਲਿਆਣਕਾਰੀ ਮਿੱਤਰਾਂ ਦੀ ਸੰਗਤ ਕਰੇ ਜੋ ਸ਼ੁਧ ਜੀਵਨ ਬਤੀਤ ਕਰਨ ਵਾਲੇ ਤੇ ਆਲਸ ਤੋਂ ਮੁਕਤ ਹੋਣ।[120]

ਬੁੱਧ ਧਰਮ ਦੇ ਤਿੰਨਾਂ ਰਤਨਾਂ ਵਿੱਚ 'ਸੰਘ' ਤੀਸਰਾ ਰਤਨ ਹੈ। ਇਸ ਦਾ ਭਾਵ ਹੈ ਬਰਾਦਰੀ ਜਾਂ ਭਾਈਚਾਰਾ। ਇਹ ਚਾਰੇ ਦਿਸ਼ਾਵਾਂ ਵਿੱਚ ਫੈਲਿਆ ਹੋਇਆ ਹੈ। ਭਿਖੂ, ਭਿਖਣੀਆਂ, ਉਪਾਸਕ ਤੇ ਉਪਾਸਕਾਵਾਂ ਤੋਂ ਇਲਾਵਾ ਇਸ ਵਿੱਚ ਅਰਹਤ, ਬੋਧੀਸਤ੍ਵ ਅਤੇ ਹੋਰ ਸੰਤ ਵੀ ਇਸ ਸਰਵ ਵਿਆਪਕ ਸੰਘ ਵਿਚ ਸੰਮਿਲਿਤ ਹਨ। ਬੋਧੀ ਸੰਘ ਸ਼ਰਧਾਵਾਨ ਬੋਧੀਆਂ ਦਾ ਸੰਗਠਨ ਹੈ। ਇਸ ਵਿੱਚ ਰਾਜੇ-ਰਾਣੀਆਂ, ਰਾਇਸ ਰਾਜਮੰਤਰੀ, ਵਪਾਰੀ, ਬ੍ਰਾਹਮਣ, ਕਸ਼ਤ੍ਰੀ, ਵੈਸ਼, ਸ਼ੂਦਰ ਅਤੇ ਹੋਰ ਸਾਰੇ ਵੀ ਸਨ। ਇਸ ਵਿੱਚ ਸਾਧੂ ਸੰਨਿਆਸੀ, ਅਛੂਤ, ਔਰਤਾਂ ਤੇ ਪਸ਼ਚਾਤਾਪ ਕਰਨ ਵਾਲੇ ਪਾਪੀ ਵੀ ਸ਼ਾਮਲ ਹੋ ਗਏ ਸਨ।[121] ਮਹਾਤਮਾ ਬੁੱਧ ਦਾ ਜ਼ਿਆਦਾ ਧਿਆਨ ਆਪਣੇ ਧਰਮ-ਸੰਘ ਨੂੰ ਸੰਗਠਨ ਕਰਨ ਵਲ ਰਿਹਾ।[122] ਇਸ ਵਿੱਚ ਹਰ ਵਰਣ ਦੇ ਲੋਕ ਸ਼ਾਮਲ ਹੋ ਸਕਦੇ ਸਨ।[123] ਉਨ੍ਹਾਂ ਨੇ ਸੰਘ ਨੂੰ ਇਹ ਵੀ ਅਧਿਕਾਰ ਦੇ ਦਿੱਤਾ ਸੀ ਕਿ ਉਹ ਚਾਹੇ ਤਾਂ ਛੋਟੇ ਮੋਟੇ ਨੇਮਾਂ ਹੁਕਮਾਂ ਵਿੱਚ ਤਬਦੀਲੀ ਕਰ ਸਕਦੇ ਹਨ।[124] ਇਸ ਤਰ੍ਹਾਂ ਸੰਘ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ। ਜੇਕਰ ਉਹ ਚਾਹੇ ਤਾਂ ਸੰਘ ਦੇ ਕਿਸੇ ਮੈਂਬਰ ਦੀ ਪੇਸ਼ੀ ਕਰ ਸਕਦਾ ਸੀ। ਸੰਘ ਦੀ ਸੰਸਥਾ ਨੂੰ ਕਰੜੇ ਨੈਤਿਕ ਨਿਯਮਾਂ ਦੁਆਰਾ ਵਿਵਸਥਿਤ ਕੀਤਾ ਜਾਂਦਾ ਸੀ ਇਹਨਾਂ ਨਿਯਮਾਂ ਦੀ ਆਤਮਾ ਪਰਜਾਤੰਤਰ ਹੁੰਦੀ ਸੀ।[125] ਡਾ.ਰਾਧਾ ਕ੍ਰਿਸ਼ਨਨ ਅਨੁਸਾਰ ਬੁੱਧ ਧਰਮ ਵਿੱਚ ਨਿਰਵਾਣ (ਮੋਕਸ਼) ਪ੍ਰਾਪਤੀ

ਲਈ ਬੁੱਧ ਧਰਮ ਦੇ ਪੈਰੋਕਾਰਾਂ ਨੂੰ ਬੁੱਧ-ਸੰਘ ਵਿੱਚ ਸ਼ਾਮਲ ਹੋਣਾ ਪੈਂਦਾ ਸੀ। ਇਸ ਵਿੱਚ ਸ਼ਾਮਲ ਹੋਣ ਲਈ ਵਿਸ਼ੇਸ਼ ਪਰਣ ਲੈਣੇ ਪੈਂਦੇ ਸਨ ਤੇ ਬੁੱਧ ਧਰਮ ਨੂੰ ਸਵੀਕਾਰ ਕਰਨਾ ਪੈਂਦਾ ਸੀ।[126]

ਬੁੱਧ-ਮਤ ਵਿੱਚ ਸਦਾਚਾਰਕ ਵਿਹਾਰ ਦੇ ਮੁਢਲੇ ਪੰਜ ਅਸੂਲ ਗ੍ਰਿਹਸਤੀਆਂ ਲਈ ਹਨ। ਉਹਨਾਂ ਨੂੰ 'ਪੰਚ ਸ਼ੀਲ' ਕਿਹਾ ਜਾਂਦਾ ਹੈ। ਇਹ ਨਿਯਮ ਧਾਰਮਿਕ ਜੀਵਨ ਦੀ ਅਗਵਾਈ ਕਰਦੇ ਹਨ।

ਬੁੱਧ ਧਰਮ ਦੇ ਤਿੰਨ ਰਤਨ : *ਬੁੱਧੰ ਸ਼ਰਨੰ ਗਛਾਮਿ, ਧਰਮੰ ਸ਼ਰਨੰ ਗਛਾਮਿ, ਸੰਘੰ ਸ਼ਰਨੰ ਗਛਾਮਿ* ਹਨ। ਬੋਧੀ ਸੰਘ ਸ਼ਰਧਾਵਾਨ ਬੋਧੀਆਂ ਦਾ ਸੰਗਠਨ ਹੈ। ਆਦਰਸ਼ ਸੰਘ ਉਹ ਹੈ ਜਿਸ ਵਿੱਚ ਸਾਰੇ ਵਿਅਕਤੀ ਪੂਰਣਤਾ-ਪ੍ਰਾਪਤ ਹਨ। ਬੋਧੀ ਪੂਰਣਤਾ-ਪ੍ਰਾਪਤ ਅਜਿਹੇ ਮਨੁੱਖਾਂ ਦੇ ਭਾਈਚਾਰੇ ਦੀ ਸ਼ਰਨ ਲੈਣ ਤੇ ਮਜ਼ਬੂਰ ਹੈ। ਬੋਧੀ ਸੰਘ ਵਿਚ ਸ਼ਰਣ ਲੈਣ ਲਈ ਪਰਣ ਕਰਨੇ ਪੈਂਦੇ ਹਨ। ਭਿਖੂਆਂ ਨੂੰ ਤਾਂ ਘਰ ਬਾਰ ਤੱਕ ਤਿਆਗਣਾ ਪੈਂਦਾ ਹੈ। ਇਹ ਤੀਸਰਾ ਰਤਨ ਹੈ। ਇਸ ਤੋਂ ਬਿਨਾਂ ਮਨੁੱਖ ਨੂੰ ਨਿਰਵਾਣ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬੁੱਧ ਦੀ ਸ਼ਰਣ ਨੂੰ ਧਰਮ ਦੀ ਸ਼ਰਨ ਵਿੱਚ ਆਉਣ ਤੱਕ ਵੀ ਅਪੂਰਨਤਾ ਬਣੀ ਰਹਿੰਦੀ ਹੈ ਕਿਉਂਕਿ ਪਹਿਲੇ ਰਤਨ '*ਬੁਧੰ ਸ਼ਰਨੰ ਗਛਾਮਿ*' ਵਿੱਚ ਮਨੁੱਖ ਨੂੰ ਆਪਣੇ ਮੁੱਖ ਮਨੋਰਥ ਦਾ ਗਿਆਨ ਹੁੰਦਾ ਹੈ ਕਿ ਨਿਰਵਾਣ ਕੀ ਹੈ ਤੇ ਉਸ ਨੇ ਇਸ ਦੀ ਪ੍ਰਾਪਤੀ ਕਰਨੀ ਹੈ। ਦੂਸਰੇ '*ਧਰਮੰ ਸ਼ਰਨੰ ਗਛਾਮਿ*' ਦਾ ਅਰਥ ਬੁੱਧ ਦੀਆਂ ਸਿਖਿਆਵਾਂ, ਬੁੱਧ ਦੁਆਰਾ ਦਸੇ ਗਏ ਸਿਧਾਂਤ ਅਤੇ ਸੰਜਮ ਧਰਮ ਹਨ। ਮਨੁੱਖ ਦੇ ਨਿਰਵਾਣ ਦੇ ਨਿਸ਼ਾਨੇ ਦੀ ਪ੍ਰਾਪਤੀ ਲਈ ਸਿਖਿਆਵਾਂ ਅਨੁਸਾਰ ਚਲਣ ਲਈ '*ਸੰਘੰ ਸ਼ਰਨੰ ਗਛਾਮਿ*' ਹੋਣਾ ਪੈਂਦਾ ਹੈ। ਕਿਉਂਕਿ ਇਸ ਵਿੱਚ ਵਿਚਰਦੇ ਹੋਏ, ਜੀਵਨ ਦੱਸੇ ਹੋਏ ਮਾਰਗ ਅਨੁਸਾਰ ਚਲਦਾ ਹੈ ਅਤੇ ਸਤ ਪੁਰਸ਼ਾਂ ਦੀ ਸੰਗਤ ਵਿੱਚ ਮੁਕਤੀ ਮਿਲਦੀ ਹੈ। ਸੰਘ ਦੇ ਦਸੇ ਨੇਮਾਂ ਅਨੁਸਾਰ ਚਲ ਕੇ ਮਨੁੱਖ ਨਿਰਵਾਣ ਦੇ ਰਸਤੇ ਨੂੰ ਪ੍ਰਾਪਤ ਹੋ ਜਾਂਦਾ ਹੈ।

ਬੁੱਧ ਨੇ ਪੂਰਨ ਤੌਰ ਤੇ ਸਮਾਜਿਕ ਬਰਾਬਰੀ ਅਤੇ ਧਾਰਮਿਕ ਸੁਤੰਤਰਤਾ ਦੇ ਨਿਯਮ ਬਣਾਏ। ਬੁੱਧ ਲਈ ਮਨ ਦੀ ਸ਼ੁਧੀ ਅਤੇ ਉਚੱਾ ਚਰਿੱਤਰ ਵਧੇਰੇ ਮਹੱਤਵਪੂਰਣ ਹਨ। ਉਸ ਨੇ ਜਨਤਾ ਦੇ ਸਾਹਮਣੇ ਸਮਾਜ ਵਿੱਚ ਬਰਾਬਰੀ ਅਤੇ ਮੇਲ ਮਿਲਾਪ ਦਾ ਆਦਰਸ਼ ਰੱਖਿਆ। ਇਸ ਉਦੇਸ਼ ਦੀ ਪ੍ਰਾਪਤੀ ਬੁੱਧ ਸੰਘ ਵਿੱਚ ਹੁੰਦੀ ਹੈ। ਇਸ ਨੇ ਭਿਖਸ਼ੂਆਂ ਦੇ ਜੀਵਨ ਨੂੰ ਅਨੁਸਾਸ਼ਿਤ ਕੀਤਾ ਤੇ ਬੁੱਧ ਧਰਮ ਦੇ ਪ੍ਰਚਾਰ ਨੂੰ ਤੇਜ਼ ਕੀਤਾ।[127]

ਸੰਘ ਦੇ ਮੈਂਬਰਾਂ ਵਿੱਚ ਭਿਖੂ ਸੰਘ ਦੇ ਇਕ ਮੈਂਬਰ ਨੂੰ ਪਹਿਲਾ ਧਾਰਮਿਕ ਜੀਵਨ ਵਿੱਚ ਇਕ ਨਵਪ੍ਰਵਿਸ਼ਟ ਦੀ ਤਰ੍ਹਾਂ ਸਿੱਖਿਆ ਲੈਣੀ ਪੈਂਦੀ ਹੈ। ਫਿਰ ਉਹ ਆਪਣੇ ਆਪ ਨੂੰ ਇੱਕ ਪੂਰਨ ਭਿਕਸ਼ੂ ਦੇ ਤੌਰ ਤੇ ਸ਼ਿਕਸਿਤ ਕਰਦਾ ਹੈ। ਉਸ ਦਾ ਮੁੱਖ ਕੰਮ ਧਿਆਨ ਮਗਨ ਰਹਿਣਾ ਤੇ ਗ੍ਰਿਹਸਤੀਆਂ ਨੂੰ ਉਪਦੇਸ਼ ਦੇਣਾ ਹੈ।[128] ਉਪਾਸ਼ਕ ਤੇ ਉਪਾਸ਼ਕਾਵਾਂ ਆਪਣੇ ਜੀਵਨ ਵਿੱਚ ਬੁੱਧ ਧਰਮ ਦੇ ਨਿਯਮਾਂ ਨੂੰ ਅਪਣਾਉਂਦੇ ਹਨ। ਉਹ ਭਿਕਸ਼ੂ ਤੇ ਭਿਕਸ਼ਣੀਆਂ ਨੂੰ ਦਾਨ ਦੇਂਦੇ ਹਨ ਉਹ ਤਿੰਨ ਚਿੰਨ[129] ਚਾਰ ਸਚਾਈਆਂ[130] ਅਤੇ ਚਾਰ ਅਸੀਮਤ ਗੁਣਾਂ[131] ਉੱਤੇ ਧਿਆਨ ਜਮਾਉਂਦੇ ਹਨ। ਉਹ ਤਿੰਨ ਰਤਨਾਂ (ਬੁੱਧ, ਧਰਮ, ਸੰਘ) ਦਾ ਮਾਨ ਤੇ ਸਨਮਾਨ ਕਰਦੇ ਹਨ। ਉਹ ਭਗਵਾਨ ਬੁੱਧ ਨਾਲ ਸੰਬੰਧਿਤ ਪਵਿੱਤਰ ਤੀਰਥ ਅਸਥਾਨਾਂ ਦੀ ਯਾਤਰਾ ਕਰਦੇ ਹਨ। ਸਮਾਜਿਕ ਅਤੇ ਧਾਰਮਿਕ ਜੀਵਨ ਵਿੱਚ ਭਿਕਸ਼ੂਆਂ ਤੋਂ ਸਹਾਇਤਾ ਦੀ ਅਤੇ ਅਗਵਾਈ ਦੀ ਮੰਗ ਕਰਦੇ ਹਨ।

ਬੁੱਧ ਦੇ ਮਹਾਪਰਿਨਿਰਮਾਣ ਤੋਂ ਬਾਅਦ ਕਈ ਵੱਡੇ ਸਮਾਗਮ ਹੋਏ ਜਿਵੇਂ ਕਿ ਪਹਿਲਾ ਸਮਾਗਮ (ਸੰਗੀਤੀ) 544 ਈ. ਪੂ: ਦੂਸਰੀ 434 ਈ. ਪੂ., ਤੀਜੀ 250 ਈ.ਪੂ. ਤੇ ਚੌਥੀ 100 ਈ. ਵਿੱਚ ਹੋਈ। ਇਨ੍ਹਾਂ ਸੰਗੀਤੀਆਂ ਵਿੱਚ ਬਹੁਤ ਸਾਰੇ ਵੱਡੀ ਗਿਣਤੀ ਵਿੱਚ ਭਿਖਸ਼ੂ ਇੱਕਠੇ ਹੋ ਕੇ ਵਿਚਾਰ ਵਟਾਂਦਰਾ ਕਰਦੇ ਸਨ ਜੋ ਕਿ ਸੰਗਤ ਦਾ ਹੀ ਰੂਪ ਸਨ। ਬੁੱਧ-ਸੰਘ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਵਿਚ ਵੀ ਫੈਲਿਆ।

ਉਪਰੋਕਤ ਚਰਚਾ ਤੋਂ ਬਾਅਦ ਬੁੱਧ ਮਤ ਵਿੱਚ ਸਥਾਪਤ ਬੁੱਧ-ਸੰਘ (ਸੰਗਤ) ਦਾ ਜੋ ਰੂਪ ਉਘੜਦਾ ਹੈ ਉਹ ਇਸ ਤਰ੍ਹਾਂ ਹੈ :

1. ਬੁੱਧ ਧਰਮ ਵਿੱਚ ਬੁੱਧ-ਸੰਘ (ਸੰਗਤ) ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ।
2. ਧਮਪਦ ਅਨੁਸਾਰ ਸੰਘ (ਸੰਗਤ) ਦੇ ਸੰਗਠਨ ਉਤੇ ਜ਼ੋਰ ਦਿੱਤਾ ਗਿਆ ਹੈ।
3. ਧਮਪਦ ਵਿੱਚ ਵਰਣਤ ਸੰਗਤ ਨੂੰ ਅਮਲੀ ਰੂਪ ਬੁੱਧ ਸੰਘ ਬਣਾ ਕੇ ਦਿੱਤਾ ਗਿਆ ਜਿਸ ਵਿੱਚ ਭਿਖਸ਼ੂ, ਭਿਖਸ਼ਣੀਆਂ, ਧਰਮ ਬੰਧੂ ਤੇ ਧਰਮ ਭੈਣਾਂ ਸ਼ਾਮਲ ਸਨ। ਸਰਬ ਸਾਧਾਰਣ ਸੰਘ ਦਾ ਅਖੰਡ ਭਾਗ ਮੰਨਿਆ ਗਿਆ।
4. ਜਾਤੀ ਜਾਂ ਵਰਣ ਕਰਕੇ ਸੰਘ ਵਿੱਚ ਸ਼ਾਮਲ ਕਰਨ ਲਈ ਕੋਈ ਭੇਦ ਭਾਵ ਨਹੀਂ ਵਰਤਿਆ ਜਾਂਦਾ ਸੀ। ਇਸਤਰੀਆਂ ਨੂੰ ਬੁੱਧ-ਸੰਘ ਵਿਚ ਸ਼ਮੂਲੀਅਤ ਦਿਤੀ ਗਈ।
5. ਬੁੱਧ-ਸੰਘ ਦਾ ਮੁੱਖ ਪ੍ਰਯੋਜਨ ਪਰਮਾਤਮਾ ਦੀ ਪ੍ਰਾਪਤੀ ਨਹੀਂ, ਨਿਰਵਾਣ ਪ੍ਰਾਪਤ ਕਰਨਾ ਸੀ।
6. ਬੁੱਧ-ਸੰਘ ਵਿੱਚ ਸਦਾਚਾਰਕ ਗੁਣਾਂ ਤੇ ਬਹੁਤ ਜ਼ੋਰ ਦਿੱਤਾ ਜਾਂਦਾ ਸੀ।
7. ਬੁੱਧ-ਸੰਘ ਨੂੰ ਕਾਫ਼ੀ ਅਧਿਕਾਰ ਪ੍ਰਾਪਤ ਸਨ। ਧਰਮ ਦੀ ਪ੍ਰਗਤੀ ਤੇ ਉਸ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਭਿਖੂ ਸੰਘ ਉਤੇ ਸੀ।
8. ਬੁੱਧ-ਸੰਘ ਜੈਨ ਮੱਤ ਦੇ ਜੈਨ-ਸੰਘ ਨਾਲ ਮੇਲ ਖਾਂਦਾ ਹੈ।
9. ਬੁੱਧ ਸੰਘ ਦੀ ਸੰਰਚਨਾ, ਉਦੇਸ਼ ਤੇ ਪ੍ਰਕ੍ਰਿਆ ਵੇਦਾਂ ਤੇ ਉਪਨਿਸ਼ਦਾਂ ਦੀ ਸੰਗਤ ਤੋਂ ਬਿਲਕੁਲ ਭਿੰਨ ਹੈ। ਇਸ ਵਿੱਚ ਹਰ ਮਨੁੱਖ ਦੀ ਸ਼ਮੂਲੀਅਤ ਬਿਨਾ ਕਿਸੇ ਭੇਦ ਭਾਵ ਦੇ ਸੀ। ਪਰ ਇਸ ਦਾ ਮੁੱਖ ਵਿਸ਼ਾ ਪਰਮਾਤਮਾ ਜਾਂ ਸੰਸਾਰਕ ਸੁਖ ਨਾ ਹੋ ਕੇ ਨਿਰਵਾਣ ਦੀ ਪ੍ਰਾਪਤੀ ਹੈ।

ਇਸ ਤਰ੍ਹਾਂ ਇਥੇ ਜੈਨ-ਸੰਘ ਦੀ ਤਰ੍ਹਾਂ ਹੀ ਸੰਗਤ ਦੀ ਸਥਾਪਨਾ ਬੁੱਧ-ਸੰਘ ਦੇ ਰੂਪ ਵਿੱਚ ਹੁੰਦੀ ਹੈ ਜੋ ਕਿ ਪੂਰਵ ਦੀ ਸੰਗਤ ਦੇ ਸੰਕਲਪ ਤੋਂ ਵਿਲੱਖਣ ਹੈ।

### 1.2.5. ਈਸਾਈਮੱਤ ਵਿੱਚ Congrgation (ਸੰਗਤ ਦਾ ਸੰਕਲਪ) :

ਈਸਾਈ ਮੱਤ ਦਾ ਮੋਢੀ ਈਸਾ ਨੂੰ ਮੰਨਿਆ ਜਾਂਦਾ ਹੈ। ਇਸ ਮੱਤ ਦੀ ਸੰਸਾਰ ਵਿਆਪਕਤਾ ਦਾ ਵੱਡਾ ਕਾਰਨ ਇਸ ਦਾ ਇਕੇਸ਼ਵਰਵਾਦੀ ਸਿਧਾਂਤ ਹੈ।[132] ਇਸ ਮਤ ਅਨੁਸਾਰ ਸੰਸਾਰ ਕਲਿਆਣ ਲਈ ਪਰਮਾਤਮਾ ਦੇ ਤਿੰਨ ਪੱਖ ਮੰਨੇ ਗਏ ਹਨ, ਪਿਤਾ (ਈਸ਼ਵਰ), ਪੁੱਤਰ (ਈਸਾ) ਅਤੇ ਪਵਿੱਤਰ ਆਤਮਾ। ਜੀਵਾਤਮਾ ਅਤੇ ਪਰਮਾਤਮਾ ਵਿੱਚ ਆਪਸੀ ਸੰਬੰਧ ਸਥਾਪਿਤ ਕਰਨ ਹਿੱਤ ਈਸਾਈਮਤ ਅਨੁਸਾਰ ਈਸਾ ਦੀ ਵਿਚੋਲਗੀ ਆਵਸ਼ਕ ਹੈ। ਈਸਾ ਰੱਬ ਦਾ ਪੁੱਤਰ ਹੋਣ ਨਾਤੇ ਪ੍ਰਾਣੀਆ ਨੂੰ ਜਾਣਦਾ ਅਤੇ ਪਿਤਾ ਸਾਹਮਣੇ ਜੀਵਾਂ ਦੀਆਂ ਭੁੱਲਾਂ ਰੱਖਦਾ ਹੈ।[133] ਜੀਵ ਆਪਣੇ ਗੁਨਾਹਾਂ ਪ੍ਰਤੀ ਪਸ਼ਚਾਤਾਪ ਕਰਕੇ ਵਿਸ਼ਵਾਸ਼ ਤੇ ਪ੍ਰੇਮ ਦੁਆਰਾ ਪ੍ਰਭੂ ਦੀ ਕ੍ਰਿਪਾ ਦਾ ਪਾਤਰ ਬਣਦਾ ਹੈ ਅਤੇ ਮੁਕਤੀ ਪ੍ਰਾਪਤ ਕਰਦਾ ਹੈ।[134] ਈਸਾਈ ਧਰਮ ਦੇ ਧਰਮ-ਸ਼ਾਸਤਰ ਤੇ ਦਰਸ਼ਨ ਵਿੱਚ ਸਦਾਚਾਰਕ-ਔਗਣਾਂ ਪ੍ਰਤੀ ਡੂੰਘੀ ਸੋਚ ਵਿਚਾਰ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਇਸ ਵਿਚਲੇ ਸਤਿ, ਸੰਤੋਖ, ਨਿਮਰਤਾ, ਵਿਚਾਰ (ਬੁੱਧੀ), ਸ਼ਹਿਨਸ਼ੀਲਤਾ, ਉਤਸ਼ਾਹ ਅਤੇ ਨਿਆ ਆਦਿ ਸਦਾਚਾਰਕ ਗੁਣਾਂ ਪ੍ਰਤੀ ਸਨੇਹ ਇਸ ਗੱਲ ਦਾ ਸਬੂਤ ਹਨ।[135] ਈਸਾਈ ਮਤ ਦੇ ਨੈਤਿਕ ਸਿਧਾਂਤ ਹੀ ਇਸ ਦੀ ਅਧਿਆਤਮਕਤਾ ਦਾ ਆਧਾਰ ਹਨ।

ਈਸਾਈਮਤ ਵਿੱਚ ਇੱਕਠੇ ਹੋ ਕੇ ਇਬਾਦਤ ਕਰਨ ਦੀ ਮਹੱਤਤਾ ਮੰਨੀ ਗਈ ਹੈ। ਸੰਤ ਮਰਕੁਸ ਅਨੁਸਾਰ ਈਸਾ ਮਸੀਹ ਨੇ ਆਪਣੇ ਮੱਤ ਦੇ ਪ੍ਰਚਾਰ ਲਈ ਬਾਰਾਂ ਮੈਂਬਰਾਂ ਦਾ ਇੱਕ ਟੋਲਾ ਤਿਆਰ ਕੀਤਾ। ਉਹਨਾਂ ਨੂੰ ਹਮੇਸ਼ਾਂ ਆਪਣੇ ਨਾਲ ਰੱਖਿਆ ਤੇ ਰਸੂਲ ਕਿਹਾ।[136] ਈਸਾ ਸਮੇਂ ਉਹਨਾਂ ਦੇ ਅਨੁਆਈ ਇੱਕਠੇ ਹੋ ਕੇ ਪ੍ਰਭੂ ਭਗਤੀ ਕਰਦੇ ਅਤੇ ਸਾਂਝੇ ਲੰਗਰ ਵਿੱਚੋਂ ਭੋਜਨ ਖਾਂਦੇ ਸਨ।[137]

ਈਸਾਈ ਮਤ ਵਿਚ ਸੰਗਤ ਲਈ ਕੰਗਰੀਗੇਸ਼ਨ (Congregation) ਸ਼ਬਦ ਦੀ ਵਰਤੋਂ ਕੀਤੀ ਗਈ ਹੈ।[138] ਈਸਾ ਦੇ ਅਨੁਆਈਆਂ ਦੇ ਇੱਕਠ ਲਈ ਯੂਨਾਨੀ ਭਾਸ਼ਾ ਦਾ ਸ਼ਬਦ 'ਇਕਲੇਸੀਆਂ ਵੀ ਵਰਤਿਆ ਗਿਆ ਹੈ।[139] ਜਿਸ ਦਾ

ਅਰਥ 'ਸਭਾ' ਜਾਂ 'ਸੰਗਤ' ਹੀ ਹੈ।[140]

ਸੰਤ ਪੌਲੁਸ ਇਸ 'ਮਸੀਹੀ ਸੰਗਤ' Congregation ਨੂੰ ਈਸਾ ਮਸੀਹ ਦਾ ਸਰੀਰ ਕਹਿੰਦਾ ਹੈ ਤੇ ਹਰ ਮਸੀਹੀ ਨੂੰ ਉਸ ਦੇ ਵੱਖ ਵੱਖ ਅੰਗ ਦਸਦਾ ਹੈ।[141]

ਮਸੀਹੀ ਸੰਗਤ ਦੇ ਬਾਹਰੀ ਤੌਰ ਤੇ ਕੁੱਝ ਚਿੰਨ ਹਨ, ਜੋ ਉਸ ਦੇ ਸੰਗਤੀ ਭਾਵ ਨੂੰ ਪ੍ਰਗਟ ਕਰਦੇ ਹਨ। ਇਹਨਾਂ ਵਿੱਚ ਇਹ ਤਿੰਨ ਚਿੰਨ ਜ਼ਰੂਰੀ ਹਨ: ਬਪਤਿਸਮਾ, ਪ੍ਰਭੂ ਭੋਜ ਅਤੇ ਇੱਕਠੇ ਹੋ ਕੇ ਅਰਾਧਨਾ ਕਰਨਾ।[142] ਮਸੀਹੀ ਸੰਗਤ ਦਾ ਚਰਚ ਵਿਚ ਜੁੜਨਾ[143] ਨਿਯਮਤ ਹੁੰਦਾ ਹੈ, ਚਾਹੇ ਹਫਤੇ ਵਿੱਚ ਇੱਕ ਵਾਰ ਹੀ ਹੋਵੇ। ਪਹਿਲੀ ਸਦੀ ਤੋਂ ਹੀ ਮਸੀਹੀਆਂ ਨੇ 'ਸਾਂਝੀ ਅਰਾਧਨਾ' ਦੇ ਲਈ ਮਸੀਹ ਦੇ ਜੀਅ ਉਠਣ ਵਾਲੇ ਦਿਨ ਅਰਥਾਤ ਐਤਵਾਰ ਚੁਣ ਰੱਖਿਆ ਹੈ। ਉਹ ਚਰਚ ਵਿੱਚ ਇੱਕਠੇ ਹੋ ਕੇ ਬਾਈਬਲ ਦਾ ਪਾਠ, ਭਜਨਾਂ ਦੁਆਰਾ ਪਰਮੇਸ਼ਰ ਦੀ ਮਹਿਮਾ ਆਦਿ ਕਰਦੇ ਹਨ। ਇਸ ਕਾਰਜ ਵਿੱਚ ਇਹਨਾਂ ਦੀ ਅਗਵਾਈ ਪਾਦਰੀ ਕਰਦਾ ਹੈ।[144] ਇਸ ਵਿੱਚ ਸਿਰਫ਼ ਈਸਾਈ ਧਰਮ ਦੇ ਪੈਰੋਕਾਰ ਹੀ ਸ਼ਾਮਲ ਹੁੰਦੇ ਹਨ। ਇਸਤਰੀਆਂ ਦੀ ਸ਼ਮੂਲੀਅਤ ਸ਼ੁਰੂ ਤੋਂ ਹੀ ਹੈ।[145] ਇਸ 'ਮਸੀਹੀ ਸੰਗਤ' ਦਾ ਖੇਤਰ ਦੁਨੀਆਂ ਦੇ ਦੂਰ ਦੂਰ ਦੇਸ਼ਾਂ ਤੱਕ ਫੈਲਿਆ ਹੋਇਆ ਹੈ।

ਮਸੀਹੀਆਂ ਦੇ ਜੀਵਨ ਵਿੱਚੋਂ ਜਾਤ-ਪਾਤ ਅਤੇ ਛੋਟੇ-ਵੱਡੇ ਦਾ ਭੇਦ ਭਾਵ ਨੂੰ ਦੂਰ ਕਰਨ ਵਿੱਚ ਆਰੰਭ ਕਾਲ ਤੋਂ ਇਸ 'ਸਾਂਝੀ ਅਰਾਧਨਾ' ਦਾ ਮਹੱਤਵਪੂਰਨ ਯੋਗਦਾਨ ਹੈ। 'ਮਸੀਹੀ ਸੰਗਤ' ਦੇ ਕੰਮਾਂ ਵਿੱਚ ਈਸਾਈ ਮਤ ਦਾ ਪ੍ਰਚਾਰ ਵੀ ਮੁੱਖ ਕਾਰਜ ਹੈ।[146]

ਈਸਾਈ ਮਤ ਵਿੱਚ 'ਸੰਗਤ' ਦਾ ਜੋ ਸੰਕਲਪ ਸਾਹਮਣੇ ਆਉਂਦਾ ਹੈ, ਉਹ ਇਸ ਤਰ੍ਹਾਂ ਹੈ:

1. ਈਸਾ ਮਸੀਹ ਦੁਆਰਾ 'ਮਸੀਹੀ ਸੰਗਤ' ਦੀ ਸਥਾਪਨਾ ਕੀਤੀ ਗਈ।
2. ਇਸ ਨੂੰ Congregation ਕਿਹਾ ਜਾਂਦਾ ਹੈ।
3. ਇਸ ਵਿਚ ਈਸਾਈ ਮਤ ਦੇ ਸਾਰੇ ਪੈਰੋਕਾਰ ਸ਼ਾਮਲ ਹਨ। ਇਸ ਵਿਚ ਔਰਤਾਂ ਦੀ ਵੀ ਸ਼ਮੂਲੀਅਤ ਹੈ।
4. ਇਸ ਦਾ ਮੁੱਖ ਉਦੇਸ਼ ਪਾਪਾਂ ਤੋਂ ਮੁਕਤੀ ਅਤੇ ਪ੍ਰਮਾਤਮਾ ਨਾਲ ਮਿਲਾਪ ਹੈ।
5. ਪਾਦਰੀ ਦੀ ਅਗਵਾਈ ਵਿਚ ਮਸੀਹੀ ਸਾਂਝੀ ਆਰਾਧਨਾ ਕਰਦੇ ਹਨ।

### 1.2.6. ਇਸਲਾਮ ਮਤ ਵਿੱਚ 'ਜਮਹ' (ਸੰਗਤ) ਦਾ ਸੰਕਲਪ) :

'ਇਸਲਾਮ' ਦਾ ਅਰਥ ਹੈ : ਖ਼ੁਦਾ ਦੀ ਰਜ਼ਾ ਨੂੰ ਸਲਮ (ਅੰਗੀਕਰਣ) ਕਰਨਾ, ਅਰਥਾਤ ਸਮਰਪਨ ਕਰਨਾ। ਪੈਗੰਬਰ ਮੁਹੰਮਦ ਨੇ ਆਪਣੇ ਦੀਨ ਦਾ ਨਾਉਂ 'ਇਸਲਾਮ' ਰਖਿਆ ਹੈ, ਜਿਸ ਦੇ ਧਾਰਣ ਵਾਲਾ 'ਮੁਸਲਿਮ' ਅਥਵਾ ਮੁਸਲਮਾਨ ਹੈ। ਇਸਲਾਮ ਦੇ ਪੰਜ ਕਰਤਵ ਹਨ:

(ੳ) ਕਲਮਾ ਪੜ੍ਹਨਾ
(ਅ) ਪੰਜ ਵੇਲੇ ਨਮਾਜ਼ ਪੜ੍ਹਨੀ
(ੲ) ਜ਼ਕਾਤ ਦੇਣੀ
(ਸ) ਰਮਜ਼ਾਨ ਵਿੱਚ ਰੋਜ਼ੇ ਰੱਖਣੇ
(ਹ) ਕਾਬੇ ਦਾ ਹੱਜ ਕਰਨਾ।

ਇਹਨਾਂ ਨਿਯਮਾਂ ਤੋਂ ਛੁੱਟ, ਜੋ ਰਸੂਲ ਮੁਹੰਮਦ, ਖ਼ੁਦਾ ਦੇ ਫ਼ਰਿਸ਼ਤੇ, ਇਲਹਾਮੀ ਕਿਤਾਬ ਕੁਰਾਨ, ਅਖ਼ੀਰੀ ਫ਼ੈਸਲੇ ਦਾ ਦਿਨ ਅਤੇ ਖ਼ੁਦਾ ਦਾ ਵਿਸ਼ਵਾਸ਼ੀ ਹੈ, ਉਹ ਮੁਸਲਮਾਨ ਹੈ ਅਤੇ ਉਸ ਨੂੰ ਮੋਮਿਨ ਆਖਦੇ ਹਨ, ਜਿਸ ਦਾ ਅਰਥ ਹੈ 'ਸ਼ਰਧਾਵਾਨ'।[147]

ਇਸਲਾਮ ਵਿੱਚ ਸੰਗਤ ਦੀ ਮਹੱਤਤਾ ਦਰਸਾਈ ਗਈ ਹੈ। ਨਬੀ ਨੇ ਕਿਹਾ ਹੈ ਕਿ ਇਕਾਂਤ ਵਿੱਚ ਰਹਿਣ ਨਾਲੋਂ ਚੰਗੀ ਸੰਗਤ ਵਿੱਚ ਰਹਿਣਾ ਵਧੇਰੇ ਚੰਗਾ ਹੈ ਅਤੇ ਸਭ ਤੋਂ ਚੰਗੇ ਲੋਕ ਉਹ ਹਨ ਜਿਹਨਾਂ ਦੇ ਦਰਸ਼ਨ ਕਰਨ ਨਾਲ ਪਰਮਾਤਮਾ

ਦੀ ਯਾਦ ਆ ਜਾਂਦੀ ਹੈ।[148]

ਇਸਲਾਮ ਵਿੱਚ ਸੰਗਠਨ ਉਪਰ ਬਹੁੱਤ ਜ਼ੋਰ ਦਿੱਤਾ ਗਿਆ ਹੈ। ਸਮੂਹਕ ਰੂਪ ਵਿੱਚ ਨਮਾਜ਼ ਪੜ੍ਹਨ ਦਾ ਵਧੇਰੇ ਫਲ ਦੱਸਿਆ ਗਿਆ ਹੈ। ਇੱਕਲਿਆਂ ਨਮਾਜ਼ ਪੜ੍ਹਨ ਦੇ ਮੁਕਾਬਲੇ ਵਿੱਚ ਸਮੂਹਕ ਨਮਾਜ਼ ਸਤਾਈ ਗੁਣਾਂ ਫਲਦਾਇਕ ਹੈ।[149] ਇਸ ਧਰਮ ਵਿੱਚ ਸੰਗਤ ਲਈ ਦੋ ਸ਼ਬਦਾਂ ਦੀ ਵਰਤੋਂ ਕੀਤੀ ਹੈ, 'ਸੁਹਬਤ' ਤੇ 'ਜਮਹ'। 'ਸੁਹਬਤ' ਸਾਧਾਰਣ ਅਰਥ ਦਾ ਧਾਰਣੀ ਹੈ ਜਦੋਂ ਕਿ 'ਜਮਹ' ਤਕਨੀਕੀ ਸ਼ਬਦ ਹੈ ਜਿਹੜਾ ਕਿ ਮਸਜਿਦ ਵਿੱਚ ਇੱਕਠੇ ਹੋਏ ਲੋਕਾਂ ਲਈ ਵਰਤਿਆ ਜਾਂਦਾ ਹੈ।[150]

ਇਸਲਾਮ ਧਰਮ ਕਬਾਇਲੀ ਸਮਾਜ ਵਿਚੋਂ ਪੈਦਾ ਹੋਇਆ ਹੈ। ਇਸ ਵਿੱਚ ਲੋਕਾਂ ਨੂੰ ਇੱਕਠੇ ਕਰਕੇ ਸਮਾਜਿਕ ਕਾਰਜਾਂ ਨੂੰ ਉਤੇਜਿਤ ਕਰਨ ਵਾਲੇ ਅੰਸ਼ਾਂ ਦਾ ਸੰਸਥਾਈਕਰਣ ਕੀਤਾ ਗਿਆ ਹੈ। ਮੁਸਲਮਾਨਾਂ ਵਿੱਚ ਘੱਟੋ ਘੱਟ ਹਫਤੇ ਵਿੱਚ ਇੱਕ ਵਾਰ ਇੱਕਠੇ ਨਮਾਜ਼ ਪੜ੍ਹਨ ਉੱਤੇ ਜ਼ੋਰ ਦਿੱਤਾ ਗਿਆ ਹੈ। ਇਸ ਨਾਲ ਲੋਕਾਂ ਨੂੰ ਨਿਯਮਬੱਧ ਇੱਕਤਰ ਹੋਣ ਦਾ ਮੌਕਾ ਮਿਲਿਆ ਤੇ ਉਨ੍ਹਾਂ ਨੇ ਇਕ ਵੱਡੀ ਜਥੇਬੰਦੀ ਵੀ ਬਣਾ ਲਈ।

ਇਸਲਾਮ ਧਰਮ ਦੇ ਪੈਰੋਕਾਰ ਆਪਣੇ ਇਲਾਕੇ ਵਿੱਚ ਕਿਸੇ ਮੁਹੱਲੇ, ਸ਼ਹਿਰ, ਖੇਤਰ ਜਾਂ ਰਾਜ ਦੀ ਮਸਜਿਦ ਨਾਲ ਜੁੜੇ ਹੁੰਦੇ ਹਨ ਜਿੱਥੇ ਉਹ ਪ੍ਰਤੀ ਦਿਨ ਜਾਂ ਹਫ਼ਤੇ ਵਿੱਚ ਇੱਕ ਦਿਨ ਨਮਾਜ਼ ਵਿੱਚ ਸ਼ਾਮਲ ਹੁੰਦੇ ਹਨ। ਇਸ ਵਿੱਚ ਹਰ ਮੁਸਲਮਾਨ ਚਾਹੇ ਉਹ ਕਿਸੇ ਵੀ ਰੁਤਬੇ ਜਾਂ ਵਰਗ ਨਾਲ ਸੰਬੰਧਿਤ ਹੋਵੇ, ਸ਼ਾਮਲ ਹੁੰਦਾ ਹੈ। ਇਸਤਰੀਆਂ ਵੀ ਉੱਥੇ ਸ਼ਾਮਲ ਹੋ ਸਕਦੀਆਂ ਹਨ ਜਿੱਥੇ ਉਹਨਾਂ ਲਈ ਇਸ ਕਾਰਜ (ਨਮਾਜ਼ ਪੜ੍ਹਨ) ਲਈ ਅਲੱਗ ਜਗ੍ਹਾ ਬਣਾਈ ਹੁੰਦੀ ਹੈ। ਨਮਾਜ਼ ਨੇ ਸਮੂਹੀ ਸਮਾਨਤਾ ਦੇ ਸੰਕਲਪ ਨੂੰ ਦ੍ਰਿੜਤਾ ਅਤੇ ਗੰਭੀਰਤਾ ਪ੍ਰਦਾਨ ਕੀਤੀ ਹੈ। ਹਜ਼ਰਤ ਮੁਹੰਮਦ ਸਾਹਿਬ ਦੇ ਮਜ਼ਹਬ ਵਿੱਚ ਖਾਨਦਾਨੀ ਸਬੰਧ ਦੀ ਥਾਂ ਧਾਰਮਿਕ ਭਰਾਤਰੀ ਭਾਵ ਦਾ ਅਸੂਲ ਕਾਇਮ ਕੀਤਾ ਗਿਆ ਹੈ। ਇਸ ਅਸੂਲ ਨੂੰ ਵਿਵਹਾਰਿਕ ਪਕਿਆਈ ਪ੍ਰਦਾਨ ਕਰਨ ਲਈ ਨਮਾਜ਼ ਇੱਕ ਨਿਸ਼ਚਿਤ ਮਾਧਿਅਮ ਬਣੀ। ਮਨ ਬਚਨ ਤੇ ਕਰਮ ਵਿੱਚ ਸਾਰੇ ਨਮਾਜ਼ੀ ਇੱਕ ਵਿਸ਼ਾਲ ਤੇ ਸੰਗਠਿਤ ਇਕਾਈ ਹੋ ਨਿਬੜਦੇ ਹਨ।

ਸਪੱਸ਼ਟ ਹੈ ਕਿ ਇਸਲਾਮ ਵਿੱਚ 'ਨਮਾਜ਼' ਇਕ ਸਮੂਹੀ ਦੁਆ ਹੈ ਜਿਸ ਵਿੱਚ ਅਮੀਰ, ਗਰੀਬ, ਵਿਦਵਾਨ, ਵਿਦਿਆਹੀਨ ਅਤੇ ਉਚੇ ਨੀਵੇਂ ਸਾਰੇ ਖੁਦਾਈ ਹਜ਼ੂਰੀ ਵਿਚ ਸਮਾਨਤਾ ਅਤੇ ਇਕਸੁਰਤਾ ਦਾ ਪ੍ਰਗਟਾਵਾ ਕਰਦੇ ਹਨ।[151] ਸਥਾਨਿਕ ਇਸਲਾਮੀ ਪੈਰੋਕਾਰ ਕਿਸੇ ਨਾ ਕਿਸੇ ਸਥਾਨਕ ਮਸਜਿਦ ਨਾਲ ਜੁੜੇ ਹੁੰਦੇ ਹਨ। ਉਹ ਉਸ ਖੇਤਰ ਵਿੱਚ ਇਕ ਇਕਾਈ ਦੇ ਰੂਪ ਵਿਚ ਵਿਚਰਦੇ ਹਨ ਜਿਹਨਾਂ ਦਾ ਮਿਲ ਬੈਠਣ ਦਾ ਸਥਾਨ ਮਸਜਿਦ ਤੇ ਪ੍ਰਕ੍ਰਿਆ ਨਮਾਜ਼ ਹੈ। ਜਿੱਥੇ ਇਹਨਾਂ ਦੀ ਅਗਵਾਈ ਇਮਾਮ ਕਰਦਾ ਹੈ।[152]

ਇਸ ਤੋਂ ਇਲਾਵਾ ਇਸਲਾਮ ਵਿਚ ਲੋਕਾਂ ਨੂੰ ਇੱਕਠੇ ਹੋ ਕੇ ਮਿਲ ਬੈਠਣ ਦੀ ਇਕ ਹੋਰ ਪ੍ਰਕ੍ਰਿਆ ਹੱਜ ਹੈ। ਬਹੁਤ ਸਾਰੀਆਂ ਸਦੀਆਂ ਤੋਂ 'ਹੱਜ' ਦਾ ਦਸਤੂਰ ਇਸਲਾਮ ਜਮਾਤ ਦੀ ਏਕਤਾ ਦਾ ਸਭ ਤੋਂ ਵੱਡਾ ਕਾਰਨ ਹੈ। ਵੱਖ ਵੱਖਰੇ ਮੁਸਲਮਾਨਾਂ ਦੇ ਵਿਚਕਾਰ ਸਾਂਝ ਦਾ ਇਹ ਅਤਿਅੰਤ ਪ੍ਰਭਾਵਸ਼ਾਲੀ ਵਸੀਲਾ ਚਲਿਆ ਆ ਰਿਹਾ ਹੈ। 'ਹੱਜ' ਦੇ ਮੌਕੇ ਤੇ ਹਬਸ਼ੀ, ਚੀਨੀ, ਈਰਾਨੀ, ਤੁਰਕ, ਅਰਬ, ਅਮੀਰ-ਗਰੀਬ ਹਰ ਪ੍ਰਕਾਰ ਦੇ ਮੁਸਲਮਾਨ ਦੀਨ ਦੇ ਇਕ ਪਿੜ ਵਿਚ ਇਕੱਤਰ ਹੋ ਕੇ ਭਰਾਤਰੀ ਭਾਵਨਾ ਨੂੰ ਵਧਾਉਣ ਦਾ ਅਵਸਰ ਪ੍ਰਾਪਤ ਕਰਦੇ ਹਨ।

ਇਸਲਾਮ ਧਰਮ ਮਨੁੱਖਾਂ ਨੂੰ ਬਰਾਬਰਤਾ ਪ੍ਰਦਾਨ ਕਰਦਾ ਹੈ ਪ੍ਰੰਤੂ 'ਨਮਾਜ਼', 'ਹੱਜ' ਅਤੇ ਹੋਰ ਧਾਰਮਿਕ ਕਰਮਕਾਂਡਾ ਵਿੱਚ ਦੂਜੇ ਧਰਮਾਂ ਦੇ ਲੋਕਾਂ ਨੂੰ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਹੈ।

ਨਮਾਜ਼ ਦਾ ਮਕਸਦ ਪਰਮਾਤਮਾ ਦੀ ਪੂਜਾ ਕਰਨਾ ਅਤੇ ਉਸ ਦੇ ਮਹਾਨ ਗੁਣਾਂ ਦਾ ਚਿੰਤਨ ਕਰਨਾ ਹੈ, ਤਾਂ ਜੋ ਇਨਸਾਨ ਇਸ ਚਿੰਤਨ ਨਾਲ ਇਹਨਾਂ ਗੁਣਾਂ ਨੂੰ ਆਪਣੇ ਜੀਵਨ ਵਿੱਚ ਲਿਆ ਸਕੇ। ਇਹ ਮਨੁੱਖ ਨੂੰ ਪਰਮਾਤਮਾ ਨਾਲ ਸੰਪਰਕ ਪ੍ਰਦਾਨ ਕਰਨ ਲਈ ਮੌਕਾ ਬਖਸ਼ਦਾ ਹੈ। ਜਦੋਂ ਕੋਈ ਵਿਅਕਤੀ ਇਸ ਭਾਵਨਾ ਨਾਲ ਝੁਕਦਾ ਹੈ ਅਤੇ ਨਮਸਕਾਰ ਕਰਦਾ ਹੈ ਕਿ ਪਰਮਾਤਮਾ ਉਸ ਦੇ ਸਾਹਮਣੇ ਹੈ ਤਾਂ ਉਸ ਦੀ ਸਖਸ਼ੀਅਤ ਵਿਚ ਪਰਿਵਰਤਨ ਆ ਜਾਂਦਾ ਹੈ ਉਹ ਪਰਮਾਤਮਾ ਪਾਸੋਂ ਮੁਸ਼ਕਲਾਂ, ਦੁੱਖਾਂ ਅਤੇ ਮਜ਼ਬੂਰੀਆਂ ਦਾ ਸਾਹਮਣਾ ਕਰਨ ਲਈ ਸ਼ਕਤੀ ਪ੍ਰਾਪਤ ਕਰਨ ਦੀ

ਮੰਗ ਕਰਦਾ ਹੈ। ਕੁਰਾਨ ਵਿੱਚ ਮੁਸਲਮਾਨ ਦੀ ਪ੍ਰਾਰਥਨਾ ਦਾ ਜ਼ਿਕਰ ਇਉਂ ਕੀਤਾ ਗਿਆ ਹੈ :

*"ਤੇਰੀ ਹੀ ਸੇਵਾ ਅਸੀਂ ਕਰਦੇ ਹਾਂ ਅਤੇ ਤੇਰੀ ਹੀ ਸਹਾਇਤਾ ਲਈ ਅਸੀਂ ਜਾਚਨਾ ਕਰਦੇ ਹਾਂ। ਸਹੀ ਰਸਤੇ ਉੱਤੇ ਚਲਣ ਲਈ ਸਾਡਾ ਪਥ ਪ੍ਰਦਰਸ਼ਨ ਕਰੋ।"*[153]

'ਮੱਕੇ ਦੇ ਸਥਾਨ' ਤੇ ਹੱਜ ਕਰਨ ਆਏ ਯਾਤਰੂਆਂ ਦਾ ਇੱਕਠ ਪਰਸਪਰ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਨ ਲਈ ਇੱਕ ਅੰਤਰਰਾਸ਼ਟਰੀ ਸਮਾਰੋਹ ਸਿੱਧ ਹੁੰਦਾ ਹੈ। ਇਹ ਇੱਕ ਦੂਜੇ ਨੂੰ ਸਮਝਣ ਲਈ ਇੱਕ ਵੱਡਮੁੱਲਾ ਮੌਕਾ ਪ੍ਰਦਾਨ ਕਰਦਾ ਹੈ। ਵੱਖ-ਵੱਖ ਦੇਸ਼ਾਂ, ਰੰਗਾਂ ਅਤੇ ਨਸਲਾਂ ਦੇ ਲੋਕ ਸਾਲਾਨਾ ਯਾਤਰਾ ਲਈ ਮੱਕੇ ਆਉਂਦੇ ਹਨ ਅਤੇ ਇੱਕ-ਦੂਜੇ ਦੀਆਂ ਸਮੱਸਿਆਵਾਂ ਨੂੰ ਸਮਝਣ ਦਾ ਯਤਨ ਕਰਦੇ ਹਨ। ਇਸ ਕਿਸਮ ਦਾ ਅੰਤਰਰਾਸ਼ਟਰੀ ਸੰਪਰਕ ਧਾਰਮਿਕ ਸਾਧਨਾਵਾਂ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ, ਲੋਕਾਂ ਨੂੰ ਆਪਣੀ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਵਾਕਫ਼ੀਅਤ ਨੂੰ ਵਧਾਉਣ ਵਿੱਚ ਸਹਾਇਤਾ ਕਰਦਾ ਹੈ। ਇਹ ਵੱਖ ਵੱਖ ਇਲਾਕਿਆਂ ਦੇ ਮੁਸਲਮਾਨਾਂ ਵਿੱਚ ਭਰਾਤਰੀ ਭਾਵ ਪੈਦਾ ਕਰਦਾ ਹੈ ਅਤੇ ਉਹਨਾਂ ਦੇ ਮਨਾਂ ਵਿੱਚ ਇੱਕ ਅੰਤਰਰਾਸ਼ਟਰੀ ਪਰਿਵਾਰ ਦੇ ਮੈਂਬਰ ਹੋਣ ਦਾ ਅਹਿਸਾਸ ਕਰਵਾਉਂਦਾ ਹੈ।

ਨਮਾਜ਼ ਦੀ ਪ੍ਰਕ੍ਰਿਆ ਨੇ ਇਸਲਾਮੀ ਲੋਕਾਂ ਨੂੰ ਇੱਕ ਸੰਸਥਾਗਤ ਰੂਪ ਦੇਣ ਵਿੱਚ ਮੁੱਖ ਭੂਮਿਕਾ ਨਿਭਾਈ ਹੈ। ਇਹ ਪ੍ਰਕ੍ਰਿਆ ਨਿਸ਼ਚਿਤ ਤੌਰ ਤੇ 'ਨਮਾਜ਼ੀਆਂ' ਨੂੰ ਇੱਕ ਲੜੀ ਵਿਚ ਪਰੋਂਦੀ ਹੈ। ਧਰਮ ਦੇ ਸਥਾਨਕ ਪੈਰੋਕਾਰਾਂ ਨੂੰ ਇਕ ਸਥਾਨਕ ਇਕਾਈ (ਸੰਗਤ) ਵਿੱਚ ਸੰਸਥਾਪਿਤ ਕਰਦੀ ਹੈ।

ਉਪਰੋਕਤ ਚਰਚਾ ਅਨੁਸਾਰ ਸੰਗਤ ਦਾ ਜੋ ਰੂਪ ਸਾਹਮਣੇ ਆਉਂਦਾ ਹੈ ਉਹ ਇਸ ਤਰ੍ਹਾਂ ਹੈ :

1. ਇਸਲਾਮ ਧਰਮ ਵਿੱਚ ਸੰਸਥਾਗਤ ਸੰਗਤ ਨੂੰ, 'ਜਮਹ' ਦਾ ਨਾਂ ਦਿੱਤਾ ਗਿਆ।
2. ਸਥਾਨਕ 'ਜਮਹ' ਮਸਜਿਦ ਵਿੱਚ ਜੁੜਦੀਆਂ ਹਨ।
3. ਇਸਲਾਮ ਵਿੱਚ ਵਿਅਕਤੀਗਤ ਨਮਾਜ਼ ਨਾਲੋਂ ਸਮੂਹਕ ਨਮਾਜ਼ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ।
4. 'ਜਮਹ' ਵਿੱਚ ਰੁਤਬੇ, ਜਾਤੀ ਅਤੇ ਰੰਗ ਆਧਾਰਤ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ ਹੈ, ਭਾਵੇਂ ਰਾਜਾ ਹੋਵੇ ਜਾਂ ਸਾਧਾਰਣ ਮੁਸਲਮਾਨ।
5. ਗੈਰ-ਇਸਲਾਮੀ ਲੋਕਾਂ ਨੂੰ 'ਜਮਹ' ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ।
6. ਸਥਾਨਕ 'ਜਮਹ' ਰੋਜ਼ਾਨਾ ਅਤੇ ਹਫ਼ਤਾਵਾਰ ਮਸਜਿਦ ਵਿੱਚ ਜੁੜਦੀ ਹੈ।
7. 'ਜਮਹ' ਵਿੱਚ ਧਾਰਮਿਕ ਮਸਲਿਆਂ ਤੋਂ ਇਲਾਵਾ ਸਮਾਜਿਕ ਅਤੇ ਰਾਜਨੀਤਿਕ ਮਸਲਿਆਂ ਉੱਤੇ ਵੀ ਵਿਚਾਰ ਕੀਤੀ ਜਾਂਦੀ ਹੈ।
8. ਇਸਲਾਮ-ਸੰਗਤ 'ਜਮਹ' ਅਤੇ ਈਸਾਈ ਸੰਗਤ ਵਿੱਚ ਕਾਫੀ ਹੱਦ ਤੱਕ ਸਮਾਨਤਾ ਹੈ। ਪਰੰਤੂ ਇਨਾਂ ਦੀ ਸੰਸਥਾਗਤ ਬਣਤਰ ਵਿੱਚ ਅੰਤਰ ਵੀ ਹੈ। 'ਜਮਹ' ਵਿੱਚ ਔਰਤਾਂ ਦੀ ਸ਼ਮੂਲੀਅਤ ਨਾ ਦੇ ਬਰਾਬਰ ਹੈ। 'ਜਮਹ' ਵਿੱਚ ਸ਼ਰਾਅ ਪ੍ਰਧਾਨ ਹੈ ਜਦੋਂ ਕਿ 'ਈਸਾਈ **ਸੰਗਤ**' ਵਿੱਚ ਨੈਤਿਕਤਾ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। 'ਈਸਾਈ ਸੰਗਤ' ਵਿੱਚ ਪਰਮਾਤਮਾ (ਪਿਤਾ), ਈਸਾ (ਪੁੱਤਰ) ਅਤੇ ਪਵਿੱਤਰ ਆਤਮਾ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ ਅਤੇ 'ਜਮਹ' ਵਿੱਚ 'ਅੱਲਾਹ' ਅਤੇ 'ਨਬੀ' ਨੂੰ। ਦੋਵੇਂ ਧਰਮਾਂ ਦੀ ਸੰਗਤ ਵਿੱਚ ਸਮਾਨਤਾ ਹੋਣ ਦਾ ਪ੍ਰਮੁੱਖ ਕਾਰਨ ਇਨ੍ਹਾਂ ਧਰਮਾਂ ਦੇ ਮੂਲ ਸਰੋਤ ਦਾ ਇੱਕ ਹੋਣਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਸ਼ਿਵਰਾਮ ਵਾਮਨ, ਆਪਟੇ, ਸੰਸਕ੍ਰਿਤ-ਹਿੰਦੀ ਕੋਸ਼, ਪੰਨਾ 1057
2. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 240
3. ਪੰਜਾਬੀ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 112
4. ਸ੍ਰੀ ਗੁਰੂ ਗ੍ਰੰਥ ਕੋਸ਼, ਅੰਮ੍ਰਿਤਸਰ, ਖਾਲਸਾ ਟ੍ਰੈਕਟ ਸੁਸਾਇਟੀ, ਪੰਨਾ 185
5. ਭਾਈ ਮੱਈਆ ਸਿੰਘ, ਪੰਜਾਬੀ-ਅੰਗਰੇਜ਼ੀ ਸ਼ਬਦ ਕੋਸ਼, ਪੰਨਾ, 1006 ਅਤੇ ਗੁਰਚਰਨ ਤੇ ਸ਼ਰਨ ਸਿੰਘ, ਪੰਜਾਬੀ-ਅੰਗਰੇਜ਼ੀ ਸ਼ਬਦ ਕੋਸ਼, ਪੰਨਾ 34
6. L.R.Vaidy, (Late), Sanskrit-English dictionary, p. 747
   - H.H.Wilson, Sanskrit-English dictionary, p. 750
   - A.A.Macdonell, Sanskrit-English dictionary, p.328
   - V.S.Apte, the Students Sanskrit dictionary, p. 576
7. ਰਸਾਲ, ਭਾਸ਼ਾ ਸ਼ਬਦ ਕੋਸ਼, ਪੰਨਾ, 1797
8. ਸਿਆਮ ਸੁੰਦਰ ਦਾਸ, ਹਿੰਦੀ ਸ਼ਬਦ ਸਾਗਰ, ਪੰਨਾ 4845
9. ਵਿਸ਼ਵੇਸ਼ਰ ਨਰਾਇਮ ਸ੍ਰੀ ਵਾਸਤਵ, ਹਿੰਦੀ ਰਾਸ਼ਟਰ ਭਾਸ਼ਾ ਕੋਸ਼, ਪੰਨਾ 1387
10. ਨਵਲਜੀ, ਵਿਸ਼ਾਲ ਸ਼ਬਦ ਸਾਗਰ, ਪੰਨਾ 1373
11. ਕਾਲਿਕਾ, ਪ੍ਰਸਾਦਿ, ਬ੍ਰਿਹਤ ਹਿੰਦੀ ਕੋਸ਼, ਪੰਨਾ 1159
12. ਲਘੂ ਹਿੰਦੀ ਸ਼ਬਦ ਸਾਗਰ, ਪੰਨਾ 954
13. ਰਾਮ ਚੰਦ੍ਰ ਵਰਮਾ, ਪ੍ਰਾਮਾਣਿਕ ਹਿੰਦੀ ਕੋਸ਼, ਪੰਨਾ 1245
14. ਡਾ. ਸੀਤਾ ਰਾਮ ਲਾਲਸ, ਰਾਜਸਥਾਨੀ ਸ਼ਬਦ ਕੋਸ਼, ਪੰਨਾ 5135
15. ਆਨੰਦ ਕੌਸਲਯਾਯਾਨ ਭਦੰਤ, ਪਾਲੀ ਹਿੰਦੀ ਕੋਸ਼, ਪੰਨਾ 315
16. Society, Company, Assembly, An Association, fraternity, A place of worship, a monastery, a place where the sikhs celebrate their religious, An Instrumental Accompaniment.
   (S.W. Fallon, New Hindustani English Dictionary P. 785)
17. The New Encyclopaedia Britanica, Voll III, 15th edition, p. 81
18. ਡਾ. ਦੀਵਾਨ ਸਿੰਘ,ਗੁਰਮਤਿ ਸਿਧਾਂਤ, ਪੰਨਾ. 24
19. ਉਹੀ, ਪੰਨਾ 24
20. Congregation: The act ofcongregaton, A congreagated body; An assemblage, A body ofpersons assembled for religious worship and instruction, a body of persons associated together for the purpose of holding religious services in common:
   (New Webster's Dictionary of English Language , p. 214)

Company: Anumberofindividulalsassembledorassocitedtogether, groupofpeople, An assemplageofpersonsfor socialpurpose, fellowship, association,
(Webster'sEncyclopediaUnbridgeddictionaryofEnglsihLanguage, P, 299
Society: A group of persons united for promotion of common aim an association of individuals as a nation organized for mutual profit and protection, ecology, a group of animals or plants kept together by interdenpence.
(New Webster's dictionary of English Language, p. 291

20. ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰਨਾ 143
21. ਸਤਸੰਗਤਿ ਇਕ ਦ੍ਰਿਸ਼ਟੀਕੋਣ, ਨਾਨਕ ਪ੍ਰਕਾਸ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (ਜੂਨ 1984 ਅੰਕ) ਪੰਨਾ 49
22. ਸਾਹਿਬ ਸਿੰਘ 'ਅਰਸ਼ੀ', ਜੈਤਸਰੀ ਦੀ ਵਾਰ, ਪੰਨਾ 32
23. ਡਾ. ਪਰਕਾਸ਼ ਸਿੰਘ ਜੰਮੂ ਸਤਸੰਗਤ-ਸਮਾਜ ਵਿਗਿਆਨਕ ਦ੍ਰਿਸ਼ਟੀਕੋਣ, ਨਾਨਕ ਪ੍ਰਕਾਸ਼ ਪਤ੍ਰਿਕਾ (ਜੂਨ 1984 ਅੰਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 91
24. ਪ੍ਰਿੰ. ਹਰਭਜਨ ਸਿੰਘ, ਗੁਰਬਾਣੀ ਤਥਾ ਸਰਬ ਸ੍ਰੇਸ਼ਟ ਸਾਹਿਤ ਵਿਚ ਸੰਗਤ ਦਾ ਸੰਕਲਪ, ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ,(ਜੂਨ 1984 ਅੰਕ) ਪੰਨਾ 13
25. ਪ੍ਰਿੰ. ਪ੍ਰਕਾਸ਼ ਸਿੰਘ, ਸਿੱਖ ਧਰਮ ਵਿਚ ਸੰਗਤ ਦਾ ਸੰਕਲਪ, ਨਾਨਕ ਪ੍ਰਕਾਸ਼ ਪਤ੍ਰਿਕਾ, (ਜੂਨ 84 ਅੰਕ) ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 25
26. ਡਾ. ਬਲਦੇਵ ਰਾਜ ਗੁਪਤਾ, ਭਾਸ਼ਾ ਵਿਗਿਆਨੀ ਦੀ ਦ੍ਰਿਸ਼ਟੀ 'ਚ ਸੰਗਤ ਦਾ ਸੰਕਲਪ, ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ (ਜੂਨ 1984 ਅੰਕ), ਪੰਨਾ, 124
27. ਵਾਰਾਂ ਭਾਈ ਗੁਰਦਾਸ ਜੀ, ਵਾਰ 11ਵੀਂ.
28. Teja Singh, Sikhism Its Ideals and Institution p. 36.
29. The New Encyclopaedia of Britanica, Voll III, 15th Edition, p. 81
30. James Hastings (ed), Dictionary of the Bible, p. 153
31. Dictionary of Islam, p. 60
"The assembly of people in a mosque is called Jamah. The term also in Afghanistan is used the mosque itself.
32. ਡਾ. ਦਰਸ਼ਨ ਸਿੰਘ, ਸਿੱਖ ਕੌਣ? ਪੰਨਾ - 9
33. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 72
34. ਰਿਗਵੇਦ 5- 51-15 (ऋग्वेद भाषा भाषाय पृ.- 481-482)
35. ਉਹੀ 1-17-4 ਉਹੀ ਪੰ. 23)
36. ਉਹੀ, 10-117-6 (ਹਿੰਦੀ ਰਿਗਵੇਦ ਪੰ. 1408)
37. ਅਥਰਵੇਦ 6-64-1 (भाषा भाषाय पृ. - 120)
38. ਰਿਗਵੇਦ, 1-17-4

39. ਅਥਰਵਵੇਦ 11-1-36 (Atharva-Veda - Samhita, P-535)
40. ਰਿਗਵੇਦ 10-191-2 (ਹਿੰਦੀ ਰਿਗਵੇਦ, ਪੰਨਾ 1465)
41. ਅਥਰਵਵੇਦ 10-191-3 ਅਥਰਵਵੇਦ 7-12-1 ਤੋਂ 2,12-1-56
42. ਅਥਰਵਵੇਦ 7-12-1 ਤੋਂ 2,12-1-56
43. ਉਹੀ, 10-5-7 ਤੋਂ 14 (Kapur Singh, Parasharprasna P. 324-326)
44. ਉਹੀ, 7-12,1 ਤੋਂ 2 (अथर्ववेद संहिता पृ - 62-63)
45. ਰਿਗਵੇਦ, 10-90-12, ਹਿੰਦੀ ਰਿਗਵੇਦ ਪੰਨਾ 1359
46. ਅਥਰਵਵੇਦ 19-62-1 (ਅਥਰਵਵੇਦ ਭਾਸ਼ਾ ਭਾਸ਼ਅ ਪੰਨਾ 377
47. ਅਥਰਵਵੇਦ 3-30-6
48. ਰਿਗਵੇਦ 1-22-9 ਤੋਂ 10 (ਹਿੰਦੀ ਰਿਗਵੇਦ ਪੰ. 23)
49. ਰਿਗਵੇਦ 5-43-15, 1-22-9 (ਉਹੀ ਪੰਨਾ 23, 601)
50. ਰਿਗਵੇਦ 1-12-1 ਤੋਂ 12 (ऋग्वेद भाषा भाषाय, पृ. 16)
51. ਰਿਗਵੇਦ 10-191-2
52. ਅਥਰਵਵੇਦ 5-6-8 (अथर्ववेद संहिता, पृ. ४०)
53. ਰਿਗਵੇਦ 1-12-3
54. ਰਿਗਵੇਦ 10-114-5
55. ਅਥਰਵਵੇਦ 7-28-1, ਰਿਗਵੇਦ 10-114-2, (ਹਿੰਦੀ ਰਿਗਵੇਦ ਪੰਨਾ, 1402)
56. ਰਿਗਵੇਦ 9-71-1
57. ਡਾ. ਦਰਸ਼ਨ ਸਿੰਘ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਨਾ 4
58. ਅਥਰਵੇਦ 2-26-1 (ਅਥਰਵੇਦ ਭਾਸ਼ਾ ਭਾਸ਼ਯ ਪੰਨਾ, 30)
59. ਰਾਧਾ ਕ੍ਰਿਸ਼ਨਨ, ਵਿਚਾਰ ਦਰਪਣ, ਪੰਨਾ 191
60. ਬ੍ਰਿਹਦਾਰਣਯਕ ਉਪਨਿਸ਼ਦ 3-1, 1-10
61. Radha Krishnan, Principle Upanishad, P. 19, Sharma Chanderdhar, A critical Survey of Indian Philosophy p. 17
62. ਕਠੋਉਪਨਿਸ਼ਦ 1-3-14
63. ਉਹੀ 1-3-8
64. ਮਹਿਤਾ ਹਰਸ਼ ਅਤੇ ਵਰਮਾ ਤਿਲਕ, ਤਿੰਨ ਉਪਨਿਸ਼ਦ (ਈਸ਼ਾਵਾਯਉਪਨਿਸ਼ਦ) ਪੰਨਾ, 23
65. ਉਹੀ, ਪੰਨਾ, 37 (ਕੇਨੋਪਨਿਸ਼ਦ 1-3)
66. ਕਠੋ—ਉਪਨਿਸ਼ਦ, ਮੂਲ ਮੰਤਰ
67. ਉਹੀ, 1-1-29
68. ਮਹਿਤਾ ਹਰਸ਼ ਅਤੇ ਵਰਮਾ ਤਿਲਕ ਤਿੰਨ ਉਪਨਿਸ਼ਦ (ਕਠੋਉਪਨਿਸ਼ਦ 1-2-5) ਪੰਨਾ. 83
69. ਉਹੀ (ਕਠੋ ਉਪਨਿਸ਼ਦ) 1-2-8 ਪੰਨਾ. 85
70. ਉਹੀ, 1-2-9, ਪੰਨਾ. 86

71. ਉਹੀ, 1-2-13,. ਪੰਨਾ, 88
72. ਉਹੀ, 1-3-1, ਪੰਨਾ , 96
73. ਉਹੀ, 1-3-14, ਪੰਨਾ,105
74. ਮਹਿਤਾ ਹਰਸ਼ ਅਤੇ ਵਰਮਾ ਤਿਲਕ ਤਿੰਨ ਉਪਨਿਸ਼ਦ (ਕਠੋਉਪਨਿਸ਼ਦ 2-1-8 ਪੰਨਾ 121
75. ਬ੍ਰਿਹਦਾਰਣਯਕ 1-4-15
76. ਰਾਧਾ ਕ੍ਰਿਸ਼ਨਨ, ਉਪਨਿਸ਼ਦਾਂ ਦੀ ਭੂਮਿਕਾ, ਪੰਨਾ 112
77. S.N. Dasgupta , A History of Indian Philosophy , p. 35 And छांदोग्योपनिषद 4.4
78. ਹਰਸ਼ ਮਹਿਤਾ ਅਤੇ ਤਿਲਕ ਵਰਮਾ, ਤਿੰਨ ਉਪਨਿਸ਼ਦ (ਕਠੋਪਨਿਸ਼ਦਦ 1-3-17) ਪੰਨਾ 107
79. ਮੁੰਡਕੋਪਨਿਸ਼ਦ 1-2-12
80. ਬ੍ਰਿਹਦਾਰਣਯਕ ਉਪਨਿਸ਼ਦਾ 4-4-(32-33)
81. ਕੇਨ-ਉਪਨਿਸ਼ਦ 2-10
82. ਮੁੰਡਕੋਉਪਨਿਸ਼ਦ 1-1
83. ਤੈਤਿਰੀਯ ਉਪਨਿਸ਼ਦ 1-3-2
84. ਹਰਸ਼ ਮਹਿਤਾ ਅਤੇ ਤਿਲਕ ਵਰਮਾ, ਤਿੰਨ ਉਪਨਿਸ਼ਦ, ਪੰਨਾ, 26
85. ਕਠੋਉਪਨਿਸ਼ਦ 1-3-17 कठोपनिषदशाङ्करभाष्यम् पृ. 90
86. S.N. Dasgupta A history of Indian Philosophy, P. 38
87. ਸ਼ਵੇਸਸ਼ਵਤਰ ਉਪਨਿਸ਼ਦ 6-22
88. तैत्रिरीयोपनिषद्, 1.3.2-3
89. ਕਠ ਉਪਨਿਸ਼ਦ 1-3-14
90. ਹਰਸ਼ ਮਹਿਤਾ ਤੇ ਵਰਮਾ ਤਿਲਕ, ਤਿੰਨ ਉਪਨਿਸ਼ਦ, ਪੰਨਾ, 92
91. ਮਾਡੂਕ ਉਪਨਿਸ਼ਦ, 4-27
92. ਕਠੋ ਉਪਨਿਸ਼ਦ 10-29, 9-38; 15-44; 6-96
93. ਉਹੀ, 2-3-8
94. ਮੁੰਡਕ ਉਪਨਿਸ਼ਦ 3-1-5, 3-2-9
95. ਕਠਉਪਨਿਸ਼ਦ 2-3-15
96. ਉਹੀ 1-3-8
97. ਡਾ. ਉਮੇਸ਼ ਮਿਸ਼ਰ, ਭਾਰਤੀ ਦਰਸ਼ਨ, ਪੰਨਾ, 61
98. ਕਠੋਪਨਿਸ਼ਦ 7-32
99. "सव्वणामुत्तरं संयुणाण" उत्तराध्ययन पूर्णि - 1
100 "कुज्जा साहूहिं संथव" (दशवैकालिक 8-53)
101. वृद्ध कल्प भाष्य, 5-7-19
102. Radha Krishnan, Indian Philosophy, P. 328
103. ਰਵਿੰਦਰ ਕੁਮਾਰ ਜੈਨ, ਭਗਵਾਨ ਮਹਾਵੀਰ, ਪੰ. 81

104. Radha Krishnan, Indian Philosophy, p. 328
105. Encyclopaedia of Religion and Ethics, P. 472
106. Ibid, P. 466
107. Radha Krishanan, Indian philosophy, P. 328
108. वृद्ध कल्प भाष्य 5-7-19
109. Dayanand Bhargana, Jain Ethics, P. 61
110. S.G.F. Brandon, A dictionary of caparative Religion., p. 154
111. धेर गाथा, 1-4
112. संयुत निकाय, 1-3-31
113. थेर गाथा, 71-75
114. इति बुत्तक, 3-27
115. ਧਮਪਦ ਗਾਥਾ 208
116. ਉਹੀ, 329 ਅਤੇ 330
117. ਉਹੀ, 206 ਅਤੇ 207
118. ਉਹੀ, 65
119. ਉਹੀ, 194
120. ਉਹੀ, 376
121. ਰਾਧਾ ਕ੍ਰਿਸ਼ਨਨ, ਰਾਧਾ ਕ੍ਰਿਸ਼ਨਨ ਵਿਚਾਰ ਦਰਪਨ, ਪੰ. 310
122. ਉਹੀ, ਪੰਨਾ 314
123. A.K. Warden, Indian Budhism, p. 176
124. ਰਾਧਾ ਕ੍ਰਿਸ਼ਨਨ, ਰਾਧਾ ਕ੍ਰਿਸ਼ਨਨ ਵਿਚਾਰ ਦਰਪਨ ਪੰ. 314
125. ਐਮ.ਐਲ ਜੋਸ਼ੀ, ਏਸ਼ੀਆ ਵਿਚ ਬੁੱਧ ਧਰਮ ਦਾ ਫੈਲਾਅ, ਸੰਸਾਰ ਦੇ ਕੁਝ ਧਰਮ, ਪੰਨਾ. 56
126. ਡਾ. ਰਾਧਾ ਕ੍ਰਿਸ਼ਨਨ, ਭਾਰਤੀਯ ਦਰਸ਼ਨ, ਪੰਨਾ 401 (ਭਾਗ ਪਹਿਲਾ)
127. ਨ.ਸਿ. ਦੇਵਰਾਜ ਅਤੇ ਰਾਮਾਨੰਦ ਤਿਵਾੜੀ, ਭਾਰਤੀਯ ਦਰਸ਼ਨ ਦਾ ਇਤਿਹਾਸ ਪੰਨਾ 168
128. ਡਾ. ਰਾਧਾ ਕ੍ਰਿਸ਼ਨਨ, ਭਾਰਤੀਯ ਦਰਸ਼ਨ ਪੰਨਾ 402
129. (1) ਸਭ ਪ੍ਰਤਿਬੰਬਿਤ ਵਸਤਾਂ ਸਥਾਈ ਨਹੀਂ 'ਅਨਿਤ' ਹਨ।
(2) ਸਭ ਪ੍ਰਤਿਬੰਬਿਤ ਵਸਤਾਂ 'ਦੁਖ' ਗ੍ਰਸਤ ਹਨ।
(3) ਸਭ ਪ੍ਰਤਿਬੰਬਿਤ ਵਸਤਾਂ ਆਤਮਨ ਨਹੀਂ 'ਅਨਾਤਮ' ਹਨ।
130. (1) ਜੀਵਨ ਵਿੱਚ ਦੁੱਖ ਹਨ (2) ਦੁੱਖ ਪੈਦਾ ਹੁੰਦੇ ਹਨ (3) ਦੁਖਾਂ ਦਾ ਅੰਤ ਕੀਤਾ ਜਾ ਸਕਦਾ ਹੈ। (4) ਦੁਖਾਂ ਦਾ ਅੰਤ ਕਰਨਾ ਤੇ ਉਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਇਕ ਮਾਰਗ ਹੈ।
131. ਚਾਰ ਅਸੀਮ ਸਦਗੁਣ : (1) ਮ੍ਰਿਤ ਭਾਵਨਾ (ਮੈਤ੍ਰੀ) (2) ਦਯਾ (ਕਰੁਣਾ) (3) ਹਮਦਰਦੀ ਭਰੀ ਖੁਸ਼ੀ (ਮੁਦਿੱਤਾ) (4) ਨਿਰਪੱਖਤਾ (ਉਪੇਕਸ਼ਾ)
132. Encyclopaedia of Religion & Ethics Vol. 3, p. 581

133. ਸਾਹਿਤ ਕੋਸ਼ (ਪੰਜਾਬੀ) ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 183
134. ਪਵਿਤਰ ਬਾਈਬਲ ਅਰਥਾਤ ਪੁਰਾਣਾ ਅਤੇ ਨਵਾਂ ਨੇਮ, ਅ ਵ 2: 7-10
135. R.K. Sunderajan, Religion of man, p. 20
136. ਪਵਿਤਰ ਬਾਈਬਲ ਮਰ 3:14 (ਸੰਤ ਮਰਕਸ)
137. ਪਵਿਤਰ ਬਾਈਬਲ ਕਰ 2:42 (ਚੇਲਿਆਂ ਦੇ ਕਰੱਤਵ)
138. The new Encyclopaedia Britianica Vol. III 15th ed., p., 81
An assembl;y of persons, especially a body assembled for religious worship or habitualily attending a particular church. The word occurs more than 350 times in the king James version of the English bible. As Used on the old testament. It some times means the entire Israllite community, at other times, it means a gathering or assembly or people. In the Roman cotholic church, the word is used in several senses.
139. ਪਵਿਤਰ ਬਾਈਬਲ ਕਰ 5-11 ਰਸੂਲਾਂ ਦੇ ਕਰਤੱਬ
140. Encyclopaedia of Religion & Ethics, P. 618 (The ecclesia was the Ideal congregation of Israel.)
141. ਪਵਿਤਰ ਬਾਈਬਲ ਕਰ 20:28 ਰੋਮ 12:4-5, ਕੁਰਿਥੀਆਂ 12:27-28
142. ਪਵਿਤਰ ਬਾਈਬਲ ਕਰ 41-47
143. Webster's Dictionary of English Language, p. 177
144. Ibid. P. 794
145. ਪਵਿਤਰ ਬਾਈਬਲ ਕਰ 5-15
146. ਪਵਿਤਰ ਬਾਈਬਲ ਮੱਤੀ 28:19-20, ਮਰ 16:15, ਕਰਿ 6:2
147. Patric Hughes, Dictionary of Islam, P. 220
148. ਗੁਰਬਚਨ ਸਿੰਘ ਤਾਲਿਬ, ਸੰਸਾਰ ਦੇ ਕੁਝ ਮੁੱਖ ਧਰਮ, ਪੰ. 142
149. Patric Hughes, Dictionary of Islam, P. 60
150. Ibid, P. 60
151. ਗੁਰਵੰਤ ਸਿੰਘ, ਇਸਲਾਮ ਤੇ ਸੂਫ਼ੀਵਾਦ, ਪੰ. 25
152. Dictionary of Islam, P. 204
153. ਕੁਰਾਨ, ਪੰ. 5

ਅਧਿਆਇ ਦੂਜਾ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਉਦਭਵ

2.1 ਗੁਰੂ ਨਾਨਕ ਬਾਣੀ ਅਰਥਾਤ ਗੁਰਮਤਿ ਸਾਹਿਤ ਵਿਚ 'ਸੰਗਤ' ਸ਼ਬਦ ਅਤੇ ਵਿਕਾਸ।

2.2 ਗੁਰੂ ਨਾਨਕ ਬਾਣੀ ਵਿਚਲੀ ਸੰਗਤ : ਪਰਿਭਾਸ਼ਾ ਤੇ ਸਰੂਪ

2.3 ਗੁਰੂ ਨਾਨਕ ਬਾਣੀ ਵਿਚਲੀ 'ਸੰਗਤ' ਦੇ ਉਦਭਵ ਦੇ ਕਾਰਣ:-

(1) ਮਨੁੱਖੀ ਜੀਵ (2) ਸੱਚ (ਪਰਮਾਤਮਾ) (3) ਗੁਰੂ

(4) ਕਲਯੁਗ (5) ਪੰਜ ਵਿਕਾਰ (6) ਮੁਕਤੀ

(7) ਸਮਾਜਿਕ ਜੀਵਨ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਉਦਭਵ

## 2.1 ਗੁਰੂ ਨਾਨਕ ਬਾਣੀ ਅਰਥਾਤ ਗੁਰਮਤਿ ਸਾਹਿਤ ਵਿਚ 'ਸੰਗਤ' ਸ਼ਬਦ ਅਤੇ ਵਿਕਾਸ

'ਨਾਮ' ਤੋਂ ਬਾਅਦ 'ਸੰਗਤ' ਸ਼ਬਦ ਗੁਰਬਾਣੀ ਦਾ ਅਜਿਹਾ ਸੂਤਰ ਹੈ, ਜਿਹੜਾ ਮਨੁੱਖ ਦੇ ਸਮੁੱਚੇ ਜੀਵਨ (ਭੌਤਿਕ ਤੇ ਪਰਾਭੌਤਿਕ) ਦੀ ਸੋਝੀ ਅਤੇ ਕਲਿਆਣ ਲਈ ਠੋਸ ਆਧਾਰ ਬਣਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਦੇ ਅਰਥ "ਸਭਾ, ਮਜਲਿਸ, ਗੁਰਸਿੱਖਾਂ ਦੇ ਜਮ੍ਹਾ ਹੋਣ ਦੀ ਥਾਂ" ਕੀਤੇ ਹਨ।[1] ਸੰਗਤਿ ਸ਼ਬਦ ਦਾ ਬੋਲਚਾਲ ਵਿੱਚ 'ਸੰਗਤ' ਰੂਪ ਹੈ। 'ਸੰਗਤ' ਸੰਸਕ੍ਰਿਤ ਦੀ 'ਗਮ' ਧਾਤੂ, ਜਿਸ ਦਾ ਅਰਥ 'ਜਾਣਾ' ਹੈ, ਤੋਂ ਬਣਿਆ ਹੈ। ਇਸ ਤੱਥ ਦਾ ਪ੍ਰਮਾਣ ਹੇਠ ਲਿਖੀ ਤੁਕ ਵਿਚ 'ਗਤਿ' ਦੀ ਵਰਤੋਂ ਹੈ:

ਗੁਰਬਚਨੀ ਸਚੁ ਕਾਰ ਕਮਾਵੈ ਗਤਿ ਮਤਿ ਤਬ ਹੀ ਪਾਈ॥[2]

'ਗਤਿ' ਤੋਂ 'ਸਮ' ਉਪਸਰਗ ਲੱਗਣ ਨਾਲ 'ਸੰਗਤਿ' ਸ਼ਬਦ ਬਣਿਆ ਹੈ। ਸੰਗਤਿ ਦਾ ਨਿਰੁਕਤੀ ਮੂਲਕ ਅਰਥ ਹੋਇਆ 'ਚੰਗੀ ਚਾਲ' ਅੰਤਿਮ ਚੰਗੀ ਅਵਸਥਾ (ਭਾਵ ਮੋਖ)। 'ਸੰਗਤਿ' ਸ਼ਬਦ ਦਾ ਨਿਰੁਕਤੀ ਮੂਲਕ ਵਿਕਾਸ ਇਸ ਤਰ੍ਹਾਂ ਦਸਿਆ ਜਾ ਸਕਦਾ ਹੈ:

ਸੰਗਤਿ, ਸਮ+ਗਮ, ਸੰਗ+ਤਿ = ਸੰਗਤਿ

ਗੁਰੂ ਨਾਨਕ ਬਾਣੀ ਵਿਚ 'ਸੰਗਤ' ਸ਼ਬਦ ਨਾਲ ਮੇਲ ਖਾਂਦੇ ਹੇਠ ਲਿਖੇ ਸ਼ਬਦ ਆਏ ਹਨ:

ਸੰਤ ਸਭਾ, ਸਿਖ ਸਭਾ, ਸਤਸੰਗਤਿ, ਸੰਤਾਂ ਸੰਗਤਿ, ਸੰਗਤਿ, ਸਿਖ ਸੰਗਤਿ, ਊਤਮ ਸੰਗਤਿ, ਸਾਧ ਸਭਾ, ਸਾਧਸੰਗਤਿ, ਸੰਤਸੰਗਤਿ ਤੇ ਗੁਰਸੰਗਤਿ।

ਜਿਨ੍ਹਾਂ ਨੂੰ ਅੱਗੇ ਚਾਰ ਕੋਟੀਆਂ ਵਿੱਚ ਰੱਖਿਆ ਜਾ ਸਕਦਾ ਹੈ।

1. ਸੰਤ ਸਭਾ/ਸੰਤਸੰਗਤਿ/ਸੰਤਾਂ ਸੰਗਤਿ/ਸਾਧ ਸਭਾ/ਸਾਧ ਸੰਗਤਿ
2. ਸਿਖ ਸਭਾ/ਸਿਖ ਸੰਗਤਿ
3. ਸੰਤਸੰਗਤਿ/ਊਤਮਸੰਗਤਿ
4. ਗੁਰਸੰਗਤਿ

**1. ਸੰਤ ਸਭਾ/ਸੰਤਸੰਗਤਿ/ਸੰਤਾਂ ਸੰਗਤਿ/ਸਾਧਸਭਾ/ਸਾਧਸੰਗਤਿ** : ਇਹ ਸ਼ਬਦ ਦੋ ਸ਼ਬਦਾਂ ਨੂੰ ਮਿਲ ਕੇ ਬਣੇ ਹਨ। ਜਿਨ੍ਹਾਂ ਵਿੱਚ ਸੰਗਤ ਜਾਂ ਸਭਾ ਸ਼ਬਦ ਸਾਂਝਾ ਹੈ। ਬਾਕੀ ਸੰਤ ਜਾਂ ਸਾਧ ਆਦਿ ਸ਼ਬਦ ਅਜਿਹੇ ਵਿਅਕਤੀਆਂ ਅਥਵਾ ਵਿਅਕਤੀ ਦਾ ਪ੍ਰਤੀਕ ਹੈ, ਜਿਸ ਨੇ ਆਪਣੇ ਆਪ ਨੂੰ ਸਾਧਿਆ ਹੋਇਆ ਹੈ ਅਤੇ ਆਪਣੇ ਵਿਚ ਚੰਗੇ ਅਤੇ ਸਦਾਚਾਰਕ ਗੁਣ ਪੈਦਾ ਕੀਤੇ ਹੋਏ ਹਨ। ਗੁਰੂ ਨਾਨਕ ਬਾਣੀ ਅਨੁਸਾਰ ਸਾਧਸੰਗਤਿ ਅਥਵਾ ਸਾਧਸਭਾ ਅਜਿਹੇ ਸੰਤ ਲੋਕਾਂ ਦਾ ਸਮੂਹ/ਇਕੱਠ ਹੈ ਜਿਥੇ ਪ੍ਰਭੂ ਦੀ ਮਿਹਰ ਨਾਲ ਇਹਨਾਂ ਦਾ ਮਿਲਾਪ ਹੁੰਦਾ ਹੈ ਅਤੇ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ।[3] ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਸਾਧਸੰਗਤਿ ਸ਼ਬਦ ਦੀ ਬਹੁਤ ਵਰਤੋਂ ਕੀਤੀ ਹੈ। ਉਹਨਾਂ ਅਨੁਸਾਰ ਗੁਰਮੁਖਾਂ ਦੀ ਸੰਗਤਿ ਸਾਧਸੰਗਤਿ ਹੈ ਅਤੇ ਸਾਧਸੰਗਤਿ ਹੀ ਸਚਖੰਡ ਹੈ।[4] ਇਸ ਰਾਹੀਂ ਚੌਰਾਸੀ ਦੇ ਗੇੜ ਤੋਂ ਛੁਟਕਾਰਾ ਮਿਲਦਾ ਹੈ[5], ਕਿਉਂਕਿ ਇਸ ਦਾ ਕੇਂਦਰ ਗੁਰੂ ਅਤੇ ਸ਼ਬਦ ਹੈ।[6] ਇਸ ਤਰ੍ਹਾਂ ਭਾਈ ਗੁਰਦਾਸ ਸਾਧਸੰਗਤਿ ਨੂੰ ਸਤਿਗੁਰੂ ਅਤੇ ਸ਼ਬਦ ਦੇ ਗਿਆਨ ਪ੍ਰਸਾਰ ਦਾ ਮਾਧਿਅਮ ਮੰਨਦੇ ਹਨ। ਇਸ ਵਿਚੋਂ ਸਤਿਗੁਰੂ ਦਾ ਸੱਚਾ ਗਿਆਨ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਬਾਣੀ ਅਨੁਸਾਰ ਸਾਧਸੰਗਤਿ ਵਿਚੋਂ ਹਰੀ ਰਸ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰੂ ਦੇ ਮੇਲ ਰਾਹੀਂ ਜਮ ਦੇ ਡਰ ਨੂੰ ਦੂਰ ਕੀਤਾ ਜਾਂਦਾ ਹੈ।[7]

**2. ਸਿਖ ਸਭਾ/ਸਿਖ ਸੰਗਤਿ:** ਸਿਖ ਸਭਾ ਨੂੰ ਗੁਰੂ ਨਾਨਕ ਪੰਥੀਆਂ ਦੀ ਸਭਾ, ਸਾਧੂ ਸੰਗੁ ਕਿਹਾ ਗਿਆ ਹੈ।[8] ਗੁਰੂ ਨਾਨਕ ਬਾਣੀ ਅਨੁਸਾਰ ਸਿਖ ਸਭਾ ਉਹ ਸਭਾ ਹੈ ਜਿਸ ਵਿੱਚ ਸਿੱਖ ਪ੍ਰੇਮ ਸਹਿਤ ਗੁਰੂ ਦੀ ਸਿੱਖਿਆ ਨੂੰ ਅਪਣਾ ਕੇ ਪ੍ਰਭੂ ਦਾ ਸਿਮਰਨ ਕਰਦੇ ਹਨ।[9] ਇਸ ਦੀ ਮੁੱਖ ਪਹਿਚਾਣ ਗੁਰੂ ਦੀ ਮੱਤ ਅਨੁਸਾਰ ਪ੍ਰਭੂ ਨਾਲ ਜੁੜਨਾ ਹੈ।

**3. ਸੰਤਸੰਗਤਿ/ਉੱਤਮ ਸੰਗਤਿ:** ਸੰਤਸੰਗਤਿ ਤੋਂ ਭਾਵ ਅਜਿਹੇ ਲੋਕਾਂ ਦਾ ਸਮੂਹ ਹੈ ਜਿਹੜੇ ਮਨ, ਬਚਨ, ਕਰਮ ਵਿੱਚ ਸੱਚ ਦੇ ਧਾਰਨੀ ਹਨ ਉਹਨਾਂ ਦਾ ਪ੍ਰਭੂ ਨਾਮ ਉਪਰ ਅਟੁੱਟ ਵਿਸ਼ਵਾਸ ਹੁੰਦਾ ਹੈ। ਭਾਈ ਗੁਰਦਾਸ ਅਨੁਸਾਰ ਸਤਸੰਗਤਿ ਵਿਚ ਪ੍ਰਭੂ ਦੀ ਵਿਆਪਕਤਾ ਵਿਸ਼ੇਸ਼ ਰੂਪ ਵਿੱਚ ਪ੍ਰਕਾਸ਼-ਮਾਨ ਹੁੰਦੀ ਹੈ। ਉਹ ਭਾਵੇਂ ਸਭ ਵਿੱਚ ਵਰਤ ਰਿਹਾ ਹੈ ਪਰ ਉਸ ਦੀ ਅਨੁਭੂਤੀ ਸਤਸੰਗਤਿ ਦੁਆਰਾ ਹੀ ਹੁੰਦੀ ਹੈ।[10] ਭਾਈ ਗੁਰਦਾਸ ਅਨੁਸਾਰ ਸਤਸੰਗਤਿ ਵਿੱਚ ਚਾਰੇ ਵਰਨਾ ਦੇ ਲੋਕ ਮਿਲ ਕੇ ਦੈਵੀ ਗੁਣ ਪ੍ਰਾਪਤ ਕਰਦੇ ਹਨ ਅਤੇ ਗੁਰਮੁਖ ਸਮਾਨ ਹੋ ਜਾਂਦੇ ਹਨ।[11] ਗੁਰੂ ਨਾਨਕ ਦਾ ਕਥਨ ਹੈ ਕਿ ਸਤਸੰਗਤਿ ਸੱਚੇ ਪ੍ਰਭੂ ਦੀ ਚਰਚਾ ਤੇ ਸਿਮਰਨ ਕਰਨ ਵਾਲੇ ਸੱਚੇ ਗੁਰਮੁੱਖਾਂ ਦਾ ਸਮੂਹ ਹੈ।[12] ਇਸ ਦਾ ਅਰਥ ਇਹ ਹੈ ਕਿ ਸਤਿਸੰਗਤ ਵਿੱਚ ਜਿਗਿਆਸੂ ਇੱਕਠੇ ਹੋ ਕੇ ਸੱਚ ਦੇ ਨਾਮ ਦੇ ਵਿਚ ਲੀਨ ਹੋ ਜਾਂਦੇ ਹਨ ਤੇ ਸੱਚੇ ਪ੍ਰਭੂ ਦਾ ਅਨੁਭਵ ਕਰਦੇ ਹਨ।

**4. ਗੁਰਸੰਗਤਿ:** ਭਾਈ ਕਾਨ੍ਹ ਸਿੰਘ ਦੇ ਕਥਨ ਅਨੁਸਾਰ ਗੁਰਸੰਗਤਿ ਦੇ ਅਰਥ ਸਤਿਗੁਰੂ ਦੀ ਸੁਹਬਤ ਤੇ ਸਿੱਖ ਸਮਾਜ ਹਨ।[13] ਗੁਰਸੰਗਤਿ ਸਮਾਸੀ-ਸ਼ਬਦ ਰੂਪ ਹੈ। ਭਾਈ ਗੁਰਦਾਸ ਅਨੁਸਾਰ ਗੁਰਸੰਗਤਿ ਸਭ ਤੋਂ ਵੱਡੀ ਕਰਾਮਾਤ ਹੈ[14] ਜੋ ਸਿੱਖ ਦੇ ਜੀਵਨ ਵਿੱਚ ਅਸਚਰਜ ਤਬਦੀਲੀ ਕਰ ਦਿੰਦੀ ਹੈ। ਗੁਰੂ ਨਾਨਕ ਬਾਣੀ ਅਨੁਸਾਰ ਗੁਰਸੰਗਤਿ ਵਿਚੋਂ 'ਕਥਿਆ ਨਾ ਜਾਣ ਵਾਲੇ' ਵਾਹਿਗੁਰੂ ਦੀ ਸੋਝੀ ਹੁੰਦੀ ਹੈ।[15]

ਉਪਰੋਕਤ ਚਾਰ ਕੋਟੀਆਂ ਵਿੱਚ 'ਸੰਗਤ' ਸ਼ਬਦ ਦੇ ਅਰਥ ਭੇਦ ਨੂੰ ਅਸੀਂ ਆਪਣੇ ਅਧਿਐਨ ਤੇ ਸੌਖ ਲਈ ਵੰਡਿਆ ਹੈ ਪ੍ਰੰਤੂ ਆਪਣੇ ਵਿਆਪਕ ਅਰਥਾਂ ਵਿੱਚ ਇਹ ਸ਼ਬਦ ਇਕੋ ਤਰ੍ਹਾਂ ਦੇ ਭਾਵ ਅਰਥ ਨੂੰ ਪ੍ਰਗਟਾਉਂਦੇ ਹਨ, ਕਿਉਂਕਿ ਇਹਨਾਂ ਚਾਰ ਕੋਟੀਆਂ ਵਿੱਚ ਪ੍ਰਵਚਨ, ਕੀਰਤਨ ਅਤੇ ਸਿਮਰਨ ਦੀ ਸਾਂਝ ਹੈ ਜਿਸ ਦਾ ਆਧਾਰ ਗੁਰਬਾਣੀ ਵਿਚ ਪੇਸ਼ ਨਾਮ ਦਾ ਸੰਕਲਪ ਹੈ ਪਰ ਫਿਰ ਵੀ ਅਸੀਂ ਇਹਨਾਂ ਸਮੂਹ ਕੋਟੀਆਂ ਵਿੱਚ ਪੇਸ਼ 'ਸੰਗਤ' ਨਾਲ ਆਏ ਵਿਸ਼ੇਸ਼ਣ ਸ਼ਬਦਾਂ ਦੇ ਆਧਾਰ ਤੇ ਇਹਨਾਂ ਦਾ ਅਰਥ ਨਿਖੇੜ ਕਰ ਸਕਦੇ ਹਾਂ। ਇਹ ਅਰਥ-ਨਿਖੇੜ ਭਾਸ਼ਾ ਦੇ ਸਿਰਫ਼ ਵਿਆਕਰਣਕ ਰੂਪ ਤੱਕ ਸੀਮਤ ਹੈ।

ਗੁਰਬਾਣੀ ਤੋਂ ਇਲਾਵਾ ਭਾਈ ਗੁਰਦਾਸ ਜੀ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਗੋਬਿੰਦ ਜੀ ਤੱਕ ਸਿੱਖ ਸੰਗਤਾਂ ਬਾਰੇ ਵਿਸਥਾਰ ਨਾਲ ਲਿਖਿਆ ਹੈ, ਨੇ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸਿੱਖ-ਸੰਗਤ ਲਈ ਗੁਰਸੰਗਤ, ਸੰਗਤ, ਸਾਧਸੰਗਤਿ, ਸਿਖਸੰਗਤਿ, ਗੁਰਸਭਾ, ਗੁਰਮੁਖ ਪੰਥ ਸ਼ਬਦ ਵਰਤੇ ਹਨ। ਗਿਣਤੀ ਪੱਖੋਂ 'ਸਾਧਸੰਗਤ' ਸ਼ਬਦ ਦੀ ਜ਼ਿਆਦਾ ਵਰਤੋਂ ਕੀਤੀ ਹੈ।

ਸਿੱਖ ਇਤਿਹਾਸਕ ਸੋਮਿਆਂ ਵਿਚ ਗੁਰੂ ਨਾਨਕ ਦੁਆਰਾ ਸਥਾਪਿਤ ਸੰਗਤਾਂ ਦਾ ਇਤਿਹਾਸ ਤੇ ਸਮੇਂ ਸਮੇਂ ਸਿੱਖ-ਸੰਗਤਾਂ ਲਈ ਵਰਤੇ ਗਏ ਨਾਮਕਰਣ ਬਾਰੇ ਹਵਾਲੇ ਮਿਲਦੇ ਹਨ।

ਗਿਆਨੀ ਗਿਆਨ ਸਿੰਘ ਨੇ 'ਤਵਾਰੀਖ ਗੁਰੂ ਖਾਲਸਾ' ਵਿਚ ਸਿੱਖ ਸੰਗਤਾਂ ਲਈ ਆਮ ਕਰਕੇ 'ਸੰਗਤ' ਸ਼ਬਦ ਦੀ ਵਰਤੋਂ ਕੀਤੀ ਹੈ।[16] ਹੁਕਮਨਾਮਿਆਂ ਵਿੱਚ ਗੁਰੂ ਹਰਿਗੋਬਿੰਦ ਜੀ ਨੇ ਸਿੱਖ ਸੰਗਤਾਂ ਲਈ ਸੰਗਤ[17] ਤੇ 'ਖਾਲਸਾ'[18] ਸ਼ਬਦਾਂ ਦੀ ਵਰਤੋਂ ਕੀਤੀ ਹੈ। ਗੁਰੂ ਹਰਿਕ੍ਰਿਸ਼ਨ ਜੀ ਨੇ ਸਿੱਖ ਸੰਗਤਾਂ ਨੂੰ ਸੰਗਤਿ[19] ਸ਼ਬਦ ਨਾਲ ਸੰਬੋਧਨ ਕੀਤਾ ਹੈ। ਗੁਰੂ ਤੇਗ ਬਹਾਦਰ ਜੀ ਨੇ ਸਿੱਖ ਸੰਗਤਾਂ ਲਈ 'ਸੰਗਤ'[20] ਅਤੇ 'ਖਾਲਸਾ'[21] ਦੋਹਾਂ ਸ਼ਬਦਾਂ ਦੀ ਵਰਤੋਂ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ-ਸੰਗਤਾਂ ਨੂੰ ਸੰਗਤ[22] ਤੇ ਖਾਲਸਾ[23] ਸ਼ਬਦਾਂ ਨਾਲ (ਹੁਕਮਨਾਮਿਆਂ ਵਿਚ) ਸੰਬੋਧਨ ਕੀਤਾ ਹੈ। ਮਾਤਾ ਸੁੰਦਰੀ ਜੀ ਨੇ ਸਿੱਖ-ਸੰਗਤਾਂ ਲਈ ਸੰਗਤ[24] ਤੇ ਖਾਲਸਾ[25] ਸ਼ਬਦ ਵਰਤਿਆ ਹੈ। ਬਾਬਾ

ਬੰਦਾ ਸਿੰਘ ਬਹਾਦਰ ਨੇ ਹੁਕਮਨਾਮਿਆਂ ਵਿੱਚ ਖਾਲਸਾ[26] ਅਤੇ ਸੰਗਤ[27] ਦੋਹਾਂ ਸ਼ਬਦਾਂ ਨਾਲ ਸਿੱਖ-ਸੰਗਤਾਂ ਨੂੰ ਸੰਬੋਧਨ ਕੀਤਾ ਹੈ। ਗੁਰੂ ਬਿਲਾਸ ਪਾਤਸ਼ਾਹੀ-10 ਵਿਚ ਲਿਖਾਰੀ ਕੋਇਰ ਸਿੰਘ ਨੇ ਸਿੱਖ-ਸੰਗਤ ਲਈ ਸੰਗਤ[28] ਤੇ ਸਤਿਸੰਗਤ[29] ਸ਼ਬਦ ਦੀ ਵਰਤੋਂ ਕੀਤੀ ਹੈ।

ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਭਾਈ ਸੰਤੋਖ ਸਿੰਘ ਜੀ ਨੇ ਸਿੱਖ-ਸੰਗਤ ਨੂੰ ਸੰਗਤਿ,[30] ਸਤਿਸੰਗਤ[31], ਸਿੱਖਸੰਗਤਿ[32], ਗੁਰਸੰਗਤੀ[33], ਖਾਲਸਾ ਪੰਥ[34], ਸੰਗਤਾਂ[35] ਕਰਕੇ ਲਿਖਿਆ ਹੈ।

ਗੁਰੂ ਬਿਲਾਸ ਪਾਤਸ਼ਾਹੀ-10 (ਸੁਖਾ ਸਿੰਘ) ਵਿਚ ਸਿੱਖ-ਸੰਗਤ ਨੂੰ ਸਾਧਸੰਗਤਿ[36] ਲਿਖਿਆ ਗਿਆ ਹੈ।

ਗੁਰ ਬਿਲਾਸ ਪਾਤਸ਼ਾਹੀ-6 ਕ੍ਰਿਤ ਕਵੀ ਸੋਹਨ ਸਿੰਘ ਵਿਚ ਸਿੱਖ-ਸੰਗਤਾਂ ਲਈ ਸੰਗਤ[37] ਤੇ ਸਤਿਸੰਗਤ[38] ਸ਼ਬਦ ਆਏ ਹਨ।

ਰਹਿਤਨਾਮਾ ਭਾਈ ਨੰਦ ਲਾਲ ਵਿੱਚ ਸਿੱਖ-ਸੰਗਤਾਂ ਲਈ ਸਤਿਸੰਗ[39] ਤੇ ਸੰਗਤਿ[40] ਵਰਤੇ ਗਏ ਹਨ। ਰਹਿਤਨਾਮਾ ਹਜ਼ੂਰੀ ਭਾਈ ਚਉਪਾ ਸਿੰਘ ਛਿਬਰ ਵਿਚ ਸਿੱਖ ਸੰਗਤਾਂ ਨੂੰ ਸਿੱਖ-ਸੰਗਤ[41], ਧਰਮਸਾਲ[42], ਸਾਧਸੰਗਤ[43], ਸਤਿਸੰਗਤ[45] ਕਰਕੇ ਲਿਖਿਆ ਹੈ। ਰਹਿਤਨਾਮਾ ਭਾਈ ਦੇਸਾ ਸਿੰਘ ਵਿਚ ਖਾਲਸਾ[46] ਨਾਲ ਸਿੱਖ-ਸੰਗਤ ਨੂੰ ਸੰਬੋਧਨ ਕੀਤਾ ਗਿਆ ਹੈ। ਰਹਿਤ-ਨਾਮਾ ਪ੍ਰੇਮ ਸੁਮਾਰਗ (ਅਗਿਆਤ) ਵਿਚ ਸਿੱਖ-ਸੰਗਤ ਨੂੰ ਸੰਗਤ[47] ਕਰਕੇ ਲਿਖਿਆ ਹੈ। ਰਹਿਤਨਾਮਾ ਭਾਈ ਸਾਹਿਬ ਸਿੰਘ ਵਿੱਚ ਸੰਗਤ ਨੂੰ ਸੰਗਤਿ[48] ਤੇ ਖਾਲਸਾ[49] ਕਿਹਾ ਗਿਆ ਹੈ। ਮੁਕਤੀਨਾਮਾ ਸਹਿਜਧਾਰੀਆਂ ਦਾ ਵਿਚ ਸਾਧਸੰਗਤਿ[50] ਤੇ ਸਰਬਲੋਹ ਵਿਚ 'ਖਾਲਸਾ'[51] ਸ਼ਬਦ ਨੂੰ ਸਿੱਖ-ਸੰਗਤਾਂ ਦੇ ਲਖਾਇਕ ਵਜੋਂ ਵਰਤਿਆ ਗਿਆ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਸਿੱਖਸੰਗਤ ਨੂੰ ਸੰਗਤ[52] ਸਿੱਖ ਸਭਾ[53] ਸਾਧਸੰਗਤ[54], ਸਾਧਸੰਗਤਿ[55], ਸਤਿਸੰਗਤ[56], ਸੰਤਸਭਾ[57] ਅਤੇ ਗੁਰਸੰਗਤਿ[58] ਕਿਹਾ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ ਸਤਿਸੰਗਤ[59], ਸਾਧਸੰਗਤਿ[60] ਤੇ ਗੁਰਸੰਗਤ[61] ਸਿੱਖ-ਸੰਗਤ ਦੇ ਹੀ ਲਖਾਇਕ ਸ਼ਬਦ ਹਨ।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ (ਛੇ ਗੁਰੂਆਂ) ਤੇ ਭਾਈ ਗੁਰਦਾਸ ਦੁਆਰਾ ਸੰਗਤ ਅਤੇ ਇਸ ਨਾਲ ਮਿਲਦੇ ਗੁਰਬਾਣੀ ਤੇ ਵਾਰਾਂ ਵਿਚ ਵਰਤੇ ਸ਼ਬਦਾਂ ਦਾ ਅੱਗੇ ਇਕ ਚਾਰਟ ਦਿੱਤਾ ਹੈ:

| ਸ਼ਬਦ<br>1 | ਗੁਰੂ ਨਾਨਕ ਬਾਣੀ<br>2 | ਗੁਰੂ ਅੰਗਦ ਸਾਹਿਬ ਦੀ ਬਾਣੀ<br>3 | ਗੁਰੂ ਅਮਰਦਾਸ ਜੀ ਦੀ ਬਾਣੀ<br>4 | ਗੁਰੂ ਰਾਮਦਾਸ ਜੀ ਦੀ ਬਾਣੀ<br>5 | ਗੁਰੂ ਅਰਜਨ ਦੇਵ ਜੀ ਦੀ ਬਾਣੀ<br>6 | ਗੁਰੂ ਤੇਗ ਬਹਾਦਰ ਜੀ ਦੀ ਬਾਣੀ<br>7 | ਭਾਈ ਗੁਰਦਾਸ ਦੀਆਂ ਵਾਰਾਂ<br>8 |
|---|---|---|---|---|---|---|---|
| 1 ਸੰਤ ਸਭਾ | 3 | — | — | — | 5 | — | — |
| 2 ਸੰਗਤਿ | 26 | — | 9 | 49 | 13 | 1 | 16 |
| 3 ਸਤਸੰਗਤਿ | 9 | 1 | 24 | 59 | 10 | — | — |
| 4 ਸੰਤ ਸੰਗਿ | 1 | — | — | — | — | — | — |
| 5 ਸੰਤ ਸੰਗਤੀ | — | — | — | 1 | — | — | — |
| 6 ਗੁਰ ਸੰਗਤਿ | 2 | — | — | 1 | — | — | 1 |
| 7 ਸਤਿਗੁਰ ਸੰਗਤਿ | — | — | — | 1 | — | — | — |
| 8 ਸਿਖ ਸੰਗਤਿ | 1 | — | — | — | — | — | 1 |

| | | | | | | | |
|---|---|---|---|---|---|---|---|
| 9 ਉਤਮ ਸੰਗਤਿ | 2 | — | — | — | — | — | — |
| 10 ਸਾਧ ਸਭਾ | 1 | — | — | — | — | — | — |
| 11 ਸੰਤਾ ਕੀ ਸੰਗਤਿ | 1 | — | — | — | — | — | — |
| 12 ਸਾਧ ਸੰਗਤਿ | 2 | — | 1 | 4 | 77 | — | 215 |
| 13 ਸਾਧੂ ਸੰਗਤਿ | — | — | 1 | 1 | 14 | — | — |
| 14 ਸਾਧੂ ਸੰਗਿ | 1 | — | — | 4 | 54 | — | 4 |
| 15 ਸਿਧ ਸਭਾ | 1 | — | — | — | — | — | — |
| 16 ਸਾਚੀ ਸੰਗਤ/ ਸਚ ਸੰਗਤਿ | 1 | — | 1 | — | — | — | — |
| 17 ਗੁਰ ਕੈ ਸੰਗਿ | 2 | — | — | — | 1 | — | — |
| 18 ਦੂਤ ਸੰਗਤਿ | 1 | — | — | — | — | — | — |
| 19 ਗੁਰ ਸੰਗਿ | 1 | — | — | — | 1 | — | — |
| 20 ਸਤਿਸੰਗ | — | — | — | 1 | 9 | — | 11 |
| 21 ਸਤਸੰਗ | — | — | — | 1 | 2 | — | — |
| 22 ਸੰਗਤੀ | 1 | 1 | — | 4 | — | — | 1 |
| 23 ਸੰਤ ਸੰਗਤੀ | — | — | 2 | — | 2 | — | — |
| 24 ਸਾਧ ਸੰਗਤੀ | — | — | 1 | 1 | — | — | — |
| 25 ਸਤਸੰਗਤੀ | — | — | 1 | 2 | — | — | — |
| 26 ਸੰਤ ਸੰਗਤਿ | — | — | 1 | 4 | 5 | — | — |
| 27 ਸਤਿਗੁਰੂ ਸੰਗਿ | — | — | 2 | — | — | — | — |
| 28 ਗੁਰਸੰਗਤੀ | — | — | — | 1 | — | — | — |
| 29 ਸੰਤਸੰਗਿ | — | — | — | 1 | 47 | — | — |
| 30 ਸਾਧਸੰਗਿ | — | — | — | 1 | 185 | — | 42 |
| 31 ਪ੍ਰਭ ਸੰਗਤ | — | — | — | 1 | — | — | — |
| 32 ਸਾਧਸੰਗਤੀ | — | — | — | — | 2 | 1 | — |
| 33 ਸਾਧ ਸੰਗੇਣਿ | — | — | — | — | 1 | — | — |
| 34 ਸਾਧ ਕੀ ਸੰਗਤਿ | — | — | — | — | 1 | — | — |
| 35 ਸਾਧ ਕੈ ਸੰਗਿ | — | — | — | — | 52 | — | — |
| 36 ਸਾਧ ਕਾ ਸੰਗਿ | — | — | — | — | 1 | — | — |
| 37 ਸੰਤ ਕੈ ਸੰਗਿ | — | — | — | — | 1 | — | — |
| 38 ਸੰਤਨ ਕੈ ਸੰਗਿ | — | — | — | — | 1 | — | — |
| 39 ਸਾਧ ਸੰਗੇ | — | — | — | — | 6 | — | — |
| 40 ਸਾਧ ਸੰਗਮ | — | — | — | — | 2 | — | — |
| 41 ਸਾਧੂ ਸੰਗੇ | — | — | — | — | 2 | — | — |

| | | | | | | | |
|---|---|---|---|---|---|---|---|
| 42 ਸੰਤ ਸੰਗਿ | – | – | – | – | 4 | – | – |
| 43 ਦਾਸੀ ਸੰਗਤ | – | – | – | – | 1 | – | – |
| 44 ਸੰਤ ਮੰਡਲ | – | – | – | – | 1 | – | – |
| 45 ਸੰਤਸੰਗੇ | – | – | – | – | 1 | – | – |
| 46 ਸਾਧ ਸੰਗਤੀ | – | – | – | – | – | – | 1 |
| 47 ਗੁਰਮੁੱਖ ਪੰਥ | – | – | – | – | – | – | 20 |
| 48 ਗੁਰਪੰਥ | – | – | – | – | – | – | 1 |

ਗੁਰੂ ਨਾਨਕ ਬਾਣੀ ਵਿੱਚ 'ਸੰਗਤਿ' ਸ਼ਬਦ 26 ਵਾਰ ਵਰਤਿਆ ਗਿਆ ਹੈ ਜਿਸ ਵਿਚੋਂ 4 ਵਾਰ 'ਸੰਗਤ' ਸ਼ਬਦ 'ਸਾਥ' ਦੇ ਅਰਥਾਂ ਵਿਚ ਆਇਆ ਹੈ ਅਤੇ 22 ਵਾਰ 'ਸਤਸੰਗਤਿ' ਲਈ ਵਰਤਿਆ ਹੈ।

ਗੁਰੂ ਰਾਮਦਾਸ ਜੀ ਨੇ ਇੱਕਲਾ 'ਸੰਗਤਿ' ਸ਼ਬਦ ਆਪਣੀ ਬਾਣੀ ਵਿੱਚ 47 ਵਾਰ ਵਰਤਿਆ ਹੈ ਜਿਸ ਵਿੱਚੋਂ ਤਿੰਨ ਬਿਖੈ, ਸੁਆਨ ਤੇ ਨੀਚ ਦੀ ਸੰਗਤ ਤੇ ਬਾਕੀ ਸਤਿਸੰਗਤਿ ਦੇ ਸੰਦਰਭ ਵਿਚ ਵਰਤਿਆ ਗਿਆ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਸੰਗਤ ਸ਼ਬਦ 13 ਵਾਰ ਆਇਆ ਹੈ ਜਿਸ ਵਿੱਚੋਂ ਦੋ ਵਾਰ 'ਸਾਥ' ਤੇ 11 ਵਾਰ ਸਤਿਸੰਗਤ ਦਾ ਲਖਾਇਕ ਹੈ।

ਨੌਵੀਂ ਪਾਤਸ਼ਾਹੀ ਨੇ ਬਾਣੀ ਵਿਚ ਇਕ ਵਾਰ 'ਸੰਗਤ' ਸ਼ਬਦ 'ਸੰਗਤ ਦੁਰਜਨ ਕੀ' ਕਰਕੇ ਵਰਤਿਆ ਹੈ।

ਭਾਈ ਗੁਰਦਾਸ ਨੇ 'ਸੰਗਤ' ਸ਼ਬਦ ਦੀ ਵਾਰਾਂ ਵਿੱਚ 16 ਵਾਰ ਵਰਤੋਂ ਕੀਤੀ ਹੈ ਜਿਸ ਵਿੱਚ 10 ਵਾਰ ਵਰਤੇ ਸ਼ਬਦ ਦਾ ਭਾਵ 'ਸਤਸੰਗਤਿ' ਹੈ।

ਗੁਰੂ ਅਰਜਨ ਦੇਵ ਜੀ ਨੇ ਸੰਗਤ ਦੇ ਸੰਦਰਭ ਵਿੱਚ ਸਭ ਤੋਂ ਜ਼ਿਆਦਾ 'ਸਾਧਸੰਗਤ' ਸ਼ਬਦ ਦੀ ਵਰਤੋਂ ਕੀਤੀ ਹੈ। ਭਾਈ ਗੁਰਦਾਸ ਜਿਹਨਾਂ ਦੀਆਂ ਵਾਰਾਂ ਦਾ ਰਚਨਾ ਕਾਲ ਗੁਰੂ ਅਰਜਨ ਦੇਵ ਜੀ ਦੇ ਸਮੇਂ ਦਾ ਹੀ ਹੈ, ਨੇ ਵੀ ਆਪਣੀਆਂ ਵਾਰਾਂ ਵਿਚ 'ਸਿੱਖ ਸੰਗਤ' ਲਈ 'ਸਾਧ ਸੰਗਤਿ' ਦੀ ਸਭ ਤੋਂ ਜ਼ਿਆਦਾ ਵਰਤੋਂ ਕੀਤੀ ਹੈ। ਇਸ ਤੋਂ ਸਪੱਸ਼ਟ ਹੈ ਕਿ 'ਸਿੱਖ-ਸੰਗਤ' ਨੂੰ ਗੁਰੂ ਅਰਜਨ ਦੇਵ ਜੀ ਦੇ ਸਮੇਂ 'ਸਾਧ-ਸੰਗਤਿ' ਕਿਹਾ ਜਾਣ ਲਗ ਪਿਆ ਸੀ। ਅੱਜ ਦੇ ਜ਼ਮਾਨੇ ਵਿੱਚ ਸਿੱਖ-ਸੰਗਤ ਨੂੰ ਸਾਧਸੰਗਤ ਕਿਹਾ ਜਾਂਦਾ ਹੈ।[62]

ਗੁਰੂ ਨਾਨਕ ਬਾਣੀ ਵਿੱਚ ਵਰਣਤ ਸਤਿਸੰਗਤ ਅਤੇ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਸੰਗਤਾਂ ਲਈ ਗੁਰਬਾਣੀ ਵਿੱਚ ਸੰਤਸਭਾ, ਸਿਖ ਸਭਾ, ਸਤਿਸੰਗਤਿ, ਸੰਤ ਸੰਗਤਿ, ਸੰਗਤਿ, ਸਿਖ ਸੰਗਤਿ, ਉਤਮ ਸੰਗਤਿ, ਸਾਧ ਸਭਾ, ਸਾਧ ਸੰਗਤਿ, ਸੰਤਸੰਗਤਿ ਤੇ ਗੁਰਸੰਗਤਿ ਸ਼ਬਦ ਵਰਤੇ ਗਏ ਹਨ। ਸਿੱਖ ਇਤਿਹਾਸਕ ਸੋਮਿਆਂ ਵਿੱਚ ਵੀ ਸਿੱਖ-ਸੰਗਤਾਂ ਲਈ ਇਹਨਾਂ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਅਸੀਂ ਗੁਰੂ ਨਾਨਕ ਬਾਣੀ ਵਿਚ ਜਦੋਂ ਸੰਗਤ ਸ਼ਬਦ ਤੇ ਵਿਚਾਰ ਕਰਦੇ ਹਾਂ ਤਾਂ ਸਾਡੇ ਲਈ 'ਸਾਧਸੰਗਤ' ਹੀ ਕੇਂਦਰੀ ਸ਼ਬਦ ਹੈ। ਅਜੋਕੇ ਸਮੇਂ ਵਿਚ ਸਿੱਖ-ਸੰਗਤਾਂ ਨੂੰ ਇਸੇ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ।

## 2.2 ਗੁਰੂ ਨਾਨਕ ਬਾਣੀ ਵਿਚਲੀ ਸੰਗਤ : ਪਰਿਭਾਸ਼ਾ ਤੇ ਸਰੂਪ

ਗੁਰੂ ਨਾਨਕ ਬਾਣੀ ਅਨੁਸਾਰ ਸੱਚ ਇਕ ਹੈ, ਸੱਚ ਦੀ ਪ੍ਰਾਪਤੀ ਦਾ ਸਾਧਨ ਇਕੋ ਹੈ ਉਸ ਦੀ ਹੋਂਦ ਦਾ ਅਹਿਸਾਸ-ਸੱਚੀ ਹੋਂਦ (ਸਤਿਨਾਮ) ਦਾ ਅਹਿਸਾਸ ਹੀ 'ਨਾਮ' ਹੈ, ਜਿਸ ਦੇ ਆਧਾਰ ਤੇ ਗੁਰੂ ਨਾਨਕ ਦੇਵ ਨੇ ਸੰਗਤ ਦੀ ਨੀਂਹ ਰੱਖੀ। ਗੁਰੂ ਨਾਨਕ ਬਾਣੀ ਵਿੱਚ 'ਸੰਗਤ' ਦਾ ਭਾਵ ਸਤਸੰਗਤਿ[63] ਹੈ, ਜਿਸ ਦਾ ਅਰਥ ਉਤਮ ਸੰਗਤ, ਨੇਕ ਸੁਹਬਤ, ਸੰਤਾਂ

ਅਤੇ ਭਲੇ ਲੋਕਾਂ ਦੀ ਸੰਗਤ ਹੈ। ਗੁਰੂ ਨਾਨਕ ਨੇ ਸਤਸੰਗਤਿ ਦੀ ਪਰਭਿਾਸ਼ਾ ਦਿੰਦਿਆਂ ਇਹ ਗੱਲ ਸਪੱਸ਼ਟ ਰੂਪ ਵਿੱਚ ਕਹਿ ਦਿੱਤੀ ਹੈ ਕਿ ਕੇਵਲ ਨਾਮ ਅਭਿਆਸ ਲਈ ਜੁੜੇ ਗੁਰਮੁੱਖ ਜਨਾਂ ਦੀ ਇੱਕਤ੍ਰਤਾ ਨੂੰ ਹੀ ਸਾਧਸੰਗਤਿ ਜਾਂ ਸਤਸੰਗਤਿ ਕਿਹਾ ਜਾ ਸਕਦਾ ਹੈ।[64] ਉਤਮ ਸੰਗਤ ਵਿਚ ਤਨ ਮਨ ਅਰਪਣ ਕਰਕੇ ਸਤਿਗੁਰੂ ਦੇ ਭਾਣੇ ਵਿਚ ਵਿਚਰਨ ਨਾਲ ਸਹਿਜੇ ਹੀ ਹਰਿਨਾਮ ਉਪਜ ਆਉਂਦਾ ਹੈ, ਫਿਰ ਜੀਵ ਉਸ ਪ੍ਰਭੂ ਵਿਚ ਹੀ ਲੀਨ ਹੋ ਜਾਂਦਾ ਹੈ, ਪਰ ਐਸੀ ਸੰਗਤ ਮਾਲਕ ਦੀ ਅਪਾਰ ਦਇਆ ਕਰਕੇ ਹੀ ਪ੍ਰਾਪਤ ਹੁੰਦੀ ਹੈ।[65] ਸੰਗਤ ਵਿੱਚ ਆ ਕੇ ਹਰੀ ਦੀ ਕੀਰਤੀ ਕਰਨਾ ਉਤਮ ਕਰਮ ਹੈ ਪਰ ਜਿਸ ਦੇ ਮੱਥੇ ਤੇ ਧੁਰੋਂ ਹੀ ਲਿਖਿਆ ਹੋਵੇ, ਉਸ ਨੂੰ ਹੀ ਇਸ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਨਾਨਕ ਬਾਣੀ ਅੰਦਰ ਐਸੀ ਸੰਗਤ ਦੇ ਮਿਲਾਪ ਦੁਆਰਾ ਹਰੀ ਦੇ ਗੁਣ ਪ੍ਰੇਮ ਨਾਲ ਗਾਉਣ ਦਾ ਉਪਦੇਸ਼ ਅਨੇਕ ਥਾਈਂ ਮਿਲਦਾ ਹੈ।[66] ਸੰਗਤ ਅਜਿਹੇ ਲੋਕਾਂ ਦਾ ਸੰਗਠਨ ਜਾਂ ਜੱਥਾ ਹੈ ਜਿਨ੍ਹਾਂ ਵਿਚ ਕੁਝ ਸੱਚੇ ਸਿੱਖ ਹਨ, ਕੁਝ ਸੱਚੇ ਸਿੱਖ ਬਨਣ ਦਾ ਯਤਨ ਕਰ ਰਹੇ ਹੁੰਦੇ ਹਨ ਅਤੇ ਕੁਝ ਹੋਰ ਕੇਵਲ ਨਵੇਂ ਆਏ ਸਿਖਾਂਦਰੂ ਹੀ ਹੁੰਦੇ ਹਨ ਪਰ ਜਦੋਂ ਇਹ ਸੰਗਤ ਇੱਕਠੀ ਹੋ ਜਾਂਦੀ ਹੈ ਤਾਂ, ਕਿਉਂਕਿ ਇਹ ਕੇਵਲ ਪ੍ਰਭੂ ਨਾਮ ਉਪਰ ਹੀ ਇਕਾਗਰ ਚਿਤ ਹੁੰਦੀ ਹੈ, ਇਸ ਵਿਚ ਸੱਚੇ ਗੁਰੂ ਦੀ ਆਤਮਾ ਵਸ ਜਾਂਦੀ ਹੈ।

ਇਕ ਆਮ ਇੱਕਤਰਤਾ ਜਾਂ ਦੀਵਾਨ ਨੂੰ, ਜਿਸ ਵਿਚ ਸ਼ਾਮਿਲ ਹੋਣ ਵਾਲਿਆਂ ਦਾ ਮੰਤਵ 'ਨਾਮ' ਉਤੇ ਇਕਾਗਰ ਚਿਤ ਹੋਣਾ ਨਹੀਂ ਹੁੰਦਾ, ਸਾਧਸੰਗਤ ਜਾਂ ਸਤਿਸੰਗਤ ਨਹੀਂ ਆਖਿਆ ਜਾ ਸਕਦਾ।

ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਜੋ ਸਰੂਪ ਵਿਦਮਾਨ ਹੁੰਦਾ ਹੈ ਉਹ ਇਸ ਤਰ੍ਹਾਂ ਹੈ:

1. ਇੱਕ ਤੋਂ ਵੱਧ ਸਿੱਖਾਂ ਦੇ ਇੱਕਠ ਨੂੰ 'ਸੰਗਤ' ਕਿਹਾ ਗਿਆ ਹੈ:

*ਸਿਖ ਸਭਾ ਦੀਖਿਆ ਕਾ ਭਾਉ॥*[67]

ਭਾਈ ਗੁਰਦਾਸ ਵੀ ਆਪਣੀਆਂ ਵਾਰਾਂ ਵਿੱਚ ਇਸ ਦੀ ਪ੍ਰੋੜਤਾ ਕਰਦੇ ਹਨ।[68]

2. ਸੰਗਤ ਪਰਮਾਤਮਾ ਦੇ ਨਾਮ ਤੇ ਆਧਾਰਿਤ ਹੈ:

*ਸਤਿਸੰਗਤ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥*[69]

ਗੁਰੂ ਨਾਨਕ ਦੇ ਪ੍ਰਕਾਸ਼ ਦਾ ਮੂਲ ਮਨੋਰਥ ਤੇ ਆਸ਼ਾ ਹੀ ਸ਼ਬਦ (ਨਾਮ) ਤੇ ਆਧਾਰਿਤ ਸੰਗਤਾਂ ਦੀ ਸਥਾਪਨਾ ਕਰਨਾ ਸੀ।[70] ਆਪਣੇ ਦੈਵੀ ਸੁਭਾਅ ਅਨੁਸਾਰ ਸੰਗਤ ਸੱਚੇ ਦੇ ਸਦੀਵੀ ਗਿਆਨ (ਸ਼ਬਦ) ਤੇ ਆਸ਼ਰਿਤ ਹੋਣ ਕਰਕੇ ਸਦੀਵੀ ਅਮਰ ਤੇ ਨਿਹਚਲ ਹੈ।[71]

3. ਸੰਗਤ ਨੂੰ ਸਾਧਸੰਗਤਿ, ਗੁਰਸੰਗਤਿ, ਸਤਿਸੰਗਤ, ਗੁਰਮਤਿ ਪੰਥ, ਸਿਖ ਸੰਗਤ, ਸਿਖ ਸਭਾ, ਸੰਤ ਸਭਾ ਨਾਵਾਂ ਨਾਲ ਬਿਆਨਿਆ ਗਿਆ ਹੈ।

4. ਸੰਗਤ ਵਿਚ ਪਰਮੇਸ਼ਰ ਦਾ ਸਥਾਨ ਮੰਨਿਆ ਗਿਆ ਹੈ:

*ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ॥*[72]

ਨਿਰੰਕਾਰ ਗੁਰੂ ਰੂਪ ਹੋ ਕੇ ਸੰਗਤ ਵਿਚ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ।[73]

5. ਸਤਿਗੁਰੂ ਜਾਂ ਸ਼ਬਦ ਦਾ ਗਿਆਨ 'ਸੰਗਤ' ਵਿਚੋਂ ਹੀ ਮਿਲਦਾ ਹੈ। 'ਸੰਗਤ' ਵਿਚ ਸਿੱਖ ਗੁਰੂ ਦੀ ਸਿਖਿਆ ਨੂੰ ਅਮਲੀ ਰੂਪ ਵਿਚ ਕਮਾਉਂਦਾ ਹੈ:

ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ॥[74]

ਜਦੋਂ ਇਹ ਕਿਹਾ ਜਾਂਦਾ ਹੈ ਕਿ ਸਤਿਗੁਰੂ ਜਾਂ ਸ਼ਬਦ ਦਾ ਗਿਆਨ ਸਤਿਸੰਗਤ ਵਿੱਚੋਂ ਹੀ ਪ੍ਰਾਪਤ ਹੁੰਦਾ ਹੈ ਤਾਂ ਮਤਲਬ ਇਹ ਹੁੰਦਾ ਹੈ ਕਿ ਉਥੇ ਗਿਆਨ ਪੜ੍ਹਾਇਆ ਹੀ ਨਹੀਂ ਜਾਂਦਾ ਸਗੋਂ ਸਿਖਾਇਆ ਵੀ ਜਾਂਦਾ ਹੈ। ਇਹਨਾਂ ਅਰਥਾਂ ਵਿਚ 'ਸੰਗਤ' ਨੂੰ ਧਰਮਪਾਲ ਅਰਥਾਤ ਧਰਮ ਕਮਾਉਣ ਦਾ ਸਥਾਨ ਵੀ ਕਿਹਾ ਜਾਂਦਾ ਹੈ।[75]

6. ਇਸ ਦਾ ਖੇਤਰ ਬਹੁੱਤ ਵਿਸ਼ਾਲ ਹੈ:

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥*[76]

ਸਾਧਸੰਗਤ ਦੀ ਵਿਸ਼ਾਲਤਾ ਗੁਰੂ ਨਾਨਕ ਸੰਬੰਧੀ ਪ੍ਰਚਲਿਤ ਇਸੇ ਧਾਰਨਾ ਤੋਂ ਹੀ ਸਪੱਸ਼ਟ ਹੋ ਜਾਂਦੀ ਹੈ:

*ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ॥*

*ਗੁਰਮੁਖਿ ਕਲਿ ਵਿਚ ਪਰਗਾਟੁ ਹੋਆ॥*[77]

7. ਸਿੱਖ ਸੰਸਾਰਕ ਨਾਤਿਆਂ ਨੂੰ ਤਰਜੀਹ ਨਾ ਦਿੰਦਾ ਹੋਇਆ ਸੰਗਤ ਰਾਹੀਂ ਸਿੱਖਾਂ ਨਾਲ ਜੁੜ ਜਾਂਦਾ ਹੈ:

ਅਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥[78]

ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ॥[79]

ਭਾਈ ਗੁਰਦਾਸ ਨੇ ਵੀ ਗੁਰਸਿੱਖਾਂ ਦਾ ਮਾਰਗ ਇਸ ਤਰ੍ਹਾਂ ਚਿਤਰਿਆ ਹੈ ਜਿਸ ਤੋਂ ਪਹਿਲਾਂ ਪ੍ਰਚਲਿਤ ਸੰਸਥਾਵਾਂ ਅਤੇ ਰਿਸ਼ਤਿਆਂ ਨੂੰ ਨਵੇਂ ਰੂਪ ਵਿਚ ਗ੍ਰਹਿਣ ਕਰ ਲੈਣ ਦੀ ਪ੍ਰੇਰਣਾ ਦਾ ਸਪੱਸ਼ਟ ਪਤਾ ਚਲਦਾ ਹੈ:

ਗੁਰਮੁਖਿ ਸੇਵਾ ਗੁਰ ਸਿਖਾ ਗੁਰ ਸਿਖ ਮਾ ਪਿਉ ਭਾਈ ਮਿਤਾ॥[80]

8. ਸੰਗਤ ਵਿਚ ਆ ਕੇ ਸਾਰੇ ਵਰਨ ਇੱਕ ਹੋ ਜਾਂਦੇ ਹਨ:

ਚਾਰਿ ਵਰਨ ਗੁਰਸਿਖ ਮਿਲਿ ਸਾਧਸੰਗਤਿ ਵਿਚਿ ਅਨਹਦ ਵਾਜੇ॥ [81]

ਗੁਰਮੁਖਿ ਵਰਨ ਅਵਰਨ ਹੋਇ ਦਰਸਨੁ ਨਾਉਂ ਪੰਥ ਸੁਖ ਸਾਜੇ॥

9. ਸੰਗਤ ਗ੍ਰਹਿਸਤ ਧਰਮ ਨੂੰ ਪ੍ਰਵਾਨ ਕਰਦੀ ਹੈ। ਦੂਜੇ ਮੱਤਾਂ ਦੇ ਟਾਕਰੇ ਤੇ ਗ੍ਰਹਿਸਤ ਧਰਮ ਨੂੰ ਪ੍ਰਵਾਨ ਕਰਨਾ ਸਾਧਸੰਗਤਿ ਦਾ ਇੱਕ ਵਿਸ਼ੇਸ਼ ਲੱਛਣ ਹੈ।[82]

10. ਸੰਗਤ ਪਾਰਸ ਸਮਾਨ ਹੈ। ਜਿਵੇਂ ਪਾਰਸ ਲੋਹੇ ਨੂੰ ਸੋਨੇ ਵਿਚ ਬਦਲ ਦਿੰਦਾ ਹੈ, ਤਿਵੇਂ ਪਤਿਤ ਮਨੁੱਖ ਗੁਰੂ ਅਤੇ ਸੰਤ ਜਨਾਂ ਦੀ ਸੰਗਤ ਵਿਚ ਗੁਰਮਤਿ ਰਾਹੀਂ ਸ਼ੁੱਧ ਤੇ ਪਵਿੱਤਰ ਹੋ ਜਾਂਦੇ ਹਨ। ਜਿਵੇਂ ਲੱਕੜ ਦੀ ਸੰਗਤ ਕਰਕੇ ਲੋਹਾ ਵੀ ਤਰ ਜਾਂਦਾ ਹੈ, ਤਿਵੇਂ ਸੰਗਤ ਵਿਚ ਪਾਪੀ ਮਨੁੱਖ ਵੀ ਤਰ ਜਾਂਦੇ ਹਨ। ਸੰਗਤ ਵਿਚ ਸਭ ਔਗੁਣ ਵਿਨਾਸ਼ ਹੋ ਜਾਂਦੇ ਹਨ, ਪੰਚ ਚੋਰਾਂ ਤੋਂ ਖਲਾਸੀ ਹੋ ਜਾਂਦੀ ਹੈ, ਜਨਮ ਮਰਨ ਦੀ ਹਉਮੈ ਦੀ ਮੈਲ ਕੱਟੀ ਜਾਂਦੀ ਹੈ, ਦਸ ਇੰਦਰੇ ਵਸ ਵਿਚ ਆ ਜਾਂਦੇ ਹਨ, ਤਿੰਨਾਂ ਗੁਣਾਂ ਤੋਂ ਛੁਟਕਾਰਾ ਹੋ ਜਾਂਦਾ ਹੈ ਤੇ ਜਨਮ ਮਰਨ ਦਾ ਫੇਰ ਮੁੱਕ ਜਾਂਦਾ ਹੈ:

ਪਾਰਸੁ ਭੇਟਿ ਕੰਚਨੁ ਧਾਤੁ ਹੋਈ
ਸਤਸੰਗਤਿ ਕੀ ਵਡਿਆਈ॥[83]
ਸਤ ਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ
ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ॥[84]

ਭਾਈ ਗੁਰਦਾਸ ਨੇ ਸੰਗਤ ਨੂੰ ਚੰਦਨ ਦੇ ਬ੍ਰਿਛ ਨਾਲ ਉਪਮਾਇਆ ਹੈ:

ਚੰਦਨ ਵਾਸ ਵਣਾਸਪਤਿ ਅਫਲ ਸਫਲ ਚੰਦਨ ਮਹਿਕਾਏ॥[85]

11. ਸੰਗਤ ਵਿਚ ਮਨ ਦੀ ਮੈਲ ਧੁਲਦੀ ਹੈ, ਅਗਿਆਨਤਾ ਦਾ ਅੰਨੇਰਾ ਦੂਰ ਹੁੰਦਾ ਹੈ, ਗਿਆਨ ਅਤੇ ਬਿਬੇਕ ਬੁੱਧ ਦਾ ਪ੍ਰਕਾਸ਼ ਹੁੰਦਾ ਹੈ, ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਜਿਸ ਕਰਕੇ ਪ੍ਰਭੂ ਦਾ ਮਿਲਾਪ ਸੰਭਵ ਹੁੰਦਾ ਹੈ:

ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ।[86]

ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ॥[87]

ਸੰਗਤ ਮਹਾਨ ਤੀਰਥ ਹੈ। ਇਸ ਵਿਚ ਜਦ ਮਨ ਜੁੜਦਾ ਹੈ ਤਾਂ ਮਨ ਦੀ ਦੁਰਮਤਿ ਮੈਲ ਦੂਰ ਜੋ ਜਾਂਦੀ ਹੈ। ਹਉਮੈ ਦੀ ਮੈਲ ਕੱਟੀ ਜਾਂਦੀ ਹੈ:

ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ॥[88]

ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ॥[89]

ਭਾਈ ਗੁਰਦਾਸ ਦਾ ਮੱਤ ਹੈ ਕਿ ਸਾਧਸੰਗਤਿ ਦੀ ਛੋਹ ਨਾਲ ਮਨੁੱਖ ਦੀ ਬਿਖਰੀ ਹੋਈ ਬਿਰਤੀ ਨੂੰ ਹੌਲੀ ਹੌਲੀ ਨਵੀਂ ਸੇਧ ਮਿਲਦੀ ਹੈ ਜਿਸ ਨਾਲ ਉਸ ਦਾ ਮਨ ਇੰਦਰੀਆਂ ਦੇ ਵਿਸ਼ੇ, ਵਿਕਾਰਾਂ ਤੇ ਵਸਤੂਆਂ ਤੋਂ ਪਿਛਾਂਹ ਹਟਣ ਲਗ ਪੈਂਦਾ ਹੈ। ਇਸ ਤਰ੍ਹਾਂ ਹਉਮੈ ਦੇ ਪਸਾਰੇ ਵਿੱਚ ਵਿਕੇਂਦ੍ਰਿਤ ਮਨ ਆਪਣੇ ਸਵੈ ਕੇਂਦਰ ਵਲ ਜਾਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਸੁਰਤ ਸ਼ਬਦ ਵਿੱਚ ਟਿਕ ਜਾਂਦੀ ਹੈ ਤਾਂ ਮਨੁੱਖੀ ਮਨ ਰੂਹਾਨੀ ਜਾਂ ਆਤਮਿਕ ਖੇਤਰ ਵਿੱਚ ਵਿਚਰਨ ਲਗ ਪੈਂਦਾ ਹੈ।[90]

12. ਸੰਗਤ ਤੋਂ ਬਿਨਾਂ ਮਨੁੱਖ ਅਤੇ ਭਾਈਚਾਰੇ ਦਾ ਕਲਿਆਣ ਨਹੀਂ ਹੋ ਸਕਦਾ, ਭਾਵੇਂ ਲੱਖਾਂ ਸਿਆਣਪਾਂ ਚੁਤਰਾਈਆਂ ਅਤੇ ਸੰਸਾਰਕ ਕਰਮ ਕੀਤੇ ਜਾਣ:

ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ॥

ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ॥[91]

ਗੁਰੂ ਨਾਨਕ ਬਾਣੀ ਵਿੱਚ ਉਦੈ ਹੋਈ ਸੰਗਤ ਇਕ ਅਜੇਹੀ ਸੰਸਥਾ ਹੈ, ਜੋ ਸਰਬ ਮਨੁੱਖਤਾ ਲਈ ਕਲਿਆਣਕਾਰੀ ਸਿੱਧ ਹੁੰਦੀ ਹੈ[92], ਜਿਸ ਵਿੱਚ ਇੱਕ ਰੱਬ ਦੀ ਬੰਦਗੀ ਅਤੇ ਉਸ ਦੇ ਸਿਮਰਨ ਵਿੱਚ ਸਾਰੀ ਮਨੁੱਖਤਾ ਬਿਨਾਂ ਕਿਸੇ ਰੰਗ, ਰੂਪ, ਨਸਲ, ਜਾਤ-ਪਾਤ, ਦੇਸ਼, ਵੇਸ ਦੇ ਭਿਨ ਭੇਦ ਤੋਂ ਜੁੜਦੀ ਹੈ। ਇਸ ਵਿੱਚ ਜੁੜਿਆਂ ਵੈਰ-ਵਿਰੋਧ, ਵਿਤਕਰੇ ਅਤੇ ਪਰਾਇਆਪਨ ਮੁਕ ਜਾਂਦਾ ਹੈ। 'ਸੰਗਤ' ਸਾਰੀ ਮਨੁੱਖਤਾ ਨੂੰ ਸਾਂਝੀਵਾਲਤਾ ਵਿੱਚ ਇੱਕਠੇ ਕਰਨ ਦਾ ਇਕ ਸ਼ਾਨਦਾਰ ਵਸੀਲਾ ਹੈ।

### 2.3 ਗੁਰੂ ਨਾਨਕ ਬਾਣੀ ਵਿਚਲੀ 'ਸੰਗਤ' ਦੇ ਉਦਭਵ ਦੇ ਕਾਰਣ :

ਭਾਰਤੀ ਸੰਸਕ੍ਰਿਤੀ ਤੇ ਸੰਸਾਰ ਦੇ ਮੁੱਖ ਧਰਮਾਂ ਵਿੱਚ ਸੰਗਤ ਦੀ ਮਹਾਨਤਾ ਨੂੰ ਦਰਸਾਇਆ ਗਿਆ ਹੈ। ਵੇਦ, ਉਪਨਿਸ਼ਦ, ਜੈਨਮੱਤ, ਬੁੱਧਮਤ, ਈਸਾਈ ਧਰਮ ਤੇ ਇਸਲਾਮ ਧਰਮ ਵਿੱਚ 'ਸੰਗਤ' ਦਾ ਸੰਕਲਪ ਕਿਸੇ ਨਾ ਕਿਸੇ ਰੂਪ ਵਿੱਚ ਚਿਤਰਿਆ ਗਿਆ ਹੈ। ਇਸ ਬਾਰੇ ਪਹਿਲਾਂ ਵਿਚਾਰ ਹੋ ਚੁੱਕੀ ਹੈ। ਉਂਜ ਇਸ ਸੰਕਲਪ ਦਾ ਗੁਰੂ ਨਾਨਕ ਦੇ ਸੰਗਤ ਬਾਰੇ ਸੰਕਲਪ ਨਾਲ ਕੋਈ ਮੇਲ ਨਹੀਂ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਆਪਣੀ ਸੋਚ ਅਨੁਸਾਰ ਸੰਗਤ ਦਾ ਸੰਕਲਪ ਦਿੱਤਾ ਹੈ।

ਗੁਰੂ ਨਾਨਕ ਦੇਵ ਜੀ ਨੇ ਧਰਮ ਪ੍ਰਚਾਰ ਲਈ ਚਾਰ ਉਦਾਸੀਆਂ ਕੀਤੀਆਂ। ਇਨ੍ਹਾਂ ਉਦਾਸੀਆਂ ਦਾ ਉਦੇਸ਼ ਗੁਰੂ ਸਾਹਿਬ ਨੇ ਆਪਣੇ ਲਫ਼ਜ਼ਾਂ ਵਿੱਚ ਸਿਧਾਂ ਦੇ ਸਵਾਲਾਂ ਦਾ ਜਵਾਬ ਦੇਂਦਿਆਂ 'ਸਿਧ ਗੋਸਟਿ' ਬਾਣੀ ਵਿੱਚ ਬਿਆਨ ਕੀਤਾ ਹੈ;

ਸਿੱਧਾਂ ਨੇ ਗੁਰੂ ਨਾਨਕ ਨੂੰ ਪੁੱਛਿਆ ਕਿ ਤੁਸੀਂ ਇਹ ਉਦਾਸੀ ਭੇਸ ਕਿਸ ਕਾਰਨ ਕਰਕੇ ਧਾਰਨ ਕੀਤਾ ਹੈ, ਕਿਸ ਵਸਤੂ ਦੇ ਵਣਜਾਰੇ ਹੋ ਤੇ ਤੁਸੀਂ ਆਪਣੇ ਸਾਥੀਆਂ ਨੂੰ ਇਸ ਦੁੱਤਰ ਸਾਗਰ ਤੋਂ ਕਿਸ ਤਰ੍ਹਾਂ ਪਾਰ ਲੰਘਾਵੋਗੇ।[93] ਗੁਰੂ ਨਾਨਕ ਨੇ ਉਹਨਾਂ ਨੂੰ ਜੋ ਉੱਤਰ ਦਿੱਤਾ ਉਸ ਵਿੱਚ ਤਿੰਨ ਵਿਚਾਰ ਦਰਸਾਏ ਗਏ ਹਨ:

1. ਅਸੀਂ ਗੁਰਮੁਖਾਂ ਨੂੰ ਲੱਭਣ ਲਈ ਅਤੇ ਉਹਨਾਂ ਦੇ ਦਰਸ਼ਨਾਂ ਲਈ ਉਦਾਸੀ ਭੇਖ ਧਾਰਨ ਕੀਤਾ ਹੈ।
2. ਅਸੀਂ ਸੱਚ ਵਸਤੂ (ਪ੍ਰਭੂ ਦੇ ਨਾਮ) ਦੇ ਵਪਾਰੀ ਹਾਂ।
3. ਜੋ ਵੀ ਗੁਰੂ ਦੀ ਸ਼ਰਨ ਆਉਂਦਾ ਹੈ, ਉਹ ਪਾਰ ਉਤਰ ਜਾਂਦਾ ਹੈ।[94]

ਇਸ ਉੱਤਰ ਵਿੱਚ ਗੁਰੂ ਨਾਨਕ ਦੇਵ ਜੀ ਨੇ ਇਹ ਤਿੰਨ ਵਿਚਾਰ ਰੱਖੇ ਹਨ, ਜੋ ਕਿ ਉਹਨਾਂ ਦੀ ਮੁੱਖ ਵਿਚਾਰਧਾਰਾ ਦੇ ਦੁਆਲੇ ਘੁੰਮਦੇ ਹਨ। ਉਹਨਾਂ ਨੇ ਜੀਵ ਦੇ ਸਚਿਆਰ ਹੋਣ ਦੀ ਗੱਲ ਜਪੁਜੀ ਵਿੱਚ ਕੀਤੀ ਹੈ। ਉਨ੍ਹਾਂ ਦਾ ਮਤ ਹੈ ਕਿ ਜੀਵ ਪਰਮਾਤਮਾ ਦੇ ਦਰ ਤੇ ਪਰਮਾਤਮਾ ਦੀ ਰਜ਼ਾ ਤੇ ਵਿਆਪਕ ਹੁਕਮ ਅਨੁਸਾਰ ਚੱਲਣ ਨਾਲ ਉਸ ਪ੍ਰਭੂ ਨਾਲ

ਇਕ ਮੁਰ ਹੋਇਆਂ ਸਚਿਆਰ' ਬਣ ਸਕਦਾ ਹੈ।[95] ਰਜ਼ਾ ਮਨੁੱਖ ਦੇ ਅੰਤਹਕਰਣ ਵਿੱਚ ਧੁਰ ਤੋਂ ਉਕਰੀ ਹੋਈ ਹੈ, ਕਿਉਂਕਿ ਪ੍ਰਭੂ ਮਨੁੱਖ ਦੇ ਅੰਦਰ ਵਸਦਾ ਹੈ। ਇਸ ਲਈ ਉਸ ਦੀ ਰਜ਼ਾ ਵੀ ਅੰਦਰ ਹੀ ਹੈ। ਜੀਵ ਨੂੰ ਉਸ ਰਜ਼ਾ ਅਨੁਸਾਰ ਤੁਰਨਾ ਚਾਹੀਦਾ ਹੈ। ਅੰਦਰ ਵਸਦੇ ਪ੍ਰਭੂ ਦੀ ਆਵਾਜ਼ ਅੰਦਰ ਸੁਣੀ ਜਾ ਸਕਦੀ ਹੈ। ਭਾਵੇਂ ਉਹ ਕਿਸੇ ਵੇਲੇ ਮਧਮ ਹੋ ਜਾਵੇ ਪਰ ਬਿਲਕੁਲ ਮੁਕਦੀ ਨਹੀਂ ਹੈ। ਜਦ ਅੰਦਰ ਦੀ ਜੋਤ ਪ੍ਰਭੂ ਦੇ ਨਾਮ ਦੁਆਰਾ ਜਗ ਪੈਂਦੀ ਹੈ ਤਾਂ ਅੰਦਰ ਦੀ ਆਵਾਜ਼ ਵੀ ਸਾਫ਼ ਸਾਫ਼ ਸੁਣਾਈ ਦੇਂਦੀ ਹੈ। ਜੀਵਨ ਸਚ ਵਾਲਾ ਹੋ ਜਾਂਦਾ ਹੈ। ਇਸ ਜੀਵਨ ਵਿੱਚੋਂ ਸਚ, ਪਿਆਰ, ਨੇਕੀ, ਦਇਆ ਧੀਰਜ ਆਚਿਕ ਗੁਣ ਉਵੇਂ ਹੀ ਨਿਕਲਦੇ ਹਨ ਜਿਵੇਂ ਪਰਮਾਤਮਾ ਵਿਚੋਂ ਨਿਕਲਦੇ ਹਨ। ਇਸ ਅਵਸਥਾ ਨੂੰ ਪ੍ਰਾਪਤ ਜੀਵ ਆਪਣੀ ਕਮਾਈ ਨਾਲ ਆਪ ਤਾਂ ਤਰਦਾ ਹੀ ਹੈ, ਹੋਰ ਵੀ ਜੀਵਾਂ ਨੂੰ ਤਾਰਨ ਦੀ ਸਮਰਥਾ ਰੱਖਦਾ ਹੈ[96] ਇਸ ਅਵਸਥਾ ਨੂੰ ਪ੍ਰਾਪਤ ਕਰਨ ਦੀ ਜੁਗਤੀ ਗੁਰੂ ਨਾਨਕ ਸਾਹਿਬ ਸਿੱਧਾਂ ਨੂੰ ਦੱਸਦੇ ਹਨ। ਪਹਿਲੇ ਉੱਤਰ ਵਿੱਚ ਉਹ ਗੁਰਮੁੱਖਾਂ ਦੀ ਖੋਜ ਤੇ ਉਹਨਾਂ ਦੇ ਦਰਸ਼ਨਾਂ ਦੀ ਗੱਲ ਕਰਦੇ ਹਨ। ਦੂਸਰੇ ਉੱਤਰ ਵਿਚ ਆਪਣੇ ਆਪ ਨੂੰ ਸਚ ਵਸਤੂ (ਪ੍ਰਭ ਦੇ ਨਾਮ) ਦੇ ਵਪਾਰੀ ਦੱਸ ਕੇ ਗੁਰਮੁਖਾਂ ਨਾਲ ਸਾਂਝ, ਉਹਨਾਂ ਨਾਲ ਵਣਜ ਦਾ ਸੰਕੇਤ ਦਿੰਦੇ ਹਨ। ਤੀਸਰਾ ਉੱਤਰ ਹੈ ਕਿ ਜੋ ਵੀ ਗੁਰੂ ਦੀ ਸ਼ਰਣ ਆਉਂਦਾ ਹੈ, ਉਹ ਪਾਰ ਉਤਰ ਜਾਂਦਾ ਹੈ। ਗੁਰੂ ਸਾਹਿਬ ਦੇ ਇਸ ਉੱਤਰ ਵਿੱਚ ਜੀਵ ਦੇ ਮੁਕਤ ਹੋਣ ਦੀ ਪੂਰਨ ਜੁਗਤੀ ਦਸੀ ਗਈ ਹੈ। ਮਨੁੱਖੀ ਜੀਵਨ ਦਾ ਸਚਿਆਰ ਹੋਣ ਦਾ ਮੁੱਦਾ ਹੀ ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੇ ਉਦਭਵ ਦਾ ਕਾਰਨ ਬਣਦਾ ਹੈ। ਕਿਉਂਕਿ ਸੰਗਤ ਤੋਂ ਬਿਨਾਂ ਇਸ ਲਕਸ਼ ਨੂੰ ਪ੍ਰਾਪਤ ਕਰਨਾ ਸੰਭਵ ਨਹੀਂ ਹੈ।[97]

ਜਪੁਜੀ ਵਿਚ 'ਸੁਣਿਐ' ਅਤੇ 'ਮੰਨੈ' ਦੀਆਂ ਪਉੜੀਆਂ ਵਿੱਚ ਸੰਗਤੀ ਭਾਵ ਨੂੰ ਦਰਸਾਇਆ ਗਿਆ ਹੈ ਕਿ ਪਰਮਾਤਮਾ ਦੇ ਨਾਮ ਨੂੰ ਸੰਗਤ ਵਿੱਚ ਸੁਣਨ ਤੇ ਸੁਣਕੇ ਮੰਨਣ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਨਾਨਕ ਬਾਣੀ ਵਿੱਚ ਸੰਗਤ ਦੇ ਉਦਭਵ ਨੂੰ ਵਿਚਾਰਨ ਤੇ ਇਹ ਮੁੱਦਾ ਹੋਰ ਵੀ ਸਪੱਸ਼ਟ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਪਰਾਲੌਕਿਕਤਾ ਤੇ ਇਹ ਲੌਕਿਕਤਾ ਵਿੱਚ ਸੰਤੁਲਨ ਪੈਦਾ ਕਰਨ ਦੀ ਵਿਚਾਰਧਾਰਾ ਹੈ। ਉਹ ਪਰਾਲੌਕਿਕਤਾ ਦੀ ਕੀਮਤ ਤੇ ਇਹ ਲੌਕਿਕਤਾ ਨੂੰ ਜਾਂ ਇਹ ਲੌਕਿਕਤਾ ਦੀ ਕੀਮਤ ਤੇ ਪਰਾਲੌਕਿਕਤਾ ਨਜ਼ਰ-ਅੰਦਾਜ਼ ਨਹੀਂ ਕਰਦੀ। ਇਹ ਇਸੇ ਸੰਦਰਭ ਵਿੱਚ ਹੈ ਕਿ ਉਹਨਾਂ ਲਈ ਸੰਗਤ ਦਾ ਸੰਕਲਪ ਮਨੁੱਖ ਨੂੰ ਕਿਸੇ ਤਰ੍ਹਾਂ ਦੇ ਇਕਾਂਤ ਦਾ ਵਾਸੀ ਬਣਾ ਕੇ ਉਸ ਨੂੰ ਉਸ ਦੇ ਸਮਾਜਿਕ ਕਰਤੱਵਾਂ ਤੋਂ ਪਰੇ ਲਿਜਾਣਾ ਨਹੀਂ ਹੈ, ਸਗੋਂ ਉਸ ਦੇ ਭੌਤਿਕ ਜੀਵਨ ਵਿਚ ਸੰਤੁਲਨ ਪੈਦਾ ਕਰਕੇ ਉਸ ਨੂੰ ਅਧਿਆਤਮਕ ਜਗਤ ਲਈ ਤਿਆਰ ਕਰਨਾ ਹੈ।

ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਹੋਂਦ ਵਿੱਚ ਵਿਸ਼ਵਾਸ ਰੱਖਣ ਵਾਲੇ ਮਹਾਂਪੁਰਸ਼ ਸਨ। ਉਹਨਾਂ ਦੀ ਸਾਰੀ ਵਿਚਾਰਧਾਰਾ ਇਸ ਧਾਰਣਾ ਤੋਂ ਉਪਜਦੀ ਹੈ ਕਿ ਪਰਮਾਤਮਾ ਇਸ ਸ੍ਰਿਸ਼ਟੀ ਨੂੰ ਚਲਾਉਣ ਵਾਲੀ ਇੱਕੋ ਇੱਕ ਹਸਤੀ ਹੈ। ਉਹਨਾਂ ਨੇ ਆਪਣੇ ਇਸ ਮੁੱਦੇ ਵਿੱਚ ਕਿਸੇ ਤਰਕ ਨੂੰ ਸਵੀਕਾਰ ਕਰਨ ਦੀ ਥਾਂ ਅਨੁਭਵ ਉਪਰ ਜ਼ੋਰ ਦਿੱਤਾ ਹੈ। ਗੁਰੂ ਸਾਹਿਬ ਪਰਮਾਤਮਾ ਨੂੰ ਕੋਈ ਰਹੱਸਮਈ ਹੋਂਦ ਨਹੀਂ ਸਵੀਕਾਰਦੇ ਸਗੋਂ, ਉਹ ਪੂਰੀ ਸ੍ਰਿਸ਼ਟੀ ਵਿੱਚ ਉਸ ਨੂੰ ਹਮੇਸ਼ਾਂ ਮੌਜੂਦ ਮੰਨਦੇ ਹਨ। ਇਸ ਤਰ੍ਹਾਂ ਸਰਬਵਿਆਪਕ ਪਰਮਾਤਮਾ ਦੀ ਹੋਂਦ ਬਾਰੇ ਤਰਕ ਦੀ ਗੁਜਾਇਸ਼ ਹੀ ਨਹੀਂ ਰਹਿ ਜਾਂਦੀ। ਉਹਨਾਂ ਨੇ ਪਰਮਾਤਮਾ ਨੂੰ ਬੁਧੀ ਦੀ ਥਾਂ ਰੂਹ ਦਾ ਵਿਸ਼ਾ ਬਣਾਇਆ। ਗੁਰੂ ਜੀ ਅਧਿਆਤਮਕ ਖੇਤਰ ਵਿਚ ਬੇਲੋੜੇ ਪੰਡਤਾਊ ਗਿਆਨ ਦੇ ਅਸਮਰਥਕ ਸਨ[98] ਉਹਨਾਂ ਅਨੁਸਾਰ ਬੇਦਾਂ, ਕਤੇਬਾਂ ਵਿਚੋਂ ਕਿਸੇ ਨੇ ਵੀ ਪਰਮਾਤਮਾ ਦੀ ਥਹੁ ਨਹੀਂ ਪਾਈ।।[99]

ਇਸ ਵਿੱਚ ਕੋਈ ਸ਼ੱਕ ਦੀ ਗੁਜਾਇਸ਼ ਨਹੀਂ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੀਆਂ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਸਭਿਆਰਚਾਰਕ ਸਮੱਸਿਆਵਾਂ ਨੂੰ ਅਣਦੇਖਿਆ ਨਹੀਂ ਕੀਤਾ ਸਗੋਂ ਇਹ ਸਮੱਸਿਆਵਾਂ ਵੀ ਉਨ੍ਹਾਂ ਦੇ ਕਰਮ-ਖੇਤਰ ਦਾ ਹਿੱਸਾ ਹੀ ਹਨ। ਉਹ ਜਿਸ ਵਿਚਾਰਧਾਰਾ ਦੇ ਮੁਦਈ ਸਨ, ਉਹ ਜਿਉਂਦੇ ਜਾਗਦੇ ਮਨੁੱਖ

ਨਾਲ ਸੰਬੰਧਿਤ ਮੁੱਦੇ ਹਨ। ਉਹਨਾਂ ਨੇ ਹਮੇਸ਼ਾਂ ਆਪਣਾ ਰਾਬਿਤਾ ਲੋਕਾਂ ਨਾਲ ਰੱਖਿਆ। ਉਹ ਉਹਨਾਂ ਨਾਲ ਵਿਚਾਰ ਵਟਾਂਦਰਾ ਕਰਦੇ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਪ੍ਰਥਾਇ ਬਾਣੀ ਉਚਾਰਦੇ।

ਗੁਰੂ ਨਾਨਕ ਬਾਣੀ ਦਾ ਕੇਂਦਰੀ ਤੱਤ ਮਨੁੱਖ ਨੂੰ ਸਚਿਆਰ ਬਣਾਉਣਾ ਹੈ। ਮਨੁੱਖ ਦਾ ਆਪਣਾ ਇਕ ਸਮਾਜਿਕ ਤੇ ਸਭਿਆਚਾਰਕ ਪਰਿਪੇਖ ਵੀ ਹੁੰਦਾ ਹੈ, ਜਿਸ ਤੋਂ ਮਨੁੱਖ ਪ੍ਰਭਾਵਿਤ ਵੀ ਹੋਇਆ ਹੁੰਦਾ ਹੈ ਤੇ ਉਸ ਨੂੰ ਪ੍ਰਭਾਵਿਤ ਵੀ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਸਮਾਜਿਕ ਜੀਵਨ ਵਿਭਿੰਨ ਤਰ੍ਹਾਂ ਦੀਆਂ ਅਸੰਗਤੀਆਂ ਅਤੇ ਵਿਸ਼ਮਤਾਵਾਂ ਦਾ ਸ਼ਿਕਾਰ ਸੀ।[100] ਅਜਿਹੀ ਜਟਿਲ ਤੇ ਅਸੁਖਾਵੀਂ ਸਮਾਜਿਕ ਵਿਵਸਥਾ ਵਿੱਚ ਪੈਦਾ ਹੋਏ ਅਸੰਤੁਲਨ ਨੂੰ ਸੰਤੁਲਤ ਕਰਨ ਲਈ ਜ਼ਰੂਰੀ ਸੀ ਕਿ ਲੋਕਾਂ ਵਿਚ ਅਜਿਹਾ ਪ੍ਰਚਾਰ ਕੀਤਾ ਜਾਂਦਾ ਜਿਹੜਾ ਉਹਨਾਂ ਦੇ ਨਿਜੀ ਅਤੇ ਸਮਾਜਿਕ ਜੀਵਨ ਵਿੱਚ ਗੁਣਾਤਮਕ ਪਰਿਵਰਤਨ ਲਿਆਉਂਦਾ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਸੰਗਤ ਦਾ ਇਕ ਅਜਿਹਾ ਮਾਡਲ ਸਿਰਜਿਆ ਜਿਹੜਾ ਮਨੁੱਖ ਵਿਚ ਸਦਾਚਾਰਕ ਸੁੱਚਤਾ ਪੈਦਾ ਕਰਕੇ ਜਿਥੇ ਉਸ ਦੀ ਮੁਕਤੀ ਦਾ ਆਧਾਰ ਬਣਿਆ ਉਥੇ ਉਸ ਨੇ ਸਮਾਜਿਕ ਵਿਵਸਥਾ ਵਿਚ ਸਦਾਚਾਰਕ ਕ੍ਰਾਂਤੀ ਦੀਆਂ ਸੰਭਾਵਨਾਵਾਂ ਨੂੰ ਪੈਦਾ ਕੀਤਾ। ਗੁਰੂ ਸਾਹਿਬਾਨ ਦੁਆਰਾ ਪੇਸ਼ ਸੰਗਤ ਮਾਡਲ ਸਿਰਫ਼ ਵਿਅਕਤੀ ਦੇ ਨਿੱਜੀ ਵਿਕਾਸ ਲਈ ਹੀ ਲਾਹੇਵੰਦ ਨਹੀਂ ਸੀ, ਸਗੋਂ ਇਸ ਦੀ ਅਪੀਲ ਸਮੂਹ ਮਨੁੱਖਾਂ ਲਈ ਸੀ। ਭਾਵੇਂ ਉਪਰੋਕਤ ਤੱਥ ਸੰਗਤ ਦੇ ਉਦਭਵ ਦਾ ਆਧਾਰ ਬਣੇ ਪ੍ਰੰਤੂ ਇਹਨਾਂ ਤੱਥਾਂ ਨੂੰ ਹੋਰ ਵੇਰਵਿਆਂ ਦੁਆਰਾ ਸਪੱਸ਼ਟ ਕਰਨਾ ਵੀ ਅਨਉਚਿਤ ਨਹੀਂ ਹੋਵੇਗਾ।

**1. ਮਨੁੱਖੀ ਜੀਵ:** ਜਗਤ ਵਿਚ ਮਨੁੱਖ ਨੂੰ ਸਰਬ ਸ਼੍ਰੇਸ਼ਟ ਜੀਵ ਪ੍ਰਵਾਨ ਕੀਤਾ ਗਿਆ ਹੈ, ਕਿਉਂਕਿ ਉਹ ਮਨੁੱਖਾਂ ਦੇਹੀ ਵਿਚ ਪਰਮਾਤਮਾ ਨਾਲ ਮਿਲ ਸਕਦਾ ਹੈ। ਇਸੇ ਕਾਰਨ ਗੁਰੂ ਨਾਨਕ ਸਾਹਿਬ ਨੇ ਮਨੁੱਖ ਜਨਮ ਨੂੰ ਹੀਰਾ ਕਿਹਾ ਹੈ।[101] ਜੋ ਮਨੁੱਖ ਇਸ ਜਨਮ ਨੂੰ ਅਮੁਲਾ ਸਮਝ ਕੇ ਪਰਮਾਤਮਾ ਦੀ ਭਗਤੀ ਵਿੱਚ ਲਗਦੇ ਹਨ, ਉਹ ਸਫ਼ਲ ਹਨ। ਕੁਝ ਇਸ ਜਨਮ ਨੂੰ ਸਰੀਰਕ ਰਸਾਂ-ਕਸਾਂ ਵਿੱਚ ਲਗਾ ਕੇ ਸਰੀਰ ਨੂੰ ਰੋਗੀ ਕਰ ਲੈਂਦੇ ਹਨ।[102] ਇਹ ਸਰੀਰ ਨਾਸ਼ਵਾਨ ਹੈ ਅਤੇ ਇੱਕੋ ਜਿਹਾ ਨਹੀਂ ਰਹਿੰਦਾ। ਬਚਪਨ, ਜਵਾਨੀ ਅਤੇ ਬੁਢੇਪਾ ਇਸ ਨੂੰ ਆਪਣੇ ਮੁਤਾਬਿਕ ਚਲਾਉਂਦੇ ਹਨ।[103] ਇਹ ਸਰੀਰ ਉਸ ਸਮੇਂ ਤੱਕ ਹੀ ਕਾਇਮ ਰਹਿੰਦਾ ਹੈ, ਜਦ ਤੱਕ ਇਸ ਵਿਚ ਸੁਆਸ ਚਲਦੇ ਹਨ।[104] ਮਨੁੱਖੀ ਸਰੀਰ ਪਰਮਾਤਮਾ ਦਾ ਮੰਦਰ ਹੈ ਜਿਸ ਵਿੱਚ ਉਸ ਨੇ ਆਪਣੀ ਜੋਤ ਸਥਾਪਤ ਕੀਤੀ ਹੋਈ ਹੈ।[105] ਪਰਮਾਤਮਾ ਦੀ ਪ੍ਰਾਪਤੀ ਇਸ ਸਰੀਰ ਦੇ ਅੰਦਰੋਂ ਹੀ ਹੁੰਦੀ ਹੈ। ਪਰਮਾਤਮਾ ਦੀ ਤਲਾਸ਼ ਬਾਹਰੋਂ ਕਰਨਾ ਵਿਅਰਥ ਹੈ।[106] ਗੁਰੂ ਨਾਨਕ ਨੇ ਜੀਵ ਨੂੰ ਮਨੁੱਖ ਸਰੀਰ ਮਿਲਣ ਦੇ ਸਬਬ ਨੂੰ ਇਕ ਸੁਨਹਿਰੀ ਮੌਕਾ ਦੱਸਿਆ ਹੈ। ਜੀਵ ਨੇ ਇਸ ਮੌਕੇ ਨੂੰ ਆਪਣੀ ਮੁਕਤੀ ਲਈ ਵਰਤਣਾ ਹੈ। ਉਸ ਦਾ ਸਰੀਰ ਪੰਜ ਤੱਤਾਂ ਦਾ ਬਣਿਆ ਹੈ, ਪਰ ਇਸ ਵਿੱਚ ਪਰਮ ਆਤਮਾ ਦਾ ਅੰਸ਼ ਮੌਜੂਦ ਹੋਣ ਕਰਕੇ ਜੀਵ ਸ਼ਕਤੀਸ਼ਾਲੀ ਬਣ ਗਿਆ ਹੈ।[107] ਆਤਮਾ ਬਿਨਾ ਮਨੁੱਖੀ ਸਰੀਰ ਵਿੱਚ ਕੁੱਝ ਵੀ ਨਹੀਂ ਬਚਦਾ।[108] ਇਹ ਆਤਮਾ ਜੰਮਦੀ ਮਰਦੀ ਨਹੀਂ ਹੈ।[109] ਆਤਮਾ ਪਰਮਾਤਮਾ ਦਾ ਹੀ ਸਰੂਪ ਹੈ।[110] ਇਸ ਲਈ ਇਹ ਪਰਮਾਤਮਾ ਦੀ ਜੋਤ[111] ਅਤੇ ਹੰਸ[112] ਹੈ। ਆਤਮਾ ਤੇ ਪਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ।[113] ਪਰ ਆਤਮਾ ਅਗਿਆਨ ਰੂਪੀ ਹਨੇਰੇ ਵਿੱਚ ਹੋਣ ਕਰਕੇ ਆਪਣੇ ਮੂਲ ਨੂੰ ਭੁੱਲ ਜਾਂਦੀ ਹੈ। ਪਰਮਾਤਮਾ ਤੇ ਆਤਮਾ ਵਿਚਕਾਰ ਕੂੜ ਦੀ ਦੀਵਾਰ ਬਣ ਜਾਂਦੀ ਹੈ, ਜਿਸ ਨੂੰ ਹਟਾ ਕੇ ਆਤਮਾ ਪਰਮਾਤਮਾ ਇਕ ਹੋ ਸਕਦੇ ਹਨ।[114] ਜਿਨ੍ਹਾਂ ਨੇ ਆਪਣੀ ਆਤਮਾ ਨੂੰ ਚੀਨਿਆ ਹੈ, ਉਹ ਪਰਮਾਤਮਾ ਸਰੂਪ ਹੋ ਗਏ ਹਨ।[115] ਪਰ ਆਤਮਾ ਮਾਇਆ ਵਿੱਚ ਖਚਤ ਹੋ ਕੇ ਆਪਣੇ ਮੂਲ ਨੂੰ ਭੁੱਲ ਜਾਂਦੀ ਹੈ।[116] ਇਹ ਮਾਇਆ ਜੀਵ ਨੂੰ ਸੰਸਾਰਕ ਪਦਾਰਥਾਂ ਵਿੱਚ ਲਾ ਕੇ ਪਰਮਾਤਮਾ ਨੂੰ ਮਿਲਣ ਨਹੀਂ ਦਿੰਦੀ ਹੈ।[117] ਗੁਰੂ ਨਾਨਕ ਅਨੁਸਾਰ ਜਦੋਂ ਇਹ ਆਤਮਾ ਸੰਗਤ ਵਿੱਚ ਜਾ ਕੇ ਸਤਸੰਗੀਆਂ ਦੀ ਸੇਵਾ ਵਿੱਚ ਲੱਗਦੀ ਹੈ ਤਾਂ ਪਰਮਾਤਮਾ ਸਤਿਗੁਰੂ ਦੀ ਕ੍ਰਿਪਾ ਨਾਲ ਇਸ ਉਤੇ ਮਿਹਰ ਦੀ ਨਜ਼ਰ ਕਰਦਾ ਹੈ, ਜਿਸ ਨਾਲ ਇਸ ਨੂੰ ਆਪੇ ਦੀ ਸਮਝ ਆਉਂਦੀ ਹੈ ਤੇ ਮਨ ਦੀਆਂ ਤਰੰਗਾਂ ਖਤਮ ਹੋਣ ਤੇ ਇਹ ਅਹਿਸਾਸ ਹੁੰਦਾ ਹੈ ਕਿ ਪ੍ਰਭੂ ਵਰਗਾ ਇਸ ਦਾ ਮਿੱਤਰ ਹੋਰ ਕੋਈ ਨਹੀਂ ਹੈ। ਇਸ ਸਮਝ ਨਾਲ ਇਹ ਜੀਵ ਪਰਮਾਤਮਾ ਦੀ ਰਜ਼ਾ ਵਿੱਚ ਆ ਜਾਂਦਾ ਹੈ। ਸੰਗਤ ਦੀ

ਓਟ ਲੈਣ ਨਾਲ ਜੀਵ ਦੀ ਆਸ਼ਾ ਤੇ ਤ੍ਰਿਸ਼ਨਾ ਦੋਵੇਂ ਖਤਮ ਹੋ ਜਾਂਦੀਆਂ ਹਨ ਤੇ ਸਹਜ ਅਵਸਥਾ ਪ੍ਰਾਪਤ ਹੋ ਜਾਂਦੀ ਹੈ।[118]

2.**ਸੱਚ(ਪਰਮਾਤਮਾ)**:ਪਰਮਾਤਮਾਸੱਚਹੈ,ਇਸੇਲਈਜਿਗਿਆਸੂਨੂੰਸੱਚਨੂੰਜ਼ਿਆਦਾਮਹੱਤਤਾਦੇਣੀਚਾਹੀਦੀ ਹੈ, ਸੱਚ ਉਹ ਸ਼ਰਾਬ ਹੈ[119] ਜਿਸ ਵਿੱਚ ਪਰਮਾਤਮਾ ਦੇ ਨਾਮ ਦੀ ਮਿਠਾਸ ਹੈ। ਜਦ ਸੱਚ ਪ੍ਰਗਟ ਹੁੰਦਾ ਹੈ ਤਾਂ ਉਸ ਪਰਮ ਸੱਚ ਦਾ ਅਨੁਭਵ ਹੋ ਜਾਂਦਾ ਹੈ।[120] ਨਾਨਕ ਬਾਣੀ ਵਿੱਚ ਸੱਚ, ਸਚਿਆਰ, ਸਚਖੰਡ, ਸਾਚਾ, ਸਚਾ ਆਦਿ ਸ਼ਬਦ ਬਾਰ ਬਾਰ ਆਉਂਦੇ ਹਨ। ਸਚ ਤੋਂ ਉਲਟ ਕੂੜ ਅਤੇ ਸਚਿਆਰ ਤੋਂ ਉਲਟ ਕੂੜਿਆਰ ਹੈ। ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਦੇ ਆਰੰਭ ਵਿਚ ਹੀ ਕੂੜ ਦੀ ਦੀਵਾਰ ਹਟਾਉਣ ਦੀ ਅਹਿਮੀਅਤ ਦਰਸਾ ਦਿੱਤੀ ਹੈ।[121] ਭਾਵ ਸੱਚ ਅਪਣਾ ਕੇ ਸਚਿਆਰ ਦੀ ਪਦਵੀ ਪ੍ਰਾਪਤ ਕਰਨਾ, ਗੁਰੂ ਨਾਨਕ ਬਾਣੀ ਅਨੁਸਾਰ ਮਨੁੱਖ ਦਾ ਆਦਰਸ਼ ਹੈ। ਗੁਰੂ ਜੀ ਦੀ ਬਾਣੀ ਵਿੱਚ ਕਿਸੇ ਦੇਵੀ ਦੇਵਤੇ ਦੀ ਥਾਂ[122] ਪਰਮਾਤਮਾ ਨੂੰ ਕਰਨ-ਕਾਰਣ ਸਮਰੱਥ ਮੰਨਿਆ ਗਿਆ ਹੈ[123] ਅਤੇ ਧਰਮ-ਹਕੀਕਤ ਨੂੰ ਕੁਝ ਵਿਸ਼ੇਸ਼ ਗੁਣਾਂ ਨਾਲ ਯਾਦ ਕੀਤਾ ਗਿਆ ਹੈ। ਪਰਮਾਤਮਾ ਨੂੰ ਅੰਤਰਜਾਮੀ, ਸਾਜਕ, ਕਰੀਮ, ਰਹੀਮ, ਕ੍ਰਿਪਾਲੂ, ਕਰਤਾ, ਗੋਪਾਲ,ਦਾਤਾ,ਦੀਨਾਨਾਥ,ਨਿਰਭਉ,ਨਿਰਵੈਰ,ਪਰਵਦਗਾਰ,ਮਿਹਰਵਾਨਆਦਿਕਿਹਾਗਿਆਹੈ।ਉਸਨੂੰਇਹਨਾਂ ਗੁਣਾਂ ਵਾਲਾ ਦੱਸਣ ਦੀ ਸਦਾਚਾਰਕ ਅਤੇ ਅਧਿਆਤਮਕ ਜੀਵਨ ਵਿੱਚ ਬੜੀ ਮਹੱਤਤਾ ਹੈ। ਇਸ ਤੋਂ ਸਪੱਸ਼ਟ ਹੈ ਕਿ ਪਰਮਾਤਮਾ ਕ੍ਰਿਆਸ਼ੀਲ ਹਸਤੀ ਹੈ। ਇਸ ਤਰ੍ਹਾਂ ਦੀ ਹਕੀਕਤ ਦਾ ਸੰਕਲਪ ਨਿਰਣਾਇਕ ਭਾਵ ਰੱਖਦਾ ਹੈ, ਕਿਉਂਕਿ ਗੁਰੂ ਨਾਨਕ ਸਾਹਿਬ ਮਨੁੱਖ ਨੂੰ ਸਮਾਜ ਵਿੱਚ ਉਚ ਸਦਾਚਾਰਕ ਜੀਵਨ ਗੁਜ਼ਾਰਨ ਲਈ ਤਿਆਰ ਕਰਨਾ ਚਾਹੁੰਦੇ ਹਨ। ਗੁਰੂ ਨਾਨਕ ਬਾਣੀ ਅਨੁਸਾਰ ਪਰਮਾਤਮਾ ਨੂੰ ਅਗੋਚਰ ਤੇ ਵਿਆਪਕ ਮੰਨਿਆ ਗਿਆ ਹੈ। ਪਰਮਾਤਮਾ ਨਾਲ ਮਨੁੱਖਾਂ ਦੇ ਸੰਬੰਧਾਂ ਦੀ ਚਰਚਾ ਦਾ ਆਧਾਰ ਵੀ ਪਰਮ ਹਕੀਕਤ ਦੇ ਵਿਆਪਕ ਹੋਣ ਉਪਰ ਨਿਰਭਰ ਕਰਦਾ ਹੈ। ਗੁਰੂ ਸਾਹਿਬ ਨੇ ਉਸ ਨੂੰ ਨਿਰੈਵਰ, ਕ੍ਰਿਪਾਲੂ, ਦਾਤਾ, ਮਿਹਰਵਾਨ, ਪਰਵਦਗਾਰ ਆਦਿ ਕਿਹਾ ਹੈ। ਇਸ ਤੋਂ ਸਪੱਸ਼ਟ ਹੈ ਕਿ ਉਹਨਾਂ ਦੁਆਰਾ ਵਰਣਤ ਪਰਮਾਤਮਾ ਪ੍ਰੇਮ ਸਰੂਪ ਹੈ। ਉਹਨਾਂ ਅਨੁਸਾਰ ਪਰਮਾਤਮਾ ਕੋਈ ਅਜਿਹੀ ਸ਼ਕਤੀ ਨਹੀਂ ਹੈ ਜਿਸ ਨੂੰ ਮਜ਼ਹਬੀ ਦੀਵਾਰਾਂ ਵਿੱਚ ਬੰਨ੍ਹਿਆ ਜਾ ਸਕੇ। ਇਸ ਲਈ ਉਹਨਾਂ ਦੀ ਬਾਣੀ ਵਿੱਚ ਹਿੰਦੂ, ਯੋਗ ਅਤੇ ਇਸਲਾਮ ਮਤਾਂ ਵਿੱਚ ਪ੍ਰਚਲਿਤ ਪਰਮਾਤਮਾ ਦੇ ਨਾਂ ਵੀ ਆਏ ਹਨ। ਉਹਨਾਂ ਨੇ ਪਰਮਾਤਮਾ ਦੇ ਪ੍ਰਚਲਿਤ ਸਾਰੇ ਨਾਵਾਂ ਲਈ ਸਤਿਕਾਰ ਦੀ ਭਾਵਨਾ ਰੱਖਣ ਦਾ ਉਪਦੇਸ਼ ਦਿੱਤਾ।[124] ਗੁਰੂ ਨਾਨਕ ਬਾਣੀ ਅਨੁਸਾਰ ਪਰਮਸੱਚ ਪਰਮਾਤਮਾ ਦੀ ਪ੍ਰਾਪਤੀ ਲਈ ਸੰਗਤ ਆਵਸ਼ਕ ਹੈ।[125]

3.**ਗੁਰੂ**:ਗੁਰੂਨਾਨਕਬਾਣੀਅਨੁਸਾਰਗੁਰੂਹੀਨਾਮਦਾਦਾਤਾਹੈ।ਗੁਰੂਜੀਵਤੇਪਰਮਾਤਮਾਵਿਚਕਾਰਵਿਚੋਲਾ ਹੀ ਨਹੀਂ ਸਗੋਂ ਪਰਮਾਤਮਾ ਦਾ ਸਮਾਨਾਰਥੀ ਵੀ ਹੈ।[126] ਗੁਰੂ ਮੁਕਤੀ ਦੇਣ ਦੇ ਸਮਰਥ ਵੀ ਹੈ[127], ਕਿਉਂਕਿ ਗੁਰੂ ਨਾਨਕ ਬਾਣੀ ਅਨੁਸਾਰ ਗੁਰੂ ਤੇ ਪਰਮਾਤਮਾ ਵਿੱਚ ਕੋਈ ਭਿੰਨ ਭੇਦ ਨਹੀਂ ਕੀਤਾ ਜਾ ਸਕਦਾ। ਗੁਰੂ ਦੀ ਕ੍ਰਿਪਾ ਨਾਲ ਨਾਮ ਰਤਨ ਮਿਲਦਾ ਹੈ, ਜਿਸ ਕਰਕੇ ਅਗਿਆਨਤਾ ਦੂਰ ਹੁੰਦੀ ਹੈ ਤੇ ਚਾਨਣ ਹੋ ਜਾਂਦਾ ਹੈ।[128] ਸਤਿਗੁਰੂ ਦੇ ਮਿਲਾਪ ਨਾਲ ਹਉਮੈ ਨਾਸ਼ ਹੁੰਦੀ ਹੈ ਤੇ ਫਿਰ ਜੀਵ ਹਰੀ ਦੀ ਦਰਗਾਹ ਵਿੱਚ ਕਬੂਲ ਹੁੰਦਾ ਹੈ।[129] ਜਿਸ ਵਸਤੂ ਦੀ ਪ੍ਰਾਪਤੀ ਲਈ ਜੀਵ ਜਨਮ ਲੈਂਦਾ ਹੈ, ਉਸ ਦੀ ਪ੍ਰਾਪਤੀ ਗੁਰੂ ਦੁਆਰਾ ਹੀ ਹੁੰਦੀ ਹੈ।[130] ਸੱਚਾ ਗੁਰੂ ਸ਼ਬਦ ਦੀ ਸਹਾਇਤਾ ਨਾਲ ਸੰਸਾਰ-ਸਾਗਰ ਤੋਂ ਪਾਰ ਕਰ ਦਿੰਦਾ ਹੈ।[131] ਗੁਰੂ ਨਾਨਕ ਬਾਣੀ ਅਨੁਸਾਰ ਗੁਰੂ ਦੀ ਪ੍ਰਾਪਤੀ ਸੰਗਤ ਵਿਚੋਂ ਹੁੰਦੀ ਹੈ।[132]

4.**ਕਲਯੁੱਗ**:ਗੁਰੂਨਾਨਕਬਾਣੀਅਨੁਸਾਰਸਤਯੁਗਵਿੱਚਮਨੁੱਖਾਂਦੇਸਰੀਰਾਂਵਿੱਚਸਤਅਤੇਸੰਤੋਖਦੀਪ੍ਰਧਾਨਤਾ ਹੁੰਦੀ ਹੈ।[133] ਤ੍ਰੇਤੇ ਯੁਗ ਵਿੱਚ ਧਰਮ ਵਿੱਚ ਸਤ ਖਤਮ ਹੋ ਜਾਂਦਾ ਹੈ ਅਤੇ ਇਸ ਦੀ ਥਾਂ ਦੁਬਿਧਾ ਲੈ ਲੈਂਦੀ ਹੈ।[134] ਦੁਆਪਰ ਯੁੱਗ ਵਿੱਚ ਧਰਮ ਵਿੱਚੋਂ ਦਇਆ ਦੀ ਸ਼ਕਤੀ ਮਿਟ ਜਾਂਦੀ ਹੈ। ਰਾਜੇ ਸੁਆਰਥੀ ਹੋ ਜਾਂਦੇ ਹਨ ਤੇ ਕਰਮਕਾਂਡ ਪ੍ਰਧਾਨ ਹੋ ਜਾਂਦੇ ਹਨ।[135] ਕਲਯੁਗ ਵਿੱਚ ਬਿਨਾਂ ਗੁਰੂ ਦੇ ਪਰਮਾਤਮਾ ਦਾ ਵਰਨਣ ਕਰਨਾ ਤੇ ਉਸ ਦਾ ਸੰਜੋਗ ਪ੍ਰਾਪਤ ਕਰਨਾ ਸੰਭਵ ਨਹੀਂ ਹੁੰਦਾ।[136] ਗੁਰੂ ਦੀ ਪ੍ਰਾਪਤੀ ਸੰਗਤ ਵਿੱਚੋਂ ਹੀ ਸੰਭਵ ਹੈ।[137] ਕਲਯੁੱਗ ਵਿੱਚ ਗੁਰੂ ਨਾਨਕ ਦੇਵ ਜੀ ਨੇ ਮਨੁੱਖ

ਦੇ ਸਾਰੇ ਦੁੱਖਾਂ ਦਾ ਦਾਰੂ ਸਿਰਫ਼ ਪਰਮਾਤਮਾ ਦਾ ਨਾਮ ਹੀ ਕਿਹਾ ਹੈ। ਇਸ ਨਾਮ ਦੀ ਪ੍ਰਾਪਤੀ ਸੰਗਤ ਵਿੱਚ ਹੁੰਦੀ ਹੈ।[139]

5. **ਪੰਜ ਵਿਕਾਰ:** ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਸਹਿ 'ਦੁੱਖ' ਅਤੇ ਪੀੜਾ ਦਾ ਕਾਰਣ ਹਨ।[140] ਇਹ ਅੰਤਰ ਆਤਮੇ ਸ਼ੋਰ ਪਾਉਣ ਵਾਲੇ ਭਿਆਨਕ ਅਤੇ ਡਰਾਉਣੇ ਵੈਰੀ ਹਨ, ਜੋ ਭੂਤਨਿਆਂ ਵਾਂਗ ਝਗੜਦੇ ਅਤੇ ਖਿਚਾ-ਖਿੱਚੀ ਕਰਦੇ ਰਹਿੰਦੇ ਹਨ।[141] ਕਾਮ ਕ੍ਰੋਧ ਨਿਰੀ ਵਿੱਸ ਹਨ।[142] ਲੋਭ ਕੁੱਤਾ ਹੈ, ਕੂੜ ਚੂਹੜਾ ਹੈ ਅਤੇ ਕ੍ਰੋਧ ਚੰਡਾਲ ਹੈ ਜੋ ਅੰਤਹਕਰਣ ਵਿੱਚ ਅਗਨੀ ਬਾਲੀ ਰਖਦਾ ਹੈ।[143] ਲਾਲਚ, ਮਨ ਰੂਪੀ ਰਾਜੇ ਦਾ ਵਜ਼ੀਰ ਹੈ, ਕੂੜ ਉਸ ਦਾ ਸਰਦਾਰ ਹੈ ਅਤੇ ਕਾਮ ਨਾਇਬ ਹੈ।[144] ਲੋਭ, ਮੋਹ, ਕ੍ਰੋਧ, ਅਤੇ ਹਿੰਸਾ ਅਗਨੀ ਦੀਆਂ ਚਾਰ ਨਦੀਆਂ ਹਨ[145] ਜੋ ਭਗਤੀ ਮਾਰਗ ਦੇ ਪਾਂਧੀਆਂ ਦੇ ਰਾਹ ਦੀਆਂ ਰੁਕਾਵਟਾਂ ਬਣਦੀਆਂ ਹਨ। ਇਹ ਵਿਘਨਕਾਰੀ ਤੱਤ ਇੰਨੇ ਬਲਵਾਨ ਅਤੇ ਮਨਮੋਹਕ ਹਨ ਕਿ ਸਾਰਾ ਜਗ ਇਹਨਾਂ ਵਿੱਚ ਭਟਕ ਕੇ ਠੱਗਿਆ ਜਾ ਰਿਹਾ ਹੈ।[146] ਗੁਰੂ ਨਾਨਕ ਬਾਣੀ ਅਨੁਸਾਰ ਮਨੁੱਖ ਸੰਗਤ ਵਿੱਚ ਆ ਕੇ ਇਹਨਾਂ ਵਿਕਾਰਾਂ ਤੋਂ ਛੁਟਕਾਰਾ ਪਾ ਸਕਦਾ ਹੈ।[147]

6. **ਮੁਕਤੀ:** ਗੁਰੂ ਨਾਨਕ ਬਾਣੀ ਵਿੱਚ ਮੁਕਤੀ ਦੀ ਅਵਸਥਾ ਨੂੰ ਕਈ ਤਰ੍ਹਾਂ ਬਿਆਨ ਕੀਤਾ ਗਿਆ ਹੈ, ਇਸ ਲਈ ਪਰਮਪਦ[148], ਅਮਰਪਦ[149], ਤੁਰੀਆਪਦ[150], ਮੋਖ[151] ਆਦਿ ਸ਼ਬਦ ਵਰਤੇ ਹਨ। ਗੁਰੂ ਸਾਹਿਬ ਸੰਸਾਰਿਕ ਬੰਧਨਾਂ ਤੋਂ ਖਲਾਸੀ ਨੂੰ ਮੁਕਤੀ ਮੰਨਦੇ ਹਨ।[152] ਇਹਨਾਂ ਬੰਧਨਾਂ ਨੂੰ ਉਨ੍ਹਾਂ ਨੇ 'ਕੂੜ ਦੀ ਪਾਲਿ' ਅਰਥਾਤ ਮਿਥਿਆ ਦਾ ਪਰਦਾ[153] ਅਤੇ ਸੰਸਾਰਿਕ ਪ੍ਰਪੰਚਾਂ ਦਾ ਭਰਮ ਵੀ ਕਿਹਾ ਹੈ।[154] ਇਹਨਾਂ ਪ੍ਰਪੰਚਾਂ ਤੋਂ ਉੱਚਾ ਉਠ ਕੇ ਜਿਗਿਆਸੂ ਦਾ ਗੁਰੂ ਦੇ ਮੇਲ ਦੁਆਰਾ ਪਰਮਾਤਮਾ ਨੂੰ ਪਛਾਣਨਾ ਅਰਥਾਤ ਆਤਮ ਗਿਆਨ ਪ੍ਰਾਪਤ ਕਰਨਾ ਹੀ ਮੋਕਸ਼-ਦੁਆਰਾ ਹੈ।[155] ਅਗਿਆਨੀ ਮਨੁੱਖ ਲਈ ਜਗਤ ਹੀ ਭਰਮ ਜਾਂ ਮਾਇਆ ਨਹੀਂ ਹੈ, ਉਸ ਲਈ ਤਾਂ ਪਰਮਾਤਮਾ ਵੀ ਭਰਮ ਤੇ ਮਾਇਆ ਹੈ। ਮਨੁੱਖ ਜਦੋਂ ਗਿਆਨਵਾਨ ਹੋਵੇਗਾ ਤਾਂ ਉਹ ਅਧਿਆਤਮਕ ਜਗਤ ਅਤੇ ਭੌਤਿਕ ਜਗਤ ਵਿਚਲੇ ਸੰਬੰਧਾਂ ਨੂੰ ਉਹਨਾਂ ਦੇ ਦਰੁਸਿਤ ਅਰਥਾਂ ਵਿੱਚ ਸਮਝਣ ਦੇ ਯੋਗ ਹੋਵੇਗਾ। ਇਸ ਅਵਸਥਾ ਵਿੱਚ ਮਨੁੱਖ ਭੌਤਿਕ ਜਗਤ ਨੂੰ ਅਧਿਆਤਮਕ ਜਗਤ ਦੇ ਵਿਰੋਧ ਵਿੱਚ ਨਹੀਂ ਚਿਤਵੇਗਾ ਸਗੋਂ ਇਹਨਾਂ ਦੋਵੇਂ ਜਗਤਾਂ ਨੂੰ ਇਕ ਦੂਜੇ ਦੇ ਪੂਰਕ ਮੰਨੇਗਾ। ਇਹ ਅਵਸਥਾ ਅਸਲ ਵਿੱਚ ਮਨੁੱਖ ਦੇ ਸਚਿਆਰ ਹੋਣ ਦੀ ਅਵਸਥਾ ਹੈ। ਗੁਰੂ ਨਾਨਕ ਸਾਹਿਬ ਨੇ 'ਜੀਵਨ-ਮੁਕਤ' ਵਿਅਕਤੀ ਨੂੰ ਸਮਾਜ ਵਿਚ ਮਹੱਤਵਪੂਰਨ ਰੋਲ ਅਦਾ ਕਰਨ ਲਈ ਕਿਹਾ ਹੈ। ਉਹਨਾਂ ਨੇ ਸਮਾਜ ਸੇਵਾ ਨੂੰ ਮੁਕਤੀ ਦੀ ਪ੍ਰਾਪਤੀ ਲਈ ਜ਼ਰੂਰੀ ਸ਼ਰਤ ਮੰਨਿਆ ਹੈ।[156]

7. **ਸਮਾਜਿਕ ਜੀਵਨ ਬਾਰੇ:** ਗੁਰੂ ਨਾਨਕ ਬਾਣੀ ਅਨੁਸਾਰ ਸਾਰੇ ਮਨੁੱਖਾਂ ਵਿੱਚ ਪਰਮਾਤਮਾ ਦਾ ਹੀ ਪ੍ਰਕਾਸ਼ ਹੈ।[157] ਗੁਰੂ ਨਾਨਕ ਰੰਗ ਤੇ ਨਸਲ ਦੇ ਸਾਰੇ ਵਿਤਕਰਿਆਂ ਨੂੰ ਫ਼ਜ਼ੂਲ ਦੱਸਦੇ ਹਨ। ਉਹਨਾਂ ਨੂੰ ਹਰ ਮਨੁੱਖ ਵਿੱਚ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ।[158]

ਜਾਤ-ਪਾਤ ਵਾਲੇ ਸਮਾਜ ਵਿੱਚ ਸਮਾਜਿਕ ਤੇ ਆਰਥਿਕ ਨ-ਬਰਾਬਰੀ ਬਹੁਤ ਵੱਡਾ ਪਾੜਾ ਹੁੰਦਾ ਹੈ। ਵੇਦਾਂ ਦੇ ਸਮੇਂ ਤੋਂ ਹੀ ਭਾਰਤੀ ਸਮਾਜ ਚਾਰ ਵਰਨਾਂ ਵਿੱਚ ਵੰਡਿਆਂ ਹੋਇਆ ਸੀ। ਸ਼ੂਦਰਾਂ ਨੂੰ ਸਭ ਤੋਂ ਨੀਵਾਂ ਤੇ ਬ੍ਰਾਹਮਣਾਂ ਨੂੰ ਸਭ ਤੋਂ ਉੱਚਾ ਸਮਝਿਆ ਜਾਂਦਾ ਸੀ। ਸ਼ੂਦਰਾਂ ਨੂੰ ਬਹੁੱਤ ਸਾਰੇ ਅਧਿਕਾਰਾਂ ਤੋਂ ਵਾਂਝਿਆਂ ਕੀਤਾ ਹੋਇਆ ਸੀ। ਗੁਰੂ ਸਾਹਿਬ ਨੇ ਸਭ ਮਨੁੱਖਾਂ ਵਿੱਚ ਪਰਮਾਤਮਾ ਦੀ ਜੋਤ ਦੇਖਦਿਆਂ ਜਾਤ-ਪਾਤ ਦੇ ਵਖਰੇਵੇਂ ਨੂੰ ਫਜ਼ੂਲ ਦੱਸਿਆ।[159]

ਗੁਰੂ ਨਾਨਕ ਕਾਲ ਵਿੱਚ ਕੁਝ ਜਾਤੀਆਂ ਨੂੰ ਅਛੂਤ ਕਰਾਰ ਦਿੱਤਾ ਗਿਆ ਸੀ।[160] ਇਹਨਾਂ ਜਾਤੀਆਂ ਨਾਲ ਮਿਲਵਰਤਨ ਤਾਂ ਕੀ ਛੂਹਣਾ ਵੀ ਪਾਪ ਸਮਝਿਆ ਜਾਂਦਾ ਸੀ। ਇਹ ਸੁੱਚ-ਭਿੱਟ ਸਮਾਜ ਵਿੱਚ ਘਰ ਕਰ ਚੁੱਕੀ ਸੀ।[161] ਇਸਤਰੀ ਜਾਤੀ ਨੂੰ ਵੀ ਨੀਵਾਂ ਸਮਝਿਆ ਜਾਂਦਾ ਸੀ।[162] ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਮਨੁੱਖ ਤੋਂ ਨਿਖੇੜਨ ਵਾਲੀ ਅਖੌਤੀ ਪਵਿੱਤਰਤਾ ਦਾ ਖੰਡਨ ਕੀਤਾ ਹੈ। ਉਹਨਾਂ ਅਨੁਸਾਰ ਸਰੀਰਕ ਸਫ਼ਾਈ ਨਾਲ ਕੋਈ ਪਵਿੱਤਰ ਨਹੀਂ ਹੋ ਸਕਦਾ, ਮਨ ਦੀ ਸ਼ੁਧੀ ਨਾਲ ਹੀ ਪਵਿੱਤਰਤਾ ਮੰਨੀ ਜਾ ਸਕਦੀ ਹੈ।[163] ਵਿਸ਼ੇ-ਵਿਕਾਰਾਂ ਦੀ ਮੈਲ ਤੋਂ ਰਹਿਤ ਹੋ ਕੇ ਹੀ ਪਵਿੱਤਰਤਾ ਹਾਸਲ ਕੀਤੀ ਜਾ ਸਕਦੀ ਹੈ[164] 'ਆਸਾ ਦੀ ਵਾਰ' ਵਿੱਚ ਅਖੌਤੀ ਪਵਿੱਤਰਤਾ ਦਾ ਪੋਲ ਖੋਲਦਿਆਂ ਕਿਹਾ ਹੈ ਕਿ ਸੱਚੇ ਪ੍ਰਭੂ ਨੂੰ ਧਿਆਉਣ ਨਾਲ ਹੀ ਸੁਚ ਪ੍ਰਾਪਤ ਹੁੰਦੀ ਹੈ।[165] ਉਹਨਾਂ ਇਨਸਾਨੀ ਭਾਈਚਾਰੇ ਨੂੰ ਜਾਤ-ਪਾਤ, ਊਚ-ਨੀਚ ਤੇ ਨ-ਬਰਾਬਰੀ ਜਿਹੇ

ਲਾਹਨਤ ਭਰੇ ਵਿਸ਼ਵਾਸ਼ਾਂ ਤੋਂ ਮੁਕਤ ਕਰਨ ਲਈ ਸੰਗਤ ਦਾ ਸੰਕਲਪ ਦਿੱਤਾ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਬਾਣੀ ਅਨੁਸਾਰ ਮਨੁੱਖ ਦਾ ਲਕਸ਼ ਸਚਿਆਰ ਹੋਣਾ ਹੈ। ਪਰਮਾਤਮਾ ਸੱਚ ਹੈ, ਇਸ ਲਈ ਮਨੁੱਖ ਪ੍ਰਭੂ ਦੇ ਮਿਲਾਪ ਨਾਲ ਸਚਿਆਰ ਹੋ ਸਕਦਾ ਹੈ। ਮਨੁੱਖ ਨੂੰ ਕੁਲਯੁੱਗੀ ਪ੍ਰਭਾਵ ਤੇ ਵਿਕਾਰਾਂ ਦੀ ਮਾਰ ਵੀ ਪੈਂਦੀ ਹੈ। ਇਹਨਾਂ ਤੋਂ ਬਚਣ ਲਈ ਤੇ ਜੀਵਨ ਮੁਕਤ ਹੋਣ ਲਈ ਗੁਰੂ ਦੀ ਲੋੜ ਹੈ। ਗੁਰੂ ਨਾਨਕ ਬਾਣੀ ਅਨੁਸਾਰ ਜੀਵ ਆਪਣਾ ਸਚਿਆਰ ਹੋਣ ਦਾ ਲਕਸ਼ ਸੰਗਤ ਰਾਹੀਂ ਹੀ ਪ੍ਰਾਪਤ ਕਰ ਸਕਦਾ ਹੈ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਸੰਗਤ ਦਾ ਸੰਕਲਪ ਦਿੱਤਾ। ਸੰਗਤ ਹੀ ਅਜਿਹੀ ਸੰਸਥਾ ਹੈ ਜਿਥੋਂ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਵਿਕਾਰਾਂ ਤੇ ਕਲਯੁੱਗੀ ਪ੍ਰਭਾਵ ਤੋਂ ਮੁਕਤੀ ਮਿਲਦੀ ਹੈ। ਮਨੁੱਖ ਅਮਲੀ ਰੂਪ ਵਿੱਚ ਜਿੱਥੇ ਭੌਤਿਕ ਜਗਤ ਨੂੰ ਆਪਣੇ ਲਈ ਅਤੇ ਸਮੂਹ ਮਨੁੱਖ ਲਈ ਸੁਖਾਵਾਂ ਤੇ ਅਨੰਦਮਈ ਬਣਾਉਂਦਾ ਹੈ ਉਥੇ ਪਰਾਲੌਕਿਕ ਜਗਤ ਲਈ ਵੀ ਆਪਣਾ ਰਾਹ ਪਧਰਾ ਕਰ ਲੈਂਦਾ ਹੈ।

## ਹਵਾਲੇ ਤੇ ਟਿੱਪਣੀਆਂ

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰ. 179
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1260
3. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 535
4. ਵਾਰਾਂ ਭਾਈ ਗੁਰਦਾਸ, ਵਾਰ 25, ਪਉੜੀ 20
5. ਸਾਧ ਸੰਗਤਿ ਮਿਲਿ ਬੰਦ ਖਲਾਸੀ॥

   ਉਹੀ, ਵਾਰ 39, ਪਉੜੀ 17
6. ਗੁਰਮੂਰਤਿ ਗੁਰਸਬਦ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ॥

   ਉਹੀ, ਵਾਰ 24, ਪਉੜੀ 25
7. ਗੁਰੂ ਨਾਨਕ ਬਾਣੀ ਪ੍ਰਕਾਸ਼ ਪੰ. 695
8. ਮਹਾਨ ਕੋਸ਼, ਪੰ. 192
9. ਗੁਰੂ ਨਾਨਕ ਬਾਣੀ ਪ੍ਰਕਾਸ਼ , ਪੰ. 400
10. ਆਪੇ ਆਪਿ ਵਰਤਦਾ ਸਤਿਸੰਗਿ ਵਿਸੇਖੈ॥

    ਵਾਰਾਂ ਭਾਈ ਗੁਰਦਾਸ, ਵਾਰ 2. ਪਉੜੀ 1
11. ਚਾਰ ਵਰਨ ਸਤਿਸੰਗੁ ਗੁਰਮੁਖਿ ਮੇਲਿਆ।
    ਜਾਣ ਤੰਬੋਲਹੁ ਰੰਗੁ ਗੁਰਮੁਖਿ ਚੇਲਿਆ॥

    ਉਹੀ, ਵਾਰ 3, ਪਉੜੀ 16
12. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 197
13. ਮਹਾਨ ਕੋਸ਼, ਪੰ. 419
14. ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹਹਿ ਰਾਈ॥

    ਵਾਰਾਂ ਭਾਈ ਗੁਰਦਾਸ ਵਾਰ 1, ਪਉੜੀ 42
15. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 416
16. ਦਸਾਂ ਪਾਤਸ਼ਾਹੀਆਂ ਦੇ ਜੀਵਨ ਬ੍ਰਿਤਾਂਤ, ਅਰਥਾਤ ਤਵਾਰੀਖ ਗੁਰੂ ਖਾਲਸਾ, ਪੰ. 45,52,67,105,123,185,260,299,304, 311, 366
17. ਗੁਰੂ ਹਰਗੋਬਿੰਦ ਜੀ ਦਾ ਹੁਕਮਨਾਮਾ ਨੰ. 2 (ਹੁਕਮਨਾਮੇ, ਡਾ.ਗੰਡਾ ਸਿੰਘ)
18. ਉਹੀ ਨੰ. 3
19. ਗੁਰੂ ਹਰਿਕ੍ਰਿਸ਼ਨ ਜੀ ਦਾ ਹੁਕਮਨਾਮਾ ਨੰ. 6
20. ਗੁਰੂ ਤੇਗ ਬਹਾਦਰ ਜੀ ਦਾ ਹੁਕਮਨਾਮਾ ਨੰ. 10, 11, 14, 15, 16
21. ਉਹੀ, ਨੰ. 8
22. ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮਨਾਮਾ ਨੰ. 36, 37, 39 ਤੋਂ 52 ਤੱਕ 56, 58 ਤੋਂ 60, 62 ਤੋਂ 64 ਤੱਕ

23. ਉਹੀ ਨੰ. 59, 60
24. ਮਾਤਾ ਸੁੰਦਰੀ ਜੀ ਵਲੋਂ ਨੰ. 71, 83, 84
25. ਉਹੀ, 83
26. ਹੁਕਮਨਾਮਾ, 66
27. ਉਹੀ 66, 67
28. (ਸੰਪਾ. ਪਿਆਰਾ ਸਿੰਘ ਪਦਮ) ਰਹਿਤਨਾਮਾ, ਪੰਨਾ 47, 48, 50, 221
29. ਉਹੀ ਪੰ. 59
30. ਉਹੀ ਪੰ. 65, 104, 116, 118, 215, 217, 252, 254
31. ਉਹੀ ਪੰ. 72, 87, 101, 104, 105, 107, 115
32. ਉਹੀ ਪੰ. 78, 83, 102, 109, 138, 239
33. ਉਹੀ ਪੰ. 217
34. ਉਹੀ ਪੰ. 217
35. ਉਹੀ ਪੰ. 250
36. ਉਹੀ ਪੰ. 42
37. ਉਹੀ ਪੰ. 19
38. ਉਹੀ ਪੰ. 382
39. ਉਹੀ ਪੰ. 57
40. ਉਹੀ ਪੰ. 58
41. ਉਹੀ ਪੰ. 77
42. ਉਹੀ ਪੰ. 79
43. ਉਹੀ ਪੰ. 79, 89
44. ਉਹੀ ਪੰ. 93
45. ਉਹੀ ਪੰ. 108
46. ਉਹੀ ਪੰ. 135
47. ਉਹੀ ਪੰ. 121
48. ਉਹੀ ਪੰ. 138
49. ਉਹੀ ਪੰ. 138
50. ਉਹੀ ਪੰ. 142
51. ਉਹੀ ਪੰ. 146
52. ਮਹਾਨ ਕੋਸ਼ ਪੰਨਾ 240
53. ਉਹੀ ਪੰ. 192
54. ਉਹੀ ਪੰ. 183
55. ਉਹੀ ਪੰ. 183

56. ਉਹੀ ਪੰ. 148
57. ਉਹੀ ਪੰ. 243
58. ਉਹੀ ਪੰ. 419
59. Encyclopedia of Guru Granth Sahib, p. 276
60. Ibid, p. 270
61. ਡਾ. ਸੁਰਿੰਦਰ ਸਿੰਘ ਕੋਹਲੀ ਗੁਰਮਤਿ ਸਿਧਾਂਤ ਪੰ. 119
62. ਉਹੀ ਪੰ. 121
63. ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 110
64. ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥
ਉਹੀ ਪੰ. 197
65. ਸੰਤਾ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ॥
ਉਹੀ ਪੰ. 158

66. ਸਤਸੰਗਤਿ ਸਤਗੁਰੁ ਪਾਈਐ
ਅਹਿਨਸਿ ਸਬਦਿ ਸਲਾਹਿ॥
ਉਹੀ ਪੰ. 118
67. ਗੁਰ ਨਾਨਕ ਬਾਣੀ ਪ੍ਰਕਾਸ਼ ਪੰ. 400
68. ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ
ਵਾਰਾਂ ਭਾਈ ਗੁਰਦਾਸ, ਵਾਰ 13, ਪਉੜੀ 19
69. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 197
70. ਵਾਰਾਂ ਭਾਈ ਗੁਰਦਾਸ, ਵਾਰ 24, ਪਉੜੀ 1
71. ਸਾਧ ਸੰਗਤਿ ਦਾ ਆਦਿ ਅੰਤ ਥਿਤ ਨ ਵਾਰੁ ਨ ਮਾਹੁ ਲਿਖਾਇਆ॥
ਵਾਰ 39. ਪਉੜੀ 13
72. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 120
73. ਸਾਧਸੰਗਤਿ ਸਚੁ ਖੰਡ ਹੈ ਨਿਰੰਕਾਰ ਗੁਰੁ ਸਬਦ ਵਸਾਇਆ॥
ਵਾਰ 39, ਪਉੜੀ 13
74. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 100
75. ਗੁਰ ਸਿਖੀ ਦਾ ਸਿਖਣਾ ਗੁਰਮੁਖਿ ਸਾਧਸੰਗਤਿ ਦੀ ਸੇਵਾ।
ਸਾਧਸੰਗਤਿ ਗੁਰ ਸਬਦ ਸਮੇਵਾ॥
ਵਾਰ 28 ਪਉੜੀ 4
76. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 6

77. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 27
78. ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀ ਰਾਗ ਮ. 1, ਪੰ. 17
79. ਉਹੀ ਵਡਹੰਸ ਮਹਲਾ 1, ਪੰ. 579
80. ਵਾਰਾਂ ਭਾਈ ਗੁਰਦਾਸ, ਵਾਰ 5, ਪਉੜੀ 2
81. ਉਹੀ ਵਾਰ 26, ਪਉੜੀ 18
82. ਕਰਣ ਕਾਰਣ ਸਮੱਰਥ ਹੈ ਸਾਧ ਸੰਗਤਿ ਦਾ ਕਰੇ ਕਰਾਇਆ॥
ਭਰੇ ਭੰਡਾਰ ਦਾਤਾਰ ਹੈ ਸਾਧ ਸੰਗਤਿ ਦਾ ਦੇਇ ਦਿਵਾਇਆ॥
ਪਾਰਬ੍ਰਹਮ ਗੁਰ ਰੂਪ ਹੋਇ ਸਾਧਸੰਗਤਿ ਗੁਰ ਸਬਦ ਸਮਾਇਆ॥
ਜੱਗ ਭੋਗ ਜੋਗ ਧਿਆਨੁ ਕਰਿ ਪੂਜਾ ਪਰੇ ਨ ਦਰਸਨ ਪਾਇਆ॥
ਸਾਧ ਸੰਗਤ ਪਿਉ ਪੁੱਤ ਹੋਇ ਦਿਤਾ ਖਾਇ ਪਹਿਨੇ ਪੈਨ੍ਹਾਇਆ॥
ਘਰਬਾਰੀ ਹੋਇ ਵਰਤਿਆ ਘਰਬਾਰੀ ਸਿਖ ਪੈਰੀ ਪਾਇਆ॥
ਮਾਇਆ ਵਿਚਿ ਉਦਾਸੁ ਰਖਾਇਆ॥
ਉਹੀ ਵਾਰ 6, ਪਉੜੀ 2
83. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 632
84. ਉਹੀ ਪੰ. 641
85. ਵਾਰਾਂ ਭਾਈ ਗੁਰਦਾਸ, ਵਾਰ 12, ਪਉੜੀ 18
86. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 114
87. ਉਹੀ ਪੰ. 120
88. ਉਹੀ ਪੰ. 690
89. ਉਹੀ ਪੰ. 742
90. ਮਨ ਅਸਾਧ ਨ ਸਾਧੀਐ ਗੁਰਮੁਖ ਸੁਖਫਲ ਸਾਧ ਸਧਾਇਆ॥
ਸਾਧਸੰਗਤ ਮਿਲ ਮਨ ਵਸਿ ਆਇਆ॥
ਵਾਰਾਂ ਭਾਈ ਗੁਰਦਾਸ, ਵਾਰ 29 ਪਉੜੀ 9
91. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 110
92. ਜੰਮਣ ਮਰਣਹੁ ਬਾਹਰੇ ਪਰਉਪਕਾਰੀ ਜਗ ਵਿਚਿ ਆਏ॥
ਭਾਉ ਭਗਤਿ ਉਪਦੇਸ ਕਰਿ ਸਾਧ ਸੰਗਤਿ ਸਚਖੰਡ ਵਸਾਏ॥
ਵਾਰਾਂ ਭਾਈ ਗੁਰਦਾਸ, ਵਾਰ 12 ਪਉੜੀ 18
93. ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ॥
ਕਿਸੁ ਵਖਰ ਕੇ ਤੁਮ ਵਣਜਾਰੇ॥
ਕਿਉ ਕਰਿ ਸਾਥੁ ਲੰਘਾਵਹੁ ਪਾਰੇ॥
ਗੁਰੂ ਨਾਨਕ ਬਾਣੀ ਪ੍ਰਕਾਸ਼ , ਪੰ. 993
94. ਗੁਰਮੁਖਿ ਖੋਜਤ ਭਏ ਉਦਾਸੀ॥
ਦਰਸਨ ਕੈ ਤਾਈ ਭੇਖ ਨਿਵਾਸੀ॥

ਸਾਚ ਵਖਰ ਕੇ ਹਮ ਵਣਜਾਰੇ॥
ਨਾਨਕ ਗੁਰਮੁਖਿ ਉਤਰਸਿ ਪਾਰੇ॥

ਉਹੀ ਪੰ. 993-94

95. ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਉਹੀ, ਪੰ. 2

96. ਨਾਨਕ ਤੇ ਮੁਖਿ ਉਜਲੇ ਕੇਤੀ ਛੁਟੀ ਨਾਲਿ॥

ਉਹੀ ਪੰ. 56

97. ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ।

ਉਹੀ ਪੰ. 430

98. ਪੜਿ ਪੜਿ ਗਡੀ ਲਦੀਅਹਿ....॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 467

99. ਬੇਦ ਕਤੇਬੀ ਭੇਦੁ ਨ ਜਾਤਾ॥

ਉਹੀ ਪੰ. 1021

100. ਮਾਣਸ ਖਾਣੇ ਕਰਹਿ ਨਿਵਾਜ॥

ਉਹੀ ਪੰ. 471-72

101. ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥

ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 328

102. ਖਸਮੁ ਵਿਸਾਰਿ ਕੀਏ ਰਸ ਭੋਗ॥
ਤਾ ਤਨ ਉਠਿ ਖਲੋਏ ਰੋਗ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1256

103. ਪਹਿਲੈ ਪਿਆਰਿ ਲਗਾ ਥਣ ਦੁਧਿ॥ ਦੂਜੈ ਮਾਇ ਬਾਪ ਕੀ ਸੁਧਿ॥
ਤੀਜੈ ਭਯਾ ਭਾਭੀ ਬੇਬ॥ ਚਉਥੈ ਪਿਆਰਿ ਉਪੰਨੀ ਖੇਡ॥
ਪੰਜਵੈ ਖਾਣ ਪੀਅਣ ਕੀ ਧਾਤੁ॥ ਛਿਵੈ ਕਾਮੁ ਨ ਪੂਛੈ ਜਾਤਿ॥
ਸਤਵੈ ਸੰਜਿ ਕੀਆ ਘਰ ਵਾਸੁ॥ ਅਠਵੈ ਕ੍ਰੋਧ ਹੋਆ ਤਨ ਨਾਸੁ॥
ਨਵੈ ਧਉਲੇ ਉਭੇ ਸਾਹ॥ ਦਸਵੈ ਦਧਾ ਹੋਆ ਸੁਆਹ॥

ਉਹੀ, ਪੰ. 137-138

104. ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥

ਉਹੀ , ਪੰ. 20

105. ਕਾਇਆ ਮਹਲੁ ਮੰਦਰੁ ਘਰੁ ਹਰਿ ਕਾ
ਤਿਸੁ ਮਹਿ ਰਾਖੀ ਜੋਤਿ ਅਪਾਰ॥

ਉਹੀ, ਪੰ. 1256

106. ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ॥

ਘਰਿ ਅੰਮ੍ਰਿਤੁ ਘਟ ਮਾਹੀ ਜੀਉ॥

ਉਹੀ, ਪੰ. 598

107. ਪੰਚ ਤਤੁ ਮਿਲਿ ਇਹੁ ਤਨੁ ਕੀਆ
ਆਤਮ ਰਾਮ ਪਾਏ ਸੁਖੁ ਥੀਆ॥

ਉਹੀ ਪੰ. 1039

108. ਜਾ ਜੀਉ ਵਿਚਹੁ ਕਢੀਐ ਭਸੂ ਭਰਿਆ ਜਾਇ॥

ਉਹੀ ਪੰ. 1240

109. ਨਾ ਜੀਉ ਮਰੈ ਨਾ ਮਾਰਿਆ ਜਾਈ...॥

ਉਹੀ ਪੰ. 1026

110. ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ॥

ਉਹੀ ਪੰ. 1030

111. ਸਭ ਮਹਿ ਜੋਤਿ ਜੋਤਿ ਹੈ ਸੋਇ॥

ਉਹੀ ਪੰ. 663

112. ਕੰਚਨ ਕਾਇਆ ਨਿਰਮਲ ਹੰਸੁ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ॥

ਉਹੀ ਪੰ. 1256

113. ਆਤਮਾ ਬਾਸੁ ਦੇਵਸਿ ਜੇ ਕੋ ਜਾਣੈ ਭੇਉ।

ਉਹੀ ਪੰ. 469

114. ਆਤਮਾ ਪਰਾਤਮਾ ਏਕੋ ਕਰੈ॥
ਅੰਤਰ ਕੀ ਦੁਬਿਧਾ ਅੰਤਰਿ ਮਰੈ॥

ਉਹੀ ਪੰ. 661

115. ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥

ਉਹੀ ਪੰ. 421

116. ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ॥

ਉਹੀ ਪੰ. 935

117. ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ॥

ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 430

118. ਸਖੀ ਸਾਜਨੀ ਕੇ ਹਉ ਚਰਨ ਸਰੇਵਉ ਹਰਿ ਗੁਰ ਕਿਰਪਾ ਤੇ ਨਦਰਿ ਧਰੀ॥
ਆਪੁ ਬੀਚਾਰਿ ਮਾਰਿ ਮਨੁ ਦੇਖਿਆ ਤੁਮ ਸਾ ਮੀਤੁ ਨ ਅਵਰੁ ਕੋਈ॥
ਜਿਉ ਤੂੰ ਰਾਖਹਿ ਤਿਵ ਹੀ ਰਹਣਾ ਦੁਖੁ ਸੁਖੁ ਦੇਵਹਿ ਕਰਹਿ ਸੋਈ॥
ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ॥
ਤੁਰੀਆਵਸਥਾ ਗੁਰਮੁਖਿ ਪਾਈਐ ਸੰਤਸਭਾ ਕੀ ਓਟ ਲਹੀ॥

ਉਹੀ ਪੰ. 430

119. ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥
ਉਹੀ ਪੰ. 86
120. ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ॥
ਉਹੀ ਪੰ. 96
121. ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1
122. ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥
ਗੁਰੂ ਨਾਨਕ ਬਾਣੀ ਪ੍ਰਕਾਸ਼ ਪੰ. 711
123. ਸਭਨਾ ਜੀਆ ਕਾ ਇਕੁ ਦਾਤਾ....॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 2
124. ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥
ਉਹੀ ਪੰ. 1168
125. ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ॥
ਗੁਰੂ ਨਾਨਕ ਬਾਣੀ ਪ੍ਰਕਾਸ਼ ਪੰ. 120
126. ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ॥
ਗੁਰੂ ਨਾਨਕ ਬਾਣੀ ਪ੍ਰਕਾਸ਼ ਪੰ. 697
127. ਸਤਿਗੁਰੂ ਦਾਤਾ ਮੁਕਤਿ ਕਰਾਏ॥
ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 1028
128. ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 418
129. ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ॥
ਉਹੀ, ਪੰ. 418
130. ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ॥
ਸੋ ਅੰਮ੍ਰਿਤੁ ਗੁਰ ਪਾਹੀ ਜੀਉ॥
ਉਹੀ ਪੰ. 692
131. ਸਤਿਗੁਰੂ ਹੈ ਬੋਹਿਥਾ ਸਬਦਿ ਲੰਘਾਵਣਹਾਰੁ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1009
132. ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 100
133. ਸਤਜੁਗਿ ਸਤੁ ਸੰਤੋਖ ਸਰੀਰਾ॥ ਸਤਿ ਸਤਿ ਵਰਤੈ ਗਹਿਰ ਗੰਭੀਰਾ॥
ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ॥

ਸਤਜੁਗਿ ਸਾਚੁ ਕਹੈ ਸਭੁ ਕੋਈ॥ ਸਚਿ ਵਰਤੈ ਸਾਚਾ ਸੋਈ॥
ਮਨਿ ਮੁਖਿ ਸਾਚੁ ਭਰਮ ਭਉ ਭੰਜਨੁ ਗੁਰਮੁਖਿ ਸਾਚੁ ਸਖਾਈ ਹੇ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1023

134. ਤੇਤੈ ਧਰਮ ਕਲਾ ਇਕ ਚੂਕੀ॥ ਤੀਨਿ ਚਰਣ ਇਕ ਦੁਬਿਧਾ ਸੂਕੀ॥

ਉਹੀ ਪੰ. 1023

135. ਦਇਆ ਦੁਆਪੁਰਿ ਅਧੀ ਹੋਈ॥ ਗੁਰਮੁਖਿ ਵਿਰਲਾ ਚੀਨੈ ਕੋਈ॥

— — — — — — —

ਰਾਜੇ ਧਰਮੁ ਕਰਹਿ ਪਰਥਾਏ॥ ਆਸਾ ਬੰਧੇ ਦਾਨੁ ਕਰਾਏ॥

ਉਹੀ, ਪੰ. 1023-24

136. ਕਲੀ ਕਾਲ ਮਹਿ ਇਕ ਕਲ ਰਾਖੀ॥ ਬਿਨੁ ਗੁਰ ਪੂਰੇ ਕਿਨੈ ਨ ਭਾਖੀ॥

ਉਹੀ, ਪੰ. 1024

137. ਸਾਧਸੰਗਤਿ ਮਹਿ ਹਰਿ ਰਸੁ ਪਾਈਐ ਗੁਰਿ ਮਿਲਿਐ ਜਮ ਭਉ ਭਾਗਾ॥

ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 695

138. ਕਲਿ ਮਹਿ ਰਾਮ ਨਾਮੁ ਸਾਰੁ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 662

139. ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ॥

ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 120

140. (ੳ) ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ॥
ਲਬੁ ਲੋਭੁ ਅਹੰਕਾਰੁ ਸੁ ਪੀਰਾ॥

ਉਹੀ ਪੰ. 473

(ਅ) ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥

ਉਹੀ ਪੰ. 496

(ੲ) ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ ਕਠਿਨ ਪੀਰ ਅਤਿ ਭਾਰੀ॥

ਉਹੀ ਪੰ. 1280

141. ਦੂੰਦਰ ਦੂਤ ਭੂਤ ਭੀਹਾਲੇ॥
ਖਿੰਚੋਤਾਣਿ ਕਰਹਿ ਬੇਤਾਲੇ॥

ਉਹੀ ਪੰ. 1167

142. ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ॥

ਉਹੀ ਪੰ. 1313

143. ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥
ਪਰ ਨਿੰਦਾ ਪਰ ਮਲੁ ਮੁਖਿ ਸੁਧੀ ਅਗਨਿ ਕ੍ਰੋਧ ਚੰਡਾਲੁ॥

ਉਹੀ ਪੰ. 84

144. ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥
ਉਹੀ ਪੰ. 581

145. ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥
ਉਹੀ ਪੰ 277

146. (ੳ) ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 104
(ਅ) ਧਨਿ ਜੋਬਨਿ ਜਗੁ ਠਗਿਆ, ਲਬਿ ਲੋਭਿ ਅਹੰਕਾਰਿ॥
ਉਹੀ, ਪੰ. 181

147. ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ॥
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 641

148. ਹਉਮੈ ਜਾਇ ਪਰਮ ਪਦੁ ਪਾਈਐ॥
ਸ੍ਰੀ ਗੁਰੂ ਗ੍ਰੰਥ ਸਾਹਿਬ ਪ. 226

149. ਨਿਜ ਘਰਿ ਵਾਸੁ ਅਮਰ ਪਦੁ ਪਾਵੈ॥
ਉਹੀ ਪੰ. 1342

150. ਤੁਰੀਆਵਸਥਾ ਗੁਰਮੁਖਿ ਪਾਈਐ.....॥
ਉਹੀ ਪੰ. 356

151. ਮੰਨੈ ਪਾਵਹਿ ਮੋਖੁ ਦੁਆਰੁ॥
ਉਹੀ ਪੰ. 3

152. ਮੁਕਤਿ ਭਈ ਬੰਧਨ ਗੁਰਿ ਖੋਲੇ ਸਬਦਿ ਸੁਰਤਿ ਪਤਿ ਪਾਈ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1387

153. ਕਿਵ ਕੂੜੈ ਤੁਟੈ ਪਾਲਿ॥
ਉਹੀ ਪੰ. 2

154. ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1024

155. ਗੁਰੁ ਮਿਲਿਐ ਖਸਮੁ ਪਛਾਣੀਐ ਕਹੁ ਨਾਨਕ ਮੋਖ ਦੁਆਰੁ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1086

156. ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥
ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 26

157. ਸਭ ਮਹਿ ਜੋਤਿ ਜੋਤਿ ਹੈ ਸੋਇ॥

ਉਹੀ ਪੰ, 663

158. ਸਰਬ ਜੋਤਿ ਤੇਰੀ ਪਸਰਿ ਰਹੀ॥
ਜਹ ਜਹ ਦੇਖਾ ਤਹ ਨਰਹਰੀ॥

ਉਹੀ, ਪੰ. 876

159. ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥

ਉਹੀ, ਪੰ. 83

160. ਜਗਜੀਤ ਸਿੰਘ, ਸਿੱਖ ਇਨਕਲਾਬ, ਪੰ. 42

161. International Encyclopaedia of Social Sciences, Vol-3, P. 313

162. ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 473

163. ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥

ਉਹੀ, ਪੰ. 472

164. ਸੋ ਸੂਚਾ ਜਿ ਕਰੋਧੁ ਨਿਵਾਰੇ॥

ਉਹੀ, ਪੰ. 1059

165. ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥
ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥
ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ। ਇਹੁ ਅੰਨੁ ਅਸਾਡਾ ਫਿਟੈ।
ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥
ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ॥

ਉਹੀ ਪੰ. 472

ਅਧਿਆਇ ਤੀਜਾ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਮੁਢਲਾ ਰੂਪ ਤੇ ਇਤਿਹਾਸਕ ਵਿਕਾਸ

**3.1 ਮੁਢਲਾ ਰੂਪ**

3.1.1 ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਅਲੱਗ ਅਲੱਗ ਸੰਗਤਾਂ ਤੇ ਮੋਢੀ ਸਿੱਖ।

3.1.2 ਸੰਗਤਾਂ ਦਾ ਸਰੂਪ ਤੇ ਪ੍ਰਕਿਰਿਆ।

**3.2 ਇਤਿਹਾਸਕ ਵਿਕਾਸ**

3.2.1 ਗੁਰੂ ਅੰਗਦ ਦੇਵ ਸਮੇਂ ਸੰਗਤ

3.2.2 ਗੁਰੂ ਅਮਰਦਾਸ ਸਮੇਂ ਸੰਗਤ

— ਸੰਗਤ ਦੇ ਵਿਕਾਸ ਵਿੱਚ ਮੰਜੀ ਪ੍ਰਥਾ ਦਾ ਯੋਗਦਾਨ

3.2.3 ਗੁਰੂ ਰਾਮ ਦਾਸ ਸਮੇਂ ਸੰਗਤ

— ਮਸੰਦ ਪ੍ਰਥਾ ਦਾ ਯੋਗਦਾਨ

— ਅੰਮ੍ਰਿਤਸਰ ਦੀ ਸਥਾਪਨਾ

3.2.4 ਗੁਰੂ ਅਰਜਨ ਦੇਵ ਸਮੇਂ ਸੰਗਤ

— ਮਸੰਦ ਪ੍ਰਥਾ ਦਾ ਵਿਸਥਾਰ

— ਹਰਿਮੰਦਰ ਸਾਹਿਬ ਦੀ ਸਥਾਪਨਾ

— ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ

3.2.5 ਗੁਰੂ ਹਰਗੋਬਿੰਦ ਵੇਲੇ ਸੰਗਤ

— ਮੀਰੀ ਪੀਰੀ ਦਾ ਸਿਧਾਂਤ

— ਚਾਰ ਧੂਣਿਆਂ ਦਾ ਯੋਗਦਾਨ (ਪ੍ਰਚਾਰ ਕੇਂਦਰ)

3.2.6 ਗੁਰੂ ਹਰਿ ਰਾਇ ਸਮੇਂ ਸੰਗਤ

— ਬਖਸ਼ਿਸ਼ਾਂ ਦੀ ਸਥਾਪਨਾ (ਪ੍ਰਚਾਰ ਕੇਂਦਰ)

— ਪ੍ਰਚਾਰਕ ਥਾਪਣੇ

3.2.7 ਗੁਰੂ ਹਰਿਕ੍ਰਿਸ਼ਨ ਸਮੇਂ ਸੰਗਤ

— ਪ੍ਰਚਾਰ ਲਈ ਸਿੱਖਾਂ ਨੂੰ ਭੇਜਣਾ

— ਹੁਕਮਨਾਮੇ ਜਾਰੀ ਕਰਨੇ

3.2.8 ਗੁਰੂ ਤੇਗ ਬਹਾਦਰ ਸਮੇਂ ਸੰਗਤ

— ਗੁਰੂ ਨਾਨਕ ਦੁਆਰਾ ਸਥਾਪਤ ਸੰਗਤਾਂ ਨੂੰ ਪੁਨਰ ਸੁਰਜੀਤ ਕਰਨਾ

— ਨਵੇਂ ਪ੍ਰਚਾਰ ਕੇਂਦਰ ਸਥਾਪਤ

— ਮਸੰਦ ਥਾਪਣੇ

3.2.9 ਗੁਰੂ ਗੋਬਿੰਦ ਸਿੰਘ ਸਮੇਂ ਸੰਗਤ

— ਗੁਰਸੰਗਤ ਕੀਨੀ ਖਾਲਸਾ

— ਸੰਗਤ ਨੂੰ ਗੁਰੂ ਦੀ ਪਦਵੀ

3.2.10 ਸੰਗਤ ਤੇ ਸਰਬੱਤ ਖਾਲਸਾ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਮੁਢਲਾ ਰੂਪ ਤੇ ਇਤਿਹਾਸਕ ਵਿਕਾਸ

## 3.1 ਮੁਢਲਾ ਰੂਪ

### 3.1.1 ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਅੱਲਗ ਅੱਲਗ ਸੰਗਤਾਂ ਦੇ ਮੋਢੀ ਸਿੱਖ

ਗੁਰੂ ਨਾਨਕ ਦੇਵ ਨੇ ਆਪਣੇ ਮਿਸ਼ਨ ਲਈ ਸੰਸਾਰ ਦੀਆਂ ਚਾਰ ਉਦਾਸੀਆਂ ਕੀਤੀਆਂ[1]। ਇਹਨਾਂ ਉਦਾਸੀਆਂ ਦੇ ਦੌਰਾਨ ਉਹਨਾਂ ਨੇ ਵੱਖ ਵੱਖ ਸੰਗਤਾਂ ਦੀ ਸਥਾਪਨਾ ਕੀਤੀ ਤਾਂਕਿ ਇਸ ਵਿੱਚ ਸ਼ਾਮਲ ਹੋ ਕੇ ਮਨੁੱਖੀ ਜੀਵ ਨਾਮ ਰਸ ਦੀ ਪ੍ਰਾਪਤੀ ਕਰ ਸਕੇ[2] ਅਤੇ ਆਪਣੇ ਮਨੁੱਖੀ ਜਨਮ ਨੂੰ ਸਫਲਾ ਕਰਕੇ ਸਚਿਆਰ ਦੀ ਪਦਵੀ ਪ੍ਰਾਪਤ ਕਰ ਸਕੇ।

ਗੁਰੂ ਨਾਨਕ ਦੇਵ ਜਿੱਥੇ-ਜਿੱਥੇ ਜਾਕੇ ਉਪਦੇਸ਼ ਕਰਦੇ, ਲੋਕ ਉਹਨਾਂ ਦੀ ਵਿਚਾਰਧਾਰਾ ਨੂੰ ਸਹੀ ਮੰਨ ਕੇ ਅਪਨਾਉਂਦੇ ਕਿਉਂਕਿ ਲੋਕ ਪਹਿਲਾਂ ਹੀ ਵਰਤਮਾਨ ਸਥਿਤੀ ਤੋਂ ਅਸੰਤੁਸ਼ਟ ਸਨ।[3] ਉਸ ਸਥਾਨ ਤੇ ਗੁਰੂ ਨਾਨਕ ਦੇਵ 'ਸੰਗਤ' ਦੀ ਸਥਾਪਨਾ ਕਰ ਦਿੰਦੇ ਸਨ। ਇਸ ਦੀ ਗਵਾਹੀ ਭਾਈ ਗੁਰਦਾਸ ਨੇ ਭਰੀ ਹੈ।[4] ਗੁਰੂ ਨਾਨਕ 'ਸੰਗਤ' ਦੀ ਸਥਾਪਨਾ ਕਰਨ ਦੇ ਨਾਲ ਨਾਲ ਮੋਢੀ ਸਿੱਖ ਨੂੰ 'ਮੰਜੀ' ਦੀ ਬਖ਼ਸ਼ਿਸ਼ ਕਰਕੇ ਇਸ ਸੰਗਤ ਦੇ ਇਲਾਕੇ ਵਿੱਚ ਸਿੱਖੀ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਵੀ ਸੌਂਪਦੇ ਸਨ। ਭਾਈ ਸੇਵਾ ਦਾਸ ਅਨੁਸਾਰ ਇਸ ਮੋਢੀ ਸਿੱਖ ਨੂੰ ਮੰਜੀ ਕਿਹਾ ਜਾਂਦਾ ਸੀ। ਕਿਉਂਕਿ ਉਹ ਮੰਜੀ ਤੇ ਬੈਠ ਕੇ ਸਿੱਖੀ ਦਾ ਪ੍ਰਚਾਰ ਕਰਦਾ ਸੀ। ਉਹਨਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਮੁੱਖ ਸੰਗਤਾਂ ਤੇ ਮੰਜੀਆਂ ਦਾ ਵੇਰਵਾ ਇਸ ਤਰ੍ਹਾਂ ਹੈ;

| | | |
|---|---|---|
| ਸੇਖ ਸੱਜਣ | — | ਦੱਖਣੀ ਪੱਛਮੀ ਪੰਜਾਬ ਵਿੱਚ। |
| ਗੋਪਾਲ ਦਾਸ | — | ਬਨਾਰਸ ਦੀ ਸੰਗਤ ਦਾ ਮੋਢੀ। |
| ਭਾਈ ਲਾਲੋ | — | ਉੱਤਰ ਦੀ ਸੰਗਤ ਦਾ ਮੋਢੀ। |
| ਝੰਡਾ ਬਾਢੀ | — | ਬੁਸ਼ਿਹਰ ਦੀ ਸੰਗਤ ਦਾ ਮੋਢੀ। |
| ਬੁੱਢਣ ਸ਼ਾਹ | — | ਕੀਰਤਪੁਰ ਵਿੱਚ। |
| ਮਾਹੀ | — | ਮਾਹੀਸਰ ਵਿੱਚ। |
| ਕੁਲਯੁਗ | — | ਜਗਨਨਾਥ ਪੁਰੀ ਵਿੱਚ। |
| ਸਾਲਸ ਰਾਇ | — | ਪਟਨਾ ਤੇ ਬਿਹਾਰ ਵਿੱਚ |
| ਰਾਜਾ ਸ਼ਿਵਨਾਭ | — | ਸ੍ਰੀ ਲੰਕਾ ਵਿੱਚ।[5] |

ਭਾਈ ਗੁਰਦਾਸ ਜੀ ਦੀ 11ਵੀਂ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਪੁਰਾਤਨ ਸਿੱਖਾਂ ਤੇ 'ਸੰਗਤਾਂ' ਦੇ ਨਾਂ ਮਿਲਦੇ ਹਨ। ਕਸ਼ਮੀਰ, ਤਿੱਬਤ, ਰਾਮਪੁਰ, ਬੁਸ਼ਹਿਰ, ਦਿੱਲੀ, ਆਗਰਾ, ਉਜੈਨ, ਬਰਗਨਪੁਰ, ਢਾਕਾ ਆਦਿ ਵਿੱਚ ਸਿੱਖ ਸੰਗਤਾਂ ਦਾ ਜ਼ਿਕਰ ਆਉਂਦਾ ਹੈ।[6]

ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ 137 ਸੰਗਤਾਂ ਬਣਾਈਆਂ।[7] ਇਸ ਤਰ੍ਹਾਂ ਸਿੱਖ ਸੰਗਤਾਂ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ। ਉਹਨਾਂ ਨੇ ਆਪਣੇ ਪ੍ਰਚਾਰ ਦੌਰਿਆਂ ਸਮੇਂ ਅਲੱਗ-ਅਲੱਗ ਸੰਗਤਾਂ ਕਾਇਮ ਕੀਤੀਆਂ। ਸੰਗਤ ਦੀ ਇਕੱਤਰਤਾ ਤੇ ਮਿਲ ਬੈਠਣ ਲਈ ਦੇਸ ਦੇਸਾਂਤਰਾਂ ਵਿਚ ਗੁਰਦੁਆਰੇ (ਜਿਹਨਾਂ ਨੂੰ ਉਸ ਸਮੇਂ ਧਰਮਸਾਲਾ ਕਿਹਾ ਜਾਂਦਾ ਸੀ) ਬਣਾਏ। ਗਿਆਨੀ ਪ੍ਰਤਾਪ ਸਿੰਘ ਅਨੁਸਾਰ ਜੂਨਾਗੜ੍ਹ, ਕਾਮਰੂਪ (ਆਸਾਮ), ਚਿੱਟਾਸਾਂਗ (ਬੰਗਾਲ), ਸੂਰਤ, ਪਟਨਾ (ਬਿਹਾਰ), ਕਟਕ, ਨਾਨਕਮੱਤਾ (ਯੂ.ਪੀ) ਖਟਮੰਡੂ, ਬਗਦਾਦ, ਕਾਬਲ ਅਤੇ ਜਲਾਲਾਬਾਦ, ਕੰਲੰਬੂ ਰਾਮੇਸਵਰਮ, ਕਜਲੀਬਲ, ਧੋਬੜੀ (ਆਸਾਮ), ਹੈਦਰਾਬਾਦ (ਦੱਖਣ) ਸੰਗਲਾ ਦੀਪ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸਿੱਖ ਸੰਗਤਾਂ ਸਨ।[8]

**3.2 ਸੰਗਤ ਦਾ ਮੁਢਲਾ ਸਰੂਪ ਤੇ ਪ੍ਰਕ੍ਰਿਆ:** ਇਹਨਾਂ ਸੰਗਤਾਂ ਦੇ ਸਰੂਪ ਬਾਰੇ ਹਵਾਲੇ ਜਨਮਸਾਖੀਆਂ ਵਿੱਚ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਮੋਢੀ ਸਿੱਖਾਂ ਨੂੰ ਮੰਜੀਆਂ ਦੀ ਬਖਸ਼ਿਸ਼ ਕਰਕੇ 'ਸੰਗਤ' ਦਾ ਮੁਖੀਆ ਥਾਪਦੇ ਸਨ।[9]

ਮੰਜੀਦਾਰ ਥਾਪਣ ਸਮੇਂ ਕਿਸੇ ਦੀ ਜਾਤ ਜਾਂ ਸਮਾਜਿਕ ਰੁਤਬੇ ਨੂੰ ਨਾ ਦੇਖ ਕੇ ਯੋਗਤਾ ਦੇਖੀ ਜਾਂਦੀ ਸੀ।[10] 'ਸੰਗਤ' ਦੇ ਸਿੱਖਾਂ ਨੂੰ 'ਨਾਨਕ ਪੰਥੀ' ਵੀ ਕਿਹਾ ਜਾਂਦਾ ਸੀ।[11] ਸੰਗਤ ਅਤੇ ਜਿਸ ਸਥਾਨ ਤੇ ਸੰਗਤ ਦਾ ਇਕੱਠ ਹੁੰਦਾ ਉਸ ਨੂੰ ਧਰਮਸਾਲ ਆਖਿਆ ਜਾਂਦਾ ਸੀ। ਇੰਜ ਗੁਰੂ ਨਾਨਕ ਦੇਵ ਜੀ ਨੇ ਧਰਮਸਾਲਾ ਦੀ ਵੀ ਸਥਾਪਨਾ ਕੀਤੀ।[12] ਸੰਗਤਾਂ ਨਿਯਮ ਨਾਲ ਸਵੇਰੇ ਸ਼ਾਮ ਜੁੜਦੀਆਂ ਸਨ।[13] ਸੰਗਤ ਦਾ ਮੁੱਖ ਉਦੇਸ਼ ਪਰਮਾਤਮਾ ਦੀ ਯਾਦ ਵਿਚ ਜੁੜਨਾ, ਕੀਰਤਨ ਕਰਨਾ ਤੇ ਗੁਰਬਾਣੀ ਪੜ੍ਹਨਾ ਸੀ।[14] ਨਾਲ ਦੀ ਨਾਲ ਜ਼ਿੰਦਗੀ ਨਾਲ ਸੰਬਧਿਤ ਬਾਕੀ ਮਸਲਿਆਂ ਉੱਤੇ ਵੀ ਵਿਚਾਰਾਂ ਹੁੰਦੀਆਂ ਸਨ। ਗੁਰਬਾਣੀ ਦਾ ਕੀਰਤਨ ਨੇਮ ਨਾਲ ਹੁੰਦਾ ਸੀ।[15] ਸਿੱਖਾਂ ਨੂੰ ਸੰਗਤਾਂ ਦੀ ਸੇਵਾ ਕਰਨ ਦੀ ਤਾਕੀਦ ਕੀਤੀ ਗਈ। ਇਸ ਲਈ ਸਿੱਖ ਖੁਸ਼ੀ-ਖੁਸ਼ੀ ਸੇਵਾ ਕਰਦੇ ਸਨ।[16] ਸੰਗਤਾਂ ਵਿੱਚ ਲੰਗਰ ਨਿਯਮਤ ਰੂਪ ਨਾਲ ਦਿਨ ਰਾਤ ਚਲਦਾ ਸੀ।[17] ਸੰਗਤਾਂ ਵਿੱਚ ਸ਼ਾਮਲ ਲੋਕਾਂ ਲਈ ਕਿਰਤ ਕਰਨਾ ਲਾਜ਼ਮੀ ਐਲਾਨਿਆ ਗਿਆ।[18] ਜਿਸ ਨਾਲ ਕਿ ਸਿੱਖਾਂ ਦੀ ਆਪਣੀ ਕਮਾਈ ਦੇ ਕੁੱਝ ਹਿੱਸੇ ਵਿੱਚੋਂ ਸੰਗਤ ਦੀ ਸੇਵਾ ਲਈ ਖਰਚ ਕੀਤਾ ਜਾਂਦਾ ਸੀ।[19] ਕਿਰਤ ਨਾਲ ਇਸ਼ਨਾਨ ਕਰਨਾ ਵੀ ਸੰਗਤ ਲਈ ਜ਼ਰੂਰੀ ਕੀਤਾ ਗਿਆ।[20] ਸੰਗਤਾਂ ਵਿੱਚ ਲੋਕਾਂ ਦੀ ਸਮੂਲੀਅਤ ਬਹੁਤ ਵੱਡੀ ਗਿਣਤੀ ਵਿੱਚ ਹੁੰਦੀ ਸੀ।[21] ਇਹ ਸੰਗਤਾਂ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਵਿੱਚ ਵੀ ਸਥਾਪਤ ਹੋਈਆਂ।[22]

ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸੰਗਤਾਂ ਵਿੱਚ ਮੁੱਖ ਕੇਂਦਰ ਪਰਮਾਤਮਾ ਨੂੰ ਮੰਨਿਆ ਗਿਆ। ਗੁਰੂ ਦਾ ਸਮਾਵੇਸ਼ ਸ਼ਬਦ (ਬਾਣੀ) ਦੇ ਰੂਪ ਵਿੱਚ ਹੋਇਆ। ਮਾਲਕ ਤੇ ਨੌਕਰ ਸਭ ਨੂੰ ਸੰਗਤ ਵਿੱਚ ਬਰਾਬਰ ਦਾ ਸਥਾਨ ਦਿੱਤਾ ਗਿਆ। ਜਾਤ ਜਾਂ ਧਰਮ ਸੰਗਤ ਦੀ ਸ਼ਮੂਲੀਅਤ ਵਿਚ ਆੜੇ ਨਹੀਂ ਆਉਂਦੀ ਸੀ। ਹਰ ਜਾਤੀ, ਮਜ਼੍ਹਬ, ਕਿੱਤੇ ਤੇ ਰੁਤਬੇ ਦੇ ਲੋਕ ਇਸ ਵਿੱਚ ਸ਼ਾਮਲ ਹੁੰਦੇ ਸਨ। ਰਾਜੇ ਤੇ ਰੰਕ ਨੂੰ ਬਰਾਬਰ ਸਮਝਿਆ ਗਿਆ। ਸੰਗਤ ਦੀ ਸੰਰਚਨਾ ਵਿੱਚ ਪਰਮਾਤਮਾ, ਗੁਰੂ ਤੇ ਆਮ ਲੋਕਾਂ ਨੂੰ ਮੁੱਖ ਅੰਗਾਂ ਵਜੋਂ ਲਿਆ ਗਿਆ। ਲੰਗਰ ਨੂੰ ਸੰਗਤ ਦਾ ਅਨਿੱਖੜਵਾਂ ਅੰਗ ਬਣਾਇਆ ਗਿਆ ਜਿਸ ਵਿੱਚ ਲੋਕ ਬਿਨਾਂ ਕਿਸੇ ਭੇਦ-ਭਾਵ ਤੋਂ ਬਰਾਬਰ ਬੈਠ ਕੇ ਲੰਗਰ ਪਕਾਉਂਦੇ ਤੇ ਛਕਦੇ ਸਨ ਜਿਸ ਨਾਲ ਲੋਕਾਂ ਵਿੱਚ ਆਪਸੀ ਸਾਂਝ ਪੈਦਾ ਹੋਈ ਤੇ ਸਮਾਜਿਕ-ਦੂਰੀਆਂ ਖਤਮ ਹੋਈਆਂ। ਪੂਰਵ-ਨਾਨਕ ਕਾਲੀ ਸੰਗਤਾਂ ਵਿੱਚ ਇਸ ਤਰ੍ਹਾਂ ਦੀ ਪ੍ਰਥਾ ਦੀ ਅਣਹੋਂਦ ਸੀ। ਇਸ ਤਰ੍ਹਾਂ ਸਿੱਖ-ਸੰਗਤਾਂ ਨੇ ਲੋਕਾਂ ਵਿੱਚ ਜਾਤ-ਪਾਤ ਤੇ ਊਚ-ਨੀਚ ਨੂੰ ਖਤਮ ਕਰਨ ਲਈ ਅਮਲੀ ਰੂਪ ਵਿੱਚ ਉਪਰਾਲਾ ਕੀਤਾ। ਸਿੱਖ-ਸੰਗਤ ਨੇ ਲੋਕਾਂ ਨੂੰ ਕਿਰਤੀ ਹੋਣ ਦਾ ਸੰਦੇਸ਼ ਦਿੱਤਾ। ਜਿਸ ਵਿੱਚ ਲੰਗਰ-ਪ੍ਰਥਾ ਦੇ ਨਾਲ ਵੰਡ ਕੇ ਛਕਣ ਦੇ ਸਿਧਾਂਤ (ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ) ਨੂੰ ਅਮਲੀ ਜਾਮਾ ਪਹਿਨਾਇਆ ਗਿਆ।

ਪਹਿਲੀ 'ਸੰਗਤ' ਸੁਲਤਾਨਪੁਰ ਲੋਧੀ ਸਥਾਪਤ ਕਰਨ ਤੇ ਗੁਰੂ ਨਾਨਕ ਦੇਵ ਜੀ ਆਪਣੀ ਕਮਾਈ ਦਾ ਬਹੁਤਾ ਹਿੱਸਾ ਲੰਗਰ ਵਿੱਚ ਪਾਉਂਦੇ, ਸੰਗਤ ਵਿੱਚ ਬੈਠ ਕੇ ਸਿਮਰਨ ਕਰਦੇ ਤੇ ਲੰਗਰ ਛਕਦੇ। ਨਾਮ ਜਪਣ ਨਾਲ ਸਿੱਖਾਂ ਦੇ ਅਧਿਆਤਮਕ ਜੀਵਨ ਵਿੱਚ ਉਨਤੀ ਹੋਈ ਤੇ ਪਰਮਾਤਮਾ ਨਾਲ ਜੁੜੇ। ਕਿਰਤ ਨੇ ਸਿੱਖਾਂ ਦੇ ਆਰਥਿਕ ਪੱਖ ਨੂੰ ਮਜ਼ਬੂਤ ਕੀਤਾ ਤੇ ਵੰਡ ਕੇ ਛਕਣ ਦੇ ਸਿਧਾਂਤ ਨੇ ਇਕ ਦੂਸਰੇ ਨਾਲ ਸਮਾਜਿਕ ਸੰਬੰਧਾਂ ਨੂੰ ਮਜ਼ਬੂਤ ਕੀਤਾ। ਸੰਗਤ' ਸਿੱਖਾਂ ਦੇ ਜੀਵਨ ਦੇ ਤਿੰਨਾਂ ਪੱਖਾਂ ਦੀ ਉਨਤੀ ਦਾ ਕਾਰਣ ਬਣੀ। ਇਸ ਤਰ੍ਹਾਂ ਸਿੱਖਾਂ ਨੂੰ ਸੰਸਾਰ ਵਿਚ ਵਿਚਾਰਦਿਆਂ ਹੀ ਜੀਵਨ ਮਨੋਰਥ ਨੂੰ ਪ੍ਰਾਪਤ ਕਰਨ ਦਾ ਸਹਿਲ ਮਾਰਗ ਦਰਸਾਇਆ। ਅਜਿਹੇ ਜੀਵਨ-ਮਾਰਗ ਦੀ ਪੂਰਵ-ਕਾਲੀ ਸੰਗਤਾਂ ਵਿੱਚ ਅਣਹੋਂਦ ਸੀ। ਸਿੱਖ ਸੰਗਤ ਦੀ ਇਹੋ ਵਿਸ਼ੇਸ਼ਤਾ ਇਸ ਨੂੰ ਦੂਸਰੀਆਂ ਸੰਗਤਾਂ ਦੀ ਸੰਰਚਨਾ, ਪ੍ਰਕਾਰਜ ਅਤੇ ਮਨੋਰਥ ਤੋਂ ਨਿਖੇੜਦੀ ਹੈ।

## 3.2 ਇਤਿਹਾਸਕ ਵਿਕਾਸ

### 3.2.1 ਗੁਰੂ ਅੰਗਦ ਦੇਵ ਸਮੇਂ ਸੰਗਤ:

ਸਿੱਖ ਜਗਤ ਵਿਚ ਪ੍ਰਚਲਿਤ 'ਸੰਗਤ' ਸੰਸਥਾ ਦਾ ਨਿਕਾਸ ਤੇ ਵਿਕਾਸ ਗੁਰੂ ਨਾਨਕ ਕਾਲ ਵਿੱਚ ਹੀ ਸ਼ੁਰੂ ਹੋ ਜਾਂਦਾ ਹੈ। ਗੁਰੂ ਨਾਨਕ ਵਲੋਂ ਨਿਰਧਾਰਿਤ ਕੀਤੀ ਗਈ ਸਿੱਖ ਸੰਸਥਾ ਨੂੰ ਉਹਨਾਂ ਦੇ ਉਤਰਾਧਿਕਾਰੀ ਗੁਰੂਆਂ ਨੇ ਨਾ ਕੇਵਲ ਜਾਰੀ ਹੀ ਰੱਖਿਆ ਸਗੋਂ ਸਮਾਜਿਕ ਤੇ ਧਾਰਮਿਕ ਲੋੜਾਂ ਅਨੁਸਾਰ ਇਸ ਨੂੰ ਹੋਰ ਦ੍ਰਿੜ ਕੀਤਾ। ਨਾਨਕ ਨਾਮ ਲੇਵਾ ਸਿੱਖਾਂ ਦੀ ਗਿਣਤੀ ਵਧਣ ਕਾਰਣ ਗੁਰੂ ਅੰਗਦ ਦੇਵ ਜੀ ਨੇ ਸਿੱਖੀ ਦੇ ਕਈ ਨਵੇਂ ਕੇਂਦਰ ਖੋਲੇ।[23] ਉਹਨਾਂ ਨੇ ਸਿੱਖ-ਸੰਗਤਾਂ ਦੇ ਜੋੜ ਮੇਲਿਆਂ ਦਾ ਪ੍ਰਬੰਧ ਕਰਕੇ ਸਭਿਆਚਾਰਕ ਵਿਕਾਸ ਨੂੰ ਨਵਾਂ ਰੂਪ ਦਿੱਤਾ। ਸਿੱਖ ਕੇਂਦਰਾਂ ਉਤੇ ਖੇਡਾਂ ਤੇ ਸਰੀਰਕ ਕਰਤੱਬਾਂ ਦਾ ਪ੍ਰਦਰਸ਼ਨ ਸ਼ੁਰੂ ਕਰਵਾਇਆ। ਇਸ ਕਾਰਜ-ਵਿਧੀ ਨੇ ਸੰਗਤ ਤੇ ਪੰਗਤ ਸੰਸਥਾ ਨੂੰ ਨਵੀਂ ਸੰਸਕ੍ਰਿਤਕ ਦਿਸ਼ਾ ਪ੍ਰਦਾਨ ਕੀਤੀ। ਜਿਸ ਅਧੀਨ ਸਿੱਖਾਂ ਵਿੱਚ ਭਾਈਚਾਰਕ ਸਾਂਝ ਪ੍ਰਫੁਲਤ ਹੋਈ।[24] ਡਾ. ਏ. ਸੀ. ਅਰੋੜਾ ਅਨੁਸਾਰ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਦੁਆਰਾ ਸਥਾਪਿਤ ਕੀਤੀ ਗਈ ਸੰਗਤ ਸੰਸਥਾ ਨੂੰ ਨਿਸ਼ਚਿਤ ਰੂਪ ਦਿੱਤਾ। ਖਡੂਰ ਸਾਹਿਬ ਵਿੱਚ ਰੋਜ਼ ਪ੍ਰਭਾਤ ਵੇਲੇ ਤੇ ਸ਼ਾਮ ਸਮੇਂ ਗੁਰੂ ਸਾਹਿਬ ਦੇ ਸਿੱਖਾਂ ਦੀ ਧਾਰਮਿਕ ਸਭਾ ਹੁੰਦੀ ਸੀ[25], ਜਿਥੇ ਗੁਰੂ ਨਾਨਕ ਸਾਹਿਬ ਦੁਆਰਾ ਰਚੇ ਗਏ ਸ਼ਬਦਾਂ ਦਾ ਕੀਰਤਨ ਹੁੰਦਾ ਸੀ।[26] ਸੇਵਾ 'ਸੰਗਤ' ਦਾ ਮੁੱਖ ਕਾਰਜ ਹੁੰਦਾ ਸੀ।[27] ਇਸ ਤੋਂ ਇਲਾਵਾ ਉਹਨਾਂ ਨੇ ਗੁਰੂ ਨਾਨਕ ਸਾਹਿਬ ਵਲੋਂ ਚਲਾਈ ਪਰਚਾਰ ਵਿਧੀ ਅਨੁਸਾਰ, ਆਪਣਾ ਸਾਰਾ ਸਮਾਂ ਰਾਵੀ ਤੇ ਬਿਆਸ ਦੇ ਵਿਚਕਾਰਲੇ ਇਲਾਕੇ ਦੇ ਪਿੰਡਾਂ ਵਿੱਚ ਧਰਮ ਪ੍ਰਚਾਰ ਕਰਨ ਲਈ ਖ਼ਰਚ ਕੀਤਾ।[28] ਗੁਰੂ ਸਾਹਿਬ ਦੇ ਇਹਨਾਂ ਕੰਮਾਂ ਨੇ 'ਸੰਗਤ' ਸੰਸਥਾ ਨੂੰ ਨਰੋਆ ਕਰਨ ਵਿੱਚ ਵੱਡਾ ਹਿੱਸਾ ਪਾਇਆ।

### 3.2.2 ਗੁਰੂ ਅਮਰਦਾਸ ਸਮੇਂ ਸੰਗਤ:

**ਮੰਜੀ ਪ੍ਰਥਾ;** ਸੱਯਦ ਮੁਹੰਮਦ ਲਤੀਫ ਦੇ ਕਥਨ ਅਨੁਸਾਰ, "ਗੁਰੂ ਅਮਰਦਾਸ ਜੀ ਦੇ ਉਤਸ਼ਾਹ ਪੂਰਬਕ ਧਰਮ ਪ੍ਰਚਾਰ, ਦਿਆਲੂ ਵਤੀਰੇ ਅਤੇ ਸੁਸ਼ੀਲ ਸੁਭਾਅ ਨੇ ਬਹੁਤ ਸਾਰੇ ਵਿਅਕਤੀਆਂ ਨੂੰ ਸਿੱਖ ਧਰਮ ਵਿੱਚ ਲੈ ਆਂਦਾ ਸੀ।[29] ਗੁਰੂ ਅਮਰਦਾਸ ਜੀ ਨੇ ਸਿੱਖ ਸੰਗਤਾਂ ਨੂੰ ਵਿਕਸਤ ਕਰਨ ਵਲ ਵਧੇਰੇ ਧਿਆਨ ਦਿੱਤਾ। ਇਸ ਤਰ੍ਹਾਂ ਹੋਰ ਸਿੱਖ ਸੰਗਤਾਂ ਕਾਇਮ ਕੀਤੀਆਂ।[30] ਇਸ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਅਮਰਦਾਸ ਜੀ ਦੀ ਗੁਰਿਆਈ ਦੇ ਕਾਲ ਵਿਚ ਪੰਜਾਬ ਅਤੇ ਬਾਕੀ ਦੇ ਹੋਰ ਇਲਾਕਿਆਂ ਵਿੱਚ ਸਿੱਖਾਂ ਦੀ ਗਿਣਤੀ ਕਾਫੀ ਵਧ ਗਈ ਸੀ। ਇਸ ਵੱਡੀ ਗਿਣਤੀ, ਜੋ ਕਿ ਵੱਖ ਵੱਖ ਇਲਾਕਿਆਂ ਵਿੱਚ ਖਿਲਰੀ ਹੋਈ ਸੀ, ਦੀ ਪ੍ਰਬੰਧਕੀ ਸੰਭਾਲ ਵਾਸਤੇ ਸੰਗਤ ਦੀ ਸੰਸਥਾ ਵਿੱਚ ਕੁੱਝ ਤਬਦੀਲੀ ਲਿਆਂਦੀ ਗਈ। ਇਹ ਤਬਦੀਲੀ ਸੁਭਾ ਵਿਚ ਸਿਧਾਂਤਕ ਨਹੀਂ ਸੀ ਸਗੋਂ ਪ੍ਰਬੰਧਕੀ ਸੀ। ਪਰਚਾਰ ਨੂੰ ਤੇਜ਼ ਕਰਨ ਲਈ ਅਤੇ ਸਿੱਖ ਧਰਮ ਨੂੰ ਪੱਕੇ ਪੈਰਾਂ ਤੇ ਖੜਾ ਕਰਨ ਲਈ ਗੁਰੂ ਅਮਰਦਾਸ ਜੀ ਨੇ ਸਿੱਖ ਵਸੋਂ ਵਾਲੇ ਇਲਾਕਿਆਂ ਨੂੰ 22 ਹਿੱਸਿਆਂ ਅਰਥਾਤ ਮੰਜੀਆਂ ਵਿੱਚ ਵੰਡ ਦਿੱਤਾ ਅਤੇ 22 ਸਿਆਣੇ ਪ੍ਰਚਾਰਕ ਇਹਨਾਂ ਦੇ ਮੰਜੀਦਾਰ ਨਿਯੁਕਤ ਕਰ ਦਿੱਤੇ।[31] ਇਨ੍ਹਾਂ ਮੰਜੀਆਂ ਦਾ ਕੰਮ ਆਪਣੇ ਆਪਣੇ ਨਿਸ਼ਚਿਤ ਇਲਾਕੇ ਵਿੱਚ ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨਾ ਅਤੇ ਸਿੱਖਾਂ ਕੋਲੋਂ ਭੇਟਾ ਲੈ ਕੇ ਗੁਰੂ ਜੀ ਕੋਲ ਪਹੁੰਚਾਉਣਾ ਹੁੰਦਾ ਸੀ। ਮੰਜੀਆਂ ਨੂੰ ਅੱਗੇ ਜਾ ਕੇ ਜਿਸ ਤਰ੍ਹਾਂ ਫਿਰ ਵੰਡਿਆ ਗਿਆ, ਉਸ ਨੂੰ ਪੀੜ੍ਹੀਆਂ ਕਿਹਾ ਜਾਂਦਾ ਸੀ। ਪ੍ਰਿੰ. ਤੇਜਾ ਸਿੰਘ 52 ਪੀੜ੍ਹੀਆਂ ਦਾ ਸੰਕੇਤ ਦਿੰਦਾ ਹੈ।[32] ਇਸ ਤਰ੍ਹਾਂ ਕਰਕੇ ਗੁਰੂ ਅਮਰਦਾਸ ਵੇਲੇ ਮੰਜੀ ਸੰਸਥਾ ਦੀ ਸਥਾਪਨਾ ਦੁਆਰਾ ਸਿੱਖੀ ਦਾ ਪ੍ਰਚਾਰ ਹੋਰ ਵੀ ਪ੍ਰਭਾਵਸ਼ਾਲੀ ਹੋ ਗਿਆ।

ਸ਼ਬਦ ਕੋਸ਼ ਦੀ ਦ੍ਰਿਸ਼ਟੀ ਤੋਂ, ਮੰਜੀ ਦਾ ਅਰਥ ਮਹਾਨ ਕੋਸ਼ ਵਿਚ ਵੀ ਆਸਣ ਅਥਵਾ ਬੈਠਣ ਦੀ ਥਾਂ ਲਿਆ ਗਿਆ ਹੈ ਪਰ ਸਿੱਖ ਧਰਮ ਵਿੱਚ ਗੁਰੂ ਅਮਰਦਾਸ ਜੀ ਵਲੋਂ ਸਿੱਖ ਸੰਗਤਾਂ ਨੂੰ ਸੰਗਠਿਤ ਰੱਖਣ ਹਿੱਤ ਬਣਾਈ ਗਈ ਯੋਜਨਾ ਅਧੀਨ 22 ਮੰਜੀਆਂ ਦੀ ਸਥਾਪਨਾ ਹੈ।[33] ਇੰਦੂ ਭੂਸ਼ਨ ਬੈਨਰਜੀ ਅਨੁਸਾਰ, ਮੰਜੀਆਂ ਸਥਾਪਿਤ ਕਰਨ ਨਾਲ

ਗੁਰੂ ਸਾਹਿਬ ਨੇ ਸਿੱਖਾਂ ਨੂੰ ਇੱਕ ਵੱਖਰੀ ਸੰਸਥਾ ਦੇਣ ਦਾ ਕਦਮ ਚੁੱਕਿਆ। ਨਿਰਸੰਦੇਹ ਉਹਨਾਂ ਦੀ ਆਪਣੀ ਪ੍ਰਭਾਵਸ਼ਾਲੀ ਸਖਸ਼ੀਅਤ ਇਸ ਜਥੇਬੰਦੀ ਨੂੰ ਜੋੜਨ ਦਾ ਕੰਮ ਕਰਦੀ ਸੀ। ਪ੍ਰੰਤੂ ਉਹਨਾਂ ਨੇ ਇਸ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਲਈ ਸਿੱਖਾਂ ਨੂੰ ਤੀਰਥ ਯਾਤਰਾ ਦਾ ਕੇਂਦਰੀ ਅਸਥਾਨ ਵੀ ਦਿੱਤਾ।[34] ਇਹਨਾਂ ਮੰਜੀਆਂ ਦਾ ਸਦਕਾ ਸਿੱਖ-ਸੰਗਤਾਂ ਵਿੱਚ ਨਵਾਂ ਉਤਸ਼ਾਹ ਆ ਗਿਆ। ਇਹਨਾਂ ਮੰਜੀਆਂ ਵਿੱਚੋਂ ਇੱਕ ਮੰਜੀ ਕਪੂਰਥਲਾ ਦੇ ਇੱਕ ਮੁਸਲਮਾਨ ਅਲ੍ਹਾਯਾਰ ਖਾਂ[35] ਪਠਾਨ ਨੂੰ ਤੇ ਇਸੇ ਤਰ੍ਹਾਂ ਔਰਤਾਂ[36] ਨੂੰ ਵੀ ਮੰਜੀਆ ਬਖਸ਼ੀਆਂ। ਇਹ 22 ਕੇਂਦਰ ਹਿੰਦੋਸਤਾਨ ਵਿੱਚ ਤੇ ਬਾਹਰ ਟਾਪੂਆਂ ਤੱਕ ਫੈਲੇ ਹੋਏ ਹਨ। ਭਾਈ ਸਾਵਣ ਮੱਲ ਨੂੰ ਕਾਂਗੜਾ, ਕੁੱਲੂ ਤੇ ਸਕੇਤ ਦੇ ਬਾਹਰ ਪਹਾੜੀ ਇਲਾਕੇ ਵਿਚ ਪ੍ਰਚਾਰਕ ਨਿਯਤ ਕੀਤਾ ਗਿਆ। ਇਸ ਤੋਂ ਸਪੱਸ਼ਟ ਹੈ ਕਿ ਚਾਰੇ ਪਾਸੇ ਸਿੱਖ ਸੰਗਤ ਪ੍ਰਤੀ ਉਤਸ਼ਾਹ ਫੈਲ ਰਿਹਾ ਸੀ ਅਤੇ ਵਿਤਕਰੇ ਮਿਟ ਰਹੇ ਸਨ।[37]

ਕੁਝ ਵਿਦਵਾਨਾਂ ਦਾ ਖਿਆਲ ਹੈ ਕਿ ਗੁਰੂ ਜੀ ਨੇ ਧਰਮ ਦੀਆਂ ਪ੍ਰਚਾਰਕ ਇਸਤਰੀਆਂ ਨੂੰ 52 ਪੀਹੜੇ ਬਖਸ਼ੇ।[38] ਬੀਬੀ ਭਾਨੀ, ਬੀਬੀ ਦਾਨੀ ਤੇ ਬੀਬੀ ਪਾਲ ਦੇ ਨਾਂ ਖਾਸ ਤੌਰ ਤੇ ਪ੍ਰਸਿੱਧ ਹਨ।[39]

ਗੁਰੂ ਅਮਰਦਾਸ ਜੀ ਵਲੋਂ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਸਥਾਪਤ 22 ਮੰਜੀਆਂ ਦੇ ਮੁਖੀਆਂ ਦਾ ਹਵਾਲਾ ਵੱਖ ਵੱਖ ਸਰੋਤਾਂ ਵਿਚ ਇਸ ਤਰ੍ਹਾਂ ਹੈ;

## ਮਹਿਮਾ ਪ੍ਰਕਾਸ਼ ਅਨੁਸਾਰ 22 ਮੰਜੀਆਂ (ਪ੍ਰਚਾਰਕਾਂ ਦੇ ਨਾਮ) ਇਹ ਹਨ:[40]

1. ਸਾਵਣ ਮਲ
2. ਸਚਨ ਸੱਚ
3. ਲਾਲੂ
4. ਮਹੇਸਾ ਧੀਰ
5. ਭੱਟ (ਸੁਲਤਾਨਪੁਰ)
6. ਪਾਰੋ (ਡੱਲਾ)
7. ਖੰਨਾ ਚੂਹੜਾ (ਡੱਲਾ)
8. ਫਿਰਿਆ ਕਟਾਰਾ (ਮਾਲਵਾ)
9. ਗੰਗੂਦਾਸ (ਘਗੋਣ)
10. ਪ੍ਰੇਮਾ (ਬਹਿਰਾਮਪੁਰ)
11. ਬੀਬੀ ਭਾਗੋ (ਕਾਬਲ)
12. ਮਾਣਕ ਚੰਦ ਜੀਵੜਾ (ਵੈਰੋਵਾਲ)
13. ਮਾਈਦਾਸ (ਨਰੋਲੀ)
14. ਖੇਡਾ ਮੁਰਾਰੀ
15. ਮਥੋ ਮੁਰਾਰੀ
16. ਹੰਦਾਲ (ਜੰਡਿਆਲਾ)
17. ਸਾਧਾਰਨ ਲੁਹਾਰ
18. ਭੱਲੇ ਬੀਬੀ ਕੇ
19. ਦੁਰਗੋ ਭਾਈ

20. ਭਿੱਖਾ ਭੱਟ (ਸੁਲਤਾਨਪੁਰ)
21. ਕੇਸ਼ੋ ਪੰਡਤ
22. ਸਾਂਈ ਦਾਸ ਗੁਸਾਂਈ

**ਮਹਾਨ ਕੋਸ਼ ਅਨੁਸਾਰ ;**[41]

1. ਅਲਾਹਯਾਰਖਾਂ
2. ਸਚਨ ਸੱਚ
3. ਸਾਧਾਰਣ
4. ਸਾਵਣ ਮੱਲ
5. ਸੁੱਖਣ
6. ਹੰਦਾਲ
7. ਕੇਦਾਰੀ
8. ਖੇਡਾ
9. ਗੰਗੂ ਸ਼ਾਹ
10. ਦਰਬਾਰੀ
11. ਪਾਰੋ ਜੁਲਕਾਂ
12. ਫੇਰਾ ਕਟਾਰਾ
13. ਬੂਆ
14. ਮਹੇਸਾ
15. ਬੇਣੀ
16. ਮਾਈਦਾਸ
17. ਮਾਣਕ ਚੰਦ
18. ਮੁਰਾਰੀ
19. ਰਾਜਾਰਾਮ
20. ਰੰਗ ਸ਼ਾਹ
21. ਰੰਗ ਦਾਸ
22. ਲਾਲੋ

**1. ਅੱਲਾਯਾਰ:**

ਇੱਕ ਪਠਾਣ, ਜੋ ਦਿੱਲੀ ਅਤੇ ਲਾਹੌਰ ਘੋੜਿਆਂ ਦਾ ਵਪਾਰ ਕਰਦਾ ਸੀ। ਬਿਆਸ ਦੇ ਕਿਨਾਰੇ ਇੱਕ ਦਿਨ ਇਸ ਨੂੰ ਭਾਈ ਪਾਰੋ ਪਰਮ-ਹੰਸ ਡੱਲਾ ਨਿਵਾਸੀ ਦਾ ਮੇਲ ਹੋਇਆ, ਜਿਸ ਤੋਂ ਗੁਰੂ ਅਮਰਦਾਸ ਜੀ ਦੇ ਦਰਸ਼ਨ ਦੀ ਸਿੱਕ ਹੋਈ। ਭਾਈ ਸਾਹਿਬ ਦੇ ਨਾਲ ਗੁਰੂ ਦਰਬਾਰ ਪਹੁੰਚ ਕੇ ਗੁਰੁ ਸਿੱਖੀ ਧਾਰਨ ਕੀਤੀ ਅਤੇ ਗੁਰਮੁਖ ਸਿੱਖਾਂ ਵਿਚ ਗਿਣਿਆ ਗਿਆ। ਇਸ ਨੂੰ ਤੀਜੇ ਪਾਤਸ਼ਾਹ ਨੇ ਧਰਮ ਪ੍ਰਚਾਰ ਦੀ ਸੇਵਾ ਸੌਂਪੀ।[42]

**2. ਸੱਚਨ ਸੱਚ :**

ਮੰਦਰ ਨਾਮੇ ਪਿੰਡ (ਜ਼ਿਲਾ ਲਾਹੌਰ, ਤਸੀਲ ਸ਼ਰਨਪੁਰ) ਦਾ ਵਸਨੀਕ ਇਕ ਬ੍ਰਾਹਮਣ, ਜੋ ਸ੍ਰੀ ਗੁਰੂ ਅਮਰ ਦਾਸ ਜੀ ਦਾ ਸਿੱਖ ਹੋਇਆ। ਇਹ ਹਰ ਵੇਲੇ 'ਸੱਚਨ ਸੱਚ' ਸ਼ਬਦ ਕਿਹਾ ਕਰਦਾ ਸੀ, ਇਸ ਲਈ ਇਸ ਦਾ ਏਹੋ ਨਾਉਂ ਪ੍ਰਸਿੱਧ ਹੋ ਗਿਆ। ਹਰੀਪੁਰ ਦੇ ਰਾਜਾ ਦੀ ਇਕ ਪਾਗਲ ਰਾਣੀ ਨੂੰ ਗੁਰੂ ਅਮਰ ਦਾਸ ਜੀ ਨੇ ਅਰੋਗ ਕਰਕੇ ਇਸ ਦਾ ਆਨੰਦ ਸੱਚਨ ਸੱਚ ਨਾਲ ਕਰਵਾ ਦਿਤਾ। ਇਹ ਜੋੜਾ ਜੀਵਨ ਭਰ ਗੁਰਮਤ ਦਾ ਪ੍ਰਚਾਰ ਕਰਦਾ ਰਿਹਾ। ਸ੍ਰੀ ਗੁਰੂ ਅਮਰਦਾਸ ਜੀ ਨੇ ਸੱਚਨ ਸੱਚ ਨੂੰ ਮੰਜੀ ਬਖਸ਼ੀ।[43]

**3. ਸਾਧਾਰਣ :**

ਗੋਇੰਦਵਾਲ ਦਾ ਵਸਨੀਕ ਇੱਕ ਲੁਹਾਰ, ਜੋ ਗੁਰੂ ਅਮਰਦਾਸ ਜੀ ਦਾ ਸਿੱਖ ਹੋ ਕੇ ਗੁਰਮੁਖ ਪਦਵੀ ਦਾ ਅਧਿਕਾਰੀ ਹੋਇਆ। ਇਸ ਨੇ ਬਾਉਲੀ ਸਾਹਿਬ ਦੇ ਜਲ ਅੰਦਰ ਗੁਪਤ ਰਹਿਣ ਵਾਲੀ ਕਾਠ ਦੀ ਪੌੜੀ ਬਣਾਈ ਸੀ। ਇਸ ਦੀ ਸੇਵਾ ਅਤੇ ਭਗਤੀ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ ਬਖਸ਼ੀ।[44]

**4. ਸਾਵਣ ਮੱਲ :**

ਬਾਬਾ ਸਾਉਣ (ਅਥਵਾ ਸਾਵਣ) ਮੱਲ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ। ਗੋਇੰਦਵਾਲ ਵਿਚ ਗੁਰਦਵਾਰਾ ਅਤੇ ਸੰਗਤ ਲਈ ਮਕਾਨ ਬਣਾਉਣ ਲਈ ਜਦ ਕਾਠ ਦੀ ਜ਼ਰੂਰਤ ਹੋਈ ਤਦ ਇਨ੍ਹਾਂ ਨੂੰ ਹਰੀਪੁਰ ਵੱਲ ਪਹਾੜੀ ਲੱਕੜੀ ਲਿਆਉਣ ਲਈ ਭੇਜਿਆ ਗਿਆ। ਉਸ ਥਾਂ ਜਾ ਕੇ ਇਨ੍ਹਾਂ ਨੇ ਧਰਮ ਦਾ ਪ੍ਰਚਾਰ ਕੀਤਾ। ਰਾਜਾ ਹਰੀਪੁਰ ਨੂੰ ਗੁਰੂ ਸਾਹਿਬ ਦੀ ਸੇਵਾ ਵਿਚ ਲਿਆ ਕੇ ਪਰਿਵਾਰ ਸਮੇਤ ਸਿੱਖ ਬਣਾਇਆ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਨੂੰ ਪ੍ਰਚਾਰਕ ਥਾਪ ਕੇ ਮੰਜੀ ਬਖਸ਼ੀ।[45]

**5. ਸੁੱਖਣ :**

ਧਮਿਆਲ ਪਿੰਡ ਦਾ (ਜੋ ਰਾਵਲਪਿੰਡੀ ਤੋਂ ਤਿੰਨ ਮੀਲ ਹੈ) ਵਸਨੀਕ ਖਤ੍ਰੀ, ਜੋ ਦੁਰਗਾ ਭਗਤ ਸੀ। ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਰਨ ਵਿੱਚ ਜਾ ਕੇ ਗੁਰਮੁਖ ਸਿੱਖਾਂ ਵਿੱਚ ਗਿਣਿਆ ਗਿਆ। ਗੁਰੂ ਸਾਹਿਬ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ (ਗੱਦੀ) ਬਖਸ਼ੀ। ਭਾਈ ਸੁੱਖਣ ਨੇ ਪੋਠੋਹਾਰ ਵਿੱਚ ਗੁਰਸਿੱਖੀ ਦਾ ਵੱਡਾ ਪ੍ਰਚਾਰ ਕੀਤਾ। ਇਸ ਦੀ ਵੰਸ਼ ਦੇ ਰਤਨ ਡਾਕਟਰ ਸੁਰਜਨ ਸਿੰਘ ਜੀ ਹੁਣ ਭੀ ਗੁਰਮਤ ਦੇ ਪ੍ਰਚਾਰਕ ਹਨ।[46]

**6. ਹੰਦਾਲ (ਨਿਰੰਜਨੀਏ) :**

ਜੰਡਿਆਲਾ ਨਿਵਾਸੀ ਹੰਦਾਲ (ਹਿੰਦਾਲ) ਜੱਟ ਸੰਮਤ 1630 ਵਿੱਚ ਸੁੱਖੀ ਦੇ ਗਰਭ ਤੋਂ ਸਾਜੀ ਦੇ ਘਰ ਜਨਮਿਆ, ਇਸ ਦੀ ਸ਼ਾਦੀ ਹਮਜੇ ਚਾਹਲ ਦੀ ਪੁਤ੍ਰੀ ਉਤਮੀ ਨਾਲ ਹੋਈ, ਜਿਸ ਤੋਂ ਬਿਧੀ ਚੰਦ ਪੁਤ੍ਰ ਪੈਦਾ ਹੋਇਆ। ਭਾਈ ਹੰਦਾਲ ਸ੍ਰੀ ਗੁਰੂ ਅਮਰਦਾਸ ਜੀ ਦਾ ਅਨੰਨ ਸਿੱਖ ਹੋਇਆ ਜਿਸ ਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਥਾਪ ਕੇ ਮੰਜੀ ਬਖਸ਼ੀ। ਇਹ ਸਤਿਗੁਰੂ ਦੇ ਲੰਗਰ ਦੀ ਸੇਵਾ ਪ੍ਰੇਮ ਨਾਲ ਕਰਦਾ ਰਿਹਾ। ਇਸ ਦੇ ਪਿੰਡ ਦਾ ਨਾਉਂ ਗੁਰੂ ਕਾ ਜੰਡਿਆਲਾ ਪ੍ਰਸਿੱਧ ਹੋਇਆ। ਹੰਦਾਲ ਹਰ ਵੇਲੇ 'ਨਿਰੰਜਨ-ਨਿਰੰਜਨ' ਸ਼ਬਦ ਦਾ ਜਾਪ ਕੀਤਾ ਕਰਦਾ ਸੀ, ਇਸ ਕਾਰਨ ਉਸ ਦੀ ਸੰਪ੍ਰਦਾਯ ਦਾ ਨਾਮ 'ਨਿਰੰਜਨੀਏ' ਪੈ ਗਿਆ। ਹੰਦਾਲ ਦਾ ਦੇਹਾਂਤ ਸੰਮਤ 1705 ਵਿਚ ਹੋਇਆ।

ਹੰਦਾਲ ਦਾ ਪੁਤ੍ਰ ਬਿਧੀ ਚੰਦ ਕੁਕਰਮੀ ਸੀ। ਉਸ ਨੇ ਗੁਰੂ ਨਾਨਕ ਦੇਵ ਜੀ ਦੀ ਸਾਖੀ ਬਹੁਤ ਅਸ਼ੁੱਧ ਕਰ ਦਿਤੀ ਅਤੇ ਮਨਮੰਨੀਆਂ ਗੱਲਾਂ ਲਿਖ ਕੇ ਆਪਣੇ ਔਗੁਣਾਂ ਨੂੰ ਸਿੱਖੀ ਦਾ ਨਿਯਮ (ਉਸੂਲ) ਸਾਬਤ ਕਰਨ ਦਾ ਯਤਨ

ਕੀਤਾ। ਕਈ ਹੰਦਾਲੀਏ ਮਹੰਤਾਂ ਨੇ ਸਿੱਖਾਂ ਦੇ ਵਿਰੁਧ ਲਾਹੌਰ ਦੇ ਜ਼ਾਲਮ ਹਾਕਮਾਂ ਨੂੰ ਅਯੋਗਯ ਸਹਾਇਤਾ ਦਿੱਤੀ।[47]

**7. ਕੇਦਾਰੀ :**

ਵਟਾਲੇ ਦਾ ਵਸਨੀਕ ਲੂੰਬਾ ਖਤ੍ਰੀ, ਜੋ ਸ੍ਰੀ ਗੁਰੂ ਅਮਰਦਾਸ ਜੀ ਦਾ ਸਿੱਖ ਹੋ ਕੇ ਵਡਾ ਕਰਣੀ ਵਾਲਾ ਪ੍ਰਸਿੱਧ ਹੋਇਆ। ਗੁਰੂ ਸਾਹਿਬ ਨੇ ਇਸ ਨੂੰ ਪ੍ਰਚਾਰਕ ਥਾਪ ਕੇ ਮੰਜੀ ਬਖਸ਼ੀ।[48]

**8. ਖੇਡਾ :**

ਖੇਮ ਕਰਨ (ਜ਼ਿਲ੍ਹਾ ਲਾਹੌਰ) ਦਾ ਵਸਨੀਕ ਇੱਕ ਦੁਰਗਾ ਭਗਤ ਬ੍ਰਾਹਮਣ, ਜੋ ਗੁਰੂ ਅਮਰ ਦਾਸ ਜੀ ਦਾ ਸਿੱਖ ਹੋ ਕੇ ਕਰਤਾਰ ਦਾ ਅਨੰਨ ਸੇਵਕ ਹੋਇਆ, ਇਸ ਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਥਾਪ ਕੇ ਮੰਜੀ ਬਖਸ਼ੀ।[49]

**9. ਗੰਗੂਸ਼ਾਹ :**

ਗੜ੍ਹਸ਼ੰਕਰ ਦਾ ਵਸਨੀਕ ਗੰਗੂਦਾਸ ਬਸੀ ਖਤ੍ਰੀ ਗੁਰੂ ਅਮਰਦਾਸ ਦਾ ਸਿੱਖ ਹੋਇਆ। ਗੁਰੂ ਸਾਹਿਬ ਨੇ ਇਸ ਨੂੰ ਧਰਮ ਪ੍ਰਚਾਰ ਲਈ ਸਰਮੌਰ ਦੇ ਇਲਾਕੇ ਭੇਜਿਆ ਅਤੇ ਮੰਜੀ ਬਖਸ਼ੀ। ਇਸ ਦਾ ਪ੍ਰਸਿੱਧ ਅਸਥਾਨ 'ਦਾਉਂ' (ਜ਼ਿਲ੍ਹਾ ਅੰਬਾਲਾ ਵਰਤਮਾਨ ਜ਼ਿਲ੍ਹਾ : ਰੋਪੜ) ਵਿਚ ਹੈ। ਗੰਗੂਸ਼ਾਹ ਦਾ ਪੜੋਤਾ ਜਵਾਹਰ ਸਿੰਘ ਵੱਡਾ ਕਰਨੀ ਵਾਲਾ ਹੋਇਆ ਹੈ। ਪਹਾੜੀ ਦੇਸ਼ ਵਿਚ ਜਵਾਹਰ ਸਿੰਘ ਦਾ ਝੰਡਾ ਅਨੇਕ ਥਾਂ ਝੂਲਦਾ ਹੈ। ਜਵਾਹਰ ਸਿੰਘ ਦਾ ਦੇਹਰਾ ਖਟਕੜ ਕਲਾਂ (ਜ਼ਿਲ੍ਹਾ ਜਲੰਧਰ) ਵਿਚ ਹੈ। ਇਸ ਦੀ ਸੰਪ੍ਰਦਾਯ ਦੇ ਲੋਕ ਆਪਣੇ ਤਾਈਂ ਗੰਗੂਸ਼ਾਹੀ ਸਦਾਉਂਦੇ ਹਨ।[50]

**10. ਦਰਬਾਰੀ :**

ਪਿੰਡ ਮਜੀਠੇ (ਜ਼ਿਲ੍ਹਾ ਅੰਮ੍ਰਿਤਸਰ) ਦਾ ਵਸਨੀਕ ਲੂੰਬਾ ਖਤ੍ਰੀ ਭਾਈ ਦਰਬਾਰੀ, ਜੋ ਗੁਰੂ ਅਮਰਦਾਸ ਜੀ ਦਾ ਸਿੱਖ ਹੋ ਕੇ ਗੁਰਮੁਖ ਪਦਵੀ ਦਾ ਅਧਿਕਾਰੀ ਹੋਇਆ। ਇਸ ਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਦੀ ਮੰਜੀ ਬਖਸ਼ੀ।[51]

**11. ਪਾਰੋ :**

ਡੱਲਾ ਨਿਵਾਸੀ ਜੁਲਕਾ ਖਤ੍ਰੀ, ਜੋ ਗੁਰੂ ਅੰਗਦ ਦੇਵ ਜੀ ਦਾ ਸਿੱਖ ਹੋਇਆ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਕਰਕੇ ਪਰਮਹੰਸ ਪਦਵੀ ਪ੍ਰਾਪਤ ਕੀਤੀ। ਤੀਜੇ ਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਥਾਪ ਕੇ ਮੰਜੀ ਬਖਸ਼ੀ। ਗੁਰੂ ਹਰਗੋਬਿੰਦ ਸਾਹਿਬ ਦਾ ਸਹੁਰਾ ਨਾਰਾਯਣਦਾਸ ਇਸੇ ਹੀ ਵੰਸ਼ ਵਿਚੋਂ ਸੀ।

ਸਭ ਤੋਂ ਪਹਿਲਾ ਵੈਸਾਖੀ ਮੇਲਾ ਭਾਈ ਪਾਰੋ ਨੇ ਗੁਰੂ ਅਮਰਦਾਸ ਜੀ ਦੀ ਆਗਿਆ ਲੈ ਕੇ ਠਹਿਰਾਇਆ ਸੀ।

*'ਪਾਰੋ ਜੁਲਕਾ ਪਰਮਹੰਸ ਪੂਰੇ ਸਤਿਗੁਰੁ ਕਿਰਪਾਧਾਰੀ।।*[52]

**12. ਫੇਰਾ :**

ਮੀਰਪੁਰ (ਇਲਾਕਾ ਜੰਮੂ) ਦਾ ਵਸਨੀਕ ਕਟਾਰਾ ਜਾਤਿ ਦਾ ਖਤ੍ਰੀ ਜੋ ਜੋਗੀਆ ਦਾ ਚੇਲਾ ਸੀ। ਗੁਰੂ ਅਮਰਦਾਸ ਸਾਹਿਬ ਦਾ ਸਿੱਖ ਹੋ ਕੇ ਆਤਮਗਯਾਨੀ ਹੋਇਆ। ਸਤਿਗੁਰੂ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ (ਗੱਦੀ) ਬਖਸ਼ੀ। ਇਸ ਨੇ ਪਹਾੜੀ ਇਲਾਕੇ ਵਿੱਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ।[53]

**13. ਬੂਆ :**

ਹਰਿਗੋਬਿੰਦਪੁਰ ਦਾ ਵਸਨੀਕ ਤੇਹਣ ਖਤ੍ਰੀ ਭਾਈ ਬੂਆ, ਜੋ ਗੁਰੂ ਅਮਰਦਾਸ ਜੀ ਦਾ ਸਿੱਖ ਹੋ ਕੇ ਪਰਮਹੰਸ ਪਦਵੀ ਨੂੰ ਪ੍ਰਾਪਤ ਹੋਇਆ। ਗੁਰੂ ਸਾਹਿਬ ਨੇ ਇਸ ਨੂੰ ਪ੍ਰਚਾਰਕ ਥਾਪ ਕੇ ਮੰਜੀ ਬਖਸ਼ੀ।[54]

**14. ਬੇਣੀ :**

ਪਿੰਡ ਚੂਹਣੀਆਂ (ਜਿਲਾ ਲਾਹੌਰ) ਦਾ ਵਸਨੀਕ ਇਕ ਪੰਡਿਤ, ਜੋ ਦਿਗਵਿਜਯ ਕਰਦਾ ਫਿਰਦਾ ਸੀ। ਇਹ ਜਦ ਗੋਇੰਦਵਾਲ ਆਇਆ, ਤਦ ਗੁਰੂ ਅਮਰਦਾਸ ਜੀ ਦਾ ਦਰਸ਼ਨ ਕਰਕੇ ਵਿਦਯਾਭਿਮਾਨ ਛੱਡ ਕੇ ਗੁਰਸਿੱਖ ਹੋਇਆ। ਮਲਾਰ ਰਾਗ ਵਿੱਚ "ਇਹੁ ਮਨ ਗਿਰਹੀ ਕਿ ਇਹੁ ਮਨ ਉਦਾਸੀ"– ਸ਼ਬਦ ਇਸੇ ਪਰਥਾਇ ਗੁਰੂ ਸਾਹਿਬ ਨੇ ਉਚਾਰਿਆ। ਇਹ ਵੱਡਾ ਕਰਨੀ ਵਾਲਾ ਪ੍ਰਚਾਰਕ ਹੋਇਆ ਹੈ। ਗੁਰੂ ਸਾਹਿਬ ਨੇ ਇਸ ਨੂੰ ਮੰਜੀ ਬਖਸ਼ੀ। ਇਸ ਦਾ ਨਾਉਂ ਬੇਣੀ ਮਾਧੋ ਭੀ ਕਈਆਂ ਨੇ ਲਿਖਿਆ ਹੈ। ਇਸ ਦੀ ਵੰਸ਼ ਵਿਚ ਹਰਿਦਯਾਲ ਉੱਤਮ ਕਵੀ ਹੋਇਆ ਹੈ, ਜਿਸ ਨੇ ਸਾਰੁਕਤਾਵਲੀ ਅਤੇ ਵੈਰਾਗਸ਼ਤਕ ਦਾ ਮਨੋਹਰ ਉਲਥਾ ਕੀਤਾ ਹੈ।[55]

**15. ਮਹੇਸਾ :**

ਸੁਲਤਾਨੁਪਰ ਨਿਵਾਸੀ ਇਕ ਧੀਰ ਜਾਤਿ ਦਾ ਖਤ੍ਰੀ, ਜੋ ਗੁਰੂ ਅਮਰਦਾਸ ਦਾ ਅਨੰਨ ਸਿੱਖ ਹੋ ਕੇ ਆਤਮਗਯਾਨੀ ਹੋਇਆ। ਗੁਰੂ ਸਾਹਿਬ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ ਬਖਸ਼ੀ।[56]

**16. ਮਾਈਦਾਸ :**

ਨਰੋਲੀ ਪਿੰਡ (ਮਾਝੇ) ਦਾ ਵਸਨੀਕ ਇਕ ਸਵਯੰਪਾਕੀ ਵੈਸ਼ਨਵ ਜੋ ਸਤਿਗੁਰੂ ਅਮਰਦਾਸ ਜੀ ਦੀ ਸ਼ਰਣ ਆਇਆ ਅਤੇ ਗੁਰਸਿੱਖ ਮਾਣਕਚੰਦ ਦੀ ਸੰਗਤਿ ਨਾਲ ਆਤਮਗਯਾਨ ਨੂੰ ਪ੍ਰਾਪਤ ਹੋਇਆ। ਸ੍ਰੀ ਗੁਰੂ ਅਮਰ ਦਾਸ ਜੀ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ ਬਖਸ਼ੀ। ਇਸ ਨੇ ਮਾਝੇ ਦੇ ਇਲਾਕੇ ਗੁਰਸਿਖੀ ਦਾ ਵੱਡਾ ਪ੍ਰਚਾਰ ਕੀਤਾ।[57]

**17. ਮਾਣਕਚੰਦ :**

ਵੈਰੋਵਾਲ ਦਾ ਵਸਨੀਕ ਇੱਕ ਪਥਰੀਆ ਖਤ੍ਰੀ, ਜਿਸ ਨੇ ਗੋਇੰਦਵਾਲ ਦੀ ਬਾਉਲੀ (ਵਾਪੀ) ਦਾ ਕੜ ਭੰਨਿਆ ਅਰ ਡੁਬ ਕੇ ਮਰ ਗਿਆ। ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਉਸ ਨੂੰ ਜੀਵਨ ਬਖਸ਼ਿਆ ਅਰ ਨਾਉਂ ਜੀਵੜਾ ਰਖਿਆ। ਇਹ ਵੱਡਾ ਕਰਨੀ ਵਾਲਾ ਗੁਰਮੁਖ ਹੋਇਆ। ਤੀਜੇ ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ ਬਖਸ਼ੀ ਇਸ ਦੀ ਔਲਾਦ ਹੁਣ ਵੈਰੋਵਾਲ ਵਿੱਚ 'ਜੀਵੜੇ' ਕਰਕੇ ਪ੍ਰਸਿੱਧ ਹੈ। ਇਸੇ ਦੀ ਸੰਗਤਿ ਕਰਕੇ ਮਾਈ ਦਾਸ ਬੈਰਾਗੀ ਗੁਰਸਿੱਖੀ ਦਾ ਅਧਿਕਾਰੀ ਹੋਇਆ ਸੀ।[58]

**18. ਮੁਰਾਰੀ :**

ਜਿਲਾ ਲਾਹੌਰ ਦੇ ਖਾਈ ਪਿੰਡ ਦਾ ਵਸਨੀਕ ਪ੍ਰੇਮਾ ਖਤ੍ਰੀ ਜੋ ਕੋੜ੍ਹੀ ਹੋ ਗਿਆ ਸੀ, ਸ੍ਰੀ ਗੁਰੂ ਅਮਰਦਾਸ ਜੀ ਦੀ ਕਿਰਪਾ ਨਾਲ ਅਰੋਗ ਹੋਇਆ। ਸਤਿਗੁਰ ਨੇ ਇਸ ਦਾ ਨਾਮ 'ਮੁਰਾਰੀ' ਰਖਿਆ ਸੀ। ਸੀਹੇ ਉੱਪਲ ਖਤ੍ਰੀ ਨੇ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਮੁਰਾਰੀ ਨੂੰ ਆਪਣੀ ਪੁਤ੍ਰੀ 'ਮਥੋ' ਵਿਆਹ ਦਿੱਤੀ। ਇਸ ਉੱਤਮ ਜੋੜੀ ਨੇ ਗੁਰਮਤ ਦਾ ਭਾਰੀ ਪ੍ਰਚਾਰ ਕੀਤਾ, ਅਰ ਦੋਹਾਂ ਦਾ ਸੰਮਲਿਤ ਨਾਮ 'ਮਥੋਮੁਰਾਰੀ' ਇਤਿਹਾਸ ਵਿੱਚ ਪ੍ਰਸਿੱਧ ਹੋਇਆ। ਗੁਰੂ ਸਾਹਿਬ ਨੇ ਮਥੋਮੁਰਾਰੀ ਨੂੰ ਪ੍ਰਚਾਰਕ ਦੀ ਮੰਜੀ ਬਖਸ਼ੀ।[59]

**19. ਰਾਜਾਰਾਮ :**

ਇੱਕ ਸਾਰਸਵਤ ਬ੍ਰਾਹਮਣ, ਜੋ ਗੁਰੂ ਅਮਰਦਾਸ ਜੀ ਦਾ ਸਿੱਖ ਹੋ ਕੇ ਜਾਤੀ ਅਭਿਮਾਨ ਤੋਂ ਛੁਟਕਾਰਾ ਪਾ, ਆਤਮਗਯਾਨੀ ਹੋਇਆ। ਇਸ ਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਦੀ ਮੰਜੀ ਬਖਸ਼ੀ। ਭਾਈ ਰਾਜਾਰਾਮ ਦੀ ਔਲਾਦ ਹੁਣ ਪਿੰਡ ਸੰਧਮਾ (ਜ਼ਿਲਾ ਜਲੰਧਰ) ਵਿੱਚ ਵਸਦੀ ਹੈ।[60]

**20. ਰੰਗਸ਼ਾਹ :**

ਪਿੰਡ ਮੱਲੂਪੋਤੇ (ਜ਼ਿਲਾ ਜਲੰਧਰ) ਦਾ ਵਸਨੀਕ ਅਰੋੜਾ, ਜੋ ਗੁਰੂ ਅਮਰਦਾਸ ਜੀ ਦਾ ਸਿੱਖ ਹੋ ਕੇ ਉੱਤਮ ਧਰਮ ਪ੍ਰਚਾਰਕ ਹੋਇਆ। ਗੁਰੂ ਸਾਹਿਬ ਨੇ ਇਸ ਨੂੰ, ਮੰਜੀ ਬਖਸ਼ੀ। ਇਸੇ ਨੇ ਦੁਆਬੇ ਵਿੱਚ ਗੁਰਸਿੱਖੀ ਦੇ ਫੈਲਾਉਣ ਦਾ ਪੂਰਾ ਜਤਨ ਕੀਤਾ। ਇਸ ਦੀ ਔਲਾਦ ਹੁਣ ਬੰਗਿਆ ਵਿਚ ਵਸਦੀ ਹੈ।[61]

**21. ਰੰਗਦਾਸ :**

ਪਿੰਡ ਘੜੂਆ (ਜ਼ਿਲਾ ਅੰਬਾਲਾ ਵਰਤਮਾਨ ਜ਼ਿਲਾ : ਰੋਪੜ) ਦਾ ਵਸਨੀਕ ਭੰਡਾਰੀ ਖਤ੍ਰੀ, ਜੋ ਵੈਰਾਗੀਆਂ ਦਾ ਚੇਲਾ ਸੀ। ਗੁਰੂ ਸਾਹਿਬ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ ਬਖਸ਼ੀ। ਭਾਈ ਰੰਗਦਾਸ ਦੀ ਵੰਸ਼ ਘੜੂੰਏਂ ਵਿਚ ਆਬਾਦ ਹੈ।[62]

**22. ਲਾਲੋ :**

ਡੱਲਾ ਨਿਵਾਸੀ ਸੱਭਰਵਾਲ ਖਤ੍ਰੀ, ਜੋ ਸ੍ਰੀ ਗੁਰੂ ਅਮਰ ਦਾਸ ਜੀ ਦਾ ਸਿੱਖ ਹੋ ਕੇ ਆਤਮਗਯਾਨੀ ਹੋਇਆ। ਇਸ ਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਦੀ ਮੰਜੀ ਬਖਸ਼ੀ। ਇਹ ਉੱਤਮ ਵੈਦ ਸੀ, ਖਾਸ ਕਰਕੇ ਤੇਈਆ ਤਾਪ ਦੂਰ ਕਰਨ ਵਿਚ ਕਮਾਲ ਰਖਦਾ ਸੀ।[63]

**ਪ੍ਰਿੰਸੀਪਲ ਸਤਬੀਰ ਸਿੰਘ[64] ਅਨੁਸਾਰ ਸੁਨਿਹਰੀ ਪੱਤਰੇ ਵਾਲੀ ਸੂਚੀ ਦੇ ਬਾਈ ਮੰਜੀਆਂ ਦੇ ਜ਼ਿੰਮੇਵਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ :**

| | | | |
|---|---|---|---|
| 1. | ਭਾਈ ਪਾਰੋ ਜੁਲਕਾਂ, | — | ਪ੍ਰਚਾਰ ਖੇਤਰ ਦੁਆਬਾ। |
| 2. | ਭਾਈ ਲਾਲੂ | — | ਪ੍ਰਚਾਰ ਖੇਤਰ ਸਿੰਧ ਤੱਕ ਸਮੁੰਦਰੀ ਇਲਾਕਾ। |
| 3. | ਭਾਈ ਮੇਹੇਸ਼ਾ ਧੀਰ | — | ਪ੍ਰਚਾਰ ਖੇਤਰ ਮਾਲਵਾ। |
| ੪. | ਭਾਈ ਮਾਈ ਦਾਸ ਵੈਰਾਗੀ | — | ਪ੍ਰਚਾਰ ਖੇਤਰ ਮਾਝਾ। |
| 5. | ਭਾਈ ਮਾਣਕ ਦਾਸ ਜੀਵੜਾ | — | ਪ੍ਰਚਾਰ ਖੇਤਰ ਦੂਰ ਦੁਰਾਡੇ |
| 6. | ਭਾਈ ਸਾਵਣ ਮਲ | — | ਪਹਾੜੀ ਖੇਤਰ। |
| 7. | ਮਲ ਜੀ ਸੇਵਾ | — | ਪ੍ਰਚਾਰ ਖੇਤਰ ਫੀਰੋਜ਼ਪੁਰ ਦਾ ਇਲਾਕਾ। |
| 8. | ਭਾਈ ਹਿੰਦਾਲ ਜੀ | — | ਜੰਡਿਆਲਾ ਦਾ ਇਲਾਕਾ। |
| 9. | ਸੱਚ ਨਿਸੱਚ | — | ਅੰਬਾਲਾ ਦਾ ਇਲਾਕਾ। |
| 10. | ਭਾਈ ਗੰਗੂ ਸ਼ਾਹ | — | ਲਾਹੌਰ ਦਾ ਇਲਾਕਾ। |
| 11. | ਭਾਈ ਸਾਧਾਰਨ ਲੁਹਾਰ | — | ਬਾਬਾ ਬਕਾਲਾ। |
| 12. | ਮਥੋ ਮੁਰਾਰੀ | — | ਪ੍ਰਚਾਰ ਖੇਤਰ ਚੂਨੀਆਂ (ਲਾਹੌਰ) |
| 13. | ਖੇਡਾ ਸੋਇਨੀ | — | ਪ੍ਰਚਾਰ ਖੇਤਰ ਖੇਮਕਰਨ। |
| 14.-15 | ਭਾਈ ਫ਼ਿਰਿਆ ਅਤੇ ਕਟਾਰਾ | — | ਕਸ਼ਮੀਰ ਦਾ ਪਹਾੜੀ ਖੇਤਰ। |
| 16. | ਭਾਈ ਸਾਈ ਦਾਸ ਗੁਸਾਈਂ | — | ਰਾਵੀ ਪਾਰ ਦਾ ਇਲਾਕਾ। |

17. ਦਿਤੇ ਕੇ ਭਲੇ — ਮਾਝੇ ਦਾ ਇਲਾਕਾ।
18. ਮਾਈ ਸੇਵਾ — ਪ੍ਰਚਾਰ ਖੇਤਰ ਕਾਬਲ
19. ਦੁਰਗੋ ਪੰਡਿਤ — ਪ੍ਰਚਾਰ ਖੇਤਰ ਹਰਦੁਆਰ।
20. ਜੀਤ ਬੰਗਾਲੀ — ਬੰਗਾਲ ਅਤੇ ਆਸਾਮ ਦਾ ਇਲਾਕਾ।
21. ਬੀਬੀ ਭਾਗੋ — ਕਸ਼ਮੀਰ ਵਿੱਚ।
22. ਭਾਈ ਬਾਲੂ — ਗੋਇੰਦਵਾਲ ਵਿਖੇ।

**ਤਿੰਨਾਂ ਲਿਸਟਾਂ ਅਨੁਸਾਰ ਬਾਈ ਮੰਜੀਆਂ ਦੇ ਮੁੱਖੀਆਂ ਦੀ ਸੂਚੀ ਵਿਚ ਸਮਾਨਤਾ ਤੇ ਵਖਰੇਵਾਂ ਹੇਠਾਂ ਲਿਖੇ ਅਨੁਸਾਰ ਹੈ :**

**1. ਬਾਈ ਮੰਜੀਆਂ ਦੇ ਮੁਖੀਆਂ ਦੇ ਜੋ ਨਾਮ ਤਿੰਨਾ ਸੂਚੀਆਂ ਵਿਚ ਸਾਂਝੇ ਹਨ:**

| ਮਹਿਮਾ ਪ੍ਰਕਾਸ਼ | ਮਹਾਨ ਕੋਸ਼ | ਸੁਨਿਹਰੀਪਤਰੇਵਾਲੀਸੂਚੀ |
|---|---|---|
| 1. ਸੱਚਨ ਸੱਚ | ਸੱਚਨ ਸੱਚ | ਸੱਚ ਨਿਸੱਚ |
| 2. ਸਾਧਾਰਨ ਲੁਹਾਰ | ਸਾਧਾਰਨ | ਸਾਧਾਰਨ |
| 3. ਸਾਵਨ ਮਲ | ਸਾਵਨ ਮੱਲ | ਸਾਵਨ ਮੱਲ |
| 4. ਹੰਦਾਲ (ਜੰਡਿਆਲਾ) | ਹੰਦਾਲ | ਭਾਈ ਹਿੰਦਾਲ ਜੀ |
| 5. ਖੇਡਾ ਮੁਰਾਰੀ | ਖੇਡਾ | ਖੇਡਾ ਸੋਇਨੀ (ਖੇਮਕਰਨ) |
| 6. ਗੰਗੂਦਾਸ | ਗੰਗੂਸ਼ਾਹ | ਭਾਈ ਗੰਗੂਸ਼ਾਹ |
| 7. ਪਾਰੋ (ਡੱਲਾ) | ਪਾਰੋ ਜੁਲਕਾਂ | ਭਾਈ ਪਾਰੋ ਜੁਲਕਾਂ |
| 8. ਫਿਰਿਆ ਕਟਾਰਾ (ਮਾਲਵਾ) | ਫੈਰਾ ਕਟਾਰਾ | ਭਾਈ ਫਿਰਿਆ ਅਤੇ ਕਟਾਰਾ |
| 9. ਮਹੇਸ਼ਾ ਧੀਰ | ਮਹੇਸ਼ਾ | ਭਾਈ ਮਹੇਸ਼ਾ ਧੀਰ |
| 10. ਮਾਈ ਦਾਸ | ਮਾਈ ਦਾਸ | ਭਾਈ ਮਾਈ ਦਾਸ ਵੈਰਾਗੀ |
| 11. ਮਾਣਕ ਚੰਦ ਜੀਵੜਾ | ਮਾਣਕ ਚੰਦ | ਭਾਈ ਮਾਣਕ ਦਾਸ ਜੀਵੜਾ |
| 12. ਮਥੋਮੁਰਾਰੀ | ਮੁਰਾਰੀ | ਮਥੋ ਮੁਰਾਰੀ |
| 13. ਲਾਲੂ | ਲਾਲੋ | ਭਾਈ ਲਾਲੂ |

**2. ਜੋ ਬਾਈ ਮੰਜੀਆਂ ਦੇ ਮੁਖੀਆਂ ਦੇ ਨਾਮ ਦੋ ਸੂਚੀਆਂ ਵਿੱਚ ਸਾਂਝੇ ਹਨ :**

| ਮਹਿਮਾ ਪ੍ਰਕਾਸ਼ | ਮਹਾਨ ਕੋਸ਼ | ਸੁਨਿਹਰੀਪਤਰੇਵਾਲੀਸੂਚੀ |
|---|---|---|
| 1. ਬੀਬੀ ਭਾਗੋ | — | ਬੀਬੀ ਭਾਗੋ |
| 2. ਭੱਲੇ ਬੀਬੀ ਕੇ | — | ਦਿੱਤੇ ਕੇ ਭਲੇ |
| 3. ਦੁਰਗੋ-ਭਾਈ | — | ਦੁਰਗੋ ਪੰਡਿਤ |
| 4. ਸਾਂਈ ਦਾਸ ਗੁਸਾਂਈ | — | ਭਾਈ ਸਾਂਈਂ ਦਾਾਸ ਗੁਸਾਂਈਂ |

3. ਜਿਹੜੇ ਨਾਮ ਤਿੰਨਾਂ ਸੂਚੀਆਂ ਵਿਚ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ :

| ਮਹਿਮਾ ਪ੍ਰਕਾਸ਼ | ਮਹਾਨ ਕੋਸ਼ | ਸੁਨਹਿਰੀਪਤਰੇਵਾਲੀਸੂਚੀ |
|---|---|---|
| 1. — | ਅੱਲਾਹਯਾਰਖਾਂ | — |
| 2. — | ਸੁੱਖਣ | — |
| 3. — | ਕੇਦਾਰੀ | — |
| 4. — | ਦਰਬਾਰੀ | — |
| 5. — | ਬੂ ਆ | — |
| 6. — | ਬੇਣੀ | — |
| 7. — | ਰਾਜਾਰਾਮ | — |
| 8. — | ਰੰਗਸ਼ਾਹ | — |
| 9. — | ਰੰਗਦਾਸ | — |
| 10. ਭੱਟ (ਸੁਲਤਾਨਪੁਰ) | — | — |
| 11. ਖੰਨਾ ਚੂਹੜਾ (ਡੱਲਾ) | — | — |
| 12. ਪ੍ਰੇਮਾ (ਬਹਿਰਾਮਪੁਰ) | — | — |
| 13. ਭਿੱਖਾ ਭੱਟ (ਸੁਲਤਾਨਪੁਰ) | — | — |
| 9. — | — | — |
| 14. — | — | ਮਲ ਜੀ ਸੇਵਾ |
| 15. — | — | ਮਾਈ ਸੇਵਾ |
| 16. — | — | ਜੀਤ ਬੰਗਾਲੀ |
| 17. — | — | ਭਾਈ ਬਾਲੂ |

ਉਪਰਲੀਆਂ ਲਿਸਟਾਂ ਵਿੱਚ 13 ਮੰਜੀਆਂ ਦੇ ਨਾਮ ਸਾਂਝੇ ਹਨ। ਇਸ ਦਾ ਭਾਵ ਹੈ ਕਿ 13 ਨਾਂਵਾਂ ਨੂੰ ਹਰ ਇਕ ਨੇ ਸਹੀ ਮੰਨਿਆ ਹੈ। ਬਾਕੀ ਨੌ ਨਾਮ ਕਿਹੜੇ ਹਨ? ਇਹ ਪ੍ਰਸ਼ਨ ਡੂੰਘੀ ਖੋਜ ਮੰਗਦਾ ਹੈ। ਲਗਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਜੀਵਨ ਦੇ ਅੰਤਲੇ ਕੁੱਝ ਵਰ੍ਹਿਆਂ ਵਿੱਚ ਇਹਨਾਂ ਮੰਜੀਆਂ ਦੀ ਸੰਖਿਆਂ 22 ਤੋਂ ਵਧ ਕੇ 34 ਤਕ ਜਾ ਪੁੱਜੀ ਹੋਵੇਗੀ ਜਾਂ ਫਿਰ ਪਰਲੋਕ ਪਿਆਣਾ ਕਰ ਗਏ ਮੰਜੀਦਾਰ ਦੀ ਥਾਂ ਜਦੋਂ ਨਵੇਂ ਮੰਜੀਦਾਰ ਨਿਯੁੱਕਤ ਕੀਤੇ ਗਏ ਹੋਣਗੇ ਜਿਸ ਕਰਕੇ ਇਹਨਾਂ ਸੂਚੀਆਂ ਵਿੱਚ ਦਰਜ਼ ਨਾਵਾਂ ਵਿੱਚ ਫ਼ਰਕ ਪੈ ਗਿਆ ਹੋਵੇਗਾ।

ਮੰਜੀ ਦੇ ਮੋਢੀ ਸਿੱਖ ਗੁਰਸਿੱਖਾਂ ਦੇ ਮੁਹਰੀ ਅਥਵਾ ਜਥੇਦਾਰ ਦਾ ਕੰਮ ਨਿਭਾਉਂਦੇ ਤੇ ਗੁਰੂ ਘਰ ਲਈ ਭੇਟਾ ਇੱਕਤਰ ਕਰਕੇ ਗੁਰੂ ਸਾਹਿਬ ਤੱਕ ਪਹੁੰਚਾਉਂਦੇ ਸਨ।[65]

ਨਿਹਾਰੰਜਨ ਰੇ ਅਨੁਸਾਰ ਗੁਰੂ ਅਮਰਦਾਸ ਜੀ ਨੇ ਵੱਧ ਰਹੇ ਸਿੱਖ ਸਮਾਜ ਲਈ ਇਕ ਯੋਗ ਸੰਸਥਾ 'ਮੰਜੀ' ਅਤੇ '**ਪੀੜੀ**' ਦੇ ਰੂਪ ਵਿੱਚ ਸਥਾਪਿਤ ਕੀਤੀ।[66] ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਸਿੱਖ-ਸੰਗਤ ਨੂੰ ਇਲਾਕੇ ਅਨੁਸਾਰ ਵੰਡ ਕੇ ਸੰਗਤਾਂ ਵਿੱਚ ਸਿੱਖੀ ਦੇ ਪ੍ਰਚਾਰ ਨੂੰ ਯੋਜਨਾਬਧ ਕੀਤਾ।

ਗੁਰੂ ਅਮਰਦਾਸ ਜੀ ਆਮ ਕਰਕੇ ਮੁੱਖ ਕੇਂਦਰ ਗੋਇੰਦਵਾਲ ਰਹਿੰਦੇ। ਮੰਜੀਦਾਰ ਆਪਣੇ ਆਪਣੇ ਇਲਾਕੇ ਵਿੱਚ ਗੁਰੂ ਦੇ ਸ਼ਬਦਾਂ ਦੀ ਵਿਆਖਿਆ ਕਰਦੇ ਅਤੇ 'ਚਰਨ ਪਾਹੁਲ' ਦੇ ਕੇ ਹੋਰ ਸਿੱਖ ਬਣਾਉਂਦੇ। ਇਹ ਗੁਰੂ ਅਤੇ ਸੰਗਤਾਂ ਵਿਚਕਾਰ ਸੰਪਰਕ ਬਣੇ ਰਹਿੰਦੇ। ਇਹਨਾਂ ਨੂੰ ਆਪਣੇ ਖੇਤਰ ਵਿੱਚ ਗੁਰੂ ਦੇ ਨੁਮਾਇੰਦੇ ਕਰਕੇ ਜਾਣਿਆ ਜਾਂਦਾ ਸੀ। ਇਹ ਮੰਜੀ ਅਧਿਆਤਮਕ ਪ੍ਰਚਾਰ ਲਈ ਦਿੱਤੀ ਜਾਂਦੀ ਸੀ। ਮੰਜੀਦਾਰ

ਇੱਕ ਤਾਂ ਸਿੱਖਾਂ ਨੂੰ ਸਿੱਖੀ ਜੀਵਨ ਜਾਂਚ ਸਿਖਾਉਂਦੇ ਅਤੇ ਦੂਸਰਾ ਪੰਜਾਬੀ ਨੂੰ ਗੁਰਮੁਖੀ ਲਿਪੀ ਵਿੱਚ ਪੜ੍ਹਾਉਂਦੇ ਜਿਸ ਨਾਲ ਸਿੱਖ ਗੁਰੂ ਦੇ ਸ਼ਬਦਾਂ ਨੂੰ ਪੜ੍ਹ ਸਕਦੇ।[67]

ਗੋਕਲ ਚੰਦ ਨਾਰੰਗ ਗੁਰੂ ਅਮਰਦਾਸ ਜੀ ਦੀ ਇਸ ਸੰਸਥਾ ਦੀ ਮਹੱਤਤਾ ਦੱਸਦੇ ਹੋਏ ਲਿਖਦੇ ਹਨ: "ਇਹ ਸਪੱਸ਼ਟ ਹੈ ਕਿ ਤੀਜੇ ਗੁਰੂ ਸਾਹਿਬ ਦੇ ਇਸ ਕੰਮ ਨੇ ਸਿੱਖ ਧਰਮ ਦੀਆਂ ਜੜ੍ਹਾਂ ਮਜ਼ਬੂਤ ਕਰਨ ਵਿੱਚ ਆਪਣੇ ਦੇਸ਼ ਦੇ ਸਾਰੇ ਭਾਗਾਂ ਵਿੱਚ ਧਰਮ ਦਾ ਪ੍ਰਚਾਰ ਕਰਨ ਵਿੱਚ ਬਹੁਤ ਹਿੱਸਾ ਪਾਇਆ ਹੋਵੇਗਾ"।[68]

ਇਸ ਪਰਚਾਰ ਸੰਸਥਾ ਜਾਂ ਪ੍ਰਬੰਧ ਸੰਸਥਾ ਦਾ ਵਰਨਣ ਬਹੁਤ ਸਾਰੇ ਲੇਖਕਾਂ ਨੇ ਕੀਤਾ ਹੈ।[69]

ਸਿੱਖ ਸੰਗਤਾਂ ਦੀ ਸਥਾਪਨਾ ਦਾ ਮੁੱਖ ਮੰਤਵ ਤਾਂ ਧਾਰਮਿਕ ਹੀ ਸੀ। ਇਸ ਕਰਕੇ ਹੀ ਇਨ੍ਹਾਂ ਨੂੰ ਅਕਸਰ ਸਤਸੰਗਤ ਤੇ ਸਾਧਸੰਗਤ ਕਿਹਾ ਜਾਂਦਾ ਸੀ। ਪਰ ਸਮੇਂ ਦੇ ਨਾਲ-ਨਾਲ ਸੰਗਤ ਵਿਚ ਊਚ-ਨੀਚ, ਜਾਤ-ਪਾਤ ਤੇ ਇਸਤਰੀ ਦੇ ਸਮਾਜਿਕ ਦਰਜੇ ਬਾਰੇ ਹੀ ਚਰਚਾ ਹੋਣ ਲੱਗ ਪਈ ਤੇ ਇਸ ਤਰ੍ਹਾਂ ਸਮਾਜਿਕ ਤੇ ਭਾਈਚਾਰਕ ਤੱਤ ਵੀ ਇਸ ਵਿੱਚ ਸ਼ਾਮਲ ਹੋ ਗਏ। ਸਮਾਜ ਸੁਧਾਰ ਦੇ ਬਹੁਤ ਸਾਰੇ ਕੰਮਾਂ ਨੂੰ ਸੰਗਤ ਰਾਹੀਂ ਨਜਿੱਠਿਆ ਜਾਣ ਲਗ ਪਿਆ। ਗੁਰੂ ਅਮਰਦਾਸ ਜੀ ਨੇ ਸੰਗਤਾਂ ਨੂੰ ਹਕੂਮਤ ਦੇ ਨਜਾਇਜ਼ ਹੁਕਮਾਂ ਵਿਰੁਧ ਬੋਲਨ ਲਈ ਵੀ ਤਿਆਰ ਕੀਤਾ।[70] ਉਨਾਂ ਸਮੇਂ ਲੰਗਰ 'ਸੰਗਤ' ਦਾ ਅਨਿਖੜਵਾਂ ਅੰਗ ਸੀ। 'ਸੰਗਤ' ਲੰਗਰ ਲਈ ਰਸਦ ਦੇ ਨਾਲ ਨਾਲ ਨਕਦੀ ਭੇਟਾ ਵੀ ਕਰਦੀ ਸੀ।[71]

### 3.2.3 ਗੁਰੂ ਰਾਮਦਾਸ ਸਮੇਂ ਸੰਗਤ :

**ਮਸੰਦ ਪ੍ਰਥਾ:** ਗੁਰੂ ਰਾਮਦਾਸ ਜੀ ਸਮੇਂ ਸਿੱਖੀ ਦਾ ਘੇਰਾ ਹੋਰ ਵਿਸ਼ਾਲ ਹੋ ਗਿਆ। ਦੂਰ ਦੂਰ ਤੱਕ ਸੰਗਤਾਂ ਦੀ ਸਥਾਪਨਾ ਹੋ ਗਈ। ਗੁਰੂ ਰਾਮਦਾਸ ਜੀ ਨੇ ਮੰਜੀਦਾਰਾਂ ਦੀਆਂ ਇਲਾਕੇ ਵਿੱਚ ਪ੍ਰਚਾਰ ਦੀਆਂ ਜ਼ਿੰਮੇਵਾਰੀਆਂ ਨੂੰ ਦੇਖਦੇ ਹੋਏ ਸੰਗਤਾਂ ਦਾ ਗੁਰੂ ਨਾਲ ਲਗਾਤਾਰ ਸੰਪਰਕ ਬਣਾਈ ਰੱਖਣ ਲਈ ਮਸੰਦ ਪ੍ਰਥਾ ਸ਼ੁਰੂ ਕੀਤੀ। ਇਹ ਜ਼ਿੰਮੇਵਾਰੀ ਉੱਚੇ ਆਚਰਣ ਵਾਲੇ ਦਿਆਨਦਾਰ ਤੇ ਉਤਸ਼ਾਹੀ ਸਿੱਖਾਂ ਨੂੰ ਸੌਂਪੀ ਗਈ।[72] ਮਸੰਦ ਪਦਵੀ ਗੁਰੂ ਅਮਰਦਾਸ ਜੀ ਦੁਆਰਾ ਚਲਾਈ ਗਈ ਮੰਜੀਦਾਰ ਤੋਂ ਵੱਖਰੀ ਸੀ। ਸੁਭਾਵਿਕ ਸਵਾਲ ਉਠਦਾ ਹੈ ਕਿ ਜਦ ਪਹਿਲਾਂ ਮੰਜੀ ਤੇ 'ਪੀੜ੍ਹੀ' ਪ੍ਰਥਾਵਾਂ ਚਲ ਰਹੀਆਂ ਸਨ ਤਾਂ ਮਸੰਦ ਪ੍ਰਥਾ ਚਲਾਉਣ ਦੀ ਕੀ ਲੋੜ ਅਨੁਭਵ ਕੀਤੀ ਗਈ? ਇਸ ਦੇ ਮੁੱਖ ਕਾਰਨ ਸਨ: ਪਹਿਲਾ, ਮੰਜੀਆਂ ਦੇ ਮੁੱਖੀ ਆਪਣੇ ਨਿੱਜੀ ਕਾਰ-ਵਿਹਾਰ ਵਿੱਚ ਇੰਨੇ ਰੁਝ ਚੁੱਕੇ ਸਨ ਕਿ ਉਹ ਸਿੱਖਾਂ ਜਾਂ ਗੁਰੂ ਜੀ ਨਾਲ ਆਪਣਾ ਤਾਲਮੇਲ ਮੁੱਖ ਰੂਪ ਵਿਚ ਨਹੀਂ ਰੱਖ ਸਕਦੇ ਸਨ ਅਤੇ ਇਸ ਨਾਲ ਗੁਰੂ ਜੀ ਨੂੰ ਬਹੁਤ ਔਕੜਾਂ ਆ ਰਹੀਆਂ ਸਨ। ਦੂਸਰਾ, ਕੁਝ ਮੁਖੀ ਹੰਡਾਲ ਦੇ ਪੁੱਤਰ ਬਿਧੀ ਚੰਦ ਦੇ ਭੈੜੇ ਪ੍ਰਭਾਵ ਹੇਠ ਆ ਕੇ ਗੁਰੂ ਜੀ ਦੇ ਪ੍ਰਚਾਰ ਵਿਰੁਧ ਕੰਮ ਕਰਨ ਲਗ ਪਏ ਸਨ ਤੇ ਹੁਣ ਇਹਨਾਂ ਉੱਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਸੀ। ਤੀਜਾ, ਸਮੇਂ ਦੇ ਬੀਤਣ ਨਾਲ ਇਹ ਮੁੱਖੀ ਕੁੱਝ ਸੁਸਤ ਹੋ ਗਏ ਸਨ ਜਦ ਕਿ ਗੁਰੂ ਜੀ ਅੰਮ੍ਰਿਤਸਰ ਤੇ ਸੰਤੋਖਸਰ ਦੇ ਸਰੋਵਰਾਂ ਅਤੇ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਕਰਨੀ ਚਾਹੁੰਦੇ ਸਨ ਜਿਸ ਲਈ ਗੁਰਸਿੱਖਾਂ ਦੀ ਕਿਰਤ ਕਮਾਈ ਵਿੱਚੋਂ ਹੀ ਹਿੱਸਾ ਪਾਉਣਾ ਸੀ ਅਤੇ ਚੌਥਾ, ਸਿੱਖਾਂ ਨੂੰ ਇਕ ਯੋਗ ਤੇ ਸੁਚੱਜੇ ਪ੍ਰਬੰਧ ਹੇਠ ਚੱਲਣ ਦੀ ਆਦਤ ਪਾਉਣਾ ਸੀ। ਇਸੇ ਕਰਕੇ ਗੁਰੂ ਜੀ ਅੱਗੇ ਦੋ ਹੀ ਰਸਤੇ ਸਨ — ਜਾਂ ਤਾਂ 'ਮੰਜੀ ਪ੍ਰਥਾ' ਵਿਚ ਮੁੜ ਜੀਵਨ ਭਰਿਆ ਜਾਵੇ ਜਾਂ ਫਿਰ ਇਕ ਨਵੀਂ ਪ੍ਰਥਾ ਅਰੰਭੀ ਜਾਵੇ। ਗੁਰੂ ਜੀ ਨੇ ਦੂਜਾ ਰਸਤਾ ਅਪਣਾਇਆ ਤੇ ਮਸੰਦ ਪ੍ਰਥਾ ਸ਼ੁਰੂ ਕੀਤੀ।

ਭਾਈ ਕਾਨ੍ਹ ਸਿੰਘ ਨਾਭਾ ਨੇ ਮਸੰਦ ਦਾ ਅਰਥ "ਮਸਨਦ (ਗੱਦੀ) ਨਾਲ ਸੰਬੰਧ ਰੱਖਣ ਵਾਲਾ। ਜੋ ਲੋਕ ਸਿੱਖਾਂ ਤੋਂ ਦਸੌਂਧ ਅਤੇ ਕਾਰ ਭੇਟਾ ਉਗਰਾਉਂਦੇ ਅਤੇ ਸਿੱਖੀ ਦਾ ਪ੍ਰਚਾਰ ਕਰਦੇ"[73] ਕੀਤੇ ਹਨ। ਇਹਨਾਂ ਦਾ ਕੰਮ ਗੁਰਸਿੱਖਾਂ ਦੀ ਸਾਰ ਲੈਣਾ, ਗੁਰੂ ਸਾਹਿਬ ਨੂੰ ਇਲਾਕੇ ਦੀਆਂ ਸੰਗਤਾਂ ਦੇ ਸਹੀ ਹਾਲਤਾਂ ਤੋਂ ਜਾਣੂ ਕਰਵਾਉਣਾ, ਸਿੱਖੀ ਦੇ

ਨਵੇਂ ਖਿਆਲਾਂ ਨੂੰ ਗੁਰੂ ਤੋਂ ਲੋਕਾਂ ਤੱਕ ਪਹੁੰਚਾਉਣਾ ਤੇ ਸਿੱਖਾਂ ਦੀਆਂ ਭੇਟਾਵਾਂ (ਦਸਵੰਧ ਸਹਿਤ) ਗੁਰੂ ਤੱਕ ਪਹੁੰਚਾਉਣਾ ਹੁੰਦਾ ਸੀ।

ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਰੱਖੀ, ਜੋ ਸਿੱਖ-ਸੰਗਤਾਂ ਦਾ ਕੇਂਦਰ ਬਣ ਗਿਆ। ਸੰਗਤਾਂ ਗਾਹੇ-ਬਗਾਹੇ ਏਥੇ ਇੱਕਠੀਆਂ ਹੁੰਦੀਆਂ। ਇਨ੍ਹਾਂ ਜੋੜ ਮੇਲਿਆਂ ਨੇ ਗੁਰੂ ਅਤੇ ਸੰਗਤਾਂ ਵਿਚ ਅਤੇ ਸੰਗਤਾਂ ਦੇ ਆਪੋ ਵਿਚ ਕਰੀਬੀ ਸੰਬੰਧਾਂ ਲਈ ਮੌਕੇ ਪ੍ਰਦਾਨ ਕੀਤੇ।

3.2.4 **ਗੁਰੂ ਅਰਜਨ ਦੇਵ ਸਮੇਂ ਸੰਗਤ:** ਸੰਗਤਾਂ ਦੇ ਪ੍ਰਬੰਧਕੀ ਢਾਂਚੇ ਦੇ ਵਿਧਾਨਿਕ ਪਸਾਰ ਲਈ ਗੁਰੂ ਅਰਜਨ ਦੇਵ ਜੀ ਨੇ ਇਕ ਮਹੱਤਵ-ਪੂਰਨ ਯੋਜਨਾ ਤਿਆਰ ਕੀਤੀ। ਗੁਰੂ ਜੀ ਨੇ ਅੰਮ੍ਰਿਤਸਰ ਵਿਚ ਸਿੱਖਾਂ ਦੇ ਕੇਂਦਰੀ ਸਥਾਨ ਹਰਿਮੰਦਿਰ ਸਾਹਿਬ ਦੀ ਸਥਾਪਨਾ ਕੀਤੀ। ਉਹਨਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਕਾਰਜ ਨੇ ਸਿੱਖ-ਸੰਗਤਾਂ ਨੂੰ ਇਕ ਕੇਂਦਰੀ ਧੁਰੇ ਨਾਲ ਜੋੜ ਦਿੱਤਾ। 'ਸੰਗਤ' ਸੰਸਥਾ ਦੇ ਵਿਕਾਸ ਲਈ ਆਪ ਜੀ ਨੇ ਦੇਸ਼ ਭਰ ਵਿਚ ਮਸੰਦ ਪ੍ਰਥਾ ਨੂੰ ਚੰਗੀ ਤਰ੍ਹਾਂ ਸੰਗਠਿਤ ਕੀਤਾ।

ਮਸੰਦਾਂ ਨੇ ਪੰਥ ਉਸਾਰੀ ਵਿੱਚ ਚੰਗਾ ਹਿੱਸਾ ਪਾਇਆ। ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਮਸੰਦਾਂ ਨੂੰ ਬਹੁਤ ਮਹਾਨਤਾ ਦਾ ਦਰਜਾ ਦਿੱਤਾ ਹੈ। ਇਹਨਾਂ ਨੂੰ ਵਡਿਆਈ ਵਾਲੇ ਤੇ ਗੁਰਮੁੱਖ ਮੰਨਿਆ ਹੈ।[74] ਇਹਨਾਂ ਦੇ ਪ੍ਰਚਾਰ ਤੇ ਸ਼ਖਸੀਅਤ (ਕਥਨੀ ਤੇ ਕਰਨੀ ਇਕ) ਦੇਖ ਕੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਸਿੱਖੀ ਧਾਰਨ ਕੀਤੀ।[75] ਇਸ ਤਰ੍ਹਾਂ ਮਸੰਦ ਪ੍ਰਥਾ ਨਾਲ ਸਿੱਖ-ਸੰਗਤਾਂ ਦਾ ਖੇਤਰ ਹੋਰ ਵਿਸ਼ਾਲ ਹੋਇਆ। ਗੁਰੂ ਅਰਜਨ ਦੇਵ ਜੀ ਨੇ ਆਮ ਸਿੱਖਾਂ ਨੂੰ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ।[76]

25/2/11

3.2.5 **ਗੁਰੂ ਹਰਗੋਬਿੰਦ ਸਮੇਂ ਸੰਗਤ :**
**ਮੀਰੀ-ਪੀਰੀ ਦਾ ਸਿਧਾਂਤ**

ਸੰਗਤ ਦੇ ਵਿਕਾਸ ਵਿੱਚ ਇੱਕ ਨਵਾਂ ਮੋੜ ਗੁਰੂ ਹਰਗੋਬਿੰਦ ਸਾਹਿਬ ਵੇਲੇ ਆਇਆ। ਸਿੱਖ ਇਤਿਹਾਸ ਵਿੱਚ ਇਹ ਮੋੜ ਮੀਰੀ-ਪੀਰੀ ਦੇ ਸਿਧਾਂਤ ਵਜੋਂ ਪ੍ਰਸਿੱਧ ਹੋਇਆ। ਗੁਰੂ ਅਰਜਨ ਦੇਵ ਜੀ ਨਿਰਸੰਦੇਹ ਰਾਜਸੀ ਸਾਜਸ਼ਬਾਜ਼ੀ ਦਾ ਸ਼ਿਕਾਰ ਹੋਏ। ਇਸ ਦਬਾਓ ਤੋਂ ਆਪਣੇ ਧਰਮ ਨੂੰ ਬਚਾਉਣ ਲਈ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸਵੈ-ਰੱਖਿਆ ਬਾਰੇ ਸੋਚਣ ਦੀ ਲੋੜ ਮਹਿਸੂਸ ਹੋਈ। ਮੀਰੀ-ਪੀਰੀ ਦੇ ਸੰਕਲਪ ਨੂੰ ਲਾਗੂ ਕਰਦਿਆਂ ਉਹਨਾਂ ਨੇ ਮੀਰ (ਰਾਜਨੀਤਕ ਆਗੂ) ਤੇ ਪੀਰ (ਧਾਰਮਕ ਆਗੂ) ਦਾ ਰੂਪ ਧਾਰ ਲਿਆ। ਉਹਨਾਂ ਨੇ ਸਿੱਖ ਸੰਗਤ ਨੂੰ ਪੈਸਿਆਂ ਦੇ ਨਾਲ ਨਾਲ ਹਥਿਆਰ ਅਤੇ ਘੋੜੇ ਭੇਟ ਕਰਨ ਲਈ ਕਿਹਾ।[77] ਸੰਗਤਾਂ ਵਿੱਚ ਵੀ ਸਵੈ-ਰੱਖਿਆ ਵਾਸਤੇ ਵਿਚਾਰਾਂ ਸ਼ੁਰੂ ਹੋ ਗਈਆਂ। ਸੰਗਤ ਨੇ ਧਾਰਮਿਕ ਕੰਮਾਂ ਦੇ ਨਾਲ ਨਾਲ ਗੁਰੂ ਸਾਹਿਬ ਦੀਆਂ ਫੌਜੀ ਤੇ ਮਾਇਕ ਲੋੜਾਂ ਦੀ ਜ਼ਿੰਮੇਵਾਰੀ ਆਪਣੇ ਉਪਰ ਲੈ ਲਈ। ਗੁਰੂ ਦੀ ਫੌਜ ਵਿਚ ਦਲੇਰ ਤੇ ਸਡੌਲ ਸ਼ਰਧਾਲੂਆਂ ਨੂੰ ਲਿਆ ਗਿਆ। ਗੁਰੂ ਹਰਗੋਬਿੰਦ ਸਾਹਿਬ ਦੀਆਂ ਮੁਗਲਾਂ ਨਾਲ ਲੜਾਈਆਂ ਵਿੱਚ ਹੋਈਆਂ ਜਿੱਤਾਂ ਨਾਲ ਉਨ੍ਹਾਂ ਦੇ ਸ਼ਰਧਾਲੂਆਂ ਦਾ ਆਤਮ-ਵਿਸ਼ਵਾਸ ਵਧਿਆ ਅਤੇ ਉਹ ਆਉਣ ਵਾਲੇ ਖਤਰਿਆਂ ਤੋਂ ਬਚਾਅ ਲਈ ਸੰਗਤਾਂ ਵਿੱਚ ਸਵੈ-ਰੱਖਿਆ ਵਾਸਤੇ ਸੋਚਣ ਲੱਗੇ। ਸੰਗਤ ਨੇ ਇਹ ਕੰਮ ਰਾਜਨੀਤਕ ਸੱਤਾ ਪ੍ਰਾਪਤ ਕਰਨ ਵਾਸਤੇ ਨਹੀਂ ਸਗੋਂ ਸਵੈ-ਰੱਖਿਆ ਲਈ ਸ਼ੁਰੂ ਕੀਤਾ ਸੀ। ਜਿਸ ਨਾਲ ਬਾਅਦ ਵਿੱਚ ਧਰਮ ਉਤੇ ਆਧਾਰਤ ਸਿਆਸਤ ਦਾ ਸੰਕਲਪ ਸਾਹਮਣੇ ਆਇਆ। ਇਸੇ ਸੰਦਰਭ ਵਿੱਚ ਉਹਨਾਂ ਨੇ ਹਰਿਮੰਦਰ ਸਾਹਿਬ ਸਾਹਮਣੇ ਅਕਾਲ ਤਖਤ ਦੀ ਸਥਾਪਨਾ ਕੀਤੀ।

**ਚਾਰ ਧੂਣਿਆ ਦੀ ਸਥਾਪਨਾ:** ਮੰਜੀ, ਮਸੰਦ, ਮੀਰੀ-ਪੀਰੀ ਤੋਂ ਪਿੱਛੋ ਗੁਰੂ ਨਾਨਕ ਸਾਹਿਬ ਦੁਆਰਾ ਸਥਾਪਿਤ ਸੰਗਤ ਵਿੱਚ ਇੱਕ ਨਵਾਂ ਪਹਿਲੂ ਸ਼ਾਮਿਲ ਹੋਇਆ ਜਿਸ ਨੂੰ ਧੂਣਾ ਦਾ ਨਾਂ ਦਿੱਤਾ ਗਿਆ ਹੈ। ਬਾਬਾ ਗੁਰਦਿੱਤਾ ਨੇ ਗੁਰੂ ਹਰਗੋਬਿੰਦ ਸਾਹਿਬ ਦੇ ਕਹਿਣ ਤੇ ਚਾਰ ਮੁੱਖ ਪ੍ਰਚਾਰਕ, ਉਦਾਸੀ ਬਾਣੇ ਵਾਲੇ, ਵੱਖ ਵੱਖ ਥਾਵਾਂ ਤੇ ਸੰਗਤਾਂ ਦੀ



542435

ਰੇਖ ਦੇਖ ਤੇ ਧਾਰਮਿਕ ਪ੍ਰਚਾਰ ਲਈ ਨਿਯੁਕਤ ਕੀਤੇ। ਇਹਨਾਂ ਦੇ ਨਾਮ ਸਨ :

ਅਲਮਸਤ, ਫੂਲ, ਗੋਂਡਾ ਤੇ ਬਾਲੂ ਹਸਣਾ।[78]

ਇਹਨਾਂ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਅਤੇ ਕਈ ਪ੍ਰਚਾਰ ਕੇਂਦਰ ਜਿਹਨਾਂ ਨੂੰ 'ਧੂਏਂ' ਕਿਹਾ ਜਾਂਦਾ ਸੀ, ਸਥਾਪਤ ਕੀਤੇ। ਇਹਨਾਂ ਧੂਣਿਆਂ ਦਾ ਸਦਕਾ ਬਹੁਤ ਸਾਰੀਆਂ ਸੰਗਤਾਂ ਸਥਾਪਤ ਹੋਈਆਂ।

**ਧੂਣਿਆਂ ਦੇ ਪ੍ਰਚਾਰ ਖੇਤਰ :**[79]

1. ਅਲਤਮਸਵਾਲੇਧੂਣੇਦੁਆਰਾਬੰਗਾਲ,ਬਿਹਾਰ,ਉੜੀਸਾ,ਯੂ.ਪੀ.,ਬਲੋਚਿਸਤਾਨ,ਕਾਬਲਤੱਕਪ੍ਰਚਾਰਹੋਇਆ।
2. ਬਾਬਾ ਬਾਲੂ ਹਸਣਾ : ਇਸ ਧੂਣੇ ਨੇ ਖਾਸ ਤੌਰ ਤੇ ਸਿੰਧ ਤੇ ਸਮੁੰਦਰੀ ਇਲਾਕਿਆਂ ਵਿੱਚ ਪ੍ਰਚਾਰ ਕੀਤਾ।
3. ਬਾਬਾ ਗੋਇੰਦਾ (ਗੋਂਡਾ): ਪੰਜਾਬ ਆਪਣਾ ਪ੍ਰਚਾਰ ਖੇਤਰ ਰੱਖਿਆ।
4. ਬਾਬਾ ਫੂਲ ਜੀ: ਦੱਖਣੀ ਭਾਰਤ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ।

ਗੁਰੂ ਹਰਗੋਬਿੰਦ ਦੇ ਸਮੇਂ ਸਮੂਹਿਕ ਅਰਦਾਸ ਦੀ ਇੱਕ ਹੋਰ ਵਿਵਸਥਾ ਚਾਲੂ ਕੀਤੀ ਗਈ।[80] ਇਸ ਨੇ ਸਿੱਖਾਂ ਵਿੱਚ ਧਾਰਮਿਕ ਉਤਸ਼ਾਹ ਅਤੇ ਏਕੇ ਦੀ ਭਾਵਨਾ ਨੂੰ ਹੋਰ ਮਜ਼ਬੂਤ ਬਣਾਇਆ। ਮਸੰਦ ਸਾਲ ਵਿਚ ਇਕ ਵਾਰ ਵਿਸਾਖ ਦੇ ਮਹੀਨੇ ਕਾਰ ਭੇਟਾ ਲੈ ਕੇ ਗੁਰੂ ਜੀ ਕੋਲ ਆਉਂਦੇ ਸਨ। ਵਾਪਸ ਜਾਣ ਵੇਲੇ ਉਹਨਾਂ ਨੂੰ ਗੁਰੂ ਵਲੋਂ ਸਤਿਕਾਰ ਵਜੋਂ ਦਸਤਾਰ ਦਿੱਤੀ ਜਾਂਦੀ ਸੀ।[81]

ਸੰਗਤਾਂ ਨੇ ਜੋੜ ਮੇਲਿਆਂ ਤੇ ਸੁਰੱਖਿਆ ਦੀਆਂ ਮਾਇਕ ਜ਼ਿੰਮੇਵਾਰੀਆਂ ਆਪਣਿਆਂ ਮੋਢਿਆਂ ਉੱਤੇ ਲੈ ਲਈਆਂ। ਇਸਵਿਕਾਸਨਾਲਸਿੱਖ-ਵਿਵਸਥਾਵਿਚਸੰਗਤਦਾਰੁਤਬਾਹੋਰਵਧਗਿਆ।ਗੁਰੂਹਰਗੋਬਿੰਦਦੇਸਮੇਂਪਟਨਾ,ਆਲਮਗੰਜ, ਬੀਨਾ ਅਤੇ ਮੁੰਗੇਰ ਦੀਆਂ ਸੰਗਤਾਂ ਕਾਇਮ ਹੋ ਚੁਕੀਆਂ ਸਨ।[82] ਉਹਨਾਂ ਦੀਆਂ ਹੋਰ ਸੰਗਤਾਂ ਆਗਰਾ, ਗਵਾਲੀਅਰ, ਉਜੈਨ, ਬੁਰਹਾਨਪੁਰ, ਗੁਜਰਾਤ, ਲਖਨਊ, ਪ੍ਰਯਾਗ, ਜੌਨਪੁਰ, ਰਾਜਮਹਲ ਅਤੇ ਢਾਕਾ ਵਿੱਚ ਵੀ ਸਨ।[83] ਉਹਨਾਂ ਨੇ ਭਾਈ ਬਿਧੀ ਚੰਦ ਨੂੰ ਬੰਗਾਲ ਤੇ ਭਾਈ ਗੁਰਦਾਸ ਨੂੰ ਕਾਬਲ ਸਿੱਖੀ ਦੇ ਪ੍ਰਚਾਰ ਲਈ ਭੇਜਿਆ।[84] ਸੰਗਤਾਂ ਦੀ ਸੰਭਾਲ ਤੇ ਸਥਾਪਨਾ ਲਈ ਪੀਲੀਭੀਤ (ਨਾਨਕਮਤਾ), ਕਸ਼ਮੀਰ ਤੇ ਗੁਜਰਾਤ ਵਿਚ ਪ੍ਰਚਾਰ ਹਿੱਤ ਦੌਰੇ ਕੀਤੇ। ਮਸੰਦ ਪ੍ਰਥਾ ਦੀ ਕਾਰਜ ਪ੍ਰਣਾਲੀ ਵਿੱਚ ਆ ਚੁਕੀਆਂ ਉਣਤਾਈਆਂ ਨੂੰ ਵੀ ਠੀਕ ਕੀਤਾ।[85]

### 3.2.6 ਗੁਰੂ ਹਰਿਰਾਇ ਸਮੇਂ ਸੰਗਤ :

ਗੁਰੂ ਹਰਿਰਾਇ ਦੀ ਗੁਰਿਆਈ ਦੇ ਦੌਰਾਨ ਵੀ ਸੰਗਤਾਂ ਨੇ ਬਹੁਤ ਤਰੱਕੀ ਕੀਤੀ। ਮਸੰਦਾ ਤੇ ਧੂਣਿਆਂ ਤੋਂ ਇਲਾਵਾ ਬਖਸ਼ਿਸ਼ਾਂ[86] ਦੁਆਰਾ ਵੀ ਸੰਗਤਾਂ ਦੇ ਨਵੇਂ ਕੇਂਦਰ ਸਥਾਪਿਤ ਹੋਏ। ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਮਿਲਦਾ ਹੈ:

1. ਭਗਤ ਭਗਵਾਨ-ਗੁਰੂ ਹਰਿ ਰਾਇ ਦੁਆਰਾ ਬਖਸ਼ਿਸ਼ - 'ਉਤਰ ਪ੍ਰਦੇਸ਼ ਤੇ ਬਿਹਾਰ ਪ੍ਰਚਾਰ ਕੇਂਦਰ।'
2. ਭਾਈ ਮੀਹਾਂ ਸਾਹਿਬ-ਗੁਰੂ ਤੇਗ ਬਹਾਦਰ ਦੁਆਰਾ ਬਖਸ਼ਿਸ਼-ਪੰਜਾਬ, ਉਤਰ ਪ੍ਰਦੇਸ਼, ਬਿਹਾਰ, ਉੜੀਸਾ, ਕਟਕ, ਮਧ ਭਾਰਤ ਵਿਖੇ ਅਮਰਾਵਤੀ ਤੇ ਉਜੈਨ, ਕੰਧਾਰ।
3. ਰਾਮ ਦਾਸ ਕੇ: ਗੁਰੂ ਤੇਗ ਬਹਾਦਰ ਦੁਆਰਾ ਬਖਸ਼ਿਸ਼ — ਰਾਮ ਦਾਸ, ਮੁਰਾਦਾਬਾਦ, ਨੈਨਾਕੋਟ, ਤੇਜਾ ਪ੍ਰਚਾਰ ਖੇਤਰ।
4. ਬਖਸ਼ ਸੰਗਤਿ ਸਾਹਿਬ— ਗੁਰੂ ਗੋਬਿੰਦ ਸਿੰਘ ਦੁਆਰਾ ਬਖਸ਼ਿਸ਼-ਸਿਆਲਕੋਟ ਅੰਮ੍ਰਿਤਸਰ ਤੇ ਜੰਡਿਆਲਾ ਪ੍ਰਚਾਰ ਖੇਤਰ।
5. ਬਖਤਮਲ— ਗੁਰੂ ਗੋਬਿੰਦ ਸਿੰਘ ਦੁਆਰਾ ਬਖਸ਼ਿਸ਼- ਕਾਬਲ ਪ੍ਰਚਾਰ ਖੇਤਰ
6. ਅਜੀਤ ਮਲ— ਗੁਰੂ ਗੋਬਿੰਦ ਸਿੰਘ ਦੁਆਰਾ ਬਖਸ਼ਿਸ਼ — ਦੱਖਣ ਭਾਰਤ ਵਿੱਚ ਫਤਹਿਪੁਰ ਪ੍ਰਚਾਰ ਕੇਂਦਰ।

ਸੰਨਿਆਸੀ ਤੋਂ ਸਿੱਖ ਬਣੇ ਭਗਤ ਭਗਵਾਨ, ਪੂਰਬ ਦੇ ਸਿੱਖੀ ਪ੍ਰਚਾਰ ਦੇ ਇੰਚਾਰਜ ਸਨ। ਭਾਈ ਰੂਪ ਚੰਦ ਤੇ ਭਾਈ ਭਗਤੂ ਦੀ ਔਲਾਦ ਦੇ 'ਭਾਈਆਂ' ਉਤੇ ਜਮਨਾ-ਸਤਲੁਜ ਦੇ ਇਲਾਕੇ ਵਿੱਚ ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਲਾਈ ਗਈ। ਭਾਈ ਫੇਰੂ ਬਿਆਸ ਅਤੇ ਰਾਵੀ ਦੇ ਵਿਚਕਾਰਲੇ ਇਲਾਕੇ ਦੀਆਂ ਸੰਗਤਾਂ ਦਾ ਇੰਚਾਰਜ ਸੀ।[87] ਸੁਥਰੇ ਸ਼ਾਹ ਨੂੰ ਦਿੱਲੀ ਸੰਗਤਾਂ ਵਿੱਚ ਪ੍ਰਚਾਰ ਲਈ ਭੇਜਿਆ।[88] ਉਹਨਾਂ ਨੇ ਹੁਕਮਨਾਮਿਆਂ ਰਾਹੀਂ ਵੀ ਸੰਗਤਾਂ ਨਾਲ ਸੰਪਰਕ ਬਣਾਈ ਰੱਖਿਆ।[89]

### 3.2.7 ਗੁਰੂ ਹਰਿਕ੍ਰਿਸ਼ਨ ਸਮੇਂ ਸੰਗਤ :

ਗੁਰੂ ਹਰਿਕ੍ਰਿਸ਼ਨ ਜੀ ਦੇ ਗੁਰਗੱਦੀ ਕਾਲ ਸਮੇਂ (1661-1664) ਵੀ ਸੰਗਤ ਵਿਵਸਥਾ ਠੀਕ ਤਰ੍ਹਾਂ ਚਾਲੂ ਰਹੀ।[90] ਰੋਪੜ ਨਿਵਾਸੀ ਭਾਈ ਘਰੀਆ ਤੇ ਭਾਈ ਬਿੰਦਾ ਨੇ ਕਾਬਲ ਕੰਧਾਰ ਤੱਕ ਸੰਗਤਾਂ ਦਾ ਪ੍ਰਚਾਰ ਕੀਤਾ।[91] ਗੁਰੂ ਹਰਿਕ੍ਰਿਸ਼ਨ ਨੇ ਹੁਕਮਨਾਮਿਆਂ ਰਾਹੀ ਵੀ ਸੰਗਤਾਂ ਦੀ ਅਗਵਾਈ ਕੀਤੀ।[92]

### 3.2.8 ਗੁਰੂ ਤੇਗ ਬਹਾਦਰ ਸਮੇਂ ਸੰਗਤ :

ਗੁਰੂ ਤੇਗ ਬਹਾਦਰ ਨੇ ਸੰਗਤਾਂ ਦੇ ਪ੍ਰਚਾਰ ਹਿੱਤ ਕਰਤਾਰਪੁਰੋਂ ਪੂਰਬੀ ਭਾਰਤ ਦੇ ਧਾਰਮਿਕ ਸਥਾਨਾਂ ਦੀ ਯਾਤਰਾ ਕੀਤੀ ਉਹ ਕੁਰਕਸ਼ੇਤਰ, ਹਰਿਦੁਆਰ, ਗੜ੍ਹਮੁਕਤੇਸਵਰ, ਮਥਰਾ, ਆਗਰਾ, ਪ੍ਰਯਾਗ, ਬਨਾਰਸ, ਸਸਰਾਮ ਅਤੇ ਗਯਆ ਹੁੰਦੇ ਹੋਏ ਪਟਨਾ ਪਹੁੰਚੇ।[93] ਪਟਨੇ ਦੀ 'ਸੰਗਤ' ਸਿੱਖ ਧਰਮ ਦਾ ਬਾਕਾਇਦਾ ਪ੍ਰਚਾਰ-ਕੇਂਦਰ ਬਣ ਗਈ। ਉਨ੍ਹਾਂ ਨੇੜੇ ਦੇ ਇਲਾਕੇ ਦੀਆਂ ਸਥਾਨਿਕ ਸੰਗਤਾਂ ਦਾ ਸੰਗਠਨ ਕੀਤਾ। ਇਸੇ ਦੌਰਾਨ ਗੁਰੂ ਤੇਗ ਬਹਾਦਰ ਸਾਹਿਬ ਢਾਕੇ ਵੀ ਗਏ।[94] ਢਾਕੇ ਵਿੱਚ ਗੁਰੂ ਨਾਨਕ ਦੁਆਰਾ ਸਥਾਪਤ ਮੰਜੀਆਂ ਤੇ ਧਰਮਸਾਲਾ ਨੂੰ ਮੁੜ ਸੁਰਜੀਤ ਕੀਤਾ।[95] ਢਾਕੇ ਦੇ ਇਰਦ ਗਿਰਦ ਨਿਵਾਸੀ ਬਾਰ੍ਹਾਂ ਸੰਗਤਾਂ ਦੇ ਬੜੇ ਪ੍ਰਬੀਨ ਮਸੰਦ ਵੀ ਥਾਪੇ।[96] ਇਸ ਤੋਂ ਇਲਾਵਾ ਨਵੀਆਂ ਸੰਗਤਾਂ ਦੀ ਵੀ ਸਥਾਪਨਾ ਕੀਤੀ। ਜਿਸ ਵਿੱਚ ਸਿਲਹਟ, ਚਿਟਾਸਾਂਗ, ਸੋਨਦੀਪ, ਲਸਕਰ ਪ੍ਰਮੁਖ ਹਨ।[97] ਢਾਕੇ ਦੀ ਸੰਗਤ ਦੇ ਮਸੰਦ ਭਾਈ ਬਲਾਕੀ ਦਾਸ ਤੇ ਪ੍ਰਚਾਰਕ ਭਾਈ ਨਥਾ ਸਨ।[98]

ਗੁਰੂ ਤੇਗ ਬਹਾਦਰ ਨੇ ਇਸ ਖੇਤਰ ਵਿੱਚ ਸੰਗਤਾਂ ਨੂੰ ਵਧੇਰੇ ਜਥੇਬੰਦ ਕਰਨ ਲਈ ਕਈ ਯਾਤਰਾਵਾਂ ਕੀਤੀਆਂ। ਗੁਰੂ ਜੀ ਦੇ ਪ੍ਰਚਾਰ ਦਾ ਸਦਕਾ ਸਥਾਨਕ ਸੰਗਤਾਂ ਤੇ ਗੁਰੂ ਵਿਚਕਾਰ ਪਿਤਾ-ਪੁੱਤਰ ਜਿਹਾ ਰਿਸ਼ਤਾ ਕਾਇਮ ਹੋਇਆ।[99]

ਇਸ ਯਾਤਰਾ ਤੋਂ ਵਾਪਸ ਆ ਕੇ ਉਹ ਧਮਧਾਨ ਨੂੰ ਸਿੱਖੀ ਦਾ ਕੇਂਦਰ ਬਣਾ ਕੇ ਭਾਈ ਮੀਹਾਂ ਨੂੰ ਉਥੇ ਦਾ ਮਸੰਦ ਥਾਪਿਆ।[100] ਸੰਸਥਾਈ ਕੰਮਾਂ ਵਿੱਚ ਇੱਕ ਹੋਰ ਪ੍ਰਮੁੱਖ ਕੰਮ ਸੀ, ਬਿਲਾਸਪੁਰ ਦੇ ਨੇੜੇ ਪਹਾੜੀ ਇਲਾਕੇ ਵਿੱਚ ਇੱਕ ਨਗਰ 'ਚੱਕ ਨਾਨਕੀ' (ਆਨੰਦਪੁਰ) ਦੀ ਸਥਾਪਨਾ।[101] ਉਹਨਾਂ ਦੁਆਰਾ ਸਥਾਪਤ ਸੰਗਤਾਂ ਦੇ ਸਥਾਨਾਂ ਬਾਰੇ ਉਹਨਾਂ ਸਥਾਨਾਂ ਤੇ ਸਥਾਪਿਤ ਗੁਰਦੁਆਰਿਆਂ ਦੇ ਨਾਵਾਂ ਤੋਂ ਵੀ ਉਲੇਖ ਮਿਲਦੇ ਹਨ। ਜਿਸ ਤਰ੍ਹਾਂ ਗੁਰਦੁਆਰਾ ਬੜੀ ਸੰਗਤ-ਕਲਕੱਤਾ ਅਤੇ ਸਸਰਾਮ, ਪੱਕੀ ਸੰਗਤ-ਇਲਾਹਾਬਾਦ, ਸੰਗਤ ਟੋਲਾ ਸਾਹਿਬ-ਢਾਕੇ।[102] ਜਗਨਨਾਥਪੁਰੀ ਇੱਕ ਨਵੀਂ ਧਰਮਸਾਲ ਥਾਪੀ।[103] ਮਾਲਵੇ ਤੇ ਬਾਂਗਰ ਦੀਆਂ ਯਾਤਰਾਵਾਂ ਸਮੇਂ ਸਿੱਖ ਧਰਮ ਦੇ ਕੁੱਝ ਪਵਿੱਤਰ ਕੇਂਦਰ ਸਥਾਪਤ ਕਰਵਾਏ।[104]

ਗੁਰੂ ਤੇਗ ਬਹਾਦਰ ਤੋਂ ਪਹਿਲੇ ਸੰਗਤਾਂ ਖਾਲਸਾ[105] ਤੇ ਸਹਿਲੰਗ[106] ਦੇ ਕਿਸਮ ਦੀਆਂ ਸਨ। ਗੁਰੂ ਹਰਗੋਬਿੰਦ ਵੇਲੇ ਪੂਰਬ ਦੀਆਂ ਸੰਗਤਾਂ ਖਾਲਸਾ ਹੁੰਦੀਆਂ ਸਨ।[107] ਪਰ ਗੁਰੂ ਤੇਗ ਬਹਾਦਰ ਵੇਲੇ ਪੂਰਬ ਦੀਆਂ ਸੰਗਤਾਂ ਵੀ ਮਸੰਦ ਅਧੀਨ ਹੋ ਗਈਆਂ ਸਨ। ਇਹਨਾਂ ਸੰਗਤਾਂ ਦੀ ਵੰਡ ਨਗਰ ਵਾਰ ਵੀ ਸੀ ਅਤੇ ਸੂਬੇਵਾਰ ਵੀ। ਸਥਾਨੀ ਸੰਗਤਾਂ ਸੂਬੇ ਦੇ ਅਧੀਨ ਸਨ। ਜਿਵੇਂ ਬਨਾਰਸ ਸੂਬੇ ਵਿੱਚ ਕਾਫੀ ਸੰਗਤਾਂ ਸਨ। ਬਨਾਰਸ ਸੂਬਾ ਪਟਨੇ ਸੂਬੇ ਦੇ ਅਧੀਨ ਸੀ। ਭਾਈ ਦਿਆਲ ਦਾਸ ਪੂਰਬ ਦੀਆਂ ਸਾਰੀਆਂ ਸੰਗਤਾਂ ਦਾ ਮੁਖੀ ਸੀ।[108] ਸੰਗਤਾਂ ਰਾਹੀਂ ਹੀ ਉਨ੍ਹਾਂ ਸਿੱਖੀ ਦਾ ਪ੍ਰਚਾਰ ਪੰਜਾਬ ਤੋਂ ਬਾਹਰ ਉਤਰ ਪ੍ਰਦੇਸ਼, ਬਿਹਾਰ ਤੇ ਬੰਗਾਲ ਵਿੱਚ ਕੀਤਾ। ਇਨ੍ਹਾਂ ਸੰਗਤਾਂ ਨਾਲ ਹੁਕਮਨਾਮਿਆਂ ਰਾਹੀਂ ਉਹ ਬਰਾਬਰ ਸੰਪਰਕ ਬਣਾਈ ਰੱਖਦੇ ਸਨ।[109]

ਗੁਰੂ ਤੇਗ ਬਹਾਦਰ ਜੀ ਦੀ ਅਗਵਾਈ ਹੇਠ ਇਹ ਸੰਸਥਾਵਾਂ ਕੇਵਲ ਧਰਮ ਪ੍ਰਚਾਰ ਦਾ ਕੇਂਦਰ ਹੀ ਨਹੀਂ ਸਨ ਰਹੀਆਂ

ਸਗੋਂ ਸਿੱਖਾਂ ਦਾ ਮਜ਼ਬੂਤ ਸਮਾਜਿਕ-ਰਾਜਨੀਤਕ ਆਧਾਰ ਬਣ ਗਈਆਂ ਸਨ।[110]

ਦੇਸ਼ ਦਾ ਕੋਈ ਅਜਿਹਾ ਨਗਰ ਨਹੀਂ ਸੀ ਜਿੱਥੇ ਸਿੱਖ ਨ ਮਿਲਦੇ ਹੋਣ ਕਿਉਂਕਿ ਸਿਧਾਂਤਕ ਸਬਲਤਾ ਅਤੇ ਸਮਾਜਿਕ ਸਕਰਮਕਤਾ ਕਾਰਨ ਸਿੱਖੀ ਭਾਰਤ ਤੋਂ ਬਾਹਰ ਤੱਕ ਪਹੁੰਚ ਚੁੱਕੀ ਸੀ।

### 3.2.9 ਗੁਰੂ ਗੋਬਿੰਦ ਸਿੰਘ ਸਮੇਂ ਸੰਗਤ:

### ਗੁਰਸੰਗਤ ਕੀਨੀ ਖਾਲਸਾ:

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਮਸੰਦਾਂ ਦੀ ਗਿਰਾਵਟ ਕਾਰਨ 'ਸਿੱਖ-ਸੰਗਤ' ਇਕ ਨਵੇਂ ਦੌਰ ਵਿੱਚ ਪ੍ਰਵੇਸ਼ ਕਰਦੀ ਹੈ। ਇਹ ਨਵੀਨਤਾ ਅਸਲੋਂ ਨਵੀਂ ਨਹੀਂ ਸੀ। ਪਰੰਤੂ ਆਪਣੇ ਪ੍ਰਭਾਵ ਤੇ ਸਰੂਪ ਵਿੱਚ ਪਹਿਲਾਂ ਨਾਲੋਂ ਵੱਖਰੀ ਜਾਪਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਨੂੰ ਦੀਵਾਲੀ ਤੇ ਵਿਸਾਖੀ ਨੂੰ ਅਨੰਦਪੁਰ ਆਉਣ ਅਤੇ ਹਥਿਆਰਬੰਦ ਨੌਜਵਾਨ ਭੇਜਣ ਬਾਰੇ ਹੁਕਮਨਾਮੇ ਭੇਜੇ।[111] ਗੁਰੂ ਗੋਬਿੰਦ ਸਿੰਘ ਜੀ ਨੇ ਦੇਖ ਲਿਆ ਸੀ ਕਿ ਮਸੰਦ 'ਸੰਗਤ' ਜਥੇਬੰਦੀ ਵਿੱਚ ਰੁਕਾਵਟ ਬਣ ਰਹੇ ਸਨ। ਮਸੰਦ ਆਪਣੀ ਐਸ਼ਵਰਜ਼ ਲਈ ਨੀਵੇਂ ਤੋਂ ਨੀਵਾਂ ਕੰਮ ਕਰਨ ਤੋਂ ਵੀ ਸੰਕੋਚ ਨਹੀਂ ਕਰਦੇ ਸਨ। ਮਸੰਦਾਂ ਦੀਆਂ ਕਰਤੂਤਾਂ ਦੀਆਂ ਖ਼ਬਰਾਂ ਉਹਨਾਂ ਨੂੰ ਮਿਲਦੀਆਂ ਰਹਿੰਦੀਆਂ ਸਨ। ਗੁਰੂ ਹਰਿਕ੍ਰਿਸ਼ਨ ਜੀ ਸਮੇਂ ਕਈ ਮਸੰਦਾਂ ਨੇ ਰਾਮਰਾਇ ਦਾ ਸਾਥ ਦਿੱਤਾ ਸੀ।[112] ਇਹਨਾਂ ਕਾਰਣਾਂ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਹੁਕਮਨਾਮੇ ਭੇਜੇ ਕਿ ਮਸੰਦਾਂ ਨੂੰ ਨਾ ਮੰਨਣ।[113]

ਗੁਰੂ ਸਾਹਿਬਾਨ ਨੇ ਆਪਣੇ ਆਪਣੇ ਸਮੇਂ ਸਥਾਨਕ ਤੇ ਦੂਰ ਦੁਰਾਡੇ ਦੀਆਂ ਸੰਗਤਾਂ ਨਾਲ ਸੰਪਰਕ ਬਣਾਈ ਰੱਖਿਆ। ਜਿਥੇ ਗੁਰੂ ਸਾਹਿਬ ਨਹੀਂ ਪਹੁੰਚ ਸਕਦੇ ਸਨ, ਉੱਥੇ ਦੀਆਂ ਸੰਗਤਾਂ ਨੂੰ ਹੁਕਮਨਾਮਿਆਂ ਰਾਹੀਂ ਧਰਮ ਦੇ ਅਸੂਲਾਂ ਤੇ ਚੱਲਣ ਦਾ ਉਪਦੇਸ਼ ਦਿੰਦੇ ਰਹੇ। ਗੁਰੂ ਸਾਹਿਬਾਨ ਨੇ ਹੁਕਮਨਾਮਿਆਂ ਰਾਹੀਂ ਸੰਗਤਾਂ ਨੂੰ ਹਥਿਆਰ, ਘੋੜੇ, ਹਾਥੀ, ਊਠ, ਮਾਇਆ ਆਦਿ ਭੇਜਣ ਵਾਸਤੇ ਆਦੇਸ਼ ਦਿੱਤੇ।[114] ਜਿਨ੍ਹਾਂ ਸੰਗਤਾਂ ਦਾ ਮੁਖੀ ਜਾਂ ਮਸੰਦ ਸਵਾਰਥੀ ਤੇ ਲੋਭੀ ਹੋ ਗਏ ਸਨ ਉਹਨਾਂ ਸੰਗਤਾਂ ਨੂੰ ਗੁਰੂ ਸਾਹਿਬ ਨਾਲ ਸਿੱਧਾ ਸੰਪਰਕ (ਮਸੰਦ ਨੂੰ ਛੱਡ ਕੇ) ਜੋੜਨ ਵਾਸਤੇ ਕਿਹਾ ਜਾਂਦਾ ਸੀ। ਇਸ ਤਰ੍ਹਾਂ ਸੰਗਤ ਨੂੰ ਖਾਲਸਾ ਕਿਹਾ ਜਾਣ ਲਗਾ। ਗੁਰੂ ਗੋਬਿੰਦ ਸਿੰਘ ਜੀ ਨੇ ਇਕ ਹੁਕਮਨਾਮੇ ਵਿੱਚ ਮਾਛੀਵਾੜੇ ਦੀ ਸੰਗਤ ਨੂੰ 'ਸੰਗਤਿ ਮੇਰਾ ਖਾਲਸਾ ਹੈ,' ਲਿਖਿਆ ਹੈ।[115] ਇਸੇ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਨੇ ਪੂਰਬ ਦੀ ਸੰਗਤ ਨੂੰ 'ਪੂਰਬਿ ਦੀ ਸੰਗਤ ਗੁਰੂ ਕਾ ਖਾਲਸਾ ਹੋਇ' ਦਾ ਹੁਕਮ ਕੀਤਾ ਸੀ।[116]

ਰਹਿਤ ਨਾਮਿਆਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਦੁਆਰਾ ਸਥਾਪਿਤ ਸਿੱਖ-ਸੰਗਤ ਨੂੰ 'ਖਾਲਸਾ' ਦੀ ਉਪਾਧੀ ਦਿੱਤੀ।[117] ਉਹਨਾਂ ਨੇ ਸਮੂਹ ਸੰਗਤਾਂ ਦਾ ਸਿੱਧਾ ਸੰਬੰਧ ਆਪਣੇ ਨਾਲ ਜੋੜ ਲਿਆ ਅਤੇ ਉਸ ਸਮੇਂ ਤੋਂ ਸਾਰੀ ਸਿੱਖ-ਸੰਗਤ ਲਈ ਖਾਲਸਾ ਪਦ ਵਰਤਿਆ ਜਾਣ ਲੱਗਾ। ਪਰੰਤੂ ਵਿਸਾਖੀ 1699 ਈ. ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਬਦਲੇ ਅਰਥ ਵਿਚ 'ਖਾਲਸਾ' ਸ਼ਬਦ ਦੀ ਵਰਤੋਂ ਕੀਤੀ ਸੀ। ਇਸੇ 'ਖਾਲਸਾ' ਸ਼ਬਦ ਨੂੰ ਸਮੂਹਿਕ ਤੌਰ ਤੇ ਉਹਨਾਂ ਸਭ ਲਈ ਵਰਤਿਆ ਗਿਆ ਹੈ ਜੋ ਅੰਮ੍ਰਿਤ ਛਕ ਕੇ ਗੁਰੂ ਦੇ ਸਿੰਘ ਸਜ ਗਏ।[118]

ਮਸੰਦਾਂ ਦੀ ਗਿਰਾਵਟ, ਗੁਰੂ ਤੇਗ-ਬਹਾਦਰ ਜੀ ਦੀ ਸ਼ਹਾਦਤ ਅਤੇ ਧੀਰਮੱਲੀਏ, ਮੀਣੇ ਤੇ ਰਾਮਰਾਈਆਂ ਦੁਆਰਾ ਵੱਖਰੀਆਂ ਗੱਦੀਆਂ ਚਲਾਉਣ ਆਦਿ ਕਾਰਣ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਨੂੰ ਨਵੇਂ ਸਿਰੇ ਤੋਂ ਸੰਗਠਤ ਕੀਤਾ। ਉਹਨਾਂ 'ਚਰਣ ਪਾਹੁਲ' ਦੀ ਥਾਂ ਸੰਗਤਾਂ ਵਾਸਤੇ 'ਖੰਡੇ ਦੇ ਪਾਹੁਲ' ਦੀ ਵਿਧੀ ਸ਼ੁਰੂ ਕੀਤੀ। ਉਹਨਾਂ ਨੇ ਵਿਸਾਖੀ ਦੇ ਦਿਨ 1699 ਈ. ਨੂੰ ਖਾਲਸੇ ਨੂੰ ਪ੍ਰਗਟ ਕੀਤਾ। ਇਕੋ ਦਿਨ ਕੋਈ 20,000 ਦੇ ਲਗਭਗ ਸ਼ਰਧਾਲੂ ਗੁਰੂ ਸਾਹਿਬ ਤੋਂ ਖੰਡੇ ਦਾ ਅੰਮ੍ਰਿਤ ਛਕ ਕੇ ਖਾਲਸਾ ਰੂਪ ਵਿਚ ਸੰਗਠਿਤ ਹੋ ਗਏ। ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਗੁਰੂ ਸਾਹਿਬ ਨੇ ਆਪ ਉਨ੍ਹਾਂ ਤੋਂ ਅੰਮ੍ਰਿਤ ਛਕਿਆ ਤੇ ਇਸ ਤਰ੍ਹਾਂ ਗੁਰੂ ਤੇ ਸਿੱਖ ਦਾ ਬਾਹਰਮੁਖੀ ਭੇਦ ਦੂਰ ਕਰ ਦਿੱਤਾ। "ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।"[119]

ਗੁਰੂ ਸਾਹਿਬ ਵੇਲੇ ਇਹ ਗੱਲ ਪ੍ਰਚਾਰੀ ਜਾਂਦੀ ਸੀ ਕਿ "ਗੁਰੂ ਵੀਹ ਵਿਸਵੇ ਤੇ ਸੰਗਤ ਇਕੀ ਵਿਸਵੇ"। ਇਸ ਦਾ ਭਾਵ ਇਹ ਸੀ ਕਿ ਗੁਰੂ 'ਸੰਗਤ' ਵਿੱਚ ਵਿਦਮਾਨ ਹੁੰਦਾ ਹੈ। ਗੁਰੂ ਦੀ ਸ਼ਮੂਲੀਅਤ ਕਰਕੇ ਸੰਗਤ 'ਇੱਕੀ ਵਿਸਵੇ' ਕਹੀ ਜਾਂਦੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਤੋਂ ਬਾਦ ਸਿੱਖ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਹੁਕਮ ਕਰਕੇ ਗੁਰੂ ਪਦਵੀ ਨੂੰ ਗ੍ਰੰਥ ਤੇ ਪੰਥ ਵਿੱਚ ਅਭੇਦ ਕਰ ਦਿੱਤਾ।

### 3.2.10 ਸੰਗਤ ਤੇ ਸਰਬੱਤ ਖਾਲਸਾ :

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਸਿੱਖਾਂ ਨੇ ਆਪਣੀ ਜਦੋ-ਜਹਿਦ ਦਾ ਕੇਂਦਰ ਅੰਮ੍ਰਿਤਸਰ ਬਣਾ ਲਿਆ। ਸਿੱਖ ਸਾਲ ਵਿਚ ਦੋ ਵਾਰੀ 'ਵਿਸਾਖੀ ਤੇ ਦੀਵਾਲੀ' ਦੇ ਸਮੇਂ ਅੰਮ੍ਰਿਤਸਰ ਅਕਾਲ ਤਖਤ ਤੇ ਜੁੜਦੇ। ਸਿੱਖ ਸੰਗਤ ਦਾ ਇਹ ਇਕੱਠ 'ਸਰਬਤ ਖਾਲਸਾ' ਕਹਿਲਾਉਂਦਾ ਸੀ।[120] ਸਿੱਖ-ਸੰਗਤ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮਤਾ ਕਰਦੀ ਸੀ। ਉਪਰੰਤ ਫੈਸਲੇ ਨੂੰ 'ਗੁਰਮਤਾ' ਕਿਹਾ ਜਾਂਦਾ ਸੀ।[121] ਇੰਜ ਸਰਬੱਤ ਖਾਲਸੇ ਵਿਚ ਸੰਗਤ ਵਾਲੇ ਸਾਰੇ ਗੁਣ ਮੌਜੂਦ ਸਨ।

ਗੁਰੂ ਨਾਨਕ ਦੁਆਰਾ ਸਥਾਪਤ ਕੀਤੀ ਸੰਗਤ ਦੀ ਸੰਸਥਾ ਵੱਖ ਵੱਖ ਪੜਾਵਾਂ ਵਿਚੋਂ ਲੰਘਦੀ ਹੋਈ ਸਰੱਬਤ ਖਾਲਸੇ ਤੱਕ ਪਹੁੰਚੀ ਹੈ। ਸੰਗਤ ਦਾ ਇਹ ਰੂਪ ਅੱਜ ਵੀ ਮੌਜੂਦ ਹੈ।

## ਹਵਾਲੇ ਅਤੇ ਟਿੱਪਣੀਆਂ

1. ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
   ਚੜਿਆ ਸੋਧਣਿ ਧਰਤਿ ਲੁਕਾਈ॥

   ਭਾਈ ਗੁਰਦਾਸ ਵਾਰ 1 ਪਉੜੀ 24
2. ਸਾਧ ਸੰਗਤਿ ਮਹਿ ਹਰਿ ਰਸੁ ਪਾਈਐ॥
   ਗੁਰਿ ਮਿਲਿਐ ਜਮਭਉ ਭਾਗਾ॥

   ਗੁਰੂ ਨਾਨਕ ਬਾਣੀ ਪ੍ਰਕਾਸ਼ ਪੰ. 695
3. ਡਾ. ਦਰਸ਼ਨ ਸਿੰਘ, ਸਿਖ ਕੌਣ?, ਪੰ. 9
4. ਗੁਰੁ ਪੂਰੈ ਪਰਗਾਸੁ ਕਰਿ ਧੀਰਜੁ ਧਰਮ ਸਚੀ ਧਰਮਸਾਲਾ॥

   ਵਾਰ 26 ਪਉੜੀ 8
5. Teja Singh M.A., Sikhism, p. 37
6. ਭਾਈ ਗੁਰਦਾਸ ਵਾਰਾਂ, ਵਾਰ 11,
7. Surjit Singh Gandhi, History of the Sikh Gurus, p. 17
8. ਗਿ. ਪ੍ਰਤਾਪ ਸਿੰਘ, ਗੁਰਮਤ ਫਿਲਾਸਫੀ, ਪੰ. 274
9. ਡਾ. ਕਿਰਪਾਲ ਸਿੰਘ, ਜਨਮਸਾਖੀ ਪਰੰਪਰਾ, ਵਲਾਇਤ ਵਾਲੀ ਜਨਮ ਸਾਖੀ ਪੰ. 44, 48
10. ਉਹੀ, ਭਾਈ ਬਾਲੇਵਾਲੀ ਜਨਮਸਾਖੀ, ਪੰ. 264
11. ਉਹੀ, ਮਿਹਰਵਾਨ ਵਾਲੀ ਜਨਮਸਾਖੀ, ਪੰ. 96, 132
12. ਉਹੀ, ਪੰ. 125, 163
13. ਸਤਬੀਰ ਸਿੰਘ, ਬਲਿਓ ਚਿਰਾਗ, ਪੰ. 134
14. ਡਾ. ਕਿਰਪਾਲ ਸਿੰਘ,ਜਨਮਸਾਖੀ ਪਰੰਪਰਾ, ਵਲਾਇਤ ਵਾਲੀ ਜਨਮਸਾਖੀ ਪੰ. 8

    ਮਿਹਰਵਾਨ ਵਾਲੀ ਜਨਮਸਾਖੀ, ਪੰ. 81, 125
15. ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥

    ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 27
16. ਡਾ. ਕਿਰਪਾਲ ਸਿੰਘ, ਜਨਮਸਾਖੀ ਪਰੰਪਰਾ, ਭਾਈ ਬਾਲੇ ਵਾਲੀ ਜਨਮਸਾਖੀ ਪੰ. - 264, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਪੰ. 263
17. ਸਤਬੀਰ ਸਿੰਘ, ਸਾਡਾ ਇਤਿਹਾਸ, ਪੰ. 102
18. ਸਤਬੀਰ ਸਿੰਘ, ਸਾਡਾ ਇਤਿਹਾਸ , ਪੰ. 97
19. ਡਾ. ਕਿਰਪਾਲ ਸਿੰਘ, ਜਨਮਸਾਖੀ ਪਰੰਪਰਾ, ਵਲਾਇਤ ਵਾਲੀ ਜਨਮਸਾਖੀ, ਪੰ. 8
20. ਉਹੀ, ਪੰ. 8
21. ਉਹੀ, ਪੰ. 163, ਅਤੇ ਸਤਬੀਰ ਸਿੰਘ, ਸਾਡਾ ਇਤਿਹਾਸ, ਪੰ. 98
22. ਸਤਬੀਰ ਸਿੰਘ, ਸਾਡਾ ਇਤਿਹਾਸ, ਪੰ. 101

23. Kushwant Singh, A History of Sikshs P. 50
24. Teja Singh & Ganda Singh, A short History of Sikhs, p. 18
25. ਗਿਆਨੀ ਗਿਆਨ ਸਿੰਘ, ਦਸ ਪਾਤਸਾਹੀਆਂ ਦੇ ਜੀਵਨ ਬ੍ਰਿਤਾਂਤ ਅਰਥਾਤ ਤਵਾਰੀਖ ਗੁਰੂ ਖਾਲਸਾ ਪੰ. 62
26. ਏ.ਸੀ. ਅਰੋੜਾ, ਪੰਜਾਬ ਦਾ ਇਤਿਹਾਸ, ਪੰ. 40
27. ਤਵਾਰੀਖ ਗੁਰੂ ਖਾਲਸਾ, ਪੰ. 67
28. ਸਾਹਿਬ ਸਿੰਘ, ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਮਰਦਾਸ ਜੀ, ਪੰ. 33
29. S.M. Latif, History of Punjab, p. 257
30. ਭਾਈ ਗੁਰਦਾਸ, ਵਾਰ 11, ਪਉੜੀ 16
31. ਸਾਹਿਬ ਸਿੰਘ, ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਮਰਦਾਸ ਜੀ, ਪੰ. 34
32. Teja Singh, Sikhism, Its Ideals & Institutions, p. 38
33. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰ. 750
34. I.B.Banerjee, Evolution of Khalsa, Vol 1, p 169
35. ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰ. 846
36. ਮਾਈਸੇਵਾ (ਕਾਬਲ), ਬੀਬੀ ਭਾਗੋ (ਕਸ਼ਮੀਰ) ਮਥੋ ਮੁਰਾਰੀ ਚੂਨੀਆਂ (ਜਿਲ੍ਹਾ ਲਾਹੌਰ), ਹਵਾਲਾ-ਗੁਰੂ ਅਮਰਦਾਸ ਜੀਵਨ ਤੇ ਉਪਦੇਸ਼, ਹਰਬੰਸ ਸਿੰਘ, ਪੰ. 124
37. ਸਤਬੀਰ ਸਿੰਘ, ਸਾਡਾ ਇਤਿਹਾਸ, ਪੰ. 165
38. ਗਿ.ਪ੍ਰਤਾਪ ਸਿੰਘ, ਗੁਰਮਤ ਲੈਕਚਰ, ਪੰ. 123
39. Surjit Singh Gandhi, History of Sikh Gurus, p. 195
40. ਬਲਬੀਰ ਸਿੰਘ ਦਿਲ, ਅਮਰ ਕਵੀ ਗੁਰੂ ਅਮਰਦਾਸ, ਪੰ. 60
41. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰ. 846-47
42. ਭਾਈ ਕਾਨ੍ਹ ਸਿੰਘ, ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰ. 86
43. ਉਹੀ, 144
44. ਉਹੀ, 182
45. ਉਹੀ, 188
46. ਉਹੀ, 209
47. ਉਹੀ, 715
48. ਉਹੀ, 348
49. ਉਹੀ, 384
50. ਉਹੀ, 433
51. ਉਹੀ, 623
52. ਉਹੀ, 766
53. ਉਹੀ, 822
54. ਉਹੀ, 884
55. ਉਹੀ, 886

56. ਉਹੀ, 937
57. ਉਹੀ, 959
58. ਉਹੀ, 962
59. ਉਹੀ, 945
60. ਉਹੀ, 1030
61. ਉਹੀ, 1051
62. ਉਹੀ, 1051
63. ਉਹੀ, 1065
64. ਸਤਬੀਰ ਸਿੰਘ, ਪਰਬਤ ਮੇਰਾਣੁ, ਪੰ. 158-160
65. ਡਾ. ਮਾਨ ਸਿੰਘ ਨਿਰੰਕਾਰੀ, ਸਿਖ ਧਰਮ ਤੇ ਸਿਖੀ, ਪੰ. 77
66. Niharranajan Ray, Sikh Guru and Sikh Society, p. 38
67. Dr. Gobind Singh Manshukhani, Aspects of Sikhism, p. 137
68. G.C. Narang, Transformation of Sikhism (Second edition) p. 137
69. Teja Singh, Sikhism & Its Ideals & Institutions, p. 38
70. ਸਤਬੀਰ ਸਿੰਘ, ਸਾਡਾ ਇਤਿਹਾਸ, ਪੰ. 166
71. ਗਿਆਨੀ ਗਿਆਨ ਸਿੰਘ, ਦਸ ਪਾਤਸਾਹੀਆਂ ਅਰਥਾਤ ਤਵਾਰੀਖ ਗੁਰੂ ਖਾਲਸਾ, ਪੰ. 67
72. ਸਤਬੀਰ ਸਿੰਘ, ਸਾਡਾ ਇਤਿਹਾਸ, ਪੰ. 262
73. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰ. 942
74. ਵਾਰਾਂ ਭਾਈ ਗੁਰਦਾਸ, ਵਾਰ 11 ਪਉੜੀ, 22
75. ਸਤਬੀਰ ਸਿੰਘ, ਸਾਡਾ ਇਤਿਹਾਸ, ਪੰ. 203
76. ਦਸ ਪਾਤਸ਼ਾਹੀਆਂ ਦਾ ਜੀਵਨ ਬ੍ਰਿਤਾਂਤ ਅਰਥਾਤ ਤਵਾਰੀਖ ਗੁਰੂ ਖਾਲਸਾ, ਪੰ. 105
77. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰ. 415
78. Teja Singh & Ganda Singh, A History of the Sikhs Vol 1, p. 45
79. ਸਤਬੀਰ ਸਿੰਘ, ਨਿਰਭਉ ਨਿਰਵੈਰ (ਜੀਵਨੀ ਗੁਰੂ ਹਰਿ ਰਾਇ ਜੀ), ਪੰ. 29-30
80. Teja Singh & Ganda Singh, A History of the Sikhs Vol 1, p. 40
81. ਮੋਹਸਿਨ ਫਾਨੀ, ਦਬਸਤਾਨਿ ਮਜ਼ਾਹਿਬ (ਉਰਦੂ), ਪੰ. 256
82. ਡਾ. ਗੰਡਾ ਸਿੰਘ (ਸੰਪਾਦਿਤ), ਹੁਕਮਨਾਮੇ, ਨੰ. 21
83. ਭਾਈ ਗੁਰਦਾਸ, ਵਾਰ 11, ਪਉੜੀ 30-31
84. ਸਤਬੀਰ ਸਿੰਘ, ਸਾਡਾ ਇਤਿਹਾਸ, ਭਾਗ ਪਹਿਲਾ, ਪੰ. 282
85. ਫੌਜ ਸਿੰਘ ਤੇ ਤਾਰਨ ਸਿੰਘ, ਗੁਰੂ ਤੇਗ ਬਹਾਦਰ, ਪੰ. 7
86. Teja Singh, Sikhism: Its Ideals & Institution. P. 4-66 ਅਤੇ ਸਤਬੀਰ ਸਿੰਘ, ਨਿਰਵੈਰ (ਜੀਵਨੀ ਗੁਰੂ ਹਰਿ ਰਾਇ ਜੀ), ਪੰ. 81-89
87. Teja Singh & Ganda Singh, A History of the Sikhs p. 49
88. ਸਤਬੀਰ ਸਿੰਘ, ਸਾਡਾ ਇਤਿਹਾਸ, ਭਾਗ ਪਹਿਲਾ, ਪੰ. 295

89. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰ. 299
90. ਡਾ. ਗੰਡਾ ਸਿੰਘ, ਹੁਕਮਨਾਮੇ, ਨੰ. 6
91. ਸਤਬੀਰ ਸਿੰਘ, ਸਾਡਾ ਇਤਿਹਾਸ, ਭਾਗ ਪਹਿਲਾ, ਪੰ. 69
92. ਡਾ. ਗੰਡਾ ਸਿੰਘ, ਹੁਕਮਨਾਮੇ, ਨੰ. 6
93. ਪ੍ਰੀਤਮ ਸਿੰਘ (ਸੰਪਾ.) ਨਉ ਨਿਧਿ, ਪੰ. 59-60
94. ਤਾਰਨ ਸਿੰਘ (ਸੰਪਾ.) ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸਹਾਦਤ, ਪੰ. 28
95. ਗਿਆਨੀ ਭਜਨ ਸਿੰਘ, ਗੁਰੂ ਤੇਗ ਬਹਾਦਰ, ਪੰ. 61
96. ਉਹੀ, ਪੰ. 62
97. ਉਹੀ, ਪੰ. 57
98. ਤਾਰਨ ਸਿੰਘ (ਸੰਪਾ.) ਗੁਰੂ ਤੇਗ ਬਹਾਦਰ, ਜੀਵਨ, ਸੰਦੇਸ਼ ਤੇ ਸਹਾਦਤ, ਪੰ. 229
99. ਡਾ. ਗੰਡਾ ਸਿੰਘ, ਹੁਕਮਨਾਮੇ, ਨੰ. 25, 26, 28
100. ਡਾ. ਤਾਰਨ ਸਿੰਘ (ਸੰਪਾ), ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸਹਾਦਤ ਪੰ. 227
101. ਸਤਬੀਰ ਸਿੰਘ, ਸਾਡਾ ਇਤਿਹਾਸ, ਭਾਗ ਪਹਿਲਾ, ਪੰ. 316
102. ਤਾਰਨ ਸਿੰਘ, (ਸੰਪਾ.) ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ, ਪੰ. 222-230
103. ਗਿ. ਭਜਨ ਸਿੰਘ, ਗੁਰੂ ਤੇਗ ਬਹਾਦਰ, ਪੰ. 62
104. ਫੌਜਾ ਸਿੰਘ ਤੇ ਤਾਰਨ ਸਿੰਘ, ਗੁਰੂ ਤੇਗ ਬਹਾਦਰ, ਪੰ. 73
105. ਜਿਸ ਸੰਗਤ ਦਾ ਪ੍ਰਬੰਧ ਸਿਧਾ ਗੁਰੂ ਸਾਹਿਬ ਦੇ ਅਧੀਨ ਹੁੰਦਾ ਸੀ।
106. ਸੰਗਤਾਂ ਜੋ ਮਸੰਦਾਂ ਦੀ ਨਿਗਰਾਨੀ ਹੇਠ ਸਨ।
107. ਡਾ. ਗੰਡਾ ਸਿੰਘ (ਸੰਪਾ) ਹੁਕਮਨਾਮੇ, ਨੰ. 3
108. ਉਹੀ, ਨੰ 14 ਅਤੇ 16
109. ਉਹੀ ਨੰ. 15 ਤੇ 19
110. ਉਹੀ ਨੰ. 35 ਤੇ 37
111. ਉਹੀ ਨੰ. 37, 44, 45 ਅਤੇ 46
112. ਸਤਬੀਰ ਸਿੰਘ, ਅਸਟਮ ਬਲਬੀਰਾ, ਪੰ. 60
113. ਗੰਡਾ ਸਿੰਘ (ਸੰਪਾ), ਹੁਕਮਨਾਮੇ, ਨੰ 46, 50, 58 ਅਤੇ 59
114. ਉਹੀ, ਨੰ 42, 43, 44 ਅਤੇ 45
115. ਉਹੀ, ਨੰ 46
116. ਉਹੀ ਨੰ. 46, 54 ਅਤੇ 55
117. ਉਹੀ ਨੰ. 46, 54 ਅਤੇ 55
118. ਉਹੀ ਪੰ. 25
119. ਭਾਈ ਗੁਰਦਾਸ ਸਿੰਘ, ਰਾਮਕਲੀ ਵਾਰ ਪਾਤਸ਼ਾਹੀ ਦਸਵੇਂ ਕੀ, ਪਉੜੀ ਪਹਿਲੀ 1
120. Teja Singh, Sikhism: Its Ideals & Institution p. 40
121. Khazan Singh, History of Sikh religion, p. 272

ਅਧਿਆਇ ਚੌਥਾ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੀ ਸੰਰਚਨਾ

ਮੂਲ ਅੰਸ਼

4.1 ਸਿੱਖ

4.2 ਪਰਮਾਤਮਾ

4.3 ਗੁਰੂ

ਹੋਰ ਅੰਸ਼

4.4 ਕੀਰਤਨ

4.5 ਕਥਾ

4.6 ਅਰਦਾਸ

4.7 ਸੇਵਾ

4.8 ਲੰਗਰ/ਪੰਗਤ

## ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੀ ਸੰਰਚਨਾ

ਗੁਰੂ ਨਾਨਕ ਬਾਣੀ ਵਿੱਚ ਸੰਗਤ ਅਤੇ ਸਤਿਸੰਗਤ ਨੂੰ ਇਕੋ ਭਾਵ ਵਿੱਚ ਵਰਤਿਆ ਗਿਆ ਹੈ। ਇਹ ਮੰਨ ਲਿਆ ਗਿਆ ਹੈ ਕਿ ਸਿੱਖਾਂ ਦੀ ਸੰਗਤ ਸਤਿਸੰਗਤ ਹੀ ਹੈ। ਇਹ ਇੱਕ ਅਜਿਹੀ ਸੰਸਥਾ ਹੈ ਜਿਸ ਨੇ ਵੱਖ ਵੱਖ ਸਮੂਹਾਂ ਦੇ ਲੋਕਾਂ ਨੂੰ ਇਕੱਠੇ ਕਰਕੇ ਇੱਕ ਨਵੇਂ ਸਮਾਜ ਦੀ ਉਸਾਰੀ ਦਾ ਕੰਮ ਕੀਤਾ ਹੈ। ਲੋਕਾਂ ਨੂੰ ਇਕੱਠੇ ਕਰਨ ਜਾਂ ਸਮੂਹ ਬਣਾਉਣ ਲਈ ਕਿਸੇ ਸਾਂਝੇ ਬਿੰਦੂ, ਉਦੇਸ਼ ਜਾਂ ਮਨੋਰਥ ਦਾ ਹੋਣਾ ਜ਼ਰੂਰੀ ਹੈ। ਇਸ ਦੀ ਅਣਹੋਂਦ ਵਿਚ ਕੋਈ ਸਮੂਹ ਚਿਰਸਥਾਈ ਨਹੀਂ ਰਹਿ ਸਕਦਾ। ਬਹੁਤਿਆਂ ਕੇਂਦਰ ਬਿੰਦੂਆਂ ਦੇ ਹੋਣ ਦੀ ਹਾਲਤ ਵਿੱਚ ਇੱਕ ਸਮੂਹ ਦੇ ਰੂਪ ਵਿੱਚ ਸੰਗਠਨ ਪੈਦਾ ਨਹੀਂ ਹੋ ਸਕਦਾ।

ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਮੁੱਖ ਪ੍ਰਯੋਜਨ ਜੀਵਾਤਮਾ ਦਾ ਪਰਮਾਤਮਾ ਦੇ ਨਾਲ ਮਿਲਾਪ, ਪਰਮਾਤਮਾ ਦੀ ਸੋਝੀ ਤੇ ਪਹਿਚਾਣ ਕਰਾਉਣਾ ਹੈ। ਗੁਰੂ ਨਾਨਕ ਬਾਣੀ ਅਨੁਸਾਰ ਸੰਗਤ ਵਿੱਚ ਪਰਮਾਤਮਾ ਦੇ ਨਾਮ[1] ਦੀ ਸਿਫਤ ਸਲਾਹ ਕੀਤੀ ਜਾਂਦੀ ਹੈ। ਗੁਰੂ ਰੂਪੀ ਪਰਮਾਤਮਾ ਦੀ ਪ੍ਰਾਪਤੀ ਸੰਤਾਂ[2] ਦੀ ਸੰਗਤ ਵਿੱਚੋਂ ਹੁੰਦੀ ਹੈ।

## ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੀ ਸੰਰਚਨਾ ਦੇ ਮੁੱਖ ਅੰਸ਼

**4.1 ਸਿੱਖ :** ਸਾਹਿਤ ਕੋਸ਼ (ਪਰਿਭਾਸ਼ਿਕ ਸ਼ਬਦਾਵਲੀ) ਵਿੱਚ ਲਿਖਿਆ ਹੈ, 'ਸਿੱਖ' ਸ਼ਬਦ ਸੰਸਕ੍ਰਿਤ ਦੇ ਸ਼ਿਸ਼ਯ ਸ਼ਬਦ ਦਾ ਤਦਭਵ ਰੂਪ ਹੈ। 'ਸਿੱਖ' ਸ਼ਬਦ ਦਾ ਸ਼ਾਬਦਿਕ ਅਰਥ ਹੈ ਸਿਖਿਆਰਥੀ ਅਰਥਾਤ ਸਿੱਖਿਆ ਲੈਣ ਵਾਲਾ।[3]

ਡਾ. ਦਰਸ਼ਨ ਸਿੰਘ ਅਨੁਸਾਰ ਗੁਰੂ ਨਾਨਕ ਦੇ ਪੈਰੋਕਾਰਾਂ ਨੂੰ ਸਿੱਖ ਕਿਹਾ ਜਾਂਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਜਿਹੜੇ ਲੋਕ ਗੁਰੂ ਨਾਨਕ ਦੁਆਰਾ ਦ੍ਰਿੜਾਏ ਅਨੁਸਾਸ਼ਨ ਅੰਦਰ ਚਲ ਕੇ ਇਕ ਮੰਚ ਤੇ ਆ ਕੇ ਖੜੇ ਹੋ ਗਏ ਹਨ, ਉਹ ਸਿੱਖ ਹਨ।[4]

ਗੁਰੂ ਨਾਨਕ ਬਾਣੀ ਵਿੱਚ ਸਿੱਖ ਅਤੇ ਸਿੱਖੀ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਗਈ ਹੈ:

ਸਿਖੀ ਸਿਖਿਆ ਗੁਰ ਵੀਚਾਰਿ॥
ਨਦਰੀ ਕਰਮਿ ਲਘਾਏ ਪਾਰਿ॥[5]

ਇਸ ਦਾ ਭਾਵ ਹੈ ਕਿ ਸਿੱਖੀ ਦੇ ਤਿੰਨ ਮੂਲ ਆਧਾਰ ਹਨ। ਪਹਿਲਾ ਇਹ ਕਿ ਸਿੱਖ ਗ੍ਰਹਿਣ ਕਰਨ ਦੀ ਪ੍ਰਕ੍ਰਿਆ ਜਗਾਵੇ ਅਤੇ ਇਸ ਨੂੰ ਜੀਵਨ ਭਰ ਜਗਦਾ ਰੱਖੇ। ਗੁਰੂ ਦਾ ਇਹ ਆਦੇਸ਼ ਹੈ ਕਿ ਸਿੱਖ ਅੰਦਰ ਗ੍ਰਹਿਣ ਕਰਨ ਦੀ ਪ੍ਰਕ੍ਰਿਆ ਬੰਦ ਨਹੀਂ ਹੋਣੀ ਚਾਹੀਦੀ। ਜਿਸ ਸਮੇਂ ਗ੍ਰਹਿਣ ਕਰਨ ਦੀ ਪ੍ਰਕ੍ਰਿਆ ਬੰਦ ਹੋ ਜਾਵੇਗੀ, ਤਦ ਨਿਸਚੈ ਹੀ ਸਿੱਖ, ਸਿੱਖ ਨਹੀਂ ਰਹੇਗਾ। ਸਿੱਖੀ ਦਾ ਦੂਜਾ ਆਧਾਰ ਹੈ: ਗ੍ਰਹਿਣ ਕੀਤੇ ਉਤੇ ਵਿਚਾਰ ਕਰਨਾ। ਸਿੱਖ ਆਪਣੇ ਅੰਦਰ ਬਿਬੇਕ ਦੀ ਪ੍ਰਕਿਰਿਆ ਜਗਾਵੇ। ਵਿਚਾਰ ਕਰਨ ਉਪਰੰਤ ਜੋ ਨਤੀਜੇ ਨਿਕਲਣ ਉਹ 'ਨਿਜ' ਅਤੇ 'ਪਰ' ਦੇ ਵਿਕਾਸ ਲਈ ਸਮਰਖਿਤ ਕਰੇ। 'ਪਰ' ਦੇ ਵਿਕਾਸ ਲਈ ਸਮਰਪਿਤ ਕਰਨਾ ਪਰਉਪਕਾਰ ਹੈ। ਇਹੋ ਹੀ ਸਿੱਖੀ ਦਾ ਤੀਜਾ ਆਧਾਰ ਹੈ। ਇੰਜ ਸਿੱਖ ਦੀ ਮੁੱਢਲੀ ਪਰਿਭਾਸ਼ਾ ਲਈ ਤਿੰਨ ਗੱਲਾਂ ਆ ਜੁੜੀਆਂ ਹਨ ਗ੍ਰਹਿਣ ਕਰਨਾ, ਵਿਚਾਰ ਕਰਨਾ ਤੇ ਪਰਉਪਕਾਰ ਕਰਨਾ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚਲੀ 'ਸੰਗਤ' ਦੀ ਮੁੱਖ ਪਛਾਣ ਇਹ ਹੈ ਕਿ ਇਸ ਵਿਚ ਪਰਮਾਤਮਾ ਦੀ ਸਿਫ਼ਤ ਸਲਾਹ ਹੁੰਦੀ ਹੈ। ਗੁਰਬਾਣੀ ਵਿੱਚ ਇਸ ਨੂੰ ਹੋਰ ਸਪੱਸ਼ਟ ਕੀਤਾ ਗਿਆ ਹੈ। ਇਹ ਉਹਨਾਂ ਸਿੱਖਾਂ ਦੀ ਸੰਗਤ ਹੈ, ਜਿਹਨਾਂ ਦਾ ਗੁਰੂ ਦੇ ਉਪਦੇਸ਼ ਵਿੱਚ ਪ੍ਰੇਮ ਹੈ। ਉਹ ਗੁਰੂ ਦਾ ਸੱਚਾ ਨਾਮ ਸੁਣਦੇ ਹਨ ਅਤੇ ਉਸ ਨਾਮ

ਦਾ ਸਿਮਰਨ ਕਰਦੇ ਹਨ।

ਸਿਖ ਸਭਾ ਦੀਖਿਆ ਕਾ ਭਾਉ॥
ਗੁਰਮੁਖਿ ਸੁਣਣਾ ਸਾਚਾ ਨਾਉ॥
ਨਾਨਕ ਆਖਣੁ ਵੇਰਾ ਵੇਰ॥
ਇਤੁ ਰੰਗਿ ਨਾਚਹੁ ਰਖਿ ਰਖਿ ਪੈਰ।[6]

ਸਿੱਖਾਂ ਅਤੇ ਗੁਰਮੁਖਾਂ ਦੀ ਇਸ ਸੰਗਤ ਨੂੰ ਹੀ ਸੰਗਤ, ਸਾਧ ਸੰਗਤ[7] ਤੇ ਸੰਤ ਜਨਾਂ ਦੀ ਸੰਗਤ[8] ਕਿਹਾ ਗਿਆ ਹੈ। ਗੁਰੂ ਨਾਨਕ ਦੁਆਰਾ ਸਥਾਪਿਤ ਸੰਗਤ ਦੀ ਬਣਤਰ ਬਾਰੇ ਇਹ ਵੀ ਕਿਹਾ ਗਿਆ ਹੈ ਕਿ ਇੱਕ ਤੋਂ ਜ਼ਿਆਦਾ ਸਿੱਖਾਂ ਦਾ ਸੰਗ, ਸੰਗਤ ਹੈ।[9] ਇਹਨਾਂ ਗੁਰਮੁਖਾਂ ਸਿੱਖਾਂ ਦਾ ਕੋਈ ਜਾਤ ਵਰਨ ਨਹੀਂ ਰਹਿੰਦਾ ਕਿਉਂਕਿ ਗੁਰੂ ਨਾਨਕ ਦੀ ਸੰਗਤ ਦੀ ਇਹ ਵਿਲੱਖਣਤਾ ਹੈ ਕਿ ਇਸ ਵਿਚ ਆ ਕੇ ਸਾਰੇ ਵਰਨਾਂ ਦੇ ਭੇਦ-ਭਾਵ ਖ਼ਤਮ ਹੋ ਜਾਂਦੇ ਹਨ[10] ਇਸ ਤਰ੍ਹਾਂ 'ਸਿੱਖ' ਸੰਗਤ ਦਾ ਮੁੱਖ ਅੰਸ਼ ਹੈ।

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਨਾਨਕ ਬਾਣੀ ਵਿਚਲੀ ਸੰਗਤ ਉਹਨਾਂ ਗੁਰਮੁਖ ਜਨਾਂ, ਸੰਤਜਨਾਂ, ਸਾਧਾਂ ਦੀ ਸੰਗਤ ਹੈ, ਜਿਹੜੇ 'ਇਕੋ ਨਾਮ' ਜਪਦੇ ਹਨ ਤੇ ਗੁਰੂ ਦੀ ਸਿੱਖਿਆ ਅਨੁਸਾਰ ਨਾਮ ਸਿਮਰਨ ਵਿਚ ਲੀਨ ਰਹਿੰਦੇ ਹਨ।

**4.2 ਪਰਮਾਤਮਾ:** ਡਾ. ਬਲਕਾਰ ਸਿੰਘ ਅਨੁਸਾਰ ਧਾਰਮਿਕ ਚਿੰਤਨ ਵਿੱਚ ਪਰਮਾਤਮਾ ਦੇ ਨਾਮ ਦਾ ਵਿਸ਼ੇਸ਼ ਮਹੱਤਵ ਪ੍ਰਵਾਨ ਕੀਤਾ ਗਿਆ ਹੈ। ਕਿਉਂਕਿ ਨਾਮ ਅਜਿਹੀ ਸ਼ਕਤੀ ਹੈ ਜਿਸ ਦਾ ਧਾਰਮਿਕ ਤੱਤਾਂ ਨੂੰ ਫਲੀਭੂਤ ਕਰਨ ਵਿੱਚ ਵੱਡਾ ਹਿੱਸਾ ਮੰਨਿਆ ਜਾਂਦਾ ਹੈ।[11] ਭਾਈ ਜੋਧ ਸਿੰਘ ਦਾ ਕਥਨ ਹੈ ਕਿ ਨਿਰੰਕਾਰ ਨੂੰ ਨਾਮ ਦੁਆਰਾ ਜਾਣ ਸਕੀਦਾ ਹੈ।[12] ਪਰਮਾਤਮਾ ਦਾ ਨਾਮ ਸੰਗਤ ਦਾ ਮੂਲ ਆਧਾਰ ਬਣਦਾ ਹੈ। ਇਸ ਲਈ ਸੰਗਤ ਦੀ ਉਸਾਰੀ ਦਾ ਮੁੱਖ ਉਦੇਸ਼ ਪਰਮਾਤਮਾ ਦੀ ਪ੍ਰਾਪਤੀ ਹੈ ਅਤੇ ਪਰਮਾਤਮਾ ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਮੁੱਖ ਤੇ ਅਨਿੱਖੜਵਾਂ ਅੰਗ ਹੈ। ਗੁਰਬਾਣੀ ਇਸ ਦੀ ਗਵਾਹੀ ਭਰਦੀ ਹੈ।[13]

**4.3 ਗੁਰੂ:** ਡਾ. ਦੀਵਾਨ ਸਿੰਘ ਅਨੁਸਾਰ ਗੁਰੂ ਸੰਗਤ ਦਾ ਮੂਲ ਸੋਮਾ, ਆਤਮਿਕ ਧੁਰਾ ਤੇ ਸੰਚਾਲਕ ਹੁੰਦਾ ਹੈ।[14] ਇਸ ਲਈ ਸੰਗਤ ਉਹ ਹੀ ਮੰਨੀ ਜਾਂਦੀ ਹੈ, ਜਿੱਥੇ ਗੁਰੂ ਆਪ ਹਾਜ਼ਰ ਨਾਜ਼ਰ ਹੁੰਦਾ ਹੈ। ਗੁਰੂ ਇੱਕ ਆਤਮ ਤੱਤ ਹੈ ਜੋ ਕਿ ਸ਼ਬਦ ਰੂਪ (ਜੋ ਉਸ ਦਾ ਅਸਲੀ ਰੂਪ ਹੈ, ਦੇਹ ਸਰੀਰ ਉਸ ਦਾ ਅਸਲੀ ਰੂਪ ਨਹੀਂ) ਅਰਥਾਤ ਗੁਰਬਾਣੀ ਅਤੇ ਨਾਮ ਸਿਮਰਨ ਰੂਪ ਵਿਚ ਸਦਾ ਹੀ ਸੰਗਤ ਵਿਚ ਵਿਦਮਾਨ ਰਹਿੰਦਾ ਹੈ।[15] ਗੁਰੂ ਨਾਨਕ ਬਾਣੀ ਵਿੱਚ ਗੁਰੂ ਦੇ ਸ਼ਬਦ ਨੂੰ ਹੀ ਨਾਦ, ਵੇਦ ਅਤੇ ਸਰਬ ਵਿਆਪਕ ਬ੍ਰਹਮ ਕਿਹਾ ਗਿਆ ਹੈ।[16] ਗੁਰੂ ਦੀ ਪ੍ਰਾਪਤੀ ਸੰਗਤ ਵਿੱਚੋਂ ਹੀ ਹੁੰਦੀ ਹੈ।[17] ਇਹੋ ਹੀ ਕਾਰਨ ਹੈ ਕਿ ਗੁਰੂ ਨਾਨਕ ਬਾਣੀ ਵਿੱਚ ਸੰਗਤ ਲਈ 'ਗੁਰਸੰਗਤਿ' ਸ਼ਬਦ ਦੀ ਵਰਤੋਂ ਵੀ ਕੀਤੀ ਗਈ ਹੈ।[18] ਸੰਗਤ ਤੋਂ ਬਿਨਾਂ ਗੁਰੂ ਦੀ ਬਖਸ਼ਿਸ਼ ਦੀ ਪ੍ਰਾਪਤੀ ਨਹੀਂ ਹੁੰਦੀ।[19]

ਗੁਰੂ ਤੋਂ ਬਿਨਾਂ ਸੰਗਤ ਦੀ ਸਿਰਜਨਾ ਨਹੀਂ ਹੁੰਦੀ ਇਸ ਲਈ 'ਗੁਰੂ', ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਇਕ ਮਹੱਤਵਪੂਰਨ ਅੰਸ਼ ਹੈ।

**ਹੋਰ ਅੰਸ਼**

**4.4 ਕੀਰਤਨ:** ਕੀਰਤਨ ਦਾ ਵਿਉਂਤਪਤੀ ਦੇ ਪੱਖ ਤੋਂ ਅਰਥ ਹੈ, ਕੀਰਤਿ-ਵਰਣਨ, ਜਸ ਦਾ ਗਾਇਨ, ਭਗਵਾਨ ਦੀ ਕਥਾ ਦਾ ਸੰਗੀਤ ਦੁਆਰਾ ਵਰਣਨ ਕਰਨਾ।[20] ਡਾ. ਦਰਸ਼ਨ ਸਿੰਘ ਅਨੁਸਾਰ ਕੀਰਤਨ ਸਿੱਖ-ਗੁਰੂ ਸਾਧਨਾ ਦਾ ਇਕ ਮਹੱਤਵਪੂਰਨ ਪਹਿਲੂ ਹੈ।[21] ਸਿੱਖ ਧਰਮ ਵਿਚ ਸੰਗਤ ਤੇ ਸੰਗੀਤ ਨੂੰ ਉਤਮ ਸਥਾਨ ਪ੍ਰਾਪਤ ਹੈ। ਡਾ. ਗੁਰਨਾਮ ਸਿੰਘ ਦਾ ਕਥਨ ਹੈ ਕਿ ਸੰਗਤ ਦੇ ਜੁੜ ਬੈਠਣ ਅਤੇ ਕਾਰਜ ਵਿਧੀ ਦਾ ਮੁੱਖ ਕੇਂਦਰ ਸ਼ਬਦ ਅਤੇ ਕੀਰਤਨ ਹੀ ਹੈ।[22]

ਗੁਰਮਤ ਮਾਰਤੰਡ ਅਨੁਸਾਰ ਸਿੱਖ ਧਰਮ ਵਿਚ 'ਕੀਰਤਨ' ਗੁਰਬਾਣੀ ਦਾ ਸ੍ਵਰ ਲੈ ਤਾਲ ਨਾਲ ਸਮੇਂ ਸਮੇਂ ਰਾਗਾਂ ਵਿਚ ਗਾਉਣਾ ਹੈ।[23] ਡਾ. ਸੁਰਿੰਦਰ ਸਿੰਘ ਕੋਹਲੀ ਦੇ ਸ਼ਬਦਾਂ ਵਿਚ ਗੁਰਬਾਣੀ ਦਾ ਗਾਇਨ ਕੀਰਤਨ ਕਹਾਉਂਦਾ ਹੈ।[24] ਗਿਆਨੀ ਪ੍ਰਤਾਪ ਸਿੰਘ ਅਨੁਸਾਰ ਕੀਰਤਨ ਉਸ ਗਾਇਨ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਪਰਮਾਤਮਾ ਦੀ ਕੀਰਤੀ ਕੀਤੀ ਜਾਵੇ। ਗੁਰਬਾਣੀ ਅਤੇ ਰਾਗ ਨੂੰ ਸੁਰਤਾਲ ਜਾਂ ਕਿਸੇ ਸਿੱਧੀ ਧਾਰਨਾ ਵਿਚ ਗਾਉਣਾ, ਨਿਰੰਕਾਰ ਦਾ ਜਸ ਕਰਨਾ ਕੀਰਤਨ ਹੈ।[25]

ਡਾ. ਦਰਸ਼ਨ ਸਿੰਘ ਦਾ ਕਥਨ ਹੈ ਕਿ ਸੰਗਤੀ ਰੂਪ ਵਿਚ ਕੀਰਤਨ ਕਰਨਾ ਤੇ ਸੁਣਨਾ ਸਿੱਖ ਭਗਤੀ ਸਾਧਨਾ ਵਿਚ ਬਹੁਤ ਮਹੱਤਵ ਰਖਦਾ ਹੈ ਅਤੇ ਗੁਰਬਾਣੀ ਵਿੱਚ ਇਸ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ।[26] ਡਾ. ਜਗੀਰ ਸਿੰਘ ਦੇ ਵਿਚਾਰ ਅਨੁਸਾਰ ਸੰਗਤ ਅਤੇ ਕੀਰਤਨ ਦੋਵੇਂ ਇਕ ਦੂਜੇ ਦੇ ਪੂਰਕ ਹਨ। 'ਕੀਰਤਨ' ਸੰਗਤ ਵਿਚ ਹੁੰਦਾ ਹੈ।[27] ਗੁਰੂ ਨਾਨਕ ਬਾਣੀ ਵਿਚ ਪਰਮਾਤਮਾ ਦੇ ਗੁਣਾ ਦਾ ਗਾਇਨ ਕਰਨ ਦਾ ਉਪਦੇਸ਼ ਮਿਲਦਾ ਹੈ।[28] ਪਰਮਾਤਮਾ ਦੇ ਦਰ ਤੇ ਉਸ ਦੀ ਪੂਰੀ ਸ੍ਰਿਸ਼ਟੀ ਦੀਆਂ ਸਾਰੀਆਂ ਤਾਕਤਾਂ ਪ੍ਰਭੂ ਦੇ ਗੁਣ ਦਾ ਗਾਇਨ ਕਰਦੀਆਂ ਹਨ।[29] ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਪ੍ਰਭੂ ਦੇ ਗੁਣ ਗਾਉਣ ਵਾਲਾ ਢਾਢੀ ਕਿਹਾ ਹੈ।[30] ਉਹਨਾਂ ਅਨੁਸਾਰ ਸੰਸਾਰ ਵਿਚ ਕਿੰਨੇ ਵੀ ਸਾਥੀ ਕਿਉਂ ਨਾ ਹੋਣ ਗੁਰੂ ਦਾ ਸੰਗ ਤੇ ਕੀਰਤਨ ਹੀ ਮੁਕਤੀ ਦਾ ਵਸੀਲਾ ਹੈ:

ਮੀਤ ਸਖੇ ਕੇਤੇ ਜਗ ਮਾਹੀ॥
ਬਿਨ ਗੁਰ ਪਰਮੇਸਰ ਕੋਈ ਨਾਹੀ॥
ਗੁਰ ਕੀ ਸੇਵਾ ਮੁਕਤਿ ਪਰਾਇਣਿ
ਅਨਦਿਨੁ ਕੀਰਤਨੁ ਕੀਨਾ ਹੇ॥[31]

ਗੁਰੂ ਜੀ ਦਾ ਵਿਸ਼ਵਾਸ ਹੈ ਕਿ ਕੀਰਤਨ ਦੁਆਰਾ ਜੀਵ ਜਮਕਾਲ ਤੋਂ ਵੀ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ:

ਜੋ ਜਨੁ ਕਰੈ ਕੀਰਤਨੁ ਗੋਪਾਲ॥
ਤਿਸ ਕਉ ਪੋਹਿ ਨ ਸਕੈ ਜਮਕਾਲੁ॥[32]

ਇਸੇ ਲਈ ਉਹਨਾਂ ਗੁਰਮੁਖਾਂ ਦੇ ਪੰਥ 'ਸੰਗਤ' ਲਈ ਕੀਰਤਨ ਨੂੰ ਰਹੁਰੀਤ ਬਣਾਇਆ।[33] ਇਤਿਹਾਸ ਗਵਾਹ ਹੈ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸੰਗਤ ਦਾ ਕੀਰਤਨ ਇਕ ਅਨਿੱਖੜਵਾਂ ਅੰਗ ਹੈ।[34]

**4.5 ਕਥਾ:** ਗੁਰੂ ਨਾਨਕ ਬਾਣੀ ਵਿਚਲੀ ਸੰਗਤ ਕੇਵਲ ਭਗਤੀ ਭਾਵਨਾ ਹੀ ਪੈਦਾ ਨਹੀਂ ਕਰਦੀ ਇਸ ਵਿਚ ਗਿਆਨ ਦੇ ਪੱਖ ਵੱਲ ਵੀ ਧਿਆਨ ਦਿੱਤਾ ਗਿਆ ਹੈ, ਪਰ ਜਦ ਤੱਕ ਗਿਆਨ ਨੂੰ ਵਿਚਾਰਿਆਂ ਨਹੀਂ ਜਾਂਦਾ, ਉਦੋਂ ਤੱਕ ਉਹ ਲਾਹੇਵੰਦ ਨਹੀਂ ਹੋ ਸਕਦਾ।[35] ਸੰਗਤ ਵਿੱਚ ਵਿਚਾਰ ਵਟਾਂਦਰੇ ਦਾ ਪ੍ਰਬੰਧ ਇਸ ਦਾ ਸੰਸਥਾਗਤ ਰੂਪ ਹੈ। ਅਸਲ ਵਿੱਚ ਠੀਕ ਗਿਆਨ ਪੈਦਾ ਹੀ ਸੰਗਤ ਵਿਚ ਹੁੰਦਾ ਹੈ।[36] ਗੁਰੂ ਨਾਨਕ ਬਾਣੀ ਵਿੱਚ ਗਿਆਨ ਦੀ ਪ੍ਰਾਪਤੀ ਲਈ ਸੰਬਾਦ ਨੂੰ ਸਵੀਕਾਰਿਆ ਗਿਆ ਹੈ।[37] ਪਰ ਸੰਬਾਦ ਗਿਆਨ ਪ੍ਰਾਪਤੀ ਲਈ ਹੀ ਹੋਵੇ ਫੋਕੀਆਂ ਬਹਿਸਾਂ ਲਈ ਨਹੀਂ।[38] ਡਾ. ਦੀਵਾਨ ਸਿੰਘ 'ਸਿੱਖ ਧਰਮ ਬਾਰੇ' ਵਿਚ ਲਿਖਦੇ ਹਨ ਕਿ ਸਿੱਖਾਂ ਦਾ ਗੁਰੂ ਦੀ ਹਾਜ਼ਰੀ ਵਿਚ ਮਿਲ ਬੈਠਣ, ਕਥਾ ਕੀਰਤਨ ਸੁਣਨ ਅਤੇ ਗੁਰੂ ਦੀ ਸਰੀਰਕ ਹੋਂਦ ਤੋਂ ਬਿਨਾ ਆਤਮਕ ਹਜ਼ੂਰੀ ਵਿਚ ਜੁੜਨਾ, ਸਿੱਖ-ਸੰਗਤ ਦਾ ਮੁਢਲਾ ਆਸ਼ਾ ਸੀ।[39] ਗੁਰ-ਸ਼ਬਦ ਤੇ ਵਿਚਾਰ ਹੋਵੇ ਤਦ ਇਹ ਗੁਰੂ ਦੀ ਸੇਵਾ ਹੈ[40] ਤੇ ਸਹੀ ਅਰਥਾਂ ਵਿਚ ਤੀਰਥ ਇਸ਼ਨਾਨ ਹੈ।[41] ਅਕਥ ਪ੍ਰਭੂ ਦੀ ਕਥਾ ਸੁਣਨ ਨਾਲ ਗੁਰੂ ਦੀ ਪ੍ਰਾਪਤੀ ਹੁੰਦੀ ਹੈ ਤੇ ਗਿਆਨ ਦੀ ਸੋਝੀ ਵੀ ਮਿਲਦੀ ਹੈ।[42] ਇਹੋ ਕਾਰਨ ਹੈ ਕਿ ਗੁਰਮਤਿ ਦੇ ਪਾਂਧੀ ਸੰਗਤ ਵਿਚ ਜਾ ਕੇ ਅਕਥ ਨਿਰੰਕਾਰ ਦੀ ਕਥਾ ਵਿਚਾਰਦੇ ਹਨ।

ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ॥

ਅਕਥ ਕਥਾ ਵੀਚਾਰੀਐ ਜੇ ਸਤਿਗੁਰਿ ਮਾਹਿ ਸਮਾਇ॥[43]

**4.6 ਅਰਦਾਸ:** ਅਰਦਾਸ ਅਤੇ ਸੰਗਤ ਦਾ ਡੂੰਘਾ ਸੰਬੰਧ ਹੈ। ਸਿੱਖ ਧਰਮ ਵਿੱਚ ਅਰਦਾਸ ਬਹੁਤ ਉੱਚੀ ਪਦਵੀ ਰਖੱਦੀ ਹੈ। ਡਾ. ਮਹਿੰਦਰ ਕੌਰ ਗਿੱਲ ਦਾ ਕਥਨ ਹੈ ਕਿ ਅਰਦਾਸ ਤੋਂ ਬਿਨਾਂ ਕੋਈ ਵੀ ਧਾਰਮਿਕ ਦੀਵਾਨ, ਰਸਮ ਜਾਂ ਇਕੱਠ ਸਮਾਪਤ ਨਹੀਂ ਹੋ ਸਕਦਾ।[44]

ਅਰਦਾਸ ਫ਼ਾਰਸੀ ਸ਼ਬਦ 'ਆਰਜ਼ਦਾਤ' ਤੋਂ ਬਣਿਆ ਹੈ। ਕੁੱਝ ਵਿਦਵਾਨਾਂ ਨੇ ਇਸ ਨੂੰ ਫ਼ਾਰਸੀ ਦੀ ਬਿਜਾਏ ਸੰਸਕ੍ਰਿਤ ਵਿਚੋਂ ਆਇਆ ਮੰਨਿਆ ਹੈ। ਉਹਨਾਂ ਦੇ ਮਤ ਅਨੁਸਾਰ ਇਹ 'ਅਰਨੰ' (=ਮੰਗਣਾ) ਤੇ ਆਸ (=ਮੁਰਾਦ) ਦੀ ਸੰਧੀ ਤੋਂ ਬਣਿਆ ਹੈ, ਤੇ ਇਸ ਦਾ ਅਰਥ ਹੈ ਮੁਰਾਦ ਮੰਗਣ ਦੀ ਕਿਰਿਆ।[45] ਡਾ. ਜਸਵੰਤ ਸਿੰਘ ਨੇਕੀ ਦਾ ਕਥਨ ਹੈ ਕਿ ਇਹ ਸ਼ਬਦ ਭਾਵੇਂ ਫਾਰਸੀ ਵਿੱਚੋਂ ਆਇਆ ਹੈ ਭਾਵੇਂ ਸੰਸਕ੍ਰਿਤ ਵਿੱਚੋਂ, ਗੁਰਮਤਿ ਵਿਚ ਇਸ ਨੇ ਉਚੇਚੇ ਅਰਥ ਧਾਰਣ ਕਰ ਲਏ ਹਨ। ਸਿੱਖ ਇਤਿਹਾਸ ਵਿੱਚ ਅਰਦਾਸ ਪੰਥ ਦੀ ਸਮੂਹਿਕ ਚੇਤਨਾ ਵਿਚੋਂ ਉਪਜਿਆ ਉਹ ਵਿਸ਼ੇਸ ਬੇਨਤੀ-ਨਾਮਾ ਹੈ ਜਿਸ ਰਾਹੀਂ ਪੰਥ ਦੀਆਂ ਸਮੂਹਿਕ ਅਕਾਂਖਿਆਵਾਂ ਤੇ ਉਸ ਦੇ ਜੀਆਂ ਦੀਆਂ ਵਿਅਕਤੀਗਤ ਜੋਦੜੀਆਂ ਨੂੰ ਦਾਤਾਰ ਵਾਹਿਗੁਰੂ ਅੱਗੇ ਪੇਸ਼ ਕਰਕੇ ਉਸ ਦੇ ਭਾਣੇ ਵਿਚ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ।[46] ਸਿੱਖਾਂ ਦੀ ਰਵਾਇਤੀ ਅਰਦਾਸ ਜਮਾਤੀ ਅਰਦਾਸ ਹੈ[47] ਜੋ ਕਿ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਈ ਸੀ।[48] ਇਹ ਸੰਗਿਆ ਰੂਪ ਪ੍ਰਾਰਥਨਾ, ਬੇਨਤੀ, ਵਿਨਯ ਜਾਂ ਮੁਰਾਦ ਮੰਗਣ ਦੀ ਕਿਰਿਆ ਦੇ ਅਰਥਾਂ ਵਿੱਚ ਆਇਆ ਹੈ।

ਗੁਰੂ ਨਾਨਕ ਬਾਣੀ ਅਨੁਸਾਰ ਪਰਮਾਤਮਾ ਅੱਗੇ ਹਮੇਸ਼ਾ ਅਰਦਾਸ ਕਰਨਾ ਹੀ ਯੋਗ ਹੈ।[49] ਅਰਦਾਸ ਦਾ ਭਾਵ ਆਪਾ ਸਮਰਪਿਤ ਹੈ।[50] ਹਮੇਸ਼ਾ ਸੱਚੇ ਮਨ ਨਾਲ ਅਰਦਾਸ ਕਰਨਾ ਉਚਿਤ ਹੈ।[51] ਗੁਰਬਾਣੀ ਅਨੁਸਾਰ ਸੱਚੇ ਦਿਲੋਂ ਕੀਤੀ ਅਰਦਾਸ ਪ੍ਰਭੂ ਦੇ ਦਰ ਤੇ ਪਰਵਾਨ ਹੁੰਦੀ ਹੈ।[52] ਪਰਮਾਤਮਾ ਹਮੇਸ਼ਾ ਦਾਤਾਂ ਦੀ ਬਖਸ਼ਿਸ਼ ਕਰਦਾ ਹੈ।[53] ਐਸੇ ਪ੍ਰਭੂ ਦਾ ਸ਼ੁਕਰ ਕਰਨਾ ਚਾਹੀਦਾ ਹੈ।[54] ਜਦੋਂ ਪ੍ਰਭੂ ਦੀ ਭਗਤੀ ਕਰਦੇ ਹੋਏ ਗੁਰਮੁਖ ਇਕੱਠੇ ਹੋ ਕੇ ਅਰਦਾਸ ਕਰਦੇ ਹਨ ਤਾਂ ਉਹ ਅਰਦਾਸ ਪ੍ਰਭੂ ਦੇ ਦਰ ਤੇ ਪ੍ਰਵਾਨ ਹੁੰਦੀ ਹੈ:

ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ॥
ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ॥
ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ॥
ਸਚੁ ਕਹਨਿ ਅਰਦਾਸਿ ਸੇ ਵੇਚਾਰੀਆ॥
ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ॥
ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ॥
ਬਿਨੁ ਨਾਵੈ ਧਿਗੁ ਵਾਸੁ ਫਿਟੁ ਸੁ ਜੀਵਿਆ॥
ਸਬਦਿ ਸਵਾਰੀ ਆਸੁ ਅੰਮ੍ਰਿਤੁ ਪੀਵਿਆ॥[55]

**4.7 ਸੇਵਾ:** ਸੇਵਾ ਸੰਗਤ ਰੂਪੀ ਮਹਲ ਦਾ ਇੱਕ ਮਜ਼ਬੂਤ ਥੰਮ ਹੈ। ਪ੍ਰੋ. ਗੁਰਬਚਨ ਸਿੰਘ ਤਾਲਿਬ ਅਨੁਸਾਰ ਸਿੱਖ ਜਦ ਤਕ ਆਪਣੇ ਜੀਵਨ ਨੂੰ ਸੇਵਾ ਵਿਚ ਨਹੀਂ ਲਾਉਂਦਾ, ਉਸ ਦੀ ਤੱਪਸਿਆ, ਭਗਤੀ, ਗਿਆਨ ਸੁਚਮ ਨੂੰ ਨਹੀਂ ਪਹੁੰਚਦੀ।[56]

ਡਾ. ਜਗਜੀਤ ਸਿੰਘ ਅਨੁਸਾਰ ਸੰਗਤ ਅਤੇ ਪੰਗਤ ਦੋਹਾਂ ਵਿਚ ਸੇਵਾ ਨੂੰ ਮਹਾਨ ਰੁਤਬਾ ਦਿੱਤਾ ਗਿਆ।[57]

'ਸੇਵਾ' ਸੰਸਕ੍ਰਿਤ ਦੇ ਸ਼ਬਦ ਸੇਵੁ (ਸੇਵ੍) ਦਾ ਵਿਕਸਤ ਰੂਪ ਹੈ, ਸੇਵੁ ਦੇ ਅਰਥ ਹਨ: ਸੇਵਾ ਕਰਨੀ, ਚਾਕਰੀ ਕਰਨਾ, ਭਰੋਸਾ ਰੱਖਣਾ, ਪੂਜਾ ਕਰਨੀ।[58] ਗੁਰਮਤਿ ਵਿੱਚ ਸੇਵਾ ਸਮੂਹਿਕ ਸੇਵਾ ਹੈ।[59]

ਗੁਰੂ ਨਾਨਕ ਬਾਣੀ ਅਨੁਸਾਰ ਜੇ ਮਨ ਵਿਚ ਸੇਵਾ ਦਾ ਚਾਉ ਹੋਵੇ ਤਾਂ ਮਨ ਨਿਰੰਕਾਰ ਵਿਚ ਸੰਤੁਸ਼ਟ ਰਹਿੰਦਾ

ਹੈ।[60] ਪ੍ਰੰਤੂ ਸੰਤੋਖੀ ਮਨੁੱਖ ਹੀ ਸੇਵਾ ਕਰ ਸਕਦਾ ਹੈ।[61] ਸੁਰਤੀ ਸੇਵਾ ਵਿਚ ਰੱਖਦੇ ਹੋਏ ਪ੍ਰਭੂ ਦੀ ਯਾਦ (ਗੁਣ ਗਾਉਣ) ਨਾਲ ਆਨੰਦ ਦੀ ਪ੍ਰਾਪਤੀ ਹੁੰਦੀ ਹੈ।[62] ਸੇਵਾ ਤੋਂ ਬਿਨਾਂ ਵੱਡੇ ਵੱਡੇ ਸਾਧਕਾਂ ਨੂੰ ਵੀ ਫ਼ਲ ਦੀ ਪ੍ਰਾਪਤੀ ਨਹੀਂ ਹੁੰਦੀ।[63] ਸੇਵਾ ਨਾਲ ਸੁੱਖ ਉਪਜਦਾ ਹੈ।[64] ਪਰਮਾਤਮਾ ਦੀ ਦਰਗਾਹ ਵਿੱਚ ਸਥਾਨ ਪ੍ਰਾਪਤ ਤਾਂ ਹੀ ਹੁੰਦਾ ਹੈ ਜੇਕਰ ਇਸ ਦੁਨੀਆਂ ਵਿੱਚ ਰਹਿੰਦੇ ਹੋਏ ਸੇਵਾ ਕੀਤੀ ਜਾਵੇ।[65] ਕਿਉਂਕਿ ਸੇਵਾ ਨਾਲ ਹੀ ਉੱਥੇ ਮਾਣ ਪ੍ਰਾਪਤ ਹੁੰਦਾ ਹੈ।[66] ਡਾ. ਪ੍ਰੇਮ ਪ੍ਰਕਾਸ਼ ਸਿੰਘ ਦਾ ਵਿਚਾਰ ਹੈ ਕਿ ਦੁਨੀਆਂ ਵਿੱਚ ਸੇਵਾ ਦਾ ਮਤਲਬ ਹੀ ਸੰਗਤ ਦੀ ਸੇਵਾ ਹੈ।[67] ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਗੁਰਮਤਿ ਵਿੱਚ ਸੇਵਾ ਤੋਂ ਭਾਵ ਗੁਰੂ ਅਤੇ ਸੰਗਤ ਦੋਹਾਂ ਦੀ ਸੇਵਾ ਹੈ।[68] ਇਸੇ ਕਾਰਨ ਸੰਗਤ ਵਿੱਚ ਸੇਵਾ ਕਰਨੀ ਜ਼ਰੂਰੀ ਐਲਾਨਿਆ ਗਿਆ:

*ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ॥*
*ਸਤਿਗੁਰ ਪੂਛਿ ਸੰਗਤਿ ਜਨ ਕੀਜੈ॥*[69]

ਡਾ. ਦਰਸ਼ਨ ਸਿੰਘ ਦਾ ਕਥਨ ਹੈ ਕਿ ਗੁਰੂ ਨਾਨਕ ਸਾਹਿਬ ਨੇ ਸਾਨੂੰ ਤਿੰਨ ਪ੍ਰਕਾਰ ਦੀ ਸੇਵਾ ਦਾ ਸੰਕਲਪ ਦਿੱਤਾ ਹੈ, (ੳ) ਸਰੀਰ ਦੁਆਰਾ ਸੇਵਾ (ਅ) ਮਨ ਦੁਆਰਾ ਸੇਵਾ (ੲ) ਆਰਥਿਕ ਸਾਧਨਾ ਦੁਆਰਾ ਸੇਵਾ। ਪਿੱਛੋਂ ਆਰਥਿਕ ਸਾਧਨਾ ਦੁਆਰਾ ਕੀਤੀ ਜਾਣ ਵਾਲੀ ਸੇਵਾ ਨੇ 'ਦਸਵੰਧ' ਦਾ ਰੂਪ ਧਾਰਨ ਕਰ ਲਿਆ।[70]

**4.8.1 ਲੰਗਰ/ਪੰਗਤ:** ਵੰਡ ਕੇ ਛਕਣ ਦੇ ਗੁਰੂ ਨਾਨਕ ਬਾਣੀ ਦੇ ਸਿਧਾਂਤ[71] ਨੇ ਸੰਗਤ ਦੇ ਨਾਲ ਪੰਗਤ ਨੂੰ ਵੀ ਜੋੜ ਦਿੱਤਾ ਹੈ। ਇਹ ਸਿਧਾਂਤ ਸਮਾਜ ਵਿਚ ਸਮਾਨਤਾ ਲਿਆਉਣ ਵਿਚ ਵੀ ਯੋਗਦਾਨ ਪਾਉਂਦਾ ਹੈ। ਲੰਗਰ ਮਨੁੱਖੀ ਭਾਈਚਾਰਾ ਤੇ ਸਮਾਨਤਾ ਦੀ ਸਭ ਤੋਂ ਸਪੱਸ਼ਟ ਤੇ ਸੰਜੀਵ ਮਿਸਾਲ ਹੈ।[72]

ਡਾ. ਦਰਸ਼ਨ ਸਿੰਘ ਦਾ ਵਿਚਾਰ ਹੈ ਕਿ ਇਹ ਰੀਤ ਉਚ-ਨੀਚ ਨੂੰ ਮਿਟਾਉਣ ਲਈ ਆਪਣੀ ਭੂਮਿਕਾ ਨਿਭਾਉਂਦੀ ਹੈ।[73] ਡਾ. ਦੀਵਾਨ ਸਿੰਘ ਲਿਖਦਾ ਹੈ ਕਿ ਲੰਗਰ ਦੀ ਪ੍ਰਥਾ ਨਾਲ ਦਸਾ ਨਹੁੰਆਂ ਦੀ ਸੁੱਚੀ ਕਿਰਤ ਜੁੜੀ ਹੋਈ ਹੈ।[74]

ਉਪਰੋਕਤ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੀ ਸੰਰਚਨਾ ਵਿਚ ਸਿੱਖ, ਪਰਮਾਤਮਾ ਤੇ ਗੁਰੂ ਮੁੱਖ ਅੰਸ਼ ਹਨ। ਇਹਨਾਂ ਤੋਂ ਇਲਾਵਾ ਇਸ ਸੰਗਤ ਦੇ ਹੋਰ ਅੰਸ਼ ਕੀਰਤਨ, ਕਥਾ, ਅਰਦਾਸ, ਸੇਵਾ ਤੇ ਲੰਗਰ/ਪੰਗਤ ਆਦਿ ਵੀ ਸ਼ਾਮਿਲ ਹਨ।

ਸਿੱਖਾਂ ਦੇ ਜੁੜਨ ਨਾਲ ਸੰਗਤ ਦੀ ਸੰਰਚਨਾ ਹੁੰਦੀ ਹੈ। ਗੁਰੂ ਉਸ ਨੂੰ ਸੇਧ ਦਿੰਦਾ ਹੈ। ਪਰਮਾਤਮਾ ਦਾ ਸਰੂਪ, ਬਖਸ਼ਿਸ਼, ਗੁਣਗਾਨ, ਉਸ ਦੀ ਸ੍ਰਿਸ਼ਟੀ, ਪਰਮਾਤਮਾ ਦੁਆਰਾ ਸਾਜੇ ਜੀਵ ਆਦਿ ਸੰਗਤ ਵਿਚਲੀ ਵਿਚਾਰ ਦਾ ਵਿਸ਼ਾ ਬਣਦੇ ਹਨ। ਇਸ ਤੋਂ ਇਲਾਵਾ ਕੀਰਤਨ, ਕਥਾ, ਅਰਦਾਸ, ਸੇਵਾ ਤੇ ਲੰਗਰ/ਪੰਗਤ ਵੀ ਇਹਨਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਸਹਾਇਕ ਬਣਦੇ ਹਨ। ਇਹ ਸਾਰੇ ਮਿਲਕੇ ਸੰਗਤ ਨੂੰ ਇਕ ਸੁਚਾਰੂ ਰੂਪ ਪ੍ਰਦਾਨ ਕਰਦੇ ਹਨ। ਗੁਰੂ ਨਾਨਕ ਬਾਣੀ ਅਨੁਸਾਰ ਸੰਗਤ ਦੇ ਮੁੱਖ ਅੰਸ਼ਾਂ ਵਿਚੋਂ ਜੇਕਰ ਇੱਕ ਅੰਸ਼ ਦੀ ਅਣਹੋਂਦ ਹੈ ਤਦ ਉਸ ਨੂੰ ਸੰਗਤ ਨਹੀਂ ਆਖਿਆ ਜਾ ਸਕਦਾ। ਅੱਜ ਦੇ ਯੁਗ ਵਿਚ ਜਦੋਂ ਮਨੁੱਖ ਪਦਾਰਥਵਾਦੀ ਸੋਚ ਦਾ ਸ਼ਿਕਾਰ ਹੋ ਰਿਹਾ ਹੈ, ਕੇਵਲ ਸਵੈ ਤੱਕ ਕੇਂਦਰਿਤ ਹੋ ਰਿਹਾ ਹੈ ਤੇ ਵਿਕਾਰਾਂ ਵਿੱਚ ਫਸ ਰਿਹਾ ਹੈ, ਗੁਰੂ ਦੁਆਰਾ ਦਰਸਾਏ ਰਾਹ ਨੂੰ ਵਿਸਾਰ ਰਿਹਾ ਹੈ ਅਤੇ ਨਾਸਤਿਕ ਵਿਚਾਰਧਾਰਾ ਦਾ ਅਨੁਸਰਣ ਕਰ ਰਿਹਾ ਹੈ, ਅਜਿਹੇ ਸਮੇਂ ਸਮਾਜ ਵਿੱਚ ਸੰਗਤ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਸੰਗਤ ਹੀ ਮਨੁੱਖ ਨੂੰ ਗੁਰੂ ਅਨੁਸਾਰ ਚੱਲਣ, ਪ੍ਰਭੂ ਨਾਲ ਜੋੜਨ, '*ਏਕ ਪਿਤਾ ਏਕਸ ਕੇ ਹਮ ਬਾਰਿਕ*' ਦੇ ਮਹਾਂਵਾਕ ਅਨੁਸਾਰ ਜੀਵਨ ਢਾਲਣ, 'ਸਰਬਤ ਦੇ ਭਲੇ' ਵਾਲੀ ਅਰਦਾਸ ਕਰਨ ਅਤੇ ਸੇਵਾ ਦਾ ਰਾਹ ਅਪਨਾਉਣ ਦੀ ਪ੍ਰੇਰਨਾ ਦੇ ਸਕਦੀ ਹੈ। ਇਹੀ ਸੇਵਾ ਦਾ ਰਾਹ ਸਿਖ ਨੂੰ ਇਤਿਹਾਸਕ ਰੋਲ ਨਿਭਾਉਣ ਅਰਥਾਤ ਕੁਰਬਾਨੀ ਭਾਵ ਬਲੀਦਾਨ ਲਈ ਤਿਆਰ ਕਰਦੀ ਹੈ।

## ਹਵਾਲੇ ਤੇ ਟਿਪਣੀਆਂ

1. ਸਤਿਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥
ਗੁਰੂ ਨਾਨਕ ਬਾਣੀ ਪ੍ਰਕਾਸ਼ ਪੰ. 197
2. ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ॥
ਉਹੀ ਪੰ. 100
3. ਸਾਹਿਤ ਕੋਸ਼ (ਪਾਰਿਭਾਸਿਕ ਸ਼ਬਦਾਵਲੀ) ਪੰ. 269
4. ਡਾ. ਦਰਸ਼ਨ ਸਿੰਘ, ਸਿੱਖ ਕੌਣ? ਪੰ. 9
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 465
6. ਗੁਰੂ ਨਾਨਕ ਬਾਣੀ ਪ੍ਰਕਾਸ਼ ਪੰ. 400
7. ਸਾਧ ਸਭਾ ਸੰਤਾ ਕੀ ਸੰਗਤਿ ਨਦਰਿ ਪ੍ਰਭੂ ਸੁਖੁ ਪਾਇਆ॥
ਗੁਰੂ ਨਾਨਕ ਬਾਣੀ ਪ੍ਰਕਾਸ਼ ਪੰ. 535
8. ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ॥
ਉਹੀ ਪੰ. 690
9. ਇਕੁ ਸਿਖ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ॥
ਭਾਈ ਗੁਰਦਾਸ ਵਾਰ 13, ਪਉੜੀ 19
10. ਚਾਰਿ ਵਰਨਿ ਇਕ ਵਰਨਿ ਕਰਿ
ਵਰਨ ਅਵਰਨ ਸਾਧ ਸੰਗੁ ਜਾਪੈ॥
ਉਹੀ ਵਾਰ 23, ਪਉੜੀ 19
11. ਡਾ. ਬਲਕਾਰ ਸਿੰਘ, ਸਿੱਖ ਰਹੱਸਵਾਦ, ਪੰ. 89
12. ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰ. 202
13. ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 94
14. ਡਾ. ਦੀਵਾਨ ਸਿੰਘ, ਸਿੱਖ ਧਰਮ ਬਾਰੇ, ਪੰ. 32
15. ਗੁਰਮੂਰਤਿ ਗੁਰਸਬਦ ਹੈ ਸਾਧਸੰਗਤਿ ਵਿਚ ਪਰਗਟੀ ਆਇਆ॥
ਭਾਈ ਗੁਰਦਾਸ ਵਾਰ 24, ਪਉੜੀ 25
16. ਡਾ. ਦਰਸ਼ਨ ਸਿੰਘ ਗੁਰੂ ਗ੍ਰੰਥਬਾਣੀ ਵਿਚ ਗੁਰੂ ਦਾ ਸੰਕਲਪ, ਪੰ. 78
17. ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 118
18. ਮਿਲਿ ਗੁਰਸੰਗਤਿ ਪਾਵਉ ਪਾਰੁ॥
ਉਹੀ ਪੰ. 416
19. ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ॥
ਉਹੀ ਪੰ. 185

20. M.M.Williams, Sanskrit English Dictionary, P.285
21. Dr. Darshan Singh', Indian Bhakti Tradition and Sikh Gurus P. 165
22. ਡਾ. ਗੁਰਨਾਮ ਸਿੰਘ, ਨਾਨਕ ਪ੍ਰਕਾਸ਼ ਪਤ੍ਰਿਕਾ, ਸੰਗਤ ਵਿਸ਼ੇਸ਼ ਅੰਕ ਜੂਨ 84 ਪੰ 121
23. ਕਾਨ੍ਹ ਸਿੰਘ ਨਾਭਾ, ਗੁਰਮਤ ਮਾਰਤੰਡ (ਭਾਗ ਪਹਿਲਾ), ਪੰ. 298
24. ਡਾ. ਸੁਰਿੰਦਰ ਸਿੰਘ ਕੋਹਲੀ, ਸਿਖ ਦਰਸ਼ਨ ਪੰ. 100
25. ਗਿਆਨੀ ਪ੍ਰਤਾਪ ਸਿੰਘ, ਗੁਰਮਤਿ ਫ਼ਿਲਾਸਫ਼ੀ, ਪੰ. 216
26. Dr. Darshan Singh, Indian Bhakti Tradition and Sikh Gurus P. 165
27. ਡਾ. ਜਗੀਰ ਸਿੰਘ, ਨਾਨਕ ਪ੍ਰਕਾਸ਼ ਪਤ੍ਰਿਕਾ ਸੰਗਤ ਵਿਸ਼ੇਸ਼ ਅੰਕ, ਜੂਨ 84 ਪੰ 161
28. ਗੁਰਮੁਖਿ ਨਿਰਮਲ ਹਰਿ ਗੁਣ ਗਾਵੈ।

    ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਸਿਧ ਗੋਸਟਿ, ਪੰ. 941
29. ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥

    ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 38-39
30. ਢਾਢੀ ਕਰੇ ਪਸਾਉ ਸਬਦੁ ਵਜਾਇਆ॥

    ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰ ਮਾਝ ਪਉੜੀ, ਪੰ. 150
31. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1151
32. ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਮਹਲਾ 5, ਪੰ. 867
33. ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ॥

    ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਆਸਾ ਮਹਲਾ 1, ਪੰ. 360
34. ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥

    ਭਾਈ ਗੁਰਦਾਸ ਵਾਰ 1, ਪਉੜੀ 27
35. ਵਿਦਿਆ ਵੀਚਾਰੀ ਤਾ ਪਰਉਪਕਾਰੀ॥

    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 356
36. ਸੁਧੀ ਬੁਧੀ ਸੁਰਤਿ ਨਾਮਿ ਹਰਿ ਪਾਈਐ
    ਸਤ ਸੰਗਤਿ ਗੁਰ ਪਿਆਰ॥

    ਗੁਰ ਨਾਨਕ ਬਾਣੀ ਪ੍ਰਕਾਸ਼, ਪੰ. 1389
37. ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ॥

    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 58
38. ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ॥
    ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ॥

    ਉਹੀ, ਪੰ. 1255
39. ਡਾ. ਦੀਵਾਨ ਸਿੰਘ, ਸਿੱਖ ਧਰਮ ਬਾਰੇ, ਪੰ. 14
40. ਸਬਦ ਵੀਚਾਰਿ ਗਹਹਿ ਗੁਰ ਸੇਵਾ॥
    ਮਨਿ ਤਨਿ ਨਿਰਮਲ ਅਭਿਮਾਨ ਅਭੇਵਾ॥

    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 905-906

41. ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।

ਉਹੀ, ਪੰ. 687

42. ਇਕ ਬਾਤ ਅਨੂਪ ਸੁਨਹੁ ਨਰ ਭਾਈ॥
ਇਸੁ ਧਨ ਬਿਨੁ ਕਹਹੁ ਕਿਨੈ ਪਰਮ ਗਤਿ ਪਾਈ॥
ਭਣਤਿ ਨਾਨਕੁ ਅਕਥ ਕੀ ਕਥਾ ਸੁਣਾਏ॥
ਸਤਿਗੁਰੁ ਮਿਲੈ ਤ ਇਹੁ ਧਨੁ ਪਾਇ॥

ਉਹੀ ਪੰ. 991

43. ਉਹੀ, ਸਿਰੀ ਰਾਗ ਅਸਟਪਦੀਆ, ਪੰ. 62
44. ਡਾ. ਮਹਿੰਦਰ ਕੌਰ ਗਿੱਲ, ਨਾਨਕ ਪ੍ਰਕਾਸ਼ ਪਤ੍ਰਿਕਾ, ਅਰਦਾਸ ਵਿਸ਼ੇਸ਼ ਅੰਕ, ਪੰ. 57
45. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰ. 81
46. ਅਰਦਾਸ: ਦਰਸ਼ਨ ਰੂਪ, ਅਭਿਆਸ, ਪੰ. 14
47. ਉਹੀ, ਪੰ. 39
48. ਉਹੀ, ਪੰ. 44 (ਹਵਾਲਾ ਪਰਚੀਆਂ ਸੇਵਾ ਦਾਸ ਪੰ. 110)
49. ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 474

50. ਮਨੁ ਤਨੁ ਆਗੈ ਜੀਅੜਾ ਤੁਝ ਪਾਸਿ॥
ਜਿਉ ਭਾਵੈ ਤਿਉ ਰਖਹੁ ਅਰਦਾਸਿ॥

ਉਹੀ, ਪੰ. 1345

51. ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥

ਉਹੀ, ਪੰ. 156

52. ਸਚਾ ਅਰਜੁ ਸਚੀ ਅਰਦਾਸਿ॥ ਮਹਲੀ ਖਸਮ ਸੁਣੇ ਸਾਬਾਸਿ॥

ਉਹੀ, ਪੰ. 355

53. ਦੇਦਾ ਦੇ ਲੈਦੇ ਥਕਿ ਪਾਹਿ॥

ਉਹੀ, ਪੰ. 2

54. ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ॥

ਉਹੀ, ਪੰ. 474

55. ਉਹੀ, ਪੰ. 148
56. ਪ੍ਰੋ. ਗੁਰਬਚਨ ਸਿੰਘ ਤਾਲਿਬ, ਗੁਰੂ ਨਾਨਕ ਮਤ ਵਿਚ ਬ੍ਰਹਮ ਗਿਆਨ ਦਾ ਸਰੂਪ, ਪੰ. 430
57. ਡਾ. ਜਗਜੀਤ ਸਿੰਘ, ਨਾਨਕ ਪ੍ਰਕਾਸ਼ ਪਤ੍ਰਿਕਾ ਸੈਗਤ ਵਿਸ਼ੇਸ਼ ਅੰਕ, ਪੰ. 45
58. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰ. 171
59. Dr. Taran Singh 'Edited' The Teaching of Guru Nanak Dev, P. 105
60. ਸਚੁ ਕਰਣੀ ਅਭ ਅੰਤਰਿ ਸੇਵਾ॥
ਮਨੁ ਤ੍ਰਿਪਤਾਸਿਆ ਅਲਖ ਅਭੇਵਾ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 224

61. ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ।।

ਉਹੀ, ਪੰ. 466-467

62. ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨ ਬੀਚਾਰਾ।।

ਉਹੀ, ਪੰ. 1255

63. ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ।।
ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਾਰਹਿ ਅਫਾਰੀ।।
ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੇ ਵੀਚਾਰੀ।।
ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ।।

ਉਹੀ, ਮਾਰੂ ਮਹਲਾ 1, ਪੰ. 992

64. ਸੁਖੁ ਹੋਵੈ ਸੇਵ ਕਮਾਣੀਆ।।
ਉਹੀ, ਸਿਰੀ ਰਾਗ ਪੰ. 25-26

65. ਵਿਚਿ ਦੁਨੀਆ ਸੇਵ ਕਮਾਈਐਤਾ ਦਰਗਹ ਬੈਸਣੁ ਪਾਈਐ।।
ਕਹੁ ਨਾਨਕ ਬਾਹ ਲੁਡਾਈਐ।।

ਉਹੀ, ਸਿਰੀ ਰਾਗ, ਪੰ. 26

66. ਜਿਨਿ ਸੇਵਿਆ ਤਿਨਿ ਪਾਇਆ ਮਾਨੁ।।
ਨਾਨਕ ਗਾਵੀਐ ਗੁਣੀ ਨਿਧਾਨੁ।।

ਉਹੀ ਪੰ.

67. ਡਾ. ਪ੍ਰੇਮ ਪ੍ਰਕਾਸ਼, ਗੁਰੂ ਨਾਨਕ ਤੇ ਨਿਰਗੁਣਧਾਰਾ, ਪੰ. 256
68. ਸਿੱਖ ਵਿਚਾਰਧਾਰਾ, ਪੰ. 136
69. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 905-906
70. Dr. Darshan Singh, Sikhism: Issues and Institution P. 124
71. ਘਾਲਿ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹੁ ਪਛਾਣਹਿ ਸੇਇ।।

ਉਹੀ, ਪੰ. 1245

72. K.R. Narayanan, In his presidential Addresses Published in Studies in Sikhism and Comparative Religion, New Delhi. Vol. XIII No. 2, July-December 1993 P-12
73. Dr. Darshan Singh, Sikhism: Issues and Institution P-118

ਅਧਿਆਇ ਪੰਜਵਾਂ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਤੇ ਅਕਾਲਪੁਰਖ/ਗੁਰੂ

5.1 ਗੁਰੂ ਨਾਨਕ ਬਾਣੀ ਅਨੁਸਾਰ ਅਕਾਲਪੁਰਖ (ਬ੍ਰਹਮ)

5.2 ਗੁਰੂ ਨਾਨਕ ਬਾਣੀ ਅਨੁਸਾਰ ਸੰਗਤ ਵਿੱਚ ਅਕਾਲਪੁਰਖ ਦਾ ਵਾਸਾ

5.3 ਸੰਗਤ ਵਿੱਚੋਂ ਅਕਾਲਪੁਰਖ ਦੀ ਪ੍ਰਾਪਤੀ

5.4 ਗੁਰੂ ਨਾਨਕ ਬਾਣੀ ਵਿਚਲੀ ਸੰਗਤ ਤੇ ਗੁਰੂ

5.5 ਗੁਰੂ ਨਾਨਕ ਬਾਣੀ ਅਨੁਸਾਰ ਸ਼ਬਦ-ਗੁਰੂ

5.6 ਸੰਗਤ ਰਾਹੀਂ ਗੁਰੂ ਦੀ ਪ੍ਰਾਪਤੀ

5.7 ਗੁਰੂ ਅਤੇ ਅਕਾਲਪੁਰਖ ਦੀ ਅਭੇਦਤਾ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਤੇ ਅਕਾਲਪੁਰਖ/ਗੁਰੂ

ਨਾਨਕ ਬਾਣੀ ਅਨੁਸਾਰ ਗੁਰੂ ਨਾਨਕ ਦੁਆਰਾ ਸਥਾਪਿਤ 'ਸੰਗਤ' ਦੀ ਸੰਸਥਾ ਦਾ ਇਹ ਗੁਣ ਹੈ ਕਿ ਇਸ ਦਾ ਕੇਂਦਰੀ ਬਿੰਦੂ ਅਕਾਲਪੁਰਖ ਹੈ। ਅਕਾਲਪੁਰਖ ਹੀ ਸੰਗਤ ਦਾ ਆਧਾਰ ਹੈ ਤੇ ਸੰਗਤ ਹੀ ਪ੍ਰਭੂ/ਅਕਾਲਪੁਰਖ ਦੇ ਮਿਲਾਪ ਦਾ ਵਸੀਲਾ ਹੈ। ਅਕਾਲਪੁਰਖ ਦੀ ਪ੍ਰਾਪਤੀ ਸੰਗਤ ਵਿੱਚੋਂ ਹੀ ਹੋ ਸਕਦੀ ਹੈ। ਅਕਾਲਪੁਰਖ ਹੀ ਸੰਗਤ ਦਾ ਮੁੱਢ ਹੈ ਤੇ ਇਹ ਹੀ ਇਸ ਦਾ ਸਿਖਰ ਹੈ। ਸੰਗਤ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਅਕਾਲਪੁਰਖ ਦੇ ਨਾਮ ਦਾ ਬਖਾਨ ਹੁੰਦਾ ਹੈ। ਅਕਾਲਪੁਰਖ ਦੇ ਨਾਮ ਦਾ ਬਖਾਨ ਹੀ ਤਾਂ ਸੰਗਤ ਦੀ ਰੂਹ ਹੈ। ਇਸ ਤੋਂ ਬਿਨ੍ਹਾਂ ਸੰਗਤ ਦੀ ਹੋਂਦ ਹੀ ਨਹੀਂ ਹੈ। ਇਸ ਲਈ ਸੰਗਤ ਦਾ ਮੁੱਖ ਧੁਰਾ ਅਕਾਲਪੁਰਖ ਹੈ।

## 5.1 ਗੁਰੂ ਨਾਨਕ ਬਾਣੀ ਅਨੁਸਾਰ ਅਕਾਲਪੁਰਖ (ਬ੍ਰਹਮ)

ਗੁਰੂ ਨਾਨਕ ਦੇਵ ਜੀ ਆਪਣੇ ਪਰਮਸੱਤ (ਅਕਾਲਪੁਰਖ) ਨੂੰ ਹੋਰ ਨਾਵਾਂ ਤੋਂ ਇਲਾਵਾ ਬ੍ਰਹਮ[1] ਆਖਦੇ ਹਨ। ਉਹਨਾਂ ਦੇ ਦਰਸ਼ਨ ਸਿਸਟਮ ਦਾ ਮੂਲ ਆਧਾਰ ਬ੍ਰਹਮ ਹੈ। ਇਸ ਬੁਨਿਆਦੀ ਸੰਕਲਪ ਦੇ ਦੁਆਲੇ ਉਹਨਾਂ ਦੀ ਵਿਸ਼ਵ-ਦ੍ਰਿਸ਼ਟੀ ਦਾ ਵਿਸਥਾਰ ਫੈਲਿਆ ਹੋਇਆ ਹੈ।[2] ਉਹ ਬ੍ਰਹਮ ਪਰਮਤੱਤ[3] ਪਦਾਰਥ[4], ਵਸਤੂ[5] ਆਦਿ ਗਿਆਨ ਮਾਰਗੀ ਸ਼ਬਦਾਵਲੀ ਵਿੱਚ ਚਿਤ੍ਰਿਤ ਕੀਤਾ ਗਿਆ ਹੈ। ਇਨ੍ਹਾਂ ਸਾਰਿਆਂ ਸ਼ਬਦਾਂ ਪਿੱਛੇ ਗੁਰੂ ਦਾ ਮਨੋਰਥ ਨਿਰਗੁਣ ਬ੍ਰਹਮ ਦਾ ਸੰਕੇਤ ਕਰਨਾ ਹੈ, ਜੋ ਗਿਆਨ ਮਾਰਗ ਦਾ ਵਿਸ਼ਾ ਹੈ।[6] ਜਿਸ ਤਰ੍ਹਾਂ ਬ੍ਰਹਮ ਦੇਸ਼ ਅਤੇ ਕਾਲ ਤੋਂ ਪਰੇ ਹੈ ਉਸੇ ਤਰ੍ਹਾਂ ਬ੍ਰਹਮ ਵਿੱਚ ਵਿਸ਼ਵਾਸ ਦੀ ਭਾਵਨਾ ਵੀ ਦੇਸ਼ ਕਾਲ ਦੀਆਂ ਸੀਮਾਵਾਂ ਵਿਚ ਨਾ ਹੋ ਕੇ ਅਸੀਮ ਹੈ। ਬ੍ਰਹਮ ਤੱਤ ਵਰਨਣ ਤੇ ਕਥਨ ਤੋਂ ਪਰੇ ਹੈ।

ਗੁਰੂ ਨਾਨਕ ਤੋਂ ਪਹਿਲਾਂ ਬ੍ਰਹਮ ਦੇ ਸਰੂਪ ਦੇ ਨਿਰੂਪਣ ਦੀ ਇਕ ਦੀਰਘ ਪਰੰਪਰਾ ਮੌਜਦ ਸੀ। ਸਭ ਤੋਂ ਪਹਿਲਾਂ ਵੇਦਾਂ ਵਿੱਚ ਉਪਾਸ਼ਨਾ ਲਈ ਮਹਾਨ ਸ਼ਕਤੀ ਦੇ ਭਿੰਨ ਭਿੰਨ ਪ੍ਰਾਕ੍ਰਿਤਿਕ ਸ਼ਕਤੀਆਂ ਦੇ ਰੂਪ ਵਿਚ ਸੂਰਜ, ਚੰਦ੍ਰਮਾ, ਅਗਨੀ, ਵਾਯੂ, ਬੱਦਲ ਆਦਿ ਦੀ ਉਪਮਾ ਈਸਵਰ ਤੁਲ ਹੋਣ ਲਗ ਪਈ। ਗਿਆਨ ਦੇ ਵਿਕਾਸ ਨਾਲ ਸਾਧਕਾਂ ਦਾ ਧਿਆਨ ਕਿਸੇ ਆਦ੍ਰਿਸ਼ ਅਤੇ ਸਰਬ ਸੰਚਾਲਿਕ ਸ਼ਕਤੀ ਵਲ ਗਿਆ ਤੇ ਸਾਰੀਆਂ ਇਸ਼ਟ ਸ਼ਕਤੀਆਂ ਪਿੱਛੇ ਕਿਸੇ ਇੱਕ ਦੇਵ ਦੀ ਕਲਪਨਾ ਦਾ ਆਰੰਭ ਹੋਇਆ। ਰਿਗਵੇਦ ਦੇ ਪੁਰਸ਼ ਸੂਕਤ[7] ਵਿਚ ਚਿਤਰਿਆ ਪੁਰਸ਼ ਦਾ ਰੂਪ ਇਸੇ ਭਾਵ ਦਾ ਸੂਚਕ ਹੈ। ਰਿਗਦੇਵ ਵਿਚ ਇਕ ਥਾਂ ਕਿਹਾ ਗਿਆ ਹੈ ਕਿ ਵਿਦਵਾਨ ਤੇ ਬੁੱਧੀਮਾਨ ਪੁਰਸ਼ ਅਨੇਕ ਗੁਣਾਂ ਨਾਲ ਭਰਪੂਰ ਸ਼ਕਤੀ ਦਾ ਅਨੇਕ ਪ੍ਰਕਾਰ ਵਰਨਣ ਕਰਦੇ ਹਨ।[8] ਇਸ ਤਰ੍ਹਾਂ ਦੇ ਵਰਨਣ ਯਜੁਰਵੇਦ ਵਿੱਚ ਵੀ ਮਿਲਦੇ ਹਨ।[9] ਅਥਰਵ ਵੇਦ ਵਿਚ ਵਰੁਣ ਨੂੰ ਪਰਮਾਤਮਾ ਦੇ ਰੂਪ ਵਿਚ ਪ੍ਰਗਟਾਇਆ ਗਿਆ ਹੈ।[10] ਰਿਗਦੇਵ ਵਿੱਚ ਪਰਮਾਤਮਾ ਦੇ ਵਿਰਾਟ ਰੂਪ ਦਾ ਵਰਨਣ ਵੀ ਕੀਤਾ ਮਿਲਦਾ ਹੈ।[11]

ਉਪਨਿਸ਼ਦਾਂ ਵਿੱਚ ਬ੍ਰਹਮ ਦੀ ਪੂਰਣ ਰੂਪ ਵਿੱਚ ਸਥਾਪਨਾ ਹੋਈ ਹੈ।[12] ਤੈਤਿਰੀਯ ਉਪਨਿਸ਼ਦ ਵਿੱਚ ਸੰਪੂਰਣ ਵਿਸ਼ਵ ਦੀ ਉਤਪਤੀ, ਗਤਿ, ਪਾਲਨ ਅਤੇ ਨਾਸ਼ ਦੇ ਕਾਰਨ ਨੂੰ ਬ੍ਰਹਮ ਕਿਹਾ ਗਿਆ ਹੈ।[13] ਅਸਲ ਵਿੱਚ ਸਾਰਾ ਵਿਸ਼ਵ ਬ੍ਰਹਮ ਹੀ ਹੈ।[14] ਇਸ ਤੋਂ ਇਲਾਵਾ ਰਿਗਵੇਦ ਵਾਲੇ ਪੁਰੰਸ਼ ਰੂਪ ਦੀ ਵੀ ਉਪਨਿਸ਼ਦ ਵਿੱਚ ਕਈ ਢੰਗਾਂ ਨਾਲ ਵਿਆਖਿਆ ਹੋਈ ਹੈ।[15] ਉਪਨਿਸ਼ਦਾਂ ਵਿੱਚ ਰੱਬ ਦੇ ਅਵਤਾਰ ਧਾਰਨ ਦਾ ਕੋਈ ਸਿੱਧਾ ਵਰਨਣ ਨਹੀਂ ਹੈ। ਕੇਨ ਉਪਨਿਸ਼ਦ ਦੇ ਚੌਥੇ ਅਧਿਆਇ ਵਿੱਚ ਸੂਖਮ ਰੂਪ ਵਿੱਚ ਬ੍ਰਹਮ ਦੇ ਅਵਤਾਰ ਦੀ ਵਰਨਣ ਹੈ।[16]

ਸ੍ਰੀ ਮਦ ਭਗਵਤ ਗੀਤਾ ਵਿੱਚ ਬ੍ਰਹਮ ਦਾ ਸਰੁਗਣ, ਨਿਰਗੁਣ ਤੇ ਸਰਗੁਣ-ਨਿਰਗੁਣ ਤਿੰਨਾਂ ਰੂਪਾਂ ਵਿਚ ਵਰਨਣ ਮਿਲਦਾ ਹੈ। ਉਹ ਉਤਮ ਪੁਰਸ਼ ਹੈ। ਤਿੰਨਾਂ ਲੋਕਾਂ ਦਾ ਸੁਆਮੀ ਤੇ ਉਸ ਦਾ ਪਾਲਣ ਕਰਤਾ ਹੈ।[17] ਉਸ ਪਰਮਾਤਮਾ ਦਾ ਆਦਿ ਅੰਤ ਨਹੀਂ ਹੈ ਉਹ ਜਨਮ ਨਹੀਂ ਲੈਂਦਾ। ਜੋ ਉਸ ਨੂੰ ਸਰੀਰਵਾਨ ਕਹਿੰਦੇ ਹਨ ਉਹ ਮੂਰਖ ਹਨ।[18]

ਜੈਨ ਮੁਨੀ ਰਾਮ ਸਿਹੰ ਪਰਮਸਤ ਤੱਤ ਦਾ ਨਿਰੂਪਣ ਕਰਦੇ ਹੋਏ ਕਹਿੰਦੇ ਹਨ, ਮੈਂ ਸਰਗੁਣ ਹਾਂ, ਮੇਰਾ ਪ੍ਰੀਤਮ ਨਿਰਗੁਣ ਹੈ। ਅਸੀਂ ਦੋਵੇ ਇਕੋ ਸਥਾਨ ਤੇ ਨਿਵਾਸ ਕਰਦੇ ਹਾਂ। ਫਿਰ ਵੀ ਅੰਗ ਨਾਲ ਅੰਗ ਨਹੀਂ ਮਿਲਦਾ।[19]

ਬੁੱਧ ਧਰਮ ਵਿੱਚ ਪਰਮਸੱਤਾ ਲਈ ਭਾਵੇਂ ਪ੍ਰਮਾਤਮਾ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਗਿਆ ਪਰ ਮਹਾਯਾਨ ਸ਼ਾਖਾ ਦੇ ਮੋਢੀ ਨਾਗਾਰਜੁਨ ਨੇ ਉਸ ਨੂੰ ਸ਼ੂਨਯ ਸੱਤਾ ਮੰਨ ਕੇ ਚੌਹਾਂ ਕੋਟੀਆਂ ਤੋਂ ਵਿਲਖਣ ਕਿਹਾ ਹੈ। ਉਨਾਂ ਦਾ ਸ਼ੂਨਯ ਨ ਸਤ ਹੈ, ਨ ਅਸਤ ਹੈ, ਨ ਸਤ ਅਤੇ ਅਸਤ ਦੋਵੇਂ ਹੈ ਅਤੇ ਨ ਹੀ ਦੋਹਾਂ ਤੋਂ ਭਿੰਨ ਹੈ।[20] ਮਾਧਮਿਕ ਸ਼ਾਸਤ੍ਰ ਵਿਚ ਦੋ ਪ੍ਰਕਾਰ ਦੇ ਸਤਿ (ਸੰਵ੍ਰਿਤੀ ਅਤੇ ਪਰਮਾਰਥ) ਦੱਸਦੇ ਹੋਏ ਉਹਨਾਂ ਨੇ ਪਰਮਾਰਥਿਕ ਸਤਿ ਨੂੰ ਨਿਰਵਾਣ ਦੇ ਸਮਾਨ ਕਿਹਾ ਹੈ। ਉਨਾਂ ਦਾ ਪਰਮਾਰਥਿਕ ਸਤਿ ਦਾ ਵਿਵੇਚਨ ਵੇਦਾਂਤ ਦੇ ਬ੍ਰਹਮ ਦੇ ਬਹੁਤ ਨੇੜੇ ਹੈ।[21]

ਨਿਆਇ ਅਤੇ ਵੈਸ਼ਸ਼ਿਕ ਦਰਸ਼ਨ ਈਸ਼ਵਰ ਦੇ ਅਸਤਿਤਵ ਨੂੰ ਮੰਨਦੇ ਹਨ। ਇਹਨਾਂ ਦੋਹਾਂ ਅਨੁਸਾਰ ਈਸ਼ਵਰ ਅਦੁੱਤੀ, ਬੇਅੰਤ ਅਤੇ ਸਦਾ ਰਹਿਣ ਵਾਲਾ ਹੈ। ਉਹ ਸੰਸਾਰ ਦੀ ਉਤਪੱਤੀ, ਸਥਿਤੀ ਅਤੇ ਨਾਸ਼ ਦਾ ਸਰਵੱਗ ਅਤੇ ਸਰਬ ਸ਼ਕਤੀਵਾਨ ਕਾਰਨ ਹੈ। ਉਹ ਸੰਸਾਰ ਦਾ ਪ੍ਰਥਮ ਨਿਮਿਤ ਕਾਰਨ ਹੈ ਪਰ ਉਪਾਦਾਨ ਕਾਰਨ ਨਹੀਂ। ਉਹ ਸੰਸਾਰ ਦਾ ਕਰਤਾ ਨਹੀਂ, ਵਿਧਾਤਾ ਅਤੇ ਕਰਮਾਂ ਦਾ ਫਲ ਦੇਣ ਵਾਲਾ ਹੈ।[22] ਉਸ ਦੀ ਪ੍ਰੇਰਣਾ ਨਾਲ ਹੀ ਪ੍ਰਮਾਣੂ ਵਿਚ ਕ੍ਰਿਆ ਹੁੰਦੀ ਹੈ ਅਤੇ ਫਿਰ ਪ੍ਰਮਾਣੂ ਦੇ ਸੰਯੋਗ ਨਾਲ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ।[23]

ਸਾਂਖ ਦਰਸ਼ਨ ਅਨੁਸਾਰ ਦੋ ਮੂਲ ਤੱਤਵ ਹਨ : ਪੁਰਸ਼ ਅਤੇ ਪ੍ਰਕ੍ਰਿਤੀ। ਪੁਰਸ਼ ਅਥਵਾ ਆਤਮਾ ਦੀ ਸਤਾ ਆਪਣੇ ਆਪ ਸਿੱਧ ਹੈ, ਪ੍ਰਮਾਣ ਦੀ ਲੋੜ ਨਹੀਂ, ਇਹ ਆਪ ਪ੍ਰਗਟ ਜਾਂ ਪ੍ਰਕਾਸ਼ਮਾਨ ਹੈ ਇਸ ਨੂੰ ਪ੍ਰਗਟ ਕਰਨ ਦੀ ਲੋੜ ਨਹੀਂ। ਪੁਰਸ਼ ਸਰੀਰ ਇੰਦ੍ਰੀਆਂ ਅਤੇ ਮਨ ਤੋਂ ਭਿੰਨ ਅਤੇ ਸੁਤੰਤਰ ਹੁੰਦਾ ਹੈ, ਪੁਰਸ਼ ਅਥਵਾ ਆਤਮਾ ਪ੍ਰਕ੍ਰਿਤੀ ਦੇ ਘੇਰੇ ਤੋਂ ਬਾਹਰ ਸ਼ੁਧ ਚੈਤਨਯ ਸਰੂਪ ਅਤੇ ਗਿਆਤਾ ਹੈ, ਜਗਤ ਨੂੰ ਉਤਪੰਨ ਕਰਨ ਵਾਲੀ ਪ੍ਰਕ੍ਰਿਤੀ ਹੈ।[24]

ਯੋਗ ਦਰਸ਼ਨ ਅਨੁਸਾਰ ਪਰਮ ਤੱਤ ਲਈ ਈਸ਼ਵਰ ਸ਼ਬਦ ਵਰਤਿਆ ਗਿਆ ਹੈ। ਈਸ਼ਵਰ ਪਰਮ ਪੁੱਰਸ਼ ਅਤੇ ਸਾਰਿਆਂ ਦੋਸ਼ਾਂ ਤੋਂ ਮੁਕਤ ਹੈ। ਉਹ ਨਿੱਤ, ਸਰਬ-ਵਿਆਪਕ, ਸਰਬ-ਸ਼ਕਤੀਮਾਨ, ਸਰਬ ਬੰਧਨ-ਰਹਿਤ, ਨਿਰਵਿਕਾਰ, ਪੂਰਵ, ਅਨੰਤ ਅਤੇ ਅਦੁੱਤੀ ਹੈ। ਪਾਤੰਜਲ ਯੋਗ ਦਰਸ਼ਨ ਅਨੁਸਾਰ ਕਲੇਸ਼, ਕਰਮ, ਵਿਪਾਕ ਅਤੇ ਆਸ਼ਯ ਨਾਲ ਜੋ ਸੰਬੰਧਿਤ ਨਹੀਂ, ਉਹ ਸਭ ਪੁਰਸ਼ਾਂ ਤੋਂ ਉੱਤਮ ਈਸ਼ਵਰ ਹੈ।[25] ਉਹ ਸਭ ਦੇ ਪੂਰਵਜਾਂ ਦਾ ਵੀ ਗੁਰੂ ਹੈ ਅਤੇ ਉਹ ਕਾਲ ਤੋਂ ਪਰੇ ਹੈ।[26] ਪ੍ਰਣਵ (ਓਅੰਕਾਰ) ਉਸ ਦਾ ਵਾਚਕ (ਨਾਮ) ਹੈ।[27]

ਵੇਦਾਂਤ ਵਿੱਚ ਬ੍ਰਹਮ ਦੀ ਸਪਸ਼ਟ ਕਲਪਨਾ ਹੋਈ ਹੈ। ਅਦਵੈਤ ਵੇਦਾਂਤ ਦਰਸ਼ਨ ਵਿੱਚ ਬ੍ਰਹਮ ਦਾ ਵਿਵੇਚਨ ਦੋ ਦ੍ਰਿਸ਼ਟੀਆਂ-ਵਿਵਾਹਾਰਿਕ ਤੇ ਪਰਮਾਰਥਿਕ ਤੋਂ ਹੋਇਆ ਹੈ। ਵਿਵਹਾਰਿਕ ਦ੍ਰਿਸ਼ਟੀ ਤੋਂ ਉਪਾਸਨਾ ਨਮਿਤ ਬ੍ਰਹਮ ਦਾ ਸਰੂਪ ਸਗੁਣ ਹੈ। ਪਰਮਾਰਥਿਕ ਦ੍ਰਿਸ਼ਟੀ ਤੋਂ ਨਿਰਗੁਣ ਹੈ। ਪਰਮਾਰਥਿਕ ਸਰੂਪ ਨੂੰ ਸਪੱਸ਼ਟ ਕਰਦਿਆਂ ਸ਼ੰਕਰਾਚਾਰੀਆ ਨੇ ਕਿਹਾ ਹੈ ਕਿ ਜਿਸ ਦਾ ਸਰੂਪ ਸਦਾ ਅਖੰਡ ਰੂਪ ਵਿਚ ਇਕੋ ਜਿਹਾ ਬਣਿਆ ਰਹੇ ਉਹੀ ਪਰਮਾਰਥਿਕ ਸਤਾ ਹੋ ਸਕਦੀ ਹੈ।[28] ਬ੍ਰਹਮ ਕਦੇ ਵੀ ਕਾਲ ਦੀ ਬੰਧਸ਼ ਵਿਚ ਨਹੀਂ ਹੋ ਸਕਦਾ।

ਉਹ ਜਗਤ ਦੀ ਉਤਪਤੀ, ਸਥਿਤੀ ਅਤੇ ਨਾਸ਼ ਦਾ ਕਾਰਨ ਹੈ।

ਵਿਸ਼ਿਸ਼ਟ ਅਦੈਵਤਵਾਦੀਆਂ ਅਨੁਸਾਰ ਤਿੰਨ ਨਿੱਤ ਅਤੇ ਸੁਤੰਤਰ ਪਦਾਰਥ ਹਨ-ਪਰਮਾਤਮਾ (ਈਸ਼ਵਰ), ਚਿੱਤ (ਜੀਵ) ਅਤੇ ਅਚਿੱਤ (ਪ੍ਰਕ੍ਰਿਤੀ)। ਪਰਮਾਤਮਾ, ਚਿੱਤ (ਜੀਵ) ਅਤੇ ਅਚਿੱਤ (ਜੜ ਪ੍ਰਕ੍ਰਿਤੀ) ਵਿਚ ਵਿਦਮਾਨ ਹੈ। ਜੀਵ ਤੇ ਪ੍ਰਕ੍ਰਿਤੀ ਉਸ ਦੇ ਅੰਗ (ਅੰਸ਼) ਹਨ।[29] ਵਿਸ਼ਿਸ਼ਟ ਅਦਵੈਤ ਦਾ ਪਰਮਾਤਮਾ ਨਿਰਗੁਣ ਨਹੀਂ, ਸਰਗੁਣ, ਉਹ ਸਰਵੱਗ, ਸਰਬਸ਼ਕਤੀਮਾਨ ਅਤੇ ਸਰਬ ਵਿਆਪਕ ਹੈ। ਈਸ਼ਵਰ ਆਪਣੀ ਸ਼ਕਤੀ ਦਾ ਅਨੁਭਵ ਮਾਤਰ ਕਰਨ ਲਈ ਸੰਸਾਰ ਦਾ ਰੂਪ ਧਾਰਦਾ ਹੈ।[30]

ਸ਼ੁੱਧ-ਅਦਵੈਤ ਦਰਸ਼ਨ ਵਿਚ ਬ੍ਰਹਮ ਹੀ ਕੇਵਲ ਇੱਕ ਤੱਤਵ ਹੈ। ਵਿਵਹਾਰਿਕ ਦਸ਼ਾ ਵਿੱਚ ਸਾਰੀਆਂ ਵਸਤੂਆਂ ਬ੍ਰਹਮ ਸਰੂਪ ਮੰਨੀਆਂ ਜਾਂਦੀਆਂ ਹਨ। ਮਾਇਆ ਭਗਵਾਨ ਦੀ ਸ਼ਕਤੀ ਹੈ। ਸ਼ਕਤੀ ਅਤੇ ਬ੍ਰਹਮ ਅਭਿੰਨ ਹਨ। ਪਰਮਾਤਮਾ ਅਨੰਤ ਗੁਣਾਂ ਨਾਲ ਪਰਿਪੂਰਣ ਹੈ। ਉਹ ਇੱਕ ਹੋ ਕੇ ਵੀ ਨਾਨਾ ਰੂਪ ਧਾਰਨ ਕਰਦਾ ਹੈ।[31]

ਇਸਲਾਮ ਧਰਮ ਦਾ 'ਅੱਲਾਹ' ਬ੍ਰਹਮ ਦਾ ਹੀ ਪਰਾਇਵਾਚੀ ਸ਼ਬਦ ਹੈ। ਉਹ ਇੱਕ ਹੈ, ਲਾ-ਸ਼ਰੀਕ ਹੈ, ਸਰਬ-ਸ਼ਕਤੀਮਾਨ ਹੈ, ਜੋਤ ਸਰੂਪ ਹੈ, ਸਰਬਤ੍ਰ-ਵਿਦਿਮਾਨ ਹੈ, ਸਰਬ ਗਿਆਤਾ ਹੈ, ਸਭ ਦੀ ਉਤਪਤੀ ਦਾ ਕਾਰਨ ਹੈ। ਉਹ ਸਭ ਦਾ ਰਖਿਅਕ, ਪਾਲਕ ਅਤੇ ਖਿਮਾ ਕਰਨ ਵਾਲਾ ਹੈ।[32] ਜੋ ਕੁਝ ਦ੍ਰਿਸ਼ਟੀਮਾਨ ਹੈ ਅਤੇ ਜਿਸ ਦਾ ਵੀ ਕੁੱਝ ਅਸਤਿੱਤਵ ਹੈ, ਉਹ ਉਸ ਅੱਲਾਹ ਉਪਰ ਨਿਰਭਰ ਹੈ।[33] ਸਰਬ ਵਿਆਪਕ ਹੋਣ ਦੇ ਨਾਲ ਨਾਲ ਉਸ ਦਾ ਮੁੱਖ ਨਿਵਾਸ ਇਸ ਦੁਨੀਆਂ ਤੋਂ ਬਹੁੱਤ ਦੂਰ ਤੇ ਅਸਮਾਨਾਂ ਨੂੰ ਪਾਰ ਸੱਤਵੇਂ ਅਸਮਾਨ ਉਪਰ ਹੈ।[34]

ਸੂਫੀ ਸਾਧਕ ਇਕਸ਼ਵਰਵਾਦ ਵਿੱਚ ਵਿਸ਼ਵਾਸ ਰਖਦੇ ਹਨ। ਉਹ ਇਸ ਦ੍ਰਿਸ਼ਟਮਾਨ ਜਗਤ ਵਿੱਚ ਵਿਆਪਤ ਇਕ ਮਾਤ੍ਰ ਅੱਲਾਹ ਨੂੰ ਹੀ ਸਤਿ ਸਮਝਦੇ ਹਨ। ਉਹਨਾਂ ਅਨੁਸਾਰ ਕੇਵਲ ਅੱਲਾਹ ਦੇ ਪ੍ਰਕਾਸ਼ ਨਾਲ ਸਾਰੀ ਸ੍ਰਿਸ਼ਟੀ ਪ੍ਰਕਾਸ਼ਿਤ ਹੈ।[35] ਉਸ ਨਾਲ ਪ੍ਰੇਮ ਕੀਤਾ ਜਾ ਸਕਦਾ ਹੈ। ਮਨੁਖ ਵਿੱਚ ਈਸ਼ਵਰ ਦਾ ਅੰਸ਼ ਹੈ ਅਤੇ ਉਹ ਉਸੇ ਅੰਸ਼ੀ ਦਾ ਅਨੁਭਵ ਕਰਦਾ ਹੈ।[36]

ਬ੍ਰਹਮ ਦੇ ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਸਾਰੇ ਦਾਰਸ਼ਨਿਕਾਂ ਨੇ ਆਪਣੇ ਅਨੁਭਵ ਅਤੇ ਗਿਆਨ ਦੇ ਆਧਾਰ ਤੇ ਪਰਮ ਸਤਾ ਦੇ ਨਾਮ, ਸਰੂਪ, ਸਮਰੱਥ, ਸੰਖਿਆ ਆਦਿ ਦਾ ਵਿਵੇਚਨ ਕੀਤਾ ਹੈ। ਇਸ ਵਿਚਾਰ ਤੋਂ ਮੁੱਖ ਰੂਪ ਵਿੱਚ ਬ੍ਰਹਮ ਦੇ ਦੋ ਸਰੂਪ ਬਹੁਤ ਸਪਸ਼ੱਟ ਹੁੰਦੇ ਹਨ- ਅਵਿਅਕਤ ਅਤੇ ਵਿਅਕਤ।

ਗੁਰੂ ਨਾਨਕ ਬਾਣੀ ਅਨੁਸਾਰ ਜਿਹੜੀ ਹਸਤੀ ਸਾਰੇ ਦਿਸਦੇ ਤੇ ਅਣਦਿਸਦੇ ਸੰਸਾਰ ਨੂੰ ਹੋਂਦ ਵਿੱਚ ਲਿਆਉਣ ਵਾਲੀ ਹੈ ਉਸ ਦਾ ਨਾਂ ਅਕਾਲਪੁਰਖ ਹੈ। ਗੁਰ ਨਾਨਕ ਦੇਵ ਜੀ ਨੇ ਉਸ ਦਾ ਸਰੂਪ ਇਨ੍ਹਾਂ ਸ਼ਬਦਾਂ ਵਿੱਚ ਕਥਨ ਕੀਤਾ ਹੈ :

> ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ
> ਅਜੂਨੀ ਸੈਭੰ ਗੁਰਪ੍ਰਸਾਦਿ

ਗੁਰੂ ਨਾਨਕ ਦੇਵ ਜੀ ਬਾਣੀ ਦਾ ਆਰੰਭ ੧ਓ ਤੋਂ ਆਰੰਭ ਕਰਦੇ ਹਨ। ਇਸ ਤੋਂ ਅੱਗੇ ਅਕਾਲਪੁਰਖ ਦੇ ਸਰੂਪ ਦਾ ਵਰਨਣ ਕਰਦਿਆਂ ਗੁਰੂ ਸਾਹਿਬ ਨੇ ਇਸ ਨੂੰ ਇੱਕ ਤੇ ਕੇਵਲ ਇੱਕ ਦੱਸਿਆ ਹੈ। ਉਹ ਅਮਰ , ਅਜੋਨੀ ਹੈ, ਜਾਤ-ਜਨਮ ਹੀਨ ਹੈ, ਅਗੰਮ ਅਗੋਚਰ ਤੇ ਰੂਪ ਰਹਿਤ ਹੈ, ਉਹ ਅਦੁਤੀ ਹੈ, ਉਸ ਜਿਹਾ ਕੋਈ ਹੋਰ ਨਹੀਂ ਹੈ, ਉਹ ਸਾਰੇ ਪਾਸੇ ਸਮਾ ਰਿਹਾ ਹੈ। ਇਹ ਅਕਾਲਪੁਰਖ ਆਪ ਸੱਚ ਹੈ, ਇਸ ਦਾ ਨਾਮ ਸੱਚ ਹੈ, ਇਹ ਇਕ ਚੈਤੰਨ ਹਸਤੀ ਹੈ ਅਤੇ ਸ੍ਰਿਸਟੀ ਦਾ ਕਰਤਾ ਵੀ ਹੈ।[37] ਇੱਥੋਂ ਤੱਕ ਕਿ 'ਅਕਾਲਪੁਰਖ' ਬ੍ਰਹਮਾ, ਵਿਸ਼ਨੂ

ਅਤੇ ਸ਼ਿਵ ਦਾ ਵੀ ਰਚਨਹਾਰ ਹੈ। ਉਹ ਨਿਰਭਉ ਹੈ, ਨਿਰਵੈਰ ਹੈ, ਕਾਲ ਅਤੇ ਇਸ ਦੀਆਂ ਸੀਮਾਵਾਂ ਦੇ ਪ੍ਰਭਾਵ ਤੋਂ ਸੁਤੰਤਰ ਹੈ। ਇਸੇ ਲਈ ਕਾਲ ਉਸ ਦਾ ਵਿਨਾਸ਼ ਨਹੀਂ ਕਰ ਸਕਦਾ। ਵਿਨਾਸ਼ ਉਸ ਦਾ ਹੁੰਦਾ ਹੈ ਜਿਸ ਦਾ ਆਦਿ ਅੰਤ ਹੋਵੇ। ਅਕਾਲਪੁਰਖ ਦੋਹਾਂ ਤੋਂ ਪਰੇ ਹੈ, ਪਰ ਇਸ ਦਾ ਭਾਵ ਇਹ ਨਹੀਂ ਹੈ ਕਿ ਉਹ ਅਣਹੋਂਦ ਹੈ, ਸਗੋਂ ਉਹ ਹੋਂਦ ਹੈ, ਹਸਤੀ ਹੈ, ਪਰ ਉਸ ਦੀ ਹੋਂਦ ਕਿਸੇ ਕਾਰਣ ਕਰਕੇ ਨਹੀਂ ਕਿਉਂਕਿ ਉਹ ਸਵੈ ਪ੍ਰਕਾਸ਼ ਰੂਪ ਹੈ। ਪ੍ਰਕਾਸ਼ ਉਸ ਨੂੰ ਪ੍ਰਕਾਸ਼ਣ ਵਾਲਾ ਨਹੀਂ ਹੈ। ਅਕਾਲਪੁਰਖ ਆਪ ਹੈ ਹੀ ਜੋਤਿ ਸਰੂਪ।[38] ਇਸ ਜੋਤ ਸਰੂਪ ਦੀ ਜੋਤ ਹੀ ਸਮਸਤ ਤ੍ਰਿਭਵਣ ਨੂੰ ਪ੍ਰਕਾਸ਼ ਕਰ ਰਹੀ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਅਨੁਸਾਰ ਅਕਾਲਪੁਰਖ ਦਾ ਨਿਰਧਾਰਣਿ ਕਰਦੇ ਹੋਏ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਉਹ ਕਾਰਨ ਰੂਪ ਵੀ ਹੈ[39] ਤੇ ਕਾਰਜ ਰੂਪ ਵੀ ਹੈ। ਉਹ ਅਕਾਲਪੁਰਖ ਅਕਥ ਹੈ ਉਸ ਦਾ ਕੋਈ ਲੇਖਾ ਜੋਖਾ ਨਹੀਂ ਹੋ ਸਕਦਾ। ਉਹ ਅਲੱਖ ਹੈ, ਅਨੰਤ, ਅਨੂਪ, ਅਦ੍ਰਿਸ਼ਟ, ਅਟੱਲ, ਅਡੋਲ, ਆਦਿ, ਅਨਾਦਿ, ਅਨੀਲ, ਅਨਾਹਤ, ਅਗੰਮ, ਅਗਾਹ, ਨਿਰਾਲਾ, ਅਜਾਤਿ, ਅਰੂਪ, ਅਵਰਣ, ਅਰੇਖ ਅਤੇ ਅਪਰੰਪਰ ਹੈ। ਉਸ ਦੀ ਕੀਮਤ ਨਹੀਂ ਪਾਈ ਜਾ ਸਕਦੀ। ਕਿਉਂਕਿ ਉਹ ਬਹੁਤ ਹੈ ਤੇ ਉਚੇ ਤੋਂ ਉਚੇ ਨਾਮ ਵਾਲਾ ਹੈ ਜੇ ਕੋਈ ਏਡਾ ਵੱਡਾ ਤੇ ਉਚਾ ਹੋ ਸਕੇ ਤਾਂ ਹੀ ਉਸ ਦੀ ਕੀਮਤ ਪਾਈ ਜਾ ਸਕਦੀ ਹੈ। ਉਹ ਆਪਣੇ ਵਰਗਾ ਕੇਵਲ ਆਪ ਹੀ ਹੈ। ਨਿਰੰਕਾਰ ਇੱਕ ਰਸ ਕਾਇਮ ਰਹਿੰਦਾ ਹੈ। ਉਹ ਸਤਿ ਚਿਤ ਆਨੰਦ ਸਰੂਪ ਹੈ।[40] ਪਿਆਰ ਉਸ ਦਾ ਸੁਭਾਅ ਹੈ। ਜਦ ਉਸ ਨੂੰ ਭਾਉਂਦਾ ਹੈ ਤਾਂ ਉਹ ਸਿਰਜਣਾ ਕਰਕੇ ਸਰਗੁਣ ਸਰੂਪ ਵਿਚ ਆ ਜਾਂਦਾ ਹੈ, ਪਰ ਆਪਣੇ ਨਿਰਗੁਣ ਸਰੂਪ ਵਿੱਚ ਵੀ ਸਥਿਰ ਰਹਿੰਦਾ ਹੈ। ਅਕਾਲਪੁਰਖ ਦੇ ਇਸ ਨਿਰਗੁਣ-ਸਰਗੁਣ ਸਰੂਪ ਨੂੰ ਗੁਰੂ ਨਾਨਕ ਦੇਵ ਜੀ ਨੇ ਧਨਾਸਰੀ ਰਾਗ ਵਿੱਚ ਵਰਨਣ ਕੀਤਾ ਹੈ : ਉਹ ਬੇਪਰਵਾਹ ਹੈ ਕਦੇ ਸਿਰਜਣਾ ਸਿਰਜ ਦਿੰਦਾ ਹੈ ਅਤੇ ਕਦੇ ਇਸ ਦਾ ਵਿਨਾਸ਼ ਕਰ ਦਿੰਦਾ ਹੈ। ਉਹ "ਜੋ ਕਿਛੁ ਕਰੈ ਸੁ ਆਪਣ ਭਾਣੈ" ਹੈ।[41] ਉਹ ਆਪਣੀ ਅਰਬਦ ਨਰਬਦ ਧੁਧੂਕਾਰਾ ਦੀ ਅਵਸਥਾ ਵਿਚ "ਆਪੇ ਸਾਹੁ ਆਪੇ ਵਣਜਾਰਾ" ਹੈ।[42] ਉਹ "ਕਰਤਾ ਬਕਤਾ ਆਪਿ ਅਗੋਚੁਰ ਆਪੇ ਅਲਖ ਲਖਾਇਦਾ" ਹੈ।[43] ਉਸ ਬਾਰੇ ਗੁਰੂ ਸਾਹਿਬ ਦੱਸਦੇ ਹਨ ਕਿ "ਆਖਣ ਅਉਖਾ ਨਾਨਕਾ ਆਖਿ ਨ ਜਾਪੇ ਆਖਿ"।[44]

ਸਮੁੱਚੀ ਸ਼੍ਰਿਸ਼ਟੀ ਨੂੰ ਰਚਨ ਵਾਲਾ ਹੋਣ ਕਰਕੇ ਪਰਮਾਤਮਾ ਸਭ ਤੋਂ ਉੱਚਾ ਹੈ, ਪਰ ਕਿਉਂਕਿ ਉਹ ਦਰਸ਼ਕ ਅਤੇ ਰਸਿਕ ਵੀ ਹੈ, ਇਸ ਲਈ ਸ਼੍ਰਿਸ਼ਟੀ ਦੇ ਜ਼ਰੇ-ਜ਼ਰੇ ਵਿਚ ਸਮਾਇਆ ਹੋਇਆ ਹੈ। ਸਰਬ ਉੱਚਤਾ ਉਸ ਦੀ ਸੰਪੂਰਨਤਾ ਦੀ ਲਖਾਇਕ ਹੈ ਤੇ ਜ਼ਰੇ ਜ਼ਰੇ ਵਿਚ ਰਮਣਾ ਉਸ ਦੀ ਵਿਆਪਕਤਾ ਹੈ। ਜਦੋ ਜਗਤ ਪ੍ਰਕ੍ਰਿਤੀ ਦੀ ਕੋਈ ਹੋਂਦ ਨਹੀਂ ਸੀ ਤਾਂ ਵੀ ਅਕਾਲਪੁਰਖ ਮੌਜੂਦ ਸੀ।[45] ਇਸ ਨੂੰ 'ਹੁਕਮ', 'ਇੱਛਾ' ਜਾਂ 'ਕਵਾਉ' ਵੀ ਕਿਹਾ ਗਿਆ ਹੈ। ਹੌਲੀ ਹੌਲੀ ਇਸ ਹੀ 'ਕਵਾਉ' ਤੋਂ ਸ੍ਰਿਸ਼ਟੀ ਦੀ ਰਚਨਾ ਹੋਈ।[46] ਖੰਡਾਂ ਅਤੇ ਲੋਕਾਂ ਦੀ ਸਿਰਜਨਾ ਹੋਈ। ਮੋਹ ਮਾਇਆ ਨੂੰ ਪੈਦਾ ਕੀਤਾ ਅਤੇ ਜਗਤ ਦਾ ਤਾਣਾ ਪੇਟਾ ਇਸ ਦੇ ਹੁਕਮ ਵਿਧਾਨ ਨੂੰ ਸੌਂਪ ਕੇ ਉਹ ਪਰਮ ਸ਼ਕਤੀ ਆਪ ਆਪਣੀ ਅਦਭੂਤ ਰਚਨਾ ਦਾ ਆਨੰਦ ਲੈਣ ਲਈ ਸਭ ਤੋਂ ਉਚੀ ਹੋ ਕੇ ਬੈਠ ਗਈ। ਸਰਬ ਸ਼ਕਤੀਮਾਨ ਪ੍ਰਭੂ ਦੀ ਇਹ ਵਿਸ਼ੇਸਤਾ ਹੈ ਕਿ ਮੁਕਤ ਆਤਮਾਵਾਂ ਦੇ ਲੋਕ ਤੱਕ ਹੀ ਸੀਮਤ ਨਾ ਹੋ ਕੇ ਆਵਾਗੁਉਣ ਅਤੇ ਮੁਕਤੀ ਦੋਹਾਂ ਉਤੇ ਵੀ ਉਸ ਦਾ ਹੀ ਰਾਜ ਹੈ। ਜੜ੍ਹ ਅਤੇ ਚੇਤਨ ਦੋਵੇਂ ਹੀ ਉਸ ਦੇ ਹੁਕਮ ਵਿਚ ਚਲ ਰਹੇ ਹਨ। ਫਿਰ ਵੀ ਉਹ ਗ੍ਰਹਿ ਮੰਡਲਾਂ ਤੋਂ ਬਿਨਾਂ ਉਸ ਮੰਡਲ ਦਾ ਵਾਸੀ ਬਣ ਬੈਠਾ ਹੈ[47] ਜੋ ਉਸ ਦੇ ਪਦ ਦੀ ਪੱਧਰ ਨੂੰ ਸੰਪੂਰਨ ਵਿਸ਼ਵ ਦਾ ਮੂਲ ਸਿਧ ਕਰਦਾ ਹੈ। ਉਹਨਾਂ ਨੇ ਆਪਣੇ ਬ੍ਰਹਮ ਦੀ ਅੰਤਰਾਯਾਮਤਾ ਨੂੰ ਥਾਂ ਪਰ ਥਾਂ ਪ੍ਰਗਟ ਕੀਤਾ ਹੈ।[48]

ਨਾਨਕ ਬਾਣੀ ਵਿੱਚ ਬ੍ਰਹਮ ਦੀ ਸਭ ਤੋਂ ਵੱਧ ਨਿਰਲੇਪਤਾ ਦਾ ਸੰਕਲਪ ਹੀ ਨਹੀਂ ਦੱਸਿਆ ਗਿਆ ਸਗੋਂ ਬ੍ਰਹਮ ਦੀ ਕਣਕਣ ਵਿੱਚ ਵਿਆਪਕਤਾ ਦੀ ਵੀ ਚਰਚਾ ਕੀਤੀ ਗਈ ਹੈ। ਕਹਿਣ ਤੋਂ ਭਾਵ ਇਹ ਹੈ ਕਿ

ਅਕਾਲਪੁਰਖ ਮੂਲ ਰੂਪ ਵਿੱਚ ਸਭ ਦੀ ਸਿਰਜਣਾ ਕਰਨ ਵਾਲਾ ਹੋਣ ਦੇ ਨਾਲ ਨਾਲ ਫੁੱਲ ਦੀ ਸੁਗੰਧੀ ਦੀ ਤਰਾਂ ਸਮੁੱਚੀ ਪ੍ਰਕਿਰਤੀ, ਜੜ੍ਹ ਤੇ ਚੇਤਨ ਵਿਚ ਆਪ ਮੌਜੂਦ ਹੈ। ਇਸ ਲਈ ਉਸ ਨੂੰ ਸਰਬ-ਵਿਆਪਕ, ਘੱਟ-ਘੱਟ ਵਿਚ ਵਸਣ ਵਾਲਾ ਵੀ ਕਿਹਾ ਗਿਆ ਹੈ। ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਸੱਚਖੰਡ ਵਿਚ ਵਸਣ ਵਾਲਾ ਉਹ ਸਭ ਤੋਂ ਉੱਚਾ ਕਲਾਕਾਰ ਇੰਨੀ ਇਕਾਗਰਤਾ ਨਾਲ ਕਿਰਤ ਦੀ ਰਚਨਾ ਕਰਦਾ ਰਿਹਾ ਹੈ ਕਿ ਆਪਣੀ ਕਲਾ ਵਿਚ ਹੀ ਸਮਾ ਗਿਆ ਹੈ :

ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥[49]

ਗੁਰੂ ਨਾਨਕ ਬ੍ਰਹਮ ਨੂੰ ਸਚਖੰਡ ਦਾ ਵਾਸੀ ਦਸਦੇ ਹਨ[50] ਜਿਥੇ ਉਹ ਆਪਣੇ ਕੰਮ ਵਿਚ ਲਗਾਤਾਰ ਰੁਝਿਆ ਹੋਇਆ ਹੈ। ਇਹ ਸਚਖੰਡ ਕੋਈ ਭੂਗੋਲਿਕ ਸਥਾਨ ਨਹੀਂ ਸਗੋਂ ਸਥਾਨਾਂਤੀਤ ਹੈ। ਇਸ ਲਈ ਇਹ ਕਹਿਣਾ ਕਿ ਨਿਰੰਕਾਰ ਸਚਖੰਡ ਵਿਚ ਨਿਵਾਸ ਕਰਦਾ ਹੈ ਇਹ ਕਹਿਣ ਦੇ ਤੁਲ ਹੀ ਹੈ ਕਿ ਨਿਰੰਕਾਰ ਖੁਦ ਸਚਖੰਡ ਹੈ ਅਰਥਾਤ ਸਤਿਸਰੂਪ ਹੈ, ਪਰਮਸਤ ਹੈ ਕਿਉਂਕਿ ਦੋਵੇਂ ਹੀ ਸਮੇਂ ਕਾਲ ਸਥਾਨ ਦੀਆਂ ਸੀਮਾਵਾਂ ਤੋਂ ਪਰੇ ਹੈ।[51]

### 5.2 ਸੰਗਤ ਵਿੱਚ ਅਕਾਲਪੁਰਖ ਦਾ ਵਾਸਾ

ਗੁਰੂ ਨਾਨਕ ਦੇਵ ਜੀ ਦੁਆਰਾ ਵਰਣਤ ਅਕਾਲਪੁਰਖ 'ਸੰਗਤ' ਦਾ ਇਕ ਅਨਿੱਖੜਵਾਂ ਪਹਿਲੂ ਹੈ। ਅਕਾਲਪੁਰਖ ਤੋਂ ਬਿਨਾਂ 'ਸੰਗਤ' ਹੋ ਹੀ ਨਹੀਂ ਸਕਦੀ, ਕਿਉਂਕਿ ਅਕਾਲਪੁਰਖ 'ਸੰਗਤ' ਵਿਚ ਵਸਦਾ ਹੈ। ਗੁਰੂ ਨਾਨਕ ਬਾਣੀ ਅਨੁਸਾਰ 'ਸੰਗਤ', ਪ੍ਰਭੂ ਦਾ ਵਿਸ਼ੇਸ਼ ਸਥਾਨ ਹੈ ਜਿਥੋਂ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ:

ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ॥ [52]

ਭਾਈ ਗੁਰਦਾਸ ਜੀ ਨੇ ਵੀ ਇਸ ਦੀ ਪ੍ਰੋੜ੍ਹਤਾ ਆਪਣੀਆਂ ਵਾਰਾਂ ਵਿੱਚ ਕੀਤੀ ਹੈ।[53]

ਇਹ ਹਰਿ ਰੂਪੀ ਪਰਮਾਤਮਾ ਜੋ 'ਸੰਗਤ' ਵਿਚ ਵਸਦਾ ਹੈ, ਇਸ ਦੀ ਸੋਝੀ 'ਸੰਗਤ' ਵਿੱਚ ਗੁਰੂ ਦੁਆਰਾ ਹੁੰਦੀ ਹੈ:

ਮਿਲਿ ਸਤਸੰਗਤਿ ਹਰਿ ਪਾਈਐ, ਗੁਰਮੁਖਿ ਹਰਿ ਲਿਵ ਲਾਇ॥ [54]

ਸੰਗਤ ਤਾਂ ਹੈ ਹੀ ਉਹ ਚਾਟਸਾਲ ਜਿੱਥੇ ਸਿਰਫ ਪਰਮਾਤਮਾ ਦਾ ਹੀ ਪਾਠ ਪੜ੍ਹਾਇਆ ਜਾਂਦਾ ਹੈ। ਇਹ ਤਾਂ ਉਹ ਟਕਸਾਲ ਹੈ ਜਿੱਥੇ ਪਰਮਾਤਮਾ ਦਾ ਨਾਮ ਮਿਲਦਾ ਹੈ:

ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ [55]

ਜੀਵ ਸਾਧਨਾ ਕਰਦਾ ਹੋਇਆ ਉਸ ਅਵਸਥਾ ਵਿੱਚ ਪਹੁੰਚ ਜਾਂਦਾ ਹੈ ਜਿੱਥੇ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਪਰ ਉਹ ਅਵਸਥਾ ਵੀ 'ਸੰਗਤ' ਵਿਚ ਸਾਧਨਾ ਕਰਨ ਨਾਲ ਹੀ ਪ੍ਰਾਪਤ ਹੁੰਦੀ ਹੈ:

ਤੁਰੀਆ ਾਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ॥ [56]

ਜਮਾਂ ਦੀ ਮਾਰ ਤੋਂ ਗੁਰੂ ਦੀ ਕ੍ਰਿਪਾ ਦੁਆਰਾ ਹੀ ਬਚਿਆ ਜਾ ਸਕਦਾ ਹੈ ਅਤੇ ਪਰਮਾਤਮਾ ਦਾ ਆਨੰਦ ਉਸ ਦੀ ਬਖਸ਼ਿਸ਼, ਉਸ ਦੀ ਕ੍ਰਿਪਾ ਦ੍ਰਿਸ਼ਟੀ, ਉਸ ਦਾ ਅਨੁਭਵ 'ਸੰਗਤ' ਵਿੱਚ ਹੀ ਪ੍ਰਾਪਤ ਹੁੰਦਾ ਹੈ:

ਸਾਧ ਸੰਗਤਿ ਮਹਿ ਹਰਿ ਰਸ ਪਾਈਐ<br>ਗੁਰਿ ਮਿਲਿਐ ਜਮ ਭਉ ਭਾਗਾ॥ [57]

ਉੱਚੀ ਸੁਰਤ ਵਾਲੀ ਸੂਝ ਬੂਝ ਹਰੀ ਨਾਮ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਹਰੀ ਦਾ ਨਾਮ ਸੰਗਤ ਵਿਚ ਰਹਿ ਕੇ ਗੁਰੂ ਨੂੰ ਪਿਆਰ ਕੀਤਿਆਂ ਹੀ ਮਿਲਦਾ ਹੈ:

ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤ ਸੰਗਤਿ ਗੁਰ ਪਿਆਰ॥[58]

ਇੰਜ ਗੁਰੂ ਨਾਨਕ ਬਾਣੀ ਅਨੁਸਾਰ ਅਕਾਲਪੁਰਖ ਦਾ ਵਾਸਾ 'ਸੰਗਤ' ਵਿੱਚ ਹੈ ਅਤੇ ਉਸ ਦੀ ਸੋਝੀ ਤੇ ਪ੍ਰਾਪਤੀ 'ਸੰਗਤ' ਦੁਆਰਾ ਹੀ ਹੁੰਦੀ ਹੈ।

**5.3 ਸੰਗਤ ਵਿਚੋਂ ਅਕਾਲਪੁਰਖ ਦੀ ਪ੍ਰਾਪਤੀ :**

ਸੰਗਤ ਵਿੱਚ ਜਾ ਕੇ ਨਾਮ ਦਾ ਵਪਾਰ ਕਰਕੇ ਗੁਰੂ ਦੁਆਰਾ ਪ੍ਰਭੂ ਨੂੰ ਵਿਚਾਰਿਆ ਜਾਂਦਾ ਹੈ:

ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮ ਬੀਚਾਰਿ॥ [59]

ਸੰਗਤ ਦੇ ਵਿਚੋਂ ਗੁਰੂ ਦੁਆਰਾ ਨਾਮ ਜੋ ਜੀਵਨ ਦਾ ਆਧਾਰ ਹੈ, ਮਿਲਦਾ ਹੈ:

ਸੰਤ ਸਭਾ ਸੁਖ ਊਪਜੈ ਗੁਰਮੁਖਿ ਨਾਮ ਆਧਾਰੁ॥[60]

ਸੰਗਤ ਵਿੱਚੋਂ ਗੁਰੂ ਦੇ ਪ੍ਰੇਮ ਦੁਆਰਾ ਸੰਤੋਖ ਦੀ ਪ੍ਰਾਪਤੀ ਹੁੰਦੀ ਹੈ:

ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ॥[61]

ਗੁਰੂ ਨਾਨਕ ਬਾਣੀ ਅਨੁਸਾਰ ਸਤਿਸੰਗਤ ਉਹ ਹੈ ਜਿੱਥੇ ਕੇਵਲ ਨਾਮ ਹੀ ਸਲਾਹਿਆ ਜਾਂਦਾ ਹੈ। ਜੀਵਨ ਦੀ ਸੰਪੂਰਨਤਾ ਲਈ ਇੱਕੋ ਨਾਮ ਜਪਣਾ ਹੀ ਹੁਕਮ ਹੈ।

ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ [62]

ਗੁਰਮੁਖ ਜਨ ਜਿਹੜੇ ਕਿ ਸਚਿਆਰ ਹਨ, ਪਰਮਾਤਮਾ ਦੀ ਰਜ਼ਾ ਵਿਚ ਚਲਦੇ ਹੋਏ ਮਾਇਆ ਤੋਂ ਨਿਰਲੇਪ ਰਹਿੰਦੇ ਹਨ। ਜਨਮ-ਮਰਨ ਤੋਂ ਰਹਿਤ ਹੁੰਦੇ ਹਨ। ਸਹਿਜ ਵਿਚ ਜੁੜੇ ਰਹਿੰਦੇ ਹਨ ਅਤੇ ਜਿਹਨਾਂ ਨੇ ਗੁਰੂ ਦੀਆਂ ਸਿਖਿਆਵਾਂ ਨੂੰ ਮਨ ਵਿਚ ਵਸਾਇਆ ਹੁੰਦਾ ਹੈ। ਉਹਨਾਂ ਦਾ ਭੋਜਨ ਪਰਮਾਤਮਾ ਦਾ ਨਾਮ ਹੀ ਹੁੰਦਾ ਹੈ ਅਤੇ ਉਹ ਗੁਰੂ ਦੀ ਸਿੱਖਿਆ ਅਨੁਸਾਰ ਚਲਦੇ ਹਨ। ਉਹਨਾਂ ਦੇ ਹਿਰਦੇ ਵਿੱਚ ਸਚ ਸਰੂਪ ਪ੍ਰਭੂ ਵੱਸਦਾ ਹੁੰਦਾ ਹੈ, ਅਜਿਹੇ ਗੁਰਮੁੱਖਾਂ ਦੀ 'ਸੰਗਤ' ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦੀ ਹੈ। ਇਸ 'ਸੰਗਤ' ਵਿਚ ਸੱਚੇ ਨਾਮ ਵਿੱਚ ਜੁੜਿਆ ਪਾਪਾਂ ਦੀ ਮੈਲ ਕੱਟੀ ਜਾਂਦੀ ਹੈ।[63]

ਪਾਰਸ ਇੱਕ ਅਜਿਹਾ ਪੱਥਰ ਹੈ ਜਿਸ ਨਾਲ ਲੋਹਾ ਆਦਿ ਧਾਤ ਛੂਹ ਜਾਏ ਤਾਂ ਉਹ ਸੋਨਾ ਬਣ ਜਾਂਦੀ ਹੈ। ਇਸੇ ਤਰਾਂ ਸਤਿਗੁਰੂ ਦੀ 'ਸੰਗਤ' ਦੀ ਵੀ ਇਹੋ ਵਡਿਆਈ ਹੈ ਕਿ ਜੋ ਸੰਗਤ ਵਿੱਚ ਆਉਂਦਾ ਹੈ ਉਹ ਸ਼ੁੱਧ ਹੋ ਜਾਂਦਾ ਹੈ:

ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਿਸੰਗਤਿ ਕੀ ਵਡਿਆਈ ॥
ਹਰਿ ਜਲੁ ਨਿਰਮਲ ਮਨੁ ਇਸਨਾਨੀ ਮਜਨੁ ਸਤਿਗੁਰੁ ਭਾਈ॥ [64]

ਸਤਿਗੁਰੂ ਦੀ 'ਸੰਗਤ' ਹਰੀ ਨਾਮ ਨਿਰਮਲ ਜਲ ਵਿੱਚ ਇਸ਼ਨਾਨ ਕਰਵਾ ਕੇ ਨਿਰਮਲ ਕਰ ਦਿੰਦੀ ਹੈ। ਸਤਿਗੁਰੂ ਦੇ ਸੇਵਕਾਂ ਦੀ 'ਸੰਗਤ' ਦੇ ਪ੍ਰਤਾਪ ਨਾਲ ਮੁੜ ਮੁੜ ਜਨਮ ਨਹੀਂ ਹੁੰਦਾ ਅਤੇ ਸਤਿਗੁਰੂ ਪ੍ਰਭੂ ਜੋਤ ਵਿੱਚ ਮਿਲਾ ਦਿੰਦਾ ਹੈ:

ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ॥[65]

ਗੁਰਮੁਖਾਂ ਦੀ ਸੰਗਤ ਵਿਚ ਮਿਲ ਕੇ ਗੁਰੂ ਦੀ ਸ਼ਰਣ ਵਿੱਚ ਆ ਕੇ ਗੁਰੂ ਦਾ ਦਰਸ਼ਨ ਕਰਕੇ ਅਠਾਹਨ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ ਜਿਸ ਜੀਵ ਨੂੰ 'ਸੰਗਤ' ਮਿਲਦੀ ਹੈ ਉਸ ਨੂੰ ਦਾਤਾਰ ਪ੍ਰਭੂ ਮਿਲ ਪੈਂਦਾ ਹੈ ਫਿਹ ਉਹ ਪ੍ਰਭੂ ਦੀ ਸਿਫਤ ਸਲਾਹ ਵਿਚ ਲੀਨ ਰਹਿੰਦਾ ਹੈ:

ਸੰਤ ਜਨਾ ਮਿਲ ਸੰਗਤੀ ਗੁਰਮੁਖ ਤੀਰਥ ਹੋਇ॥[66]

ਸੰਗਤ ਦੇ ਵਿੱਚ ਨਾਮ ਰਸ ਮਿਲਦਾ ਹੈ ਅਤੇ ਗੁਰੂ ਦੇ ਮਿਲਣ ਨਾਲ ਜਮ ਦਾ ਡਰ ਦੂਰ ਹੋ ਜਾਂਦਾ ਹੈ। ਗੁਰੂ ਦੀ ਸ਼ਰਣ ਵਿਚ ਪੈ ਕੇ ਸਿਮਰਨ ਕਰਕੇ ਪ੍ਰਭੂ ਮਿਲ ਪੈਂਦਾ ਹੈ:

ਸਾਧ ਸੰਗਤਿ ਮਹਿ ਹਰਿ ਰਸੁ ਪਾਈਐ
ਗੁਰੁ ਮਿਲਿਐ ਜਮ ਭਉ ਭਾਗਾ॥
ਨਾਨਕ ਰਾਮਨਾਮੁ ਜਪਿ ਗੁਰਮੁਖਿ
ਹਰਿ ਪਾਏ ਮਸਤਕਿ ਭਾਗਾ॥ [67]

ਸੰਗਤ ਵਿੱਚ ਜਾ ਕੇ ਗੁਰੂ ਦੀ ਸ਼ਰਣ ਪੈਣ ਨਾਲ ਦੁਖ-ਸੁਖ ਖੁਸ਼ੀ-ਗਮੀ ਤੋਂ ਨਿਰਲੇਪਤਾ ਰਿਧ, ਸਿਧ, ਬੁਧ, ਗਿਆਨ ਤੇ ਮੁਕਤ ਪਦਾਰਥ ਮਿਲਦੇ ਹਨ:

ਰਿਧਿ ਸਿਧਿ ਬੁਧਿ ਗਿਆਨ ਗੁਰੂ ਤੇ ਪਾਇਆ
ਮੁਕਤਿ ਪਦਾਰਥੁ ਸਰਣਿ ਪਇਆ॥
ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ ਹਰਖ ਸੋਗ ਤੇ ਬਿਰਕਤੁ ਭਇਆ॥ [68]

ਗੁਰੂ ਦੀ ਸੇਵਾ ਤੇ ਸੰਤ ਜਨਾਂ ਦੀ ਸੰਗਤ ਕਰਨ ਨਾਲ ਜਮਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਮਾਇਆ ਸੱਪਣੀ ਦੇ ਡੰਗ ਤੋਂ ਬਚਿਆ ਜਾਂਦਾ ਹੈ ਤੇ ਹਰੀ ਨਾਮ ਰੂਪੀ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ:

ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ॥
ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ ਡਸਿ ਨ ਸਕੈ
ਹਰਿ ਕਾ ਰਸੁ ਪੀਜੈ॥ [69]

ਉੱਚੀ ਸੁਰਤ ਵਾਲੀ ਸੂਝ ਬੂਝ ਹਰੀ ਨਾਮ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਸੰਗਤ ਵਿੱਚ ਰਹਿ ਕੇ ਗੁਰੂ ਪ੍ਰਾਪਤ ਕੀਤਿਆ ਹੀ ਮਿਲਦੀ ਹੈ।

ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ
ਸਤਸੰਗਤਿ ਗੁਰਿ ਪਿਆਰ॥ [70]

ਦੇਸ਼ ਦੇਸਾਂਤਰਾਂ ਦੇ ਰਟਨ ਕਰਨ ਨਾਲ ਮਨੁੱਖ ਦੀ ਤ੍ਰਿਸ਼ਨਾ ਖਤਮ ਨਹੀਂ ਹੁੰਦੀ ਅਤੇ ਨਾ ਹੀ ਅੰਦਰ ਦੀ ਮੈਲ ਉਤਰਦੀ ਹੈ। ਸਤਿਗੁਰੂ ਦੇ ਉਪਦੇਸ਼ ਤੋਂ ਬਿਨਾਂ ਹੋਰ ਥਾਂ ਭਗਤੀ ਵੀ ਨਹੀਂ ਹੋ ਸਕਦੀ। ਗੁਰੂ ਦੁਆਰਾ ਹੀ ਤ੍ਰਿਸਨਾ ਦੀ ਅਗਨੀ ਦੂਰ ਹੁੰਦੀ ਹੈ। ਗੁਰ-ਉਪਦੇਸ਼ ਮਨ ਵਿਚ ਵਸਾਉਣ ਨਾਲ ਹਉਮੈ ਤੇ ਤ੍ਰਿਸ਼ਨਾ ਦਾ ਨਾਸ ਹੋ ਜਾਂਦਾ ਹੈ। ਮਨੁੱਖੀ ਮਨਵਡਮੁੱਲਾ ਹੈ ਪਰ ਰਾਮ ਨਾਮ ਦੁਆਰਾ ਹੀ ਇਹ ਪ੍ਰਭੂ ਦੇ ਦਰ ਤੇ ਪ੍ਰਵਾਨ ਹੁੰਦਾ ਹੈ। ਇਸ ਤਰਾਂ ਸੰਗਤ ਵਿਚ ਮਿਲ ਕੇ ਗੁਰਾਂ ਦੁਆਰਾ ਹਰੀ ਵਿਚ ਲਿਵ ਲਾ ਕੇ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਇਸ ਨਾਲ ਆਪਾ ਭਾਵ ਮਿਟ ਜਾਂਦਾ ਹੈ। ਜੀਵ ਸੁਖ ਨੂੰ ਪ੍ਰਾਪਤ ਹੋ ਜਾਂਦਾ ਹੈ। ਜੀਵਆਤਮਾ ਪਰਮਾਤਮਾ ਵਿੱਚ ਇਉਂ ਅਭੇਦ ਹੋ ਜਾਂਦੀ ਹੈ ਜਿਵੇਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ:

ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ॥
ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ॥ [71]

### 5.4 ਸੰਗਤ ਤੇ ਗੁਰੂ

'ਗੁਰੂ' ਸ਼ਬਦ ਦਾ ਅਰਥ —

ਗੁਰੂ ਸੰਸਕ੍ਰਿਤ ਦਾ ਸ਼ਬਦ ਹੈ। ਇਸ ਦੇ ਵਿਉਤਪੱਤੀ ਮੂਲਕ ਅਰਥ ਹਨ-ਜੋ ਧਰਮ ਦਾ ਉਪਦੇਸ਼ ਕਰੇ, ਅਥਵਾ ਅਗਿਆਨ ਨੂੰ ਦੂਰ ਕਰੇ, ਅਥਵਾ ਦੇਵ-ਗੰਧਰਵ ਆਦਿ ਵਿਚ ਸਲਾਹਿਆ ਜਾਂਦਾ ਹੋਵੇ, ਉਸ ਨੂੰ ਗੁਰੂ ਆਖਦੇ ਹਨ (गृणति उपदिशित धर्मं गिरति वा, यद्वा गीर्यते स्तूयते देवगर्न्धादिभिः)। ਅਦਵਯਤਾਰਕ ਉਪਨਿਸ਼ਦ (16) ਵਿੱਚ 'ਗੁਰੂ' ਸ਼ਬਦ ਦੀ ਵਿਆਖਿਆ ਕਰਦੇ ਹੋਇਆ 'ਗੁ' ਦਾ ਅਰਥ ਅੰਨ੍ਹੇਰਾ ਅਤੇ 'ਰੁ' ਦਾ ਅਰਥ 'ਦੂਰ ਕਰਨ ਵਾਲਾ', ਕੀਤਾ ਗਿਆ ਹੈ। ਇਸ ਦੀ ਵਿਆਖਿਆ ਅਨੁਸਾਰ ਗੁਰੂ ਉਹ ਹੈ ਜੋ ਸਿੱਖ ਦੇ

ਅਗਿਆਨ-ਅੰਧਕਾਰ ਨੂੰ ਦੂਰ ਕਰੇ। ਖਜਾਨ ਸਿੰਘ ਨੇ ਵੀ ਲਗਭਗ ਉਕਤ ਅਰਥ ਦੀ ਪੁਸ਼ਟੀ ਕੀਤੀ ਹੈ।[72] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਸ਼ਬਦ ਗ੍ਰੀ (ਗ੍ਰ) ਧਾਤੂ ਤੋਂ ਬਣਿਆ ਹੈ, ਇਸ ਦੇ ਅਰਥ ਹਨ- ਨਿਗਲਣਾ ਅਤੇ ਸਮਝਾਉਣਾ, ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿਖ ਨੂੰ ਤੱਤਵ ਗਿਆਨ ਸਮਝਾਉਂਦਾ ਹੈ, ਉਹ ਗੁਰੂ ਹੈ।[73]

ਗੁਰੂ ਤੋਂ ਭਾਵ ਉਹ ਮਹਾਨ ਆਤਮਕ ਸ਼ਕਤੀ ਹੈ ਜੋ ਪਰਮਾਤਮਾ ਵਲੋਂ ਮਨੁੱਖ ਮਾਤਰ ਦੇ ਕਲਿਆਣ ਵਾਸਤੇ ਸਦੀਵ ਕਾਲ ਲਈ ਨਿਸ਼ਚਿਤ ਹੋਈ ਹੈ। ਇਸ ਦੇ ਸ਼ਬਦੀ ਅਰਥ ਹਨ, ਹਨੇਰੇ ਵਿਚ ਰੋਸ਼ਨੀ ਪੈਦਾ ਕਰਨ ਵਾਲਾ'।[74] ਡਾ. ਮੈਕਲੋਡ ਨੇ ਗੁਰੂ ਨੂੰ ਇਕ 'ਮਿਸਟੀਕਲ ਪ੍ਰਿੰਸੀਪਲ' ਅਰਥਾਤ ਰਹੱਸਵਾਦੀ ਸਿਧਾਂਤ ਮੰਨਿਆ ਹੈ।[75] ਇਸੇ ਵਿਚਾਰ ਦੀ ਪੁਸ਼ਟੀ ਡਾ. ਜੇ ਐਸ, ਗਰੇਵਾਲ ਨੇ ਆਪਣੀ ਪੁਸਤਕ 'ਗੁਰੂ ਨਾਨਕ ਇਨ ਹਿਸਟਰੀ' ਵਿਚ ਕੀਤੀ ਹੈ।[76] ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਕੋਈ ਦੇਹਧਾਰੀ ਜਾਂ ਬਾਹਰਮੁਖੀ ਆਸ਼ੇ ਵਾਲਾ ਵਿਅਕਤੀ ਨਹੀਂ ਹੋ ਸਕਦਾ, ਸਗੋਂ ਸੰਸਾਰ ਨੂੰ ਪੈਦਾ ਕਰਨ ਵਾਲੀ ਮਹਾਨ ਸ਼ਕਤੀ ਵੱਲੋਂ ਮਨੁਖ ਦੇ ਕਲਿਆਣ ਲਈ ਨਿਸ਼ਚਿਤ ਕੀਤਾ ਕੋਈ ਆਤਮਕ ਪੱਧਰ ਦਾ ਸਥਾਨ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ ਗੁਰੂ ਪਰਮਾਤਮਾ ਦੇ ਮਿਲਾਪ ਲਈ ਇੱਕ ਕੜੀ ਦਾ ਕੰਮ ਕਰਦਾ ਹੈ ਅਤੇ ਸਹਾਈ ਹੁੰਦਾ ਹੈ।[77] ਡਾ. ਮਨਮੋਹਨ ਸਹਿਗਲ ਅਨੁਸਾਰ ਗੁਰੂ ਦੇ ਬਿਨਾਂ ਅਵਿਵੇਕ ਦੇ ਅੰਧਕਾਰ ਵਿੱਚ ਪੰਧ ਦੀ ਖੋਜ ਕਰਨਾ ਲਗਭਗ ਅਸੰਭਵ ਹੈ।[78]

ਪਰੰਪਰਾ ਤੋਂ ਗੁਰੂ ਦੀ ਮਹਾਨਤਾ ਨੂੰ ਸਵੀਕਾਰ ਕਰਦਿਆਂ ਕਿਸੇ ਨਾ ਕਿਸੇ ਰੂਪ ਵਿੱਚ ਗੁਰੂ ਦੀ ਨਿਸ਼ਠਾ ਹੁੰਦੀ ਰਹੀ ਹੈ। ਵੈਦਿਕ ਕਾਲ ਵਿੱਚ ਅਜਿਹੇ ਵਿਅਕਤੀਤਵ ਨੂੰ ਵਿਦਵਾਨ, ਪਰੋਹਿਤ ਜਾਂ ਪੰਡਤ ਦਾ ਦਰਜਾ ਪ੍ਰਾਪਤ ਸੀ।[79] ਉਪਨਿਸ਼ਦ ਕਾਲ ਵਿੱਚ ਇਹਨਾਂ ਪਰੋਹਿਤਾਂ ਤੇ ਪੰਡਿਤਾਂ ਦੀ ਥਾਂ ਰਿਸ਼ੀਆਂ ਮੁਨੀਆਂ ਨੇ ਲੈ ਲਈ। ਇਸ ਸਮੇਂ ਗੁਰੂ ਦੀ ਲੋੜ ਨੂੰ ਚੰਗੀ ਅਨੁਭਵ ਕੀਤਾ ਗਿਆ ਹੈ। ਕਠ ਉਪਨਿਸ਼ਦ ਵਿੱਚ ਲਿਖਿਆ ਗਿਆ ਹੈ ਕਿ ਅਲਪੱਗ ਮਨੁੱਖ ਦੁਆਰਾ ਦਿੱਤੇ ਗਏ ਆਤਮਿਕ ਗਿਆਨ ਦੀ ਸਮਝ ਨਹੀ ਆ ਸਕਦੀ। ਇਹ ਗਿਆਨ ਕਿਸੇ ਗਿਆਨਵਾਨ ਪੁਰਸ਼ ਦੁਆਰਾ ਹੀ ਦਿੱਤਾ ਜਾ ਸਕਦਾ ਹੈ।[80] ਛਾਦੋਗਉਪਨਿਸ਼ਦ ਅਨੁਸਾਰ ਗੁਰੂ ਪਾਸੋਂ ਗਿਆਨ ਪ੍ਰਾਪਤ ਹੀ ਮੁਕਤੀ ਲਈ ਸਹਾਇਕ ਹੁੰਦਾ ਹੈ।[81] ਮੁੰਡਕੋ ਉਪਨਿਸ਼ਦ ਅਨੁਸਾਰ ਗੁਰੂ ਉਹ ਵਿਅਕਤੀ ਹੋ ਸਕਦਾ ਹੈ ਜਿਸ ਨੇ ਨੇਮ ਪੂਰਵਕ ਦੇਵਾਂ ਅਤੇ ਬ੍ਰਹਮਵਿਦਿਆ ਨੂੰ ਸੁਣਿਆ ਹੋਵੇ ਅਤੇ ਉਹਨਾਂ ਦਾ ਮੰਨਨ ਅਤੇ ਨਿਧਿਆਸਣ ਕਰਕੇ ਸਾਖਿਆਤ ਵੀ ਕਰ ਲਿਆ ਹੋਵੇ।[82]

ਗੀਤਾ ਦੀ ਸਿਰਜਣਾ ਵੀ ਗੁਰੂ ਸ਼ਿਸ਼ ਦੀ ਪਰੰਪਰਾ ਨਾਲ ਜੁੜੀ ਹੋਈ ਹੈ। ਭਗਵਾਨ ਕ੍ਰਿਸ਼ਨ ਆਪਣੇ ਪਰਮ ਪ੍ਰਿਆ ਸ਼ਿਸ਼ ਅਰਜਨ ਦੀ ਜਿਗਿਆਸਾ ਤੇ ਸ਼ਰਧਾ ਨੂੰ ਮੁਖ ਰੱਖ ਕੇ ਉਸ ਨੂੰ ਉਪਦੇਸ਼ ਕਰਦੇ ਰਹੇ। ਉਹ ਗੀਤਾ ਦੇ ਰੂਪ ਵਿਚ ਸਾਡੇ ਤੱਕ ਪੁਜਿਆ ਹੈ।[83]

ਭਾਰਤੀ ਵਿਚਾਰਧਾਰਾ ਵਿਚ ਉਪਨਿਸ਼ਦਾਂ ਤੋਂ ਪਿੱਛੋਂ ਜੈਨ, ਬੁਧ, ਯੋਗ, ਤਾਂਤਰਿਕ ਮੱਤਾਂ ਦਾ ਪ੍ਰਭਾਵ ਰਿਹਾ ਹੈ। ਜੈਨ ਮਤ ਵਿਚ ਤੀਰਥੰਕਰ ਨੂੰ ਗੁਰੂ ਦੀ ਪਦਵੀ ਦਿੱਤੀ ਗਈ ਹੈ।[84] ਬੁੱਧ ਧਰਮ ਵਿਚ ਸੰਘ ਦੀ ਸਥਾਪਨਾ ਅਤੇ 'ਬੁਧੰ' ਸ਼ਰਣੰ ਗਛਾਮਿ' ਦੇ ਵਿਸ਼ਵਾਸ਼ ਨਾਲ ਗੁਰੂ ਦੇ ਮਹੱਤਵ ਨੂੰ ਬਲ ਮਿਲਿਆ ਕਿਉਂਕਿ ਬੁਧ ਧਰਮ ਦੇ ਅਨੁਆਈ ਬੁਧ ਨੂੰ ਹੀ ਗੁਰੂ ਸਵੀਕਾਰਦੇ ਹਨ।[85] ਵਜ੍ਰਯਾਨ ਸਾਖਾ ਨਾਲ ਸੰਬੰਧਿਤ ਬੋਧਾਂ ਅਨੁਸਾਰ ਗੁਰੂ ਦੀਖਿਆ ਬਿਨਾ ਕੋਈ ਵੀ ਬੁੱਧ ਧਰਮ ਵਿਚ ਦਾਖਲ ਨਹੀਂ ਹੋ ਸਕਦਾ। ਗੁਰੂ ਦਾ ਸਥਾਨ ਸਰਵੋਤਮ ਹੈ।[86] ਬਗੈਰ ਗੁਰੂ ਦੇ ਨਿਰਦੇਸ਼ਨ ਤੋਂ ਸਮਾਧੀ ਦੀ ਪ੍ਰਾਪਤੀ ਵਿਚ ਸਫਲਤਾ ਮਿਲਣੀ ਅਸੰਭਵ ਹੈ।[87] ਗੁਰੂ ਦੇ ਅੰਮ੍ਰਿਤ ਬਚਨਾਂ ਨਾਲ ਹੀ ਨਿਰਵਾਣ ਦੀ ਪ੍ਰਾਪਤੀ ਹੋ ਸਕਦੀ ਹੈ।[88]

ਮਹਾਯਾਨ ਸਾਖਾ ਵਿੱਚ ਬੋਧੀ ਸੱਤ੍ਵਾ ਦੇ ਸਿਧਾਂਤ ਨੂੰ ਸਵੀਕਾਰ ਕਰ ਲੈਣ ਨਾਲ ਸਾਧਨਾ ਪੱਖ ਵਿਚ ਗੁਰੂ ਦੀ ਅਵੱਸ਼ਕਤਾ ਉੱਤੇ ਅਧਿਕ ਬਲ ਦਿੱਤਾ ਗਿਆ।[89] ਤੰਤਰ ਸਾਧਨਾ ਵਿੱਚ ਗੁਰੂ ਨੂੰ ਸ਼ਿਵ ਦੇ ਸਮਾਨ ਸਥਾਨ ਦਿੱਤਾ ਗਿਆ।[90] ਨਾਥ ਪੰਥੀਆਂ, ਜੋਗੀਆਂ ਸਹਿਜਯਾਨੀਆਂ ਵਿੱਚ ਸਤਿਗੁਰੂ ਦੀ ਮਹਿਮਾ ਗਾਈ ਗਈ ਹੈ। ਸੂਫੀ ਸਾਧਨਾ

ਅੰਦਰ ਗੁਰੂ (ਮੁਰਸ਼ਦ) ਦਾ ਬਹੁੱਤ ਮਹੱਤਵ ਮੰਨਿਆ ਗਿਆ ਹੈ।[92]

ਪੁਰਾਤਨ ਭਾਰਤੀ ਧਰਮਾਂ ਵੇਦ, ਉਪਨਿਸ਼ਦ, ਗੀਤਾ, ਜੈਨ ਮੱਤ, ਬੁੱਧ-ਮੱਤ, ਸੂਫੀ ਮੱਤ ਆਦਿ ਨਾਲ ਗੁਰੂ ਨਾਨਕ ਬਾਣੀ ਵਿਚਲੇ ਗੁਰੂ ਦੇ ਸੰਕਲਪ ਦਾ ਤੁਲਨਾਤਮਕ ਅਧਿਐਨ ਕਰਦਿਆਂ ਇਹ ਪਤਾ ਲਗਦਾ ਹੈ ਕਿ ਜਿੱਥੇ ਬਾਕੀ ਧਰਮਾਂ ਅਤੇ ਧਰਮ ਗੰ੍ਥਾਂ ਵਿੱਚ ਦੇਹਧਾਰੀ ਗੁਰੂ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ ਹੈ, ਉਥੇ 'ਸਿੱਖ-ਧਰਮ' ਵਿਚਲੀ ਸੰਗਤ ਦੇ ਸੰਕਲਪ ਅਨੁਸਾਰ ਸ਼ਬਦ ਨੂੰ ਹੀ ਗੁਰੂ ਸਵੀਕਾਰਿਆ ਗਿਆ ਹੈ। ਬਾਕੀ ਧਰਮ ਤੇ ਧਰਮ ਗੰ੍ਥ ਗੁਰੂ ਅਤੇ ਅਕਾਲਪੁਰਖ ਨੂੰ ਦੋ ਅੱਡ ਅੱਡ ਰੂਪ ਮੰਨਦੇ ਹਨ। ਕੇਵਲ ਤੰਤਰ ਸਾਧਨਾ ਵਿੱਚ ਗੁਰੂ ਨੂੰ ਸ਼ਿਵ (ਦੇਵਤਾ) ਰੂਪ ਮੰਨਿਆ ਗਿਆ ਹੈ। ਪੰਤੂ ਗੁਰੂ ਨਾਨਕ ਬਾਣੀ ਵਿਚਲੀ 'ਸਿਖ-ਸੰਗਤ' ਦੀ ਧਾਰਨਾ ਅਲੱਗ ਹੈ। ਇਸ ਅਨੁਸਾਰ ਗੁਰੂ ਅਤੇ ਅਕਾਲ ਪੁਰਖ ਦੋਵੇਂ ਇੱਕ ਹਨ। ਬਾਕੀ ਧਰਮਾਂ ਵਿਚ ਗੁਰੂ ਅਧਿਆਤਮਕ ਪ੍ਦਰਸ਼ਨ ਕਰਦਾ ਹੈ, ਪਰ ਗੁਰੂ ਨਾਨਕ ਬਾਣੀ ਅਨੁਸਾਰ ਗੁਰੂ ਅਧਿਆਤਮਕ ਅਗਵਾਈ ਕਰਨ ਦੇ ਨਾਲ ਨਾਲ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਖੇਤਰਾਂ ਦੀ ਪਾ੍ਧੀਨਤਾ ਤੋਂ ਵੀ ਸੁਤੰਤਰਤਾ ਪ੍ਦਾਨ ਕਰਦਾ ਹੋਇਆ ਇੱਕ ਆਦਰਸ਼ਕ ਸਮਾਜ ਦਾ ਨਿਰਮਾਣ ਕਰਨ ਦੀ ਪੇ੍ਰਨਾ ਅਤੇ ਬਲ ਪ੍ਦਾਨ ਕਰਦਾ ਹੈ।

ਇੰਜ ਨਾਨਕ ਬਾਣੀ ਵਿੱਚ ਥਾਂ ਥਾਂ ਤੇ ਗੁਰੂ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ ਹੈ। ਇਸ ਬਾਣੀ ਅਨੁਸਾਰ ਗੁਰੂ ਤੋਂ ਬਗੈਰ ਸਿੱਖ ਦੀ ਹੋਂਦ ਦਾ ਕੋਈ ਅਰਥ ਨਹੀਂ।

ਸਿੱਖ ਦੇ ਅਰਥ ਹਨ : ਗੁਰੂ ਦੀ ਮੱਤ ਲੈ ਕੇ ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲਣਾ।[93] ਗੁਰੂ ਦੀ ਮਹਾਨ ਸ਼ਖਸ਼ੀਅਤ ਹਰ ਸਮੇਂ ਸਿੱਖ ਦੇ ਜੀਵਨ ਦੀ ਅਗਵਾਈ ਕਰਦੀ ਹੈ। ਬਿਨ੍ਹਾਂ ਗੁਰੂ ਦੀ ਮਹਾਨ ਸਖਸ਼ੀਅਤ ਦੇ ਨਾ ਤਾਂ ਜੀਵਨ ਵਿੱਚ ਇਕਸੁਰਤਾ ਉਤਪੰਨ ਹੋ ਸਕਦੀ ਹੈ ਅਤੇ ਨਾ ਹੀ ਸਮਾਜ ਦੀਆਂ ਸਦਾਚਾਰਕ ਸ਼ਕਤੀਆਂ ਨੂੰ ਠੀਕ ਸੇਧ ਮਿਲ ਸਕਦੀ ਹੈ।[94]

ਗੁਰੂ ਨਾਨਕ ਬਾਣੀ ਅਨੁਸਾਰ ਗੁਰੂ ਸਿੱਖ ਨੂੰ ਨਾਮ ਤੇ ਗਿਆਨ ਦਿੰਦਾ ਹੈ। ਗੁਰੂ ਦੇ ਮੁੱਖ ਵਿੱਚ ਵੇਦ ਹੈ।[95] ਗੁਰੂ ਸਾਹਿਬ ਦਾ ਕਥਨ ਹੈ :

ਭਇਆ ਮਨੂਰੁ ਕੰਚਨੁ ਫਿਰਿ ਹੋਵੈ
ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ
ਤਉ ਨਾਨਕ ਤ੍ਰਿਸਟਸਿ ਦੇਹਾ॥ [96]

ਸਤਿਗੁਰੂ ਅੰਮ੍ਰਿਤ ਰੂਪੀ ਨਾਮ ਦਿੰਦਾ ਹੈ ਜੋ ਸਭ ਪਾਪਾਂ ਤੇ ਰੋਗਾਂ ਨੂੰ ਕਟਣ ਵਾਲਾ ਹੈ।[97] ਉਹਨਾਂ ਅਨੁਸਾਰ ਗੁਰੂ ਤੋਂ ਬਿਨਾਂ ਗਿਆਨ ਨਹੀਂ ਹੋ ਸਕਦਾ।[98] ਗੁਰੂ ਨਾਨਕ ਬਾਣੀ ਵਿੱਚ ਗੁਰੂ ਦੀ ਮਹਿਮਾ ਇਉਂ ਕੀਤੀ ਗਈ ਹੈ :

ਬਿਨੁ ਗੁਰ ਭਰਮੈ ਆਵੈ ਜਾਇ॥
ਬਿਨੁ ਗੁਰ ਘਾਲ ਨ ਪਵਈ ਥਾਇ॥
ਬਿਨੁ ਗੁਰ ਮਨੂਆ ਅਤਿ ਡੋਲਾਇ॥
ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥
ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ॥
ਨਾਨਕ ਗੁਰ ਬਿਨੁ ਘਾਟੇ ਘਾਟ॥
– – – – – – – – – – – –

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ॥
ਬਿਨੁ ਸਤਿਗੁਰ ਭੇਟੇ ਨਾਮ ਪਾਇਆ ਨ ਜਾਇ॥
ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ॥
ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ॥
ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ॥ [99]

ਗੁਰਬਾਣੀ ਵਿੱਚ ਗੁਰੂ ਅਤੇ ਸਤਿਗੁਰੂ ਇੱਕੋ ਹੀ ਹਨ।[100] ਗੁਰੂ ਨਾਨਕ ਬਾਣੀ ਵਿੱਚ ਗੁਰੂ ਪਦ ਦੇ ਪ੍ਰਤਿਪਾਦਨ ਲਈ ਜੋ ਕੁੱਝ ਲਿਖਿਆ ਮਿਲਦਾ ਹੈ ਉਹ ਕੇਵਲ ਅਧਿਆਤਮਕ ਗੁਰੂ ਲਈ ਹੈ, ਪਰ ਹੈ ਉਹ ਅਸਰੀਰੀ। ਡਾ. ਰਤਨ ਸਿੰਘ ਜੱਗੀ ਅਨੁਸਾਰ ਗੁਰੂ ਦਾ ਜੋ ਸਰੂਪ ਪ੍ਰਤਿਪਾਦਨ ਗੁਰੂ ਨਾਨਕ ਬਾਣੀ ਵਿਚ ਹੋਇਆ ਹੈ ਉਹੀ ਪ੍ਰਮਾਣਿਕ ਅਤੇ ਪ੍ਰਮੁੱਖ ਹੈ।[101]

ਗੁਰੂ ਨਾਨਕ ਅਨੁਸਾਰ ਉਹ ਗੁਰੂ ਹੈ ਜਿਸ ਦਾ ਹਿਰਦਾ ਤਹਿ ਤਕ ਸਤਿ ਸਰੂਪ ਪਰਮਾਤਮਾ ਦੇ ਨਾਮ ਵਿਚ ਰੱਤਾ ਹੈ ਅਤੇ ਜਿਸ ਦੀ ਸੁਗੰਧਿ ਨਾਲ ਸੰਸਾਰਿਕ ਪ੍ਰਾਣੀਆਂ ਰੂਪੀ ਬਨਸਪਤੀ ਸੰਵਰ ਜਾਂਦੀ ਹੈ।[102] ਉਹ ਸਾਧਕ ਨੂੰ ਉਸ ਦੇ ਹਿਰਦੇ ਰੂਪੀ ਘਰ ਵਿੱਚ ਆਤਮ ਸਰੂਪੀ ਘਰ ਵਿਖਾ ਦਿੰਦਾ ਹੈ[103] ਅਤੇ ਸਭ ਨੂੰ ਆਪਣੇ ਵਾਸਤਵਿਕ ਸਰੂਪ ਨਾਲ ਮਿਲਾ ਦਿੰਦਾ ਹੈ।[104]

ਗੁਰੂ ਨਾਨਕ ਬਾਣੀ ਅਨੁਸਾਰ ਗੁਰੂ ਦੁਆਰਾ ਸਥਾਪਤ ਸੰਗਤ ਦੀ ਸੰਸਥਾ ਦਾ ਇਹ ਗੁਣ ਹੈ ਕਿ ਇਸ ਵਿੱਚ ਗੁਰੂ ਆਪ ਸ਼ਾਮਿਲ ਹੁੰਦਾ ਹੈ। ਉਹ ਜਿੱਥੇ ਪੂਰਨ ਗੁਰਸਿਖਾਂ ਦੀਆਂ ਆਤਮਾਵਾਂ ਵਿੱਚ ਆਪਣੀ ਜੋਤ ਦਾ ਸਮਾਵੇਸ਼ ਕਰਦਾ ਹੈ ਉਥੇ ਸਮੁੱਚੀ ਸੰਗਤ ਵਿੱਚ ਵੀ ਉਸ ਦੀ ਹੋਂਦ ਵਿਦਮਾਨ ਰਹਿੰਦੀ ਹੈ। ਗੁਰੂ ਦੀ ਜੋਤ ਦੇ ਸੰਗਤ ਵਿੱਚ ਸਮਾਵੇਸ਼ ਕਾਰਨ ਹੀ ਗੁਰਮਤਿ ਵਿਚ "ਗੁਰੂ ਨੂੰ ਵੀਹ ਵਿਸਵੇ ਤੇ ਸੰਗਤ ਨੂੰ ਇੱਕੀ ਵਿਸਵੇ ਕਿਹਾ ਗਿਆ ਹੈ।[105] ਗੁਰੂ ਦੀ ਹੋਂਦ ਕਾਰਨ ਹੀ ਸੰਗਤ ਵਿਚ ਕਰਾਮਾਤ ਹੁੰਦੀ ਹੈ। ਭਾਈ ਗੁਰਦਾਸ ਅਨੁਸਾਰ ਸਿੱਧਾਂ ਨਾਲ ਚਰਚਾ ਕਰਦੇ ਸਮੇਂ ਗੁਰੂ ਨਾਨਕ ਨੇ ਬਾਣੀ ਅਤੇ ਸੰਗਤ ਨੂੰ ਆਪਣੇ ਮੱਤ ਦੇ ਬੁਨਿਆਦੀ ਦੀ ਤੱਤ ਕਹੇ ਹਨ:

'ਗੁਰਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ।[106]

ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਦੀਆਂ ਥਾਂ ਥਾਂ ਸੰਗਤਾਂ ਕਾਇਮ ਕੀਤੀਆਂ। ਫਿਰ ਉਹਨਾਂ ਦੇ ਸਮੂਹਿਕ ਰੂਪ ਵਿੱਚ ਆਪਣੇ ਅਵਿਅਕਤਤਵ ਦਾ ਸਮਾਵੇਸ਼ ਕਰ ਦਿੱਤਾ।[107] ਸਤਿਗੁਰੂ ਸੰਗਤ ਦਾ ਮਹੱਤਵਪੂਰਨ ਅੰਸ਼ ਹੈ:

ਸਤਿਗੁਰ ਬਾਝਹੁ ਸੰਗਤਿ ਨ ਹੋਈ॥ [108]

**5.5 ਸ਼ਬਦ-ਗੁਰੂ :**

ਸ਼ਬਦ-ਗੁਰੂ ਦੇ ਸੰਕਲਪ ਨੂੰ ਸਿਖ-ਚਿੰਤਨ ਵਿਚ ਕੇਂਦਰੀਅਤ ਪ੍ਰਾਪਤ ਹੈ। ਸ਼ਬਦ-ਗੁਰੂ ਦਾ ਪ੍ਰਸੰਗ ਇਸ ਰੂਪ ਵਿਚ ਹੋਰ ਕਿਤੇ ਪ੍ਰਾਪਤ ਨਹੀਂ ਹੈ। ਧਰਮ ਚਿੰਤਨ ਵਿੱਚ ਸ਼ਬਦ ਦੇ ਪ੍ਰਸੰਗ ਤਾਂ ਪ੍ਰਾਪਤ ਹਨ ਪਰੰਤੂ ਸ਼ਬਦ-ਗੁਰੂ ਦਾ ਸਿਧਾਂਤ ਪ੍ਰਾਪਤ ਨਹੀਂ ਹੈ।[109]

ਬਾਣੀ 'ਸਿਧਗੋਸਟਿ' ਵਿੱਚ ਗੁਰੂ ਨਾਨਕ ਸਾਹਿਬ 'ਸ਼ਬਦ' ਨੂੰ ਆਪਣਾ ਗੁਰੂ ਮੰਨਦੇ ਹਨ ਅਤੇ ਇਸ ਨੂੰ ਪੀਰ ਕਹਿੰਦੇ ਤੇ ਮੰਨਦੇ ਹਨ।

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ [110]

ਸ਼ਬਦ ਦਾ ਵਿਚਾਰ ਬਹੁਤ ਪੁਰਾਣਾ ਹੈ। ਮਹਾਨ ਕੋਸ਼ ਦੇ ਕਰਤਾ ਨੇ ਸ਼ਬਦ ਦੇ ਅਰਥ ਧੁਨੀ, ਆਵਾਜ਼,

ਸੁਰ, ਪਦ, ਲਫਜ, ਗੁਪਤਗੂ, ਗੁਰੂ ਉਪਦੇਸ਼, ਬ੍ਰਹਮ ਕਰਤਾਰ, ਧਰਮ, ਮਜ਼ਹਬ, ਪੈਗਾਮ, ਸਨੇਹਾ ਆਦਿ ਲਏ ਹਨ।[111] ਗੁਰੂ ਨਾਨਕ ਨੇ ਬ੍ਰਹਮ ਨੂੰ ਸ਼ਬਦ ਰੂਪ ਵਿੱਚ ਚਿਤਰਿਆ ਹੈ।

ਸ਼ਬਦ ਬ੍ਰਹਮ ਦੀ ਧਾਰਨਾ ਬਹੁਤ ਪੁਰਾਣੀ ਹੈ। ਰਿਗਵੇਦ ਵਿੱਚ ਵੀ ਇਸ ਦੀ ਵਰਨਣ ਵੇਖਿਆ ਜਾ ਸਕਦਾ ਹੈ।[112] ਕਠੋਪਨਿਸ਼ਦ' ਦੇ ਅਨੁਸਾਰ ਸ਼ਬਦ ਬ੍ਰਹਮ ਦੇ ਗਿਆਨ ਨਾਲ ਮਨੁੱਖ ਮਨਚਾਹੀਆਂ ਕਾਮਨਾਵਾਂ ਪ੍ਰਾਪਤ ਕਰ ਸਕਦਾ ਹੈ।[113] ਪੁਰਾਣਾਂ ਵਿੱਚ ਸ਼ਬਦ ਬ੍ਰਹਮ ਦਾ ਉਲੇਖ ਮਿਲ ਜਾਂਦਾ ਹੈ। ਨਾਥ ਪੰਥ ਨੇ ਵੀ ਸ਼ਬਦਾਂ ਦੇ ਮਹੱਤਵ ਦੀ ਸਥਾਪਨਾ ਕੀਤੀ ਹੈ।[114] ਡਾ. ਗੋਬਿੰਦ ਤ੍ਰਿਗੁਣਾਇਤ ਅਨੁਸਾਰ ਸੰਤਾਂ ਦਾ ਸ਼ਬਦ-ਸੁਰਤਿ ਬਾਦ ਤੰਤਰਿਕਾਂ ਦੇ ਨਾਦ ਬਿੰਦੂ ਦਾ ਨਵੀਨ ਸੰਸਕਰਣ ਹੈ। ਨਾਦ ਦੀ ਮਹਿਮਾ ਦਾ ਵਰਨਣ ਉਹਨਾਂ ਨੇ ਸ਼ਬਦ ਦੇ ਨਾਲ ਕੀਤਾ ਹੈ।[115] ਗੁਰੂ ਨਾਨਕ ਨੇ ਬ੍ਰਹਮ ਦਾ ਸ਼ਬਦ ਰੂਪ ਕਈ ਥਾਵਾਂ ਤੇ ਵਰਨਣ ਕੀਤਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰੂ ਨਾਨਕ ਦੇਵ ਜੀ ਨੂੰ ਕਰਤਾਰ ਵਲੋਂ ਥਾਪਿਆ ਮੰਨ ਕੇ ਗੁਰੂ ਦੀ ਵਿਆਖਿਆ, ਅਗਿਆਨ ਵਿਨਾਸ਼ਕ ਸਤਿ ਹਿਤ ਉਪਦੇਸ਼ਾਂ ਦੇ ਰੂਪ ਵਿੱਚ ਕੀਤੀ ਹੈ। ਗੁਰੂ ਨਾਨਕ ਸਾਹਿਬ ਨੇ ਖੁਦ ਉਸ ਵਿਚਲੀ ਜੋਤ ਨੂੰ ਗੁਰੂ ਮੰਨਿਆ ਹੈ ਜਿਹੜੀ ਅਭੁਲ ਹੈ ਅਤੇ ਆਦਿ ਜੁਗਾਦਿ ਕਾਇਮ ਰਹਿਣ ਵਾਲੀ ਸ਼ਕਤੀ ਹੈ।

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥[116]

ਗੁਰੂ ਦਾ ਸ਼ਬਦ ਹੀ ਸ਼ਬਦ-ਗੁਰੂ ਹੈ।[117]

ਅਧਿਆਤਮਕ ਖੇਤਰ ਵਿੱਚ ਸ਼ਬਦ ਨੂੰ ਬ੍ਰਹਮ, ਗੁਰੂ, ਬਚਨ ਆਦਿ ਅਰਥਾਂ ਵਿੱਚ ਵਰਤਿਆ ਗਿਆ ਹੈ।[118] ਸ. ਕਪੂਰ ਸਿੰਘ ਅਨੁਸਾਰ ਸ਼ਬਦ ਉਹ ਤੱਤ ਹੈ ਜਿਸ ਨੂੰ ਜਾਣਦਿਆਂ ਸਚ ਦੀ ਸੋਝੀ ਹੁੰਦੀ ਹੈ ਤੇ ਸਚ ਨਾਲ ਮਿਕ ਹੋ ਜਾਈਦਾ ਹੈ।[119] ਮੈਕਲੋਡ ਅਨੁਸਾਰ ਜੋ ਕੁਝ ਵੀ ਪਰਮਾਤਮਾ ਨਾਲ ਸੰਬੰਧਿਤ ਹੈ, ਜੋ ਕੁਝ ਵੀ ਉਸ ਦੇ ਮਾਰਗ ਨੂੰ ਦਰਸਾਉਣ ਵਾਲਾ ਹੈ ਜਿਹੜਾ ਉਸ ਤੱਕ ਲਿਜਾਣ ਵਾਲਾ ਹੈ, ਉਹ ਸਭ ਸ਼ਬਦ ਹੈ।[120] ਪ੍ਰੀਤਮ ਸਿੰਘ ਅਨੁਸਾਰ ਅਸਲੀ ਗੁਰੂ ਉਹ ਹੈ ਜੋ ਨਿਰੰਕਾਰ ਨਾਲ ਅਭੇਦ ਹੋ ਜਾਵੇ ਅਤੇ ਜਿਸ ਨੂੰ ਸੱਚ ਦਾ ਪੂਰਾ ਗਿਆਨ ਹੋ ਜਾਏ। ਸੱਚ ਬਾਰੇ ਉਸ ਦਾ ਦਸਿਆ 'ਸ਼ਬਦ' ਗੁਰੂ ਬਣ ਜਾਂਦਾ ਹੈ।[121]

ਗੁਰੂ ਸਿੱਖ ਨੂੰ ਜਿਹੜਾ ਸ਼ਬਦ ਜਾਪ ਅਥਵਾ ਸਿਮਰਨ ਲਈ ਦਿੰਦਾ ਹੈ, ਉਸ ਨੂੰ ਨਾਮ ਕਿਹਾ ਜਾਂਦਾ ਹੈ।[122] 'ਨਾਮ' ਸ਼ਬਦ ਦਾ ਨਿਕਾਸ ਸੰਸਕ੍ਰਿਤ 'ਨਾਮਨ' ਸ਼ਬਦ ਤੋਂ ਹੈ। ਜਿਸ ਚੀਜ਼ ਲਈ ਜਿਹੜਾ ਵੀ ਪਦ ਉਸ ਨੂੰ ਦੂਜਿਆਂ ਤੋਂ ਵਖਿਰਿਆਉਣ ਲਈ ਵਰਤਦੇ ਹਨ ਉਹ ਹੀ ਉਸ ਦਾ ਨਾਮ ਹੈ ਪਰ ਗੁਰੂ ਨਾਨਕ ਦੇਵ ਜੀ ਨੇ 'ਨਾਮ', 'ਨਾਉ' ਜਾਂ 'ਨਾਇ' ਸ਼ਬਦ ਦੀ ਵਰਤੋਂ ਕੇਵਲ ਪ੍ਰਭੂ ਦੇ ਨਾਮ ਦੇ ਸੰਬੰਧ ਵਿਚ ਕੀਤੀ ਹੈ।[123]

ਨਾਮ ਦੀ ਪ੍ਰਾਪਤੀ 'ਸੰਗਤ' ਵਿਖੇ ਗੁਰੂ ਰਾਹੀਂ ਹੁੰਦੀ ਹੈ।[124] ਗੁਰੂ ਸੰਗਤ ਵਿੱਚ ਅਧਿਆਤਮਕਤਾ ਦੇ ਬੀਜਾਂ ਦੇ ਫੁੱਟਣ ਵਿਚ ਮਦਦ ਕਰਦਾ ਹੈ। ਮਨ ਦੇ ਸੰਤਾਪ ਦਾ ਇਲਾਜ ਕਰਕੇ ਆਤਮਾ ਦੇ ਸਰੂਪ ਤੋਂ ਮਾਇਆ ਦਾ ਪਰਦਾ ਉਤਰਦਾ ਹੈ। ਸਤਿਗੁਰੂ 'ਸੰਗਤ' ਵਿੱਚ ਬਾਂਹ ਫੜ ਕੇ ਭਵਸਾਗਰ ਤੋਂ ਪਾਰ ਉਤਾਰ ਦਿੰਦਾ ਹੈ। ਗੁਰੂ 'ਸੰਗਤ' ਵਿੱਚ ਗੁਰਮਤਿ ਦੇ ਕੇ ਜਨਮ ਮਰਨ ਦੇ ਦੁਖਾਂ ਤੋਂ ਛੁਟਕਾਰਾ ਦਿਵਾ ਦਿੰਦਾ ਹੈ। ਸਤਿਗੁਰੂ ਸਭ ਤੋਂ ਵੱਡਾ ਦਾਨੀ ਹੈ। ਜਿਸ ਉਤੇ ਉਸ ਦੀ ਬਖਸ਼ਿਸ ਹੋ ਜਾਂਦੀ ਹੈ ਉਸ ਨੂੰ ਪ੍ਰਭੂ ਨਾਲ ਮੇਲ ਦਿੰਦਾ ਹੈ।[125] ਸਤਿਗੁਰੂ ਦਾ ਨਿਵਾਸ ਗੁਰ-ਸ਼ਬਦ ਵਿਚ ਹੈ। 'ਸੰਗਤ' ਵਿਚ ਗੁਰਸ਼ਬਦ ਅਥਵਾ ਨਾਮ ਪ੍ਰਵੇਸ਼ ਕਰਦਾ ਹੈ। ਇਸ ਲਈ 'ਸੰਗਤ' ਵਿਚ ਸਤਿਗੁਰੂ ਦਾ ਵਾਸਾ ਹੈ।

ਅੰਤ ਨਾਮ ਨਾਮੀ ਦੀ ਅਭੇਦਤਾ ਹੈ। ਇਸ ਕਰਕੇ ਗੁਰਬਾਣੀ ਅਨੁਸਾਰ ਨਾਮ ਇਕ ਆਤਮ ਵਿਰਸਾ ਹੈ, ਜੋ ਸਿੱਖ ਦੀ ਈਸ਼ਵਰ ਪ੍ਰਾਪਤੀ ਦੀ ਅਕਾਂਖਯਾ ਤੋਂ ਲੈ ਕੇ ਜਪ ਤੋਂ ਆਰੰਭ ਹੋ ਕੇ ਸਾਂਈ ਮਿਲਾਪ ਤੱਕ ਲੈ ਜਾਂਦੀ ਹੈ। ਸਾਈ ਦੀ ਸਿਫ਼ਤ ਸਲਾਹ, ਕੀਰਤਨ, ਉਸ ਅੱਗੇ ਬੇਨਤੀ, ਉਸ ਦਾ ਸ਼ੁਕਰ ਧੰਨਵਾਦ ਆਦਿ ਮਨ ਦੇ ਉਚੇ ਭਾਵ

ਉਸ ਨਾਮ ਦੇ ਸਹਾਇਕ ਹਨ ਜੋ ਉਸ ਨੂੰ ਨਿਰਾ ਸਾਧਨ ਮਾਤ੍ਰ ਨਹੀਂ ਰਹਿਣ ਦਿੰਦੇ ਨਾਮ ਨੂੰ ਉਹ ਜਿਉਂਦਾ ਜਾਗਦਾ ਪ੍ਰੇਮ ਬਣਾ ਦਿੰਦੇ ਹਨ। ਗੁਰਦੇਵ ਨਾਮ ਸੰਬੰਧੀ ਪ੍ਰਭੂ ਦੇ ਬੋਲ ਨੂੰ ਇਉਂ ਪ੍ਰਗਟ ਕਰਦੇ ਹਨ :

ਨਾਵੈ ਅੰਦਰਿ ਹਉ ਵਸਾ ਨਾਉ ਵਸੈ ਮਨਿ ਆਇ॥ [126]

ਇਸ ਤੋਂ ਸਪਸ਼ਟ ਹੈ ਕਿ ਨਾਮ ਤੇ ਪ੍ਰਭੂ ਅਭਿੰਨ ਹਨ। ਇਸ ਤਰਾਂ ਗੁਰੂ ਨਾਨਕ ਦੁਆਰਾ ਸਥਾਪਤ ਸੰਗਤ ਦਾ ਇਹ ਗੁਣ ਹੈ ਕਿ ਇਸ ਵਿਚ ਗੁਰੂ ਆਪ ਉਪਸਥਿਤ ਰਹਿੰਦਾ ਹੈ। ਉਹ ਜਿੱਥੇ ਪੂਰਨ ਗੁਰਸਿਖਾਂ ਦੀਆਂ ਆਤਮਾਵਾਂ ਵਿਚ ਆਪਣੀ ਜੋਤ ਦਾ ਸਮਾਵੇਸ਼ ਕਰਦਾ ਹੋਇਆ ਉਨਾਂ ਨਾਲ ਤਦਰੂਪ ਹੋ ਜਾਂਦਾ ਹੈ ਉਥੇ ਸਮੁੱਚੀ ਸੰਗਤ ਵਿਚ ਉਸ ਦੀ ਹੋਂਦ ਵਿਦਮਾਨ ਰਹਿੰਦੀ ਹੈ।

ਇਸੇ ਲਈ ਗੁਰੂ ਨਾਨਕ ਸਾਹਿਬ ਪਰਮਾਤਮਾ ਦੀ ਸਰਬ ਵਿਆਪਕਤਾ ਨੂੰ ਇਉਂ ਵੀ ਵਰਨਣ ਕਰਦੇ ਹਨ:

ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥[127]

ਸਦੀਵਤਾ ਪ੍ਰਭੂ ਦਾ ਲੱਛਣ ਹੈ। ਇਸ ਲਈ 'ਸਤਿ' ਉਸ ਦਾ ਢੁਕਵਾਂ ਨਾਂ ਹੈ। ਉਹ ਹਨੇਰੇ ਤੋਂ ਪ੍ਰਕਾਸ਼ ਵਲ ਲੈ ਜਾਣ ਦਾ ਵਿਸਮਾਦਜਨਕ ਕਾਰਜ ਕਰਦਾ ਹੈ. ਇਸੇ ਲਈ 'ਵਾਹਿਗੁਰੂ' ਉਸ ਦਾ ਬਹੁਤ ਢੁਕਵਾਂ ਨਾਂ ਹੈ।[128] ਨਾਮ ਨੂੰ ਗੁਰ-ਸ਼ਬਦ ਵੀ ਕਿਹਾ ਜਾਂਦਾ ਹੈ ਤੇ ਗੁਰਮੰਤਰ ਵੀ।[129] ਪਰ ਗੁਰੂ ਨਾਨਕ ਦਾ ਗੁਰਮੰਤਰ ਦਾ ਸਿਧਾਂਤ ਭਾਰਤ ਦੀ ਮੰਤਰਾਂ ਦੀ ਪੁਰਾਣੀ ਪ੍ਰਥਾ ਤੋਂ ਭਿੰਨ ਹੈ। ਇਸ ਭਿੰਨਤਾ ਨੂੰ ਉਹ ਉਦਾਹਰਣ ਦੇ ਕੇ ਨਿਖੜਦੇ ਹਨ :

ਮਨਮੁਖਿ ਭਰਮਿ ਭਵੈ ਬੇਬਾਣਿ॥
ਵੇਮਾਰਗਿ ਮੂਸੇ ਮੰਤ੍ਰਿ ਮਸਾਣਿ॥
ਸਬਦੁ ਨ ਚੀਨੈ ਲਵੈ ਕੁਬਾਣਿ॥
ਨਾਨਕ ਸਾਚਿ ਰਤੇ ਸੁਖੁ ਜਾਣਿ॥ [130]

ਉਹਨਾਂ ਨੇ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਵਰਤੇ ਮੰਤਰਾਂ ਦਾ ਖੰਡਨ ਕੀਤਾ ਹੈ:

ਤੰਤੁ ਮੰਤੁ ਪਾਖੰਡੁ ਨ ਜਾਣਾ
ਰਾਮੁ ਰਿਦੈ ਮਨੁ ਮਾਨਿਆ॥ [131]

ਗੁਰੂ ਸਾਹਿਬ ਨੇ ਦੂਸਰੇ ਮੰਤਰਾਂ ਵਲੋਂ ਰੋਕ ਕੇ ਮਨੁੱਖ ਨੂੰ ਸ਼ਬਦ ਤੇ ਨਾਮ ਦਾ ਮਾਰਗ ਅਪਨਾਉਣ ਲਈ ਪ੍ਰੇਰਿਆ ਹੈ। ਇਹੋ ਸ਼ਬਦ ਤੇ ਨਾਮ ਗੁਰਮੰਤਰ ਹੈ ਤੇ ਗੁਰੂ ਨਾਨਕ ਅਨੁਸਾਰ ਇਹੋ ਮੂਲ ਮੰਤਰ ਹੈ:

ਮੂਲ ਮੰਤ੍ਰ ਹਰਿ ਨਾਮੁ ਰਸਾਇਣੁ
ਕਹੁ ਨਾਨਕ ਪੂਰਾ ਪਾਇਆ॥ [132]

ਸੋ ਗੁਰੂ ਨਾਨਕ ਬਾਣੀ ਅਨੁਸਾਰ ਗੁਰੂ ਨੂੰ ਪਰਮਾਤਮਾ, ਸਬਦ ਅਤੇ ਗੁਰਬਾਣੀ ਸਾਰੇ ਅਰਥਾਂ ਵਿੱਚ ਵਰਤਿਆ ਹੈ। ਪਰ ਗੁਰੂ, ਸਬਦ ਅਤੇ ਪਰਮਾਤਮਾ ਮੂਲ ਰੂਪ ਵਿੱਚ ਇਕ ਦੂਸਰੇ ਵਿਚ ਅਭੇਦ ਹਨ। ਜਦੋਂ ਇਹ ਸ਼ਬਦ ਮਨੁੱਖੀ ਸੁਰਤ ਨੂੰ ਰਹੱਸ-ਅਨੁਭੂਤੀ ਦੀ ਅਵਸਥਾ ਵਿਚ ਲੈ ਜਾਂਦਾ ਹੈ ਤਾਂ ਇਹ ਅਨਹਦ ਸ਼ਬਦ ਅਖਵਾਉਂਦਾ ਹੈ, ਕਿਉਂਕਿ ਉਸ ਅਵਸਥਾ ਵਿੱਚ ਇਸ ਸ਼ਬਦ ਵਿਚਲੇ ਰਹੱਸ ਦਾ ਨਿਰੰਤਰ ਪ੍ਰਦਰਸ਼ਨ ਹੁੰਦਾ ਹੈ। ਇਸੇ ਲਈ ਇਸ ਨੂੰ ਅਨਹਦ ਕਿਹਾ ਗਿਆ ਹੈ। ਇਹ ਕੋਈ ਸੰਗੀਤ ਜਾਂ ਆਵਾਜ਼ ਨਹੀਂ, ਕੇਵਲ ਪ੍ਰਭੂ ਦੀ ਹੋਂਦ ਦੇ ਨਿਰੰਤਰ ਰਸ-ਸਰੂਪ ਦਾ ਇਸ਼ਨਾਨ ਹੈ:

ਖਟੁ ਮਟੁ ਦੇਹੀ ਮਨੁ ਬੈਰਾਗੀ॥
ਸੁਰਤਿ ਸਬਦੁ ਧੁਨਿ ਅੰਤਰਿ ਜਾਗੀ॥

ਵਾਜੈ ਅਨਹਦੁ ਮੇਰਾ ਮਨੁ ਲੀਣਾ॥
ਗੁਰਬਚਨੀ ਸਚਿ ਨਾਮਿ ਪਤੀਣਾ॥ [133]

ਅਕਾਲਪੁਰਖ ਦੇ ਇਸ ਪ੍ਰਗਟਾਓ ਨੂੰ ਵੀ ਗੁਰੂ ਨਾਨਕ ਬਾਣੀ ਵਿੱਚ ਸ਼ਬਦ ਹੀ ਕਿਹਾ ਗਿਆ ਹੈ।

ਚਹੁਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁਦਿਸਿ ਨਾਮੁ ਪਤਾਲੰ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ॥ [134]
ਸੁ ਸਬਦੁ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ॥
ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥ [135]

ਇਹਨਾਂ ਤੁਕਾਂ ਵਿਚ ਗੁਰੂ ਸਾਹਿਬ ਨੇ ਅਕਾਲਪੁਰਖ ਨੂੰ ਹੀ ਸ਼ਬਦ ਕਿਹਾ ਹੈ।

### 5.6 ਸੰਗਤ ਰਾਹੀਂ ਗੁਰੂ ਦੀ ਪ੍ਰਾਪਤੀ :

ਗੁਰੂ ਨੂੰ ਸੂਖਮ ਰੂਪ ਵਿਚ ਹਰ 'ਸੰਗਤ' ਵਿਚ ਵਿਆਪਕ ਸਮਝਿਆ ਹੈ ਪਰ ਇਸ ਗੁਰੂ ਦੀ ਪ੍ਰਾਪਤੀ ਜਿਹੜਾ ਗੁਰੂ ਮੁਕਤੀ ਦੇਣ ਵਾਲਾ ਹੈ, 'ਸੰਗਤ' ਵਿੱਚੋਂ ਹੀ ਹੁੰਦੀ ਹੈ:

ਸੰਤ ਸਭਾ ਗੁਰ ਪਾਈਐ ਮੁਕਤ ਪਦਾਰਥੁ ਧੇਣੁ॥ [136]

ਇਹ ਪੂਰਾ ਸਤਿਗੁਰੂ ਸੰਗਤ ਵਿੱਚੋਂ ਮਿਲਣ ਨਾਲ ਗੁਣਾਂ ਦਾ ਖਜ਼ਾਨਾ ਪ੍ਰਭੂ ਪਰਮਾਤਮਾ ਪ੍ਰਾਪਤ ਹੋ ਜਾਂਦਾ ਹੈ:

ਸਾਧੂ ਸਤਗੁਰੁ ਜੇ ਮਿਲੈ
ਤਾ ਪਾਈਐ ਗੁਣੀ ਨਿਧਾਨੁ॥ [137]

ਇੱਥੇ ਹੀ ਵਸ ਨਹੀਂ ਉਚੀ ਸੁਚੀ ਸੂਝ ਪ੍ਰਦਾਨ ਕਰਨ ਵਾਲਾ ਗੁਰੂ 'ਸੰਗਤ' ਦੁਆਰਾ ਹੀ ਪ੍ਰਾਪਤ ਹੁੰਦਾ ਹੈ:

ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰਿ।[138]

ਹਰੀ ਰੂਪੀ ਹੀਰਾ ਗੁਰੂ ਦੇ ਕੋਲੋਂ ਪ੍ਰਾਪਤ ਹੁੰਦਾ ਹੈ ਪਰ ਗੁਰੂ ਦੀ ਪ੍ਰਾਪਤੀ ਸੰਗਤ ਵਿੱਚੋਂ ਹੁੰਦੀ ਹੈ ਜਿੱਥੇ ਉਸ ਵਾਰੇ ਵਿਚਾਰ ਕਰਕੇ ਹਰੀ ਦੀ ਸਿਫਤ ਸਲਾਹ ਕੀਤੀ ਜਾਂਦੀ ਹੈ। ਸੰਗਤ ਵਿੱਚ ਹੀ ਗੁਰੂ ਸੱਚੇ ਸੌਦੇ ਦੀ ਬਖਸ਼ਿਸ ਕਰਦਾ ਹੈ। ਸੰਗਤ ਵਿੱਚ ਗੁਰੂ ਦੇ ਮਿਲਣ ਨਾਲ ਜਗਿਆਸੂ ਸੱਚ ਵਿਚ ਰੰਗਿਆ ਜਾਂਦਾ ਹੈ:

ਸਤਸੰਗਤਿ ਸਤਿਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ॥ [139]

ਜੀਵ ਅੰਦਰ ਜਮਾਂ ਦਾ ਭਿਆਨਕ ਡਰ ਬੈਠਾ ਹੁੰਦਾ ਹੈ। ਜੀਵ ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ। ਇਹ ਛੁਟਕਾਰਾ ਗੁਰੂ ਦੁਆਰਾ ਹੀ ਹੋ ਸਕਦਾ ਹੈ। ਇੰਜ ਕੇਵਲ ਨਾਮ ਰਸ ਹੀ ਸੰਗਤ ਵਿਚ ਨਹੀਂ ਮਿਲਦਾ ਸਗੋਂ ਜਮ ਦਾ ਡਰ ਦੂਰ ਕਰਾਉਣ ਵਾਲਾ ਗੁਰੂ ਵੀ ਸੰਗਤ ਵਿੱਚੋਂ ਪ੍ਰਾਪਤ ਹੁੰਦਾ ਹੈ :

ਸਾਧ ਸੰਗਤਿ ਮਹਿ ਹਰਿ ਰਸੁ ਪਾਈਐ ਗੁਰਿ ਮਿਲਿਐ ਜਮਭਉ ਭਾਗਾ॥[140]

### 5.7 ਗੁਰੂ ਅਤੇ ਅਕਾਲਪੁਰਖ ਦੀ ਅਭੇਦਤਾ

ਗੁਰੂ ਨਾਨਕ ਬਾਣੀ ਅਨੁਸਾਰ ਗੁਰੂ ਨਾ ਦੇਹਧਾਰੀ ਹੈ, ਨਾ ਸਮੇਂ ਸਥਾਨ ਤੇ ਕਾਰਨ ਕਾਰਜ ਵਿਚ ਬੱਝਾ ਕੋਈ ਸੰਸਾਰਕ ਵਿਅਕਤੀ ਹੈ। ਉਹ ਤਾਂ ਪਰਮਾਤਮਾ ਦੀ ਪਰਮ-ਪਰਚੰਡ ਜੋਤ ਦਾ ਇਕ ਪ੍ਰਗਟ ਚਮਤਕਾਰ ਹੈ।[141] ਡਾ. ਦਰਸ਼ਨ ਸਿੰਘ ਦਾ ਮੱਤ ਹੈ ਕਿ ਪਰਮਾਤਮਾ ਆਪ ਹੀ ਗੁਰੂ ਹੈ।[142] ਇਸ ਦੀ ਪੁਸ਼ਟੀ ਹੋਰ ਵਿਦਵਾਨਾਂ ਨੇ ਵੀ ਕੀਤੀ ਹੈ।[143] ਡਾ. ਰਤਨ ਸਿੰਘ ਜੱਗੀ ਅਨੁਸਾਰ ਗੁਰੂ ਨਾਨਕ ਦੇ ਗੁਰੂ ਦਾ ਸਰੂਪ ਅਸ਼ਰੀਰੀ ਅਥਵਾ ਨਿਰਾਕਾਰ ਹੈ।[144] ਗੁਰੂ

ਤੇ ਪਰਮਾਤਮਾ ਵਿੱਚ ਕੋਈ ਭੇਦਤਾ ਨਹੀਂ ਹੈ ਕਿਉਂਕਿ ਪਰਮਾਤਮਾ ਨੇ ਆਪ ਆਪਣੇ ਰੂਪ ਨੂੰ ਗੁਰੂ ਵਿਚ ਸਥਿਤ ਕੀਤਾ ਹੈ।[145] ਫਲਸਰੂਪ ਇਨਾਂ ਦੋਹਾਂ ਵਿੱਚ ਕਿਸੇ ਪ੍ਰਕਾਰ ਦਾ ਕੋਈ ਅੰਤਰ ਨਹੀਂ।[146] ਡਾ. ਸਰਿੰਦਰ ਸਿੰਘ ਕੋਹਲੀ ਦਾ ਕਥਨ ਹੈ ਕਿ ਆਦਿ ਗ੍ਰੰਥ ਵਿਚ 'ਗੁਰੂ' ਪਦ ਦੈਵੀ ਸ਼ਿਕਸ਼ਣ ਲਈ ਆਇਆ ਹੈ। ਖ਼ੁੱਦ ਪਰਮਾਤਮਾ ਨੂੰ 'ਆਦਿ ਗੁਰੂ' ਅਤੇ 'ਜੁਗਾਦਿ ਗੁਰੂ' ਕਿਹਾ ਗਿਆ ਹੈ। ਉਹ ਆਦਿ ਅਤੇ ਸਨਾਤਨ ਕਾਲ ਤੋਂ ਦੈਵੀ ਸ਼ਿਕਸ਼ਣ ਹੈ।[147] ਸਤਿਗੁਰੂ ਤੋਂ ਮੁਰਾਦ ਸੱਚਾ ਗੁਰੂ ਵੀ ਹੈ ਤੇ ਅਕਾਲਪੁਰਖ ਵੀ। ਗੁਰੂ ਨਾਨਕ ਬਾਣੀ ਵਿੱਚ ਸਤਿਗੁਰੂ ਸ਼ਬਦ ਉਪਰੋਕਤ ਦੋਹਾਂ ਅਰਥਾਂ ਵਿੱਚ ਆਇਆ ਹੈ।[148]

ਗੁਰੂ ਰਤਨਾ ਨਾਲ ਭਰਿਆ ਸਮੁੰਦਰ ਹੈ।[149] ਇਹ ਰਤਨ ਗੁਣਾਂ ਦੇ ਹਨ। ਗੁਰੂ ਸੰਤੋਖ ਦਾ ਸਰੋਵਰ ਹੈ।[150] ਗੁਰੂ ਵਰਗਾ ਹੋਰ ਕੋਈ ਤੀਰਥ ਨਹੀਂ ਹੈ।[151] ਗੁਰੂ ਨੂੰ ਸੰਤੋਖ ਦਾ ਬ੍ਰਿਛ ਵੀ ਕਿਹਾ ਗਿਆ ਹੈ, ਜਿਸ ਨੂੰ ਧਰਮ ਦੇ ਫੁਲ ਅਤੇ ਗਿਆਨ ਦੇ ਫਲ ਲਗਦੇ ਹਨ।[152] ਉਹ ਇੱਕ ਦਰਿਆ ਹੈ, ਜਿਸ ਦਾ ਜਲ ਸਦਾ ਨਿਰਮਲ ਹੁੰਦਾ ਹੈ ਅਤੇ ਜਿਸ ਵਿੱਚ ਇਸ਼ਨਾਨ ਕੀਤਿਆਂ ਸਭ ਔਗੁਣ ਦੂਰ ਹੋ ਜਾਂਦੇ ਹਨ।[153] ਉਹ ਦਾਤਾ ਹੈ, ਹਿਮਾਲਿਆ ਅਤੇ ਤ੍ਰਿਲੋਕੀ ਦਾ ਦੀਪਕ ਹੈ।[154] ਗੁਰੂ ਨਾਨਕ ਬਾਣੀ ਦੇ ਅਧਿਐਨ ਤੋਂ ਇਹ ਪਤਾ ਚਲਦਾ ਹੈ ਕਿ ਗੁਰੂ ਨਾਨਕ ਨੇ ਕਿਸੇ ਵਿਅਕਤੀ ਵਿਸ਼ੇਸ ਨੂੰ ਆਪਣਾ ਗੁਰੂ ਨਹੀਂ ਮੰਨਿਆ। ਉਹਨਾਂ ਦੀ ਬਾਣੀ ਗੁਰੂ ਦੀ ਮਹੱਤਤਾ ਵਾਰੇ ਚਾਨਣਾ ਪਾਉਂਦੀ ਹੈ, ਪਰ ਇਸ ਵਿਚ ਗੁਰੂ ਦੀ ਥਾਂ ਇਕ ਈਸ਼ਵਰ ਤੇ ਉਸ ਦੇ ਗਿਆਨ ਪ੍ਰਕਾਸ਼ ਨੂੰ ਹੀ ਗੁਰੂ ਸਵੀਕਾਰ ਕੀਤਾ ਗਿਆ ਹੈ।[155] ਪ੍ਰੋ. ਗੁਰਬਚਨ ਸਿੰਘ ਤਾਲਿਬ ਅਨੁਸਾਰ ਗੁਰੂ ਨਾਨਕ ਨੇ ਆਪਣੀ ਰਚਨਾ ਵਿਚ 'ਗੁਰੂ' ਸ਼ਬਦ ਕੇਵਲ ਅਕਾਲਪੁਰਖ ਲਈ ਹੀ ਵਰਤਿਆ ਹੈ।[156]

ਨਾਮ ਦੀ ਦਾਤ ਗੁਰੂ ਤੋਂ ਪ੍ਰਾਪਤ ਹੁੰਦੀ ਹੈ। ਗੁਰੂ ਨਾਨਕ ਸਾਹਿਬ ਅਕਾਲਪੁਰਖ ਪਰਮਾਤਮਾ ਤੋਂ ਨਾਮ ਦੀ ਦਾਤ ਦੀ ਪ੍ਰਾਰਥਨਾ ਕਰਦੇ ਹਨ:

ਕਰਤਾ ਤੂ ਮੇਰਾ ਜਜਮਾਨੁ॥
ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ॥ [157]

ਗੁਰੂ ਨਾਨਕ ਸਾਹਿਬ ਸੋਰਠਿ ਰਾਗ ਵਿੱਚ ਪਰਮਾਤਮਾ ਦੀ ਸਰਬ ਵਿਆਪਕਤਾ ਦਾ ਵਰਨਣ ਕਰਦੇ ਹੋਏ ਕਹਿੰਦੇ ਹਨ ਕਿ ਪਰਮਾਤਮਾ ਜਿਹੜਾ ਅਲਖ, ਨਿਰੰਜਨ, ਪ੍ਰਕਾਸ਼ ਰੂਪ, ਅਪਰੰਪਰ ਅਤੇ ਪਾਰਬ੍ਰਹਮ ਪਰਮੇਸਰ ਹੈ ਉਹਨਾਂ ਨੂੰ ਗੁਰੂ ਰੂਪ ਵਿਚ ਪ੍ਰਾਪਤ ਹੋਇਆ ਹੈ :

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ [158]

ਗੁਰੂ ਨਾਨਕ ਅਨੁਸਾਰ ਪਰਮਾਤਮਾ ਦਾ ਇਹ ਗੁਰੂ ਰੂਪੀ ਗੁਣ ਜੀਵ ਨੂੰ ਭਵਸਾਗਰ ਤੋਂ ਪਾਰ ਕਰ ਸਕਦਾ ਹੈ। ਉਹਨਾਂ ਅਨੁਸਾਰ ਜੋ ਅਕਾਲਪੁਰਖ ਆਦਿ ਸਚ, ਜੁਗਾਦਿ ਸਚ, ਹੈ ਭੀ ਸਚ, ਨਾਨਕ ਹੋਸੀ ਭੀ ਸਚ ਹੈ, ਉਹ ਹੀ ਗੁਰੂ ਹੈ:

ਨਾਨਕ ਜੁਗਿ ਜੁਗਿ ਗੁਰ ਗੋਪਾਲਾ॥ [159]
ਗੁਰੁ ਆਦਿ ਪੁਰਖੁ ਹਰਿ ਪਾਇਆ॥ [160]

'ਰਾਗ ਆਸਾ' ਵਿੱਚ ਗੁਰੂ ਨਾਨਕ ਸਾਹਿਬ ਅਕਾਲਪੁਰਖ ਤੇ ਗੁਰੂ ਦੀ ਸਮਰੂਪਤਾ ਦਾ ਵਰਨਣ ਕਰਦੇ ਹੋਏ ਲਿਖਦੇ ਹਨ ਕਿ ਇਹ ਦੇਹੀ ਕਚੀ ਮਿਟੀ ਦੇ ਬਰਤਨ ਦੀ ਨਿਆਈਂ ਹੈ ਤੇ ਇਹ ਜਗ ਭਵ-ਸਾਗਰ ਹੈ ਜੋ ਲੰਘਣਾ ਬਹੁਤ ਮੁਸਕਲ ਹੈ ਜਿਸ ਨੂੰ ਸਿਰਫ ਤੇ ਸਿਰਫ ਗੁਰ-ਪਰਮਾਤਮਾ ਦੀ ਕ੍ਰਿਪਾ ਨਾਲ ਹੀ ਪਾਰ ਕਰ ਸਕੀਦਾ ਹੈ:

ਕਾਰੀ ਗਾਗਰਿ ਦੇਹਿ ਦੁਹੇਲੀ ਉਪਜੈ ਬਿਨਸੈ ਦੁਖੁ ਪਾਈ॥

ਇਹੁ ਜਗੁ ਸਾਗਰੁ ਦੁਤਰੁ ਕਿਉ ਤਰੀਐ ਬਿਨੁ ਹਰਿਗੁਰ ਪਾਰਿ ਨ ਪਾਈ॥ [161]

ਗੁਰੂ ਰੂਪੀ ਅਕਾਲਪੁਰਖ ਦੀ ਜੋਤ ਜਲ-ਥਲ ਤੇ ਤਿੰਨਾਂ ਭਵਨਾਂ ਵਿਚ ਸੁਭਾਇਮਾਨ ਹੈ, ਉਹ ਆਪ ਕ੍ਰਿਪਾ ਕਰਕੇ ਆਪਣਾ ਪ੍ਰਕਾਸ਼ ਹਿਰਦੇ ਪ੍ਰਗਟ ਕਰਦਾ ਹੈ:

ਊਰਮ ਧੂਰਮ ਜੋਤਿ ਉਜਾਲਾ॥ ਤੀਨਿ ਭਵਣ ਮਹਿ ਗੁਰ ਗੋਪਾਲਾ॥ [162]

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ ਪਰਮਾਤਮਾ ਨੂੰ ਹੀ ਆਪਣਾ ਗੁਰੂ ਮੰਨਦੇ ਹਨ। ਉਹਨਾਂ ਅਨੁਸਾਰ ਗੁਰੂ ਕੇਵਲ ਪਰਮਾਤਮਾ ਹੀ ਹੋ ਸਕਦਾ ਹੈ। ਕਿਉਂਕਿ ਉਹ ਸ੍ਰਿਸ਼ਟੀ ਦਾ ਰਚਨਹਾਰ ਹੈ ਅਤੇ ਉਹ ਸ੍ਰਿਸ਼ਟੀ ਦੇ ਹਰ ਭੇਦ ਨੂੰ ਜਾਣਦਾ ਹੈ। ਉਸ ਦਾ ਬਣਾਇਆ ਮਨੁੱਖ ਭਾਵੇਂ ਆਤਮਕ ਉਨਤੀ ਦੀ ਕਿਸੇ ਵੀ ਮੰਜ਼ਿਲ ਤੇ ਪਹੁੰਚ ਜਾਵੇ ਉਹ ਪਰਮਾਤਮਾ ਦੇ ਰਹੱਸ ਨਹੀਂ ਜਾਣ ਸਕਦਾ। ਉਹ ਲਿਖਦੇ ਹਨ :

ਆਪੇ ਕਰਤਾ ਪੁਰਖੁ ਬਿਧਾਤਾ॥ ਜਿਨਿ ਆਪੇ ਆਪੁ ਉਪਾਇ ਪਛਾਤਾ॥

ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ॥ [163]

ਰਾਗ ਆਸਾ ਵਿੱਚ ਗੁਰੂ ਨਾਨਕ ਲਿਖਦੇ ਹਨ ਕਿ ਛੇ ਸ਼ਸ਼ਤਰਾਂ ਦੇ ਲਿਖਣ ਹਾਰਿਆਂ ਦਾ ਵੀ ਗੁਰੂ ਸਿਰਫ ਅਕਾਲਪੁਰਖ ਇੱਕੋ ਹੀ ਹੈ। ਕੇਵਲ ਉਸ ਨੇ ਆਪਣੇ ਭਾਵਾਂ ਦਾ ਪ੍ਰਕਾਸ਼ ਕਈ ਰੂਪਾਂ ਵਿਚ ਕੀਤਾ ਹੋਇਆ ਹੈ:

ਛਿਅ ਘਰ ਛਿਅ ਗੁਰ ਛਿਅ ਉਪਦੇਸ॥

ਗੁਰ ਗੁਰੁ ਏਕੋ ਵੇਸ ਅਨੇਕ॥ [164]

ਗੁਰੂ ਤੇ ਪਰਮੇਸ਼ਰ ਦੀ ਅਭੇਦਤਾ ਨੂੰ ਦਰਸਾਉਂਦੇ ਹੋਏ ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿੱਚ ਲਿਖਦੇ ਹਨ ਕਿ ਗੁਰ-ਪਰਮੇਸ਼ਰ ਦੇ ਮਿਲਾਪ ਨਾਲ ਜਨਮ ਮਰਨ ਦਾ ਝੰਝਟ ਮੁੱਕ ਜਾਂਦਾ ਹੈ। ਉਸ ਦਾ ਮਿਲਾਪ ਕਰਮ ਕਾਂਡਾਂ ਨਾਲ ਨਹੀਂ ਬਲਕਿ ਉਸ ਦੇ ਨਾਮ ਜਪਣ ਨਾਮ ਹੁੰਦਾ ਹੈ:

ਜਪ ਤਪ ਸੰਜਮ ਕਰਮ ਨ ਜਾਨਾ

ਨਾਮ ਜਪੀ ਪ੍ਰਭ ਤੇਰਾ॥

ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ॥ [165]

ਇੱਕ ਹੋਰ ਥਾਂ ਗੁਰੂ ਨਾਨਕ ਪਰਮਾਤਮਾ ਨੂੰ ਪੁਰਖ, ਪੂਰਨ, ਗਿਆਨੀ, ਧਿਆਨੀ, ਗੁਰੂ ਤੇ ਸੂਰਮਾ ਕਹਿੰਦੇ ਹਨ ਅਤੇ ਜਿਹੜਾ ਇਸ ਗੁਰੂ ਰੂਪ ਪਰਮਾਤਮਾ ਨਾਲ ਲਿਵ ਲਾਉਂਦਾ ਹੈ, ਜਮ ਅਤੇ ਦੁੱਖ ਉਸ ਦਾ ਕੁੱਝ ਨਹੀਂ ਵਿਗਾੜ ਸਕਦੇ:

ਆਪੇ ਸਸਿ ਸੂਰਾ ਪੂਰੋ ਪੂਰਾ॥

ਆਪੇ ਗਿਆਨਿ ਧਿਆਨਿ ਗੁਰੁ ਸੂਰਾ॥

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ॥ [166]

ਇਸ ਸੰਸਾਰ ਵਿਚ ਗੁਰ-ਪਰਮੇਸਰ ਦੀ ਓਟ ਹੀ ਸਹਾਈ ਹੁੰਦੀ ਹੈ :

ਹਰਿ ਗੁਰ ਪੂਰੇ ਕੀ ਓਟ ਪਰਾਤੀ॥ [167]

ਗੁਰੂ ਨਾਨਕ ਪਰਮਾਤਮਾ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ :

ਸਰਣਿ ਪਰੇ ਗੁਰਦੇਵ ਤੁਮਾਰੀ॥ ਤੂ ਸਮਰਥੁ ਦਇਆਲੁ ਮੁਰਾਰੀ॥

ਤੇਰੇ ਚੋਜ ਨਾ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ॥ [168]

ਹਰੀ ਤੇ ਗੁਰੂ ਨੂੰ ਇਕ ਦੂਸਰੇ ਵਿੱਚ ਅਭੇਦ ਮੰਨਦੇ ਹੋਏ ਗੁਰੂ ਸਾਹਿਬ ਲਿਖਦੇ ਹਨ ਕਿ ਹਰੀ ਤੇ ਗੁਰੂ ਦੀ ਮੂਰਤ

ਇੱਕੋ ਹੋ ਕੇ ਵਰਤਦੀ ਹੈ:

ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰਿ ਭਾਇਆ॥ [169]

ਇਸ ਤਰ੍ਹਾਂ ਸਪੱਸ਼ਟ ਹੈ ਕਿ ਗੁਰੂ ਨਾਨਕ ਨੇ ਅਕਾਲਪੁਰਖ ਤੇ ਗੁਰੂ ਵਿੱਚ ਅਭੇਦਤਾ ਦਰਸਾਈ ਹੈ।

ਪਰਮਾਤਮਾ ਆਪਣਾ ਗਿਆਨ ਮਨੁੱਖ ਤੱਕ ਆਪਣੇ ਸ਼ਬਦ ਰਾਹੀਂ ਪਹੁੰਚਾਦਾ ਹੈ। ਇਹ ਸ਼ਬਦ ਪਰਮਾਤਮਾ ਦੇ ਗਰੁਤਾ ਗੁਣ ਦੀ ਪ੍ਰਤੀਨਿਧਤਾ ਕਰਦਾ ਹੈ। ਪਰਮਾਤਮਾ ਤੇ ਮਨੁੱਖੀ ਆਤਮਾ ਵਿਚਾਲੇ ਗੁਰੂ ਅਵੱਸ਼ ਹੀ ਰਹਿੰਦਾ ਹੈ। ਭਾਵੇਂ ਮਨੁੱਖੀ ਰੂਪ ਵਿੱਚ ਨਹੀਂ।[170] ਗੁਰੂ ਨਾਨਕ ਦੇਵ ਜੀ ਨੇ ਇਸੇ ਸ਼ਬਦ ਨੂੰ ਖਸਮ ਦੀ ਬਾਣੀ ਕਿਹਾ ਹੈ :

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥ [171]

ਸ਼ਬਦ ਉਹਨਾਂ ਦੀ ਅਗਵਾਈ ਲਈ ਗੁਰੂ ਦਾ ਕੰਮ ਕਰਦਾ ਹੈ। ਇਹ ਬਾਣੀ ਪਰਮਾਤਮਾ ਦੀ ਹੀ ਹੈ। ਪਰਮਾਤਮਾ ਅਤੇ ਉਸ ਦਾ ਇਹ ਸ਼ਬਦ (ਬਾਣੀ) ਵੱਖ ਵੱਖ ਨਹੀਂ ਹੋ ਸਕਦੀ। ਇਸੇ ਲਈਂ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਤੇ ਬ੍ਰਹਮ ਨੂੰ ਇਕ ਰੂਪ ਕਿਹਾ ਹੈ:

ਆਪੇ ਸਬਦੁ ਆਪੇ ਨਿਸਾਨੁ [172]

ਇੰਜ ਅਸੀਂ ਇਸ ਨਿਸ਼ਕਰਸ਼ ਤੇ ਪੁੱਜਦੇ ਹਾਂ ਕਿ ਗੁਰੂ ਨਾਨਕ ਬਾਣੀ ਵਿੱਚ ਗੁਰੂ ਅਤੇ ਅਕਾਲਪੁਰਖ ਵਿਚ ਅਭੇਦਤਾ ਵੇਖਣ ਨੂੰ ਮਿਲਦੀ ਹੈ। ਗੁਰੂ ਨਾਨਕ ਬਾਣੀ ਦੀ ਵਿਲੱਖਣਤਾ ਇਹ ਵੀ ਹੈ ਕਿ ਇਸ ਵਿੱਚ ਸ਼ਬਦ ਨੂੰ ਗੁਰੂ ਅਤੇ ਬ੍ਰਹਮ ਰੂਪ ਵੀ ਕਿਹਾ ਗਿਆ ਹੈ, ਅਰਥਾਤ ਦੋਹਾਂ ਵਿੱਚ ਅਭੇਦਤਾ ਦਾ ਸੰਕੇਤ ਕੀਤਾ ਮਿਲਦਾ ਹੈ। ਗੁਰੂ ਅਤੇ ਅਕਾਲਪੁਰਖ ਦੀ ਇਹ ਅਭੇਦਤਾ ਸੰਗਤ ਵਿਚ ਮੂਰਤੀਮਾਨ ਹੁੰਦੀ ਹੈ:

ਸਤਸੰਗਤਿ ਸਤਗੁਰੁ ਪਾਈਐ ਅਹਿਨਸਿ ਸਬਦਿ ਸਲਾਹਿ॥ [173]

ਵਿਚਾਰ ਉਪਰੰਤ ਇਹ ਸਪਸ਼ੱਟ ਹੈ ਕਿ ਅਕਾਲਪੁਰਖ ਪਰਮ ਹਸਤੀ ਹੈ, ਆਪਣੇ ਤੋਂ ਹੀ ਪ੍ਰਕਾਸ਼ਮਾਨ ਹੈ, ਸਭ ਜਗਾ ਸਮਾਇਆ ਹੋਇਆ ਹੈ। ਗੁਰੂ ਨਾਨਕ ਬਾਣੀ ਵਿਚਲੀ 'ਸੰਗਤ' ਅਕਾਲਪੁਰਖ ਤੋਂ ਬਿਨਾਂ ਸਿਰਜਣੀ ਸੰਭਵ ਨਹੀਂ ਹੈ। ਗੁਰੂ ਨਾਨਕ ਬਾਣੀ ਅਨੁਸਾਰ 'ਸੰਗਤ' ਉਹ ਹੈ ਜਿਥੇ ਪਰਮਾਤਮਾ ਦੇ ਨਾਮ ਦੀ ਮਹਿਮਾ ਹੋਵੇ। ਅਕਾਲਪੁਰਖ ਗੁਰੂ ਵੀ ਹੈ ਕਿਉਂਕਿ ਉਹ ਗੁਰੂ ਵਾਲੇ ਗੁਣ ਦਾ ਸਮਾਵੇਸ਼ ਵੀ 'ਸੰਗਤ' ਵਿਚ ਕਰਦਾ ਹੈ। 'ਸੰਗਤ' ਵਿੱਚ ਗੁਰੂ ਸ਼ਬਦ ਜਾਂ ਨਾਮ ਪਰਮਾਤਮਾ ਦੀ ਪ੍ਰਾਪਤੀ ਦਾ ਵਸੀਲਾ ਬਣਦਾ ਹੈ। ਗੁਰੂ ਨਾਨਕ ਨੇ ਸਬਦ ਨੂੰ ਨਾਮ ਦਾ ਪ੍ਰਾਇ ਰੂਪ ਵੱਜੋਂ ਹੀ ਵਰਤਿਆ ਹੈ।[174] ਅਕਾਲਪੁਰਖ ਸੰਗਤ ਵਿੱਚ ਹੀ ਵਸਦਾ ਹੈ ਪਰ ਇਸ ਨੂੰ ਪ੍ਰਾਪਤ ਕਰਨ ਲਈ ਗੁਰੂ ਦੇ ਸ਼ਬਦ ਰੂਪੀ (ਨਾਮ) ਬਖਸ਼ਿਸ਼ ਜ਼ਰੂਰੀ ਹੈ, ਸ਼ਬਦ ਦੇ ਸਿਮਰਨ ਨਾਲ ਅਕਾਲਪੁਰਖ ਦਾ ਅਹਿਸਾਸ ਹੁੰਦਾ ਹੈ ਤੇ ਸੰਗਤ ਵਿੱਚੋਂ ਅਕਾਲਪੁਰਖ ਦੀ ਪ੍ਰਾਪਤੀ ਹੁੰਦੀ ਹੈ ਤੇ ਜੀਵ ਇਸ ਤਰਾਂ ਅਭੇਦ ਹੋ ਜਾਂਦਾ ਹੈ ਜਿਵੇਂ ਪਾਣੀ ਵਿੱਚ ਪਾਣੀ ਮਿਲ ਜਾਂਦਾ ਹੈ।

ਗੁਰੂ ਨਾਨਕ ਬਾਣੀ ਅਨੁਸਾਰ ਅਕਾਲਪੁਰਖ ਹੀ ਗੁਰੂ ਹੋ ਕੇ ਵਰਤਦਾ ਹੈ ਤੇ ਗੁਰੂ ਦਾ ਸ਼ਬਦ ਵੀ ਅਕਾਲਪੁਰਖ ਦਾ ਹੀ ਰੂਪ ਹੈ। ਸੰਗਤ ਵਿਚ ਗੁਰੂ-ਸ਼ਬਦ ਨਾਲ ਜੁੜਨਾ ਅਕਾਲਪੁਰਖ ਨਾਲ ਜੁੜਨਾ ਹੈ, ਕਿਉਂਕਿ ਸ਼ਬਦ ਦੇ ਨਾਲ ਜੁੜਨ ਨਾਲ ਹੀ ਅਕਾਲਪੁਰਖ ਦੀ ਪ੍ਰਾਪਤੀ ਹੁੰਦੀ ਹੈ। ਸ਼ਬਦ ਦੇ ਕਰਕੇ ਹੀ ਮਨ ਅਕਾਲਪੁਰਖ ਨਾਲ ਲਗਦਾ ਹੈ। ਗੁਰੂ ਦੇ ਸ਼ਬਦ ਤੋਂ ਬਿਨਾਂ ਇਹ ਸੰਭਵ ਹੀ ਨਹੀਂ ਹੈ। ਇਸ ਤਰ੍ਹਾਂ ਗੁਰੂ ਨਾਨਕ ਬਾਣੀ ਵਿੱਚ ਅਕਾਲਪੁਰਖ ਗੁਰੂ ਤੇ ਗੁਰੂ ਦੀ ਕ੍ਰਿਪਾ ਭਾਵ ਗੁਰਸ਼ਬਦ ਜਾਂ ਨਾਮ ਆਪਸ ਵਿਚ ਅਭੇਦ ਹਨ। ਸਭ ਤੋਂ ਪਹਿਲਾਂ ਗੁਰੂ ਦੀ ਪ੍ਰਾਪਤੀ ਫਿਰ ਗੁਰੂ ਤੋਂ ਗੁਰਸ਼ਬਦ ਤੇ ਫਿਰ ਅਕਾਲਪੁਰਖ ਨਾਲ ਅਭੇਦਤਾ ਅਲੱਗ ਅਲੱਗ ਪੜਾਅ ਹਨ। ਪਰ ਇਹ ਸਾਰਾ

ਵਰਤਾਰਾ ਸੰਗਤ ਵਿੱਚ ਵਰਤਦਾ ਹੈ। ਸੰਗਤ ਇਸ ਦਾ ਮਾਧਿਅਮ ਬਣਦੀ ਹੈ। ਇਸ ਤੋਂ ਵੀ ਅੱਗੇ ਸੰਗਤ ਇਸ ਦਾ ਸ੍ਰੋਤ ਬਣਦੀ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਬਾਣੀ ਅਨੁਸਾਰ ਅਕਾਲਪੁਰਖ ਤੋਂ ਬਿਨਾਂ ਸੰਗਤ ਨਹੀਂ ਹੈ:

ਮਿਲਿ ਸਤਿਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ॥

ਸੰਗਤ ਵਿੱਚ ਅਕਾਲਪੁਰਖ ਦਾ ਵਾਸਾ ਹੈ। 'ਸੰਗਤ' ਵਿਚੋਂ ਹੀ ਅਕਾਲਪੁਰਖ ਦੀ ਪ੍ਰਾਪਤੀ ਹੁੰਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਡਾ ਜਗਬੀਰ ਸਿੰਘ, ਬਾਣੀ ਸੰਸਾਰ, ਪੰ.62
2. ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ॥
   ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 229
3. ਅੰਤਰਿ ਰਤਨ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ॥
   ਉਹੀ, ਪੰ. 764
4. ਰਤਨ ਪਦਾਰਥ ਘਟ ਹੀ ਮਾਹੀ॥
   ਉਹੀ, ਪੰ.152
5. ਭੀਤਰ ਹੋਦੀ ਵਸਤੁ ਨ ਜਾਣੈ॥
   ਉਹੀ, ਪੰ. 152
6. ਡਾ. ਪ੍ਰੇਮ ਪ੍ਰਕਾਸ਼, ਗੁਰੂ ਨਾਨਕ ਤੇ ਨਿਰਗੁਣਧਾਰਾ, ਪੰ. 60
7. ਰਿਗਵੇਦ 1-194-49
8. सुपर्णे विप्रा कत्मो...
9. ਯਜੁਰਵੇਦ, ਅਧਿਆਇ 31 ਮੰ. 1
10. ਅਥਰਵਵੇਦ, 4-16-2
11. पिटस्सन, हिम्नन्स आफ रिगवेद सूक्त ३०/1
12. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰ.115
13. ਤੈਰਿਰੀਯ ਉਪਨਿਸ਼ਦ 3/1
14. सर्वं खल्वमिदं बृहम।
15. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰ. 115
16. ਡਾ. ਦਲੀਪ ਸਿੰਘ 'ਦੀਪ', ਜਪੁਜੀ ਇਕ ਤੁਲਨਾਤਮਕ ਅਧਿਐਨ, ਪੰ. 23
17. ਗੀਤਾ XV - 17
18. ਉਹੀ IX - 11
19. संत सुधासार, पृ.22
20. ਮਾਧਮਿਕ ਕਾਰਿਕਾ - 1/7
21. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ ਪੰ. 115
22. ਡਾ. ਭਾਈ ਜੋਧ ਸਿੰਘ, ਗੁਰੂ ਨਾਨਕ ਸਿਮਰਤੀ ਵਿਆਖਿਆਨ, ਪੰ. 12
23. ਡਾ. ਰਾਮ ਜੀ ਲਾਲ, ਕਬੀਰ ਦਰਸ਼ਨ, ਪੰ. 122
24. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ ਪੰ. 116
25. क्लेश कर्मविपाकाशयैपरामृष्ट : पुरूष विशेष: ईश्वर:। (ਪਾਤੰਜਲ ਯੋਗ ਦਰਸ਼ਨ 1/24)
26. पूवषामपि गुरू: कालेनानवच्छदात्। (ਉਹੀ 1/26)

27. तस्य वाचक: प्रणव:। (ੳਹੀ 1/27)
28. एक रूपेण हि अवस्थितो योऽर्थ: स: परमार्थ:। (ਸ਼ਾਂਕਰ ਭਾਸ਼ਯ 2/1/11)
29. ਹਿੰਦੀ ਸਾਹਿਤ ਕੋਸ਼, ਪੰ. 723
30. ੳਹੀ, ਪੰ. 350
31. ਬਲਦੇਵ ਉਪਾਧਿਆਇ, ਭਾਰਤੀ ਦਰਸ਼ਨ, ਪੰ. 402-403
32. Duncan Greenless, The Gospel of Islam, p.xxxiii
33. ਰਾਮ ਪੂਜਨ ਤਿਵਾਰੀ, ਸੂਫੀ ਮਤ – ਸਾਧਨਾ ਔਰ ਸਾਹਿਤ, ਪੰ. 248
34. ਰਾਹੁਲ ਸਾਂਕ੍ਰਿਤਯਾਯਨ, ਦਰਸ਼ਨ ਦਿਗਦਰਸ਼ਨ, ਪੰ. 59
35. ਰਾਮ ਪੂਜਨ ਤਿਵਾਰੀ, ਸੂਫੀ ਮਤ – ਸਾਧਨਾ ਔਰ ਸਾਹਿਤ, ਪੰ. 25
36. ਡਾ. ਗੋਬਿੰਦ ਤ੍ਰਿਗੁਣਾਇਤ, ਹਿੰਦੀ ਕੀ ਨਿਰਗੁਣ ਕਾਵਿਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠ ਭੂਮੀ, ਪੰ. 292.
37. Sher Singh, Philosophy of Sikhism, p.137
38. ਜੋਤ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ॥
    ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1192
39. ਅਪੀਨੈ ਆਪੁ ਸਾਜਿਓ ਅਪੀਨੈ ਰਚਿਓ ਨਾਉ ॥
    ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 546
40. ਡਾ. ਜੋਧ ਸਿੰਘ,ਸਿਖ ਸਿਧਾਂਤ – ਸਰੂਪ ਤੇ ਸਮਰੱਥਾ ਪੰ. 181
41. ਸ੍ਰੀ ਗੁਰੂ ਗ੍ਰੰਥ ਸਾਹਿਬ ਗ੍ਰੰਥ, ਪੰ. 1034
42. ੳਹੀ, ਪੰ. 1036
43. ੳਹੀ, ਪੰ. 1036
44. ੳਹੀ ਪੰ. 1035
45. S.S. Kohli, Philosophy of Guru Nanak, p.81
46. ਪ੍ਰੇਮ ਪ੍ਰਕਾਸ਼ (ਡਾ.) ਗੁਰੂ ਨਾਨਕ ਤੇ ਨਿਰਗੁਣਧਾਰਾ, ਪੰ. 88
47. ਗਗਨ ਗੰਭੀਰੁ ਗਗਨੰਤਰਿ ਵਾਸੁ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 932
48. ਡਾ, ਪ੍ਰੇਮ ਪ੍ਰਕਾਸ਼, ਗੁਰੂ ਨਾਨਕ ਤੇ ਨਿਰਗੁਣਧਾਰਾ ਪੰ. 88
49. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 469
50. ਸਚਖੰਡ ਵਸੈ ਨਿਰੰਕਾਰ॥ ੳਹੀ ਪੰ. 8
51. ਡਾ. ਜੋਧ ਸਿੰਘ, , ਸਿਖ ਸਿਧਾਂਤ – ਸਰੂਪ ਤੇ ਸਮਰਥਾ ਪੰ, 78
52. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1244
53. ਸਾਧ ਸੰਗਤਿ ਸਚੁ ਖੰਡ ਹੈ ਨਿਰੰਕਾਰ ਗੁਰ ਸਬਦ ਵਸਾਇਆ॥
    ਵਾਰ 39 ਪਉੜੀ 13
54. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 120

55. ਉਹੀ ਪੰ. 197
56. ਉਹੀ ਪੰ. 430
57. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 695
58. ਉਹੀ ਪੰ. 1389
59. ਉਹੀ ਪੰ. 158
60. ਉਹੀ, ਪੰ. 168
61. ਉਹੀ, ਪੰ. 185
62. ਉਹੀ, ਪੰ. 197
63. ਜਿਨ ਕੈ ਮਨਿ ਵਸਿਆ ਸਚੁ ਸੋਈ॥ ਤਿਨ ਕੀ ਸੰਗਤਿ ਗੁਰਮੁਖਿ ਹੋਈ
ਨਾਨਕ ਸਾਚਿ ਨਾਮਿ ਮਲੁ ਖੋਈ॥ ਉਹੀ ਪੰ. 373
64. ਉਹੀ, ਪੰ. 632
65. ਉਹੀ, ਪੰ. 632
66. ਉਹੀ, ਪੰ. 632
67. ਉਹੀ, ਪੰ. 695
68. ਉਹੀ, ਪੰ. 913
69. ਉਹੀ, ਪੰ. 905
70. ਉਹੀ, ਪੰ. 1389
71. ਉਹੀ, ਪੰ. 120
72. History and Philosophy of the Sikh religion part II, p.570
73. ਮਹਾਨ ਕੋਸ਼, ਪੰ. 311
74. ਦੀਵਨ ਸਿੰਘ, ਸਿਖ ਧਰਮ ਬਾਰੇ, ਪੰ. 33
75. W.H. McLeod, Guru Nanak and the Sikh Religion P. 197 ``Sat Guru represented the inner voice the Mistical Movement of God in the depths of the individual beings the light of God shed abroad in the inmost recesses of the human soul:"
76. Guru Nanak in History P. 243 ``As the expression of God's truth, the word is the instruction imparted to men by the Guru who in the last analysis is the Voice of God."
77. Philosophy of Guru Nanak, p. 63
78. ਪੰਜਾਬ ਕੇ ਨਿਰਗੁਣ ਕਾਵਿਯ ਕਾ ਦਾਰਸ਼ਨਿਕ ਅਧਿਐਨ, ਪੰ. 64
79. ਜੋਗਿੰਦਰ ਸਿੰਘ, ਸੁਖਮਨੀ ਸਾਹਿਬ ਦਾ ਦਾਰਸ਼ਨਿਕ ਅਧਿਐਨ, ਪੰ. 374
80. ਕਠਉਪਨਿਸ਼ਦ (1-3-8)
81. ਛਾਦੋਗਯਉਪਨਿਸ਼ਦ (4-9-3)
82. ਮੁੰਡਕੋਉਪਨਿਸ਼ਦ (1-2-11)

83. ਸੁਖਮਨੀ ਸਾਹਿਬ ਦਾ ਦਾਰਸ਼ਨਿਕ ਅਧਿਐਨ, ਪੰ. 375
84. ਡਾ. ਦਰਸ਼ਨ ਸਿੰਘ, ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦਾ ਸੰਕਲਪ, ਪੰ. 23
85. ਮਧਯਯੁਗੀਨ ਹਿੰਦੀ ਸਾਹਿਤਯ ਦਾ ਲੋਕਤਾਂਤਵਿਕ ਅਧਿਐਨ, ਪੰ. 105
86. C.B. Bhattacharya, An Introduction to Budhist Esoterici-sm, p.93
87. D.J. Gonda, Change and continuity in Indian Religion, P. 278
88. ਸਾਂਕ੍ਰਿਤਯਾਯਨ : ਹਿੰਦੀ ਕਾਵਯਧਾਰਾ, ਪੰ. 20
89. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ ਪੰ. 322
90. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ ਪੰ. 322
91. ਹਜ਼ਾਰੀ ਪ੍ਰਸਾਦਿ ਦ੍ਵਵੈਦੀ, ਹਿੰਦੀ ਸਾਹਿਤ ਕੀ ਭੂਮਿਕਾ, ਪੰ. 65
92. ਸ੍ਰੀ ਰਾਮ ਪੂਜਨ ਤਿਵਾਰੀ, ਸੂਫੀਮਤ-ਸਾਧਨਾ ਔਰ ਸਾਹਿਤ, ਪੰ. 383
93. ਸਿਖੀ ਸਿਖਿਆ ਗੁਰ ਵੀਚਾਰਿ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 465
94. Teja Singh, Sikhism, p. 19
95. ਗੁਰਮੁਖਿ ਨਾਦੰ ਗੁਰਮੁਖਿ ਵੇਦੰ...॥ ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 8
96. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 990
97. ਭਰੀਐ ਮਤਿ ਪਾਪਾ ਕੈ ਸੰਗਿ॥ ਓਹ ਧੋਪੈ ਨਾਵੈ ਕੈ ਰੰਗਿ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 26
98. ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 469
99. ਸਿਧ ਗੋਸਟਿ, ਰਾਮਕਲੀ
100. ਕੁਲਵੰਤ ਕੌਰ ਕੋਹਲੀ, ਜੀਵ ਦਾ ਸੰਕਲਪ, ਪੰ. 143
101. ਗੁਰੂ ਨਾਨਕ ਦੀ ਵਿਚਾਰਧਾਰਾ ਪੰ. 324
102. ਰਤਾ ਸਤਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲੁ ਕਹੀਐ॥
ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1483
103. ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥
ਉਹੀ, ਪੰ 1466
104. ਨਾਨਕ ਸਤਿਗੁਰ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ।
ਉਹੀ, ਪੰ. 197
105. ਡਾ. ਦਰਸ਼ਨ ਸਿੰਘ, ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦਾ ਸੰਕਲਪ, ਪੰ. 182
106. ਭਾਈ ਗੁਰਦਾਸ ਵਾਰਾਂ, ਵਾਰ 1, ਪਉੜੀ 42
107. Teja Singh, Essays in Sikhism, p.55
108. ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮਹਲਾ 3, ਪੰ. 1068
109. ਸ਼ਬਦ ਵਿਸ਼ੇਸ ਅੰਕ, ਵਿਸ਼ਮਾਦ ਨਾਦ, ਪੰ. 175

110. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 635
111. ਮਹਾਨ ਕੋਸ਼ ਪੰ, 156
112. ਰਿਗਵੇਦ, 1.164.10
113. ਕਠੋਉਪਨਿਸ਼ਦ 1.2.16
114. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰ. 135
115. ਹਿੰਦੀ ਕੀ ਨਿਰਗੁਣਧਾਰਾ ਔਰ ਉਸ ਦੀ ਦਾਰਸ਼ਨਿਕ ਪ੍ਰਿਸ਼ਠਭੂਮੀ, ਪੰ. 416
116. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1414
117. ਸ਼ਬਦ ਵਿਸ਼ੇਸ਼ ਅੰਕ, ਵਿਸਮਾਦ ਨਾਦ, ਪੰ. 179
118. ਉਹੀ, ਪੰ. 218
119. ਪਰਾਸ਼ਰ ਪਰਸਨਾ ਪੰ. 247
120. W.H. Maclord, Guru Nanak and Sikh Religion p. 192
121. ਸਿਖ ਵਿਚਾਰਧਾਰਾ ਪੰ. 75
122. ਕੁਲਵੰਤ ਕੌਰ ਕੋਹਲੀ, ਜੀਵ ਦਾ ਸੰਕਲਪ, ਪੰ. 147
123. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰ. 136
124. ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ॥
ਅਹਿਨਸਿ ਲਾਹਾ ਹਰਿਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1389
125. ਬਲਿ ਜਾਵਾ ਗੁਰ ਅਪਨੇ ਪ੍ਰੀਤਮ ਜਿਨਿ ਹਰਿ ਪ੍ਰਭੁ ਆਣਿ ਮਿਲਾਇਆ॥
ਉਹੀ, ਪੰ. 1387
126. ਸ੍ਰੀ ਗੁਰੂ ਗ੍ਰੰਥ ਸਾਹਿਬ, ਅਸਟਪਦੀ, ਪੰ. 55
127. ਉਹੀ, ਪੰ. 4
128. ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥
ਵਾਰਾਂ ਭਾਈ ਗੁਰਦਾਸ, ਵਾਰ 14 ਪਉੜੀ -2
129. ਮੂਲ ਮੰਤ੍ਰ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1040
130. ਉਹੀ ਪੰ. 941
131. ਉਹੀ, ਪੰ. 766
132. ਉਹੀ, ਪੰ. 1040
133. ਉਹੀ, ਪੰ. 903
134. ਉਹੀ, ਪੰ, 1275
135. ਉਹੀ, ਪੰ. 944
136. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 100
137. ਉਹੀ ਪੰ. 114

138. ਉਹੀ, ਪੰ. 1389
139. ਉਹੀ, ਪੰ. 118
140. ਉਹੀ, ਪੰ. 695
141. ਊਰਮ ਧੂਰਮ ਜੋਤਿ ਉਜਾਲਾ॥ ਤੀਨਿ ਭਵਨ ਮਹਿ ਗੁਰ ਗੁਪਾਲਾ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 930
142. Dr. Darshan Singh, Indian Bhakti Tradition P. 147-148
143. ਡਾ. ਦਰਸ਼ਨ ਸਿੰਘ (ਪਟਿਆਲਾ) ਗੁਰੂ **ਗ੍ਰੰਥ** ਸਾਹਿਬ ਵਿੱਚ ਗੁਰੂ ਦਾ ਸੰਕਲਪ, ਪੰ. 189
145. ਗੁਰੂ ਨਾਨਕ ਦੀ ਵਿਚਾਰਧਾਰਾ, ਪੰ 345
145. ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 466
146. ਬਡੇ ਭਾਗ ਗੁਰ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ॥
ਉਹੀ, ਪੰ. 504
147. ਸਿਖ ਦਰਸ਼ਨ, ਪੰ. 13
148. ਡਾ. ਗੁਰਦੇਵ ਸਿੰਘ, ਗੁਰੂ ਨਾਨਕ ਵਿਚਾਰ ਤੇ ਕਾਵਿ ਕਲਾ, ਪੰ. 197
149. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 685
150. ਉਹੀ, ਪੰ. 1328-1329
151. ਉਹੀ, ਪੰ. 457
152. ਉਹੀ, ਪੰ. 147
153. ਉਹੀ, ਪੰ. 1328-29
154. ਉਹੀ, ਪੰ. 137
155. ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰ. 114
156. Guru Nanak, His Personality and Vision, P. 141
157. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1329
158. ਉਹੀ, ਪੰ. 599
159. ਉਹੀ, ਪੰ. 943
160. ਉਹੀ, ਪੰ. 879
161. ਉਹੀ, ਪੰ. 355
162. ਉਹੀ, ਪੰ. 930
163. ਉਹੀ, ਪੰ. 1025
164. ਉਹੀ, ਪੰ. 357
165. ਉਹੀ, ਪੰ. 878
166. ਉਹੀ, ਪੰ. 1020
167. ਉਹੀ, ਪੰ. 1031

168. ਉਹੀ, ਪੰ. 1031
169. ਉਹੀ, ਪੰ. 1043
170. W.H. Maclode, Guru Nanak and Sikh Religion, P. 197
171. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 722
172. ਉਹੀ, ਪੰ. 795
173. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 118
174. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰ. 136

ਅਧਿਆਇ ਛੇਵਾਂ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਅਤੇ ਸਿੱਖ

6.1. ਸਿੱਖ ਦੀ ਪਰਿਭਾਸ਼ਾ

6.2. ਸਿੱਖ 'ਸੰਗਤ' ਦੇ ਗਠਨ ਦਾ ਮੂਲ ਅੰਸ਼

6.3. ਸਿੱਖ ਦੁਆਰਾ 'ਸੰਗਤ' ਦੀ ਸੇਵਾ

6.4. ਸਿੱਖ ਦੀ 'ਸੰਗਤ' ਪ੍ਰਾਪਤੀ ਲਈ ਅਰਦਾਸ

6.5. ਸਿੱਖ ਉਤੇ 'ਸੰਗਤ' ਦਾ ਪ੍ਰਭਾਵ

6.5.1. 'ਸੰਗਤ' ਦੀ ਪਰਿਭਾਸ਼ਾ ਦਾ ਵਿਸਤਾਰ

6.5.2. ਦੂਤੀਆਂ ਭਾਵ ਨੂੰ ਖਤਮ ਕਰਨਾ

6.5.3. ਸਿੱਖ ਨੂੰ ਗੁਨਾਹਾਂ ਤੋਂ ਰੋਕਣਾ

6.5.4. ਪੰਜ ਵਿਕਾਰਾਂ ਤੋਂ ਛੁਟਕਾਰਾ

6.5.5. ਭਾਈਚਾਰਕ ਸਾਂਝ

6.5.6. ਸੁੱਖ ਦੀ ਪ੍ਰਾਪਤੀ

6.5.7. 'ਸੰਗਤ' ਵਿਚੋਂ ਤੀਰਥ ਇਸ਼ਨਾਨ

6.5.8. ਸੱਚੇ ਗਿਆਨ ਦੀ ਪ੍ਰਾਪਤੀ

6.5.9. ਪਰਮਾਤਮਾ ਨਾਲ ਮਿਲਾਉਣਾ

6.5.10. ਹੋਰ ਪ੍ਰਾਪਤੀਆਂ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਅਤੇ ਸਿੱਖ

ਭਾਰਤ ਦੀ ਧਰਮ-ਸਾਧਨਾ ਦੇ ਅਧਿਆਤਮਿਕ ਅਤੇ ਨੈਤਿਕ ਵਿਚਾਰ-ਸੰਸਕ੍ਰਿਤੀ ਦੇ ਇਤਿਹਾਸ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਬਹੁਮੁਖੀ ਵਿਸ਼ੇਸਤਾ ਪ੍ਰਾਪਤ ਹੈ। ਗੁਰੂ ਨਾਨਕ ਬਾਣੀ ਦਾ ਸਾਰ ਗਤੀਸ਼ੀਲ ਹੈ ਅਤੇ ਸਰੂਪ ਸ਼ਕਤੀਮਾਨ ਹੈ। ਇਸ ਦੀ ਪ੍ਰੇਰਣਾ ਅਤੇ ਪ੍ਰਭਾਵ ਨੇ ਮਾਨਵਜਾਤੀ ਵਿੱਚ ਕਰਾਂਤੀਕਾਰੀ ਪਰਿਵਰਤਨ, ਨਵੀਨ ਵਿਸਤਾਰ ਤੇ ਡੂੰਘਾਈ ਉਤਪੰਨ ਕੀਤੀ ਹੈ। ਗੁਰੂ ਨਾਨਕ ਨੇ ਧਰਮ ਨੂੰ ਨਿਸ਼ਪ੍ਰਾਣ ਸ਼ਿਥਿਲਤਾ ਵਿੱਚੋਂ ਕੱਢ ਕੇ ਨਵੀਨ ਅਤੇ ਗੌਰਵਮਈ ਜੀਵਨ ਪ੍ਰਦਾਨ ਕੀਤਾ ਹੈ। ਇਸ ਪ੍ਰਭਾਵਸ਼ਾਲੀ ਵਿਚਾਰਧਾਰਾ ਦੇ ਫਲਸਰੂਪ 'ਗੁਰੂ ਨਾਨਕ ਨਾਮ ਲੇਵਾ' 'ਸਿੱਖ ਸੰਗਤ' ਨਿਰੰਤਰਤਾ ਨਾਲ ਪ੍ਰਫੁਲਿਤ ਅਤੇ ਵਿਕਸਿਤ ਹੋ ਰਹੀ ਹੈ।

**6.1 ਸਿੱਖ ਦੀ ਪਰਿਭਾਸ਼ਾ :**

ਗੁਰੂ ਨਾਨਕ ਬਾਣੀ ਅਨੁਸਾਰ ਸਿੱਖ ਦੀ ਅਵਸਥਾ ਦਾ ਵਰਨਣ ਇਸ ਤਰਾਂ ਮਿਲਦਾ ਹੈ ਕਿ ਸਿੱਖ ਉਹ ਹੈ ਜਿਸ ਨੇ ਗੁਰੂ ਦੀ ਸਿੱਖਿਆ ਗ੍ਰਹਿਣ ਕੀਤੀ ਹੈ ਅਤੇ ਪੂਜਾ ਕੇਵਲ ਪ੍ਰਭੂ ਦੀ ਹੀ ਕਰਦਾ ਹੈ। ਉਹ ਸੰਗਤ ਵਿਚ ਜਾ ਕੇ ਗੁਰੂ ਦੀ ਵਿਚਾਰ ਦੁਆਰਾ ਪ੍ਰਭੂ ਨਾਲ ਲਿਵ ਲਗਾਉਂਦਾ ਹੈ, ਉਸ ਦਾ ਨਾ ਦੁਆਰਾ ਜਨਮ ਹੁੰਦਾ ਹੈ ਤੇ ਨਾ ਮੌਤ ਹੁੰਦੀ ਹੈ। ਉਹ ਸਿੱਖਵੰਤਾ ਗੁਰੂ ਕਿਹਾ ਜਾ ਸਕਦਾ ਹੈ। ਉਹ ਸਿੱਖ ਤਾਂ ਹੈ ਹੀ, ਉਹ ਵੈਦ ਵੀ ਹੈ ਕਿਉਂਕਿ ਆਤਮ ਰੋਗੀਆਂ ਦੇ ਰੋਗ ਸਮਝ ਲੈਂਦਾ ਹੈ। ਫਿਰ ਉਹ ਪ੍ਰਭੂ ਦੇ ਕੰਮਾਂ ਵਿੱਚ ਲੱਗਾ ਰਹਿੰਦਾ ਹੈ। ਇਸ ਲਈ ਦੁਨੀਆਂ ਦੇ ਕੰਮ ਉਸ ਲਈ ਧੰਦਾ ਨਹੀਂ, ਉਹ ਮਾਇਆ ਦੇ ਧੰਦੇ ਵਿੱਚ ਨਹੀਂ ਫਸਦਾ, ਉਹ ਗ੍ਰਹਿਸਤੀ ਹੁੰਦਾ ਹੋਇਆ ਵੀ ਜੋਗੀ ਹੈ:

ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ॥
ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮ ਨ ਕਾਲਾ॥
ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ॥
ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ[1]॥

ਭਾਈ ਗੁਰਦਾਸ ਅਨੁਸਾਰ "ਗੁਰਸਿੱਖੀ ਦੀ ਪ੍ਰਾਪਤੀ ਲਈ ਹੰਕਾਰ ਤੋਂ ਰਹਿਤ, ਸ਼ਬਦ ਦੀ ਸਰੋਤ ਦਾ ਪ੍ਰੇਮੀ, ਪਰਉਪਕਾਰੀ, ਖਿਮਾ-ਵਾਲਾ, ਧੀਰਜੀ, ਨਿਮਰੀਭੂਤ, ਪ੍ਰੇਮਾ ਭਗਤੀ ਆਦਿਕ ਧਾਰਨਾ ਕਰਨੀ ਜ਼ਰੂਰੀ ਹੈ।[2]

ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਸਿੱਖ ਦੇ ਲੱਛਣ ਬਹੁਤ ਵਿਸਥਾਰ ਪੂਰਵਕ ਲਿਖਦੇ ਹਨ। ਉਹਨਾਂ ਅਨੁਸਾਰ ਸਿੱਖ ਉਹ ਹੈ ਜਿਸ ਨੇ ਗੁਰੂ ਦੀ ਦੀਖਿਆ ਤੇ ਸਿੱਖਿਆ ਲਈ ਹੈ, ਸਿੱਖ ਆਪਾ ਗੁਆ ਕੇ ਬਣੀਦਾ ਹੈ:

ਗੁਰ ਦੀਖਿਆ ਲੈ ਸਿਖ ਸਿਖੁ ਸਦਾਇਆ॥[3]
ਗੁਰਸਿਖ ਲੈ ਗੁਰਸਿਖ ਹੋਇ ਆਪੁ ਗਵਾਇ ਨ ਆਪੁ ਗਣਾਇਆ[4]॥

ਭਾਈ ਕਾਨ੍ਹ ਸਿੰਘ ਨੇ ਸਿੱਖ ਪਦ ਦੇ ਅਰਥ-ਵਿਕਾਸ ਨੂੰ ਸਪੱਸ਼ਟ ਕਰਦੇ ਹੋਏ ਲਿਖਿਆ ਹੈ, "ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੁਗਾਮੀ ਜਿਸ ਨੇ ਸਤਿਗੁਰੂ ਨਾਨਕ ਦੇਵ ਜੀ ਦਾ ਸਿੱਖ-ਧਰਮ ਧਾਰਨ ਕੀਤਾ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਧਰਮ-ਗ੍ਰੰਥ ਮੰਨਦਾ ਅਤੇ ਦਸ ਸਤਿਗੁਰਾਂ ਨੂੰ ਇਕ ਰੂਪ ਜਾਣਦਾ ਹੈ। ਸਿੱਖ ਦਾ ਅਰਥ ਗੁਰਸਿੱਖ ਵੀ ਹੈ।[5]

ਪੰਜਾਬੀ ਕੋਸ਼ ਵਿੱਚ ਸਿੱਖ ਦੇ ਅਰਥ "ਚੇਲਾ, ਸ਼ਗਿਰਦ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੁਸਾਰੀ, ਸਿੱਖ ਮਤ ਨੂੰ ਮੰਨਣ ਵਾਲਾ, ਗੁਰੂ ਦਾ ਸਿੰਘ" ਲਏ ਗਏ ਹਨ।[6]

ਸਿੱਖ ਰਹਿਤ ਮਰਿਯਾਦਾ ਅਨੁਸਾਰ ਜੋ ਇਸਤਰੀ ਜਾਂ ਪੁਰਸ਼ ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।[7]

ਡਾ. ਦਰਸ਼ਨ ਸਿੰਘ ਜੀ ਦਾ ਕਥਨ ਹੈ ਕਿ ਗੁਰੂ ਨਾਨਕ ਨੇ ਸਿੱਖ ਅਤੇ ਸਿੱਖੀ ਦੀ ਆਪ ਪਰਿਭਾਸ਼ਾ ਕੀਤੀ ਹੈ:

ਸਿਖੀ ਸਿਖਿਆ ਗੁਰ ਵੀਚਾਰਿ। ਨਦਰੀ ਕਰਮਿ ਲਘਾਏ ਪਾਰਿ ॥

ਜਿਸ ਦਾ ਅਰਥ ਹੈ ਸਿੱਖੀ ਦੇ ਦੋ ਥੰਮ ਹਨ। ਭਾਵ ਹਰ ਸਿੱਖ ਨੂੰ ਦੋ ਗੱਲਾਂ ਨਾਲ ਸ਼ੁਰੂ ਕਰਨਾ ਜ਼ਰੂਰੀ ਹੈ। ਇੱਕ ਉਹ ਸਿੱਖਿਆ ਅਰਥਾਤ ਗ੍ਰਹਿਣ ਦੀ ਪ੍ਰਕ੍ਰਿਆ ਨੂੰ ਜਗਾਵੇ ਅਤੇ ਇਸ ਨੂੰ ਜਨਮ ਤੋਂ ਮਰਨ ਤੱਕ ਜਾਗਦਾ ਰਖੇ। ਦੂਸਰੀ ਸ਼ਰਤ ਇਹ ਹੈ ਕਿ ਜੋ ਕੁਝ ਗ੍ਰਹਿਣ ਕੀਤਾ ਹੈ ਉਹ ਉਸ ਨੂੰ ਉਸੇ ਤਰਾਂ ਨਾ ਮੰਨ ਲਵੇ। ਉਸ ਉਤੇ ਵਿਚਾਰ ਕਰੇ। ਵਿਵੇਕ ਦੀ ਪ੍ਰਕ੍ਰਿਆ ਜਗਾਵੇ। ਵਿਚਾਰ ਕਰਨ ਤੋਂ ਉਪਰੰਤ ਜੋ ਨਤੀਜੇ ਨਿਕਲਣ ਉਹ ਵਿਅਕਤੀਗਤ ਅਰਥਾਤ ਸਮਸਟੀਗਤ ਵਿਕਾਸ ਨੂੰ ਸਮਰਪਿਤ ਕਰੇ, ਇੰਜ ਗ੍ਰਹਿਣ ਕਰਨ ਅਤੇ ਵਿਚਾਰ ਦੀ ਪ੍ਰਕ੍ਰਿਆ ਸਿੱਖੀ ਦੇ ਮੁਢਲੇ ਲੱਛਣ ਹਨ।[8]

ਡਾ. ਰਤਨ ਸਿੰਘ ਜੱਗੀ ਦੀ ਪੁਸਤਕ 'ਵਾਰਾਂ ਭਾਈ ਗੁਰਦਾਸ ਸ਼ਬਦ ਅਨੁਕ੍ਰਮਣਿਕਾ ਅਤੇ ਕੋਸ਼' ਅਨੁਸਾਰ ਸਿੱਖ ਦਾ ਅਰਥ- ਚੇਲਾ, ਅਨੁਯਾਈ, ਸਿੱਖ ਮੱਤ ਧਾਰੀ ਵਿਅਕਤੀ, ਅਨੁਗਾਮੀ ਹਨ।[9]

ਡਾ. ਦਰਸ਼ਨ ਸਿੰਘ (ਪਟਿਆਲਾ) ਦੀ ਧਾਰਨਾ ਹੈ ਕਿ ਸਿੱਖ, ਗੁਰਸਿੱਖ, ਚੇਲਾ, ਮੁਰੀਦ, ਗੁਰਮੁੱਖ ਉਸ ਵਿਅਕਤੀ ਦੀ ਸੰਗਿਆ ਹੈ ਜਿਸ ਨੇ ਸਤਿਗੁਰੂ ਦੇ ਰੱਬੀ ਗਿਆਨ ਦੀ ਵਡਿਆਈ ਮਿਹਰ ਜਾਣ ਉਸ ਨੂੰ ਹਿਰਦੇ ਵਿਚ ਵਸਾ ਕੇ ਆਪਣੀ ਜੀਵਨ-ਜਾਂਚ ਦਾ ਆਧਾਰ ਬਣਾਇਆ ਹੈ।[10]

ਉਪਰੋਕਤ ਪਰਿਭਾਸ਼ਾਵਾਂ ਤੇ ਭਾਈ ਗੁਰਦਾਸ ਜੀ ਦੁਆਰਾ ਰਚਿਤ ਵਾਰਾਂ ਵਿੱਚ ਸਿੱਖ ਤੇ ਸਿੱਖੀ ਦੇ ਵਿਖਿਆਨ ਅਨੁਸਾਰ ਸਿੱਖ ਉਹ ਅਧਿਆਤਮਕ ਜਿਗਿਆਸੂ ਹੈ ਜਿਸ ਨੇ ਗੁਰੂ ਤੋਂ ਸਿੱਖਿਆ ਲੈ ਕੇ ਹਿਰਦੇ ਵਿਚ ਧਾਰਨ ਕੀਤੀ ਹੋਵੇ ਤੇ ਆਪਾ ਗੁਆ ਕੇ ਗੁਰੂ ਦੇ ਹੁਕਮ ਅਨੁਸਾਰ ਜੀਵਨ ਬਤੀਤ ਕਰ ਰਿਹਾ ਹੋਵੇ। ਇਸ ਤਰਾਂ ਸਿੱਖ ਜਾਂ ਗੁਰਸਿੱਖ, ਗੁਰਸਿੱਖੀ ਦਾ ਉਹ ਪੱਖ ਹੈ ਜਿਥੇ ਸਤਿਗੁਰੂ ਦਾ ਰੂਪਾਂਤਰਕਾਰੀ ਰੱਬੀ ਗਿਆਨ ਸ਼ਖ਼ਸੀ ਜੀਵਨ ਦੇ ਅਮਲ ਦਾ ਰੂਪ ਧਾਰਨ ਕਰਦਾ ਹੈ। ਸਤਿਗਰੂ ਦਾ ਮੂਲ ਮਨੋਰਥ ਜੀਵਨ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਕਰਕੇ ਅਤੇ ਮਨੁੱਖੀ ਜੀਵਨ ਦੇ ਪਰਮਸੱਚ ਦੀ ਸੋਝੀ ਦੇ ਕੇ ਅੰਧੇਰੇ ਜੀਵਨ ਮਾਰਗ ਨੂੰ ਰੁਸ਼ਨਾਉਣਾ ਹੁੰਦਾ ਹੈ। ਮਨੁੱਖ ਕੋਲ ਸੁਤੰਤਰ ਇੱਛਾ ਹੈ ਅਤੇ ਉਸ ਦੇ ਸਾਹਮਣੇ ਧਾਰਨ ਲਈ ਮਾਇਆਵੀ ਅਤੇ ਹੁਕਮ ਅਨੁਸਾਰੀ ਦੋ ਮਾਰਗ ਹਨ ਜੋ ਮਨੁੱਖ ਮਾਇਆਵੀ ਮਾਰਗ ਤੇ ਚਲਦਾ ਹੈ ਉਹ ਮਨਮੁੱਖ ਹੈ ਅਤੇ ਜੋ ਸਤਿਗੁਰੂ ਦੁਆਰਾ ਦਿੱਤੇ ਸ਼ਬਦ ਗਿਆਨ ਦੇ ਪ੍ਰਕਾਸ਼ ਵਿਚ ਚੱਲਣ ਦਾ ਉੱਦਮ ਕਰਦਾ ਹੈ ਉਹ ਸਿੱਖ ਜਾਂ ਗੁਰਸਿੱਖ ਹੈ। ਇਸ ਪ੍ਰਕਾਸ਼ਿਤ ਜੀਵਨ ਮਾਰਗ ਤੇ ਕਦਮ ਗੁਰਸਿੱਖ ਹੋ ਕੇ ਹੀ ਰੱਖੇ ਜਾ ਸਕਦੇ ਹਨ। ਇਸ ਤਰਾਂ ਸਤਿਗੁਰੂ ਦੇ ਰੱਬੀ ਗਿਆਨ ਦਾ ਅਮਲ ਦੇ ਪੱਧਰ ਤੇ ਪ੍ਰਕਾਸ਼ ਤੇ, ਵਰਤਾਰਾ ਗੁਰਸਿੱਖ ਜਾਂ ਸਿੱਖ ਦੇ ਸਿੱਖੀ ਜੀਵਨ, ਵਰਤਾਰੇ ਅਤੇ ਸਾਧਨਾ ਵਿੱਚ ਪਰਗਟ ਹੁੰਦਾ ਹੈ।

**6.2 ਸਿੱਖ 'ਸੰਗਤ' ਦੇ ਗਠਨ ਦਾ ਮੂਲ ਅੰਸ਼ :**

ਗੁਰੂ ਨਾਨਕ ਬਾਣੀ ਅਨੁਸਾਰ ਸਿੱਖ ਇਕੱਠੇ ਹੋ ਕੇ ਸੰਗਤ ਦਾ ਗਠਨ ਕਰਦੇ ਹਨ, ਗੁਰਬਾਣੀ ਗਾਉਂਦੇ ਅਤੇ ਸੱਚੇ ਨਾਮ ਨੂੰ ਸੁਣਦੇ ਹਨ। ਰਲ ਮਿਲ ਕੇ ਸੰਗਤ ਵਿਚ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਹਨ।[11]

ਭਾਈ ਗੁਰਦਾਸ ਜੀ ਅਨੁਸਾਰ ਇੱਕ ਤੋਂ ਜਿਆਦਾ ਸਿੱਖ ਮਿਲ ਕੇ 'ਸੰਗਤ' ਦਾ ਗਠਨ ਕਰਦੇ ਹਨ। ਇਸ ਦੀ ਗਵਾਹੀ ਉਹ ਵਾਰਾਂ ਵਿੱਚ ਇਉਂ ਭਰਦੇ ਹਨ :

ਇੱਕ ਸਿੱਖ ਦੁਇ ਸਾਧ ਸੰਗ ਪੰਜੀਂ ਪਰਮੇਸ਼ਰੁ॥[12]

ਇੰਜ ਇਹ ਗੱਲ ਗੁਰੂ ਨਾਨਕ ਬਾਣੀ ਦੇ ਪ੍ਰਕਾਸ਼ ਵਿੱਚ ਸਪੱਸ਼ਟ ਹੋ ਜਾਂਦੀ ਹੈ ਕਿ ਸਿੱਖ, 'ਸੰਗਤ' ਦੇ ਗਠਨ ਦਾ ਮੂਲ ਅੰਸ਼ ਬਣਦਾ ਹੈ। ਸਿੱਖ ਤੋਂ ਬਿਨਾਂ ਸੰਗਤ ਦੀ ਸਿਰਜਣਾ ਅਸੰਭਵ ਹੈ।

**6.3 ਸਿੱਖ ਦੁਆਰਾ ਸੰਗਤ ਦੀ ਸੇਵਾ :**

ਸੇਵਾ ਦਾ ਭਾਵ ਦੂਸਰਿਆਂ ਦੀ ਖਿਦਮਤ, ਟਹਿਲ, ਆਰਾਮ ਪਹੁੰਚਾਣ ਦੀ ਕਿਰਿਆ ਹੈ।[13]

ਗੁਰੂ ਨਾਨਕ ਬਾਣੀ ਵਿੱਚ ਸੇਵਾ ਨੂੰ ਭਗਤੀ ਪ੍ਰਮੁੱਖ ਆਚਰਣਾਂ ਵਿੱਚ ਸ਼ਾਮਲ ਕੀਤਾ ਗਿਆ ਹੈ।14 ਸੇਵਾ ਮਨੁੱਖ ਨੂੰ ਪਰਮਾਤਮਾ ਦੇ ਦਰਬਾਰ ਉੱਤੇ ਪ੍ਰਤਿਸ਼ਠਾ ਪ੍ਰਾਪਤ ਕਰਵਾਉਂਦੀ ਹੈ।[15]

ਭਾਈ ਬਾਲੇ ਵਾਲੀ ਜਨਮ ਸਾਖੀ ਤੋਂ ਇਹ ਹਵਾਲਾ ਮਿਲਦਾ ਹੈ ਕਿ ਗੁਰੂ ਨਾਨਕ ਸਾਹਿਬ ਸੇਵਾ ਨੂੰ ਉੱਚਾ ਦਰਜਾ ਪ੍ਰਦਾਨ ਕਰਦੇ ਹਨ।[16]

ਸੰਗਤ ਵਿੱਚ ਨਾਮ ਜਪਣਾ ਅਤੇ ਜਪਾਉਣਾ, ਲੰਗਰ ਦੀ ਸੇਵਾ ਕਰਨੀ, ਭਾਂਡੇ ਮਾਂਜਣੇ, ਝਾੜੂ ਦੇਣਾ, ਪਾਣੀ ਢੋਣਾ, ਪਰਸ਼ਾਦੇ ਪਕਾਉਣੇ, ਸੰਗਤ ਦੇ ਹੱਥ ਧੁਆਉਣਾ, ਸੰਗਤ ਨੂੰ ਬੈਠਾਉਣ ਲਈ ਜਗ੍ਹਾ ਸਾਫ ਕਰਨੀ, ਦਰੀਆਂ ਤੱਪੜ ਝਾੜਨੇ ਤੇ ਵਿਛਾਉਣੇ, ਧੂਪਦੀਪ ਨਾਲ ਸੰਗਤ ਲਈ ਬੈਠਣ ਦੇ ਸਥਾਨ ਨੂੰ ਸੁਗੰਧਿਤ ਕਰਨਾ, ਮਾਸ਼ਕੀ ਬਣ ਕੇ ਗੁਰਸਿੱਖਾਂ ਨੂੰ ਪਾਣੀ ਪਿਆਉਣਾ, ਸੰਗਤ ਦੇ ਜੋੜਿਆ ਦੀ ਸੰਭਾਲ ਕਰਨੀ, ਉਨਾਂ ਨੂੰ ਝਾੜਨਾ, ਪਾਲਿਸ਼ ਕਰਨੀ, ਪਰਸ਼ਾਦ ਵਰਤਾਉਣਾ, ਰਾਤ ਨੂੰ ਥੱਕੀ ਟੁੱਟੀ ਸੰਗਤ ਦੀ ਮੁੱਠੀ ਚਾਪੀ ਕਰਨੀ, ਪੱਖਾ ਝੱਲਣਾ, ਗੁਰਸ਼ਬਦ ਤੇ ਗੁਰੂ ਦੀ ਸੰਗਤ ਨੂੰ ਇਕ ਰੂਪ ਸਮਝਣਾ ਆਦਿ ਸੰਗਤ ਪ੍ਰਤੀ ਸਿੱਖ ਦੀਆਂ ਸੇਵਾਵਾਂ ਹਨ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਸਿੱਖ ਦੁਆਰਾ ਕੀਤੀ ਜਾਂਦੀ ਸੰਗਤ ਦੀ ਸੇਵਾ ਦਾ ਬਿਆਨ ਬਹੁਤ ਵਿਸਥਾਰ ਨਾਲ ਕੀਤਾ।[17]

ਸੰਗਤ ਦੀ ਸੇਵਾ ਤੋਂ ਹੀ ਸਿੱਖ ਦੇ ਹਿਰਦੇ ਵਿਚ ਸਮੁੱਚੀ ਮਨੁੱਖਤਾ ਦੀ ਸੇਵਾ ਲਈ ਤੜਪ ਪੈਦਾ ਹੁੰਦੀ ਹੈ।[18] ਪਰਉਪਕਾਰ ਕਰਨਾ ਸਿੱਖ ਦੇ ਜੀਵਨ ਦਾ ਉਦੇਸ਼ ਹੈ। ਉਹ ਧਰਮ ਦੀ ਕ੍ਰਿਤ ਕਰਕੇ ਵੰਡ ਛਕਦਾ ਹੈ।[19] ਸਾਰੇ ਵਿਸ਼ਵ ਵਿੱਚ ਅਮਨ ਸ਼ਾਂਤੀ ਤੇ ਆਤਮਿਕ ਆਨੰਦ ਨੂੰ ਪ੍ਰਸਾਰਨ ਲਈ ਉਹ ਆਪਣੇ ਗੁਰੂ ਦਾ ਸ਼ਬਦ ਸੁਣਾ ਕੇ ਸੰਸਾਰ ਨੂੰ ਵਿਕਾਸ ਦੀ ਘਾਟੀ ਵਿੱਚੋਂ ਲੰਘਾਉਂਦਾ ਹੋਇਆ ਜੀਵਨ ਦੇ ਸੱਚ ਵਲ ਪ੍ਰੇਰਣ ਦੀ ਸੇਵਾ ਉਹ ਆਪਣੇ ਜੁਮੇ ਹੀ ਲੈਂਦਾ ਹੈ। 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਉਦੇਸ਼ ਨੂੰ ਉਹ ਆਪਣੇ ਜੀਵਨ ਵਿੱਚ ਅਪਨਾਉਂਦਾ ਹੋਇਆ ਸੰਸਾਰ ਨੂੰ ਇਸ ਅਸੂਲ ਤੇ ਚਲਣ ਦੀ ਪ੍ਰੇਰਣਾ ਦਿੰਦਾ ਹੈ। ਇਸ ਤਰਾਂ ਸਾਰੇ ਵਿਸ਼ਵ ਨੂੰ ਇੱਕੋ ਹੀ ਪਿਆਰ ਦੇ ਧਾਗੇ ਵਿੱਚ ਪ੍ਰੋਣ ਦਾ ਯਤਨ ਕਰਨਾ ਉਸ ਦੀਆਂ ਹੋਰ ਸੇਵਾਵਾਂ ਵਿੱਚੋਂ ਇਕ ਵਿਸ਼ੇਸ ਸੇਵਾ ਹੈ। ਮਾਨਵਤਾ ਦੀ ਇਹ ਸੇਵਾ ਸੰਗਤ ਦੀ ਸੇਵਾ ਹੀ ਇਕ ਰੂਪ ਹੈ।[20]

ਸ਼ਬਦ ਦੀ ਕਮਾਈ ਦੇ ਨਾਲ ਨਾਲ 'ਸੰਗਤ' ਗੁਰਸਿੱਖਾਂ ਲਈ ਸੇਵਾ ਕਰਨ ਦਾ ਅਸਥਾਨ ਵੀ ਹੈ। ਜਾਤ-ਪਾਤ ਊਚ-ਨੀਚ ਦੇ ਵਿਤਕਰੇ ਤੋਂ ਉੱਚਾ ਉਠ ਕੇ ਗੁਰਸਿੱਖ ਸਾਰੇ ਸਤਸੰਗੀਆਂ ਦੀ ਨਿਮਰਤਾ ਤੇ ਪ੍ਰੇਮ ਨਾਲ

ਸੇਵਾ ਕਰਦਾ ਹੈ। ਆਪਣੀ ਕਿਰਤ ਕਮਾਈ ਵਿੱਚੋਂ ਜੋ ਕੁਝ ਵੀ ਉਹ ਸੰਗਤ ਵਿਚ ਲਿਆਉਂਦਾ ਹੈ, ਉਹ ਸਭ ਨਾਲ ਵੰਡ ਕੇ ਛਕਦਾ ਹੈ। ਇਸ ਤਰਾਂ ਉਹ ਗੁਰੂ ਨਾਨਕ ਜੀ ਦੁਆਰਾ ਦਰਸਾਏ ਮਾਰਗ ਅਨੁਸਾਰ ਆਪਣੇ ਜੀਵਨ ਨੂੰ ਸਕਾਰਥ ਕਰਦਾ ਹੈ।

ਉਪਰੋਕਤ ਵਿਚਾਰ ਵਟਾਂਦਰੇ ਤੋਂ ਇਸ ਸਿੱਟੇ ਤੇ ਪੁਜਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਸਰੀਰਕ, ਮਾਨਸਿਕ, ਪਦਾਰਥਿਕ ਤੇ ਆਤਮਿਕ ਸੇਵਾ ਦੇ ਸੰਕਲਪ ਨੂੰ ਆਪਣੀ ਬਾਣੀ ਵਿੱਚ ਰੇਖਾਅੰਕਿਤ ਕੀਤਾ ਹੈ।

**6.4 ਸਿੱਖ ਦੀ ਸੰਗਤ ਪ੍ਰਾਪਤੀ ਲਈ ਅਰਦਾਸ :**

ਸਿੱਖ ਦੇ ਜੀਵਨ ਵਿੱਚ ਸੰਗਤ ਬਹੁਤ ਮਹਾਨ ਤੇ ਮਹੱਤਵਪੂਰਨ ਹੈ। ਭਾਵੇਂ ਕਿ ਹੋਰਨਾਂ ਮੱਤਾਂ ਵਿੱਚ ਵੀ ਭਲੇ ਪੁਰਸ਼ਾਂ ਦੀ ਸੰਗਤ ਨੂੰ ਸ੍ਰੇਸ਼ਟ ਮੰਨਿਆ ਗਿਆ ਹੈ, ਪਰ ਗੁਰਮਤਿ 'ਸੰਗਤ' ਨੂੰ ਸ੍ਰੇਸ਼ਟ ਹੀ ਨਹੀਂ ਮੰਨਦੀ ਸਗੋਂ ਆਤਮਕ ਉਨਤੀ ਲਈ ਲੋੜੀਂਦਾ ਅੰਗ ਦਸਦੀ ਹੈ। ਜਿਵੇਂ ਗੁਰੂ ਤੋਂ ਬਿਨਾਂ ਰਾਹ ਨਹੀਂ ਲਭਦਾ ਇਵੇਂ ਸੰਗਤ ਬਿਨਾਂ, ਗੁਰਮੁਖਾਂ ਦੇ ਮੇਲ ਬਿਨਾਂ, ਉਸ ਦਸੇ ਰਾਹ ਤੇ ਤੁਰਿਆ ਨਹੀਂ ਜਾ ਸਕਦਾ। ਇਸ ਲਈ ਸੰਗਤ ਕਰਨਾ ਸਿੱਖ ਦਾ ਨਿਤ ਕਰਮ ਰੱਖਿਆ ਗਿਆ ਹੈ। ਸਾਧ ਦਾ ਸੰਗ, ਗੁਰਮੁੱਖ ਦਾ ਮੇਲ ਇਹ ਰੋਜ਼ ਅਰਦਾਸ ਵਿਚ ਹਰ ਇੱਕ ਸਿੱਖ ਮੰਗਦਾ ਹੈ।[21] ਗੁਰੂ ਨਾਨਕ ਬਾਣੀ ਅਨੁਸਾਰ ਸਿੱਖ ਇਸ ਲਈ ਪਰਮਾਤਮਾ ਅੱਗੇ ਉਹਨਾਂ ਗੁਰਮੁਖਾਂ ਦੇ ਮਿਲਾਪ ਦੀ ਅਰਦਾਸ ਕਰਦਾ ਹੈ ਜੋ ਹਮੇਸ਼ਾਂ ਪਰਮਾਤਮਾ ਦੇ ਮਿਲਾਪ ਦਾ ਅਨੰਦ ਮਾਣਦੇ ਹਨ:

ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ॥[22]

ਅਜਿਹੇ ਪੁਰਖਾਂ ਦੀ ਸੰਗਤ ਲਈ ਅਰਦਾਸ ਕੀਤੀ ਜਾਂਦੀ ਹੈ ਜਿਹੜੇ ਪਹਿਲਾ ਹੀ ਸਤਿਗੁਰੂ ਤੋਂ ਭਲੀ ਭਾਂਤ ਹਰ ਤਰਾਂ ਪ੍ਰੀਚਿਤ ਹੁੰਦੇ ਹਨ:

ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿਪ੍ਰਭੁ ਜਾਤਾ ਹੇ॥[23]

ਗੁਰੂ ਨਾਨਕ ਸਾਹਿਬ ਅਨੁਸਾਰ ਇਹ ਅਰਦਾਸ ਇਸ ਲਈ ਕਰਨੀ ਜ਼ਰੂਰੀ ਬਣਦੀ ਹੈ ਕਿਉਂਕਿ ਅਕਾਲਪੁਰਖ ਦਾ ਵਾਸਾ ਸੰਗਤ ਵਿੱਚ ਹੁੰਦਾ ਹੈ:

ਹਰਿ ਜੀਉ ਆਗੈ ਕਰੀ ਅਰਦਾਸਿ॥
ਸਾਧੂ ਜਨ ਸੰਗਤਿ ਹੋਇ ਨਿਵਾਸੁ॥[24]

ਸਿੱਖ ਉਹਨਾਂ ਗੁਰਮੁਖਾਂ ਤੋਂ ਬਲਿਹਾਰ ਜਾਂਦਾ ਹੋਇਆ ਜਿਨ੍ਹਾਂ ਨੂੰ ਅਬਿਨਾਸ਼ੀ ਤੇ ਅਡੋਲ ਪ੍ਰਭੂ ਮਿਲਿਆ ਹੈ, ਉਹਨਾਂ ਦੀ ਸੰਗਤ ਦੀ ਮੰਗ ਕਰਦਾ ਹੈ:

ਅਮਰ ਅਜਾਚੀ ਹਰਿ ਮਿਲੇ ਤਿਨ ਕੈ ਹਉ ਬਲਿ ਜਾਉ॥
ਤਿਨ ਕੀ ਧੂੜਿ ਅਘੁਲੀਐ ਸੰਗਤਿ ਮੇਲਿ ਮਿਲਾਉ॥[25]

ਇਹਨਾਂ ਅਰਦਾਸਾਂ ਸਦਕਾ ਪ੍ਰਭੂ ਕਿਰਪਾ ਕਰਕੇ ਐਸੀ ਸੰਗਤ ਦਾ ਮਿਲਾਪ ਕਰਵਾ ਦਿੰਦਾ ਹੈ:

ਗਤਿ ਸੰਗਿ ਮੀਤਾ ਸੰਤ ਸੰਗਤਿ ਕਰਿ ਨਦਰਿ ਮੇਲਿ ਮਿਲਾਇਆ॥[26]

**6.5 ਸਿੱਖ ਉੱਤੇ ਸੰਗਤ ਦਾ ਪ੍ਰਭਾਵ :**

ਸੰਗਤ ਵੱਡੇ ਭਾਗਾਂ ਨਾਲ ਹੀ ਮਿਲਦੀ ਹੈ ਤੇ ਭਾਗਹੀਨ ਅਥਵਾ ਖੋਟੀ ਕਿਸਮਤ ਵਾਲੇ ਸੰਗਤ ਤੋਂ ਬਿਨਾ ਚੁਰਾਸੀ ਲੱਖ ਜੂਨਾਂ ਵਿੱਚ ਭਟਕਦੇ ਤੇ ਭਰਮਦੇ ਹੋਏ ਅਨੇਕਾਂ ਦੁਖ ਰੂਪ ਚੋਟਾਂ ਖਾਂਦੇ ਹਨ। ਸੰਗਤ ਦੀ ਪ੍ਰਾਪਤੀ ਅੱਛੀ ਕਿਸਮਤ ਤੋਂ ਬਿਨਾਂ ਨਹੀਂ ਮਿਲਦੀ ਤੇ ਬਿਨਾਂ ਸੰਗਤ ਅੰਤਰ ਆਤਮੇ ਮੈਲ ਭਰਦੀ ਹੈ ਜੋ

ਅਨੇਕਾਂ ਮੁਸੀਬਤਾਂ ਦਾ ਕਾਰਨ ਬਣਦੀ ਹੈ। ਗੁਰੂ (ਪਰਮਾਤਮਾ) ਸਿੱਖ ਉੱਤੇ ਕ੍ਰਿਪਾ ਕਰਕੇ ਜਦੋਂ ਸੰਗਤ ਦੀ ਬਖਸ਼ਿਸ ਕਰਦਾ ਹੈ ਤਾਂ ਸਿੱਖ ਸੰਗਤ ਵਿਚ ਆ ਜਾਂਦਾ ਹੈ ਅਤੇ 'ਸੰਗਤ' ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਤੋਂ ਅੱਗੇ ਅਸੀਂ ਸਿੱਖ ਉੱਤੇ ਸੰਗਤ ਦੇ ਪ੍ਰਭਾਵ ਦਾ ਅਧਿਐਨ ਕਰਦੇ ਹਾਂ।

**6.5.1 ਸੰਗਤ ਦੀ ਪਰਿਭਾਸ਼ਾ ਦਾ ਵਿਸਤਾਰ :**

ਸਿੱਖ ਉਤੇ 'ਸੰਗਤ' ਦਾ ਪ੍ਰਭਾਵ ਵੇਖਣ ਤੋਂ ਪਹਿਲਾਂ ਇਸ ਗੱਲ ਸੰਬੰਧੀ ਵਿਚਾਰ ਕਰਨੀ ਜ਼ਰੂਰੀ ਬਣਦੀ ਹੈ ਕਿ ਗੁਰੂ ਨਾਨਕ ਬਾਣੀ ਅਨੁਸਾਰ ਦਿੱਤਾ 'ਸੰਗਤ' ਦਾ ਸੰਕਲਪ ਵਿਸਤ੍ਰਿਤ ਰੂਪ ਵਿਚ ਵਿਚਾਰਿਆਂ ਜਾਵੇ।

ਗੁਰੂ ਨਾਨਕ ਬਾਣੀ ਅਨੁਸਾਰ 'ਸੰਗਤ' ਨਾਮ-ਅਭਿਆਸ਼ੀਆਂ ਦਾ ਸਮੂਹ ਹੈ। ਇਸ ਵਿੱਚ ਸਿੱਖ ਇੱਕਠੇ ਹੋ ਕੇ ਪਰਮਾਤਮਾ ਦੇ ਨਾਮ ਦੀ ਚਰਚਾ ਕਰਦੇ ਹਨ। 'ਸੰਗਤ' ਵਿੱਚ 'ਗੁਰੂ' ਸ਼ਬਦ ਰੂਪ ਵਿੱਚ ਵਿਦਮਾਨ ਰਹਿੰਦਾ ਹੈ। 'ਸੰਗਤ' ਦਾ ਸੰਚਾਲਕੀ ਧੁਰਾ ਗੁਰੂ ਹੀ ਹੁੰਦਾ ਹੈ। 'ਸੰਗਤ' ਵਿਚ ਪਰਮਾਤਮਾ ਵਾਸਾ ਹੁੰਦਾ ਹੈ। ਇਸ ਵਿੱਚ ਕੀਰਤਨ, ਸਿਮਰਨ, ਕਥਾ ਦੇ ਰੂਪ ਪਰਮਾਤਮਾ ਦਾ ਵਿਖਿਆਨ ਹੁੰਦਾ ਹੈ। ਲੰਗਰ 'ਸੰਗਤ' ਦਾ ਅਨਿਖੜਵਾਂ ਅੰਗ ਮੰਨਿਆਂ ਜਾਂਦਾ ਹੈ। ਸਿੱਖ 'ਸੰਗਤ' ਵਿਚ ਲੰਗਰ, ਸਫਾਈ, ਵਿਛਾਈ ਆਦਿ ਦੀ ਸੇਵਾ ਕਰਦੇ ਹਨ।

**6.5.2 ਦੁਤੀਆਂ ਭਾਵ ਨੂੰ ਖਤਮ ਕਰਨਾ :**

ਦੁਤੀਆਂ ਭਾਵ ਦਾ ਅਰਥ ਹੈ ਬੇਗਾਨੇ ਦਾ ਭਾਵ (ਖਿਆਲ), ਪਾਰਬ੍ਰਹਮ ਨਾਲ ਹੋਰ ਸ਼ਰੀਕ ਨੂੰ ਮੰਨਣ ਦਾ ਭਾਵ।

ਵਿਅਕਤੀ ਪਰਿਵਾਰ, ਸਾਕਾਦਾਰੀ, ਜਾਤ, ਵਿਵਸਾਇਕ ਅਤੇ ਕਈ ਹੋਰ ਕਿਸਮ ਦੇ ਸਮੂਹਾਂ ਵਿਚ ਭਾਗ ਲੈਂਦਾ ਹੈ। ਇਨ੍ਹਾਂ ਸਭ ਦੀਆਂ ਆਪਣੀਆ ਹੱਦਾਂ ਅਤੇ ਵਿਰੋਧ ਹੁੰਦੇ ਹਨ। ਇਕ ਸਮੂਹ ਦੇ ਮੈਂਬਰ ਹੋਣ ਦਾ ਮਤਲਬ ਉਸ ਕਿਸਮ ਦੇ ਦੂਜੇ ਸਮੂਹ ਦਾ ਮੈਂਬਰ ਨਾ ਹੋਣਾ ਹੈ। ਇਸ ਤਰਾਂ ਮਨੁੱਖੀ ਦਵੈਤ ਭਾਵ ਅਤੇ ਆਪਸੀ ਵਿਰੋਧ ਸਮਾਜਕ ਅਤੇ ਮਾਨਸਿਕ ਜੀਵਨ ਦਾ ਭਾਗ ਬਣ ਜਾਂਦੇ ਹਨ। ਮਨੁੱਖ ਸੀਮਾਵਾਂ ਵਿੱਚ ਬੱਝ ਜਾਂਦਾ ਹੈ ਅਤੇ ਉਸ ਦੇ ਵਿਰੋਧ ਵਧ ਜਾਂਦੇ ਹਨ। ਸਿੱਖ 'ਸੰਗਤ' ਵਿਚ ਜਾ ਕੇ ਪਰਮਾਤਮਾ ਦੇ ਨਾਮ ਵਿਚ ਆਪਣਾ ਮਨ ਜੋੜਦਾ ਹੈ। ਇਸ ਲਈ ਸੰਗਤ ਵਿੱਚ ਦੁਤੀਆ ਭਾਵ ਘਟ ਜਾਂਦੇ ਹਨ। ਸਿੱਖ ਗੁਰੂ ਦੀ ਸਿੱਖਿਆ ਦੁਆਰਾ ਦਵੈਤ-ਭਾਵ ਛੱਡ ਕੇ ਹਰੀ ਨਾਮ ਵਿੱਚ ਲਗਨ ਲਗਾਉਂਦਾ ਹੈ:

ਲਿਵ ਲਾਗੀ ਨਾਮਿ ਤਜਿ ਦੂਜਾ ਭਾਉ॥
ਜਨ ਨਾਨਕ ਹਰਿ ਗੁਰੁ ਗੁਰ ਮਿਲਾਉ॥[27]

**6.5.3 ਸਿੱਖ ਨੂੰ ਗੁਨਾਹਾਂ ਤੋਂ ਰੋਕਣਾ :**

ਗੁਨਾਹ ਦਾ ਭਾਵ ਪਾਪ, ਬੁਰਾ ਕੰਮ, ਅਪਰਾਧ, ਦੋਸ਼, ਕਸੂਰ, ਖਤਾ, ਗਲਤੀ, ਜ਼ੁਰਮ ਮੰਨਿਆ ਗਿਆ ਹੈ।

ਵਿਕਤੀਗਤ ਪਰਵਿਰਤੀਆਂ ਅਤੇ ਸਮਾਜਕ ਲੋੜਾ ਹਮੇਸ਼ਾਂ ਸਮਾਂਤਰ ਨਹੀਂ ਹੁੰਦੀਆਂ। ਸਮਾਜਕ ਜੀਵਨ ਵਿਕਤੀਗਤ ਪਾਸੋਂ ਕੁਰਬਾਨੀ ਦੀ ਮੰਗ ਕਰਦਾ ਹੈ ਅਤੇ ਉਹ ਹਮੇਸ਼ਾ ਆਸ ਕੀਤੀਆਂ ਜਾਂਦੀਆਂ ਕਦਰਾਂ-ਕੀਮਤਾਂ ਤੇ ਪੂਰਾ ਨਹੀਂ ਉਤਰਦਾ। ਵਿਅਕਤੀਗਤ ਲੋੜਾਂ ਉਸ ਨੂੰ ਚੋਰੀ, ਠੱਗੀ, ਦੁਸ਼ਮਣੀ ਵਲ ਪ੍ਰੇਰਤ ਕਰਦੀਆਂ ਹਨ। ਇਸ ਦਾ ਨਤੀਜਾ ਵਿਅਕਤੀ ਦੇ ਮਨ ਵਿੱਚ ਦੋਸ਼ ਭਾਵਨਾ ਪੈਦਾ ਹੁੰਦੀ ਹੈ। ਹਰ ਧਰਮ ਇਨ੍ਹਾਂ ਦੋਸ਼ ਭਾਵਨਾਵਾਂ ਨੂੰ ਧੋਣ ਲਈ ਜਾਂ ਗੁਨਾਹਾਂ ਤੋਂ ਮਨੁੱਖ ਨੂੰ ਰੋਕਣ ਲਈ ਪ੍ਰਾਸ਼ਚਿਤ ਦੇ ਤਰੀਕੇ ਨਿਸ਼ਚਿਤ ਕਰਦਾ ਹੈ। ਸਿੱਖ ਮਤ ਵਿੱਚ, ਸੰਗਤ ਸਿੱਖ ਨੂੰ ਗੁਨਾਹਾਂ ਤੋਂ ਰੋਕੀ ਰੱਖਦੀ ਹੈ ਅਤੇ ਜੇਕਰ ਕਿਸੇ

ਵਿਅਕਤੀ ਦੇ ਮਨ ਉਤੇ ਕੋਈ ਦਾਗ਼ ਲਗ ਜਾਵੇ ਤਾਂ ਉਸ ਨੂੰ ਧੋ ਦਿੰਦੀ ਹੈ:

ਧਾਵਤੁ ਰਾਖੈ ਠਾਕਿ ਰਹਾਏ॥
ਸਿਖ ਸੰਗਤਿ ਕਰਮਿ ਮਿਲਾਏ॥[28]

ਸੰਗਤ ਵਿੱਚ ਆ ਕੇ ਸਿੱਖ ਦੇ ਅਵਗੁਣ ਧੋ ਹੋ ਜਾਂਦੇ ਹਨ ਤੇ ਉਹ ਹਮੇਸ਼ਾ ਗੁਣਾਂ ਵਲ ਹੀ ਪ੍ਰੇਰਿਤ ਹੁੰਦਾ ਹੈ:

ਊਤਮ ਸੰਗਤਿ ਊਤਮੁ ਹੋਵੈ॥
ਗੁਣ ਕਉ ਧਾਵੈ ਅਵਗਣ ਧੋਵੈ॥ [29]

**6.5.4 ਪੰਜ ਵਿਕਾਰਾਂ ਤੋਂ ਛੁਟਕਾਰਾ :**

ਗੁਰੂ ਗ੍ਰੰਥ ਸਾਹਿਬ ਤੇ ਹੋਰ ਗ੍ਰੰਥਾਂ ਵਿੱਚ ਵਿਕਾਰਾਂ ਨੂੰ ਦੋਖ, ਦੂਤ, ਭੂਤ, ਦੁਸ਼ਟ, ਵਿਖਾਦੀ, ਠੱਗ ਵਟਵਾਰੇ, ਤਸ਼ਕਰ, ਚੋਰ, ਮਹਾਂਬਲੀ ਆਦਿ ਤ੍ਰਿਸਕਾਰ ਬੋਧਕ ਨਾਵਾਂ ਦੇ ਨਾਲ ਯਾਦ ਕੀਤਾ ਗਿਆ ਹੈ।

ਪੰਜ ਤੱਤਾਂ ਵਾਂਗ ਇਹ ਵੀ ਸਰੀਰ ਦੇ ਪੰਜ ਤੱਤ ਹੀ ਹਨ ਅਤੇ ਸਰੀਰ ਦਾ ਕਾਇਮ ਰਹਿਣਾ ਇਹਨਾਂ ਉਪਰ ਨਿਰਭਰ ਹੈ। ਪ੍ਰਕਿਰਤੀ ਦੇ ਜਿਸ ਭਾਵ ਨੂੰ ਲੈ ਕੇ ਇਹਨਾਂ ਨੂੰ ਸਰੀਰ ਵਿਚ ਰਚਿਆ ਹੈ, ਜੇਕਰ ਇਹ ਆਪਣੀ ਵਿਹਤ ਸੀਮਾ ਵਿਚ ਰਹਿਣ ਤਾਂ ਸਰੀਰ ਦੇ ਰਖਸ਼ਕ ਹਨ ਤੇ ਉਪਕਾਰੀ ਹਨ। ਪਰ ਜਦੋਂ ਇਹਨਾਂ ਵਿੱਚੋਂ ਕੋਈ ਇਕ ਵਤ੍ਰੀਲੀ ਦਸ਼ਾ ਨੂੰ ਟੱਪਕੇ ਪ੍ਰਕਿਰਤੀ ਦੇ ਨਿਯਮ ਤੋਂ ਵੱਧ ਜਾਂਦਾ ਹੈ ਤਾਂ ਉਹ ਪ੍ਰਕਿਰਤਿਕ ਗੁਣ, ਅਵਗੁਣ ਦੇ ਰੂਪ ਵਿੱਚ ਬਦਲ ਕੇ ਦੋਸ਼ ਦਾ ਭਾਗੀ ਬਣ ਜਾਂਦਾ ਹੈ।

ਗੀਤਾ ਵਿੱਚ ਪੰਜ ਵਿਕਾਰਾਂ ਦੀ ਉਤਪਤੀ ਅਤੇ ਇਨ੍ਹਾਂ ਦੁਆਰਾ ਮਨੁੱਖੀ ਹਸਤੀ ਦੇ ਵਿਰੁੱਧ ਹੋਣ ਵਾਲੇ ਭਿਆਨਕ ਪਰਿਣਾਮਾਂ ਦਾ ਵਰਨਣ ਕਰਦਿਆਂ ਲਿਖਿਆ ਹੈ ਕਿ ਇੰਦਰੀਆਂ ਦੇ ਵਿਸ਼ਿਆਂ ਨੂੰ ਚੇਤੇ ਰੱਖਣ ਵਾਲਾ ਉਹਨਾਂ ਨਾਲ ਅਨੁਰਾਗ ਪੈਦਾ ਕਰ ਲੈਂਦਾ ਹੈ, ਅਨੁਰਾਗ ਦੇ ਕਾਰਨ ਕਾਮ ਪੈਦਾ ਹੋ ਜਾਂਦਾ ਹੈ, ਕਾਮ ਤੋਂ ਕ੍ਰੋਧ, ਕ੍ਰੋਧ ਤੋਂ ਮੋਹ, ਮੋਹ ਤੋਂ ਸਮ੍ਰਿਤੀ ਦਾ ਭਰਮ ਅਤੇ ਉਸ ਤੋਂ ਬੁੱਧੀ ਦਾ ਨਾਸ਼ ਹੁੰਦਾ ਹੈ। ਜਦੋਂ ਬੁੱਧੀ ਨਾਸ਼ ਹੋ ਜਾਵੇ ਤਾਂ ਵਿਅਕਤੀ ਬਰਬਾਦ ਹੋ ਜਾਂਦਾ ਹੈ।[30]

ਪੰਜ ਵਿਕਾਰ-ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਮਨੁੱਖ ਦੇ ਆਵਾਗਵਣ ਲਈ ਜ਼ਿੰਮੇਵਾਰ ਹਨ। ਇਨ੍ਹਾਂ ਉਪਰ ਕਾਬੂ ਪਾਉਣ ਲਈ ਸਭ ਲੋਕ ਸਾਧਨਾ ਕਰਦੇ ਹਨ। ਸਿੱਖ ਮੱਤ ਵਿੱਚ 'ਸੰਗਤ' ਇਨ੍ਹਾਂ ਨੂੰ ਵਸ ਕਰਨ ਵਿੱਚ ਸਹਾਇਕ ਹੁੰਦੀ ਹੈ। ਇਨਾਂ ਦੇ ਗੁਲਾਮ ਮਨੁੱਖ ਦਾ ਛੁਟਕਾਰਾ ਸੰਗਤ ਵਿੱਚ ਹੀ ਹੋ ਸਕਦਾ ਹੈ ਕਿਉਂਕਿ ਇੱਥੇ ਪੰਜੇ ਵਿਕਾਰ ਵੱਸ ਵਿਚ ਆ ਜਾਂਦੇ ਹਨ :

ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ॥
ਸਤ ਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ
ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ॥[31]

ਕਿਸੇ ਇੱਕ ਖੇਤਰ ਵਿੱਚ ਕੁੱਝ ਪ੍ਰਾਪਤੀਆਂ ਕਰ ਲੈਣ ਨਾਲ ਜਾਂ ਗਲਤ ਸੋਚ ਕਾਰਨ ਵਿਅਕਤੀ ਵਿੱਚ ਹਉਮੈ ਆ ਜਾਂਦੀ ਹੈ। ਉਹ ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੈ ਅਤੇ ਲੋਕਾ ਨੂੰ ਨੀਵੇਂ ਸਮਝਕੇ ਘਿਰਣਾ ਕਰਦਾ ਹੈ। ਪਰ ਜੇ ਵਿਅਕਤੀ ਸੰਗਤ ਵਿੱਚ ਆਵੇ ਤਾਂ ਉਸ ਨੂੰ ਪਤਾ ਲਗਦਾ ਹੈ ਕਿ ਉਸ ਦੀ ਪ੍ਰਾਪਤੀ ਕੋਈ ਅਲੌਕਿਕ ਵਸਤੂ ਨਹੀਂ ਹੈ, ਉਸ ਵਰਗੇ ਤੇ ਉਸ ਤਰਾਂ ਦੀਆਂ ਪ੍ਰਾਪਤੀਆਂ ਕਰਨ ਵਾਲੇ ਹੋਰ ਵੀ ਬਹੁਤ ਹਨ। ਸੰਗਤ ਉਸ ਦੇ ਬਾਹਰਮੁਖੀ ਹੋਣ ਅਤੇ ਉਸ ਦਾ ਅਭਿਮਾਨ ਤੋੜਨ ਵਿੱਚ ਸਹਾਇਤਾ ਕਰਦੀ ਹੈ:

ਹਉਮੈ ਮੇਟੁ ਸਬਦਿ ਸੁਖੁ ਹੋਈ॥
ਆਪੁ ਵੀਚਾਰੇ ਗਿਆਨੀ ਸੋਈ॥
ਨਾਨਕ ਹਰਿ ਜਸੁ ਹਰਿ ਗੁਣ ਲਾਹਾ ਸਤ ਸੰਗਤਿ ਸਚੁ ਫਲੁ ਪਾਇਆ॥[32]

**6.5.5 ਭਾਈਚਾਰਕ ਸਾਂਝ :**

ਸੰਗਤ ਵਿੱਚ ਜਾਣ ਵਾਲੇ ਸਿੱਖ ਦੇ ਨਿਤ ਦੇ ਨਿੱਜੀ ਜੀਵਨ ਵਿੱਚ ਸੰਗਤ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਉਹ ਸੰਗਤ ਵਿੱਚ 'ਰਾਜਾ ਰੰਕ ਬਰਾਬਰੀ' ਦਾ ਅਸਲੀ ਰੂਪ ਦੇਖਦਾ ਹੈ। ਆਪਣੇ ਨਾਲ ਵਸਦੇ ਸਾਰੇ ਵਿਅਕਤੀਆਂ ਨੂੰ ਇੱਕੋ ਪਰਮਾਤਮਾ ਦੀ ਅੰਸ਼ ਸਮਝ ਕੇ ਪਿਆਰ ਕਰਦਾ ਹੈ ਤੇ ਇਸ ਨਾਲ ਸਭ ਨੂੰ ਬਰਾਬਰ ਜਾਨਣ ਦਾ ਵਿਚਾਰ ਵੀ ਦ੍ਰਿੜ ਹੋ ਜਾਂਦਾ ਹੈ। ਸਮਾਜ ਵਿਚ ਕਾਣੀ ਵੰਡ, ਜਾਤ ਪਾਤ ਦੀਆਂ ਵੰਡਾਂ ਤੇ ਅਮੀਰ ਗਰੀਬ ਦਾ ਫਰਕ ਸਭ ਤੁੱਛ ਜਾਪਣ ਲਗ ਪੈਂਦੇ ਹਨ, ਕਿਉਂਕਿ ਜਾਤ ਵਰਣ ਨੂੰ ਸੰਗਤ ਵਿਚ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ। ਜੋ ਵੀ ਆਵੇ ਉਸ ਦਾ ਹੀ ਕਲਿਆਣ ਹੋ ਜਾਂਦਾ ਹੈ। ਸੰਗਤ ਵਿੱਚ ਸਭ ਜੀਵ ਆਪਸ ਵਿੱਚ ਮਿੱਤਰ ਹੁੰਦੇ ਹਨ:

ਧਨ ਸਾਚਿ ਸੰਗੂਤੀ ਹਰਿ ਸੰਗਿ ਸੂਤੀ ਸੰਗਿ ਸਖੀ ਸਹੇਲੀਆ॥[33]

ਇਸ ਦੇ ਨਾਲ ਨਾਲ ਸਿੱਖ 'ਸੰਗਤ' ਵਿਚ ਜਾ ਕੇ ਸੇਵਾ ਕਰਦਾ ਹੈ ਤੇ ਸਭ ਮਿਲ ਕੇ ਹਰ ਤਰਾਂ ਦੀ ਸੇਵਾ ਕਰਦੇ ਹਨ, ਜਿਸ ਨਾਲ ਭਰਾਤਰੀ ਭਾਵ ਤੇ ਸਹਿਯੋਗ ਦੀ ਭਾਵਨਾ ਵੱਧਦੀ ਹੈ। ਸਿੱਖ 'ਸੰਗਤ' ਵਿੱਚ ਇੱਕ ਦੂਸਰੇ ਤੋਂ ਸ਼ੁਭ ਗੁਣ ਗ੍ਰਹਿਣ ਕਰਦਾ ਹੈ:

ਗੁਣੀ ਗੁਣੀ ਮਿਲਿ ਲਾਹਾ ਪਾਪਸਿ
ਗੁਰਮੁਖਿ ਨਾਮਿ ਵਡਾਈ॥[34]

**6.5.6 ਸੁੱਖ ਦੀ ਪ੍ਰਾਪਤੀ :**

ਸੁੱਖ ਦਾ ਭਾਵ ਸ਼ਾਂਤੀ, ਅਮਨ ਚੈਨ ਅਤੇ ਸਦੀਵੀ ਆਨੰਦ ਹੈ। ਗੁਰਮਤਿ ਅਨੁਸਾਰ ਮਨੁੱਖ ਕਰਮਾ ਅਨੁਸਾਰ ਦੁੱਖ-ਸੁੱਖ ਭੋਗਦਾ ਹੈ।[35] ਸੰਗਤ ਵਿਚ ਜਾ ਕੇ ਮਨ ਦੀ ਭੁੱਖ ਲਹਿੰਦੀ ਹੈ। ਸੰਗਤ ਵਿੱਚ ਨਾਮ ਜਪਣ ਦਾ ਮੌਕਾ ਮਿਲਦਾ ਹੈ ਤੇ ਨਾਮ ਤੋਂ ਬਿਨਾਂ ਕਸ਼ਟ ਬਣੇ ਰਹਿੰਦੇ ਹਨ। ਹਰੀ ਸਿਮਰਨ ਦੁਆਰਾ ਹੀ ਦੁੱਖਾਂ ਤੋਂ ਛੁਟਕਾਰਾ ਹੁੰਦਾ ਹੈ ਕਿਉਂਕਿ ਗੁਰੂ ਦੁਆਰਾ ਆਪੇ ਦੀ ਸੋਝੀ ਹੁੰਦੀ ਹੈ, ਇਸ ਸੋਝੀ ਤੋਂ ਹੀ ਸਭ ਸੁੱਖ ਉਪਜਦੇ ਹਨ:

ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ॥
ਬਿਨੁ ਸੰਗਤਿ ਸਾਧ ਨ ਧ੍ਰਾਪੀਐ ਬਿਨੁ ਨਾਵੈ ਦੂਖ ਸੰਤਾਪੁ।।
ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ॥[36]
ਸੰਤ ਸਭਾ ਸੁਖੁ ਉਪਜੈ ਗੁਰਮੁਖਿ ਨਾਮ ਆਧਾਰੁ॥[37]

ਇਸ ਤਰਾਂ ਸੰਗਤ ਵਿੱਚ ਉਸ ਦੇ ਦੁਖ ਰੋਗ ਮਿਟ ਜਾਂਦੇ ਹਨ ਤੇ ਉਹ ਪਰਮ ਅਵਸਥਾ ਨੂੰ ਪ੍ਰਾਪਤ ਕਰਦਾ ਹੈ:

ਗੁਰ ਸੰਤ ਸਭਾ ਦੁਖੁ ਮਿਟੈ ਰੋਗੁ॥
ਜਨ ਨਾਨਕ ਹਰਿ ਵਰੁ ਸਹਜ ਜੋਗੁ॥[38]

**6.5.7 ਸੰਗਤ ਵਿੱਚੋਂ ਤੀਰਥ ਇਸ਼ਨਾਨ**

ਤੀਰਥ ਦਾ ਅਰਥ ਹੈ ਪਵਿੱਤਰ ਧਰਮ ਅਸਥਾਨ, ਜਿੱਥੇ ਧਾਰਮਿਕ ਭਾਵਨਾ ਨਾਲ ਲੋਕ ਪੂਜਾ ਇਸ਼ਨਾਨ ਅਤੇ ਉਪਾਸਨਾ ਲਈ ਜਾਂਦੇ ਹਨ। ਭਾਰਤੀ ਪਰੰਪਰਾ ਅਨੁਸਾਰ 68 ਤੀਰਥ ਹਨ ਜਿਨ੍ਹਾਂ ਤੇ ਇਸ਼ਨਾਨ ਕਰਨ

ਦਾ ਬੜਾ ਮਹਾਤਮ ਦੱਸਿਆ ਗਿਆ ਹੈ। ਪਰ ਗੁਰੂ ਨਾਨਕ ਦੇਵ ਜੀ ਤਾਂ ਅੰਦਰਲੇ ਤੀਰਥ ਵਿੱਚ ਨਾਮ ਨਾਲ ਮਲ ਮਲ ਕੇ ਇਸ਼ਨਾਨ ਕਰਨ ਨੂੰ ਮਹਾਨਤਾ ਵਾਲੀ ਗੱਲ ਮੰਨਦੇ ਹਨ। ਸੰਗਤ ਦੀ ਧੂੜੀ ਨੂੰ ਮਸਤਕ ਤੇ ਲਗਾਉਣਾ ਅਠਾਹਠ ਤੀਰਥਾਂ ਦੇ ਇਸ਼ਨਾਨ ਤੁੱਲ ਮੰਨਿਆ ਗਿਆ ਹੈ। ਇਸ ਤਰ੍ਹਾਂ ਸਿੱਖ 'ਸੰਗਤ' ਵਿਚ ਜਾ ਕੇ ਅਠਾਹਠ ਤੀਰਥਾਂ ਦਾ ਸੱਚਾ ਇਸ਼ਨਾਨ ਕਰਦਾ ਹੈ:

ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ॥
ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ॥[39]

ਗੁਰੂ ਨਾਨਕ ਬਾਣੀ ਅਨੁਸਾਰ ਸੱਚ ਨੂੰ ਤਾਂ ਮੈਲ ਹੀ ਨਹੀਂ ਲਗਦੀ ਫਿਰ ਬਾਹਰਲੇ ਤੀਰਥਾਂ ਤੇ ਜਾ ਕੇ ਕੀ ਧੋਣਾ ਹੈ ਤੇ ਜੇਕਰ ਮੈਲ ਲਗੀ ਹੈ, ਉਹ ਇਸ ਅੰਦਰਲੇ ਤੀਰਥ ਵਿੱਚ ਇਸ਼ਨਾਨ ਕਰਨ ਤੋਂ ਬਿਨਾਂ ਲਥਦੀ ਨਹੀਂ ਹੈ। ਇਸ ਲਈ ਸੰਗਤ ਵਿੱਚ ਹਰੀ ਰੂਪੀ ਮਿੱਤਰ ਨਾਲ ਸਾਂਝ ਪਾਉਣੀ ਹੀ ਅਸਲੀ ਇਸ਼ਨਾਨ ਹੈ:

ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ॥[40]

### 6.5.8 ਸੱਚੇ ਗਿਆਨ ਦੀ ਪ੍ਰਾਪਤੀ :

ਗਿਆਨ ਅਸਲੀਅਤ ਜਾਣਨ ਜਾਂ ਕਿਸੇ ਵਸਤੂ ਜਾਂ ਅਨੁਭਵ ਦਾ ਠੀਕ ਸਰੂਪ ਨਿਰਧਾਰਿਤ ਕਰਨ ਦੀ ਕਿਰਿਆ ਮੰਨੀ ਜਾਂਦੀ ਹੈ। ਸੱਚੇ ਗਿਆਨ ਜਾ ਮਤਲਵ ਹੈ ਰੱਬ ਸੰਬੰਧੀ ਗਿਆਨ। ਇਹ ਉਹ ਗਿਆਨ ਹੈ ਜਿਸ ਅਨੁਸਾਰ ਬ੍ਰਹਮ ਨੂੰ ਹੀ ਸਤ ਮੰਨਿਆ ਜਾਂਦਾ ਹੈ। 'ਸੰਗਤ ਸਿੱਖ ਨੂੰ ਸੱਚਾ ਗਿਆਨ ਪਰਦਾਨ ਕਰਦੀ ਹੈ, ਜਿਸ ਉੱਪਰ ਗੁਰਬਾਣੀ ਵਿੱਚ ਵੀ ਜ਼ੋਰ ਦਿੱਤਾ ਗਿਆ ਹੈ। ਕੋਈ ਵੀ ਮਨੁੱਖ ਪੂਰਨ ਰੂਪ ਵਿੱਚ ਬੇਸਮਝ ਨਹੀਂ ਹੁੰਦਾ ਪਰ ਹਰ ਮਨੁੱਖ ਦੇ ਗਿਆਨ ਦੀ ਅਵਸਥਾ ਵਿਚ ਅੰਤਰ ਹੁੰਦਾ ਹੈ ਅਤੇ ਆਮ ਸੂਝ ਦਾ ਨਿਰਧਾਰਣ ਵਿਅਕਤੀਗਤ ਹੁੰਦਾ ਹੈ। ਸਮੂਹਕ ਸੋਚ ਵਿਅਕਤੀਗਤ ਸੋਚ ਤੋਂ ਹਮੇਸ਼ਾਂ ਉੱਚੀ ਹੁੰਦੀ ਹੈ ਅਤੇ ਸੰਗਤ ਇਸ ਉੱਤਮ ਗਿਆਨ ਦੀ ਪ੍ਰਾਪਤੀ ਦਾ ਸਾਧਨ ਹੈ:

ਸਭਿ ਸੁਖ ਹਰਿਰਸ ਭੋਗਣੇ ਸੰਤ ਸਭਾ ਮਿਲਿ ਗਿਆਨ॥[41]

### 6.5.9 ਪਰਮਾਤਮਾ ਨਾਲ ਮਿਲਾਉਣਾ

ਗੁਰੂ ਨਾਨਕ ਬਾਣੀ ਦੁਆਰਾ ਸਥਾਪਿਤ ਸੰਗਤ ਦੇ ਉਦੇਸ਼ ਅਨੁਸਾਰ ਸੰਗਤ ਦੀ ਸਭ ਤੋਂ ਵੱਡੀ ਦੇਣ ਮਨੁੱਖ ਨੂੰ ਪਰਮਾਤਮਾ ਨਾਲ ਮਿਲਾਉਣ ਦੀ ਹੈ।42 ਪਰਮਾਤਮਾ ਨਾਲ ਮਿਲਾਪ ਦਾ ਅਰਥ ਮੁਕਤ ਸਥਿਤੀ ਦੀ ਪ੍ਰਾਪਤੀ ਹੈ, ਸਗੋਂ ਆਤਮਾ ਦੀ ਪਰਮਾਤਮਾ ਨਾਲ ਇਕਮਿਕਤਾ ਹੈ। ਇਸ ਨਾਲ ਆਤਮਾ ਲਈ ਆਵਾਗਉਣ ਮਿਟ ਜਾਂਦਾ ਹੈ ਅਤੇ ਉਹ ਪਰਮਾਤਮਾ ਵਿਚ ਸਮਾ ਕੇ ਪਰਮ ਅਤੇ ਸਥਾਈ ਅਨੰਦ ਨੂੰ ਭੋਗਦੀ ਹੈ।

ਸੰਗਤ ਉਹ ਹੈ ਜਿਥੇ ਕੇਵਲ ਇਕ ਨਾਮ ਦਾ ਸਿਮਰਨ ਤੇ ਵਿਚਾਰ ਕੀਤੀ ਜਾਂਦੀ ਹੈ।[43] ਇਸ ਲਈ ਸੰਗਤ ਵਿਚ ਦਵੈਤ, ਦੂਈ ਤੇ ਵਖਰੇਵਾਂ ਨਹੀਂ ਹੁੰਦਾ। ਜਦ ਸਿੱਖ 'ਸੰਗਤ' ਵਿਚ ਬ੍ਰਹਮ ਦੇ ਏਕਤਵ ਤੇ ਉਸ ਦੇ ਨਾਮ ਦੀ ਵਿਚਾਰ ਸੁਣਦਾ ਹੈ ਤਾਂ ਉਹ ਆਪਣੇ ਮਨ ਨੂੰ ਇਕ ਅਕਾਲਪੁਰਖ ਨਾਲ ਜੋੜਦਾ ਹੈ, ਜਿਸ ਨਾਲ ਮਨ ਅੰਦਰੋਂ ਦਵੈਤ ਦੀ ਭਾਵਨਾ ਖਤਮ ਹੋ ਜਾਂਦੀ ਹੈ ਤੇ ਇਕ ਪਰਮਾਤਮਾ ਦਾ ਵਾਸਾ ਹੀ ਰਹਿ ਜਾਂਦਾ ਹੈ, ਕਿਉਂਕਿ ਗੁਰੂ ਨਾਨਕ ਦੇਵ ਜੀ ਅਨੁਸਾਰ ਉਸ ਪਰਮਾਤਮਾ ਦੀ ਪ੍ਰਾਪਤੀ ਸੰਗਤ ਵਿੱਚੋਂ ਹੀ ਹੁੰਦੀ ਹੈ।

ਜਾ ਕੀ ਭਗਤਿ ਹੇਤੁ ਮੁਖਿ ਨਾਮੁ॥
ਸੰਤ ਭਗਤਿ ਕੀ ਸੰਗਤਿ ਰਾਮੁ॥[44]
ਧਨ ਸਾਚਿ ਸੰਗੂਤੀ ਹਰਿ ਸੰਗਿ ਸੂਤੀ ਸੰਗਿ ਸਖੀ ਸਹੇਲੀਆ॥[45]

ਇੰਜ ਸੰਗਤ ਵਿੱਚ ਆਉਣ ਵਾਲੇ ਸਿੱਖ ਦਾ ਜੀਵਨ ਬਦਲ ਜਾਂਦਾ ਹੈ ਕਿਉਂਕਿ ਉਹ ਪਰਮਾਤਮਾ ਦੀ ਉਸਤਤ ਕਰਦਾ ਹੋਇਆ ਆਪਣੇ ਪਰਮ ਲਕਸ਼ ਨੂੰ ਪ੍ਰਾਪਤ ਕਰ ਲੈਂਦਾ ਹੈ।

ਹਰਿ ਜਨ ਸੰਗਤਿ ਪਾਵੈ ਪਾਰੁ॥[46]

ਨਦੀ ਪਾਰ ਕਰਨ ਲਈ ਬੜੀ ਮਾਧਿਅਮ ਹੈ। ਇਸੇ ਤਰਾਂ ਸੰਸਾਰ-ਸਾਗਰ ਪਾਰ ਕਰਨ ਲਈ ਸੰਗਤ ਬੇੜੀ ਰੂਪ ਹੈ ਜਿਸ ਦੀ ਕਿਰਪਾ ਨਾਲ ਸਿੱਖ ਪਰਮਗਤਿ (ਪਰਮਪਦ) ਨੂੰ ਪ੍ਰਾਪਤ ਕਰ ਲੈਂਦਾ ਹੈ:

ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ॥[47]

**6.5.10 ਹੋਰ ਪ੍ਰਾਪਤੀਆਂ :**

ਇਸ ਤੋਂ ਬਿਨਾਂ ਸੰਗਤ ਵਿੱਚ ਜਾਣ ਨਾਲ ਸਿੱਖ ਨੂੰ ਕੁੱਝ ਹੋਰ ਪ੍ਰਾਪਤੀਆਂ ਹੁੰਦੀਆਂ ਹਨ। ਸਿੱਖ ਜਦੋਂ ਸੰਗਤ ਵਿੱਚ ਜਾਂਦਾ ਹੈ ਤਾਂ ਉਸ ਦੇ ਡਰ ਖਤਮ ਹੋ ਜਾਂਦੇ ਹਨ। ਕਿਉਂਕਿ ਸੰਗਤ ਵਿੱਚ ਮਨੁੱਖ ਦੀ ਕਮਜ਼ੋਰੀ ਬਲ ਵਿੱਚ ਬਦਲ ਜਾਂਦੀ ਹੈ। 'ਜਮਾਤ ਵਿੱਚ ਕਰਾਮਾਤ' ਕਿਹਾ ਗਿਆ ਹੈ। ਸਿੱਖ ਨੂੰ ਉਦਮੀ ਬਣਾਉਣ ਵਿੱਚ ਵੀ ਸੰਗਤ ਸਹਾਈ ਹੁੰਦੀ ਹੈ। ਸਵੇਰੇ ਸਾਰ ਉਠਕੇ, ਨਹਾ ਕੇ, ਤਿਆਰ ਹੋ ਕੇ ਸੰਗਤ ਵਿੱਚ ਜਾਣ ਲਈ ਬਹੁਤ ਹਿੰਮਤ ਦੀ ਲੋੜ ਹੁੰਦੀ ਹੈ ਅਤੇ ਇਹ ਕਾਰਜ ਸੰਗਤ ਦਾ ਜ਼ਰੂਰੀ ਭਾਗ ਹੈ।

ਇੰਜ 'ਸੰਗਤ' ਸਿੱਖ ਦਾ ਜੀਵਨ ਪਲਟ ਕੇ ਰੱਖ ਦਿੰਦੀ ਹੈ। ਸਿੱਖ ਨੂੰ ਇਕ ਆਦਰਸ਼ ਮਨੁੱਖ ਬਣਾਉਂਦੀ ਹੈ। ਇਸ ਤਰਾਂ ਪਾਪੀ ਵਿਅਕਤੀ ਵੀ ਸੰਗਤ ਵਿਚ ਜਾ ਕੇ ਪਰਮਗਤਿ ਪ੍ਰਾਪਤ ਕਰ ਲੈਂਦਾ ਹੈ। ਕਿਉਕਿ ਇਹ ਸੰਗਤ ਦੀ ਵਡਿਆਈ ਹੈ:

ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ॥
ਪਾਰਸ ਭੇਟਿ ਪਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ॥[48]

ਸੰਗਤ ਦੁਆਰਾ ਸਿੱਖ ਅੰਦਰਲਾ ਦੁਤੀਆ ਭਾਵ ਸਮਾਪਤ ਹੁੰਦਾ ਹੈ। ਉਹ 'ਮੈਂ' ਅਤੇ 'ਤੂੰ' ਦੇ ਝਗੜੇ ਤੋਂ ਉਪਰ ਉਠ ਕੇ ਸਭ ਨੂੰ ਇਕੋ ਦ੍ਰਿਸ਼ਟੀ ਨਾਲ ਦੇਖਦਾ ਹੈ। 'ਸੰਗਤ' ਸਿੱਖ ਨੂੰ ਗੁਨਾਹ ਕਰਨ ਤੋਂ ਰੋਕਦੀ ਹੈ। ਉਸ ਨੂੰ ਭੈੜੇ ਕੰਮ ਕਰਨ ਤੋਂ ਵਰਜਦੀ ਹੈ। 'ਸੰਗਤ' ਰਾਹੀਂ ਪੰਜ ਵਿਕਾਰਾਂ ਨੂੰ ਕਾਬੂ ਵਿੱਚ ਕਰਨਾ ਆਸਾਨ ਹੋ ਜਾਂਦਾ ਹੈ. 'ਸੰਗਤ' ਆਪਸ ਵਿਚ ਭਾਈਚਾਰਕ ਸਾਂਝ ਵਧਾਉਂਦੀ ਹੈ। ਸੰਗਤ ਕਰਨ ਨਾਲ ਹੀ ਸਿੱਖ ਨੂੰ ਸਦੀਵੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਉਹ ਇੰਜ ਅਨੁਭਵ ਕਰਦਾ ਹੈ ਜਿਵੇਂ ਉਸ ਨੇ ਅਨੇਕਾਂ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੋਵੇ। ਸੰਗਤ ਦੁਆਰਾ ਹੀ ਸਿੱਖ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਅਨੁਸਾਰ ਜੀਵਨ ਦਾ ਉਦੇਸ਼ ਪ੍ਰਭੂ ਪਰਮਾਤਮਾ ਨਾਲ ਮਿਲਾਪ ਕਰਨਾ ਹੈ। ਇਹ ਮਿਲਾਪ ਸੰਗਤ ਦੁਆਰਾ ਹੀ ਹੁੰਦਾ ਹੈ।

## ਹਵਾਲੇ ਤੇ ਟਿਪਣੀਆਂ

1. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 624
2. ਹਜ਼ਾਰਾ ਸਿੰਘ ਗਿਆਨੀ (ਪੰਡਿਤ), ਵਾਰਾਂ ਭਾਈ ਗੁਰਦਾਸ, ਪੰ. 190
3. ਉਹੀ, ਪੰ. 75
4. ਉਹੀ, ਪੰ. 137
5. ਮਹਾਨ ਕੋਸ਼, ਪੰ. 192
6. ਪੰਜਾਬੀ ਕੋਸ਼, ਪੰ. 176
7. ਸਿੱਖ ਰਹਿਤ ਮਰਿਯਾਦਾ, ਪੰ. 8
8. ਸਿੱਖ ਕੌਣ ? ਪੰ. 10
9. ਡਾ. ਰਤਨ ਸਿੰਘ ਜੱਗੀ, ਵਾਰਾਂ ਭਾਈ ਗੁਰਦਾਸ ਅਨੁਕਰਮਿਣਿਕਾ, ਪੰ. 106
10. ਦਰਸ਼ਨ ਸਿੰਘ, ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ, ਪੰ. 187-188
11. ਸਿਖ ਸਭਾ ਦੀਖਿਆ ਕਾ ਭਾਉ॥<br>ਗੁਰਮੁਖਿ ਸੁਣਣਾ ਸਾਚਾ ਨਾਉ॥<br>ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 400
12. ਵਾਰਾਂ ਭਾਈ ਗੁਰਦਾਸ, ਵਾਰ 13, ਪਉੜੀ 19
13. ਹਿੰਦੀ ਸ਼ਬਦ ਸਾਗਰ, ਦਸਵਾ ਭਾਗ, ਪੰ. 7079
14. ਗੁਰਸ਼ਰਨ ਕੌਰ ਜੱਗੀ (ਡਾ.) ਗੁਰੁ ਨਾਨਕ ਬਾਣੀ ਦਾ ਸਿਧਾਂਤਕ ਵਿਸ਼ਲੇਸ਼ਣ, ਪੰ. 283
15. ਜਿਨਿ ਸੇਵਿਆ ਤਿਨਿ ਪਾਇਆ ਮਾਨੁ॥<br>ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 8
16. ਸਾਖੀ ਭਾਈ ਬਾਲੇ ਵਾਲੀ, ਹਵਾਲਾ ਗੁਰਮਤ ਮਾਰਤੰਡ, ਭਾਈ ਕਾਹਨ ਸਿੰਘ ਨਾਭਾ, ਪੰ. 606
17. ਵਾਰਾਂ ਭਾਈ ਗੁਰਦਾਸ, ਵਾਰ 9, ਪਉੜੀ 17,20 ਪਉੜੀ10, ਵਾਰ 27 ਪਉੜੀ 19
18. ਤੂੰ ਸਭਨਾ ਮਾਹਿ ਸਮਾਇਆ ॥<br>ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 198
19. ਘਾਲਿ ਖਾਇ ਕਿਛੁ ਹਥਹੁ ਦੇਇ ॥<br>ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1245
20. ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥<br>ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥<br>ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 15
21. ਜੋਧ ਸਿੰਘ (ਭਾਈ),ਗੁਰਮਤ ਨਿਰਣਯ, ਪੰ. 153
22. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 214
23. ਉਹੀ, ਪੰ. 1168

24. ਉਹੀ, ਪੰ. 474
25. ਉਹੀ, ਪੰ. 953
26. ਉਹੀ, ਪੰ. 742
27. ਉਹੀ, ਪੰ. 1301
28. ਉਹੀ, ਪੰ. 458
29. ਉਹੀ, ਪੰ. 468
30. ਗੀਤਾ, ਅਧਿਆਇ- 2/62/62
31. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 641
32. ਉਹੀ, ਪੰ. 1209
33. ਉਹੀ, ਪੰ. 864
34. ਉਹੀ, ਪੰ. 1284
35. ਆਪੇ ਬੀਜ ਆਪੇ ਹੀ ਖਾਹੁ ॥

    ਉਹੀ, ਪੰ. 27
36. ਉਹੀ, ਪੰ. 110
37. ਉਹੀ, ਪੰ. 168
38. ਉਹੀ, ਪੰ. 1303
39. ਉਹੀ, ਪੰ. 690
40. ਉਹੀ, ਪੰ. 742
41. ਉਹੀ, ਪੰ. 114
42. ਸਾਧ ਸੰਗਤਿ ਮਹਿ ਹਰਿ ਰਸੁ ਪਾਈਐ ਗੁਰ ਮਿਲਿਐ ਜਮ ਭਉ ਭਾਗਾ।

    ਉਹੀ, ਪੰ. 695
43. ਉਹੀ, ਪੰ. 197
44. ਉਹੀ, ਪੰ. 481
45. ਉਹੀ, ਪੰ. 864
46. ਉਹੀ, ਪੰ. 1516
47. ਉਹੀ, ਪੰ. 430
48. ਉਹੀ, ਪੰ. 1311

ਅਧਿਆਇ ਸੱਤਵਾਂ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੇ ਬੁਨਿਆਦੀ ਮੁੱਦੇ (ਧਾਰਮਿਕ, ਸਮਾਜਿਕ, ਰਾਜਨੀਤਕ, ਆਰਥਿਕ,ਮਨੁੱਖੀ ਅਧਿਕਾਰ)

7.1. ਧਾਰਮਿਕ ਮੁੱਦੇ

7.2. ਸਮਾਜਿਕ ਮੁੱਦੇ

7.3. ਰਾਜਨੀਤਕ ਮੁੱਦੇ

7.4. ਆਰਥਿਕ ਮੁੱਦੇ

7.5. ਮਨੁੱਖੀ ਅਧਿਕਾਰ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੇ ਬੁਨਿਆਦੀ ਮੁੱਦੇ
# (ਧਾਰਮਿਕ, ਸਮਾਜਿਕ, ਰਾਜਨੀਤਕ, ਆਰਥਿਕ ਮਨੁੱਖੀ ਅਧਿਕਾਰ)

ਸੰਗਤ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਉਹ ਸੰਸਥਾ ਹੈ ਜਿਹੜੀ ਕਿ ਉਹਨਾਂ ਦੁਆਰਾ ਦਰਸਾਏ ਹੋਏ ਗੁਰਮਤ ਦੇ ਮਾਰਗ ਨੂੰ ਸਾਰਥਕ ਕਰਦੀ ਹੈ। ਇਸ ਸੰਸਥਾ ਰਾਹੀਂ ਹੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼, ਸਹੀ ਅਭਿਲਾਸ਼ੀਆਂ ਕੋਲ ਪਹੁੰਚਦੇ ਹਨ, ਜਿਸ ਨਾਲ ਉਹਨਾਂ ਦੇ ਉਦੇਸ਼ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਵਿਅਕਤੀਗਤ ਲਕਸ਼ ਦੇ ਨਾਲ ਨਾਲ ਸਮਾਜਿਕ ਲਕਸ਼ ਬਨਾਉਣ ਲਈ ਇਸ ਦਾ ਰੂਪ ਤੇ ਨਿਸ਼ਾਨਾ ਬਦਲਿਆ। ਇਸ ਨੂੰ ਰੀਤੀਵਾਦ ਤੇ ਧਾਰਮਿਕ ਈਜ਼ਾਰੇਦਾਰੀ (ਮਲਕੀਅਤ) ਤੋਂ ਕੱਢਣ ਲਈ ਇਸ ਬਾਰੇ ਲੋੜੀਂਦੇ ਗਿਆਨ ਨੂੰ ਆਮ ਲੋਕਾਂ ਦੀ ਆਪਣੀ ਸਮਝੀ ਤੇ ਬੋਲੀ ਜਾਣ ਵਾਲੀ ਬੋਲੀ ਤੇ ਆਮ ਘਰੇਲੂ ਤੇ ਕਾਰਵਿਹਾਰੀ ਦ੍ਰਿਸ਼ਟਾਂਤਾਂ ਦੁਆਰਾ ਪ੍ਰਗਟ ਕੀਤਾ। ਇਸ ਦੇ ਨਾਲ ਹੀ ਲੋਕਾਂ ਦੇ ਜੀਵਨ-ਜਾਚ, ਰਹਿਣੀ ਬਹਿਣੀ ਕਿਰਤ ਵਿਹਾਰ, ਉਨ੍ਹਾਂ ਦੇ ਰਸਮ ਰਿਵਾਜ, ਸਦਾਚਾਰ ਸਭਿਆਚਾਰ, ਵਿਅਕਤੀਗਤ ਜੀਵਨ, ਘਰੇਲੂ, ਸਮਾਜੀ ਤੇ ਰਾਜਸੀ ਜੀਵਨ (ਹਕੂਮਤ ਪ੍ਰਤੀ ਰਵਈਏ) ਨੂੰ ਆਪਣੇ ਵਲੋਂ ਉਲੀਕੀ ਦਿਸ਼ਾ ਵਲ ਸੇਧ ਦੇਣ ਦਾ ਭਰਪੂਰ ਉਪਰਾਲਾ ਕੀਤਾ। ਇਸ ਪ੍ਰੋਗਰਾਮ ਦੀ ਪੂਰਤੀ ਲਈ ਜਿਥੇ ਉਹਨਾਂ ਨੇ ਆਪਣੇ ਅਧਿਆਤਮਕ ਸਿਧਾਂਤ ਦੀ ਘੋਸ਼ਣਾ ਕੀਤੀ ਤੇ ਉਸ ਦੀ ਵਿਆਖਿਆ ਆਪਣੀ ਬਾਣੀ ਵਿਚ ਕੀਤੀ, ਉਥੇ ਇਸ ਦੇ ਵਿਅਕਤੀਗਤ ਤੇ ਸਮਾਜਿਕ ਲਕਸ਼ਾਂ ਨੂੰ ਲੋਕਾਂ ਵਿਚ ਪਰਸਾਰਣ ਤੇ ਲੋਕਾਂ ਦੇ ਜੀਵਨ ਨੂੰ ਇਸ ਰਾਹ ਉਤੇ ਤੋਰਨ ਤੇ ਫਿਰ ਲੋਕਾਂ ਦੇ ਵਿਅਕਤੀਗਤ ਤੇ ਸਮਾਜਿਕ ਜੀਵਨ ਉਤੇ ਪ੍ਰਭਾਵ ਜੋਖਣ ਲਈ ਉਨਾਂ ਨੇ 'ਸੰਗਤ' ਦੀ ਪ੍ਰਥਾ ਕਾਇਮ ਕੀਤੀ। ਉਨ੍ਹਾਂ ਵਲੋਂ ਸਥਾਪਤ ਕੀਤੀ 'ਸੰਗਤ' ਵਿਚ ਸਾਰੇ ਸਮਾਜ ਦੀ ਸਮੁੱਚੇ ਰੂਪ ਵਿਚ ਪ੍ਰਤੀਨਿਧਤਾ ਹੈ। ਉਹ ਇਹ ਗੱਲ ਭਲੀ ਭਾਂਤ ਜਾਣਦੇ ਸਨ ਕਿ ਮਨੁੱਖ ਸਮਾਜ ਤੋਂ ਅਲੱਗ ਇੱਕਲਾ ਨਹੀਂ ਵਿਚਰ ਸਕਦਾ। ਸਮਾਜ ਵਿਅਕਤੀ ਦੇ ਵਿਹਾਰ ਤੇ ਸੋਚ ਨੂੰ ਪ੍ਰਭਾਵਿਤ ਕਰਦਾ ਹੈ।[1] ਸੰਗਤ ਤੇ ਸਿੱਖ ਧਰਮ ਇਸ ਸੰਦਰਭ ਵਿਚ ਇਕ ਦੂਜੇ ਦੇ ਪਰਾਇਵਾਚੀ ਲਗਦੇ ਹਨ। ਇਸੇ ਲਈ ਭਾਈ ਨੰਦ ਲਾਲ ਜੀ ਗੋਯਾ ਨੇ ਸਿੱਖ ਧਰਮ ਦਾ ਨਾਉਂ 'ਸਾਧ ਸੰਗ' ਲਿਖਿਆ ਹੈ।

ਹਮਚਨਾ ਦਰ ਮਜਹਬੇ ਦੀ ਸਾਧ ਸੰਗ।[2]

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਗਏ ਰਾਹ ਨੂੰ ਅਮਲ ਵਿਚ ਲਿਆਉਣ ਲਈ ਇਸ ਸੰਸਥਾ ਦੀ ਸਥਾਪਨਾ ਹੋਈ ਹੈ।

ਮੁੱਦਾ, ਫਾਰਸੀ ਭਾਸ਼ਾ ਦਾ ਸ਼ਬਦ ਹੈ[3] ਇਸ ਦਾ ਅਰਥ ਨਾ ਤਾਂ ਸਿਧਾਂਤ ਹੈ ਤੇ ਨਾ ਹੀ ਸੰਕਲਪ।

ਸਿਧਾਂਤ ਤੇ ਸੰਕਲਪ ਅਧਿਰਚਨਾ ਹੁੰਦੇ ਹਨ ਜਦੋਂ ਕਿ ਮੁੱਦੇ ਇਸ ਅਧਿਰਚਨਾ ਦੀ ਨੀਂਹ ਹੁੰਦੇ ਹਨ। ਸਿਧਾਂਤ ਤੇ ਸੰਕਲਪ ਸਹਾਇਕ ਮਾਤਰ ਹੁੰਦੇ ਹਨ। ਅਸਲ ਵਸਤੂ ਤਾਂ ਉਹੀ ਹੁੰਦੀ ਹੈ ਜਿਸ ਦੀ ਪ੍ਰਾਪਤੀ ਲਈ ਇਹ ਘੜੇ ਜਾਂਦੇ ਹਨ। ਇਸੇ ਵਸਤੂ ਨੂੰ ਮੁੱਦਾ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸੰਗਤ ਦੇ ਸਿਧਾਂਤ ਜਾਂ ਸੰਕਲਪਾਂ ਪਿਛੇ ਜਿਹੜੀਆਂ ਭਾਵਨਾਵਾਂ ਹਨ, ਜਿਹੜੇ ਉਦੇਸ਼ ਹਨ ਜਾਂ ਜਿਹੜੇ ਸਰੋਕਾਰ ਹਨ ਉਹ ਹੀ ਸੰਗਤ ਦੇ ਮੁੱਦੇ ਹਨ।

### 7.1. ਸੰਗਤ ਦੇ ਧਾਰਮਿਕ (ਅਧਿਆਤਮਕ) ਮੁੱਦੇ

ਗੁਰੂ ਨਾਨਕ ਦੇਵ ਜੀ ਦਾ ਸੰਗਤ ਦੀ ਸਥਾਪਨਾ ਕਰਨ ਦਾ ਮੁੱਖ ਉਦੇਸ਼ ਅਧਿਆਤਮਕ ਰਿਹਾ ਹੈ। ਉਹਨਾਂ ਅਨੁਸਾਰ ਇਸ ਸ੍ਰਿਸ਼ਟੀ ਨੂੰ ਬਣਾਉਣ ਤੇ ਚਲਾਉਣ ਵਾਲੀ ਇੱਕੋ ਇੱਕ ਹਸਤੀ ਅਕਾਲਪੁਰਖ ਹੈ ਜੋ ਕਿ ਸ੍ਰਿਸ਼ਟੀ ਦੇ ਕਣ ਕਣ ਵਿਚ ਸਮਾਇਆ ਹੋਇਆ ਹੈ।

ਗੁਰੂ ਸਾਹਿਬ ਨੇ ਆਪਣੀਆਂ ਉਦਾਸੀਆਂ ਸਮੇਂ ਲੋਕਾਂ ਨਾਲ ਵਿਚਾਰ ਵਟਾਂਦਰਾ ਕੀਤਾ ਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਮਹਿਸੂਸ ਕੀਤਾ। ਉਹਨਾਂ ਨੇ ਹਮੇਸ਼ਾਂ ਆਪਣੀ ਸਾਂਝ ਲੋਕਾਂ ਨਾਲ ਰੱਖੀ ਤੇ ਉਹਨਾਂ ਦੀਆਂ ਅਧਿਆਤਮਕ ਮੁਸ਼ਕਲਾਂ ਦੇ ਨਾਲ ਨਾਲ ਸਮਾਜਿਕ, ਆਰਥਿਕ ਤੇ ਰਾਜਨੀਤਕ ਮੁਸਕਲਾਂ ਦਾ ਵੀ ਬਾਰੀਕੀ ਨਾਲ ਨਿਰੀਖਣ ਕੀਤਾ। ਇਸੇ ਸੰਬੰਧ ਵਿਚ ਭਾਰਤ ਦੇ ਹਰ ਕੋਨੇ ਤੋਂ ਇਲਾਵਾ ਦੂਸਰੇ ਦੇਸ਼ਾਂ ਵਿਚ ਵੀ ਗਏ। ਇਹਨਾਂ ਦੌਰਿਆਂ ਸਮੇਂ ਉਹ ਵੱਖ ਵੱਖ ਧਰਮਾਂ ਦੇ ਆਗੂਆਂ, ਪੈਰੋਕਾਰਾਂ, ਰਾਜਨੀਤਕ ਲੋਕਾਂ, ਵਪਾਰੀਆਂ, ਦੁਖੀਆਂ ਤੇ ਗਰੀਬਾਂ ਨੂੰ ਮਿਲੇ ਤੇ ਉਹਨਾਂ ਨਾਲ ਵਟਾਂਦਰੇ ਕੀਤੇ।

ਇਸ ਵਿਚਾਰ ਵਟਾਂਦਰੇ ਵਿਚ ਗੁਰੂ ਨਾਨਕ ਸਾਹਿਬ ਦੁਆਰਾ ਸਥਾਪਿਤ 'ਸੰਗਤ' ਸੰਕਲਪ ਦਾ ਜਨਮ ਹੋਇਆ। ਸੰਗਤ ਰਾਹੀਂ ਉਹ ਮਨੁੱਖਤਾ ਨੂੰ ਸਹੀ ਧਰਮ ਦੀ ਸੇਧ ਦੇਣਾ ਚਾਹੁੰਦੇ ਹਨ। ਇਸ ਤਰ੍ਹਾਂ ਇਹ ਸੰਗਤ ਦਾ ਮੁੱਖ ਧਾਰਮਿਕ ਮੁੱਦਾ ਬਣਦਾ ਹੈ।

ਮਨੁੱਖੀ ਜੀਵਨ ਦੇ ਮਨੋਰਥ ਲਈ, ਮਹਾਂਪੁਰਸ਼ਾਂ ਨੇ ਜੋ ਰਸਤਾ ਦਸਿਆ ਹੈ, ਉਸੇ ਨੂੰ ਧਰਮ ਆਖਦੇ ਹਨ।[4] ਧਰਮ ਨੇ ਹੀ ਮਨੁੱਖ ਨੂੰ ਸਭਿਆ ਬਨਾਉਣਾ ਹੈ। ਸੋ ਧਰਮ ਇੱਕ ਨਿਰੋਲ ਪਦਾਰਥਕ ਜੀਵਨ ਤੋਂ ਉਚੇਰੇ ਉਠਣ ਦਾ ਸਾਧਨ ਹੈ। ਧਰਮ ਨੂੰ ਮਨੁੱਖ, ਸਮਾਜ ਅਤੇ ਵਿਸ਼ਵ ਤਿੰਨਾਂ ਨੂੰ ਕੇਂਦਰਤ ਰੱਖਣ ਵਾਲੀ ਸ਼ਕਤੀ ਵੀ ਮੰਨਿਆ ਗਿਆ ਹੈ। ਧਰਮ ਨੇ ਹੀ ਨੈਤਿਕ ਅਸੂਲਾਂ ਨੂੰ ਅਮਲ ਵਿਚ ਲਿਆਉਣਾ ਸਿਖਾਉਣਾ ਹੈ, ਸੋ ਧਰਮ ਬਿਨਾਂ ਸਭ ਦੀਆਂ ਸਭ ਦੁਨਿਆਵੀ ਲੋੜਾਂ ਜਾਂ ਪਦਾਰਥਕ ਪ੍ਰਾਪਤੀਆਂ ਬੋਝ ਬਣ ਜਾਂਦੀਆਂ ਹਨ।[5]

### ਗੁਰੂ ਨਾਨਕ ਸਮੇਂ ਦੀ ਧਾਰਮਿਕ ਹਾਲਤ

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਤਤਕਾਲੀਨ ਸਮਾਜ ਦਾ ਚਿੱਤਰ ਸੁਭਾਵਕ ਪ੍ਰੰਤੂ ਆਲੋਚਨਾਤਮਕ ਢੰਗ ਨਾਲ ਪੇਸ਼ ਕੀਤਾ ਹੈ। ਗੁਰੂ ਨਾਨਕ ਵੇਲੇ ਦਾ ਭਾਰਤ ਧਾਰਮਿਕ ਪੱਖ ਤੋਂ ਦੋ ਧਰਮਾਂ ਵਿਚ ਵੰਡਿਆ ਹੋਇਆ ਸੀ। ਦੋਹਾਂ ਧਰਮਾਂ ਦੀ ਕਲਚਰ ਅਤੇ ਰੂਪ ਇਨਾ ਵੱਖਰਾ ਸੀ ਕਿ ਸੰਤ ਅਤੇ ਸੂਫੀ ਸਦਾਚਾਰਕ ਕੀਮਤਾਂ ਦਾ ਆਧਾਰ ਰੱਖਦੇ ਹੋਏ ਵੀ ਆਪਣੇ ਆਪਣੇ ਧਰਮਾਂ ਦੇ ਦ੍ਰਿਸ਼ਟੀਕੋਣ ਤੋਂ ਉੱਚਾ ਨਾ ਉਠ ਸਕੇ।

ਗੁਰੂ ਨਾਨਕ ਕਾਲ ਦੌਰਾਨ ਹਿੰਦੂ ਧਰਮ ਦਾ ਪਤਨ ਹੋ ਰਿਹਾ ਸੀ। ਹਿੰਦੂ ਧਰਮ ਦੇ ਮੁਕਾਬਲੇ ਵਿੱਚ ਹਕੂਮਤ ਦੀ ਸ਼ਹਿ ਤੇ ਇਸਲਾਮ ਦਾ ਪ੍ਰਸਾਰ ਅਤੇ ਪ੍ਰਭਾਵ ਵੱਧ ਰਿਹਾ ਸੀ। ਧਾਰਮਿਕ ਸਹਿਣਸ਼ੀਲਤਾ ਬਿਲਕੁਲ ਖਤਮ ਹੋ ਚੁੱਕੀ ਸੀ। ਹਾਕਮਾਂ ਦੀ ਕੱਟੜ ਨੀਤੀ ਕਾਰਨ ਪਰਜਾ ਵਿੱਚ ਇਕ ਦੀਵਾਰ ਖੜੀ ਕਰ ਦਿੱਤੀ ਗਈ ਸੀ। ਧਰਮਾਂ ਦੇ ਪੈਰੋਕਾਰ ਆਪਸ ਵਿਚ ਲੜ ਰਹੇ ਸਨ।[6] ਦੋਵੇਂ ਧਿਰਾਂ ਆਪਣੇ ਧਰਮ ਦੀ ਉੱਚਤਾ ਅਤੇ ਸ੍ਰੇਸ਼ਟਤਾ ਦੱਸਣ ਵਿਚ ਇਕ-ਦੂਜੇ ਦੇ ਧਰਮ ਦੀ ਹੇਠੀ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀਆਂ ਸਨ। ਇਸ ਪ੍ਰਸੰਗ ਵਿਚ ਰੋਮੀਲਾ ਥਾਪਰ ਦਾ ਇਹ ਵਿਚਾਰ ਇਥੇ ਦੇਣਾ ਉਚਿੱਤ ਹੋਵੇਗਾ ਕਿ "ਇਕ ਧਰਮ ਦੇ ਵੱਖ ਵੱਖ ਮੱਤ ਹੀ ਆਪਸ ਵਿਚ ਲੜਦੇ ਝਗੜਦੇ ਰਹਿੰਦੇ ਸਨ। ਮੁਸਲਮਾਨਾਂ ਵਿਚ ਸ਼ੀਆ, ਸੁਨੀ ਅਤੇ ਸੂਫੀਆਂ ਵਿੱਚ ਇਸ ਪ੍ਰਕਾਰ ਦਾ ਵਿਰੋਧ ਕਾਫੀ ਸੀ। ਇੱਥੇ ਹੀ ਬਸ ਨਹੀਂ, ਸੀਆ ਮੱਤ ਦੇ ਅਨੁਯਾਈ ਸੁੰਨੀ ਮੱਤ ਦੀ ਨਿਖੇਧੀ ਕਰਦੇ ਨਹੀਂ ਥਕਦੇ ਸਨ।[7] ਹਿੰਦੂ ਧਰਮ ਵਿਚ ਕਰਮ ਕਾਂਡਾ ਨੇ ਆਪਣਾ ਪੱਕਾ ਸਥਾਨ ਬਣਾ ਲਿਆ ਸੀ। ਜਿਸ ਵਿਚ ਹਿੰਦੂ ਧਰਮ ਦਾ ਸੱਚ ਅਲੋਪ ਹੋ ਗਿਆ ਸੀ। ਡਾ.ਗੋਕਲ ਚੰਦ ਨਾਰੰਗ ਨੇ ਇਨ੍ਹਾਂ ਹਾਲਾਤਾਂ ਦਾ ਜ਼ਿਕਰ ਕਰਦਿਆਂ ਆਪਣੀ ਪੁਸਤਕ Transformation of Sikhism ਵਿਚ ਲਿਖਿਆ ਹੈ:

The spring of true religion has choked up by weeds of unnecessary cermonial, debasing supersititions, the selfishness of the priests and indifference of people, from has supplantet the reality and the highly spiritual character of Hinduism had been burried under obsentatious parapher nation of sects.[8]

ਲੋਕ ਜਾਦੂ ਟੂਣਿਆਂ ਤੇ ਕਰਾਮਾਤਾਂ ਵਿਚ ਵਿਸ਼ਵਾਸ ਕਰਨ ਲਗ ਪਏ ਸਨ। ਅਵਤਾਰਾਂ ਅਤੇ ਦੇਵੀ ਦੇਵਤਿਆਂ ਦੇ ਰੂਪ ਧਾਰ ਕੇ ਰਾਸਾਂ ਪਾਈਆਂ ਜਾਂਦੀਆਂ ਸਨ ਤੇ ਇਸ ਦੇ ਬਦਲੇ ਵਿਚ ਲੋਕਾਂ ਕੋਲੋਂ ਪੈਸੇ ਇਕੱਠੇ ਕੀਤੇ ਜਾਂਦੇ ਸਨ।[9]

ਡਾ. ਜੇ. ਐਸ. ਗਰੇਵਾਲ ਹਿੰਦੂਆਂ ਦੀਆਂ ਪਰੰਪਰਾਗਤ ਪੂਜਾ ਵਿਧੀਆਂ ਦੀ ਚਰਚਾ ਕਰਦਾ ਲਿਖਦਾ ਹੈ ਕਿ ਹਿੰਦੂਆਂ ਵਿਚ ਪਿਛੋਂ ਤੋਂ ਚਲੀ ਆ ਰਹੀ ਬੁੱਤ ਪੂਜਾ ਦੀ ਰੁਚੀ ਇਸ ਸਮੇਂ ਹੋਰ ਵਧ ਗਈ ਸੀ। ਮੰਦਰਾਂ ਅਤੇ ਸ਼ਿਵਾਲਿਆਂ ਵਿਚ ਵੱਖ ਵੱਖ ਦੇਵੀ ਦੇਵਤਿਆਂ ਦੀ ਪੂਜਾ ਹੁੰਦੀ ਸੀ।[10] ਹਿੰਦੂ ਧਰਮ ਬੁੱਧ ਮੱਤ ਤੇ ਜੈਨ ਮੱਤ ਤੋਂ ਵਿਰਾਸਤ ਵਿਚ ਪ੍ਰਾਪਤ ਹੋਣ ਵਾਲੀਆਂ ਕੁਰੀਤੀਆਂ ਨੂੰ ਛੱਡ ਨਹੀਂ ਸਕਿਆ ਸੀ। ਇਸਲਾਮ ਦੇ ਆਗਮਨ ਤੋਂ ਪਹਿਲਾਂ ਇਹ ਬੁੱਤ ਪ੍ਰਸਤ ਬਣ ਗਿਆ ਸੀ।[11]

ਗੁਰੂ ਨਾਨਕ ਕਾਲ ਦੌਰਾਨ ਸਮਾਜ ਵਿਚ ਭਾਂਤ ਭਾਂਤ ਧਾਰਮਿਕ ਸੰਪ੍ਰਦਾਇ ਪ੍ਰਚਲਿਤ ਸਨ, ਜਿਹਨਾਂ ਦੇ ਭੇਖਾਚਾਰ ਅਤੇ ਪਾਖੰਡ ਨੇ ਭਾਰਤੀ ਜਨਤਾ ਨੂੰ ਬੜੀ ਬੁਰੀ ਤਰ੍ਹਾਂ ਗ੍ਰਸਿਆ ਹੋਇਆ ਸੀ। ਗੁਰੂ ਨਾਨਕ ਸਾਹਿਬ ਨੇ ਇਹਨਾਂ ਸੰਪ੍ਰਦਾਵਾਂ ਦੀ ਕਰੜੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਹਰ ਕੋਈ ਆਪੋ ਆਪਣੇ ਮੱਤ ਦਾ ਅਨੁਸਾਰੀ ਹੈ। ਜੋਗੀ ਜੋਗ ਕਮਾਂਦਾ ਹੈ, ਭੋਗੀ ਭੋਗ ਕਰਦਾ ਹੈ, ਤਪੱਸਵੀ ਤਪ ਕਰਦਾ ਹੈ ਅਤੇ ਤੀਰਥਗਾਮੀ ਤੀਰਥਾਂ ਤੇ ਇਸ਼ਨਾਨ ਕਰਦਾ ਹੈ।[12]

ਗੁਰੂ ਸਾਹਿਬ ਦੇ ਸਮਕਾਲੀ ਸਮਾਜ ਵਿੱਚ ਇਕ ਅਜਿਹੀ ਧਾਰਮਿਕ ਸ਼੍ਰੇਣੀ ਵੀ ਪੈਦਾ ਹੋ ਚੁਕੀ ਸੀ, ਜੋ ਕੇਵਲ ਵਿਹਲੇ ਰਹਿ ਕੇ ਅਤੇ ਪਰਮਾਤਮਾ ਦੇ ਨਾਂ ਤੇ ਮੰਗ ਕੇ ਗੁਜ਼ਾਰਾ ਕਰਦੀ ਸੀ। ਇਨ੍ਹਾਂ ਲੋਕਾਂ ਨੇ ਧਰਮ ਨੂੰ ਪਰਮਾਤਮਾ ਨੂੰ, ਆਪਣੀ ਰੋਜ਼ੀ ਰੋਟੀ ਦਾ ਵਸੀਲਾ ਬਣਾ ਲਿਆ ਸੀ।[13] ਇਹ ਲੋਕ ਕੇਵਲ ਮੰਗਣ ਲਈ ਹੀ ਸਾਧੂ ਫਕੀਰ ਜਾਂ ਪੀਰ ਤੇ ਗੁਰੂ ਵੀ ਬਣ ਜਾਂਦੇ ਸਨ ਅਤੇ ਪਿੰਡ-ਪਿੰਡ, ਘਰ-ਘਰ ਚੜ੍ਹਾਵੇ ਇਕੱਠੇ ਕਰਦੇ ਸਨ। ਇਹ ਲੋਕ ਜੀਵਨ ਦੇ ਤਲਖ ਯਥਾਰਥ ਨਾਲ ਜੂਝਣ ਦੀ ਥਾਂ ਪਲਾਇਨਵਾਦੀ ਹੋ ਚੁੱਕੇ ਸਨ। ਗ੍ਰਹਿਸਤੀ ਜੀਵਨ ਤੋਂ ਭੱਜ ਕੇ ਜੰਗਲਾਂ ਉਜਾੜਾਂ ਵਿਚ ਸਮਾਧੀਆਂ ਲਗਾਉਣ ਲੱਗ ਪਏ ਸਨ। ਵੱਖ ਵੱਖ ਸਾਧਨਾਂ ਰਾਹੀਂ ਭਗਤੀ ਅਤੇ ਕਠੋਰ ਤਪ ਕਰਨ ਦਾ ਭੁਲੇਖਾ ਪਾਇਆ ਜਾ ਰਿਹਾ ਸੀ।[14]

ਗੁਰੂ ਨਾਨਕ ਸਾਹਿਬ ਆਪਣੇ ਸਮੇਂ ਦੇ ਵੱਖ ਵੱਖ ਧਰਮਾਂ ਅਤੇ ਉਹਨਾਂ ਵਿਚ ਆਈਆਂ ਕੁਰੀਤੀਆਂ ਬਾਰੇ ਪੂਰੀ ਤਰ੍ਹਾਂ ਸੁਚੇਤ ਸਨ। ਵੱਖ ਵੱਖ ਧਰਮਾਂ ਦੇ ਅਨੁਯਾਈਆਂ ਵਲੋਂ ਪੂਜਾ ਦੇ ਵੱਖਰੇ ਵੱਖਰੇ ਰਿਵਾਜ਼ਾਂ ਅਤੇ ਬੇਲੋੜੇ ਪਖੰਡ ਬਾਰੇ ਗੁਰੂ ਸਾਹਿਬ ਨੇ ਬੜੀ ਦਲੇਰੀ ਨਾਲ ਟੀਕਾ ਟਿਪਣੀ ਕੀਤੀ।[15] ਗੁਰੂ ਸਾਹਿਬ ਇਸ ਗਲ ਬਾਰੇ ਵੀ ਪੂਰੀ ਤਰ੍ਹਾਂ ਸੁਚੇਤ ਸਨ ਕਿ ਧਾਰਮਿਕ ਆਗੂ ਉਹ ਲੋਕ ਬਣ ਬੈਠੇ ਹਨ ਜਿਨ੍ਹਾਂ ਨੂੰ ਆਪ ਕੋਈ ਗਿਆਨ ਨਹੀਂ ਸੀ।[16]

ਗੁਰੂ ਨਾਨਕ ਦੇਵ ਜੀ ਨੇ ਧਰਮ ਦੇ ਠੇਕੇਦਾਰਾਂ ਦਾ ਪੂਰਾ ਵਿਵਰਣ ਦੇਂਦਿਆਂ ਕਿਹਾ:

*ਪੰਡਿਤਿ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥*
*ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥*
*ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥*[17]

ਇਸ ਪ੍ਰਸੰਗ ਵਿਚ ਡਾ. ਏ.ਸੀ.ਬੈਨਰਜੀ ਦਾ ਇਹ ਵਿਚਾਰ ਇਥੇ ਦੇਣਾ ਉਚਿਤ ਹੋਵੇਗਾ, ਉਹਨਾਂ ਦਾ ਕਥਨ ਹੈ: "ਬ੍ਰਾਹਮਣ ਹਿੰਦੂ ਸਮਾਜ ਨੂੰ ਬੌਧਿਕ ਜਾਂ ਅਧਿਆਤਮਕ ਪੱਖ ਤੋਂ ਉਤਾਂਹ ਚੁੱਕਣ ਦੀ ਬਜਾਏ ਸਗੋਂ ਧਰਮ ਨੂੰ ਬੇਜਾਨ ਕਿਰਿਆਵਾਂ ਦੇ ਚੱਕਰਾਂ ਵਿਚ ਪਾਉਣ ਦਾ ਜ਼ੋਰ ਲਾਉਂਦੇ ਰਹੇ, ਇਹ ਸਭ ਕੁਝ ਉਨ੍ਹਾਂ ਨੇ ਸਮਾਜ ਦੇ ਭਲੇ ਲਈ ਨਹੀਂ ਸਗੋਂ ਸਵਾਰਥੀ ਭਾਵਨਾ ਅਧੀਨ ਕੀਤਾ।[18]

ਗੁਰਮਤਿ ਚਿੰਤਕਾਂ ਅਨੁਸਾਰ ਹਿੰਦੂ ਧਰਮ ਦੇ ਜੋ ਪੰਡਿਤ ਧਰਮ ਪੁਸਤਕਾਂ ਦੇ ਹਵਾਲੇ ਦਿੰਦੇ ਸਨ, ਉਨਾਂ ਦਾ ਪਾਠ ਕਰਦੇ ਸਨ, ਪ੍ਰੰਤੂ ਉਹ ਸਹੀ ਵਿਚਾਰ ਕਰਨ ਤੋਂ ਅਸਮਰੱਥ ਰਹਿ ਜਾਂਦੇ ਸਨ ਅਤੇ ਉਨ੍ਹਾਂ ਦੀ ਪਾਠ ਪੂਜਾ

ਅਤੇ ਉਪਦੇਸ਼ ਮਾਇਆ ਦੇ ਵੱਸ ਹੋ ਕੇ ਸਤਹੀ ਜਿਹਾ ਰਹਿ ਜਾਂਦਾ ਸੀ।[19]

ਬ੍ਰਾਹਮਣ ਵਰਗ ਨੇ ਅਵਾਮ ਨੂੰ ਪਿਤਰਾਂ ਨਮਿਤ ਸਰਾਧ ਕਰਾਉਣ ਵਰਗੀਆਂ ਕਿਰਿਆਵਾਂ ਵਿਚ ਫਸਾਇਆ ਹੋਇਆ ਸੀ। ਇਹ ਲੋਕਾਂ ਦੀ ਆਰਥਿਕ ਹਾਲਤ ਉਪਰ ਇਕ ਬਹੁਤ ਵੱਡਾ ਬੋਝ ਸੀ, ਕਿਉਂਕਿ ਬ੍ਰਾਹਮਣ ਲੋਕ ਪਿਤਰ ਪੂਜਾ ਅਧੀਨ ਵੱਡੀ ਪੱਧਰ ਤੇ ਦਾਨ ਪੁੰਨ ਲੋਕਾਂ ਕੋਲੋਂ ਕਰਵਾ ਕੇ ਆਪ ਚੁੱਕ ਕੇ ਲੈ ਜਾਂਦੇ ਸੀ। ਗਿਆਨੀ ਲਾਲ ਸਿੰਘ ਅਨੁਸਾਰ ਲੋਕਾਂ ਤੋਂ ਇਤਨੀਆਂ ਰਸਮਾਂ ਕਰਵਾਈਆਂ ਜਾਂਦੀਆਂ ਸਨ ਕਿ ਬਾਅਦ ਵਿਚ ਸਾਲ ਭਰ ਲੋਕ ਉਸ ਦਾ ਮਸੀਂ ਕਰਜ਼ਾ ਉਤਾਰਦੇ ਸਨ।[20]

ਕਈ ਸਦੀਆਂ ਤੱਕ ਬ੍ਰਾਹਮਣਾਂ ਦਾ ਰੂਹਾਨੀ ਅਧਿਕਾਰ ਤੇ ਸੰਸਾਰਕ ਵਿਸ਼ੇਸ਼ ਅਧਿਕਾਰ ਇਸ ਗੱਲ ਉੱਤੇ ਆਧਾਰਿਤ ਰਹੇ ਸਨ ਕਿ ਉਨ੍ਹਾਂ ਕੋਲ ਬਾਕੀ ਸਾਧਾਰਨ ਲੋਕਾਂ ਦੇ ਮੁਕਾਬਲੇ ਵਿਚ ਵਧੇਰਾ ਗਿਆਨ ਅਤੇ ਵਿੱਦਿਆ ਸੀ ਜੋ ਕਿ ਸੰਸਕ੍ਰਿਤ ਦੇ ਗਿਆਨ ਵਿਚ ਤੇ ਸੰਸਕ੍ਰਿਤ ਵਿਚ ਲਿਖੇ ਵੇਦਾਂ ਤੇ ਸ਼ਾਸਤਰਾਂ ਦੇ ਗਿਆਨ ਵਿਚ ਪ੍ਰਗਟ ਹੁੰਦਾ ਸੀ। ਸਦੀਆਂ ਤੋਂ ਚਲੀ ਆ ਰਹੀ ਰੀਤ ਅਨੁਸਾਰ, ਸਿਰਫ ਉਹਨਾਂ ਨੂੰ ਹੀ ਪਵਿੱਤਰ ਗਰੰਥਾਂ ਦੀ ਵਿਆਖਿਆ ਕਰਨ ਦੀ ਹੱਕ ਸੀ। ਇਹ ਲੋਕ ਧਾਰਮਿਕ ਗ੍ਰੰਥਾਂ ਦਾ ਅਧਿਐਨ ਤਾਂ ਕਰਦੇ ਸਨ ਅਤੇ ਇਨ੍ਹਾਂ ਗ੍ਰੰਥਾਂ ਵਿਚੋਂ ਲੋਕਾਂ ਨੂੰ ਉਪਦੇਸ਼ ਵੀ ਦਿੰਦੇ ਸਨ ਪ੍ਰੰਤੂ ਉਨ੍ਹਾਂ ਦੀ ਆਪਣੀ ਕਥਨੀ ਅਤੇ ਕਰਨੀ ਵਿਚ ਬਹੁਤ ਅੰਤਰ ਹੁੰਦਾ ਸੀ।[21] ਪੰਡਤਾਂ ਵਿਚ ਬਹੁਤ ਸਾਰਿਆਂ ਨੇ ਵੇਦ ਸ਼ਾਸਤਰਾਂ ਨੂੰ ਕੰਠ ਕਰਕੇ ਆਪਣੀ ਪਰੰਪਰਾ ਨੂੰ ਬਣਾਈ ਤਾਂ ਰਖਿਆ ਸੀ, ਪਰ ਉਨ੍ਹਾਂ ਵੇਦ ਸ਼ਾਸਤਰਾਂ ਵਿਚ ਦਿੱਤੇ ਗਿਆਨ ਤੋਂ ਬਿਲਕੁਲ ਸੱਖਣੇ ਸਨ।[22]

ਗੁਰੂ ਸਾਹਿਬ ਨੂੰ ਧਾਰਮਿਕ ਲੋਕਾਂ ਦੇ ਬਾਹਰੀ ਚਿੰਨ੍ਹਾਂ ਅਤੇ ਦਿਖਾਵੇ ਤੇ ਇਤਰਾਜ਼ ਸੀ।[23] ਅਜਿਹੇ ਲੋਕ ਜੋ ਤੀਰਥਾਂ ਤੇ ਇਸ਼ਨਾਨ ਕਰਦੇ ਫਿਰਦੇ ਸਨ, ਪ੍ਰੰਤੂ ਉਨਾਂ ਦੇ ਮਨ ਵਿਚ ਖੋਟ ਸੀ, ਇਸ ਲਈ ਉਹਨਾਂ ਨੂੰ ਪਾਖੰਡੀ ਕਿਹਾ ਗਿਆ ਹੈ।[24] ਗੁਰੂ ਨਾਨਕ ਅਨੁਸਾਰ ਧਰਮ ਤਾਂ ਪ੍ਰਭੂ ਦੀ ਭਗਤੀ ਹੀ ਹੈ। ਪਾਖੰਡੀ ਮਨੁੱਖ ਤਾਂ ਮਾਨਸਿਕ ਦੁਬਿਧਾ ਅਤੇ ਆਤਮ ਗਿਲਾਨੀ ਕਾਰਨ ਹੋਰ ਵੀ ਦੁਖੀ ਹੁੰਦਾ ਸੀ। ਉਹਨਾਂ ਅਨੁਸਾਰ ਸੱਚੇ ਦਿਲੋਂ ਕੀਤੀ ਭਗਤੀ ਅਤੇ ਹਰੀ ਦਾ ਪ੍ਰੇਮ ਹੀ ਅਸਲੀ ਧਰਮ ਸੀ।[25]

ਗੁਰੂ ਨਾਨਕ ਸਾਹਿਬ ਨੇ ਹਿੰਦੂ ਧਰਮ ਵਿਚ ਆਏ ਪਤਨ ਦੀ ਜ਼ਿੰਮੇਵਾਰੀ ਉਨ੍ਹਾਂ ਪਾਖੰਡੀ ਪੁਜਾਰੀਆਂ ਦੀ ਨਿਸ਼ਚਤ ਕੀਤੀ ਹੈ ਜੋ ਬਾਹਰੀ ਅਤੇ ਰਸਮੀ ਚਿੰਨ੍ਹਾਂ ਵਿਚ ਉਲਝ ਕੇ ਨਿਰੋਲ ਧਾਰਮਕ ਰਹਿਣੀ ਬਹਿਣੀ ਤੋਂ ਦੂਰ ਚਲੇ ਗਏ ਸਨ। ਗੁਰੂ ਸਾਹਿਬ ਨੇ ਪੁਜਾਰੀ ਵਰਗ ਨੂੰ ਸਹੀ ਯੋਗ ਅਤੇ ਪਵਿੱਤਰ ਬ੍ਰਾਹਮਣ ਬਣਨ ਦੀ ਪ੍ਰੇਰਨਾ ਦਿੱਤੀ ਹੈ।[26]

ਗੁਰੂ ਨਾਨਕ ਤੋਂ ਪਹਿਲਾਂ ਨਾਮ ਦੇਵ, ਕਬੀਰ, ਰਵਿਦਾਸ ਜਿਹੇ ਮਹਾਨ ਸੰਤਾਂ ਨੇ ਨਿਰਗੁਣਧਾਰਾ ਦੀਆਂ ਲੀਹਾਂ ਪਾ ਦਿੱਤੀਆਂ ਸਨ। ਇਸੇ ਪਿਛੋਕੜ ਵਿਚ ਵੈਸ਼ਨਵ-ਮੱਤ ਅਤੇ ਨਾਥ ਜੋਗੀਆਂ ਵਲੋਂ ਸਾਧਨਾਂ ਦੀਆਂ ਵੱਖ ਵੱਖ ਵਿਧੀਆਂ ਕਾਰਨ ਦੋ ਵੱਖ ਵੱਖ ਮੱਤ ਪ੍ਰਚਲਤ ਹੋ ਚੁੱਕੇ ਸਨ। ਵੈਸ਼ਨਵ ਮੱਤ ਵਿਚ ਤਰੁਟੀਆਂ ਆ ਚੁਕੀਆਂ ਸਨ। ਏਸੇ ਤਰ੍ਹਾਂ ਜੋਗ ਮੱਤ ਵਿਚ ਵੀ ਗੋਰਖ ਨਾਥ ਤੋਂ ਬਾਅਦ ਕਈ ਤਰ੍ਹਾਂ ਦੀਆਂ ਕੁਰੀਤੀਆਂ ਅਤੇ ਪਾਖੰਡ ਚਲ ਪਏ ਸਨ। ਜੋਗ ਕੇਵਲ ਦਿਖਾਵੇ ਮਾਤਰ ਹੀ ਰਹਿ ਗਿਆ ਸੀ। ਗੁਰੂ ਨਾਨਕ ਦੀਆਂ ਰਚਨਾਵਾਂ, ਸਿਧ ਗੋਸਟਿ, ਆਸਾ ਦੀ ਵਾਰ ਅਤੇ ਹੋਰ ਰਚਨਾਵਾਂ ਵਿਚ ਅਸਲੀ ਅਤੇ ਨਕਲੀ ਜੋਗ ਦਾ ਵੇਰਵਾ ਮਿਲਦਾ ਹੈ।[27] ਗੁਰੂ ਨਾਨਕ ਦੇਵ ਜੀ ਨੇ ਨਾਥਾਂ ਜੋਗੀਆਂ ਦੀਆਂ ਕਠਨ ਸਰੀਰਕ ਕਿਰਿਆਵਾਂ, ਅੰਤਰਮੁਖੀ ਰੁੱਖੀਆ ਸਾਧਨਾਵਾਂ, ਕਰਾਮਾਤਾਂ, ਜੋਗੀਆਂ ਦੇ ਬਾਹਰੀ ਚਿੰਨ੍ਹਵਾਦ ਅਤੇ ਥੋਥੇ ਭੇਖਾਚਾਰ ਦਾ ਖੰਡਨ ਕੀਤਾ ਹੈ ਕਿਉਂਕਿ ਜੋਗੀਆਂ ਨੇ ਮੁੰਦਰਾਂ, ਖਿੰਥਾਂ ਅਤੇ ਬਿਭੂਤ ਆਦਿ ਨੂੰ ਹੀ ਸਭ ਕੁਝ ਸਮਝ ਲਿਆ ਹੋਇਆ ਸੀ।[28] ਗੁਰੂ ਨਾਨਕ ਦੇਵ ਜੀ ਅਨੁਸਾਰ ਜੋਗੀ ਤਾਂ ਗ੍ਰਿਹਸਤੀਆਂ ਤੋਂ ਵੀ ਗਏ ਗੁਜ਼ਰੇ ਸਨ।[29]

ਡਾ.ਗੋਕਲ ਚੰਦ ਨਾਰੰਗ ਅਨੁਸਾਰ ਗੋਰਖਨਾਥ ਨੇ ਰਹੱਸਵਾਦੀ ਯੋਗ ਮੱਤ ਦਾ ਪ੍ਰਚਾਰ ਕਰਕੇ ਬਾਹਰੀ ਭੇਖਾਂ ਅਤੇ ਰਸਮਾਂ ਦਾ ਖੰਡਨ ਕਰਨ ਦਾ ਯਤਨ ਕੀਤਾ ਸੀ। ਪਰ ਉਹ ਵੀ ਸੰਪਰਦਾਇਕਤਾ ਦੀਆਂ ਸੌੜੀਆਂ ਵਲਗਣਾ ਵਿਚੋਂ ਨਾ ਨਿਕਲ ਸਕਿਆ। ਲਗਭੱਗ ਅਜਿਹੇ ਸਾਰੇ ਮੱਤ ਸੰਪ੍ਰਦਾਇਕ, ਕਰਮਕਾਂਡੀ, ਤੰਗ ਦਿਲ ਅਤੇ ਕੱਟੜਪੰਥੀ ਸਨ।[30] ਇਸ ਤਰ੍ਹਾਂ ਜੋਗੀ ਅਲੱਗ ਅਲੱਗ ਭੇਖਾਂ ਵਿੱਚ ਤਾਂ ਬਹੁਤ ਮਿਲਦੇ ਸਨ ਪਰ ਮਨ ਕਾਬੂ ਰੱਖ, ਸੰਸਾਰ ਵਿੱਚ ਵਿਚਰਣ ਵਾਲਾ ਇਕ ਵੀ ਨਹੀਂ ਸੀ।

ਗੁਰੂ ਸਾਹਿਬਾਨ ਦੇ ਸਮਕਾਲੀ ਸਮਾਜ ਵਿਚ ਜੈਨ ਧਰਮ ਦੇ ਪੈਰੋਕਾਰਾਂ ਦਾ ਵੀ ਕਾਫੀ ਪ੍ਰਭਾਵ ਸੀ ਪਰੰਤੂ ਜੈਨ ਮੱਤ ਵਿਚ ਵੀ ਦੂਸਰੇ ਸਮਕਾਲੀ ਮੱਤਾਂ ਵਾਂਗ ਕਾਫੀ ਕੁਰੀਤੀਆਂ ਆ ਗਈਆਂ ਸਨ। ਜੈਨ-ਮੱਤ ਦੇ ਪੈਰੋਕਾਰ ਵੀ ਪੂਜਾਵਰਤ ਤਿਲਕ, ਇਸ਼ਨਾਨ ਆਦਿ ਕਈ ਤਰ੍ਹਾਂ ਦੇ ਬੇਲੋੜੇ ਦੁਨਿਆਵੀ ਪਾਖੰਡ ਰਚਦੇ ਸਨ।[31]

ਹਿੰਦੂ ਧਰਮ ਦੀ ਸਮੁੱਚੀ ਹਾਲਾਤ ਵਾਰੇ ਦੌਲਤ ਰਾਇ ਲਿਖਦੇ ਹਨ, ਕਿ ਧਾਰਮਿਕ ਤੌਰ ਤੇ ਉਸ ਵੇਲੇ "ਏਕ ਗਨੇਸ਼ ਕਾ ਪੁਜਾਰੀ ਥਾ, ਦੂਸਰਾ ਸੂਰਜ ਕਾ, ਤੀਸਰਾ ਸ਼ਿਵ ਕਾ, ਚੌਥਾ ਵਿਸ਼ਨੂੰ ਕਾ, ਪਾਂਚਵਾਂ ਰਾਮ ਕਾ, ਛਟਾ ਕ੍ਰਿਸ਼ਨ ਕਾ, ਸਾਤਵਾਂ ਹਨੂੰਮਾਨ ਕਾ, ਆਠਵਾਂ ਬ੍ਰਹਮ ਕਾ, ਨਾਵਾਂ ਲਛਮਣ ਕਾ, ਦਸਵਾਂ ਸ਼ੰਕਰ ਅਚਾਰਯਾ ਕਾ, ਗਿਆਰਵਾਂ ਵੇਦਾਂਤੀ, ਬਾਹਰਵਾਂ ਕਰਮ ਕਾਂਡੀ ਔਰ ਉਸ ਪਰ ਆਪਸ ਮੇਂ ਵਿਰੋਧ ਔਰ ਕੀਨਾ, ਮੁਲਕ ਕੀ ਜ਼ਬਾਨ ਏਕ ਨਾ ਥੀ, ਧਰਮ ਪੁਸਤਕੇਂ ਏਕ ਨਾ ਥੀਂ, ਜੋ ਤਮਾਮ ਹਿੰਦੂਓ ਪਰ ਹਾਵੀ ਹੋਂ। ਧਰਮ ਕਾ ਕੋਈ ਐਸਾ ਮਾਮਲਾ ਨਾ ਥਾ ਜਿਸ ਮੇਂ ਤਮਾਮ ਹਿੰਦੂ ਸ਼ਾਮਲ ਹੋਂ।"

ਫਿਰ ਦੌਲਤ ਰਾਇ ਲਿਖਦੇ ਹਨ ਹਰ ਏਕ ਕਾ ਤਿਲਕ ਅਲਹਿਦਾ, ਤਿਲਕ ਕੀ ਸ਼ਕਲ ਅਲਹਿਦਾ, ਤਿਲਕ ਕਾ ਰੰਗ ਅਲਹਿਦਾ, ਮਾਲਾ ਔਰ ਮਣਕੇ ਜੁਦਾ ਜੁਦਾ। ਕਿਸੀ ਕੀ ਲੱਕੜੀ ਕੀ, ਕਿਸੀ ਕੀ ਤੁਲਸੀ ਕੀ, ਕਿਸੀ ਕੀ ਰੁਦ੍ਰਾਖ ਕੀ, ਕਿਸੀ ਕੀ ਸੁਰਖ, ਕਿਸੀ ਦੀ ਸਬਜ਼, ਕਿਸੀ ਕੀ ਸਿਆਹ, ਕਿਸੀ ਕੀ ਸੁਫੈਦ। ਗਰਜ਼ ਕਿਸ ਕਿਸ ਚੀਜ ਕਾ ਜਿਕਰ ਕਰੇ, ਸਭ ਕੁਝ ਮੁਖਤਲਿਫ, ਔਰ ਮੁਤਜ਼ਾਦ। ਹਰ ਏਕ ਦੇਵਤਾ ਕਾ ਨਰਕ ਸਵਰਗ ਅਪਨਾ ਅਪਨਾ ਥਾ। ਵਿਅੰਗ ਵਜੋਂ ਫਿਰ ਉਹਨਾਂ ਲਿਖਿਆ ਹੈ, "ਜਬ ਖੁੱਦ ਦੇਵਤਾਓਂ ਮੇਂ ਜੰਗ ਥੀ ਤੋ ਅਨੇਕ ਪੈਰੋਕਾਰੋਂ ਮੇਂ ਸੁਲਹ ਕਿਉਂ ਕਰ ਰਹਿ ਸਕਤੀ ਥੀ। ਖੁਦ ਈਸ਼ਵਰ ਕੀ ਐਸੀ ਦੁਰਗਤੀ ਥੀ ਕਿ ਨਾ ਸਿਰਫ ਉਸ ਕੋ ਆਦਮੀਓਂ ਮੇਂ ਉਤਾਰਾ ਬਲਕਿ ਜਾਨਵਰੋਂ, ਕੱਛ ਮੱਛ ਸੂਰ ਮੇਂ ਭੀ ਨਾਜ਼ਲ ਕੀਆ। ਔਰ ਉਸ ਸੇ ਬਦਤਰ ਆਦਮੀ ਨਾ ਹੈਵਾਨ, ਬਲਕਿ ਨਰਸਿੰਗ ਬਨਾ ਦੀਆ।" ਅੰਤ ਵਿਚ ਉਹਨਾਂ ਲਿਖਿਆ ਹੈ, ਜਿਨ ਲੋਗੋਂ ਕਾ ਨਾ ਮਜ਼ਹਬ ਏਕ, ਨਾ ਗਰਜ਼ ਏਕ, ਨ ਜ਼ਬਾਨ ਏਕ, ਨ ਇਖਲਾਕ ਏਕ, ਨ ਦੁਨੀਆਂ ਏਕ, ਨਾ ਆਕਬਤ ਏਕ, ਨ ਮੁਆਸ਼ ਏਕ ਨ ਮੁਆਦ ਏਕ, ਨ ਇਬਾਦਤ ਏਕ, ਨ ਰਿਆਜ਼ਤ ਏਕ, ਨ ਤਰਜ਼ੇ ਜ਼ਿੰਦਗੀ ਏਕ, ਨ ਲਿਬਾਸ ਏਕ, ਨ ਖੁਸ਼ੀ ਏਕ, ਨ ਗਮੀ ਏਕ, ਨ ਉਮੀਦ ਏਕ, ਨ ਯਾਸ ਏਕ, ਨ ਗਿਜ਼ਾ ਏਕ, ਨ ਖਾਨਾ ਏਕ, ਨ ਰਸੁਮ ਏਕ, ਨ ਮਿਜ਼ਾਜ ਏਕ, ਨ ਆਦਾਤ ਏਕ, ਨ ਬਹਿਸ਼ਤ ਏਕ, ਨ ਦੋਜ਼ਖ ਏਕ, ਐਸੀ ਸੂਰਤ ਮੇਂ ਯਗਾਨਤ, ਯਕਜਿਹਤੀ ਇਤਫਾਕ ਔਰ ਕੌਮੀ ਹਮਦਰਦੀ ਕਾ ਨਾਕ ਨਾਮ ਕੁਜਾ।"[32]

ਇਸਲਾਮ ਧਰਮ ਨੂੰ ਹਕੂਮਤ ਦੀ ਸਰਪ੍ਰਸਤੀ ਹੋਣ ਕਾਰਣ ਇਸ ਦੇ ਪ੍ਰਸਾਰ ਲਈ ਵੱਖ-ਵੱਖ ਸਮੇਂ ਵੱਖ ਹੁਕਮਰਾਨਾ ਵਲੋਂ ਜਤਨ ਕੀਤੇ ਗਏ। ਕੁਝ ਇੱਕ ਮੁਸਲਮਾਨ ਹੁਕਮਰਾਨਾਂ ਨੂੰ ਛੱਡ ਕੇ ਬਾਕੀ ਸਭ ਨੇ ਇਸਾਲਮ ਤੋਂ ਇਲਾਵਾ ਹੋਰ ਕਿਸੇ ਧਰਮ ਦਾ ਵਧਣਾ ਫੁਲਣਾ ਬਰਦਾਸ਼ਤ ਕਰਨਾ ਤਾਂ ਇਕ ਪਾਸੇ ਰਿਹਾ, ਸਤਿਕਾਰ ਵੀ ਨਹੀਂ ਕੀਤਾ। ਗੁਰੂ ਨਾਨਕ ਕਾਲ ਦੌਰਾਨ ਮੁਸਲਮਾਨ ਰਾਜਿਆਂ ਦੀ ਹਕੂਮਤ ਹੋਣ ਕਾਰਨ ਇਸਲਾਮ ਨੂੰ ਹਕੂਮਤ ਦੀ ਸਰਪ੍ਰਸਤੀ ਹੋਣ ਤੋਂ ਇਲਾਵਾ ਕੁਝ ਇੱਕ ਮੁਸਲਮਾਨ ਨੇ ਤਲਵਾਰ ਦੇ ਜ਼ੋਰ ਤੇ ਵੀ ਇਸਲਾਮ ਦਾ ਪ੍ਰਸਾਰ ਕਰਨ ਦਾ ਯਤਨ ਕੀਤਾ।

ਸਿਕੰਦਰ ਲੋਧੀ ਦਾ ਇਸਲਾਮ ਦੇ ਹੱਕ ਵਿਚ ਜਨੂੰਨ ਉਸ ਦੇ ਦਿਮਾਗ ਨੂੰ ਚੜ੍ਹਿਆ ਹੋਇਆ ਸੀ। ਜਿਹੜੇ ਲੋਕ ਇਸਲਾਮ ਕਬੂਲ ਕਰ ਲੈਂਦੇ ਸਨ ਜਗੀਰਾਂ ਤੇ ਪਰਗਨਿਆਂ ਦੇ ਮਾਲਕ ਬਣ ਜਾਂਦੇ ਸਨ, ਪਰ ਜੋ ਇਨਕਾਰੀ ਹੁੰਦੇ ਮੌਤ ਦੇ ਮੂੰਹ ਵਿਚ ਚਲੇ ਜਾਂਦੇ।[33]

ਇਸ ਤਰਾਂ ਧਰਮ ਬਦਲੀ ਦੀ ਲਹਿਰ ਪੂਰੀ ਤਾਕਤ ਨਾਲ ਫੈਲਾਈ ਜਾ ਚੁੱਕੀ ਸੀ। ਹਿੰਦੂ ਮੰਦਰ ਢਾਹ ਦਿੱਤੇ ਗਏ ਸਨ। ਹਿੰਦੂ ਪਾਠਸ਼ਾਲਾ ਤੇ ਵਿਦਿਆਲਿਆਂ ਨੂੰ ਮਸਜਿਦਾਂ ਵਿੱਚ ਬਦਲ ਦਿੱਤਾ ਗਿਆ ਸੀ। ਹਿੰਦੂ ਧਰਮ ਦੀ ਮਹਾਨਤਾ ਦੇ ਸਾਰੇ ਚਿੰਨ੍ਹ ਮਲੀਆ ਮੇਟ ਕਰ ਦਿੱਤੇ ਗਏ ਸਨ। ਜਿਹੜੇ ਧਰਮ ਪਰਿਵਰਤਨ ਤੋਂ ਬਚੇ ਉਹਨਾਂ ਕੋਲ ਜੀਵਨ ਨੂੰ ਮਹਾਨ ਤੇ ਗੋਰਵਪੂਰਣ ਬਣਾਉਣ ਅਤੇ ਧਰਮ ਨੂੰ ਵਹਿਮ ਪ੍ਰਸਤੀ ਤੋਂ ਵਖਰਾਉਣ ਵਾਲਾ ਸਭ ਕੁਝ ਖੁਸ ਚੁੱਕਾ ਸੀ।[34]

ਇਹ ਅਜਿਹਾ ਸਮਾਂ ਸੀ ਜਦੋਂ ਇਸਲਾਮ ਵਿਚ ਕਾਜੀ ਲੋਕ ਧਾਰਮਿਕ ਨੇਤਾ ਵੀ ਸਨ ਅਤੇ ਸਰਕਾਰੇ ਦਰਬਾਰੇ ਵੀ ਉਨਾਂ ਦੀ ਪੁਛ ਪ੍ਰਤੀਤ ਸੀ। ਖੁਦਾ ਦੇ ਸਿਵਾ ਹੋਰ ਦੇਵੀ ਦੇਵਤਿਆਂ ਨੂੰ ਮੰਨਣ ਵਾਲੇ ਲੋਕਾਂ ਨੂੰ ਕਾਫ਼ਰ ਕਿਹਾ ਜਾਂਦਾ ਸੀ। ਇਸ ਧਾਰਮਕ ਸੰਕੀਰਣਤਾ ਕਾਰਨ ਇਸਲਾਮ ਧਰਮ ਵਿਚ ਵੀ ਪਾਖੰਡ ਅਤੇ ਭੇਖਚਾਰ ਦਾ ਵਾਧਾ ਹੋ ਰਿਹਾ ਸੀ। ਡਾ.ਰਾਧਾ ਕ੍ਰਿਸ਼ਨਨ ਅਨੁਸਾਰ ਹਿੰਦੂ ਨੇਤਾ ਮਨੁਖ ਦੇ ਕੁਦਰਤੀ ਸਬੰਧਾਂ ਦਾ ਪ੍ਰਚਾਰ ਕਰਨ ਦੀ ਥਾਂ ਵਹਿਮਾਂ ਭਰਮਾਂ ਅਤੇ ਪਦਾਰਥਵਾਦ ਵਿੱਚ ਲੀਨ ਸਨ। ਜਾਤ ਭੇਦ, ਐਸ਼ ਪ੍ਰਸਤੀਆਂ ਨਸ਼ਿਆਂ ਦੀ ਬਿਮਾਰੀ ਕਾਰਨ ਧਰਮ ਗੰਧਲਾ ਹੋ ਚੁਕਿਆ ਸੀ। ਮੁਸਲਮਾਨ ਵੀ ਵਹਿਮੀ ਭਰਮੀ ਅਤੇ ਹਠ ਧਰਮੀ ਹੋਣ ਕਾਰਨ ਅਸਹਿਣਸ਼ੀਲਤਾ ਦੀ ਬਿਮਾਰੀ ਨਾਲ ਗ੍ਰਸੇ ਹੋਏ ਸਨ।[35] ਉਸ ਸਮੇਂ ਧਰਮ ਹੁੰਦੇ ਹੋਏ ਵੀ ਅਸਲ ਧਰਮ ਅਲੋਪ ਹੋ ਚੁਕਿਆ ਸੀ।[36]

ਭਾਈ ਗੁਰਦਾਸ ਜੀ ਨੇ ਵੀ ਉਸ ਸਮੇਂ ਦੀ ਧਾਰਮਿਕ ਅਵਸਥਾ ਵਲ ਸੰਕੇਤ ਕਰਦੇ ਹੋਇਆਂ ਉਸ ਸਮੇਂ ਦੇ ਅਧਰਮ ਅਤੇ ਪਾਪ ਦੇ ਵਰਤਾਰੇ ਦਾ ਵਿਸਥਾਰ ਸਹਿਤ ਵਰਨਣ ਕੀਤਾ ਹੈ। ਧਰਮ ਬਾਹਰੀ ਰੂਪਾਂ, ਭੇਖਾਂ ਕਰਕੇ ਵਰਤਮਾਨ ਸੀ ਪਰ ਵਰਤਾਰਾ ਧਰਮ ਦੀ ਥਾਂ ਅਧਰਮ ਦਾ ਹੀ ਸੀ। ਰੂਹੋਂ ਸਖਣੇ ਧਾਰਮਿਕ ਰੂਪ ਧਰਮ-ਕਰਮ, ਹਉਮੈਂ, ਦਵੈਖ, ਪਾਪ ਦਾ ਕਾਰਨ ਬਣ ਚੁੱਕੇ ਸਨ। ਜਦੋਂ ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਤੇ ਸਿੱਧਾ ਨੂੰ ਮਿਲਦੇ ਹਨ ਤਾਂ ਸਿੱਧ ਗੁਰੂ ਜੀ ਤੋਂ ਇਹ ਪ੍ਰਸ਼ਨ ਪੁੱਛਦੇ ਹਨ "ਮਾਤ ਲੋਕ ਵਿਚਿ ਕਿਆ ਵਰਤਾਰਾ?" ਇਸ ਪ੍ਰਸ਼ਨ ਦੇ ਉੱਤਰ ਵਿਚ ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦਾ ਵਿਚਾਰ ਦਸਦੇ ਹਨ ਕਿ ਧਰਤੀ ਉਤੇ ਕੂੜ ਦਾ ਵਰਤਾਰਾ ਹੈ। ਸੰਸਾਰ ਸ਼ਬਦ ਤੋਂ ਬਿਨਾ ਡੁਬ ਰਿਹਾ ਹੈ।[37]

ਇਸੇ ਵਿਚਾਰ ਨੂੰ ਹੀ ਭਾਈ ਗੁਰਦਾਸ ਜੀ ਅਮਲੀ ਧਰਮ ਦੇ ਵਰਤਾਰੇ ਦੀਆਂ ਉਦਾਹਰਣਾਂ ਦੇ ਕੇ ਵਿਸਥਾਰ ਵਿਚ ਬਿਆਨ ਕਰਦੇ ਹਨ ਕਿ ਕਲਯੁਗ ਦਾ ਵਰਤਾਰਾ ਹੈ। ਰਾਜੇ ਪਾਪੀ ਹੋ ਗਏ ਹਨ। ਕਿਸੇ ਵਿਚ ਕੋਈ ਇਖਲਾਕ ਨਹੀਂ ਰਿਹਾ ਚਾਰੇ ਪਾਸੇ ਪਾਪ ਦਾ ਪਸਾਰਾ ਹੈ।[38]

ਜਦੋਂ ਮੱਕੇ ਵਿੱਚ ਕਾਜ਼ੀ ਗੁਰੂ ਨਾਨਕ ਦੇਵ ਜੀ ਨੂੰ ਇਹ ਪ੍ਰਸ਼ਨ ਕਰਦੇ ਹਨ ਕਿ 'ਹਿੰਦੂ ਵੱਡਾ ਹੈ ਕਿ ਮੁਸਲਮਾਨ ਤਾਂ ਗੁਰੂ ਜੀ ਉਹਨਾਂ ਦੇ ਇਸ ਪ੍ਰਸ਼ਨ ਨੂੰ ਹੀ ਬੁਨਿਆਦੀ ਤੌਰ ਤੇ ਗਲਤ ਅਤੇ ਅਗਿਆਨਤਾ ਪੂਰਨ ਮੰਨਦੇ ਹੋਏ ਇਸ ਦਾ ਉੱਤਰ ਇਹ ਦਿੰਦੇ ਹਨ।[39]

ਹਿੰਦੂ ਮੁਸਲਮਾਨ ਦੋਹਾਂ ਨੇ ਹੀ ਸੱਚ ਨੂੰ ਪਛਾਣਿਆ ਨਹੀਂ। ਸਹੀ ਪਛਾਣ ਤੋਂ ਬਿਨਾਂ ਉਹ ਆਖੇ ਨੂੰ ਹੀ ਸੁਣ ਕੇ ਵਖਾਣਦੇ ਰਹੇ।[40] ਇਸ ਤਰ੍ਹਾਂ ਬਾਹਰੀ ਭੇਖਾਂ ਦੇ ਭੁਲੇਖਿਆਂ ਵਿਚ ਭਰਮ ਕੇ ਲੋਕ ਬੁਨਿਆਦੀ ਅਸਲੀਅਤ ਨੂੰ ਅਖੋਂ ਉਹਲੇ ਕਰ ਬੈਠੇ ਸਨ।[41]

ਇੰਜ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਛਾਣਬੀਣ ਕਰਨ ਉਪਰੰਤ ਪੂਰਬਲੇ ਧਰਮਾਂ ਵਿਚ ਭੇਖਾਂ ਦੀ ਅਨੇਕਤਾ ਦੇ ਭੁਲੇਖੇ ਅਤੇ ਹਉਮੈ ਦੀ ਭਰਮਾਰ ਹੀ ਦੇਖੀ। ਉਸ ਸਮੇਂ ਲੋਕ ਭਾਉ ਭਗਤੀ ਤੇ ਹਉਂ ਤਿਆਗ ਸਭ ਭੁੱਲ ਚੁੱਕੇ ਸਨ।[42]

ਅਜਿਹੀ ਭੇਖਾਂ ਦੀ ਅਨੇਕਤਾ, ਹਉਮੈ, ਆਪਸੀ ਵੈਰ ਵਿਰੋਧ ਅਤੇ ਸਚਾਈ, ਪ੍ਰੇਮ, ਨਿਮਰਤਾ ਦੀ ਸੁੰਞ ਕਾਰਨ ਪੈਦਾ ਹੋਈ ਕੁਰਲਾਹਟ ਦੀ ਹਾਲਤ ਵਿਚ ਗੁਰੂ ਨਾਨਕ ਦੇਵ ਜੀ ਦਾ 'ਸੰਗਤ' ਦਾ ਸੰਕਲਪ ਇਨ੍ਹਾਂ ਸਮੱਸਿਆਵਾਂ ਦਾ ਇਕ ਮਹੱਤਵਪੂਰਨ ਹੱਲ ਸੀ। ਇਹ ਅਧਰਮ ਦੀ ਹਾਲਤ ਵਿਚ ਧਰਮ ਸਥਾਪਨਾ ਦਾ ਰੱਬੀ ਯਤਨ ਸੀ।[43]

ਗੁਰੂ ਨਾਨਕ ਦੇਵ ਜੀ ਦਾ 'ਸੰਗਤ' ਦਾ ਸੰਕਲਪ ਧਰਮ ਦੀ ਸਥਾਪਨਾ ਲਈ ਸੀ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਦੇ ਵਰਤਮਾਨ ਧਰਮਾਂ ਦੇ ਮੁਖ ਮੁਖ ਲੱਛਣ ਭੇਖਾਂ ਦੀ ਅਨੇਕਤਾ, ਭੇਖਾਂ ਦੀ ਹਉਮੈ, ਸਚੇ ਪਿਆਰ ਦੀ ਥੁੜ, ਆਪਸੀ ਵੈਰ ਵਿਰੋਧ ਆਦਿ ਸਨ। ਇਸ ਸਥਿਤੀ ਵਿਚ ਗੁਰੂ ਜੀ ਕੋਲ ਕਿਹੜੇ ਸਾਧਨ ਸਨ ਜਾਂ ਉਨ੍ਹਾਂ ਦੇ ਪ੍ਰਕਾਸ਼ ਦੇ ਕਿਹੜੇ ਵਿਸ਼ੇਸ਼ ਗੁਣ ਸਨ ਜਿਨ੍ਹਾਂ ਨੇ ਵੰਡੀਆ, ਅੰਧੇਰੇ ਅਤੇ ਭੇਖਾਂ ਦੀ ਅਨੇਕਤਾ, ਭਰਮਾਂ ਦੇ ਵਰਤਾਰੇ ਦੇ ਪ੍ਰਸੰਗ ਵਿਚ ਦੁਖੀ ਮਨੁੱਖਤਾ ਨੂੰ ਸੱਚਾ ਮਾਰਗ ਦਿਖਾਇਆ, ਉਨ੍ਹਾਂ ਨੂੰ ਧਰਮ ਦੇ ਰਾਹ ਤੇ ਲਿਆਂਦਾ।

ਰੱਬੀ ਵਿਸ਼ਵਾਸ, ਭਾਉ ਭਗਤੀ ਅਤੇ ਨਿਮਰਤਾ, ਹਲੀਮੀ ਦੀਆਂ ਕਰਾਮਾਤਾਂ ਗੁਰੂ ਨਾਨਕ ਦੇਵ ਜੀ ਕੋਲ ਸਨ। ਉਹਨਾਂ ਨੇ ਭੇਖਾਂ ਦੀ ਅਨੇਕਤਾ ਦੇ ਭਰਮ, ਹਉਮੈ, ਅਗਿਆਨਤਾ, ਆਪਸੀ ਵੈਰ ਵਿਰੋਧ ਵਿਚੋਂ ਕੱਢ ਕੇ ਸਭ ਨੂੰ ਇੱਕੋ ਰੱਬ ਸਾਹਮਣੇ ਇੱਕ ਕਤਾਰ ਵਿਚ ਖੜ੍ਹਾ ਕਰਕੇ ਊਚ ਨੀਚ, ਭੇਖਾਂ ਵਰਣਾਂ, ਆਸ਼ਰਮਾਂ ਮਜ਼੍ਹਬਾਂ ਦੀਆਂ ਵੰਡਾਂ ਮਿਟਾ ਕੇ ਨਿਮਰਤਾ, ਗਰੀਬੀ ਵਿਚ ਰਹਿ ਕੇ ਇਕ ਪਰਮਾਤਮਾ ਦੀ ਸੱਚੀ ਬੰਦਗੀ, ਪ੍ਰੇਮ ਵਿਚ ਜੋੜਨਾ ਸੀ। ਇਹ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਧਰਮ ਅਤੇ 'ਗਾਡੀ ਰਾਹ', 'ਸੰਗਤ' ਦੀ ਸਥਾਪਨਾ ਦਾ ਆਧਾਰ ਸੀ। ਅਰਥਾਤ ਉਨ੍ਹਾਂ ਦੀ ਨਾਮ ਗਰੀਬੀ ਦੀ ਕਰਾਮਾਤ ਦਾ ਪ੍ਰਕਾਸ਼ ਹੀ 'ਬਾਣੀ' ਤੇ 'ਸੰਗਤ' ਦੇ ਰੂਪ ਵਿਚ ਹੋਇਆ।[44]

ਨਉ ਨਿਧਿ ਨਾਮ, ਗਰੀਬੀ ਦਾ ਸੰਸਥਾਗਤ ਸੰਗਤ ਬਣਿਆ। ਇਸ ਕਲਿ ਕਲੇਸ਼, ਅਗਿਆਨਤਾ, ਹਉਮੈ ਅਨੇਕਤਾ ਅਤੇ ਆਪਸੀ ਵੈਰ ਵਿਰੋਧ ਜਾਂ ਸੰਖੇਪ ਵਿਚ ਅਧਰਮ ਕਲਿਯੁਗ, ਸ਼ੈਤਾਨੀ ਰਾਜ ਦੀ ਸਥਿਤੀ ਵਿਚ ਧਰਮ ਦੀ ਸਥਾਪਨਾ ਲਈ ਗੁਰੂ ਨਾਨਕ ਦੇਵ ਜੀ ਨੇ 'ਸੰਗਤ' ਦੀ ਸਥਾਪਨਾ ਕੀਤੀ।[45]

ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਸੰਗਤ ਅਨੇਕਤਾ ਦਵੈਤ ਦੀ ਸਥਿਤੀ ਵਿਚ ਏਕਤਾ, ਮੇਲ ਮਿਲਾਪ ਅਤੇ ਭਾਉ ਭਗਤੀ, ਨਿਮਰਤਾ, ਪਿਆਰ, ਸੇਵਾ, ਪਰਉਪਕਾਰ ਦੀ ਸਥਾਪਨਾ ਦਾ ਯਤਨ ਸੀ।

ਸੰਗਤ ਦੇ ਇਸ ਆਪਾ ਭਾਵ ਦੇ ਤਿਆਗ, ਨਿਮਰਤਾ, ਗਰੀਬੀ ਦੇ ਲੱਛਣਾਂ ਕਰਕੇ ਹੀ ਇਹ ਧਰਮਾਂ, ਮਜ਼੍ਹਬਾਂ, ਭੇਖਾਂ, ਪੰਥਾਂ ਦੀ ਅਨੇਕਤਾ ਅਤੇ ਆਪਸੀ ਵਿਰੋਧ ਦੀ ਸਥਿਤੀ ਵਿਚ ਉਨਾਂ ਦੇ ਮੇਲ ਅਤੇ ਏਕਤਾ ਦਾ ਸਾਧਨ ਬਣ ਗਈ। ਏਕਤਾ, ਸਮਾਨਤਾ, ਪ੍ਰੇਮ ਦੇ ਜਿਹੜੇ ਸਦਗੁਣਾਂ ਦਾ ਪਹਿਲੇ ਧਰਮਾਂ ਵਿਚੋਂ ਲੋਪ ਹੋ ਗਿਆ ਸੀ ਸੰਗਤ ਦੀ ਸਥਾਪਨਾ ਦੁਆਰਾ ਉਨਾਂ ਦੀ ਪੁਨਰ-ਸੁਰਜੀਤੀ ਦਾ ਉੱਦਮ ਹੋਇਆ। ਸੰਗਤ ਦਾ ਮੂਲ ਮਨੋਰਥ ਹੀ ਦੂਜਾ ਭਾਉ, ਦਵੈਤ ਖਤਮ ਕਰਕੇ ਇਕ ਮਨ ਇਕ ਦੀ ਅਰਾਧਨਾ ਕਰਨੀ ਸੀ।[46]

ਨਿਮਰਤਾ, ਗਰੀਬੀ ਦੇ ਆਧਾਰ ਤੇ ਸਥਾਪਤ ਹੋਣ ਕਰਕੇ ਸੰਗਤ ਨੇ ਬਹੁਤ ਸਾਰੇ ਝਗੜਿਆਂ ਦੇ ਕਾਰਨਾਂ ਦੀ ਜੜ੍ਹ ਹੀ ਉਖਾੜ ਦਿੱਤੀ।[47]

ਸੰਗਤ ਦਾ ਇਕ ਪ੍ਰਧਾਨ ਲੱਛਣ ਇਹ ਸੀ ਕਿ ਇਹ ਦੁਬਿਧਾ ਦਵੈਤ ਦੀ ਕੈਂਚੀ ਦੀ ਤਰ੍ਹਾਂ ਇਕ ਦੂਜੇ ਨੂੰ ਪਾੜ ਕੇ ਨਹੀਂ, ਸੂਈ ਦੀ ਤਰਾਂ ਜੋੜ ਕੇ ਰੱਖਣ ਵਿਚ ਵਿਸ਼ਵਾਸ ਰਖਦੀ ਸੀ। ਵਿਛੜਿਆਂ ਨੂੰ ਜੋੜਨਾ ਇਸ ਦਾ ਮੁੱਖ ਕਰਤੱਵ ਸੀ।[48]

'ਸੰਗਤ' ਸੱਚ ਦਾ ਮਾਰਗ ਹੈ ਜਿਸ ਵਿਚ ਹੁਣ ਤੱਕ ਆਪਸੀ ਵਿਰੋਧ ਵਿਚ ਉਲਝੇ ਮਾਰਗ, ਵਿਰੋਧ ਭਾਵਨਾ ਭੁਲਾ ਕੇ, ਇੱਕ ਸੱਚ ਦੇ ਅਸਲੀ ਰਾਹ ਤੇ ਆ ਕੇ ਧਰਮਾਂ ਦੀ ਦਵੈਤ, ਹਉਮੈ ਭੁੱਲ ਕੇ ਇੱਕ ਹੀ ਥਾਂ ਖੜੇ ਹੋ ਸਕੇ।[49]

ਗੁਰੂ ਨਾਨਕ ਦੇਵ ਜੀ ਨੇ ਵਕਤ ਦੀ ਧਾਰਮਿਕ, ਭਾਵਨਾ ਨੂੰ ਮੁੜ ਨਵੇਂ ਸਿਰਿਓਂ ਗਠਿਤ ਕੀਤਾ। ਕਈ ਪ੍ਰਕਾਰ ਦੇ ਦੇਵੀ ਦੇਵਤਿਆਂ, ਦੰਭ ਭਰਪੂਰ ਕਰਮ ਕਾਂਡਾਂ ਅਤੇ ਬੁਝਦਿਲੀ ਵਿਚ ਉਤਰੀ ਹੋਈ ਅਤੇ ਹਉਮੈਂ ਵਿਚ ਗ੍ਰਸੀ

ਹੋਈ ਚੇਤਨਾ ਨੂੰ ਉਨ੍ਹਾਂ ਨੇ ਸੰਗਤ ਰਾਹੀਂ ਇੱਕ ਸਰਵ ਸ਼ਕਤੀਮਾਨ ਸ਼ਕਤੀ ਨਾਲ ਜੋੜਿਆ। ਇਸ ਸ਼ਕਤੀ ਨੂੰ ਉਨਾਂ ਨੇ ਇੱਕ ਅਤੇ ਨਿਰੰਕਾਰ ਮੰਨਿਆ। ਉਹ ਨਿਰੰਕਾਰ ਹੈ ਅਤੇ ਇਸ ਸਦਕਾ ਸਰਵ ਵਿਆਪਕ ਹੈ। ਇਸ ਕਰਕੇ ਉਸ ਦੀ ਕੋਈ ਸ਼ਕਲ ਜਾਂ ਸੀਮਾ ਨਹੀਂ ਤੇ ਉਹ ਸਮੇਂ ਅਤੇ ਸਥਾਨ ਦੀ ਕੈਦ ਤੋਂ ਮੁਕਤ ਹੈ ਅਤੇ ਉਸ ਦੀ ਪ੍ਰਾਪਤੀ ਸੰਗਤ ਰਾਹੀਂ ਹੁੰਦੀ ਹੈ। ਨਿਰੰਕਾਰ ਨੂੰ ਹੀ ਸੰਗਤ ਸੰਸਥਾ ਦਾ ਮੁੱਖ ਅੰਸ਼ ਬਣਾਇਆ। ਗੁਰੂ ਸਾਹਿਬ ਨੇ ਅਕਾਲਪੁਰਖ ਦੇ ਦ੍ਰਿਸ਼ਮਾਨ ਰੂਪ ਨੂੰ ਸਵੀਕਾਰ ਨਹੀਂ ਕੀਤਾ। ਇਸੇ ਕਰਕੇ ਉਨ੍ਹਾਂ ਨੇ ਬੁਤ ਪੂਜਾ ਅਰਥਾਤ ਰੱਬ ਨੂੰ ਬੁਤਾਂ ਵਿਚ ਨਿਹਾਰਨਾ ਪਸੰਦ ਨਹੀਂ ਕੀਤਾ।

ਇਸੇ ਪ੍ਰਸੰਗ ਵਿਚ ਹੀ ਗੁਰੂ ਸਾਹਿਬ ਨੇ ਮਨੁਖ ਨੂੰ ਸਮੁਚੀ ਕੁਦਰਤ ਦੇ ਵਿਚ ਵਰਤਮਾਨ ਅਖੰਡ ਅਤੇ ਨਿਰੰਤਰ ਕੁਦਰਤੀ ਅਸੂਲਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਅਸੂਲਾਂ ਨਾਲ ਜੁੜਨ ਦਾ ਮਤਲਬ ਰਬ ਨਾਲ ਜੁੜਨਾ ਹੈ। ਇਸ ਜੁੜਨ ਲਈ ਧਾਰਮਕ ਕਰਮਕਾਂਡ ਦੀ ਲੋੜ ਨਹੀਂ। ਇਸੇ ਕਰਕੇ ਧਾਰਮਕ ਕਰਮਕਾਂਡ ਵਹਿਮਾਂ, ਭਰਮਾਂ ਦਿਖਾਵੇ ਭਰੇ ਦੰਭਾਂ ਜਿਵੇਂ ਸ਼੍ਰਾਧ, ਸੂਤਕ, ਦਿਨ ਦੇ ਪਵਿਤਰ ਅਪਵਿਤਰ ਹੋਣਾ ਆਦਿ ਵਿਚੋਂ ਮਨੁੱਖ ਨੂੰ ਕਢਕੇ ਉਸ ਨੂੰ ਸਵਛ ਤੇ ਵਿਆਪਕ ਚੇਤਨਾ ਨਾਲ ਜੋੜਿਆ।[50] ਇਸ ਸਾਰੀ ਵਿਚਾਰਧਾਰਾ ਨੂੰ ਸੰਗਤ ਰਾਹੀਂ ਅਮਲੀ ਰੂਪ ਦਿੱਤਾ।

ਇੰਜ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਵਿਚ ਸੰਸਾਰ ਦੀ ਧਾਰਮਕ ਹਾਲਾਤ ਦੇਖ ਕੇ ਉਸ ਦਾ ਅਧਿਐਨ ਕੀਤਾ। ਆਪਣੇ ਦੌਰਿਆਂ ਸਮੇਂ ਉਹ ਵੱਖ ਵੱਖ ਧਰਮਾਂ ਦੇ ਆਗੂਆਂ ਤੇ ਪੈਰੋਕਾਰਾਂ ਨੂੰ ਮਿਲੇ। ਧਾਰਮਿਕ ਅਸਥਾਨਾਂ ਦੀ ਯਾਤਰਾ ਕੀਤੀ ਤੇ ਗਿਆਨ ਗੋਸ਼ਟੀਆਂ ਕੀਤੀਆਂ। ਇਸ ਸਭ ਤੋਂ ਉਹਨਾਂ ਨੂੰ ਇਸ ਗਲ ਦਾ ਅਹਿਸਾਸ ਹੋ ਗਿਆ ਕਿ ਤਤਕਾਲੀ ਸਾਰੇ ਧਰਮ ਤੇ ਫਿਰਕਿਆਂ ਵਿਚ ਕਰਮਕਾਂਡ ਪ੍ਰਧਾਨ ਹੋ ਚੁਕਿਆ ਹੈ, ਧਰਮ ਦੀ ਅਸਲੀਅਤ ਛੁਪ ਚੁਕੀ ਹੈ ਤੇ ਕੂੜ ਦਾ ਬੋਲਚਾਲਾ ਹੈ ਜਿਸ ਕਾਰਨ ਸਾਰੇ ਧਰਮਾਂ ਵਿਚ ਇੱਕ ਦੂਜੇ ਪ੍ਰਤੀ ਨਫਰਤ ਹੈ ਤੇ ਖਿਚੋਤਾਣ ਬਣੀ ਹੋਈ ਹੈ।

ਇਸ ਸਥਿਤੀ ਵਿਚ ਉਹਨਾਂ ਨੇ ਲੋਕਾਂ ਨੂੰ ਸਹੀ ਧਰਮ ਦੀ ਪਹਿਚਾਣ ਕਰਾਉਣ ਲਈ ਤੇ ਆਪਸੀ ਵੈਰ ਵਿਰੋਧ ਨੂੰ ਖਤਮ ਕਰਕੇ 'ਸਚ' ਦੀ ਪ੍ਰਾਪਤੀ ਲਈ, 'ਸੰਗਤ' ਦਾ ਸੰਕਲਪ ਦਿੱਤਾ। ਸੰਗਤ ਵਿਚ ਆ ਕੇ ਸਭ ਮਨੁੱਖਾਂ ਨੂੰ ਵਾਧੂ ਕਰਮ-ਕਾਂਡ ਤੋਂ ਛੁਟਕਾਰਾ ਮਿਲਿਆ। ਆਪਸ ਵਿਚ ਮਿਲ ਬੈਠ ਕੇ ਸ਼ਬਦ ਦੀ ਸੋਝੀ ਹੋਈ ਜਿਸ ਨਾਲ ਕੂੜ ਦਾ ਹਨੇਰਾ ਦੂਰ ਹੋਇਆ। ਧਾਰਮਕ ਸੰਕੀਰਣਤਾ ਤੇ ਭੇਖਾਚਾਰ ਦਾ ਖਾਤਮਾ ਹੋਇਆ। ਜੀਵਨ ਮੁਕਤੀ ਦਾ ਸੁਖਾਲਾ ਰਾਹ ਦੱਸਿਆ।[50]

ਸੰਗਤ ਵਿਚ ਮਨੁੱਖ ਆਪਣੇ ਜੀਵਨ ਦਾ ਜੋ ਅਸਲ ਨਾਮ ਦਾ ਵਾਪਾਰ ਹੈ, ਕਰ ਸਕਣ ਦੇ ਸਮਰਥ ਹੁੰਦੇ ਹਨ।[51] ਜਿਸ ਨਾਲ ਸਦੀਵੀ ਸੁਖ ਦੀ ਪ੍ਰਾਪਤੀ ਹੁੰਦੀ ਹੈ।[52] ਮਨ ਸੰਤੋਖ ਵਿਚ ਆਉਂਦਾ ਹੈ।[53]

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸੰਗਤ ਦੀ ਸਥਾਪਨਾ ਕਰਕੇ ਮਨੁੱਖ ਨੂੰ ਆਪਣੇ ਜਨਮ ਨੂੰ ਸਫਲ ਕਰਨ ਦਾ ਮੌਕਾ ਦਿੱਤਾ। ਇਸ ਦੀ ਪ੍ਰਸੰਗਕਿਤਾ ਅੱਜ ਵੀ ਹੈ। ਅੱਜ ਵੀ ਸੰਗਤ ਵਿਚ ਆ ਕੇ ਮਨੁੱਖ ਨੂੰ ਆਪਣਾ ਜੀਵਨ ਸਕਾਰਥ[54] ਕਰਨ ਦੀ ਲੋੜ ਹੈ।

### 7.2. ਸਮਾਜਿਕ ਮੁੱਦੇ

ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਸਹੀ ਅਰਥਾਂ ਵਿਚ ਸਮਾਜਕ ਜੀਵ ਬਣ ਕੇ ਨਿੱਜ ਭਲਾਈ ਨੂੰ ਸਮਾਜਕ ਭਲਾਈ ਵਿਚ ਤਬਦੀਲ ਕਰਨ ਦਾ ਉਪਦੇਸ਼ ਦਿੱਤਾ ਹੈ। ਗੁਰੂ ਜੀ ਦੇ ਸਮੇਂ ਮਨੁੱਖ ਕੇਵਲ ਨਿਜ-ਭਲਾਈ ਨੂੰ ਮੁੱਖ ਰੱਖਦਿਆ ਸਮਾਜਕ ਭਲਾਈ ਦਾ ਕਰਤਵ ਨਿਭਾਉਣ ਨੂੰ ਭੁੱਲ ਚੁੱਕਿਆ ਸੀ। ਇਸ ਲਈ, ਆਪ ਦੇ ਸਮਾਜ-ਹਿਤੈਸ਼ੀ ਉਪਦੇਸ਼ ਨੇ ਸਮਕਾਲੀਨ ਸਮਾਜ ਉਤੇ ਬੜਾ ਮਹੱਤਵਪੂਰਨ ਪ੍ਰਭਾਵ ਪਾਇਆ। ਇਉਂ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਦੇ ਇਸ ਉਪਦੇਸ਼ ਨੇ ਉਸ ਸਮੇਂ ਦੇ ਮਾਨਵ ਸਮਾਜ ਦੀ ਨੁਹਾਰ ਨੂੰ ਬਦਲ ਕੇ ਰੱਖ ਦਿੱਤਾ । ਇਹ

ਉਨ੍ਹਾਂ ਦੇ ਉਚੇ ਵਿਅਕਤੀਤਵ ਅਤੇ ਉਪਦੇਸ਼ਾਂ ਦਾ ਪ੍ਰਭਾਵ ਸੀ।

ਮਾਨਵ ਸਮਾਜ ਵਿਚ ਲੋੜੀਂਦਾ ਪਰਿਵਰਤਨ ਲਿਆਉਣ ਲਈ ਗੁਰੂ ਜੀ ਨੇ ਲੋਕਾਂ ਨੂੰ ਸਭ ਤੋਂ ਪਹਿਲਾਂ ਇਹ ਸੋਝੀ ਕਰਵਾਈ ਕਿ ਮਾਨਵ ਸਮਾਜ ਨਿਰੋਲ ਸੱਚ ਉਤੇ ਅਧਾਰਤ ਹੈ। ਇਸ ਸੋਝੀ ਤੋ ਬਿਨਾਂ ਮਨੁੱਖ ਸਮਾਜਿਕ ਭਲਾਈ ਲਈ ਯਤਨਸ਼ੀਲ ਹੋ ਹੀ ਨਹੀਂ ਸਕਦਾ। ਗੁਰੂ ਸਾਹਿਬ ਨੇ ਆਪ ਇਹ ਜੀਵਨ ਭੇਦ ਸਮਝਾ ਦਿੱਤਾ ਕਿ ਜੇ ਤੁਸੀਂ ਮਾਨਵਤਾ ਦੇ ਭਲੇ ਲਈ ਪੂਰੀ ਲਗਨ ਨਾਲ ਕੰਮ ਕਰਨਾ ਚਾਹੁੰਦੇ ਹੋ ਤਾਂ ਮਾਨਵ ਸਮਾਜ ਦੀ ਸਚਿਆਈ ਵਿਚ ਪੂਰਨ ਵਿਸ਼ਵਾਸ ਰੱਖ ਕੇ ਦਿਖਾਓ। ਉਨ੍ਹਾਂ ਨੇ ਜਗਤ ਨੂੰ ਸੱਚਾ ਜਾਂ ਸਤਿਆ ਵਾਲਾ ਜੀਵਨ ਦਰਸ਼ਨ ਦਿੱਤਾ।

ਭਾਰਤ ਦੇ ਪ੍ਰਸਿਧ ਦਾਰਸ਼ਨਿਕ ਡਾ. ਰਾਧਾ ਕ੍ਰਿਸ਼ਨਨ ਦਾ ਕਥਨ ਬੜਾ ਢੁਕਵਾਂ ਪ੍ਰਤੀਤ ਹੁੰਦਾ ਹੈ, "ਕਿਸੇ ਸੱਚੇ ਧਰਮ ਦੀ ਕਮਵੱਟੀ ਇਹ ਹੈ ਕਿ ਉਹ ਕਿਸ ਹੱਦ ਤੱਕ ਵਿਅਕਤੀ ਅਤੇ ਸਮਾਜਕ-ਵਿਵਸਥਾ ਨੂੰ ਬਦਲ ਸਕਦਾ ਹੈ। ਧਰਮ ਨੂੰ ਸਮਾਜਿਕ ਜੀਵਨ ਅਤੇ ਧਰਮ ਪ੍ਰਥਾਵਾਂ ਦੇ ਹਨੇਰੇ ਪੱਖ ਨੂੰ ਪ੍ਰਕਾਸ਼ਤ ਕਰਨਾ ਚਾਹੀਦਾ ਹੈ"।[55] ਇਸ ਦਾਰਸ਼ਨਿਕ ਵਾਂਗ ਹੋਰ ਬਹੁਤ ਸਾਰੇ ਵਿਦਵਾਨਾਂ ਅਤੇ ਆਮ ਲੋਕਾਂ ਅਨੁਸਾਰ ਸਮਾਜਿਕ ਸਮੱਸਿਆਵਾਂ ਤੋਂ ਮੂੰਹ ਮੋੜਨ ਵਾਲਾ ਧਰਮ ਬੇਲੋੜਾ ਹੈ।

ਡਾ. ਰਾਧਾ ਕ੍ਰਿਸ਼ਨਨ ਇਕ ਹੋਰ ਥਾਂ ਇਸ ਨੁਕਤੇ ਨੂੰ ਸਪਸ਼ਟ ਕਰਦੇ ਹੋਏ ਲਿਖਦੇ ਹਨ, "ਧਰਮ ਜੀਵਨ ਤੋਂ ਬਾਹਰ ਲੈ ਜਾਣ ਦਾ ਮਾਰਗ ਨਹੀਂ ਹੈ ਸਗੋਂ ਜੀਵਨ ਵਲ ਲੈ ਜਾਣ ਵਾਲਾ ਮਾਰਗ ਹੈ"।[56]

ਭਾਈ ਗੁਰਦਾਸ ਦੇ ਸ਼ਬਦਾਂ ਵਿਚ, ਗੁਰੂ ਨਾਨਕ ਸਾਹਿਬ ਸਿਧਾਂ ਨੂੰ ਪਰਬਤਾਂ ਵਿਚ ਬੈਠ ਕੇ ਸਮਾਧੀਆਂ ਲਾਉਣ ਦੀ ਥਾਂ ਸਰਗਰਮ ਸਮਾਜਿਕ ਜੀਵਨ ਵਿਚ ਯੋਗਦਾਨ ਪਾਉਣ ਦਾ ਉਪਦੇਸ਼ ਦਿੰਦੇ ਹਨ।[57]

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚਲੀ ਸੰਗਤ ਦੇ ਪ੍ਰਸੰਗ ਵਿਚ ਬਹੁਤ ਅਹਿਮ ਸਮਾਜਿਕ ਮੁਦਿਆਂ ਨੂੰ ਵਿਚਾਰਿਆ ਹੈ ਜਿਨ੍ਹਾਂ ਦਾ ਅਧਿਐਨ ਇਸ ਤਰ੍ਹਾਂ ਹੈ:

**ਗੁਰੂ ਨਾਨਕ ਸਮੇਂ ਸਮਾਜਿਕ ਹਾਲਤ :**

ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜਕ ਹਾਲਤ ਕਿਹੋ ਜਿਹੀ ਸੀ, ਇਸ ਦੀ ਗਵਾਹੀ ਗੁਰੂ ਨਾਨਕ ਬਾਣੀ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਹੋਰ ਧਾਰਮਿਕ ਗ੍ਰੰਥਾਂ ਤੋਂ ਮਿਲਦੀ ਹੈ। ਉਸ ਸਮੇਂ ਦੀ ਸਮਾਜਕ ਦਸ਼ਾ ਨੂੰ ਅਸੀਂ ਹੇਠ ਦਿੱਤੇ ਸਿਰਲੇਖਾਂ ਅਧੀਨ ਵਿਚਾਰ ਸਕਦੇ ਹਾਂ:

**1. ਸਮਾਜ ਦੀ ਵੰਡ :**

ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜਿਕ ਦਸ਼ਾ ਬਹੁਤ ਭੈੜੀ ਸੀ। ਸਮਾਜ ਧਰਮ ਦੇ ਆਧਾਰ ਤੇ ਦੋ ਹਿੱਸਿਆਂ ਵਿੱਚ ਵੰਡਿਆਂ ਹੋਇਆ ਸੀ। ਇੱਕ ਹਿੰਦੂ ਤੇ ਦੂਜਾ ਮੁਸਲਮਾਨ। ਅੱਗੇ ਉਹਨਾਂ ਦੇ ਕਈ ਫਿਰਕੇ ਬਣੇ ਹੋਏ ਸਨ। ਮੁਸਲਮਾਨ ਹਿੰਦੂਆਂ ਨੂੰ ਦੇਖਣਾ ਗਵਾਰਾ ਨਹੀਂ ਸਨ ਕਰਦੇ। ਹਿੰਦੂਆਂ ਵਿਚ ਜੋ ਲੰਮੇ ਸਮੇਂ ਤੋਂ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਚਾਰ ਮੁੱਖ ਵਰਣਾਂ ਵਿਚ ਵੰਡੇ ਹੋਏ ਸਨ, ਸਮਾਜਿਕ ਅਰਾਜਕਤਾ ਫੈਲਣ ਨਾਲ ਜਾਤ-ਪਾਤ ਦੀ ਕੱਟੜਤਾ ਹੋਰ ਵੀ ਵਧ ਗਈ ਸੀ। ਨੀਵੀਆਂ ਜਾਤੀਆਂ ਤੇ ਹੋਰ ਵੀ ਜ਼ੁਲਮ ਹੋਣਾ ਸ਼ੁਰੂ ਹੋ ਗਿਆ ਸੀ। ਮੁਸਲਮਾਨੀ ਸਮਾਜ, ਜਿਸ ਦਾ ਪ੍ਰਭਾਵ ਭਾਈਚਾਰਕ ਬਰਾਬਰੀ ਅਤੇ ਡੂੰਘੀ ਸਾਂਝ ਦਾ ਸੀ ਅਸਲ ਵਿਚ ਜਨਮ, ਧਰਮ ਅਤੇ ਨਸਲਾਂ ਦੇ ਆਧਾਰ ਤੇ ਪੂਰੀ ਤਰ੍ਹਾਂ ਵੰਡਿਆਂ ਹੋਇਆ ਸੀ।[58]

ਇਥੇ ਹੀ ਬਸ ਨਹੀਂ ਹਿੰਦੂਆਂ ਨੇ ਡਰ ਕੇ ਆਪਣੀ ਸਮਾਜਕ ਨੁਹਾਰ ਹੀ ਬਦਲ ਲਈ ਸੀ। ਉਨਾਂ ਨੇ ਜਿਥੇ ਡਰ, ਭੈ ਅਤੇ ਸਵਾਰਥ ਅਧੀਨ ਪ੍ਰਭੂ ਦਾ ਨਾਂ ਵਟਾ ਲਿਆ, ਉਥੇ ਇਸਲਾਮੀ ਧਾਰਮਿਕ ਚਿੰਨ੍ਹ ਤੇ ਕਿਰਿਆ ਕਰਮ ਅਪਨਾਉਣ ਤੋਂ ਛੁੱਟ, ਅਧੀਨਗੀ ਧਾਰਨ ਕਰਦੇ ਹੋਏ ਆਪਣੀ ਭਾਸ਼ਾ ਤੇ ਪਹਿਰਾਵਾ ਵੀ ਨਾ ਬਚਾ ਸਕੇ।[59] ਇਹ ਵੇਲੇ ਦਾ ਸਮਾਜਕ ਚਿਤਰ ਸੀ।

ਉਸ ਸਮੇਂ ਹਿੰਦੂ ਸਮਾਜ ਹਾਰਿਆ ਹੋਇਆ ਸੀ ਤੇ ਇਸਲਾਮ ਜੇਤੂ। ਨਿਯਮ ਉਪਨਿਯਮ, ਵਿਵਸਥਾ-ਕਾਨੂੰਨੀ ਪਾਬੰਦੀਆਂ ਜੋ ਇਸਲਾਮ ਨੇ ਨਿਰਧਾਰਿਤ ਕੀਤੀਆਂ ਵੀ ਸਨ ਉਹ ਸਭ ਹਿੰਦੂਆਂ ਨੂੰ ਦਬਾਉਣ ਲਈ ਹੀ ਸਨ। ਮੁਸਲਮਾਨ ਹਰ ਤਰਾਂ ਨਾਲ ਆਜ਼ਾਦ ਸਨ। ਹਿੰਦੂਆਂ ਲਈ ਜਿਥੇ ਮੌਤ, ਮੰਦਹਾਲੀ, ਤਸੀਹੇ, ਨਾਬਰਾਬਰੀ ਅਤੇ ਤਿਰਸਕਾਰ ਸੀ ਉਥੇ ਮੁਸਲਮਾਨਾਂ ਲਈ ਜੀਵਨ ਖੁਸ਼ਹਾਲੀ, ਭੋਗ ਵਿਲਾਸ ਅਤੇ ਸਤਿਕਾਰ ਸੀ।[60]

ਹਿੰਦੂ ਸਮਾਜ ਚਾਰ ਹਿੱਸਿਆ ਵਿਚ ਵੰਡਿਆ ਹੋਇਆ ਸੀ। ਸ਼ੂਦਰ ਦੀ ਦਸ਼ਾ ਅਤੀ ਮਾੜੀ ਹੋ ਗਈ ਸੀ। ਭਗਤ ਨਾਮਦੇਵ ਜੀ ਜਿਹੇ ਭਗਤ ਆਖ ਰਹੇ ਸਨ :

"ਜਦ ਮੈਂ ਮੰਦਰ ਜਾਂਦਾ ਹਾਂ, ਇਹ ਪੰਡੀਆ ਮੋ ਕਉ ਢੇਢ ਕਹਤ, ਸੂਦ ਸੂਦ ਕਰਿ ਮਾਰਿ ਉਠਾਇਓ।[61]

ਕਬੀਰ ਜੀ ਨੇ ਵੀ ਇਸ ਜਾਤੀ ਦੇ ਆਧਾਰ ਤੇ ਕੀਤੇ ਜਾਂਦੇ ਵਿਤਕਰਿਆਂ ਦਾ ਖੰਡਨ ਕੀਤਾ ਹੈ।[62] ਇਵੇਂ ਹੀ ਉਸ ਸਮੇਂ ਦੀ ਸਮਾਜਿਕ ਅਧੋਗਤੀ ਬਾਰੇ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਪ੍ਰਕਾਸ਼ ਪਾਇਆ ਹੈ।[63]

ਡਾ. ਨਾਰੰਗ ਚੰਦ ਅਨੁਸਾਰ ਹਿੰਦੂ ਨੇ ਆਪਣੇ ਆਪ ਨੂੰ ਜਾਤ-ਪਾਤ ਦੇ ਮਜ਼ਬੂਤ ਕਿਲੇ ਵਿਚ ਡੱਕ ਲਿਆ। ਉਚੇਰੀਆਂ ਜਾਤੀਆਂ ਨੂੰ ਇਸ ਦੇ ਅੰਦਰ ਦਾਖਲ ਕਰਕੇ ਨੀਵੀਆਂ ਜਾਤੀਆਂ ਨੂੰ ਉਹਨਾਂ ਦੀ ਕਿਸਮਤ ਦੇ ਆਸਰੇ ਛੱਡ ਦਿੱਤਾ ਗਿਆ।[64]

### 2. ਜਾਤ ਪਾਤ, ਊਚ-ਨੀਚ ਤੇ ਸੁੱਚ-ਭਿਟ

ਜਾਤ ਪਾਤ ਦੀ ਮਰਿਆਦਾ ਦਾ ਉਹ ਹੈ ਜੋ ਮਨੁੱਖ ਸਮੂਹ ਦਾ ਅਧਿਕਾਰ ਖੇਤਰ ਸੀਮਤ ਕਰਦੀ ਹੈ ਤੇ ਮਨੁੱਖਾਂ ਨੂੰ ਵੱਖ ਵੱਖ ਸ਼੍ਰੇਣੀਆਂ ਵਿਚ ਵੰਡ ਕੇ ਊਚ-ਨੀਚ ਬਣਾਉਂਦੀ ਹੈ। ਜਾਤੀ-ਪਾਤੀ ਸਮਾਜ ਵਿਚ ਸਮਾਜਿਕ ਅਤੇ ਆਰਥਿਕ ਨਾ-ਬਰਾਬਰੀ ਵੱਡਾ ਪਾੜਾ ਹੁੰਦਾ ਹੈ।

ਗੁਰੂ ਨਾਨਕ ਸਮੇਂ ਮੁਸਲਮਾਨਾਂ ਵਿਚ ਆਪਣੇ ਧਾਰਮਕਿ ਸਿਧਾਤਾਂ ਦੇ ਉਲਟ ਇਕ ਤਰ੍ਹਾਂ ਦੀ ਜਾਤੀ ਪ੍ਰਥਾ ਪ੍ਰਚਲੱਤ ਹੋ ਚੁੱਕੀ ਸੀ। ਜਿਸ ਵਿਚ ਸਰਕਾਰੀ ਪਦਾਂ ਤੇ ਸਸ਼ੋਭਿਤ, ਧਾਰਮਿਕ ਗ੍ਰੰਥਾਂ ਦੇ ਗਿਆਤਾ, ਕਾਜ਼ੀਆਂ, ਦੌਲਤਮੰਦ ਲੋਕਾਂ ਨੂੰ ਸਮਾਜ ਵਿਚ ਉੱਚਾ ਤੇ ਬਾਕੀ ਲੋਕਾਂ ਨੂੰ ਨੀਵਾਂ ਸਮਝਣ ਲਗ ਪਿਆ ਸੀ।[65]

ਭਾਰਤੀ ਹਿੰਦੂ ਸਮਾਜ ਸ਼ੁਰੂ ਤੋਂ ਹੀ ਚਾਰ ਵਰਨਾਂ ਵਿਚ ਵੰਡਿਆਂ ਹੋਇਆ ਸੀ। ਸਮਾਜ ਵਿਚ ਬ੍ਰਾਹਮਣ ਜਾਤੀ ਦਾ ਰੁਤਬਾ ਸਭ ਤੋਂ ਉੱਚਾ ਮੰਨਿਆ ਜਾਂਦਾ ਸੀ ਜਦ ਕਿ ਸ਼ੂਦਰ ਜਾਤੀ ਦਾ ਸਭ ਤੋਂ ਨੀਵਾਂ। ਸ਼ੂਦਰਾਂ ਕੋਲ ਕੋਈ ਅਧਿਕਾਰ ਨਹੀਂ ਸਨ। ਇਸ ਸਿਸਟਮ ਨੂੰ ਦੈਵੀ ਐਲਾਨਿਆ ਗਿਆ ਸੀ। ਰਿਗਵੇਦ ਅਨੁਸਾਰ ਬ੍ਰਾਹਮਣ ਬ੍ਰਹਮ ਦੇ ਮੂੰਹ ਤੇ ਕਸ਼ਤਰੀ ਬਾਹਵਾਂ ਤੋਂ, ਵੈਸ਼ ਪੇਟ ਤੋਂ ਅਤੇ ਸ਼ੂਦਰ ਬ੍ਰਹਮ ਦੇ ਪੈਰਾਂ ਤੋਂ ਪੈਦਾ ਹੋਏ ਦਸੇ ਗਏ ਹਨ।[66]

ਮਨੂ ਸਿਮਰਤੀ[67] ਨੇ ਇਸ ਪ੍ਰਥਾ ਨੂੰ ਇਤਨਾ ਮਜ਼ਬੂਤ ਕੀਤਾ ਕਿ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮਸਲੇ ਇਸੇ ਹੀ ਆਧਾਰ ਤੇ ਵਿਚਾਰੇ ਜਾਂਦੇ ਸਨ ਕਿ ਸੰਬੰਧਿਤ ਵਿਅਕਤੀ ਕਿਸ ਜਾਤੀ ਨਾਲ ਸੰਬੰਧ ਰੱਖਦਾ ਹੈ। ਇਕੋ ਅਪਰਾਧ ਤੇ ਬ੍ਰਾਹਮਣਾਂ ਨੂੰ ਘੱਟ ਤੇ ਸ਼ੂਦਰ ਨੂੰ ਕਰੜੀ ਸਜ਼ਾ ਰੱਖੀ ਗਈ ਸੀ। ਵਿਸ਼ੇਸ਼ ਕਰਕੇ ਸ਼ੂਦਰ ਜਾਤੀਆਂ ਦਾ ਵੱਧ ਤੋਂ ਵੱਧ ਸ਼ੋਸ਼ਨ ਕਰਨ ਦੇ ਨਾਲ ਨਾਲ ਉਹਨਾਂ ਨਾਲ ਗੈਰ-ਮਾਨਵੀ ਰਵੱਈਆ ਵੀ ਧਾਰਨ ਕੀਤਾ ਹੋਇਆ ਸੀ। ਇਸ ਤਰ੍ਹਾਂ ਸਮੁੱਚੀ ਭਾਰਤੀ ਸੰਸਕ੍ਰਿਤੀ ਇਸ ਦੀ ਲਪੇਟ ਵਿਚ ਆ ਚੁੱਕੀ ਸੀ ਪਰ ਅਸਲ ਵਿਚ ਇਹ ਪ੍ਰਥਾ ਦੈਵੀ ਨਹੀਂ ਸੀ। ਡਾ. ਰਾਧਾ ਕ੍ਰਿਸ਼ਨਨ ਨੇ ਵਿਚਾਰ ਦਿੱਤਾ ਹੈ :

"Whatever might been the historical basis for the great ideas of the ancient upanisads which affirm that the human individual as such is a part of the spirit of ray of the divine."[68]

ਗੁਰੂ ਨਾਨਕ ਦੇਵ ਜੀ ਨੇ ਜਾਤੀ ਪ੍ਰਥਾ ਨੂੰ ਖੁਲੇ ਆਮ ਨਿੰਦਿਆ ਹੈ। ਉਹਨਾਂ ਨੇ ਤਰਕ ਦਿੱਤਾ ਕਿ ਕੀ ਜਾਤੀ

ਦੇ ਆਧਾਰ ਤੇ ਜ਼ਹਿਰ ਦਾ ਅਸਰ ਹੁੰਦਾ ਹੈ। ਜੇ ਨਹੀਂ ਤਾਂ ਫਿਰ ਜਾਤੀ ਦੇ ਆਧਾਰ ਤੇ ਅਸਮਾਨਤਾ ਦਾ ਕੀ ਅਰਥ ਬਣਦਾ ਹੈ।[69] ਉਹਨਾਂ ਨੇ ਸਭ ਮਨੁੱਖਾਂ ਵਿੱਚੋਂ ਪਰਮਾਤਮਾ ਦੀ ਇਕ ਜੋਤ ਦੇਖਦਿਆਂ ਜਾਤ-ਪਾਤ ਦੇ ਵਖਰੇਵੇਂ ਨੂੰ ਫਜ਼ੂਲ ਦੱਸਿਆ ਹੈ।[70] ਇਸ ਲਈ ਜਾਤ ਨੂੰ ਮਹੱਤਵ ਦੇਣਾ ਨਹੀਂ ਬਣਦਾ।[71] ਜਾਤ ਦੀ ਥਾਂ ਜੋਤ (ਜੋ ਕਿ ਸਭ ਵਿਚ ਸਮਾਨ ਹੈ) ਨੂੰ ਆਦਰ ਦੇਣਾ ਚਾਹੀਦਾ ਹੈ। ਜਾਤ-ਪਾਤ ਦਾ ਗੁਰੂ ਨਾਨਕ ਸਾਹਿਬ ਨੇ ਜੜ੍ਹ ਤੋਂ ਹੀ ਖੰਡਨ ਕੀਤਾ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਇਹ ਹਵਾਲਾ ਮਿਲਦਾ ਹੈ।[72]

ਡਾ. ਰਾਧਾ ਕ੍ਰਿਸ਼ਨਨ ਦੇ ਸ਼ਬਦਾਂ ਵਿਚ :

"ਨਾਨਕ ਨੇ ਸਵੈ ਅਭਿਮਾਨੀ ਨਰ-ਨਾਰੀਆਂ ਜਿਨ੍ਹਾਂ ਵਿਚ ਆਪਣੇ ਨੇਤਾਵਾਂ ਪ੍ਰਤੀ ਸ਼ਰਧਾ ਹੋਵੇ ਅਤੇ ਜੋ ਸਭ ਨਾਲ ਬਰਾਬਰੀ ਅਤੇ ਭਾਈਚਾਰੇ ਵਾਲਾ ਵਿਵਹਾਰ ਕਰ ਸਕਦੇ ਹੋਣ, ਦਾ ਇਕ ਰਾਸ਼ਟਰ ਬਨਾਉਣ ਦਾ ਕੋਸ਼ਿਸ਼ ਕੀਤੀ।[73]

ਘਰਾਣੇ, ਅਮੀਰੀ-ਗਰੀਬੀ ਤੇ ਜਾਤ-ਪਾਤ ਦੇ ਆਧਾਰ ਤੇ ਇਕ ਦੂਜੇ ਨੂੰ ਉਚਾ ਜਾਂ ਨੀਵਾਂ ਗਿਣ ਲੈਣਾ, ਅਸਮਾਨਤਾ ਪੈਦਾ ਕਰਨ ਦਾ ਕਾਰਨ ਹੈ। ਗੁਰੂ ਸਾਹਿਬ ਅਨੁਸਾਰ ਨੀਚ ਉਹ ਨਹੀਂ ਹੈ ਜਿਸ ਤੋਂ ਸਮਾਜ ਨੇ ਅਧਿਕਾਰ ਖੋਹ ਕੇ ਅਧਿਕਾਰਹੀਣ ਬਣਾ ਦਿੱਤਾ, ਸਗੋਂ ਨੀਚ ਉਹ ਹੈ ਜਿਸ ਨੇ ਪਰਮਾਤਮਾ ਨੂੰ ਭੁੱਲ ਦਿੱਤਾ ਹੈ।[74]

ਗੁਰੂ ਨਾਨਕ ਸਾਹਿਬ ਨੇ ਜਾਤ-ਪਾਤ, ਨਸਲ, ਰੰਗ ਆਦਿ ਉਪਰ ਆਧਾਰਤ ਨਾ-ਬਰਾਬਰੀ ਦਾ ਵਿਰੋਧ ਕੀਤਾ ਹੈ। ਭਾਈ ਜੋਧ ਸਿੰਘ ਦਾ ਵਿਚਾਰ ਹੈ ਕਿ ਸਾਰੇ ਮਨੁੱਖ ਇਕੋ ਜਿਹੇ ਹਨ, ਇਸ ਲਈ ਜਾਤ ਪਾਤ ਦੇ ਭੇਦ ਮਿਟਣੇ ਚਾਹੀਦੇ ਹਨ। ਇਹ ਪਹਿਲਾ ਸਚਿਆਚਾਰਕ ਅਸੂਲ ਸੀ ਜਿਸ ਨੂੰ ਗੁਰਮਤਿ ਨੇ ਦ੍ਰਿੜ ਕਰਾਉਣਾ ਆਰੰਭ ਕੀਤਾ ਸੀ।[75] ਗੁਰੂ ਸਾਹਿਬ ਨੇ ਤਾਂ ਸਿਰਫ ਜਾਤ-ਪਾਤ ਦੀਆਂ ਰੁਕਾਵਟਾਂ ਨੂੰ ਹੀ ਦੂਰ ਨਹੀਂ ਕੀਤਾ ਸਗੋਂ ਉਹਨਾਂ ਨੇ ਹਿੰਦੂ ਮੁਸਲਮਾਨਾਂ ਵਿਚਾਲੇ ਮੌਜੂਦ ਸਭਿਆਚਾਰਕ ਧਾਰਮਿਕ ਰੁਕਾਵਟਾਂ ਨੂੰ ਵੀ ਹਟਾਇਆ। ਉਨਾਂ ਨੇ ਹਿੰਦੂ ਸਮਾਜ ਦੀ ਚੌਸਰ (ਵਰਣ - ਆਸ਼ਰਮ) ਨੂੰ ਰੱਦ ਕੀਤਾ ਅਤੇ ਇਸ ਨੂੰ ਭਾਰਤੀ ਸਮਾਜ ਅਤੇ ਸਭਿਆਚਾਰ ਦੀ ਉਨਤੀ ਲਈ ਖਤਰਨਾਕ ਦੱਸਿਆ।[76] ਉਹ ਉਸ ਤਰ੍ਹਾਂ ਦਾ ਸਮਾਜ ਸਥਾਪਤ ਕਰਨਾ ਚਾਹੁੰਦੇ ਸਨ ਜਿਸ ਵਿਚ ਮਨੁੱਖਾਂ ਵਿਚ ਆਪਸੀ ਸਮਝ ਹੋਵੇ। ਇਸ ਸਮਾਜਕ ਬਰਾਬਰੀ ਦੇ ਸਿਧਾਂਤ ਵਿਚ ਹੀ ਵਿਸ਼ਵ ਭਾਈਚਾਰੇ ਦਾ ਸੰਕਲਪ ਸਮਾਇਆ ਹੋਇਆ ਹੈ।

ਜਦੋਂ ਕੋਈ ਅਖੌਤੀ ਉਚ-ਜਾਤੀ ਵਾਲਾ ਇਹ ਮਹਿਸੂਸ ਕਰੇ ਕਿ ਉਹ ਕਿਸੇ ਅਛੂਤ ਜਾਤੀ ਵਾਲੇ ਨਾਲ ਸਪਰਸ਼ ਹੋ ਕੇ ਭਿੱਟ ਗਿਆ ਹੈ ਤਾਂ ਉਸ ਨੂੰ ਸੁੱਚ-ਭਿਟ ਆਖਦੇ ਹਨ।

ਹਿੰਦੂ ਧਰਮ ਅਨੁਸਾਰ ਕੁਝ ਜਾਤੀਆਂ ਨੂੰ ਅਛੂਤ ਸਮਝਿਆ ਜਾਂਦਾ ਸੀ। ਇਹਨਾਂ ਨੂੰ ਅਪਵਿੱਤਰ ਮੰਨਿਆ ਜਾਂਦਾ ਸੀ। ਉਹਨਾਂ ਦੀ ਹਾਜ਼ਰੀ ਨਾਲ ਵਾਤਾਵਰਣ ਦੂਸ਼ਿਤ ਹੋਣ ਦਾ ਵੀ ਵਿਸ਼ਵਾਸ ਸੀ। ਇਨ੍ਹਾਂ ਲੋਕਾਂ ਵਿਚ ਸਫਾਈ ਦਾ ਕੰਮ ਕਰਨ ਵਾਲੇ, ਚਮੜੇ ਦਾ ਕੰਮ ਕਰਨ ਵਾਲੇ, ਨਾਈ, ਧੋਬੀ, ਤੇਲੀ ਤੇ ਮਿੱਟੀ ਦੇ ਬਰਤਨ ਬਣਾਉਣ ਵਾਲੇ ਹੁੰਦੇ ਸਨ।

ਭਿੱਟ ਦੇ ਵਿਚਾਰ ਨੇ ਧਰਮ ਜਾਂ ਜਾਦੂ ਦੀ ਪੁੱਠ ਦੇ ਕੇ ਜਾਤਾਂ ਵਿਚਕਾਰ ਅਜਿਹੀਆਂ ਕਾਬੂ ਨਾ ਆਉਣ ਵਾਲੀਆਂ ਕੰਧਾਂ ਖੜੀਆਂ ਕੀਤੀਆਂ ਕਿ ਜਾਤੀ ਪਾਤੀ ਸਮਾਜ ਵਿਚ ਸਮਾਜਕ ਭੇਦ-ਭਾਵ ਪ੍ਰਖਤਾ ਹੋ ਗਿਆ।[77] ਸਿਟੇ ਵਜੋਂ ਸਮਾਜ ਦੇ ਵੱਡੇ ਹਿੱਸੇ ਨੂੰ ਉਹਨਾਂ ਦੇ ਅਧਿਕਾਰਾਂ ਤੋਂ ਵਾਂਝਿਆ ਰੱਖਿਆ ਜਾਣ ਲਗਾ। ਡੇਢ ਕਰੋੜ ਤੋਂ ਵੱਧ ਭਾਰਤੀ ਲੋਕਾਂ ਨੂੰ ਜਨਮ ਤੋਂ ਅਛੂਤ ਸਮਝ ਕੇ ਇਕ ਦੂਜੇ ਹਿੰਦੂਆਂ ਤੋਂ ਵੱਖ ਰਹਿਣਾ ਪੈਂਦਾ ਹੈ।[78]

ਰਾਧਾ ਕ੍ਰਿਸ਼ਨਨ ਲਿਖਦੇ ਹਨ, "ਅਸੀਂ ਜਿਸ ਧਰਮ ਨੂੰ ਮੰਨਦੇ ਹਾਂ ਉਸ ਦੇ ਨਾਂ ਉਪਰ ਅਸ਼ਪਰਸ਼ਤਾ ਇਕ ਵੱਡਾ ਕਲੰਕ ਹੈ।[79]

ਜਾਤ ਪਾਤ ਪ੍ਰਥਾ ਦੇ ਸੰਬੰਧ ਵਿਚ ਗੁਰੂ ਨਾਨਕ ਸਾਹਿਬ ਦਾ ਮੱਤ ਬਿਲਕੁਲ ਸਪਸ਼ਟ ਹੈ। ਉਨ੍ਹਾਂ ਨੇ ਇਸ ਦਾ

ਮੁੱਢ ਤੋਂ ਹੀ ਖੰਡਨ ਕੀਤਾ ਹੈ। ਭਾਈ ਗੁਰਦਾਸ ਦੀਆਂ ਵਾਰਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸੰਗਤ ਨੇ ਚਾਰੇ ਵਰਨਾਂ ਨੂੰ ਇਕ ਕਰ ਦਿੱਤਾ।

ਗੁਰੂ ਨਾਨਕ ਸਾਹਿਬ ਨੇ ਮਨੁੱਖ ਤੋਂ ਮਨੁੱਖ ਨੂੰ ਨਿਖੇੜਨ ਵਾਲੀ ਅਖੌਤੀ ਪਵਿੱਤਰਤਾ ਦਾ ਖੰਡਨ ਕੀਤਾ ਉਹਨਾਂ ਦੀ ਦ੍ਰਿਸ਼ਟੀ ਵਿੱਚ ਸਰੀਰਕ ਸਫਾਈ ਨਾਲ ਕੋਈ ਪਵਿੱਤਰ ਨਹੀਂ ਹੋ ਸਕਦਾ। ਮਨ ਦੀ ਸ਼ੁਧੀ ਨਾਲ ਹੀ ਪਵਿੱਤਰਤਾ ਮੰਨੀ ਜਾ ਸਕਦੀ ਹੈ। ਉਹਨਾਂ ਅਨੁਸਾਰ ਜੇ ਮਨ ਪਵਿੱਤਰ ਅਥਵਾ ਸ਼ੁਧ ਨਹੀਂ ਹੋਇਆ ਪਵਿਤਰਤਾ ਦਾ ਕੋਈ ਅਰਥ ਨਹੀਂ ਬਣਦਾ ਹੈ।[80]

ਗੁਰੂ ਨਾਨਕ ਦੀ ਵਿਚਾਰਧਾਰਾ ਇਹ ਮੰਨ ਕੇ ਚਲਦੀ ਹੈ ਕਿ ਹਰ ਮਨੁੱਖ ਬੁਨਿਆਦੀ ਤੌਰ ਤੇ ਇਕ ਹੀ ਅਕਾਲਪੁਰਖ ਦੀ ਔਲਾਦ ਹੈ। ਹਰ ਮਨੁੱਖ ਅੰਦਰ ਇਕੋ ਆਤਮਾ ਪ੍ਰਵਾਹਤ ਹੈ ਅਤੇ ਹਰ ਸਰੀਰ ਇਕੋ ਤਰ੍ਹਾਂ ਦੇ ਤੱਤਾਂ ਨਾਲ ਬਣਿਆ ਹੋਇਆ ਹੈ। ਇਸ ਕਰਕੇ ਬੁਨਿਆਦੀ ਤੌਰ ਤੇ ਉਸ ਵਿਚ ਕੋਈ ਭੇਦ ਭਾਵ ਨਹੀਂ। ਸਾਰੇ ਜੀਵ ਆਪਸ ਵਿਚ ਭਰਾ ਹਨ। ਜਿਹੜੇ ਭੇਦ ਭਾਵ ਹਨ ਇਹ ਮਨੁੱਖ ਦੇ ਲਾਲਚ ਅਤੇ ਹਉਮੈਂ ਦੀ ਬਿਰਤੀ ਵਿਚੋਂ ਨਿਕਲੇ ਹਨ। ਇਨਾਂ ਦਾ ਖਤਮ ਹੋਣਾ ਜ਼ਰੂਰੀ ਹੈ। ਇਹ ਭੇਦ ਭਾਵ ਆਮ ਤੌਰ ਤੇ ਜਾਤ-ਪਾਤ, ਅਮੀਰ ਗਰੀਬ, ਮਾਲਕ ਨੌਕਰ, ਇਸਤਰੀ ਪੁਰਸ਼ ਆਦਿ ਦੇ ਹਨ। ਗੁਰੂ ਨਾਨਕ ਦੀ ਵਿਚਾਰਧਾਰਾ ਇਨ੍ਹਾਂ ਸਭ ਨੂੰ ਅਸਵੀਕਾਰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਸਮਾਜ ਦੀ ਡਿੱਗੀ ਹੋਈ ਪਰੰਪਰਾਗਤ ਵਿਵਸਥਾ ਨੂੰ ਸੁਧਾਰਨ ਲਈ ਸਮਾਜ ਦੇ ਸਨਮੁੱਖ ਇਕ ਨਵਾਂ ਸਮਾਜਿਕ ਵਿਧੀ ਵਿਧਾਨ ਪੇਸ਼ ਕੀਤਾ ਜਿਸ ਵਿਚ ਜਾਤ-ਪਾਤ, ਉਚ-ਨੀਚ, ਵਰਣਵੰਡ ਅਤੇ ਆਸ਼ਰਮ ਵਿਵਸਥਾ ਨੂੰ ਕੋਈ ਮਹੱਤਵ ਪ੍ਰਾਪਤ ਨਹੀਂ ਸੀ।[81]

ਗੁਰੂ ਨਾਨਕ ਸਾਹਿਬ ਨੇ ਸਮਾਜ ਵਿਚ ਸਮਾਨਤਾ ਲਿਆਉਣ ਲਈ ਸੰਗਤ ਨੂੰ ਇਕ ਮਾਧਿਅਮ ਵਜੋਂ ਵਰਤਿਆ ਹੈ। ਉਹਨਾਂ ਨੇ ਸੰਗਤ ਦਾ ਸੰਕਲਪ ਦਿੰਦੇ ਹੋਏ ਇਸ ਨੂੰ ਜਾਤ-ਪਾਤ ਤੋਂ ਮੁਕਤ ਰਖਿਆ ਹੈ। ਇਸ ਤੋਂ ਇਲਾਵਾ ਉਹ ਇਹ ਵੀ ਸਮਝਦੇ ਸਨ ਕਿ ਮਨੁੱਖੀ ਸਮਾਜ ਵਿਚ ਸਮਾਨਤਾ 'ਸੰਗਤ' ਰਾਹੀਂ ਸਥਾਪਤ ਹੋ ਸਕਦੀ ਹੈ।[82]

ਗੁਰੂ ਨਾਨਕ ਦੇਵ ਜੀ ਨੇ ਸੰਗਤਾਂ ਦੀ ਸਥਾਪਨਾ ਸਮੇਂ ਹੀ ਇਹਨਾਂ ਮੁੱਦਿਆਂ ਨੂੰ ਆਪਣੇ ਧਿਆਨ ਵਿਚ ਰੱਖਿਆ । ਉਹਨਾਂ ਦਾ ਮੱਤ ਹੈ ਕਿ ਮਨੁੱਖ ਇਕ ਦੂਜੇ ਨਾਲ ਮਿਲਵਰਤ ਕੇ ਹੀ ਇਕ ਦੂਸਰੇ ਨੂੰ ਸਮਝ ਸਕਦੇ ਹਨ ਤੇ ਇਕ ਦੂਜੇ ਦੇ ਨੇੜੇ ਜਾ ਸਕਦੇ ਹਨ।[83] ਇਸ ਲਈ ਉਹਨਾਂ ਨੇ ਜਾਤਪਾਤ, ਊਚ ਨੀਚ ਤੇ ਸੁੱਚ ਭਿੱਟ ਨੂੰ ਦੂਰ ਕਰਨ ਲਈ 'ਸੰਗਤ' ਵਿੱਚ ਹਰ ਇਕ ਦੀ ਸ਼ਮੂਲੀਅਤ ਬਿਨਾਂ ਕਿਸੇ ਭੇਦ ਭਾਵ ਦੇ ਸੁਨਿਸ਼ਚਿਤ ਕੀਤੀ। ਜਾਤ ਜਾਂ ਧਰਮ ਸੰਗਤ ਦੀ ਸ਼ਮੂਲੀਅਤ ਵਿੱਚ ਆੜੇ ਨਹੀਂ ਆਉਂਦੀ ਸੀ। ਹਰ ਜਾਤੀ, ਮਜ਼ਹਬ, ਕਿਤੇ ਤੇ ਰੁਤਬੇ ਦੇ ਲੋਕ ਇਸ ਵਿੱਚ ਸ਼ਾਮਲ ਹੁੰਦੇ ਸਨ। ਰਾਜਾ ਤੇ ਰੰਕ ਨੂੰ ਬਰਾਬਰ ਸਮਝਿਆ ਗਿਆ। ਸੰਗਤ ਵਿੱਚ ਪ੍ਰਸ਼ਾਦ ਬਣਾਉਣ ਤੇ ਵਰਤਾਉਣ ਸਮੇਂ ਵੀ ਸਭ ਨੂੰ ਬਰਾਬਰ ਸਮਝਿਆ ਗਿਆ। ਲੰਗਰ ਨੂੰ ਸੰਗਤ ਦਾ ਅਨਿਖੜਵਾਂ ਅੰਗ ਬਣਾਇਆ ਗਿਆ ਜਿਸ ਵਿਚ ਲੋਕ ਬਿਨਾਂ ਕਿਸੇ ਭੇਦ ਭਾਵ ਤੋਂ ਬਰਾਬਰ ਬੈਠ ਕੇ ਲੰਗਰ ਪਕਾਉਂਦੇ ਤੇ ਛਕਦੇ ਸਨ। ਇਸ ਨਾਲ ਲੋਕਾਂ ਵਿਚ ਆਪਸੀ ਸਾਂਝ ਪੈਦਾ ਹੋਈ ਅਤੇ ਸਮਾਜਿਕ ਦੂਰੀਆਂ ਖਤਮ ਹੋਈਆਂ।

'ਪੰਗਤ' ਅੰਤਰਜਾਤੀ ਸਾਂਝੇ ਭੋਜਨ ਦੀ ਮਨਾਹੀ ਕਰਨ ਵਾਲੇ ਹਿੰਦੂ ਨਿਸ਼ੇਧਾ ਦਾ ਖੰਡਨ ਕਰਦੀ ਸੀ ਤੇ ਛੂਤ ਛਾਤ ਦੀ ਅਨੈਤਿਕ ਰਸਮ ਨੂੰ ਕਟਦੀ ਸੀ। ਸੰਗਤ ਨਿਰੇ ਨੈਤਿਕ ਤੇ ਧਾਰਮਿਕ ਪ੍ਰਚਾਰ ਦਾ ਕੇਂਦਰ ਹੀ ਨਹੀਂ ਸੀ ਸਗੋਂ ਇਹ ਨੈਤਿਕਤਾ ਦੇ ਨਿਯਮ ਨੂੰ ਅਮਲੀ ਜਾਮਾ ਪਹਿਨਾਉਣ ਵਾਲੀ ਪ੍ਰਯੋਗਸ਼ਾਲਾ ਵੀ ਸੀ। ਰਬ ਦੇ ਹਜ਼ੂਰ ਬਰਾਬਰੀ ਦਾ ਸਿਖ ਸੰਕਲਪ ਜੋ ਸੰਗਤ ਦੇ ਇੱਕਠਿਆਂ ਅਰਦਾਸ ਕਰਨ ਤੋਂ ਪ੍ਰਗਟ ਸੀ, ਪੰਗਤ ਦੇ ਰੂਪ ਵਿਚ ਅਮਲ ਵਿਚ ਆਉਂਦਾ ਸੀ। ਇਹ ਕਦਮ ਇਕ ਪ੍ਰਕਾਰ ਨਾਲ ਜਾਤ ਬਰਾਦਰੀ ਮੰਨਣ ਵਾਲਿਆਂ ਉਤੇ ਸੁਚੇਤ ਹਮਲਾ ਸੀ।[84]

ਜਨਮਸਾਖੀਆਂ ਵਿੱਚ ਹਵਾਲੇ ਮਿਲਦੇ ਹਨ ਕਿ ਸਮਾਜ ਦੇ ਹਰ ਵਰਗ ਦੇ ਲੋਕ ਚਾਹੇ ਉਹ ਹਿੰਦੂ ਹੋਵੇ ਜਾਂ ਮੁਸਲਮਾਨ ਸਭ ਸੰਗਤ ਵਿਚ ਸ਼ਾਮਲ ਹੁੰਦੇ ਸਨ।[85] ਉਹਨਾਂ ਨੇ ਆਪਣੇ ਪ੍ਰਚਾਰਕ ਥਾਪਣ ਸਮੇਂ ਵੀ ਜਾਤ ਜਾਂ ਸਮਾਜਿਕ ਰੁਤਬੇ ਨੂੰ ਤਰਜੀਹ ਨਹੀਂ ਦਿੱਤੀ।[86] ਗੁਰੂ ਨਾਨਕ ਦੇਵ ਜੀ ਦਾ ਸਾਥੀ ਮਰਦਾਨਾ ਸੰਗਤ ਵਿੱਚ ਕੀਰਤਨ ਕਰਦਾ ਸੀ। ਇਸ ਤੋਂ ਬਾਦ ਵੀ ਸੰਗਤ ਵਿੱਚ ਅਖੌਤੀ ਨੀਵੀਆਂ ਜਾਤਾਂ ਦੇ ਲੋਕ ਰਾਗੀ ਤੇ ਪ੍ਰਚਾਰਕ ਥਾਪੇ ਜਾਂਦੇ ਰਹੇ। ਗੁਰੂ ਅਮਰਦਾਸ ਜੀ ਨੇ ਤਾਂ ਰਾਜੇ ਤੇ ਰੰਕ ਸਭ ਨੂੰ ਇਕੋ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਣ ਦਾ ਹੁਕਮ ਕੀਤਾ।[87]

ਗੁਰੂ ਨਾਨਕ ਦੇ ਸਮਕਾਲੀ ਸਮਾਜ ਵਿਚ ਔਰਤ ਨੂੰ ਬਰਾਬਰੀ ਦਾ ਦਰਜਾ ਹਾਸਲ ਨਹੀਂ ਸੀ। ਗੁਰੂ ਨਾਨਕ ਸਾਹਿਬ ਨੇ ਔਰਤ ਨੂੰ ਸਮਾਜ ਵਿਚ ਸਨਮਾਨਯੋਗ ਅਤੇ ਬਰਾਬਰਤਾ ਦਾ ਸਥਾਨ ਹਾਸਲ ਕਰਾਉਣ ਦਾ ਮੁੱਦਾ ਉਠਾਇਆ।[88] ਇਸ ਮੁੱਦੇ ਨੂੰ ਅਮਲੀ ਰੂਪ ਵਿਚ ਲਿਆਉਣ ਲਈ ਉਨਾਂ ਨੇ ਇਸਤਰੀ ਨੂੰ ਸੰਗਤ ਵਿਚ ਸ਼ਮੂਲੀਅਤ ਦਿੱਤੀ।[89] ਸੰਗਤ ਦੇ ਵਿਕਾਸ ਵਿਚ ਗੁਰੂ ਅਮਰਦਾਸ ਜੀ ਨੇ ਔਰਤ ਵਿਚ ਪਰਦੇ ਦੀ ਰਸਮ ਉਤੇ ਪਾਬੰਦੀ ਲਗਾਈ। ਉਨ੍ਹਾਂ ਨੇ ਮੰਜੀਆਂ ਅਤੇ ਪੀੜ੍ਹੀਆਂ ਦੇ ਮੁੱਖੀ ਥਾਪਣ ਸਮੇਂ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਰੱਖਿਆ।

ਗੁਰੂ ਅਮਰਦਾਸ ਜੀ ਨੇ ਮੰਜੀਆਂ ਦੀ ਸਥਾਪਨਾ ਸਮੇਂ ਮੁਸਲਮਾਨ ਤੇ ਔਰਤਾਂ ਨੂੰ ਵੀ ਮੰਜੀਆਂ ਦੇ ਕੇ ਮਨੁੱਖਾਂ ਦੀ ਬਰਾਬਰਤਾ ਨੂੰ ਅੱਗੇ ਰੱਖਿਆ।

ਗੁਰੂ ਹਰਗੋਬਿੰਦ ਜੀ ਸਮੇਂ ਦੇ ਇਤਿਹਾਸ ਵਿਚ ਵੀ ਇਹ ਹਵਾਲੇ ਮਿਲਦੇ ਹਨ ਕਿ 'ਸਿਖ-ਸੰਗਤਾਂ' ਵਿਚ ਅਲੱਗ ਅਲੱਗ੍ਹ ਖੇਤਰਾਂ ਦੇ ਲੋਕ ਸ਼ਾਮਲ ਹੋ ਕੇ ਇਕੋ ਰੂਪ ਹੋ ਕੇ ਵਰਤਦੇ ਸਨ।[90] ਨਰ ਨਾਰੀ ਸਭ ਦੀ ਸ਼ਮੂਲੀਅਤ ਹੁੰਦੀ ਸੀ।[91] ਉਹਨਾਂ ਅਨੁਸਾਰ 'ਸਿਖ ਸੰਗਤਾਂ' ਦੇ ਮੈਂਬਰ ਆਪਸ ਵਿਚ ਬਰਾਬਰ ਹਨ ਤੇ ਇਕ ਦੂਜੇ ਦੇ ਸਕੇ ਭਾਈਆਂ ਦੇ ਸਮਾਨ ਹਨ।[92] ਸੰਗਤ ਦੀ ਸਥਾਪਨਾ ਤੋਂ ਲੈ ਕੇ ਵਰਤਮਾਨ ਤੱਕ ਸੰਗਤ ਵਿਚ ਔਰਤ ਨੂੰ ਬਰਾਬਰ ਅਤੇ ਸਨਮਾਨਯੋਗ ਦਰਜਾ ਪ੍ਰਾਪਤ ਹੈ। ਇਸ ਤਰ੍ਹਾਂ ਸੰਗਤ ਇਸਤਰੀ ਜਾਤੀ ਨੂੰ ਸਮਾਜ ਵਿਚ ਬਰਾਬਰ ਦਾ ਰੁਤਬਾ ਦਿਵਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾ ਰਹੀ ਹੈ।

ਸੂਰਜ ਪ੍ਰਕਾਸ਼ ਅਨੁਸਾਰ ਸੰਗਤ ਜਾਤ-ਪਾਤ ਨੂੰ ਖਤਮ ਕਰਦੀ ਹੈ।[93] ਗੁਰੂ ਗੋਬਿੰਦ ਸਿੰਘ ਸਮੇਂ ਵੀ ਸੰਗਤ ਵਿਚ ਜਾਤ ਪਾਤ ਨੂੰ ਕੋਈ ਥਾਂ ਨਹੀਂ ਸੀ।[94] ਉਹਨਾਂ ਨੇ ਸੰਗਤਾਂ ਨੂੰ ਅੰਮ੍ਰਿਤ ਛਕਾਉਣ ਸਮੇਂ ਵੀ ਇਹ ਸਪਸ਼ਟ ਹੁਕਮ ਕੀਤਾ ਕਿ ਜਾਤਪਾਤ ਜਾਂ ਉਚਨੀਚ ਦਾ ਭੇਦਭਾਵ ਬਿਲਕੁਲ ਖਤਮ ਕਰਨਾ ਹੈ।[95] ਇਸ ਲਈ ਖਾਲਸਾ ਪੰਥ ਦੀ ਸਥਾਪਨਾ ਦੇ ਦਿਨ ਸਾਰੀ ਸੰਗਤ ਨੂੰ ਬਰਾਬਰੀ ਦਾ ਦਰਜਾ ਦੇ ਕੇ ਇਹ ਸਾਰੇ ਭੇਦ ਖਤਮ ਕੀਤੇ। ਫੇਰ ਉਨ੍ਹਾਂ ਵਿਚੋਂ ਪੰਜ ਪਿਆਰਿਆਂ ਦੀ ਚੋਣ ਕੀਤੀ ਅਤੇ ਪੰਜ ਪਿਆਰਿਆਂ ਵਿਚ ਅਕਾਲਪੁਰਖ ਦੀ ਯੋਜਨਾ ਐਸੀ ਬਣੀ ਕਿ ਪੰਜੇ ਵੱਖ ਵੱਖ ਜਾਤ ਬਰਾਦਰੀਆਂ ਅਤੇ ਇਲਾਕਿਆਂ ਵਿਚੋਂ ਸਨ। ਇੰਜ ਸੰਗਤ ਵਿਚ ਸਿਧਾਂਤਕ ਪੱਖੋਂ ਭੇਦ ਭਾਵ ਦੇ ਵਿਰੋਧ ਨੂੰ ਖਤਮ ਕਰਨ ਲਈ ਵਿਹਾਰਕ ਸ਼ਕਤੀ ਦਿੱਤੀ। ਇਸ ਤਰ੍ਹਾਂ ਨਾ-ਬਰਾਬਰੀ ਵੀ ਖਤਮ ਕੀਤੀ ਅਤੇ ਜਾਤ ਪਾਤ ਦੇ ਕੋਹੜ ਨੂੰ ਵੀ ਖਤਮ ਕੀਤਾ। ਸੰਗਤ ਵਿੱਚ ਸਭ ਨੂੰ ਸਿਰ ਉਚਾ ਕਰਕੇ ਬਰਾਬਰ ਬੈਠਣ ਦੀ ਆਗਿਆ ਦਿੱਤੀ, ਜੋ ਪਛੜੀਆਂ ਜਾਤੀਆਂ ਵਿੱਚ ਸਵੈਮਾਨ ਪੈਦਾ ਕਰਨ ਦੀ ਜੁਗਤ ਹੋ ਨਿਬੜੀ ਤੇ ਬਰਾਬਰੀ ਪ੍ਰਤੀ ਹੱਕ ਨੂੰ ਦ੍ਰਿੜ ਕਰਵਾਇਆ। ਇਸੇ ਦਾ ਸਦਕਾ ਅੱਜ ਪੰਜਾਬ ਵਿੱਚ ਜਾਤ ਦੇ ਆਧਾਰ ਤੇ ਵਰਗ-ਵੰਡ ਜਾਂ ਛੂਤ-ਛਾਤ ਦੀ ਸਮੱਸਿਆ ਐਨੀ ਪ੍ਰਬਲ ਨਹੀਂ ਜਿੰਨੀ ਮੁਲਕ ਦੇ ਬਾਕੀ ਹਿੱਸਿਆਂ ਵਿਚ ਹੈ। ਇੰਜ ਇਕ ਬਰਾਬਰੀ ਵਾਲੇ ਅਤੇ ਗੁਣ ਸਮ੍ਰਿਧ ਸਮਾਜ ਦੀ ਨੀਂਹ ਰੱਖੀ ਗਈ।

ਨਿਸ਼ਕਰਸ਼ ਰੂਪ ਵਿਚ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਗੁਰੂ ਨਾਨਕ ਸਾਹਿਬ ਨੇ 'ਸੰਗਤ' ਦੇ ਮਾਧਿਅਮ ਰਾਹੀਂ ਮਾਨਸਿਕ ਪਰਿਵਰਤਨ ਕਰਕੇ ਇੱਕ ਵਿਸ਼ੇਸ਼ ਤਰ੍ਹਾਂ ਦਾ ਭਾਈਚਾਰਾ ਉਸਾਰਨ ਦੀ ਪ੍ਰੇਰਨਾ ਦਿੱਤੀ ਹੈ। ਇਸ ਸੰਗਤ

ਵਿਚ ਕੋਈ ਭਿੰਨ-ਭੇਦ ਨਹੀਂ ਕੀਤਾ ਜਾਂਦਾ ਤੇ ਮੱਤ ਦੀਆ ਸਾਰੀਆਂ ਕਿਰਿਆਵਾ ਸੰਗਤ ਵਿਚ ਹੀ ਹੁੰਦੀਆਂ ਹਨ। ਇਸ ਸੰਗਤ ਵਿੱਚ ਸੇਵਾ ਤੇ ਵੰਡ ਛਕਣ ਦੀ ਵਿਵਹਾਰਿਕ ਜਾਂਚ ਸਿਖਾਈ ਜਾਂਦੀ ਹੈ। ਸੰਗਤ ਦੇ ਨਾਲ ਲੰਗਰ ਦੀ ਸੰਸਥਾ ਇਹ ਭਾਵਨਾ ਦਿੰਦੀ ਹੈ ਕਿ ਸਾਰੇ ਪਦਾਰਥ ਸਾਂਝੇ ਹਨ ਤੇ ਇਨ੍ਹਾਂ ਉਪਰ ਸਭ ਦੇ ਅਧਿਕਾਰ ਹਨ, ਸਭ ਮਨੁੱਖ ਬਰਾਬਰ ਹਨ ਤੇ ਇਕ ਦੂਸਰੇ ਦੇ ਸੰਗੀ ਸਾਥੀ ਹਨ। 'ਸੰਗਤ' ਹੀ 'ਵੰਡ ਕੇ ਛਕਣ ਦੇ ਸਿਧਾਂਤ' ਨਾਲ ਜੋੜ ਕੇ ਮਨੁੱਖ ਨੂੰ ਸਮਾਜ ਵਿੱਚ ਉਸਾਰੂ ਰੋਲ ਅਦਾ ਕਰਨ ਲਈ ਤਿਆਰ ਕਰਦੀ ਹੈ।

ਇੰਜ ਅਸੀਂ ਵੇਖਦੇ ਹਾਂ ਕਿ ਪਿਛੇ ਵਿਚਾਰੇ ਗਏ ਸਮਾਜਿਕ ਮੁਦਿਆਂ ਦੀ ਪ੍ਰਾਪਤੀ ਵਿਚ ਗੁਰੂ ਨਾਨਕ ਸਾਹਿਬ ਦੁਆਰਾ ਸਥਾਪਿਤ ਸੰਗਤ ਧਨਾਤਮਕ ਭੂਮਿਕਾ ਨਿਭਾਉਂਦੀ ਹੈ।

**7.3. ਰਾਜਨੀਤਕ ਮੁੱਦੇ :**

**1. ਗੁਰੂ ਨਾਨਕ ਦੇਵ ਜੀ ਦੇ ਸਮੇਂ ਰਾਜਸੀ ਦਸ਼ਾ :**

ਮੱਧ- ਕਾਲੀਨ ਭਾਰਤ ਦੀ ਰਾਜਨੀਤਕ ਅਵਸਥਾ ਅਜੀਬ ਕਿਸਮ ਦੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ. ਵਿਚ ਹੋਇਆ ਜਦ ਕਿ ਬਹਿਲੋਲ ਲੋਧੀ ਕੇਂਦਰੀ ਹਕੂਮਤ ਦੇ ਤਖਤ ਉਪਰ ਬਿਰਾਜਮਾਨ ਸੀ। ਬਹਿਲੋਲ ਦਾ ਆਪਣੇ ਰਿਸ਼ਤੇਦਾਰ ਪਠਾਣਾਂ ਅਤੇ ਹਕੂਮਤ ਦੇ ਰੁਕਨਾਂ ਨਾਲ ਲੋਕਰਾਜੀ ਸਲੂਕ ਸੀ, ਪਰ ਸਿੰਕਦਰ ਲੋਧੀ ਦੀ ਹਕੂਮਤ ਬਿਲਕੁਲ ਸ਼ਖਸ਼ੀ ਤੇ ਪਖਪਾਤੀ ਹਕੂਮਤ ਹੋ ਗਈ। ਧਰਮ ਦੇ ਆਧਾਰ ਉਪਰ ਵਿਤਕਰੇ ਵੀ ਸ਼ੁਰੂ ਹੋ ਗਏ। ਇਬਰਾਹੀਮ ਲੋਧੀ ਦੀ ਸ਼ਖਸ਼ੀ ਹਕੂਮਤ ਦੀਆਂ ਸਖਤੀਆਂ ਸਿਖਰਾਂ ਤਕ ਪੁਜ ਗਈਆ। ਪਠਾਣ ਸੂਬੇਦਾਰਾਂ, ਅਮੀਰਾਂ ਤੇ ਵਜੀਰਾਂ ਨੂੰ ਹਥ ਬੰਨ ਕੇ ਘੰਟਿਆਂ ਪਹਿਰਾਂ ਤਕ ਤਖਤ ਦੇ ਸਾਹਮਣੇ ਖੜੇ ਰਹਿਣਾ ਪੈਂਦਾ ਸੀ।[96]

ਉਸ ਸਮੇਂ ਪੰਜਾਬ ਜੰਗਾਂ ਯੁੱਧਾਂ ਦਾ ਅਖਾੜਾ ਬਣਿਆ ਹੋਇਆ ਸੀ। ਲੋਕਾਂ ਦੀ ਜਾਨ ਮਾਲ ਤੇ ਇੱਜ਼ਤ ਅਸੁਰੱਖਿਅਤ ਸੀ।[97] ਸ. ਖੁਸ਼ਵੰਤ ਸਿੰਘ ਅਨੁਸਾਰ ਇਹ ਸਮਾਂ ਖਿੱਚੀ ਤਲਵਾਰ ਦੇ ਵਾਂਗ ਸੀ। ਰਾਜੇ ਬੁਚੜ ਸਨ। ਸੱਚ ਪਰ ਲਾ ਕੇ ਉਡ ਗਿਆ ਸੀ।[98]

ਭਾਰਤੀ ਜਨਤਾ ਵਿਦੇਸ਼ੀ ਹਮਲਾਵਰਾਂ ਤੇ ਹਾਕਮਾਂ ਦੀ ਸਦੀਆਂ ਤੋਂ ਗੁਲਾਮ ਰਹਿ ਕੇ ਉਹਨਾਂ ਦੇ ਅਤਿਆਚਾਰਾਂ ਤੇ ਵਧੀਕੀਆਂ ਦੀ ਆਦੀ ਹੋ ਚੁੱਕੀ ਸੀ। ਸ਼ੁਰੂ ਤੋਂ ਹੀ ਬਾਹਰਲੇ ਹਮਲਾਵਰਾਂ ਨੇ ਭਾਰਤ ਤੇ ਵਧੀਕੀਆਂ ਕੀਤੀਆ। ਸੋਮਨਾਥ ਦੇ ਮੰਦਰ ਮਹਿਮੂਦ ਗ਼ਜ਼ਨਵੀ ਨੇ ਤੋੜੇ।[99] ਕੁਤਬਦੀਨ ਐਬਕ ਨੇ ਮੇਰਠ ਦੇ ਦੁਆਲੇ 700 ਮੰਦਰਾਂ ਨੂੰ ਢਾਹ ਕੇ ਮਸੀਤਾਂ ਬਣਾਈਆਂ। ਬਨਾਰਸ ਇਕ ਹਜ਼ਾਰ ਮੰਦਰਾਂ ਨੂੰ ਨਸ਼ਟ ਕੀਤਾ ਤੇ ਮਸਜਿਦਾਂ ਬਣਾਈਆਂ। ਕਲਿੰਜਰ ਦੇ ਸਥਾਨ ਤੇ 13200 ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰਿਆ ਤੇ 50 ਹਜ਼ਾਰ ਹਿੰਦੂ ਬੰਦੀ ਬਣਾ ਕੇ ਗ਼ਜਨੀ ਭੇਜ ਦਿਤੇ।[100] ਮੁਸਲਮਾਨ ਸ਼ਾਸਕਾਂ ਤੋਂ ਹਿੰਦੂਆਂ ਨੂੰ ਬਹੁਤ ਕਸ਼ਟ ਉਠਾਉਣੇ ਪਏ। ਉਹਨਾਂ ਨੂੰ ਜਬਰਦਸਤੀ ਮੁਸਲਮਾਨ ਬਣਾਇਆ ਗਿਆ। ਉਹਨਾਂ ਦੇ ਮੰਦਰ ਤੇ ਪਵਿਤਰ ਸਥਾਨਾਂ ਨੂੰ ਢਹਿ ਢੇਰੀ ਕਰ ਦਿੱਤਾ ਗਿਆ।[101] ਪ੍ਰਸਿੱਧ ਇਤਿਹਾਸਕਾਰ ਇੰਦੂ ਭੁਸ਼ਨ ਬੈਨਰਜੀ ਲਿਖਦੇ ਹਨ :

"But Sikandar's benevolence and sence of Justice had very serious limitations they stopped short with a section of Subject his own co-religionists under him the state once more assumed a theoratice character and officially imposed Islam upon the Hindus.[102]"

ਸ਼ਾਸਕ ਵਰਗ ਦੇ ਸਿਆਸੀ ਜਬਰ ਜੁਲਮ ਅਗੇ ਹਿੰਦੂਆਂ ਦੇ ਤਾਂ ਹੌਸਲੇ ਢਹਿ ਢੇਰੀ ਹੋ ਚੁਕੇ ਸਨ। ਉਹ ਨਿਤਾਣਿਆਂ ਦੀ ਨਿਆਈਂ ਦਿਨ ਕਟੀ ਕਰ ਰਹੇ ਸਨ। ਰਜਵਾੜਾ ਸ਼੍ਰੇਣੀ ਦੇ ਦਬਾਉ ਤੇ ਤਨਾਉ ਹੇਠ ਧਰਮ ਬਦਲੀ ਦੀ ਮੁਹਿਮ ਜੋਰਾਂ ਤੇ ਸੀ। ਸਿਕੰਦਰ ਲੋਧੀ ਦਾ ਇਸਲਾਮ ਦੇ ਹੱਕ ਵਿੱਚ ਜਨੂੰਨ ਤਾਂ ਉਸ ਦੇ ਦਿਮਾਗ ਨੂੰ ਚੜ੍ਹਿਆ ਹੋਇਆ ਸੀ। ਜਿਹੜੇ ਲੋਕ ਇਸਲਾਮ ਕਬੂਲ ਕਰ ਲੈਂਦੇ ਸਨ ਜਗੀਰਾਂ ਤੇ ਪਰਗਨਿਆਂ ਦੇ ਮਾਲਕ ਬਣ ਜਾਂਦੇ ਸਨ

ਪਰ ਜੋ ਇਨਕਾਰੀ ਹੁੰਦੇ ਮੌਤ ਦੇ ਮੂੰਹ ਵਿਚਚਲੇ ਜਾਂਦੇ। ਸਿਕੰਦਰ ਲੋਧੀ ਦੇ ਹੁਕਮ ਅਨੁਸਾਰ ਹੀ ਇਕ ਬ੍ਰਾਹਮਣ ਨੂੰ ਹਿੰਦੂ ਧਰਮ ਨੂੰ ਇਸਲਾਮ ਧਰਮ ਦੇ ਬਰਾਬਰ ਮੰਨਣ ਕਾਰਨ ਮੌਤ ਦੀ ਸਜਾ ਭੁਗਤਣੀ ਪਈ ਸੀ।[103] ਅਸਲ ਵਿਚ ਸਿਕੰਦਰ ਦੀ ਨੀਤੀ ਇਸਲਾਮ ਧਰਮ ਨਾਲ ਸਨੇਹ ਪ੍ਰਗਟ ਕਰਕੇ ਹਿੰਦੂ ਧਰਮ ਦਾ ਨਿਰਾਦਰ ਕਰਕੇ ਮੁਸਲਮਾਨਾਂ ਦੀ ਹਮਦਰਦੀ ਪ੍ਰਾਪਤ ਕਰਨੀ ਸੀ ਤਾਂ ਕਿ ਆਪਣੀ ਹਕੂਮਤ ਨੂੰ ਸਥਾਈ ਰੂਪ ਪ੍ਰਦਾਨ ਕਰ ਸਕੇ।[104] ਮਥਰਾ ਦੇ ਮੰਦਰਾਂ ਦੀ ਤਬਾਹੀ ਤੇ ਉਥੋਂ ਦੇ ਲੋਕਾਂ ਤੇ ਢਾਹੇ ਜੁਲਮਾਂ ਦੇ ਹਵਾਲੇ ਇਤਿਹਾਸਕ ਤੇ ਹੋਰ ਲਿਖਤਾਂ ਵਿਚੋਂ ਮਿਲਦੇ ਹਨ।[105] ਇਸ ਗੁਲਾਮੀ ਦੇ ਦੌਰ ਵਿਚ ਰਚੇ ਸਾਹਿਤ ਵਿਚ ਗੁਰੂ ਨਾਨਕ ਬਾਣੀ ਤੋਂ ਬਿਨਾਂ ਕਿਤੇ ਵੀ ਰਾਜਨੀਤਕ ਜਾਗਰੂਕਤਾ ਨਹੀਂ ਮਿਲਦੀ । ਇਸ ਸਮੇਂ ਹਿੰਦੂ ਹਕੂਮਤ ਦੇ ਪ੍ਰਭਾਵ ਅਧੀਨ ਆਤਮਕ ਤੇ ਸਮਾਜਕ ਤੌਰ ਤੇ ਖੇਰੂ ਖੇਰੂ ਹੋ ਚੁੱਕਾ ਸੀ। ਅਠਵੀਂ ਸਦੀ ਤੋਂ ਪੰਦਰਵੀਂ ਸਦੀ ਤੱਕ ਕੋਈ ਵੀ ਲਹਿਰ ਵਿਦੇਸ਼ੀ ਰਾਜ ਵਿਰੁੱਧ ਸੰਗਠਨ ਨਹੀਂ ਹੋਈ।

ਡਾ. ਗੋਕਲ ਚੰਦ ਨਾਰੰਗ ਅਨੁਸਾਰ ਪੰਜਾਬ ਦੇ ਹਿੰਦੂਆਂ ਦੀ ਹਾਲਤ ਸੱਚ ਮੁੱਚ ਨਿਰਾਸ਼ਾਜਨਕ ਸੀ । ਮੁਸਲਮਾਨ ਰਾਜ ਇਥੇ ਪੱਕੀ ਤਰ੍ਹਾਂ ਸਥਾਪਤ ਹੋ ਚੁੱਕਾ ਸੀ। ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦੀ ਲਹਿਰ ਪੂਰੇ ਜੋਰਾਂ ਤੇ ਸੀ। ਹਿੰਦੂਆਂ ਦੀ ਮਹਾਨਤਾ ਦੇ ਸਭ ਚਿੰਨ੍ਹ ਮਿਟਾ ਦਿੱਤੇ ਗਏ ਸਨ। ਅਨੰਗਪਾਲ ਦੇ ਰਾਜ ਖੁਸ ਜਾਣ ਤੇ ਗੁਰੂ ਨਾਨਕ ਦੇ ਜਨਮ ਵਿਚਾਲੇ ਦੀਆਂ ਸਾਢੇ ਚਾਰ ਸਦੀਆਂ ਦੇ ਇਤਿਹਾਸ ਵਿਚ ਪੰਜਾਬ ਦੇ ਕਿਸੇ ਹਿੰਦੂ ਦਾ ਨਾਂ ਵੀ ਨਹੀਂ ਆਉਂਦਾ ।[106]

ਗੁਰੂ ਨਾਨਕ ਬਾਣੀ ਦੇ ਅਧਿਐਨ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਿੱਖਾਂ ਲਈ ਰਾਜਨੀਤਕ ਨਿਸ਼ਾਨੇ ਤੇ ਪੂਰਨੇ, ਗੁਰੂ ਨਾਨਕ ਸਾਹਿਬ ਦੁਆਰਾ ਨਿਸ਼ਚਿਤ ਕੀਤੇ ਗਏ ਹਨ। ਗੁਰੂ ਸਾਹਿਬ ਦੀ ਬਾਣੀ ਨੇ ਸਿੱਖਾਂ ਨੂੰ ਰਾਜਨੀਤਕ ਖੇਤਰ ਵਿਚ ਅਗਵਾਈ ਦਿੱਤੀ। ਗੁਰੂ ਨਾਨਕ ਬਾਣੀ ਵਿਚਲੀ ਸੰਗਤ ਵਿਚ ਜਿਥੇ ਧਾਰਮਿਕ ਅਤੇ ਸਮਾਜਿਕ ਮੁੱਦੇ ਪ੍ਰਗਟ ਹੁੰਦੇ ਹਨ ਉਥੇ ਰਾਜਨੀਤਕ ਮੁੱਦਾ ਵੀ ਸਾਹਮਣੇ ਆਉਂਦਾ ਹੈ।

**2. ਅਤਿਆਚਾਰੀ ਰਾਜ :**

ਉਸ ਸਮੇਂ ਲੋਕਾਂ ਨੇ ਜੰਗੀ ਸਮਾਨ ਦਾ ਸਹਾਰਾ ਲੈਣ ਦੀ ਬਿਜਾਏ ਤਵੀਤਾਂ, ਤੰਤਰਾਂ, ਮੰਤਰਾਂ ਤੇ ਫੋਕੀਆਂ ਗੱਲਾਂ ਦਾ ਸਹਾਰਾ ਲੈਣਾ ਮੁਨਾਸਿਬ ਸਮਝਿਆ ਸੀ। ਹਕੂਮਤ ਦੀ ਵਾਗ ਡੋਰ ਜੋਤਸ਼ੀਆਂ ਤੇ ਪੀਰਾਂ ਦੇ ਹੱਕ ਆ ਗਈ ਸੀ। ਹਥਿਆਰਾਂ ਦੀ ਦੌੜ ਵਿਚ ਪਿਛੇ ਰਹਿਣ ਕਾਰਨ ਹਾਕਮ ਤਕੜੀ ਮਾਰ ਖਾ ਗਿਆ, ਹਿੰਦੋਸਤਾਨ ਹੀ ਗੁਆ ਬੈਠੇ।[107] ਕਸ਼ਤਰੀ ਜਿਨ੍ਹਾਂ ਦਾ ਕੰਮ ਧਰਮ ਰੱਖਿਆ ਸੀ ਉਹ ਵੀ ਦਿਲ ਹਾਰ ਚੁੱਕੇ ਸਨ।[108] ਸੈਦਪੁਰ ਤੇ ਬਾਬਰ ਦੇ ਅਤਿਆਚਾਰ ਦੀ ਦਾਸਤਾਨ ਬਿਆਨ ਕਰਦਿਆਂ ਗੁਰੂ ਸਾਹਿਬ ਨੇ ਇਥੋਂ ਸੁਖ ਰਹਿਣੇ ਲੋਕਾਂ ਤੇ ਵੀ ਵਿਅੰਗ ਕੱਸਿਆ ਸੀ। ਉਹ ਲਿਖਦੇ ਹਨ ਕਿ "ਇਸ ਤਬਾਹੀ ਵਿਚ ਸਭ ਤੋ ਜਿਆਦਾ ਬੇਪਤੀ ਇਸਤਰੀਆਂ ਦੀ ਹੋਈ ਜਿਹੜੀਆਂ ਮਹਿਲਾਂ ਵਿਚ ਬੜਾ ਅਨੰਦ ਭਰਪੂਰ ਜੀਵਨ ਬਤੀਤ ਕਰਦੀਆਂ ਸਨ ਅਤੇ ਰੱਬ ਨੂੰ ਭੁੱਲਾ ਚੁਕੀਆਂ ਸਨ, ਅਜ ਚੁਰਾਹਿਆਂ ਵਿਚ ਖੜੀਆਂ ਕੁਰਲਾ ਰਹੀਆ ਹਨ। ਜਿਸ ਸਿਰ ਦੇ ਵਾਲਾਂ ਵਿਚਲੇ ਚੀਰ ਨੂੰ ਸੰਧੂਰ ਨਾਲ ਸ਼ਿੰਗਾਰਿਆ ਜਾਂਦਾ ਸੀ ਅਜ ਉਸ ਸਿਰ ਵਿਚ ਮਿਟੀ ਤੇ ਧੂੜ ਦਾ ਸੰਧੂਰ ਪੈ ਰਿਹਾ ਸੀ। ਨਵ ਵਿਆਹੀਆਂ ਮੁਟਿਆਰਾਂ ਦੀ ਹਾਲਤ ਵੀ ਤਰਸਯੋਗ ਸੀ। ਇਨ੍ਹਾਂ ਦਾ ਗਲਾਂ ਵਿਚ ਕੀਮਤੀ ਮੋਤੀਆਂ ਦੀ ਮਾਲਾ ਦੀ ਥਾਂ ਰਸੀਆਂ ਪਾ ਕੇ ਖਿੱਚਿਆ ਜਾ ਰਿਹਾ ਸੀ ਤੇ ਇਹਨਾਂ ਨੇ ਇੰਝ ਧੋਣਾਂ ਸੁੱਟੀਆਂ ਹੋਈਆਂ ਸਨ ਜਿਵੇ ਟੁੱਟ ਰਹੀਆਂ ਹੋਣ। ਰਾਜ ਕੁਮਾਰ ਜੋ ਹਮੇਸ਼ਾਂ ਵਿਲਾਸਮਈ ਜੀਵਨ ਬਤੀਤ ਕਰਦੇ ਸਨ ਅਜ ਉਨਾ ਨੂੰ ਰੋਟੀ ਦੀ ਗਿਰਾਹੀ ਤੇ ਪਾਣੀ ਦਾ ਘੁੱਟ ਸੰਘ ਤੋਂ ਥੱਲੇ ਨਹੀਂ ਸੀ ਲੰਘ ਰਿਹਾ। ਹਿੰਦੂ ਔਰਤਾਂ ਨੂੰ ਪਾਠ ਪੂਜਾ ਕਰਨ ਦਾ ਵੀ ਹੁਕਮ ਨਹੀਂ ਸੀ।[109]

ਰਾਜਨੀਤਕ ਤੌਰ ਤੇ ਸਤਾਧਾਰੀ ਲੋਕ ਜ਼ੁਲਮ ਦੀ ਹੱਦ ਤੀਕ ਗਰੀਬ ਲੋਕਾਂ ਦਾ ਖੂਨ ਚੂਸ ਰਹੇ ਸਨ। ਹੁਕਮਰਾਨ

ਲੋਕ ਸ਼ੇਰਾਂ ਦੀ ਨਿਆਈਂ ਖ਼ੂੰਖਾਰ ਬਣੇ ਹੋਏ ਸਨ। ਉਹਨਾਂ ਰਾਹੀਂ ਨਿਯੁਕਤ ਮੁਕਦਮ ਕੁੱਤਿਆਂ ਵਾਂਗ ਲਾਲਚੀ ਹੋ ਗਏ ਸਨ।[110]

ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਇਸ ਹਾਲਤ ਦਾ ਵਰਨਣ ਕੀਤਾ।[111]

ਇਸ ਤਰ੍ਹਾਂ ਗੁਰੂ ਨਾਨਕ ਦੇ ਸਮਕਾਲੀਨ ਉਤਰੀ ਭਾਰਤ ਵਿਚ ਹਿੰਦੂ ਸਮਾਜ ਇਸਲਾਮੀ ਪ੍ਰਭਾਵ ਅਧੀਨ ਆਤਮਕ ਤੇ ਸਮਾਜਿਕ ਤੌਰ ਤੇ ਖੇਰੂ ਖੇਰੂ ਹੋ ਚੁੱਕਾ ਸੀ। ਇਸ ਖੇਰੂ ਖੇਰੂ ਸ਼ਕਤੀ ਦਾ ਲਾਭ ਨਿਰਸੰਦੇਹ ਬਾਹਰੀ ਹਮਲਾਵਰਾਂ ਤੇ ਸ਼ਾਸਕਾਂ ਨੂੰ ਜ਼ਰੂਰ ਪੁੱਜਾ। ਅਠਵੀ ਸਦੀ ਤੋਂ ਪੰਦਰਵੀਂ ਸਦੀ ਤੱਕ ਕੋਈ ਵੀ ਲਹਿਰ ਵਿਦੇਸ਼ੀ ਰਾਜ ਵਿਰੁਧ ਸੰਗਠਤ ਨਹੀਂ ਹੋਈ। ਛੋਟੀਆਂ ਛੋਟੀਆਂ ਬਗਾਵਤਾਂ ਤੇਹਰਵੀਂ ਸਦੀ ਵਿਚ ਜ਼ਰੂਰ ਨਜ਼ਰ ਆਉਂਦੀਆਂ ਹਨ ਪਰ ਇਹ ਬਗਾਵਤਾਂ ਇਕ ਸਾਮੰਤ ਵਲੋਂ ਦੂਜੇ ਸਾਮੰਤ ਵਿਰੁਧ ਹੁੰਦੀਆਂ ਸਨ। ਇਹ ਬਗਾਵਤਾਂ ਲੋਕ ਪੱਖੀ ਨਹੀਂ ਸਨ। ਮੱਧਕਾਲ ਵਿਚ ਅਜਿਹੀ ਕੋਈ ਲਹਿਰ, ਜਿਹੜੀ ਲੋਕ ਪੱਖੀ ਹੋਵੇ ਤੇ ਉਸ ਨੇ ਸੰਗਠਤ ਰੂਪ ਵਿਚ ਵਿਦੇਸ਼ੀ ਹਾਕਮਾਂ ਨਾਲ ਲੜਾਈ ਵਿੱਢੀ ਹੋਵੇ ਸਿਰਫ ਸਿਖ ਲਹਿਰ ਸੀ।[112] ਸਿਖ ਲਹਿਰ ਰਾਜਨੀਤਕ ਲਹਿਰ ਦਾ ਰੂਪ ਲੈ ਗਈ। ਇਸ ਲਹਿਰ ਦੇ ਆਪਣੇ ਰਾਜਨੀਤਕ ਆਦਰਸ਼ ਤੇ ਨਿਸ਼ਾਨੇ ਸਨ। ਇਸ ਦਾ ਨਿਸ਼ਾਨਾ ਸੁਤੰਤਰਤਾ ਸੀ।

**ਜਾਗੀਰਦਾਰੀ ਪ੍ਰਬੰਧ ਤੇ ਦਾਸ ਪ੍ਰਥਾ :**

ਗੁਰੂ ਨਾਨਕ ਦੇਵ ਜੀ ਦੇ ਸਮੇਂ ਦਿੱਲੀ ਵਿਚ ਸਿਕੰਦਰ ਲੋਧੀ (1479-1517) ਅਤੇ ਇਬਰਾਹੀਮ ਲੋਧੀ (1517-1526) ਹਾਕਮ ਰਹੇ। ਉਹ ਨਿਰੰਕਸ਼ ਸੁਲਤਾਨ ਸਨ। ਪਰ ਪ੍ਰਾਤਾਂ ਦਾ ਪ੍ਰਬੰਧ ਜਗੀਰਦਾਰੀ ਪ੍ਰਥਾ ਰਾਹੀਂ ਹੁੰਦਾ ਸੀ। ਸਥਾਨਕ ਜਗੀਰਦਾਰ ਲੋਧੀ ਸੁਲਤਾਨਾਂ ਦੇ ਨੁਮਾਇਦੇ ਸਨ। ਲੋਧੀ ਕਮਜ਼ੋਰ ਸ਼ਾਸਕ ਸਨ। ਉਹਨਾਂ ਦਾ ਦੇਸ਼ ਉਪਰ ਤਸਲੀ ਬਖ਼ਸ਼ ਨਿਯੰਤ੍ਰਣ ਨਹੀਂ ਸੀ। ਸਾਮੰਤਾਂ ਵਿਚਕਾਰ ਨਿਰੰਤਰ ਜੰਗਾਂ ਨੇ, ਜਿਹਨਾਂ ਵਿਚ ਪਿੰਡਾਂ ਤੇ ਪੂਰੇ ਪਰਗਣਿਆਂ ਨੂੰ ਲੁਟਣਾ ਤੇ ਗੜਬੜ ਸ਼ਾਮਲ ਹੁੰਦੀ ਸੀ ਅਤੇ ਜ਼ੁਲਮ ਦੇ ਤਿਖੇਰੇ ਹੋਣ ਨੇ ਕਿਸਾਨਾਂ ਦੀ ਹਾਲਤ ਲਿਖਾਇਕ ਹੱਦ ਤੱਕ ਭੈੜੀ ਬਣਾ ਦਿੱਤੀ। ਲੋਧੀ ਸੁਲਤਾਨਾਂ ਦਾ ਰਾਜ ਆਪਣੀ ਮਜਬੂਰੀ ਕਾਰਨ ਅਸਲ ਵਿਚ ਧਰਮ ਤੰਤ ਹੀ ਸੀ। ਮੁਸਲਮ ਸਾਮੰਤਾਂ ਨੇ ਹਿੰਦੂ ਜਨਤਾ ਦਾ ਜਿਉਣਾ ਮੁਸ਼ਕਲ ਕੀਤਾ ਹੋਇਆ ਸੀ।

ਜਗੀਰਦਾਰਾਂ ਵੱਲ ਸਰਕਾਰ ਦੇ ਨਰਮ ਰਵਈਏ ਕਾਰਨ ਜਗੀਰਦਾਰ ਆਪਣੇ ਨਿਰਦਈ ਵਰਤਾਉ ਤੋਂ ਬਾਜ਼ ਨਹੀਂ ਸਨ ਆਉਂਦੇ।[113] ਇਸ ਲਈ ਜਗੀਰਦਾਰ ਕਈ ਤਰ੍ਹਾਂ ਦੇ ਨਜਾਇਜ਼ ਤੇ ਭਾਰੇ ਲਗਾਨ ਲਗਾਉਂਦੇ ਸਨ। ਲਗਾਨ ਜਮ੍ਹਾਂ ਕਰਾਉਣ ਲਈ ਕਿਸਾਨਾਂ ਨੂੰ ਕਈ ਵਾਰ ਆਪਣੀਆਂ ਇਸਤਰੀਆਂ, ਬੱਚੇ ਤੇ ਪਸ਼ੂ ਵੇਚਣ ਲਈ ਮਜ਼ਬੂਰ ਕੀਤਾ ਜਾਂਦਾ ਸੀ।[114] ਲੋਕਾਂ ਤੋਂ ਹਾਕਮ ਜਬਰੀ ਲਗਾਨ ਉਗਰਾਉਂਦੇ ਸਨ।[115]

ਗੁਰੂ ਨਾਨਕ ਸਾਹਿਬ ਨੇ ਇਸ ਪ੍ਰਣਾਲੀ ਅਤੇ ਇਸ ਦੀ ਪ੍ਰਸ਼ਾਸਨ ਵਿਵਸਥਾ ਦੀ ਨਿੰਦਾ ਕੀਤੀ। ਉਹਨਾਂ ਨੇ ਕਰ ਅਧਿਕਾਰੀ ਅਤੇ ਉਹਨਾਂ ਦੇ ਅਤਿਆਚਾਰੀ ਰਵਈਏ ਦੀ ਤਿੱਖੀ ਆਲੋਚਨਾ ਕੀਤੀ।[116]

ਗੁਰੂ ਨਾਨਕ ਦੇ ਕੁਝ ਸ਼ਬਦ ਉਸ ਸਮੇਂ ਪ੍ਰਚਲੱਤ ਗੁਲਾਮ ਪ੍ਰਥਾ ਜਾ ਦਾਸ ਪ੍ਰਥਾ ਵਲ ਸੰਕੇਤ ਕਰਦੇ ਹਨ। ਆਮ ਤੌਰ ਤੇ ਇਹ ਗੁਲਾਮ ਜੰਗੀ ਕੈਦੀ ਹੁੰਦੇ ਸਨ। ਜਿਹਨਾਂ ਦੀ ਜਿੰਦਗੀ ਉਹਨਾਂ ਨੂੰ ਕੈਦ ਕਰਨ ਵਾਲਿਆਂ ਦੇ ਰਹਿਮੋ ਕਰਮ ਤੇ ਹੁੰਦੀ ਸੀ।[117] ਇਹਨਾਂ ਗੁਲਾਮਾਂ ਦੀ ਖਰੀਦੋ-ਫਰੋਕਤ ਲਈ ਰਾਜ ਵਿਚ ਜਿਥੇ ਨਿਯਮਾਵਲੀ ਪ੍ਰਸਤੁਤ ਸੀ ਉਥੇ ਪ੍ਰਮਾਣਿਤ ਮੰਡੀਆਂ ਵੀ ਸਨ।[118] ਬਾਕੀ ਵਸਤਾਂ ਦੀ ਤਰ੍ਹਾਂ ਤਕੜੇ ਲੋਕਾਂ ਵਲੋਂ ਗੁਲਾਮਾਂ ਦਾ ਵਪਾਰ ਵੀ ਕੀਤਾ ਜਾਂਦਾ ਸੀ।[119]

ਗੁਰੂ ਜੀ ਨੇ ਉਸ ਸਮੇ ਭਾਰਤ ਵਿਚ ਪ੍ਰਚਲਤ ਗੈਰ ਮਾਨਵੀ ਦਾਸ ਪ੍ਰਥਾ ਵਲ ਵੀ ਧਿਆਨ ਦਿੱਤਾ।[120]

**ਨਿਆ ਪ੍ਰਣਾਲੀ**

ਗੁਰੂ ਨਾਨਕ ਕਾਲ ਵਿਚ ਨਿਆ ਪ੍ਰਣਾਲੀ ਭ੍ਰਿਸ਼ਟ ਹੋ ਚੁੱਕੀ ਸੀ। ਉਸ ਸਮੇਂ ਕਾਜੀ ਨਿਆ ਦੀ ਜ਼ਿੰਮੇਵਾਰੀ

ਨਿਭਾਉਂਦੇ ਸਨ। ਨਿਆ ਸ਼ਰ੍ਹਾਂ ਦੇ ਅਨੁਸਾਰ ਹੋਣ ਕਰਕੇ ਗੈਰ-ਮੁਸਲਮਾਨਾਂ ਲਈ ਮੁਸ਼ਕਲਾਂ ਆਉਂਦੀਆ ਸਨ। ਆਮ ਲੋਕਾਂ ਨੂੰ ਕਈ ਵੇਰਾਂ ਨਜਾਇਜ਼ ਤੇ ਜ਼ਾਲਮਾਨਾ ਸਜਾਵਾਂ ਦਿੱਤੀਆਂ ਜਾਂਦੀਆਂ ਸਨ। ਕਾਜ਼ੀ ਰਿਸ਼ਵਤ ਖੋਰੀ ਤੇ ਪੱਖਵਾਤੀ ਹੋ ਚੁੱਕੇ ਸਨ।[121] ਸਮੇਂ ਦੇ ਹਾਕਮਾਂ ਵਲੋਂ ਪਖਪਾਤੀ ਰਵਈਏ ਅਧੀਨ ਗੈਰ ਮੁਸਲਮਾਨਾਂ ਤੋ ਜ਼ਜੀਆ ਉਗਰਾਹਿਆਂ ਜਾਂਦਾ ਸੀ।[122]

### 4. ਗੁਰੂ ਨਾਨਕ ਦੁਆਰਾ ਸਮਕਾਲੀ ਰਾਜਨੀਤਕ ਵਿਵਸਥਾ ਦੀ ਆਲੋਚਨਾ

ਗੁਰੂ ਨਾਨਕ ਦੇਵ ਜੀ ਨੇ ਸਮਕਾਲੀ ਸਮਾਜ ਦੀ ਕਰੂਰ, ਨਿਰਦਈ ਅਤੇ ਲੁਟੇਰੀ ਰਾਜਨੀਤਕ ਸਥਿਤੀ ਉਪਰ ਟਿੱਪਣੀ ਅਤੇ ਆਲੋਚਨਾ ਤੋਂ ਇਲਾਵਾ ਐਸੇ ਅਉਗੁਣਾਂ ਦੀ ਵਿਆਖਿਆ ਵੀ ਕੀਤੀ ਹੈ, ਜਿਨ੍ਹਾਂ ਤੋਂ ਰਾਜੇ ਨੂੰ ਬਚ ਕੇ ਚਲਣਾ ਚਾਹੀਦਾ ਹੈ। ਗੁਰੂ ਨਾਨਕ ਅਨੁਸਾਰ ਉਹ ਰਾਜਾ ਅਗਿਆਨੀ ਹੈ ਜੋ ਕੇਵਲ ਰਾਜ, ਮਾਲ ਅਤੇ ਹੋਰ ਦੁਨਿਆਵੀ ਮੋਹ ਮਾਇਆ ਵਿਚ ਹੀ ਮਸਤ ਹੈ।[123] ਕਿਸੇ ਦਾ ਵੀ ਰਾਜ ਜਾਂ ਸਰਦਾਰੀ ਸਦੀਵੀ ਨਹੀਂ ਸਿਵਾਏ ਪਰਮਾਤਮਾ ਦੀ ਸਰਦਾਰੀ ਦੇ। ਭਾਵੇਂ ਆਮ ਤੌਰ ਤੇ ਪਰਜਾ ਤਾਨਾਸ਼ਾਹ ਅਤੇ ਕ੍ਰੋਧਵਾਨ ਰਾਜੇ ਨੂੰ ਕਰ ਦੇ ਕੇ ਰਾਜ਼ੀ ਕਰ ਸਕਦੀ ਹੈ[124] ਪਰ ਕਈ ਰਾਜੇ ਕਿਸੇ ਤਰ੍ਹਾਂ ਵੀ ਨਹੀਂ ਰੱਜਦੇ।[125] ਇਸ ਦੇ ਉਲਟ ਸ੍ਰਿਸ਼ਟੀ ਦੇ ਪਾਤਸ਼ਾਹ ਦੇ ਦਰਬਾਰ ਵਿਚ ਪੂਰਾ ਇਨਸਾਫ ਹੁੰਦਾ ਹੈ, ਪ੍ਰਭੂ ਸਭ ਦੀ ਉਚਿਤ ਕੀਮਤ ਪਾਉਂਦਾ ਹੈ।[126] ਇੰਜ ਹੀ ਹਰ ਰਾਜੇ ਨੂੰ ਵੀ ਇਨਸਾਫ ਉਤੇ ਚੱਲਣਾ ਚਾਹੀਦਾ ਹੈ। ਜੋ ਬੇਸ਼ਰਮ ਰਾਜਾ ਅਤੇ ਅਹਿਲਕਾਰ, ਪਰਜਾ ਨੂੰ ਤੰਗ ਕਰਦੇ ਹਨ, ਲੋਕਾਂ ਦਾ ਲਹੂ ਪੀਂਦੇ ਹਨ, ਜਨਤਾ ਨੂੰ ਦੁਖੀ ਕਰਦੇ ਹਨ, ਉਹ ਪ੍ਰਭੂ ਦਰਬਾਰ ਵਿਚ ਪਰਵਾਨ ਨਹੀਂ ਹੁੰਦੇ।[127] ਜੇਕਰ ਆਚਰਣਹੀਣ ਪ੍ਰਸ਼ਾਸਕਾਂ ਵਿਚ ਪਾਪ, ਲੋਭ, ਮੋਹ ਦਾ ਵਰਤਾਰਾ ਨਿੰਦਾ-ਜਨਕ ਹੈ ਤਾਂ ਗਿਆਨਹੀਣ ਪਰਜਾ ਵਿੱਚ ਇਜ਼ਤ ਅਤੇ ਅਣਖ ਦਾ ਘਾਟਾ ਵੀ ਨਿੰਦਾ-ਜਨਕ ਹੈ।[128] ਗੁਰੂ ਨਾਨਕ ਨੇ ਐਸੇ ਲੋਕਾਂ ਦੀ ਵੀ ਨਿੰਦਾ ਕੀਤੀ ਹੈ ਜੋ ਆਪਣੇ ਧਰਮ ਅਤੇ ਵਿਚਾਰਾਂ ਨੂੰ ਛੁਪਾ ਕੇ ਵਿਰੋਧੀ ਵਿਚਾਰਾਂ ਦੇ ਪ੍ਰਸ਼ਾਸਕਾਂ ਨਾਲ ਮਤਲਬ-ਪ੍ਰਸਤੀ ਦਾ ਸਮਰਥਨ ਕਰਦੇ ਹਨ ਅਤੇ ਉਨਾਂ ਦੇ ਜ਼ੁਲਮ ਅਤੇ ਲੁੱਟ-ਖਸੁੱਟ ਵਿਚ ਭਾਈਵਾਲ ਬਣਦੇ ਹਨ।[129]

ਗੁਰੂ ਨਾਨਕ ਸਾਹਿਬ ਨੇ ਸਮਕਾਲੀ ਰਾਜਨੀਤਕ ਵਿਵਸਥਾ ਅਤੇ ਪ੍ਰਸ਼ਾਸਨ ਵਿਵਸਥਾ ਦੀ ਕਰੜੀ ਨਿੰਦਾ ਕੀਤੀ ਹੈ। ਉਹਨਾਂ ਨੇ ਅਤਿਆਚਾਰੀ ਸਾਮੰਤਾਂ ਅਤੇ ਦਾਸ ਪ੍ਰਥਾ ਦੀ ਗੈਰ ਮਾਨਵੀ ਨੀਤੀ ਦੇ ਵਿਰੁਧ ਆਵਾਜ਼ ਉਠਾਈ । ਉਹਨਾਂ ਨੇ ਤਤਕਾਲੀਨ ਹਾਕਮਾਂ ਨੂੰ ਕਸਾਈ ਨਾਲ ਤੁਲਨਾ ਦਿੱਤੀ।[130]

ਗੁਰੂ ਜੀ ਨੇ ਜ਼ੁਲਮ ਨੂੰ ਧਰਮ ਵਿਰੋਧੀ ਕੁਕਰਮ ਕਿਹਾ ਹੈ ਜਦੋਂ ਧਰਮ ਦਾ ਖਾਤਮਾ ਹੋ ਜਾਂਦਾ ਹੈ ਤਾਂ ਰਾਜੇ ਜ਼ਾਲਮ ਹੋ ਜਾਂਦੇ ਹਨ। ਗੁਰੂ ਨਾਨਕ ਸਾਹਿਬ ਨੂੰ ਅਜਿਹੇ ਜ਼ਾਲਮ ਹਾਕਮਾਂ ਦੇ ਧਾਰਮਿਕ ਹੋਣ ਦਾ ਵਿਖਾਵਾ ਕਰਨ ਉਪਰ ਅਫਸੋਸ ਹੈ।[131] ਉਹ ਧਰਮ ਦੀਆਂ ਕੀਮਤਾਂ ਤੇ ਜ਼ੁਲਮ ਵਿਚ ਕੋਈ ਜੋੜ ਨਹੀਂ ਸਮਝਦੇ। ਉਹਨਾਂ ਅਨੁਸਾਰ ਧਰਮ ਦਇਆ ਦਾ ਪੂਤ ਹੈ। ਇਸ ਤਰ੍ਹਾਂ ਦਇਆ ਧਰਮੀ ਪੁਰਸ਼ ਦਾ ਲੱਛਣ ਹੈ।[132] ਉਹਨਾਂ ਨੇ ਤਾਕਤਵਰ ਹਮਲਾਵਰਾਂ ਵਲੋਂ ਕਮਜ਼ੋਰ ਪ੍ਰਜਾ ਉਪਰ ਅਤਿਆਚਾਰ ਕਰਨ ਦੀ ਭਰਪੂਰ ਆਲੋਚਨਾ ਕੀਤੀ ਹੈ। ਗਉੜੀ ਰਾਗ ਦੇ ਇਕ ਸ਼ਬਦ ਵਿਚ ਬਹੁਤ ਸਾਰੇ ਜ਼ਾਲਮ ਤੇ ਪੌਰਾਣਕ ਰਾਜਿਆਂ ਦੇ ਹਵਾਲਿਆਂ ਨਾਲ ਦਰਸਾਇਆ ਹੈ ਕਿ ਉਹਨਾਂ ਨੂੰ ਪਰਮਾਤਮਾ ਸਜਾ ਦਿੰਦਾ ਹੈ। ਗੁਰੂ ਜੀ ਨੇ ਇਸ ਸ਼ਬਦ ਵਿੱਚ ਉਹਨਾਂ ਜ਼ਾਲਮ ਰਾਜਿਆਂ ਲਈ ਦੈਂਤ ਸ਼ਬਦ ਦੀ ਵਰਤੋਂ ਕੀਤੀ ਹੈ।[133] ਉਹਨਾਂ ਅਨੁਸਾਰ ਰਬ ਦੈਂਤਾ ਦਾ ਸੰਘਾਰ ਕਰਨ ਵਾਲੀ ਹਸਤੀ ਹੈ[134] ਅਤੇ ਮਨਮਾਨੀ ਕਰਨ ਵਾਲੇ ਰਾਜਿਆਂ ਨੂੰ ਚਿਤਾਵਨੀ ਦਿਤੀ ਹੈ ਕਿ ਉਹਨਾਂ ਨੂੰ ਦੋਜਕ ਵਿਚ ਸਜਾ ਦਿੱਤੀ ਜਾਵੇਗੀ।[135] ਉਹਨਾਂ ਨੇ ਜ਼ਾਲਮ ਹਾਕਮਾਂ ਲਈ ਅਤੇ ਉਹਨਾਂ ਦੇ ਅਧਿਕਾਰੀਆਂ ਲਈ ਬੜੇ ਸਖਤ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਨੇ ਨਿਆਂ ਨੂੰ ਰਾਜ ਦਾ ਸਰਬਉਚ ਸਦਗੁਣ ਮੰਨਦਿਆਂ, ਨਿਆਂ ਨੂੰ ਬਹੁਤ ਮਹੱਤਤਾ ਦਿੱਤੀ ਹੈ। ਉਹਨਾਂ ਨੇ ਸਮਾਜਿਕ ਨਿਆ ਦੇ ਨਾਲ ਨਾਲ ਰਾਜਨੀਤਕ ਤੇ ਆਰਥਿਕ ਨਿਆਂ ਦੇ ਮੁੱਦੇ ਵੀ ਉਠਾਏ।

ਉਹ ਆਪਣੀ ਬਾਣੀ ਵਿਚ ਨਿਆ ਪ੍ਰਣਾਲੀ ਦੇ ਭ੍ਰਿਸ਼ਟ ਹੋਣ ਤੇ ਦੁਖ ਪ੍ਰਗਟ ਕਰਦੇ ਹਨ। ਗੁਰੂ ਨਾਨਕ ਬਾਣੀ ਵਿਚ ਨਿਆ, ਸੱਚ ਤੇ ਧਰਮ[136] ਸਮਾਨਾਰਥੀ ਸ਼ਬਦ ਹਨ। ਗੁਰੂ ਨਾਨਕ ਬਾਣੀ ਵਿਚਲਾ ਪਰਮਾਤਮਾ ਵੀ ਨਿਆ ਪਸੰਦ ਤੇ ਨਿਆਕਾਰੀ ਹੈ।[137] ਗੁਰੂ ਨਾਨਕ ਦੇਵ ਜੀ ਰਾਜੇ ਤੋਂ ਵੀ ਨਿਆਵਾਨ ਹੋਣ ਦੀ ਮੰਗ ਕਰਦੇ ਹਨ।[138]

ਗੁਰੂ ਨਾਨਕ ਸਾਹਿਬ ਨੇ ਗੈਰ ਮੁਸਲਮਾਨਾ ਉਪਰ ਲਾਏ ਹੋਏ ਜ਼ਜੀਆ ਕਰ ਦਾ ਵੀ ਵਿਰੋਧ ਕੀਤਾ। ਉਹਨਾਂ ਨੇ ਆਪਣੇ ਸਮੇਂ ਦੇ ਰਾਜਿਆਂ, ਰਾਜ ਪ੍ਰਣਾਲੀ, ਅਧਿਕਾਰੀਆਂ, ਨਿਆ ਪ੍ਰਣਾਲੀ ਅਤੇ ਪਰਜਾ ਦੇ ਅਧਿਕਾਰਾਂ ਉਪਰ ਜਿਹੜੀਆਂ ਟਿੱਪਣੀਆਂ ਕੀਤੀਆਂ ਹਨ, ਉਹਨਾਂ ਤੋਂ ਪਤਾ ਲਗਦਾ ਹੈ ਕਿ ਉਹ ਆਪਣੇ ਸਮੇ ਦੀ ਰਾਜਨੀਤਕ ਵਿਵਸਥਾ ਪ੍ਰਤੀ ਜਾਗਰੂਕ ਸਨ। ਗੁਰੂ ਜੀ ਨੇ ਰਾਜਨੀਤਕ ਖੇਤਰ ਵਿਚ ਕਰਾਂਤੀਕਾਰੀ ਆਗੂ ਵਾਂਗ ਦੱਬੇ ਕੁਚਲੇ, ਸ਼ੋਸ਼ਿਤ, ਮਜਲੂਮਾਂ, ਅਤਿਆਚਾਰਾਂ, ਸਮਾਜਿਕ ਅਨਿਆਂ ਨਾਲ ਪੀੜਤ ਲੋਕਾਂ ਲਈ ਆਵਾਜ਼ ਉਠਾਈ।

### 5. ਗੁਰੂ ਨਾਨਕ ਦੀ ਰਾਜਨੀਤਕ ਵਿਚਾਰਧਾਰਾ

ਹਿੰਦੂ ਦਰਸ਼ਨ ਤੇ ਇਸਲਾਮ ਮੱਤ ਅਨੁਸਾਰ ਰਾਜੇ ਨੂੰ ਦੈਵੀ ਦੂਤ ਮੰਨਿਆ ਗਿਆ ਹੈ। ਇਸ ਤਰ੍ਹਾਂ ਦੇ ਵਿਸ਼ਵਾਸਾਂ ਨਾਲ ਰਾਜ ਨਿਰੰਕੁਸ਼ ਬਣ ਗਿਆ। ਇਸ ਕਰਕੇ ਰਾਜੇ ਵਿਰੁਧ ਬੋਲਣ ਜਾਂ ਬਗਾਵਤ ਦੀ ਕੋਈ ਹਿੰਮਤ ਨਹੀਂ ਸੀ ਕਰਦਾ। ਪਰ ਗੁਰੂ ਨਾਨਕ ਸਾਹਿਬ ਸ਼ਾਸਕ ਨੂੰ ਦੈਵੀ ਦੂਤ ਨਹੀਂ ਮੰਨਦੇ ਸਗੋਂ ਪਰਜਾ ਦੀ ਤਰ੍ਹਾਂ ਖਾਕੀ ਨਾਸ਼ਵਾਨ ਮੰਨਦੇ ਹਨ।[139] ਉਹਨਾਂ ਨੇ ਇਤਿਹਾਸਿਕ ਅਤੇ ਮਿਥਿਹਾਸਕ ਹਵਾਲੇ ਦੇ ਕੇ ਲੋਕਾਂ ਦੇ ਅੰਦਰੋਂ ਰਾਜੇ ਦੇ ਖੋਫ਼ ਨੂੰ ਖਤਮ ਕਰਨ ਦਾ ਉਪਰਾਲਾ ਕੀਤਾ।[140]

ਆਮ ਲੋਕਾਂ ਵਿਚ ਰਾਜੇ ਦੇ ਡਰ ਨੂੰ ਖਤਮ ਕਰਨ ਲਈ ਜਿਥੇ ਇਕ ਪਾਸੇ ਰਾਜੇ ਦੇ ਦੈਵੀ ਅਧਿਕਾਰ ਨੂੰ ਅਪ੍ਰਵਾਨ ਕੀਤਾ ਉਥੇ ਇਹ ਵੀ ਦੱਸਿਆ ਕਿ ਸੁਲਤਾਨਾਂ ਦਾ ਸੁਲਤਾਨ ਵੀ ਪਰਮਾਤਮਾ ਹੈ। ਪਰਮਾਤਮਾਂ ਰਾਜਿਆਂ ਦੀ ਸਥਾਪਨਾ ਕਰਨ ਵਾਲਾ ਹੈ।[141] ਪਰਮਾਤਮਾ ਦਾ ਰਾਜ ਸਦਾ ਸਥਿਰ ਹੈ।[142] ਦੁਨਿਆਵੀਂ ਰਾਜੇ ਤਾਂ ਉਸ ਦੇ ਹੁਕਮ ਵਿਚਕਾਰ ਕਰਦੇ ਹਨ।[143] ਇੰਜ ਅਸਲ ਵਿਚ ਰਾਜੇ ਤੇ ਪਰਜਾ ਦੀ ਪਦਵੀ ਬਰਾਬਰ ਹੈ।

ਗੁਰੂ ਨਾਨਕ ਬਾਣੀ ਵਿਚ 'ਧਰਮ' ਸ਼ਬਦ ਦੀ ਵਰਤੋਂ ਕਾਨੂੰਨ, ਅਨੁਸ਼ਾਸਨ ਜਾਂ ਜੀਵਨ ਜਿਉਣ ਦੇ ਢੰਗ ਵਜੋਂ ਹੋਈ ਹੈ। ਗੁਰੂ ਨਾਨਕ ਸਾਹਿਬ ਲਈ ਨੈਤਿਕ ਤੇ ਸਦਾਚਾਰਕ ਮੁਲ ਹੀ ਧਰਮ ਹੈ। ਇਸ ਧਰਮ ਤੋਂ ਵਿਹੂਣੀਆਂ ਕੀਮਤਾਂ ਅਤੇ ਧਾਰਮਿਕ ਕ੍ਰਿਆਵਾਂ ਫੋਕਟ ਕਰਮ ਹਨ।[144] ਗੁਰੂ ਜੀ ਨੇ ਤਤਕਾਲੀਨ ਰਾਜ ਦਾ ਵਿਰੋਧ ਇਸ ਆਧਾਰ ਤੇ ਕੀਤਾ ਕਿ ਰਾਜ ਵਿਚੋਂ ਧਰਮ ਦਾ ਅੰਸ਼ ਅਲੋਪ ਹੋ ਗਿਆ। ਉਹਨਾਂ ਦੇ ਵਿਚਾਰ ਅਨੁਸਾਰ ਜਿਸ ਰਾਜ ਵਿਚ ਨੈਤਿਕ ਕਦਰਾਂ ਕੀਮਤਾਂ ਅਲੋਪ ਹੋ ਜਾਣ ਉਹ ਰਾਜ ਪਰਜਾ ਲਈ ਸੁਖਦਾਈ ਨਹੀਂ ਹੁੰਦਾ, ਇਸੇ ਕਾਰਨ ਉਹ ਰਾਜਨੀਤੀ ਦੇ ਖੇਤਰ ਵਿਚ ਧਰਮ ਨੂੰ ਪ੍ਰਮੁਖਤਾ ਦੇਣ ਦੇ ਮੁਦਈ ਸਨ। ਉਹਨਾਂ ਦੀ ਇਸ ਵਿਚਾਰਧਾਰਾ ਵਿਚੋਂ ਮੀਰੀ-ਪੀਰੀ ਦੇ ਸਿਧਾਂਤ ਦਾ ਜਨਮ ਹੋਇਆ।[145]

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਆਮ ਤੌਰ ਤੇ ਮੀਰੀ ਅਤੇ ਪੀਰੀ ਨੂੰ ਵਖ ਵਖ ਹੀ ਸਮਝਿਆ ਗਿਆ ਹੈ। ਇਨ੍ਹਾਂ ਦੋਹਾਂ ਵਿਚਲੀ ਸ਼ਕਤੀ ਦਾ ਆਰੰਭ, ਵਿਕਾਸ ਤੇ ਪ੍ਰਭਾਵ ਦੇ ਖੇਤਰ, ਵੱਖਰੇ ਵੱਖਰੇ ਹੀ ਰਹੇ ਹਨ। ਮੀਰੀ ਦਾ ਸੰਬੰਧ ਮੀਰ ਨਾਲ ਹੈ, ਮੀਰ ਦੁਨਿਆਵੀਂ ਸ਼ਕਤੀਆਂ ਦਾ ਮਾਲਕ ਹੈ। ਇੰਜ ਉਹ ਮਨੁੱਖ ਦੀਆਂ ਅਧਿਆਤਮਕ ਸ਼ਕਤੀਆਂ ਨੂੰ ਉਜਾਗਰ ਕਰਦਾ ਅਤੇ ਦਿਸ਼ਾ ਦਿੰਦਾ ਹੈ। ਜ਼ਮਾਨਾ-ਕਦੀਮ ਤੋਂ ਇਹ ਦੋਵੇਂ ਵਖ ਵਖ ਦ੍ਰਿਸ਼ਟੀਆਂ ਰਹੀਆਂ ਹਨ। ਇਨ੍ਹਾਂ ਦਾ ਸੁਮੇਲ ਨਾ ਕਦੇ ਸੋਚਿਆ ਗਿਆ ਹੈ ਤੇ ਨਾ ਹੋਇਆ ਹੈ। ਸਭਿਅਤਾ ਦੇ ਵਿਕਾਸ ਵਿਚ ਇਸ ਤਰ੍ਹਾਂ ਦੇ ਦੌਰ ਆਏ ਹਨ ਜਦੋਂ ਇਨਾਂ ਦੋਹਾਂ ਵਿਚੋ ਇਕ ਦੂਜੀ ਉਤੇ ਗਾਲਿਬ ਰਹੀ ਹੈ। ਗੁਰੂ ਨਾਨਕ ਕਾਲ ਤਕ ਸਥਿਤੀ ਇੰਜ ਹੀ ਸੀ। ਜਿਹੜੇ ਲੋਕ ਅਧਿਆਤਮਕ ਸਨ ਉਹ ਸੰਸਾਰਕਤਾ ਤੋਂ ਉਦਾਸੀਨ ਸਨ ਅਤੇ ਜੋ ਸੰਸਾਰਕਤਾ ਵਿਚ ਖੁਭੇ ਹੋਏ ਸਨ ਉਹ ਅਧਿਆਤਮਕ ਤੋਂ ਬੇਮੁਖ ਸਨ। ਗੁਰੂ ਨਾਨਕ ਦੇਵ ਜੀ ਨੇ ਦੋਹਾਂ ਨੂੰ ਇਕ-

ਮਿਕ ਕਰ ਦਿੱਤਾ। ਦੋਹਾਂ ਦੀਆਂ ਸੀਮਾਵਾਂ ਨੂੰ ਮਿਟਾ ਕੇ ਇੱਕ ਇਕਾਈ ਵਿਚ ਸੰਮਲਿਤ ਕਰ ਦਿੱਤਾ। ਇੰਜ ਇੱਕ ਧਰਮ, ਇੱਕ ਰਾਜ, ਇੱਕ ਸਦਾਚਾਰ ਅਤੇ ਇੱਕ ਭਾਈਚਾਰੇ ਦਾ ਸੰਕਲਪ ਪੂਰੀ ਸਮਰਥਾ ਸਹਿਤ ਅੱਗੇ ਲਿਆਂਦਾ।[146]

ਗੁਰੂ ਨਾਨਕ ਸਾਹਿਬ ਇਹ ਗੱਲ ਮੰਨਦੇ ਸਨ ਕਿ ਕਿਸੇ ਵੀ ਸੰਸਥਾ ਦੀ ਗਤੀਵਿਧੀ ਨੂੰ ਠੀਕ ਕਰਨ ਵਾਸਤੇ ਜਰੂਰੀ ਹੈ ਕਿ ਮੁਲਕ ਦੀ ਰਾਜਨੀਤੀ ਠੀਕ ਹੋਵੇ। ਇਸਦੀ ਵਾਂਗਡੋਰ ਦਰਵੇਸ਼ਾ ਦੇ ਹੱਥ ਵਿਚ ਆਵੇ ਅਤੇ ਇਸ ਦੀ ਸ਼ਕਤੀ ਦਾ ਵਿਤਰਣ ਠੀਕ ਹੋਵੇ। ਇੱਕ ਪੁਰਖੀ-ਰਾਜ ਵਿਚ ਇਸ ਤਰ੍ਹਾਂ ਨਹੀਂ ਹੋ ਸਕਦਾ। ਇਸ ਲਈ ਉਨ੍ਹਾਂ ਨੇ ਰਾਜਨੀਤੀ ਦਾ ਇੱਕ ਅਜਿਹਾ ਮਾਡਲ ਦਿੱਤਾ ਜਿਸ ਵਿਚ ਅਧਿਆਤਮਕਤਾ ਸ਼ਾਮਲ ਸੀ, ਭਾਵ ਇਹ ਕਿ ਮੀਰੀ ਨੂੰ ਪੀਰੀ ਦੀ ਸ਼ਕਤੀ ਉਤੇ ਖ਼ੜਾ ਕੀਤਾ। ਇਸ ਲਈ ਉਨਾਂ ਨੇ ਕੁਝ ਸੰਕਲਪ ਸਾਹਮਣੇ ਲਿਆਂਦੇ:

1. ਰਾਜਾ ਨਹੀਂ, ਲੋਕ ਅਸਲ ਤਾਕਤ ਹਨ। ਰਾਜਾ ਲੋਕ ਰਾਏ ਦੇ ਅਧੀਨ ਚਾਹੀਦਾ ਹੈ।
2. ਰਾਜ ਨਿਆਕਾਰੀ ਹੋਣਾ ਚਾਹੀਦਾ ਹੈ।[147]
3. ਰਾਜ ਪ੍ਰਬੰਧ ਰਿਸ਼ਵਤ ਮੁਕਤ ਹੋਣਾ ਚਾਹੀਦਾ ਹੈ।[148]
4. ਇਕ ਦੇਸ਼ ਵਜੋਂ ਦੂਜੇ ਦੇਸ਼ ਉਤੇ ਸੁਆਰਥ ਤੇ ਸਜਾ ਦੇ ਤੌਰ ਹਮਲੇ ਨਹੀਂ ਕਰਨੇ ਚਾਹੀਦੇ।[149]
5. ਰਾਜਨੀਤਕ ਵਿਵਸਥਾ ਵਿਚ ਰਾਜੇ ਦੇ ਧਰਮ ਨੂੰ ਕਿਸੇ ਤੇ ਜਬਰਦਸਤੀ ਠੋਸਣਾ ਨਹੀਂ ਚਾਹੀਦਾ ਤੇ ਨਾ ਹੀ ਧਰਮ ਦੇ ਆਧਾਰ ਤੇ ਕੋਈ ਵਿਤਕਰਾ ਹੋਣਾ ਚਾਹੀਦਾ ਹੈ।[150]
6. ਸਭ ਨਾਗਰਿਕਾਂ ਨੂੰ ਨਸਲ, ਰੰਗ, ਲਿੰਗ, ਗਰੀਬ, ਅਮੀਰ, ਜਾਤ ਅਤੇ ਵਰਨ ਦੇ ਵਿਤਕਰੇ ਤੋਂ ਰਹਿਤ ਸਮਾਨਤਾ ਦਾ ਦਰਜਾ ਹਾਸਲ ਹੋਣਾ ਚਾਹੀਦਾ ਹੈ।[151]
7. ਆਪਣੀ ਪਰਜਾ ਦੀ ਰੱਖਿਆ, ਰਾਜ ਦਾ ਮੁੱਖ ਕਰਤੱਵ ਹੈ।।[152]
8. ਕਲਿਆਣਕਾਰੀ ਰਾਜ ਵਿਵਸਥਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।[153]
9. ਨਾਗਰਿਕ ਦਾ ਉਚਿਤ ਸਨਮਾਨ ਹੋਵੇ ਤੇ ਉਹਨਾਂ ਦੀਆਂ ਫਰਿਆਦਾਂ ਸੁਣੀਆਂ ਜਾਣ।[154]

ਗੁਰੂ ਨਾਨਕ ਸਾਹਿਬ ਦਾ ਵਿਚਾਰ ਇਹ ਵੀ ਹੈ ਕਿ ਇਕ-ਪੁਰਖੀ ਰਾਜ ਕਦੇ ਵੀ ਅਤੇ ਕਿਤੇ ਵੀ ਠੀਕ ਰਾਜ ਨਹੀਂ ਹੋ ਸਕਦਾ। ਇਸ ਕਰਕੇ ਉਨਾਂ ਨੇ ਸਾਰੀਆਂ ਸੰਸਥਾਵਾਂ ਵਿਚੋਂ ਇਕ ਪੁਰਖੀ ਅਨੁਸ਼ਾਸਨ ਨੂੰ ਖਾਰਜ ਕਰਨ ਦਾ ਯਤਨ ਕੀਤਾ। ਇਸ ਲਈ ਉਨਾਂ ਨੇ 'ਸੰਗਤ' ਦੇ ਮਾਡਲ ਨੂੰ ਸਾਹਮਣੇ ਲਿਆਂਦਾ। 'ਸੰਗਤ' ਅਕਾਲ ਪੁਰਖ ਦਾ ਰੂਪ ਹੈ ਅਤੇ ਉਸ ਅੰਦਰ ਅਕਾਲਪੁਰਖ ਦੀਆਂ ਸਾਰੀਆਂ ਸ਼ਕਤੀਆਂ ਹਨ। ਕੋਈ ਵੀ ਇਕ ਵਿਅਕਤੀ ਇਨ੍ਹਾਂ ਸ਼ਕਤੀਆਂ ਦਾ ਮਾਲਕ ਨਹੀਂ ਹੋ ਸਕਦਾ । ਇਸ ਕਰਕੇ ਸੰਗਤ ਤੇ ਵਿਅਕਤੀ ਦੇ ਰਿਸ਼ਤੇ ਨੂੰ ਇਕ ਸੂਤਰ ਵਿਚ ਪ੍ਰੋਣਾ ਜ਼ਰੂਰੀ ਹੈ। ਇਕ ਸੰਗਤ ਦੇ ਨਾਲ ਕੁਝ ਛੋਟੀਆਂ ਸੰਗਤਾਂ ਵੀ ਹਨ, ਇਨ੍ਹਾਂ ਨੂੰ ਅਸੀਂ ਮੁਖ ਸੰਗਤਾਂ ਤੇ ਗੌਣ ਸੰਗਤਾਂ ਕਹਿ ਸਕਦੇ ਹਾਂ। ਹਰ ਸੰਗਤ ਦਾ ਆਪਣਾ ਇਕ ਦਾਇਰਾ ਹੈ। ਪਰ ਇਨ੍ਹਾਂ ਤੇ ਨਿਯਮ ਸਾਰੇ ਉਹੀ ਲਾਗੂ ਹੁੰਦੇ ਹਨ ਜਿਹੜੇ ਮੁਖ ਸੰਗਤ ਦੇ ਹਨ। ਮੁੱਖ ਸੰਗਤ ਨੂੰ ਰਾਜ ਸ਼ਕਤੀ ਦਾ ਕੇਂਦਰ ਮੰਨਿਆ ਜਾ ਸਕਦਾ ਹੈ ਤੇ ਗੌਣ ਸੰਗਤਾਂ ਨੂੰ ਉਸਦੇ ਉਪ ਕੇਂਦਰ। ਹਰ ਕੇਂਦਰ ਦਾ ਪ੍ਰਬੰਧ ਇਕ ਗੁਰਮੁਖ ਦੇ ਹੱਥ ਵਿਚ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਹਰ ਮਨੁੱਖ ਕਿਉਂਕਿ ਅਕਾਲਪੁਰਖ ਦੀ ਔਲਾਦ ਹੈ ਇਸ ਕਰਕੇ ਉਹ ਸੰਸਾਰਕ ਹਾਕਮਾਂ ਦੇ ਬੰਧਨਾਂ ਤੋਂ ਮੁਕਤ ਹੈ। ਉਹ ਸਿਰਫ ਰੱਬ ਨੂੰ ਜਵਾਬਦੇਹ ਹੈ, ਪਰ ਸੰਗਤ ਕਿਉਂਕਿ ਰੱਬ ਦਾ ਰੂਪ ਹੈ, ਇਸ ਕਰਕੇ ਉਹ ਸੰਗਤ ਦੇ ਅਧੀਨ ਹੈ। ਇਸ ਤਰਾਂ ਇਹ ਸੰਕਲਪ ਇਸ ਤਰਾਂ ਬਣਦਾ ਹੈ ਕਿ ਦੁਨੀਆਂ ਦਾ ਅਸਲੀ ਮਾਲਕ ਦੁਨੀਆਵੀ ਬਾਦਸ਼ਾਹ ਨਹੀਂ ਬਲਕਿ ਸੱਚਾ ਪਾਤਸ਼ਾਹ ਹੈ। ਸੱਚੇ ਪਾਤਸ਼ਾਹ ਦੇ ਪ੍ਰਤੀਨਿਧ ਸੰਗਤ/ਸੰਗਤਾਂ ਹਨ। ਇੰਤਜਾਮ ਕਰਨ ਵਾਲਾ ਮੁਖੀ ਗੁਰਮੁਖ ਹੈ ਤੇ ਹਰ ਵਿਅਕਤੀ ਹਰ ਪੱਧਰ ਉੱਤੇ ਸੁਤੰਤਰ ਰੂਪ ਵਿਚ ਇਸ ਦੀ ਗਤੀਮਾਨਤਾ ਵਿਚ ਬਰਾਬਰ ਦਾ ਹਿੱਸੇਦਾਰ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਰਾਜ ਦੇ ਵਰਤਮਾਨ ਸੰਕਲਪ ਦੇ ਬਰਾਬਰ ਇਕ ਐਸਾ ਸੰਕਲਪ ਦਿੱਤਾ

ਜਿਸ ਅਨੁਸਾਰ (ਰਾਜਾ) ਰੱਬ ਵੀ ਸੁਤੰਤਰ ਹੈ। ਸੰਗਤ ਵੀ ਸੁਤੰਤਰ ਹੈ ਅਤੇ ਹਰ ਵਿਅਕਤੀ ਵੀ ਸੁੰਤਤਰ ਹੈ। ਪਰ ਜਦੋਂ ਇਹ ਤਿੰਨੇ ਇਕ ਦੂਜੇ ਦੇ ਨਾਲ ਜੁੜਦੇ ਹਨ ਤਾਂ ਸੰਪੂਰਣ ਸੁਤੰਤਰਤਾ ਵਾਲੇ ਰਾਜ ਦੀ ਸਿਰਜਨਾ ਹੁੰਦੀ ਹੈ।[155]

ਮੀਰੀ ਪੀਰੀ ਦਾ ਸਿਧਾਂਤ ਸਿਧਾਂਤਕ ਤੌਰ ਤੇ ਗੁਰੂ ਨਾਨਕ ਸਾਹਿਬ ਨੇ ਦਿੱਤਾ ਪਰ ਇਤਿਹਾਸਿਕ ਪ੍ਰਗਟਾਉ ਦੇ ਰੂਪ ਵਿਚ ਗੁਰੂ ਹਰਗੋਬਿੰਦ ਸਾਹਿਬ ਰਾਹੀਂ ਸਾਹਮਣੇ ਆਇਆ।[156] ਗੁਰੂ ਹਰਗੋਬਿੰਦ ਸਾਹਿਬ ਨੇ ਦੋ ਤਲਵਾਰਾਂ ਪਹਿਨੀਆਂ। ਇਕ ਮੀਰੀ ਦੀ ਤੇ ਦੂਜੀ ਪੀਰੀ ਦੀ। ਗੁਰੂ ਨਾਨਕ ਦੇਵ ਜੀ ਨੇ ਜੋ ਸਿਧਾਂਤਕ ਬਿੰਬ ਦਿੱਤਾ ਸੀ, ਗੁਰੂ ਹਰਗੋਬਿੰਦ ਸਾਹਿਬ ਨੇ ਉਸਨੂੰ ਇਕ ਬੁਨਿਆਦੀ ਅਤੇ ਜ਼ਾਹਰਾ ਸ਼ਕਲ ਦੇ ਦਿੱਤੀ ਤੇ ਇੰਜ ਮੀਰੀ ਪੀਰੀ ਇਕ ਹੋ ਕੇ ਮਨੁੱਖਤਾ ਦੇ ਸਾਹਮਣੇ ਰੂਪ ਗ੍ਰਹਿਣ ਕਰਦੀ ਹੈ।

ਗੁਰੂ ਹਰਗੋਬਿੰਦ ਜੀ ਦੇ ਸਮੇਂ ਸੰਗਤਾਂ ਵਿਚ ਆਸਾ ਦੀ ਵਾਰ ਦੇ ਨਾਲ ਹੋਰ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਵੀ ਸਿੱਖ ਸੰਗਤਾਂ ਦਾ ਜਰੂਰੀ ਹਿੱਸਾ ਬਣ ਗਿਆ।[157] ਇਸ ਤਰ੍ਹਾਂ ਉਹਨਾਂ ਨੇ ਸਿਖ ਸੰਗਤਾਂ ਵਿਚ ਪੀਰੀ ਦੇ ਨਾਲ ਨਾਲ ਮੀਰੀ ਦੇ ਸਿਧਾਂਤ ਦਾ ਸਮਾਵੇਸ਼ ਪੱਕੇ ਤੌਰ ਤੇ ਕਰ ਦਿੱਤਾ। ਇਸੇ ਦਾ ਨਤੀਜਾ ਸੀ ਕਿ ਇਹ ਗੁਰੂ ਹਰਗੋਬਿੰਦ ਦੇ ਸਮੇ ਸਿੱਖ ਸੰਗਤਾਂ ਨੇ ਯੁਧ ਵੀ ਕੀਤੇ।[158]

ਗੁਰੂ ਹਰਿਗੋਬਿੰਦ ਜੀ ਸਮੇਂ ਮਸੰਦ ਸਿੱਖਾਂ ਕੋਲੋਂ ਦਸਬੰਧ ਇਕੱਠਾ ਕਰਨ ਦੇ ਨਾਲ ਨਾਲ ਘੋੜੇ ਤੇ ਹਥਿਆਰ ਵੀ ਇੱਕਤਰ ਕਰਦੇ ਸਨ।[159] ਗੁਰੂ ਹਰਿਗੋਬਿੰਦ ਜੀ ਨੇ ਸਿੱਖ ਸੰਗਤ ਨੂੰ ਰੂਹਾਨੀ ਗਿਆਨ ਦੇਣ ਦੇ ਨਾਲ ਨਾਲ ਰਾਜਸੀ ਅਗਵਾਈ ਦੇਣ ਲਈ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੇ ਸਾਹਮਣੇ ਅਕਾਲ ਤਖ਼ਤ ਦੀ ਸਥਾਪਨਾ ਕੀਤੀ।[160]

ਗੁਰੂ ਤੇਗਬਹਾਦਰ ਜੀ ਦੇ ਸਮੇਂ ਵੀ ਸਿੱਖ ਸੰਗਤਾਂ ਕੇਵਲ ਧਰਮ ਪ੍ਰਚਾਰ ਦਾ ਕੇਂਦਰ ਹੀ ਨਹੀਂ ਸਨ ਸਗੋਂ ਸਿੱਖਾਂ ਦਾ ਮਜ਼ਬੂਤ ਸਮਾਜਕ ਰਾਜਨੀਤਕ ਆਧਾਰ ਵੀ ਬਣ ਗਈਆਂ ਸਨ।[161]

ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਂ ਨੂੰ ਹੁਕਮਨਾਮਿਆਂ ਰਾਹੀਂ ਸ਼ਾਸਤਰ ਵੀ ਗੁਰੂ ਦੀ ਭੇਟ ਕਰਨ ਲਈ ਕਿਹਾ।[162] ਇਤਿਹਾਸ ਦਸਦਾ ਹੈ ਕਿ ਸਿਖ ਸੰਗਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਸਤਰ ਵੀ ਭੇਟ ਕਰਦੀਆਂ ਸਨ।[163] ਗੁਰੂ ਜੀ ਸਿਖ ਸੰਗਤਾਂ ਨੂੰ ਸ਼ਸਤਰ ਧਾਰਨ ਕਰਨ ਤੇ ਦੁਸ਼ਟਾਂ ਤੇ ਪਾਪੀਆਂ ਨਾਲ ਟੱਕਰ ਲੈਣ ਲਈ ਪ੍ਰੇਰਦੇ।[164] ਸੰਗਤਾਂ ਗੁਰੂ ਸਾਹਿਬ ਦੀ ਹਜੂਰੀ ਵਿਚ ਸ਼ਸਤਰ ਪਹਿਨ ਕੇ ਆਉਂਦੀਆਂ।[165]

ਮੀਰੀ-ਪੀਰੀ ਦੇ ਸਿਧਾਂਤ ਦੀ ਬਦੌਲਤ ਹੀ ਸਿੱਖ-ਸੰਗਤਾਂ ਨੂੰ ਸ਼ਸਤਰ ਵੀ ਧਾਰਨ ਕਰਨ ਦਾ ਹੁਕਮ ਹੋਇਆ। ਖਾਲਸੇ ਦਾ ਸ਼ਾਸਤਰਧਾਰੀ ਹੋਣਾ ਜਰੂਰੀ ਕਰ ਦਿੱਤਾ ਗਿਆ।[166]

ਹੁਕਮਨਾਮਿਆਂ ਵਿੱਚ ਵੀ ਇਸ ਤਰ੍ਹਾਂ ਦੇ ਬਹੁਤ ਹਵਾਲੇ ਮਿਲਦੇ ਹਨ।[167] ਸੰਗਤ ਦੇ ਮੀਰੀ ਪੀਰੀ ਦੇ ਸਿਧਾਂਤ ਵਿਚੋਂ ਹੀ ਸਰਬੱਤ ਖਾਲਸੇ ਤੇ ਗੁਰਮਤੇ ਦਾ ਜਨਮ ਹੋਇਆ। ਇਸੇ ਸਿਧਾਂਤ ਦਾ ਸਦਕਾ ਸਿੱਖ ਸੰਗਤਾਂ ਦੇ ਸਮੇਂ ਸਮੇਂ ਹੋ ਰਹੇ ਅਤਿਆਚਾਰਾਂ ਨੂੰ ਰੋਕਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਰਾਜਨੀਤਕ ਅਨਿਸ਼ਚਿਤਤਾ ਸਮੇਂ ਸਿੱਖ-ਸੰਗਤ ਸਰਬੱਤ ਖਾਲਸੇ ਦੇ ਰੂਪ ਵਿਚ ਇੱਕਤਰ ਹੋ ਕੇ ਰਾਜਨੀਤਕ ਫੈਸਲੇ ਲੈਂਦੀ ਆ ਰਹੀ ਹੈ।

ਇੰਜ ਸਿੱਖਾਂ ਵਿਚ ਮੀਰੀ ਪੀਰੀ ਦਾ ਸਿਧਾਂਤ ਸੰਗਤ ਸੰਸਥਾ ਰਾਹੀਂ ਪ੍ਰਵੇਸ਼ ਹੋਇਆ। ਸੰਗਤ ਸਿੱਖਾਂ ਨੂੰ ਰਾਜਨੀਤਕ ਸੇਧ ਤੇ ਸੂਝ ਪ੍ਰਦਾਨ ਕਰਦੀ ਹੈ। ਸਮੇਂ ਦੀ ਰਾਜਨੀਤਕ ਅਵਸਥਾ ਵਿੱਚ ਵਿਚਰਣ ਲਈ ਰਾਜਨੀਤਕ ਕੰਮਾਂ ਕਾਜਾਂ ਪ੍ਰਤੀ ਕੋਈ ਸਾਰਥਕ ਸੇਧ ਪ੍ਰਾਪਤ ਕਰਨ ਲਈ ਅਤੇ ਮਨੁੱਖ ਜਾਤੀ ਨੂੰ ਉਹ ਕੋਟੀ ਦੇ ਰਾਜਨੀਤਕ ਸਿਧਾਂਤ ਪ੍ਰਦਾਨ ਕਰਨ ਲਈ 'ਸੰਗਤ' ਵਿਚ ਇਸ ਮੁੱਦੇ ਨੂੰ ਵਿਚਾਰਿਆ ਹੀ ਨਹੀਂ ਜਾਂਦਾ ਸਗੋਂ ਇਸ ਨੂੰ ਕ੍ਰਿਆਤਮਿਕ ਰੂਪ ਦੇਣ ਲਈ ਸੰਗਤ ਇੱਕ ਹਾਂ ਪੱਖੀ ਰੋਲ ਨਿਭਾਉਂਦੀ ਹੈ। ਇੰਜ ਇਹ ਸਭ ਸੰਗਤ ਰਾਹੀਂ ਹੀ ਆਇਆ ਤੇ ਫਿਰ ਕਾਮਯਾਬ ਹੋਇਆ।

ਉਪਰੋਕਤ ਚਰਚਾ ਉਪਰੰਤ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਰਾਜਨੀਤਕ ਵਿਵਸਥਾ ਸੰਤੋਖਜਨਕ ਨਹੀਂ ਸੀ। ਇਸ ਵਿਚ ਸ਼ਾਸਨ ਪ੍ਰਣਾਲੀ ਤੇ ਨਿਆਂ ਪ੍ਰਣਾਲੀ ਭ੍ਰਿਸ਼ਟ ਹੋ ਚੁਕੀ ਸੀ। ਗੁਰੂ ਜੀ ਨੇ ਸਮਕਾਲੀ ਸਮਾਜ ਦੀ ਕਰੂਰ ਨਿਰਦਈ ਤੇ ਲੁਟੇਰੀ ਰਾਜਨੀਤਕ ਸਥਿਤੀ ਉਪਰ ਟਿੱਪਣੀ ਅਤੇ ਆਲੋਚਨਾ ਕਰਨ ਤੋ ਇਲਾਵਾ ਐਸੇ ਅਉਗੁਣਾਂ ਦੀ ਵਿਆਖਿਆ ਵੀ ਕੀਤੀ ਜਿਨ੍ਹਾਂ ਤੋਂ ਰਾਜੇ ਨੂੰ ਬਚ ਕੇ ਚਲਣਾ ਚਾਹੀਦਾ ਹੈ। ਉਹ ਇਕ ਕਲਿਆਣਕਾਰੀ ਰਾਜ ਦੇ ਹੱਕ ਵਿਚ ਸਨ। ਸਮਕਾਲੀ ਰਾਜਨੀਤਕ ਵਿਵਸਥਾ ਦੀ ਆਲੋਚਨਾ ਕਰਦਿਆਂ ਗੁਰੂ ਸਾਹਿਬ ਨੇ ਸਮੇਂ ਦੀ ਰਾਜਨੀਤਕ ਵਿਵਸਥਾ ਪ੍ਰਤੀ ਸੁਧਾਰਵਾਦੀ ਦ੍ਰਿਸ਼ਟੀਕੋਣ ਅਪਣਾਇਆ ਪਰ ਜਦੋਂ ਉਹਨਾਂ ਨੇ ਆਦਰਸ਼ ਰਾਜਨੀਤਕ ਮਾਡਲ ਪੇਸ਼ ਕੀਤਾ ਤਾਂ ਇਸ ਦਾ ਆਧਾਰ ਧਰਮ ਤੇ ਰਾਜਨੀਤੀ ਦੇ ਸੁਮੇਲ ਨੂੰ ਬਣਾਇਆ ਤੇ ਇਸ ਮਾਡਲ ਨੂੰ ਅਮਲੀ ਰੂਪ ਦੇਣ ਲਈ ਸੰਗਤ ਦੀ ਸੰਸਥਾ ਦਾ ਸੰਕਲਪ ਪੇਸ਼ ਕੀਤਾ। ਉਹਨਾਂ ਨੇ ਇਕ ਆਦਰਸ਼ਕ ਰਾਜ ਪ੍ਰਬੰਧ ਦਾ ਮਾਡਲ ਪੇਸ਼ ਕੀਤਾ ਹੈ। ਇਸ ਮਾਡਲ ਅਨੁਸਾਰ ਨਿਆਂਕਾਰੀ ਰਾਜਪ੍ਰਬੰਧ ਤੇ ਰਿਸ਼ਵਤ-ਮੁਕਤ ਰਾਜ ਪ੍ਰਬੰਧ, ਬਾਹਰੀ ਹਮਲਿਆਂ ਤੋਂ ਸੁਰੱਖਿਆ, ਧਰਮ ਨਿਰਪੱਖਤਾ, ਸਮਾਨਤਾ, ਨਾਗਰਿਕ ਸਨਮਾਨ ਆਦਿ ਕਲਿਆਣਕਾਰੀ ਆਦਰਸ਼ ਰਾਜ ਦੀਆਂ ਵਿਸ਼ੇਸ਼ਤਾਈਆਂ ਮੰਨੀਆਂ ਹਨ। ਗੁਰੂ ਨਾਨਕ ਸਾਹਿਬ ਨੇ ਧਰਮ ਤੇ ਰਾਜਨੀਤੀ ਦੇ ਸੁਮੇਲ ਦਾ ਸਿਧਾਂਤ ਦਿੱਤਾ ਜਿਸ ਨੂੰ ਪ੍ਰਤੱਖ ਤੌਰ ਤੇ ਪੂਰਨ ਅਮਲੀ ਰੂਪ ਗੁਰੂ ਹਰਗੋਬਿੰਦ ਸਾਹਿਬ ਦੇ ਮੀਰੀ ਪੀਰੀ ਦੇ ਸਿਧਾਂਤ ਨੇ ਦਿੱਤਾ। ਇਕ ਕਲਿਆਣਕਾਰੀ ਰਾਜਨੀਤਕ ਵਿਵਸਥਾ ਨੂੰ ਅਮਲੀ ਰੂਪ ਦੇਣ ਲਈ ਸੰਗਤ ਦੇ ਮਾਡਲ ਨੂੰ ਸਾਹਮਣੇ ਲਿਆਂਦਾ। ਸੰਗਤ ਇਸ ਸਿਧਾਂਤ ਨੂੰ ਅਮਲੀ ਰੂਪ ਪਰਮਾਤਮਾ ਦੇ ਪ੍ਰਤੀਨਿਧ ਦੇ ਰੂਪ ਵਿਚ ਦਿੰਦੀ ਹੈ। ਗੁਰੂ ਸਾਹਿਬ ਨੇ ਰਾਜ ਦੇ ਵਰਤਮਾਨ ਸੰਕਲਪ ਦੇ ਬਰਾਬਰ ਇਕ ਅਜਿਹਾ ਸੰਕਲਪ ਦਿੱਤਾ ਜਿਸ ਅਨੁਸਾਰ ਰਾਜਾ ਵੀ ਸੁਤੰਤਰ ਹੈ। ਸੰਗਤ ਵੀ ਸੁਤੰਤਰ ਹੈ ਤੇ ਹਰ ਵਿਅਕਤੀ ਵੀ ਸੁਤੰਤਰ ਹੈ। ਪਰ ਜਦੋਂ ਇਹ ਤਿੰਨੇ ਇਕ ਦੂਜੇ ਨਾਲ ਜੁੜਦੇ ਹਨ ਤਾਂ ਪੂਰਨ ਸੁਤੰਤਰਤਾ ਵਾਲੇ ਰਾਜ ਦੀ ਸਥਾਪਨਾ ਹੁੰਦੀ ਹੈ।

### 7.4 ਆਰਥਿਕ ਮੁੱਦੇ

ਧਰਮ ਉਨਤੀ ਦਾ ਵਿਰੋਧੀ ਨਹੀਂ ਹੈ। ਸਗੋਂ ਧਰਮ, ਮਨੁੱਖ ਵਿਚ ਸੰਜਮ, ਮਿਹਨਤ, ਈਮਾਨਦਾਰੀ ਅਤੇ ਸ਼ੁਭ ਇਛਾਵਾਂ ਦੀ ਪੂਰਤੀ ਆਦਿ ਸਦਗੁਣ ਭਰਦਾ ਹੈ। ਜਿਸ ਦੇ ਸਿੱਟੇ ਵਜੋਂ ਲੋੜ ਮੁਤਾਬਕ ਧਨ ਦੀ ਇਕੱਤਰਤਾ ਅਤੇ ਉਤਪਾਦਨ ਵਿਚ ਵਾਧਾ ਹੋਣ ਨਾਲ ਗਰੀਬੀ ਤੋਂ ਛੁਟਕਾਰਾ ਮਿਲਦਾ ਹੈ। ਕੋਈ ਧਰਮ ਆਰਥਿਕ ਵਿਕਾਸ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। ਇਹ ਉਸ ਦੀ ਫਿਲਾਸਫੀ ਤੇ ਇਤਿਹਾਸ ਉਪਰ ਨਿਰਭਰ ਕਰਦਾ ਹੈ।

ਪਲੈਟੋ ਅਤੇ ਅਰਸਤੂ ਉਹਨਾਂ ਮਨੁੱਖਾਂ ਦੀ ਗਿਣਤੀ ਮਨੁੱਖਤਾ ਤੋਂ ਥੱਲੇ ਕਰਦੇ ਹਨ ਜਿਹੜੇ ਸਮਾਜ ਤੋਂ ਦੂਰ ਰਹਿੰਦੇ ਹਨ, ਕਿਉਂਕਿ ਉਹ ਨਾ ਸਮਾਜ ਲਈ ਲਾਭਦਾਇਕ ਹੁੰਦੇ ਹਨ ਤੇ ਨਾ ਹੀ ਉਹ ਦੂਜਿਆਂ ਦੇ ਅਨੁਭਵ ਤੋਂ ਲਾਭ ਉਠਾਉਂਦੇ ਹਨ।[168]

ਧਰਮ ਲਈ ਇਹ ਜ਼ਰੂਰੀ ਹੈ ਕਿ ਉਹ ਮਨੁੱਖਤਾ ਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖੇ ਅਤੇ ਉਹਨਾਂ ਦਾ ਹੱਲ ਲੱਭੇ।

ਜੇ ਧਰਮ ਮਨੁੱਖ ਲਈ ਹੈ ਤਾਂ ਇਹ ਮਨੁੱਖ ਦੀਆਂ ਸੰਸਾਰਿਕ ਲੋੜਾਂ ਨੂੰ ਅੱਖੋਂ ਉਹਲੇ ਨਹੀਂ ਕਰ ਸਕਦਾ। ਇਕ ਸੱਚਾ ਧਾਰਮਿਕ ਮਨੁੱਖ ਆਮ ਮਨੁੱਖਾਂ ਦੀਆਂ ਲੋੜਾਂ ਨੂੰ ਸਮਝਦਾ ਅਤੇ ਉਹਨਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਦਾ ਹੈ।[169]

ਗੁਰੂ ਫਿਲਾਸਫੀ ਮਨੁੱਖੀ ਜ਼ਿੰਦਗੀ ਦੇ ਸਮੁੱਚੇ ਪੱਖਾਂ ਨਾਲ ਸੰਬੰਧ ਰੱਖਦੀ ਹੈ। ਇਹ ਮਨੁੱਖੀ ਜੀਵਨ ਦੀ ਸਚਾਈ ਨੂੰ ਮੰਨ ਕੇ ਮਨੁੱਖਤਾ ਦੀ ਭਲਾਈ ਲਈ ਕੰਮ ਕਰਨ ਨੂੰ ਪ੍ਰੇਰਦੀ ਹੈ।[170]

ਪੰਜਾਬ ਵਿਚ ਆਰਥਿਕ ਖੁਸ਼ਹਾਲੀ ਭਾਰਤ ਦੇ ਹੋਰ ਸੂਬਿਆਂ ਤੋਂ ਵਧੇਰੀ ਹੈ। ਇਥੋਂ ਦੀ per-capita income ਹੋਰ ਸੂਬਿਆਂਤੋਂ ਜ਼ਿਆਦਾ ਹੋਣ ਦਾ ਕਾਰਨ ਇਥੋਂ ਦੀ ਵਸੋਂ ਦਾ ਸਿਖ ਧਰਮ ਦੀ ਫਿਲਾਸਫੀ ਤੋਂ ਪ੍ਰਭਾਵਿਤ ਹੋਣਾ ਹੈ। ਸਿੱਖ ਮੱਤ ਵਿਚ ਜੋਗੀਆਂ, ਸਾਧੂਆਂ ਤੇ ਫਕੀਰਾਂ ਦੀ ਥਾਂ ਕਿਰਤੀਆਂ, ਮਿਹਨਤਕਸ਼ਾਂ, ਕਿਸਾਨਾਂ ਆਦਿ ਦਾ ਵਧੇਰੇ ਸਤਿਕਾਰ ਹੈ। ਇੱਥੇ ਆਰਥਿਕ ਵਿਕਾਸ ਵਿਚ ਤਰੱਕੀ ਦਾ ਕਾਰਨ ਇਸ ਮੱਤ ਵਿਚ ਦੁਨਿਆਵੀ ਅਤੇ ਗ੍ਰਹਿਸਤੀ ਜੀਵਨ ਨੂੰ ਮਹੱਤਵ ਦੇਣਾ ਹੈ। ਇੱਥੇ ਕਿਰਤੀ ਜਾਤੀਆਂ ਨੂੰ ਮੌਕੇ, ਸਹੂਲਤਾਂ ਤੇ ਗੌਰਵ ਮਿਲਿਆ ਹੈ। ਉਂਨ੍ਹਾਂ ਨੂੰ ਆਪਣੀ ਭਾਸ਼ਾ ਵਿਚ ਆਦਾਨ ਪ੍ਰਦਾਨ ਦਾ ਹੱਕ ਮਿਲਿਆ ਹੈ।

ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਮਾਜ ਦਾ ਇਤਿਹਾਸ ਆਰਥਿਕ ਲੁੱਟ-ਖਸੁੱਟ ਆਦਿ ਨਾਲ ਵੀ ਸੰਬੰਧਿਤ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਲੁੱਟ-ਖਸੁੱਟ ਦਾ ਬਾਣੀ ਵਿਚ ਥਾਂ ਥਾਂ ਵਰਨਣ ਕੀਤਾ ਹੈ। ਗੁਰੂ ਨਾਨਕ ਬਾਣੀ ਦੀ ਧਰਮ-ਮੀਮਾਂਸਕ ਬਿੰਬਾਵਲੀ ਦਾ ਵਿਸ਼ਲੇਸ਼ਣ ਕਰਨ ਤੋਂ ਪਤਾ ਚਲਦਾ ਹੈ ਕਿ ਉਹ ਵਪਾਰੀਆਂ, ਦਸਤਕਾਰਾਂ, ਕਿਸਾਨਾਂ, ਗੁਲਾਮਾਂ ਅਤੇ ਗਰੀਬਾਂ ਨੂੰ ਸੰਬੋਧਨ ਸਨ।

ਗੁਰੂ ਨਾਨਕ ਦੇਵ ਜੀ ਨੇ ਸੰਸਾਰਿਕ ਜੀਵਨ ਪ੍ਰਤੀ ਨਾਂਹ ਪੱਖੀ ਸੋਚ ਨੂੰ ਰੱਦ ਕਰਕੇ ਦੁਨਿਆਵੀ ਜ਼ਿੰਦਗੀ ਦੀਆਂ ਜ਼ਿੰਮੇਵਾਰੀਆਂ ਤੇ ਕਰਤੱਵਾਂ ਨੂੰ ਅਪਨਾਉਣ ਅਤੇ ਮਨੁੱਖੀ ਜੀਵਨ ਦੇ ਰੂਹਾਨੀ ਅਤੇ ਸੰਸਾਰੀ ਪੱਖ ਨੂੰ ਪੂਰਾ ਕਰਨ ਲਈ ਕਿਹਾ। ਕਈ ਸਦੀਆਂ ਪਿੱਛੋਂ ਉਹਨਾਂ ਨੇ ਭਾਰਤੀ ਲੋਕਾਂ ਨੂੰ ਇਕ ਸੰਤੁਲਤ ਜੀਵਨ ਦਾ ਵਿਚਾਰ ਅਤੇ ਆਦਰਸ਼ ਦਿੱਤਾ।[171]

ਆਰਥਿਕ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੀ ਸੰਗਤ ਦੀ ਫਿਲਾਸਫੀ ਜਿਹਨਾਂ ਪੱਖਾਂ ਤੋਂ ਸੇਧ ਦਿੰਦੀ ਹੈ ਉਹਨਾਂ ਨੂੰ ਆਰਥਿਕ ਜਮਾਤਾਂ, ਦੌਲਤ ਦਾ ਇਕਤਰੀਕਰਣ ਅਤੇ ਕਿਰਤ ਦੀ ਚੋਣ ਅਧੀਨ ਵਿਚਾਰਿਆ ਜਾ ਸਕਦਾ ਹੈ।

### 7.4.1 ਆਰਥਿਕ ਜਮਾਤਾਂ

ਗੁਰੂ ਨਾਨਕ ਦੇਵ ਜੀ ਸਮੇਂ ਸਮਾਜ ਦੀ ਆਰਥਿਕ ਦਰਜਾਬੰਦੀ ਹੋਈ ਸੀ। ਉਸ ਵਿੱਚ ਅਮੀਰ, ਮੱਧ ਵਰਗ ਅਤੇ ਗਰੀਬ ਸਨ। ਉਪਰਲੀ ਸ਼੍ਰੇਣੀ ਵਿੱਚ ਹਾਕਮ, ਉਨਾਂ ਦੇ ਅਧਿਕਾਰੀ, ਸ਼ਾਹੂਕਾਰ, ਜਾਗੀਰਦਾਰ ਤੇ ਪਰੋਹਿਤ ਸ਼ਾਮਲ ਸਨ। ਗੁਰੂ ਨਾਨਕ ਦੇਵ ਜੀ ਨੇ ਮਹਿਸੂਸ ਕੀਤਾ ਕਿ ਇਹ ਲੋਕ ਪੈਸੇ ਦੇ ਨਸ਼ੇ ਵਿੱਚ ਚਰਿੱਤਰਹੀਣ ਹੋਣ ਦੇ ਨਾਲ ਨਾਲ ਬੌਧਿਕ ਪੱਖੋਂ ਵੀ ਡਿਗ ਚੁੱਕੇ ਸਨ ਜਿਸ ਕਰਕੇ ਇਹ ਦੇਸ਼ ਦੀਆਂ ਸਮਾਜਿਕ ਤੇ ਰਾਜਨੀਤਕ ਸਮੱਸਿਆਵਾਂ ਦਾ ਮੁਕਾਬਲਾ ਕਰਨ ਯੋਗ ਨਹੀਂ ਸਨ।[172] ਉਸ ਸਮੇਂ ਅਮੀਰ ਐਸ਼ੋ ਇਸ਼ਰਤ ਦੀ ਜ਼ਿੰਦਗੀ ਗੁਜ਼ਾਰ ਰਹੇ ਸਨ, ਜਦੋਂ ਕਿ ਗਰੀਬ ਲੋਕ ਆਪਣੀ ਗਰੀਬੀ ਅਤੇ ਅਗਿਆਨਤਾ ਦੇ ਕਾਰਨ ਅਮੀਰ ਅਤੇ ਹਾਕਮ ਸ਼੍ਰੇਣੀ ਦੇ ਲੋਕਾਂ ਦੇ ਸੋਸ਼ਣ ਦਾ ਸ਼ਿਕਾਰ ਬਣੇ ਹੋਏ ਸਨ। ਇਸ ਪ੍ਰਕਾਰ ਅਮੀਰ ਤੇ ਗਰੀਬ ਵਿੱਚ ਬਹੁਤ ਪਾੜਾ ਸੀ।[173]

ਉਸ ਸਮੇਂ ਦੀਆਂ ਨਿਮਨ ਸ਼ਰੇਣੀਆਂ ਵਾਰੇ ਡਾ.ਭਗਤ ਸਿੰਘ ਲਿਖਦੇ ਹਨ ਕਿ ਬਹੁਤ ਸਾਰੇ ਲੋਕ ਬਿਨਾਂ ਧੋਣ ਦੇ ਆਪਣੇ ਕਪੜੇ ਦੋ-ਤਿੰਨ ਸਾਲਾਂ ਤੱਕ ਵਰਤਦੇ ਸਨ ਜਦ ਤਕ ਕਿ ਉਹ ਲੀਰਾਂ ਹੋ ਕੇ ਸਰੀਰ ਤੋਂ ਲੱਥ ਨਹੀਂ ਸਨ ਜਾਂਦੇ। ਕਿਸਾਨਾਂ ਦੇ ਰਹਿਣ ਵਾਲੇ ਘਰਾਂ ਦੀ ਹਾਲਤ ਵੀ ਤਰਸਯੋਗ ਸੀ। ਭਾਰਤ ਦੇ ਸਭ ਕਿਸਾਨ ਕੱਚੇ ਘਰਾਂ ਜਾਂ ਬਾਂਸਾਂ ਦੀਆਂ ਝੌਂਪੜੀਆਂ ਵਿਚ ਰਹਿੰਦੇ ਸਨ।[174] 15ਵੀਂ ਸਦੀ ਦੇ ਅੰਤ ਅਤੇ 16ਵੀਂ ਸਦੀ ਦੇ ਮੱਧ ਤੱਕ ਕਿਸਾਨਾਂ ਸਿਰ ਮੁਸੀਬਤਾਂ ਦੇ ਪਹਾੜ ਟੁੱਟ ਪਏ। ਸਾਮੰਤਾਂ ਵਿਚਕਾਰ ਨਿਰੰਤਰ ਜੰਗਾਂ ਨੇ, ਜਿਨ੍ਹਾਂ ਵਿਚ ਪਿੰਡਾਂ ਅਤੇ ਪੂਰੇ ਪਰਗਨਿਆਂ ਨੂੰ ਲੁੱਟਣਾ ਅਤੇ ਗੜ ਬੜ ਸ਼ਾਮਿਲ ਹੁੰਦੀ ਸੀ ਅਤੇ ਜ਼ੁਲਮ ਦੇ ਤਿਖੇਰੇ ਹੋਣ ਨੇ ਕਿਸਾਨਾਂ ਦੀ ਹਾਲਤ ਲਖਾਇਕ ਹਦ ਤੱਕ ਭੈੜੀ ਬਣਾ ਦਿੱਤੀ ਸੀ।[175] ਪਰ ਦੂਜੇ ਪਾਸੇ ਉਪਰਲੀ ਸ਼੍ਰੇਣੀ ਦੇ ਲੋਕ ਹਰ ਤਰ੍ਹਾਂ ਦੀਆਂ ਸਹੂਲਤਾਂ ਅਤੇ ਐਸ਼ੋ ਆਰਾਮ ਦਾ ਜੀਵਨ ਬਤੀਤ ਕਰ ਰਹੇ ਸਨ ਜਿਸ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਨੇ ਬਾਬਰਬਾਣੀ ਦੇ ਇਕ ਸ਼ਬਦ ਵਿਚ ਕੀਤਾ ਹੈ।[176]

ਨਿਮਨ ਸ਼੍ਰੇਣੀ ਨੂੰ ਨਾ ਢਿੱਡ ਭਰਨ ਲਈ ਆਨਾਜ ਮਿਲਦਾ ਤੇ ਨਾ ਹੀ ਨੰਗੇਜ ਢਕਣ ਲਈ ਕੱਪੜਾ। ਉਨ੍ਹਾਂ ਦੇ ਸਿਰ ਸ਼ਾਹਾਂ ਦਾ ਕਰਜਾ ਇਤਨਾ ਹੁੰਦਾ ਕਿ ਉਹ ਕਦੇ ਉਸ ਤੋਂ ਮੁਕਤ ਨਾ ਹੁੰਦੇ। ਇਸ ਸ਼੍ਰੇਣੀ ਨੂੰ ਕਈ ਵਾਰ ਆਰਥਿਕ ਸੰਕਟ ਕਾਰਨ ਆਪਣੀਆਂ ਔਰਤਾਂ ਬੱਚੇ ਤੇ ਪਸ਼ੂ ਵੇਚਣ ਲਈ ਮਜਬੂਰ ਕੀਤਾ ਜਾਂਦਾ ਸੀ।[177] ਇਹੀ ਉਹ ਸ਼੍ਰੇਣੀ ਸੀ ਜਿਸਨੂੰ ਗੁਰੂ ਨਾਨਕ ਸਾਹਿਬ ਨੇ ਆਪਣੇ ਗਲ ਨਾਲ ਲਾਇਆ।[178] ਇਹਨਾਂ ਦੀਆਂ ਪੀੜਾਂ ਦਾ ਹੱਲ ਗੁਰੂ ਨਾਨਕ ਸਾਹਿਬ ਨੇ ਉਨਾਂ ਨੂੰ ਗੁਰੂ ਅਤੇ ਨਾਮ ਨਾਲ ਜੁੜਨਾ ਦੱਸਿਆ। ਕਿਉਂਕਿ ਗੁਰੂ ਦੇ ਲੜ ਲਗਣ ਦਾ ਭਾਵ ਸੀ ਹੋਰ ਕਿਸੇ ਦੀ ਗੁਲਾਮੀ ਤੋਂ ਛੁਟਕਾਰਾ। ਇਸ ਦੇ ਹੀ ਪ੍ਰਭਾਵ ਕਾਰਨ ਪੰਜਾਬ ਵਿੱਚ ਵਪਾਰੀ ਦਸਤਕਾਰੀ ਵਸੋਂ ਤੇ ਕਿਸਾਨੀ ਦਾ ਦਿਨੋ ਦਿਨ ਵਧ ਰਹੇ ਸਾਮੰਤੀ ਜ਼ਬਰ ਦੇ ਖਿਲਾਫ ਰੋਸ ਗੁਰੂ ਨਾਨਕ ਦੀ ਅਗਵਾਈ ਵਿਚ ਸਿੱਖ ਫਿਰਕਾ ਜਥੇਬੰਦ ਹੋਣ ਵਿਚ ਪ੍ਰਗਟ ਹੋਇਆ।[179]

ਤੀਜੀ ਸ਼੍ਰੇਣੀ ਮਧ ਵਰਗ ਦੀ ਸੀ ਜੋ ਕਿ ਉਪਰਲੀ ਸ਼੍ਰੇਣੀ ਤੋਂ ਸ਼ੋਸ਼ਿਤ ਹੁੰਦੀ ਸੀ ਤੇ ਨਿਮਨ ਸ਼੍ਰੇਣੀ ਨੂੰ ਸ਼ੋਸ਼ਿਤ ਕਰਦੀ ਸੀ। ਇਸ ਸ਼੍ਰੇਣੀ ਵਿਚ ਵਾਪਾਰੀ ਵਰਗ, ਕਰਮਚਾਰੀ ਤੇ ਕੁਝ ਕਿਸਾਨ ਸ਼ਾਮਲ ਸਨ। ਗੁਰੂ ਨਾਨਕ ਬਾਣੀ ਵਿੱਚਲੀ ਸੰਗਤ ਵਿੱਚ ਇਨਾਂ ਨੂੰ ਸੱਚੀ ਸੁੱਚੀ ਕਿਰਤ ਕਰਨ ਦੀ ਸਿੱਖਿਆ ਦਿੱਤੀ ਗਈ ਹੈ।[180]

**7.4.2 ਦੌਲਤ ਦਾ ਇਕੱਤਰੀਕਰਣ:** ਭਵਿਖ ਨੂੰ ਸੁਰੱਖਿਅਤ ਕਰਨ ਦੀ ਰੁਚੀ ਮਨੁੱਖ ਵਿਚ ਦੌਲਤ ਇੱਕਠਾ ਕਰਨ ਦੀ ਖਾਹਿਸ਼ ਵਧਾਉਂਦੀ ਹੈ। ਮਨੁੱਖ ਦੀ ਭਵਿਖ ਦੀ ਚਿੰਤਾ ਇਸ ਭਰਮ ਵਿਚੋਂ ਉਪਜੀ ਹੈ ਕਿ ਉਸ ਨੇ ਚਿਰੰਜੀਵ ਰਹਿਣਾ ਹੈ ਜਦੋਂ ਕਿ ਮਨੁੱਖ ਦੀ ਮ੍ਰਿਤੂ ਕਿਸੇ ਸਮੇਂ ਵੀ ਸੰਭਵ ਹੈ। ਚਿਰੰਜੀਵ ਰਹਿਣ ਦੀ ਸੋਚ ਕਾਰਨ ਮਨੁੱਖ ਦਾ ਜੀਵਨ ਮਨੋਰਥ ਹੀ ਧਨ-ਦੌਲਤ ਇੱਕਠਿਆਂ ਕਰਨਾ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਮਾਇਆ ਧਾਰੀ ਮਨੁੱਖ ਨੂੰ ਨਿੰਦਿਆ ਹੈ ਕਿਉਂਕਿ ਉਹ ਰਿਸ਼ਤਿਆਂ ਦੀ ਕਸਵੱਟੀ ਵੀ ਦੌਲਤ ਨੂੰ ਮਿਥ ਲੈਂਦਾ ਹੈ।

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥[181]

ਪਹਿਲਾ, ਗੁਰੂ ਸਾਹਿਬ ਨੇ ਕੰਜੂਸ ਹੋ ਕੇ ਧਨ ਦੌਲਤ ਇਕੱਤਰ ਕਰਨ ਨੂੰ ਚੰਗਾ ਨਹੀਂ ਕਿਹਾ ਕਿਉਂਕਿ ਇਸ ਤਰ੍ਹਾਂ ਜੋੜੀ ਮਾਇਆ ਦਾ ਮਨੁੱਖ ਨੂੰ ਨਿੱਜੀ ਲਾਭ ਤੁਰੰਤ ਨਹੀਂ ਪਹੁੰਚਦਾ। ਇਹ ਸੋਚ ਮਨੁੱਖ ਤੇ ਸਮਾਜ ਦੇ ਹਿੱਤ ਵਿੱਚ ਨਹੀਂ ਹੈ।[182]

ਦੂਸਰਾ, ਮਨੁੱਖ ਦੂਸਰੇ ਮਨੁੱਖ ਦਾ ਸ਼ੋਸ਼ਣ ਕਰਕੇ ਧਨ ਦੌਲਤ ਇੱਕਠੀ ਕਰਦਾ ਹੈ। ਇਸ ਢੰਗ ਨੂੰ ਵੀ ਗੁਰੂ ਸਾਹਿਬ ਨੇ ਨਕਾਰਿਆ ਹੈ।[183]

ਤੀਸਰਾ, ਮਨੁੱਖ ਝੂਠ ਦਾ ਸਹਾਰਾ ਲੈ ਕੇ, ਮਕਾਰ ਤੇ ਛੱਲਕਪਟ ਨਾਲ ਮਾਇਆ ਇੱਕਠੀ ਕਰਦਾ ਹੈ।[184]

ਇਸ ਤਰ੍ਹਾਂ ਗਲਤ ਢੰਗਾਂ ਨਾਲ ਮਾਇਆ ਇੱਕਤਰ ਕਰਨ ਵਾਲੇ ਮਨੁੱਖਾਂ ਦੀ ਗੁਰੂ ਸਾਹਿਬ ਨੇ ਅਲੋਚਨਾ ਕੀਤੀ ਹੈ ਕਿਉਂਕਿ ਅਣਉਚਿਤ ਸਾਧਨਾ ਨਾਲ ਜੋੜੀ ਮਾਇਆ ਦਾ ਕੋਈ ਲਾਭ ਨਹੀਂ ਹੈ।[185] ਉਨਾਂ ਨੇ ਸੱਚੀ ਸੁੱਚੀ ਕਿਰਤ ਨਾਲ ਦੌਲਤ ਪ੍ਰਾਪਤ ਕਰਨ ਨੂੰ ਬੁਰਾ ਨਹੀਂ ਸਮਝਿਆ। ਦੌਲਤ ਉਥੇ ਦੁਖਦਾਈ ਹੈ ਜਦੋਂ ਇਹ ਗਲਤ ਢੰਗਾਂ ਨਾਲ ਇੱਕਠੀ ਕੀਤੀ ਜਾਵੇ ਜਾਂ ਫਿਰ ਦੌਲਤ ਉਸ ਅਵਸਥਾ ਵਿੱਚ ਦੁਖਦਾਈ ਹੈ ਜਦੋਂ ਮਨੁੱਖ ਰੱਬ ਦੀ ਥਾਂ ਇਸੇ ਵਿੱਚ ਖਚਤ ਹੋ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਸਮੇਂ ਧਰਮ ਲੁੱਟ ਘਸੁੱਟ ਤੇ ਕਮਾਈ ਦਾ ਸਾਧਨ ਬਣ ਚੁਕਿਆ ਸੀ। ਵਿਹਲੜ ਬੰਦਿਆਂ ਨੇ ਧਾਰਮਿਕ ਰੂਪ ਧਾਰ ਕੇ ਲੋਕਾਂ ਤੋਂ ਭੀਖ ਮੰਗ ਕੇ ਲੁੱਟਣਾ ਸ਼ੁਰੂ ਕੀਤਾ ਹੋਇਆ ਸੀ। ਇਸ ਤਰਾਂ ਇਹ ਧਾਰਮਿਕ ਲੋਕ ਦੇਸ਼ ਦੀ ਆਰਥਿਕਤਾ ਉਪਰ ਬੋਝ ਬਣੇ ਹੋਏ ਸਨ।

ਗੁਰੂ ਸਾਹਿਬ ਨੇ ਮੰਗਣ ਨੂੰ ਲਾਹਨਤ ਕਿਹਾ ਹੈ ਤੇ ਧਾਰਮਿਕ ਮਨੁੱਖ ਲਈ ਤਾਂ ਭੀਖ ਮੰਗਣਾ ਹੋਰ ਵੀ ਬੁਰਾ

ਹੈ। ਉਹਨਾਂ ਨੇ ਆਰਥਿਕ ਲੋੜਾਂ ਨੂੰ ਜੀਵਨ ਆਧਾਰ ਮੰਨਦਿਆਂ ਇਨ੍ਹਾਂ ਦੀ ਪੂਰਤੀ ਨੂੰ ਗੈਰ ਧਾਰਮਿਕ ਨਹੀਂ ਮੰਨਿਆ। ਉਹਨਾਂ ਅਨੁਸਾਰ ਮਨੁੱਖ ਨੂੰ ਮਾਇਆ ਵਲੋਂ ਨਿਰਲੇਪ ਰਹਿਣਾ ਚਾਹੀਦਾ ਹੈ ਅਤੇ ਇਸ ਨੂੰ ਕੇਵਲ ਸਾਧਨ ਵਜੋਂ ਪ੍ਰਯੋਗ ਕਰਨਾ ਚਾਹੀਦਾ ਹੈ।

### 7.4.3 ਕਿਰਤ ਦੀ ਚੋਣ

ਆਰੰਭ ਤੋਂ ਹੀ ਸਿੱਖ ਗੁਰੂਆਂ ਦਾ ਇੱਕ ਵੱਖਰੀ ਪ੍ਰਕਾਰ ਦੇ ਸਮਾਜ ਦਾ ਸੰਕਲਪ ਰਿਹਾ ਹੈ। ਇਹ ਸੰਕਲਪ ਉਹਨਾਂ ਤੋਂ ਪਹਿਲਾਂ ਦੇ ਜਾਣੇ-ਪਛਾਣੇ ਸਮਾਜ ਤੇ ਉਨ੍ਹਾਂ ਦੇ ਸਮਕਾਲੀ ਸਮਾਜ ਨਾਲੋਂ ਵਖਰਾ ਹੈ। ਇਹ ਇਕ ਅਜਿਹੇ ਸਮਾਜ ਦਾ ਸੰਕਲਪ ਹੈ ਜਿਸ ਵਿਚ ਕਿਸੇ ਨੂੰ ਵੀ ਆਪਣੀਆਂ ਜ਼ਰੂਰਤਾਂ ਲਈ ਮੰਗਤੇ ਹੋਣ ਦੀ ਅਵਸਥਾ ਤੱਕ ਨਾ ਉਤਰਨਾ ਪਵੇ ਤੇ ਜਿਸ ਵਿਚ ਹਰ ਕਿਸੇ ਲਈ ਹੱਥੀਂ ਕੰਮ ਕਰਨਾ ਜ਼ਰੂਰੀ ਹੋਵੇ।[186]

ਗੁਰੂ ਨਾਨਕ ਸਾਹਿਬ ਨੇ ਸੱਚੀ ਸੁੱਚੀ ਕਿਰਤ ਦਾ ਸੁਝਾਅ ਦਿੱਤਾ ਹੈ। ਇਸ ਤਰਾਂ ਗੁਰੂ ਨਾਨਕ ਦੇਵ ਜੀ ਉਹਨਾਂ ਅਰਥ ਸ਼ਾਸਤਰੀਆਂ ਤੋਂ ਵਖ ਹੋ ਗਏ, ਜਿਹਨਾਂ ਅਨੁਸਾਰ ਅਰਥ ਸ਼ਾਸਤਰ ਦਾ ਧਰਮ ਸ਼ਾਸਤਰ ਅਤੇ ਆਚਾਰ ਸ਼ਾਸਤਰ ਨਾਲ ਸੰਬੰਧ ਨਹੀਂ ਹੋ ਸਕਦਾ। ਉਹਨਾਂ ਅਨੁਸਾਰ ਇਮਾਨਦਾਰੀ ਦੀ ਕਿਰਤ ਪ੍ਰਵਾਨ ਹੈ।[187] ਇਮਾਨਦਾਰੀ ਦੀ ਉਸ ਸਮੇਂ ਤਕ ਕਿਸੇ ਮਨੁਖ ਤੋਂ ਆਸ ਨਹੀਂ ਕੀਤੀ ਜਾ ਸਕਦੀ ਜਦੋਂ ਤੱਕ ਸ਼ੀਲ ਤੇ ਸੰਜਮ ਜਿਹੇ ਸਦਗੁਣ ਉਸ ਦੇ ਜੀਵਨ ਦਾ ਅੰਗ ਨਾ ਬਣ ਜਾਣ।[188] ਗੁਰੂ ਨਾਨਕ ਦੇਵ ਜੀ ਉਹਨਾਂ ਧੰਧਿਆਂ ਦਾ ਵਿਰੋਧ ਕਰਦੇ ਹਨ ਜਿਹੜੇ ਸਮਾਜ ਵਿਚ ਬੁਰਾਈ ਨੂੰ ਵਧਾਉਂਦੇ ਹੋਣ।[189] ਗਲਤ ਸਾਧਨਾਂ ਰਾਹੀਂ ਇੱਕਠੇ ਕੀਤੇ ਧਨ ਦੌਲਤ ਨਾਲ ਮਨੁੱਖ ਵਿਚ ਕਈ ਵਿਕਾਰ ਤੇ ਬੁਰਾਈਆਂ ਆ ਜਾਂਦੀਆਂ ਹਨ। ਸਿੱਟੇ ਵਜੋਂ ਉਸ ਦਾ ਨੈਤਿਕ ਅਧਿਆਤਮਕ ਪੱਖੋਂ ਪਤਨ ਹੋ ਜਾਂਦਾ ਹੈ।

ਦੇਵੀ ਦੇਵਤੇ ਵੀ ਮਨੁੱਖ ਦੀ ਆਰਥਿਕ ਖੁਸ਼ਹਾਲੀ ਵਿਚ ਯੋਗਦਾਨ ਨਹੀਂ ਪਾ ਸਕਦੇ।[190] ਗੁਰੂ ਜੀ ਨੇ ਕਿਰਤ ਕਰਨ ਦਾ ਮੁੱਦਾ ਪੇਸ਼ ਕਰਦਿਆਂ ਹਰ ਮਨੁੱਖ ਲਈ ਇਸ ਨੂੰ ਜ਼ਰੂਰੀ ਕਰਾਰ ਦਿੱਤਾ ਹੈ।[191]

ਸਿੱਖ ਧਰਮ ਦੇ ਤਿੰਨ ਸੰਕਲਪ 'ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ' ਭਾਵੇਂ ਵੱਖਰੇ ਵੱਖਰੇ ਹਨ ਪਰ ਇਹਨਾਂ ਦੀ ਦਿਸ਼ਾ ਇਕ ਹੋਣ ਕਰਕੇ ਅਨਿਖੜ ਵੀ ਹਨ। ਸਿੱਖ ਧਰਮ ਹਨ ਅਨੁਯਾਈ ਜਾਂ ਮਨੁੱਖ ਲਈ ਇਹ ਤਿੰਨੇ ਗੱਲਾਂ ਲਾਜ਼ਮੀ ਕਰਾਰ ਦਿੰਦਾ ਹੈ। ਇਸ ਸਿਧਾਂਤ ਅਨੁਸਾਰ ਚਲਣਾ ਹੀ ਮਨੁੱਖੀ ਜੀਵਨ ਦੀ ਪਰਿਭਾਸ਼ਾ ਹੈ। ਗੁਰੂ ਨਾਨਕ ਸਾਹਿਬ ਕਿਰਤ ਨੂੰ ਮਨੁੱਖ ਦੇ ਅਵਚੇਤਨ ਨਾਲ ਜੋੜਦੇ ਹਨ ਕਿਉਂਕਿ ਮਨੁੱਖ ਦਾ ਅਵਚੇਤਨ ਉਸ ਦੀਆਂ ਸਾਰੀਆਂ ਸ਼ਕਤੀਆਂ ਦਾ ਸੋਮਾ ਹੈ, ਇਸ ਤਰ੍ਹਾਂ ਕਿਰਤ ਨਾਮ ਨਾਲ ਜੁੜਦੀ ਹੈ। ਕਿਰਤ ਕਰਕੇ ਹੀ ਵੰਡ ਕੇ ਛਕਣ ਦਾ ਲਕਸ਼ ਸਾਕਾਰ ਹੁੰਦਾ ਹੈ। ਕਿਰਤ ਦਾ ਸਤਿਕਾਰ ਕਿਰਤੀ ਦਾ ਸਤਿਕਾਰ ਬਣ ਕੇ ਸਾਹਮਣੇ ਆਉਂਦਾ ਹੈ।

ਗੁਰੂ ਨਾਨਕ ਬਾਣੀ ਮਨੁੱਖ ਦੇ ਰਾਜ ਨਾਲੋਂ ਰੱਬ ਦੇ ਰਾਜ ਉਤੇ ਵਿਸ਼ਵਾਸ ਰਖਦੀ ਹੈ। ਰੱਬ ਦੇ ਰਾਜ ਵਿਚ ਵਿਤਕਰਾ ਅਤੇ ਬੇਇਨਸਾਫੀ ਨਹੀਂ, ਇਸ ਕਰਕੇ ਹਰ ਪਖੋਂ ਬਰਾਬਰੀ ਹਰ ਮਨੁੱਖ ਦਾ ਜਨਮ ਸਿਧ ਅਧਿਕਾਰ ਬਣ ਜਾਂਦਾ ਹੈ ਤੇ ਇਹ ਉਸ ਨੂੰ ਮਿਲ ਜਾਂਦਾ ਹੈ। ਕਿਰਤ ਸਬੰਧੀ ਵੰਡ ਵੀ ਉਥੇ ਵਿਤਕਰੇ ਭਰੀ ਨਹੀਂ ਹੁੰਦੀ। ਇਸ ਕਰਕੇ ਮਨੁੱਖੀ ਸਮਰਥਾ ਦੀ ਸੀਮਾ ਨੂੰ ਠੀਕ ਥਾਂ ਤੇ ਰਖਣ ਲਈ ਰੱਬੀ ਸਮਰਥਾ ਦੀ ਕਲਪਨਾ ਕੀਤੀ ਗਈ ਹੈ। ਰੱਬ ਅਤੇ ਮਨੁੱਖਤਾ ਦੇ ਦਰਮਿਆਨ ਸੰਗਤ ਅਤੇ ਪੰਜ ਪਿਆਰਿਆਂ ਦਾ ਸੰਕਲਪ ਹੈ। ਇੰਜ ਸ਼ਕਤੀ ਇੱਕ ਰੱਬ ਦੇ ਹੱਥ ਵਿਚ ਕਦੇ ਨਹੀਂ ਰਹਿੰਦੀ। ਸੰਗਤ ਅਤੇ ਪੰਜ ਪਿਆਰੇ ਸਮੁਚੇ ਰੂਪ ਵਿਚ ਰੱਬ ਦੇ ਪ੍ਰਤਿਨਿਧੀ ਹੁੰਦੇ ਹਨ। ਇਸ ਕਰਕੇ ਉਸ ਦੁਆਰਾ ਦਿੱਤੀ ਸ਼ਕਤੀ ਨੂੰ ਵਰਤਨ ਦੇ ਹੱਕਦਾਰ ਹਨ। ਸੰਗਤ ਵਿਚ ਹਰ ਮਨੁੱਖ ਫੈਸਲਾ ਕਰਨ ਵਿਚ ਵੀ ਸ਼ਾਮਿਲ ਹੈ, ਲਾਗੂ ਕਰਾਉਣ ਵਿਚ ਵੀ ਸ਼ਾਮਿਲ ਹੈ ਅਤੇ ਜਿਸ ਉਤੇ ਲਾਗੂ ਹੋਣਾ ਹੈ ਉਹ ਵੀ ਉਹ ਆਪ ਹੈ। ਕਿਰਤ ਅਤੇ ਕਿਰਤ ਫਲ ਦੀ ਵੰਡ ਵਿਚ ਅਸਮਾਨਤਾ ਨੂੰ ਦੂਰ ਕਰਨ ਵਾਸਤੇ ਅਤੇ ਇਸ ਨੂੰ ਨਿਸ਼ਚਿਤ ਅਤੇ ਠੀਕ ਦਿਸ਼ਾ ਵਿਚ

ਰਖਣ ਵਾਸਤੇ ਲੋਕ ਸਮੂਹ ਨੂੰ ਸੰਗਤ ਦੇ ਰੂਪ ਵਿਚ ਸ਼ਕਤੀ ਦਾ ਸੋਮਾ ਮੰਨਿਆ ਗਿਆ ਹੈ। ਸਾਰੇ ਅਧਿਕਾਰ ਉਸ ਕੋਲ ਹਨ। ਇਸ ਦਾ ਅਰਥ ਇਹ ਹੈ ਕਿ ਸਮਾਜ ਨੂੰ ਚਲਾਉਣ ਲਈ ਜੋ ਵੀ ਕਾਨੂੰਨ ਬਣਾਏ ਜਾਣ ਉਹ ਰੱਬ/ਕੁਦਰਤ ਦੁਆਰਾ ਦਿਤੇ ਅਸੂਲਾਂ ਅਨੁਸਾਰ ਬਣਾਏ ਜਾਣ ਤਾਂ ਕਿ ਕਿਸੇ ਦੇ ਨਾਲ ਕਿਸੇ ਪਖੋਂ ਜ਼ਿਆਦਤੀ ਨਾ ਹੋਵੇ। ਕਿਰਤ ਸਭ ਨੂੰ ਮਿਲੇ ਅਤੇ ਕਿਰਤ ਦਾ ਠੀਕ ਫਲ ਉਹ ਆਪ ਭੋਗੇ ਅਤੇ ਲੋੜਵੰਦਾਂ ਵਿਚ ਵੰਡੇ।[192]

ਸੰਗਤ ਦੇ ਇਤਿਹਾਸ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸੱਚੀ ਸੁੱਚੀ ਕਿਰਤ ਕਰਨੀ ਸੰਗਤ ਦਾ ਇੱਕ ਮੁੱਖ ਮੁੱਦਾ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਨੇ ਜਦੋਂ ਸਿੱਖ ਸੰਗਤਾਂ ਦੀ ਸਥਾਪਨਾ ਕੀਤੀ ਉਸ ਦੇ ਨਾਲ ਹੀ ਸਿੱਖ ਸੰਗਤਾਂ ਨੂੰ ਕਿਰਤ ਕਰਨ ਦਾ ਹੁਕਮ ਕੀਤਾ। ਸੂਰਜ ਪ੍ਰਕਾਸ਼ ਦੇ ਕਰਤਾ ਅਨੁਸਾਰ:

> ਮਾਨੇ ਬਚਨ ਗੁਰੂ ਕੇ ਸਭਹੀ॥
> ਦਰਬ ਲੁਟਾਏ ਦੀਨ ਤਿਨ ਤਬਹੀ॥
> ਖੇਤੀ ਕਰਨ ਲਗਯੋ ਸਭ ਗਾਮਾ॥
> ਪੂਰਬ ਕੋ ਤਜ ਦਯੋ ਰੁਕਾਮਾ॥
> ਧਰਮਸਾਲ ਮਿਲ ਸਾਕਲ ਸਵਾਰੀ॥
> ਭਾਓ ਭਗਤਿ ਕੇ ਭੇ ਅਧਿਕਾਰੀ॥[193]

ਗੁਰੂ ਅਮਰਦਾਸ ਜੀ ਨੇ ਵੀ ਸਿਖ ਸੰਗਤਾਂ ਨੂੰ ਧਰਮ ਦੀ ਕਿਰਤ ਕਰਨ ਦਾ ਉਪਦੇਸ਼ ਦਿੱਤਾ ਹੈ।[194]

ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਸਿਖ ਸੰਗਤਾਂ ਨੂੰ ਧਰਮ ਦੀ ਕਿਰਤ ਕਰਨ ਲਈ ਕਿਹਾ।[195]

ਇਸੇ ਤਰ੍ਹਾਂ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਵੀ ਸੰਗਤ ਵਿੱਚ ਕਿਰਤ ਕਰਨ ਲਈ ਕਿਹਾ ਹੈ।[196]

ਗੁਰੂ ਤੇਗ ਬਹਾਦਰ ਜੀ ਨੇ ਵੀ ਹੁਕਮਨਾਮਿਆਂ ਰਾਹੀਂ ਸਿੱਖ ਸੰਗਤਾਂ ਨੂੰ ਕਿਰਤ ਕਰਨ ਲਈ ਕਿਹਾ।[197]

ਸੰਗਤ ਨੇ ਖੇਤੀ ਬਾੜੀ ਦਸਤਕਾਰੀ ਅਤੇ ਵਾਪਾਰ ਦੇ ਧੰਧਿਆਂ ਨੂੰ ਆਪਣਾ ਕੇ ਬਹੁਤ ਤਰੱਕੀ ਕੀਤੀ ਹੈ। ਦੇਸਾ ਸਿੰਘ ਦੇ ਰਹਿਤਨਾਮੇ ਅਨੁਸਾਰ ਹਰ ਸਿਖ ਨੂੰ ਖੇਤੀ, ਵਾਪਾਰ ਜਾਂ ਦਸਤਕਾਰੀ ਜਾਂ ਕੋਈ ਹੋਰ ਕੰਮ ਜਿਹੜਾ ਲੋਕ ਸੇਵਾ ਹਿਤ ਹੋਵੇ, ਕਰਨ ਦੀ ਤਾਕੀਦ ਕੀਤੀ ਗਈ ਹੈ।[198]

ਇੰਜ ਇਤਿਹਾਸ ਤੋਂ ਸਪਸ਼ਟ ਹੈ ਕਿ 'ਸਿਖ ਸੰਗਤ' ਵਿਚ ਕਿਰਤ ਕਰਨ ਦਾ ਮੁੱਦਾ ਸੰਗਤਾਂ ਦੀ ਸਥਾਪਨਾ ਦੇ ਸਮੇਂ ਤੋਂ ਹੀ ਵਿਚਾਰਿਆ ਅਤੇ ਅਮਲ ਵਿੱਚ ਲਿਆਂਦਾ ਜਾਂਦਾ ਰਿਹਾ ਹੈ।

### 7.5. ਮਨੁੱਖੀ ਅਧਿਕਾਰ :

ਅਧਿਕਾਰ ਸਮਾਜਿਕ ਜੀਵਨ ਦੀਆਂ ਉਹ ਅਵਸਥਾਵਾਂ ਹਨ ਜਿਨ੍ਹਾਂ ਤੋਂ ਬਿਨਾਂ ਮਨੁੱਖ ਆਪਣਾ ਸੰਪੂਰਨ ਵਿਕਾਸ ਨਹੀਂ ਕਰ ਸਕਦਾ।[199] ਅਧਿਕਾਰਾਂ ਦੁਆਰਾ ਹੀ ਮਨੁੱਖ ਆਪਣੀ ਸੁਤੰਤਰਤਾ, ਜਾਨ ਤੇ ਮਾਲ ਦੀ ਰੱਖਿਆ ਕਰ ਸਕਦਾ ਹੈ।[200] ਵਾਸਤਵ ਵਿਚ ਅਧਿਕਾਰ ਉਸ ਪ੍ਰਬੰਧ ਨਿਯਮ ਜਾਂ ਰੀਤੀ ਨੂੰ ਕਹਿੰਦੇ ਹਨ ਜਿਸ ਨੂੰ ਕਿਸੇ ਦਾ ਕਾਨੂੰਨ ਮਨਜ਼ੂਰ ਕਰਦਾ ਹੈ, ਜਿਸ ਤੋਂ ਨਾਗਰਿਕ ਦੇ ਸਭ ਤੋਂ ਜਿਆਦਾ ਕਲਿਆਣ ਵਿੱਚ ਸਹਾਇਤਾ ਮਿਲਦੀ ਹੈ।[201] ਅਧਿਕਾਰਾਂ ਦੁਆਰਾ ਹੀ ਮਨੁਖ ਸਮਾਜ ਵਿਚ ਉਨਤੀ ਕਰ ਸਕਦਾ ਹੈ।[202] ਅਧਿਕਾਰ ਬੇਹਦ ਨਹੀਂ ਹੁੰਦੇ ਸਗੋਂ ਇਹ ਸਦਾਚਾਰ ਤੇ ਬੁਧੀ ਤੇ ਆਧਾਰਿਤ ਹੁੰਦੇ ਹਨ। ਕਿਸੇ ਮਨੁੱਖ ਨੂੰ ਸਮਾਜ ਵਿੱਚ ਨਫਰਤ ਫੈਲਾਉਣ ਤੇ ਚੋਰੀ ਕਰਨ ਦਾ ਅਧਿਕਾਰ ਨਹੀਂ ਦਿੱਤਾ ਜਾ ਸਕਦਾ। ਇਹ ਕਿਸੇ ਖਾਸ ਵਿਅਕਤੀ ਨੂੰ ਨਹੀਂ ਸਗੋਂ ਸਾਰੀ ਜਨਤਾ ਨੂੰ ਮਿਲਦੇ ਹਨ। ਅਧਿਕਾਰ ਮਨੁੱਖ ਦੇ ਸਮਾਜਿਕ ਸੁਭਾਅ ਦਾ ਫਲ ਹਨ। ਮਨੁਖ ਅਧਿਕਾਰਾਂ ਤੋਂ ਬਿਨਾਂ ਸਮਾਜਿਕ ਜੀਵਨ ਬਿਤਾ ਹੀ ਨਹੀਂ ਸਕਦਾ।

ਮਨੁੱਖੀ ਸਨਮਾਨ ਅਤੇ ਸੁਰੱਖਿਆ ਦਾ ਆਧਾਰ ਕੁਝ ਜਰੂਰੀ ਅਧਿਕਾਰ ਹੁੰਦੇ ਹਨ, ਜਿਨ੍ਹਾਂ ਦੀ ਅਣਹੋਂਦ ਵਿਚ ਮਨੁੱਖੀ ਜੀਵਨ ਗੈਰ ਯਕੀਨੀ ਵਿਚ ਪਿਆ ਰਹਿੰਦਾ ਹੈ। ਕੁਝ ਵਿਚਾਰਵਾਨਾਂ ਦਾ ਮੱਤ ਹੈ ਕਿ ਮਨੁੱਖ ਵਿਚ ਅਧਿਕਾਰਾਂ ਪ੍ਰਤੀ ਚੇਤੰਨਤਾ ਆਦਿ ਕਾਲ ਤੋਂ ਨਹੀਂ ਹੈ। ਰੂਸੋ ਦਾ ਮੱਤ ਹੈ ਕਿ ਅਧਿਕਾਰ ਦਾ ਅਹਿਸਾਸ ਮਨੁੱਖੀ ਇਤਿਹਾਸ ਦੇ ਵਿਸ਼ੇਸ਼ ਪੜਾਅ ਤੇ ਹੀ ਹੋਇਆ ਹੋਵੇਗਾ। ਉਸ ਅਨੁਸਾਰ :

"The nature state, as thus conceived, is a state of substantial equality. No baneful distinction is to be seen among the individuals who pursue in isolation. the Placid routine of satisfying their physical needs."[203]

ਹਾਲਾਂਕਿ ਪ੍ਰਾਚੀਨ ਸਾਹਿਤ ਵਿਚ ਅਧਿਕਾਰਾਂ ਨੂੰ ਖੋਹਣਾ ਅਤੇ ਅਧਿਕਾਰਾਂ ਦੀ ਦੁਰਵਰਤੋਂ ਦਾ ਜਿਕਰ ਮਿਲ ਜਾਂਦਾ ਹੈ। ਮਹਾਂਭਾਰਤ ਦੀਆਂ ਕਈ ਘਟਨਾਵਾਂ ਇਸ ਦਾ ਪ੍ਰਮਾਣ ਹਨ।

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਕਿਸੇ ਵੀ ਭਾਰਤੀ ਦਾਰਸ਼ਨਿਕ ਵਿਚਾਰਵਾਨ ਜਾਂ ਧਾਰਮਿਕ ਆਗੂ ਨੇ ਸਾਰੇ ਮਨੁੱਖਾਂ ਦੇ ਅਧਿਕਾਰਾਂ ਦੀ ਗੱਲ ਨਹੀਂ ਕੀਤੀ। ਰਿਸ਼ੀ ਮਨੂੰ ਨੇ ਸਮਾਜ ਦੇ ਕੁਲੀਨ ਵਰਗ ਦੇ ਹੀ ਅਧਿਕਾਰਾਂ ਦਾ ਵਰਨਣ ਕੀਤਾ ਹੈ। ਮਨੂੰ ਦਾ ਇਹ ਖਿਆਲ ਸੀ ਕਿ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਕੋਈ ਅਧਿਕਾਰ ਨਹੀਂ ਹੋਣਾ ਚਾਹੀਦਾ।

ਪੱਛਮੀ ਜਗਤ ਵਿਚ ਮਨੁੱਖੀ-ਅਧਿਕਾਰਾਂ ਦੀ ਗੱਲ ਆਧੁਨਿਕ ਸੰਦਰਭ ਵਿਚ ਬਹੁਤੀ ਪੁਰਾਣੀ ਨਹੀਂ ਮੰਨੀ ਜਾਂਦੀ। ਮੱਧਕਾਲੀਨ ਦਾਰਸ਼ਨਿਕਾਂ ਲਈ ਰਾਜਨੀਤਿਕ ਆਚਾਰ ਸੰਹਿਤਾ ਦੀਆਂ ਸਮੱਸਿਆਵਾਂ, ਅਧਿਕਾਰ ਦੀਆਂ ਸਮੱਸਿਆਵਾ ਨਹੀਂ ਸਨ, ਸਗੋਂ ਮਨੁੱਖ ਦੇ ਪਰਮਾਤਮਾ, ਆਪਣੇ ਰਾਜੇ, ਆਪਣੇ ਚਰਚ ਪ੍ਰਤੀ ਕਰੱਤਵ ਸਨ।[204]

ਅਸਲ ਵਿਚ ਮਨੁੱਖੀ ਅਧਿਕਾਰਾਂ ਦੀ ਗੱਲ 18ਵੀਂ ਸਦੀ ਦੇ ਅੰਤਮ ਦੋ ਦਹਾਕਿਆਂ ਵਿਚ ਤੁਰੀ ਮੰਨੀ ਜਾਂਦੀ ਹੈ।[205]

ਸੰਨ 1948 ਈ. ਵਿੱਚ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਐਲਾਨ ਉਪਰੰਤ ਹੀ, ਵਿਸ਼ਵ ਭਰ ਵਿਚ ਮਨੁੱਖੀ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ ਹੈ ਪਰ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ 15-16ਵੀਂ ਸਦੀ ਵਿਚ ਵਿਚਰ ਕੇ ਮਨੁੱਖੀ ਅਧਿਕਾਰਾਂ ਲਈ ਆਵਾਜ਼ ਬੁਲੰਦ ਕੀਤੀ। ਗੁਰੂ ਨਾਨਕ ਕਾਲ ਸਮੇਂ ਹਿੰਦੂਆਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਦਾ ਜ਼ਿਕਰ ਕਰਦਾ ਹੋਇਆ ਲੈਨ ਪੂਲ ਲਿਖਦਾ ਹੈ;

"ਹਿੰਦੂਆਂ ਦਾ ਜੀਵਨ ਬਹੁਤ ਤੰਗ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਸਵਾਰੀ ਲਈ ਘੋੜੇ ਰੱਖਣ ਅਤੇ ਆਪਣੇ ਨਾਲ ਹਥਿਆਰ ਲਿਜਾਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਸੀ। ਚੰਗੇ ਕੱਪੜੇ ਪਹਿਨਣ ਤੇ ਜਿੰਦਗੀ ਦੇ ਐਸ਼ ਆਰਾਮ ਮਾਣ ਸਕਣ ਉਤੇ ਪਾਬੰਦੀ ਲਾ ਦਿੱਤੀ ਗਈ ਸੀ।"

ਸੋਨਾ ਚਾਂਦੀ ਜਾਂ ਪਾਨ ਸੁਪਾਰੀ ਕਿਸੇ ਵੀ ਹਿੰਦੂ ਘਰ ਵਿਚ ਰੱਖਣ ਦੀ ਮਨਾਹੀ ਸੀ। ਗਰੀਬ ਕੀਤੇ ਹਿੰਦੂ ਮੁਲਾਜਮਾਂ ਦੀਆਂ ਇਸਤਰੀਆਂ ਨੂੰ ਮੁਸਲਮਾਨਾਂ ਦੇ ਘਰਾਂ ਵਿਚ ਮਜ਼ਬੂਰ ਹੋ ਕੇ ਕੰਮ ਕਰਨਾ ਪੈਂਦਾ ਸੀ।[206]

ਸਿਕੰਦਰ ਲੋਧੀ ਨੇ ਇਕ ਬੋਧਨ ਨਾਮੀ ਬ੍ਰਾਹਮਣ ਨੂੰ ਇਤਨਾ ਕਹਿਣ ਤੇ ਹੀ ਕਿ ਇਸਲਾਮ ਵਰਗਾ ਸੱਚਾ ਹੋਰ ਕੋਈ ਵੀ ਧਰਮ ਹੋ ਸਕਦਾ ਹੈ, ਮੌਤ ਦੇ ਘਾਟ ਉਤਾਰ ਦਿੱਤਾ ਸੀ।[207] ਡਾ. ਭਗਤ ਸਿੰਘ ਸੁਲਤਾਨ ਦੀ ਧਾਰਮਿਕ ਨੀਤੀ ਬਾਰੇ ਬਿਆਨ ਕਰਦਿਆਂ ਲਿਖਦੇ ਹਨ;

"ਸੁਲਤਾਨ ਹਿੰਦੂ ਪਰਜਾ ਨੂੰ ਵੀ ਕਾਇਮ ਰੱਖਣਾ ਚਾਹੁੰਦੇ ਸਨ ਤੇ ਧਾਰਮਿਕ ਆਗੂਆਂ (ਮੁਸਲਿਮ) ਨੂੰ ਵੀ ਨਾਰਾਜ ਨਹੀਂ ਸੀ ਹੋਣ ਦੇਣਾ ਚਾਹੁੰਦੇ। ਇਸ ਲਈ ਉਨ੍ਹਾਂ ਨੇ ਨਾ ਤਾਂ ਧਾਰਮਿਕ ਆਗੂਆਂ ਦੇ ਕਹਿਣ ਤੇ ਹਿੰਦੂਆਂ ਦਾ ਸਫਾਇਆ ਕੀਤਾ ਅਤੇ ਨਾ ਹੀ ਉਨਾਂ (ਹਿੰਦੂਆਂ) ਨੂੰ ਨਾਗਰਿਕਾਂ ਵਾਲੇ ਅਧਿਕਾਰ ਦਿੱਤੇ।"[208] ਇਸ ਤਰ੍ਹਾਂ ਇਕ

ਹੋਰ ਇਤਿਹਾਸਕਾਰ ਏ.ਬੀ. ਪਾਂਡੇ ਕਹਿੰਦਾ ਹੈ ਕਿ ਹਿੰਦੂਆਂ ਨੂੰ ਉਹਨਾਂ ਦੇ ਧਾਰਮਿਕ ਅਧਿਕਾਰਾਂ ਤੋਂ ਵਾਂਝਾ ਕਰ ਦਿੱਤਾ ਗਿਆ ਸੀ।[209]

ਮੁਸਲਿਮ ਵਰਗ ਰਾਜਨੀਤਕ ਤੌਰ ਤੇ ਕਾਬਜ ਹੋਣ ਕਾਰਣ ਸਮਾਜਿਕ ਤੌਰ ਤੇ ਵੀ ਕਾਬਜ਼ ਸੀ। ਉਹਨਾਂ ਦਿਨਾਂ ਵਿਚ ਮੁਸਲਮਾਨ ਹੋਣਾ ਇਕ ਯੋਗਤਾ ਸੀ ਅਤੇ ਹਿੰਦੂ ਹੋਣਾ ਅਯੋਗਤਾ। ਨਾ ਕੋਈ ਹਿੰਦੂ ਸਿਰ ਉਠਾ ਕੇ ਚਲ ਸਕਦਾ ਸੀ ਤੇ ਨਾ ਜਨਤਕ ਤੌਰ ਤੇ ਆਪਣੇ ਉਤਸਵਾਂ ਨੂੰ ਮਨਾ ਸਕਦਾ ਸੀ। ਨਵੇਂ ਮੰਦਰ ਬਣਾਉਣ ਦੀ ਖੁਲ੍ਹ ਤਾਂ ਇਕ ਪਾਸੇ ਪੁਰਾਣੇ ਮੰਦਰਾਂ ਨੂੰ ਮੁਰੰਮਤ ਕਰਨ ਦੀ ਵੀ ਆਗਿਆ ਨਹੀਂ ਸੀ। ਬਹੁਤ ਸਾਰੇ ਮੰਦਰਾਂ ਨੂੰ ਢਾਹ ਮਸਜਿਦਾਂ ਉਸਾਰ ਦਿੱਤੀਆਂ ਗਈਆਂ ਸਨ। ਮਥਰਾ ਵਿਚਲੇ ਮੰਦਰਾਂ ਦੀਆਂ ਸਿਕੰਦਰ ਲੋਧੀ ਨੇ ਮੂਰਤੀਆਂ ਤੁੜਵਾਂ ਕੇ ਬੁਚੜਾਂ ਨੂੰ ਵੱਟਿਆਂ ਵਜੋਂ ਵਰਤਣ ਲਈ ਦੇ ਦਿੱਤੀਆ ਸਨ।[210]

ਹਿੰਦੂਆਂ ਨੂੰ ਆਪਣੀ ਜਾਨ ਬਖਸ਼ੀ ਅਤੇ ਜਾਨ ਹਿਫਾਜ਼ਤ ਲਈ ਕਰ ਦੇਣਾ ਪੈਂਦਾ ਸੀ।[211] ਇਹ ਕਰ ਕੱਟੜ ਸ਼ਾਸਕਾਂ ਨੇ ਮੰਦਰਾਂ ਤੇ ਲਾਇਆ ਹੋਇਆ ਸੀ।[212] ਹਿੰਦੂ ਡਰਦੇ ਮਾਰੇ ਹੱਥ ਵਿਚ ਕਤੇਬ ਰੱਖਦੇ ਸਨ ਅਤੇ ਅੰਦਰ ਲੁਕ ਕੇ ਦੇਵਤਿਆਂ ਦੀ ਪੂਜਾ ਕਰਦੇ ਸਨ।[213]

ਇੰਜ ਇਸ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਸਮੇਂ ਤੱਕ ਮਨੁੱਖੀ ਅਧਿਕਾਰਾਂ ਨੂੰ ਵੱਡੀ ਪੱਧਰ ਤੇ ਖੋਹਿਆ ਗਿਆ ਸੀ। ਇਸ ਲਈ ਉਹਨਾਂ ਸਮਾਜਿਕ ਪੀੜਾ ਨੂੰ ਸਮਝਦਿਆਂ ਸੰਗਤ ਦੇ ਪ੍ਰਸੰਗ ਵਿਚ ਮਨੁੱਖੀ ਅਧਿਕਾਰਾਂ ਦਾ ਮੁੱਦਾ ਉਠਾਇਆ । ਇਸ ਮੁੱਦੇ ਅਧੀਨ ਜਿਹੜੇ ਪ੍ਰਮੁੱਖ ਮਨੁੱਖੀ ਅਧਿਕਾਰ ਸਾਹਮਣੇ ਆਉਂਦੇ ਹਨ, ਉਹ ਇਸ ਪ੍ਰਕਾਰ ਹਨ :

**1. ਬਰਾਬਰੀ ਦਾ ਅਧਿਕਾਰ** : ਬਰਾਬਰੀ ਦਾ ਅਰਥ ਹੈ ਕਿ ਸਮਾਜ ਵਿਚ ਹਰ ਮਨੁੱਖ ਨੂੰ ਵਿਕਾਸ ਦੇ ਸਮਾਨ ਅਵਸਰ ਪ੍ਰਾਪਤ ਹੋਣ। ਮਨੁੱਖ ਨੂੰ ਮਾਨਵੀ ਵਿਕਾਸ ਲਈ ਜਿਨ੍ਹਾਂ ਸਹੂਲਤਾਂ ਦੀ ਲੋੜ ਹੁੰਦੀ ਹੈ, ਰਾਜ ਨੂੰ ਉਨਾਂ ਦਾ ਪ੍ਰਬੰਧ ਕਿਸੇ ਜਾਤ-ਪਾਤ, ਸਮਾਜਕ ਤੇ ਸਭਿਆਚਾਰਕ ਤੱਤਾਂ, ਲਿੰਗ ਭੇਦ, ਨਸਲ ਭੇਦ, ਬੌਧਿਕਤਾ ਅਤੇ ਆਰਥਕਤਾ ਦੇ ਵਿਤਕਰੇ ਤੋਂ ਬਿਨਾਂ ਕਰਨਾ ਚਾਹੀਦਾ ਹੈ। ਇਸ ਵਿਚ ਰਾਜਨੀਤਕ, ਸਮਾਜਿਕ, ਆਰਥਿਕ ਤੇ ਕਾਨੂੰਨੀ ਸਮਾਨਤਾ ਆ ਜਾਂਦੀਆਂ ਹਨ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਭਾਰਤੀ ਸਮਾਜ ਵਿਚ ਮਨੁੱਖਾਂ ਵਿਚ ਧਰਮ ਅਤੇ ਜਾਤ ਦੇ ਆਧਾਰ ਤੇ ਵੰਡੀਆਂ ਪਾਈਆਂ ਹੋਈਆਂ ਸਨ। ਹਿੰਦੂ ਅਤੇ ਮੁਸਲਮਾਨ ਹੋਣ ਦੇ ਨਾਤੇ ਜੋ ਅਧਿਕਾਰ ਖੋਹੇ ਜਾਂ ਮਿਲਦੇ ਸਨ, ਬਾਰੇ ਪਿੱਛੇ ਵਿਚਾਰ ਹੋ ਚੁੱਕੀ ਹੈ। ਸਦੀਆਂ ਤੋਂ ਜਾਤ ਪਾਤ ਨੇ ਪੱਕੇ ਤੇ ਕਰੜੇ ਢਾਂਚੇ ਵਿਚ ਹਿੰਦੂ ਸਮਾਜ ਨੂੰ ਜਕੜਿਆ ਹੋਇਆ ਸੀ।[214]

ਹਿੰਦੂ ਸਮਾਜ ਵਿਚ ਇਕ ਵਰਗ ਅਜਿਹਾ ਸੀ ਜਿਸ ਨੂੰ ਬਰਾਬਰੀ ਦੇ ਅਧਿਕਾਰ ਤੋਂ ਵਾਂਝਾ ਰੱਖਿਆ ਜਾਂਦਾ ਸੀ। ਹਿੰਦੂ ਧਾਰਮਿਕ ਗ੍ਰੰਥਾਂ ਅਨੁਸਾਰ, "ਕੋਈ ਸ਼ੂਦਰ ਬ੍ਰਾਹਮਣ ਦੇ ਬਰਾਬਰ ਨਹੀਂ ਬੈਠ ਸਕਦਾ, ਵੇਦ ਪਾਠ ਸੁਣਨਾ ਵਿਵਰਜਤ ਹੈ, ਜੇ ਉਹ ਜਾਣ ਕੇ ਸੁਣਦਾ ਹੈ ਤਾਂ ਕੰਨ ਬੰਦ ਕਰ ਦਿੱਤੇ ਜਾਣ। ਜੇ ਉਚਾਰਣ ਕਰਦਾ ਹੈ ਤਾਂ ਜਬਾਨ ਕੱਟ ਦਿੱਤੀ ਜਾਏ ਤੇ ਯਾਦ ਕਰਦਾ ਹੈ ਤਾਂ ਸਰੀਰ ਦੇ ਟੁੱਕੜੇ ਟੁਕੜੇ ਕਰ ਦਿੱਤੇ ਜਾਣ। ਇਕ ਸ਼ੂਦਰ ਨੂੰ ਜਾਨੋਂ ਮਾਰਨ ਦੀ ਸਜ਼ਾ ਇਕ ਉੱਲੂ ਜਾਂ ਕੁੱਤੇ ਨੂੰ ਮਾਰਨ ਦੇ ਬਰਾਬਰ ਹੋਵੇਗੀ। ਸ਼ੂਦਰ ਨਾਲ ਖਾਣਾ ਤਾਂ ਇਕ ਪਾਸੇ ਪਰਛਾਵਾ ਲੈਣ ਦੀ ਵੀ ਮਨਾਹੀ ਹੈ।"[215]

ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਪਰਮਾਤਮਾ ਦਾ ਰੂਪ ਮੰਨਦਿਆਂ ਕਿਹਾ ਹੈ ਕਿ ਸਾਰੇ ਮਨੁੱਖਾਂ ਵਿਚ ਪਰਮਾਤਮਾ ਦਾ ਬਰਾਬਰ ਪ੍ਰਕਾਸ਼ ਹੈ।[216] ਇਸ ਕਰਕੇ ਉਹ ਰੰਗ, ਨਸਲ ਤੇ ਜਾਤ ਆਦਿ ਦੇ ਸਾਰੇ ਵਿਤਕਰਿਆਂ ਨੂੰ ਫਜ਼ੂਲ ਮੰਨਦੇ ਹਨ।[217]

ਸੰਗਤ ਵਿਚ ਹਰ ਇਕ ਨੂੰ ਬਰਾਬਰ ਦਾ ਸਨਮਾਨ ਮਿਲਦਾ ਹੈ ਕਿਉਂਕਿ ਸੰਗਤ ਵਿਚ ਮਨੁੱਖ ਇਕ ਦੂਸਰੇ ਦੇ ਭਰਾਵਾਂ ਸਮਾਨ ਹੁੰਦੇ ਹਨ।[218] ਸੰਗਤ ਵਿਚ ਉਹਨਾਂ ਲਈ ਕੋਈ ਥਾਂ ਨਹੀਂ ਜੋ ਜਾਤ-ਪਾਤ ਨੂੰ ਮੰਨਦੇ ਸਨ।[219] ਅਛੂਤਾਂ ਸਮੇਤ ਸਾਰੀਆਂ ਜਾਤਾਂ ਦੇ ਲੋਕਾਂ ਨੂੰ ਖਾਲਸੇ ਭਾਈਚਾਰੇ ਵਿਚ ਬੇਰੋਕ ਟੋਕ ਸ਼ਾਮਿਲ ਕੀਤਾ ਗਿਆ। ਗੁਰੂ ਹਰਿਗੋਬਿੰਦ ਸਾਹਿਬ ਨੇ ਸੰਗਤ ਨੂੰ ਹਥਿਆਰਬੰਦ ਕਰਨ ਦੀ ਆਪਣੀ ਇੱਛਾ ਦਾ ਪ੍ਰਗਟਾਵਾ ਇਸ ਢੰਗ ਨਾਲ ਕੀਤਾ ਕਿ "ਛੀਬੈ ਝੀਵਰ ਅਤੇ ਤਖਾਣ ਨਾਈ ਗ੍ਰਿਹਿ ਉਤਰੇ ਸਭ ਆਣ ।[220] ਇੰਜ ਅਧਿਕਾਰਾਂ ਦੀ ਜਾਗ੍ਰਤੀ ਵਿਚ ਇਕ ਉਭਾਰ ਆਇਆ।

ਖਾਲਸਾ ਪੰਥ ਦੇ ਪਹਿਲੇ ਪੰਜ ਸਿੰਘਾਂ (ਪੰਜ ਪਿਆਰਿਆਂ) ਵਿਚ ਚਾਰ ਸ਼ੂਦਰ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਦਾ ਕਥਨ ਹੈ ਕਿ ਗੁਰੂ ਜੀ ਦੀ ਫੌਜ ਤੇਲੀਆਂ, ਨਾਈਆਂ, ਚੁਮਾਰਾਂ ਤੇ ਤਖਾਣਾਂ ਵਰਗੀਆਂ ਨੀਵੀਆਂ ਜਾਤੀਆਂ ਵਿਚੋਂ ਹੀ ਤਿਆਰ ਕੀਤੀ ਗਈ।[221]

ਭਾਈ ਰਤਨ ਸਿੰਘ ਭੰਗੂ ਨੇ ਕਈ ਥਾਵਾਂ ਤੇ ਖਾਲਸੇ ਦੀ ਗਰੀਬ ਜਨਤਕ ਬਣਤਰ ਦਾ ਜ਼ਿਕਰ ਕੀਤਾ ਹੈ।[222] ਇਸ ਤਰ੍ਹਾਂ ਸਿਖ ਸੰਗਤਾਂ ਨੇ ਸਭ ਨੂੰ ਆਪਣੇ ਵਿਚ ਸ਼ਾਮਿਲ ਕਰਕੇ ਬਰਾਬਰੀ ਦਾ ਦਰਜਾ ਦਿੱਤਾ।

2. **ਸੁਤੰਤਰਤਾ ਦਾ ਅਧਿਕਾਰ :** ਸੁਤੰਤਰਤਾ ਦਾ ਅਰਥ ਉਹ ਵਾਤਾਵਰਨ ਕਾਇਮ ਕਰਨਾ ਹੈ ਜਿਸ ਵਿਚ ਮਨੁੱਖਾਂ ਨੂੰ ਆਪਣੇ ਪੂਰਨ ਵਿਕਾਸ ਲਈ ਅਵਸਰ ਪ੍ਰਾਪਤ ਹੁੰਦੇ ਹਨ।[223] ਸੁਤੰਤਰਤਾ ਆਪਣੀਆਂ ਹਰ ਪ੍ਰਕਾਰ ਦੀਆਂ ਪਾਬੰਦੀਆਂ ਦੀ ਅਣਹੋਂਦ ਦਾ ਨਾਂ ਨਹੀਂ, ਸਗੋਂ ਅਣ-ਉਚਿਤ ਦੇ ਸਥਾਨ ਤੇ ਉਚਿੱਤ ਪਾਬੰਦੀਆਂ ਦੀ ਕਾਇਮੀ ਹੈ। ਸੰਯੁਕਤ ਰਾਸ਼ਟਰ ਦੇ ਅਧਿਕਾਰਾਂ ਦੇ ਐਲਾਨ ਵਿਚ ਲਿਖਿਆ ਗਿਆ ਹੈ "ਸਾਰੇ ਮਨੁੱਖ ਜਨਮ ਤੋਂ ਸੁਤੰਤਰ ਹਨ ਅਤੇ ਗੌਰਵ ਤੇ ਅਧਿਕਾਰਾਂ ਦੇ ਮਾਮਲੇ ਵਿਚ ਸਮਾਨ ਹਨ।[224] ਕੋਈ ਵੀ ਗੁਲਾਮੀ ਅਤੇ ਗੁਲਾਮਾਂ ਜਾ ਅਧੀਨਤਾ ਦੀ ਹਾਲਤ ਵਿਚ ਨਹੀਂ ਰੱਖਿਆ ਜਾਵੇਗਾ। ਗੁਲਾਮੀ ਜਾਂ ਗੁਲਾਮਾਂ ਦਾ ਵਪਾਰ, ਭਾਵੇਂ ਕਿਸੇ ਵੀ ਰੂਪ ਵਿਚ ਹੋਵੇ, ਮਨ੍ਹਾਂ ਹੋਵੇਗਾ।[225] ਹਰੇਕ ਮਾਨਵ ਦਾ ਇਹ ਕੁਦਰਤੀ ਹੱਕ ਸਮਝਿਆ ਜਾਣ ਲੱਗਾ ਹੈ ਕਿ ਉਹ ਕੁਝ ਨਿਯਮਾਂ ਵਿਚ ਰਹਿੰਦਿਆਂ ਹੋਇਆ ਸੁਤੰਤਰਤਾ ਮਾਣੇ।

ਸੁਤੰਤਰਤਾ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਨਹੀਂ ਹੋ ਸਕਦੀ ਫਿਰ ਵੀ ਅਸੀਂ ਕਹਿ ਸਕਦੇ ਹਾਂ ਕਿ ਸੁਤੰਤਰ ਮਨੁੱਖ ਉਹ ਹੈ ਜੋ ਆਪਣੇ ਟੀਚੇ ਮਿੱਥ ਸਕਣ ਜਾਂ ਵਿਕਲਪ ਚੁਣਨ ਦੀ ਖੁਲ ਰੱਖਦਾ ਹੋਵੇ। ਸਮਾਜ ਵਿਗਿਆਨਾਂ ਵਿਚ ਸੁਤੰਤਰਤਾ, ਸੰਘ ਦੀ ਸੁਤੰਤਰਤਾ, ਇੱਕਠੇ ਹੋਣ ਦੀ ਸੁਤੰਤਰਤਾ, ਪੂਜਾ ਦੀ ਸੁਤੰਤਰਤਾ ਆਦਿ ਵਿਸ਼ਿਆਂ ਉਤੇ ਵਿਚਾਰ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਰਾਜਨੀਤੀ ਵਿਚ ਹਿੱਸਾ ਲੈਣ ਅਤੇ ਕਿੱਤੇ ਦੀ ਸੁਤੰਤਰਤਾ ਵੀ ਅਧਿਐਨ ਦਾ ਵਿਸ਼ਾ ਹੁੰਦੇ ਹਨ। ਪਰ ਗੁਰੂ ਨਾਨਕ ਦੇਵ ਜੀ ਨੇ ਸੁਤੰਤਰਤਾ ਨਾਲ ਸਬੰਧਤ ਹੇਠ ਲਿਖੇ ਪੱਖਾਂ ਉਤੇ ਵਿਚਾਰ ਦਿੱਤੇ ਹਨ :

ੳ) ਮਨੁੱਖੀ ਬਰਾਬਰੀ (ਇਸ ਬਾਰੇ ਪਹਿਲਾਂ ਵਿਚਾਰ ਕੀਤਾ ਗਿਆ ਹੈ)

ਅ) ਮਨੁੱਖੀ ਪ੍ਰਤਿਸ਼ਠਾ

ੲ) ਸਮਾਜਿਕ ਨਿਆਂ

ਸ) ਸਮਾਜਿਕ ਸੁਰੱਖਿਆ

**(ਅ) ਮਨੁੱਖੀ ਪ੍ਰਤਿਸ਼ਠਾ :** ਸੰਸਾਰ ਵਿਚ ਮਨੁੱਖ ਤੋਂ ਵੱਧ ਕੇ ਕੋਈ ਜੀਵ ਸ਼੍ਰੇਸ਼ਠ ਨਹੀਂ ਹੈ। ਸਾਰੇ ਧਰਮ, ਸਮਾਜ ਵਿਗਿਆਨ ਅਤੇ ਵਿਗਿਆਨ ਮਨੁੱਖ ਨੂੰ ਸਮ੍ਰਪਿਤ ਹਨ। ਸਾਰੀ ਪ੍ਰਾਕ੍ਰਿਤੀ ਮਨੁੱਖ ਦੀ ਸੇਵਾ ਵਿਚ ਹੈ। ਇਸ ਲਈ ਮਨੁੱਖ ਨੂੰ ਧਰਤੀ ਦਾ ਸਰਦਾਰ ਕਹਿ ਕੇ ਵਡਿਆਇਆ ਗਿਆ ਹੈ।[226] ਇਸ ਦਾ ਭਾਵ ਮਨੁੱਖ ਦਾ ਮਨੁੱਖ ਹੋਣਾ ਹੀ ਕਾਫੀ ਹੈ, ਉਸ ਦੇ ਜਿਨਸੀ, ਕੁਲ ਆਦਿ ਵੱਖਰੇਵੇਂ ਦਾ ਕੋਈ ਮਤਲਬ ਨਹੀਂ ਹੈ। ਮਨੁੱਖ ਦਾ ਸਤਿਕਾਰ ਮਨੁੱਖ

ਕਰਕੇ ਹੋਣਾ ਚਾਹੀਦਾ ਹੈ ਅਤੇ ਇਹ ਉਸ ਦਾ ਅਧਿਕਾਰ ਹੈ। ਮਨੁੱਖੀ ਪ੍ਰਤੀਸ਼ਠਾ ਮਨੁੱਖੀ ਅਧਿਕਾਰ ਦੀ ਆਧਾਰਸ਼ਿਲਾ ਹੈ।

ਗੁਰੂ ਨਾਨਕ ਨੇ ਇਸ ਮਨੁੱਖੀ ਪ੍ਰਤੀਸ਼ਠਾ ਲਈ 'ਪਤ' ਸ਼ਬਦ ਦਾ ਪ੍ਰਯੋਗ ਕੀਤਾ ਹੈ ਜਿਸ ਦਾ ਅਰਥ ਸਤਿਕਾਰ, ਇੱਜਤ ਜਾਂ ਆਦਰ ਹੈ। ਗੁਰੂ ਜੀ ਨੇ 'ਪਤ' ਬਿਨ੍ਹਾਂ ਜਿੰਦਗੀ ਜਿਉਣ ਨੂੰ ਦੁਰਕਾਰਿਆ ਹੈ।[227] ਉਹਨਾਂ ਅਨੁਸਾਰ ਸਨਮਾਨ ਪੂਰਨ ਜਿੰਦਗੀ ਬਿਨਾ ਧਾਰਮਿਕ ਕਿਰਿਆਵਾਂ ਵੀ ਬੇਅਰਥ ਹਨ। ਗੁਰੂ ਸਾਹਿਬ ਦੇ ਇਸ ਮੁੱਦੇ ਅਧੀਨ ਇਸਤਰੀਆਂ ਦੀ ਪ੍ਰਤੀਸ਼ਠਾ ਅਤੇ ਸਨਮਾਨ ਨੂੰ ਵੀ ਵਿਚਾਰਿਆ ਹੈ। ਵੈਦਿਕ ਕਾਲ ਵਿਚ ਔਰਤ ਨੂੰ ਮਹੱਤਵਪੂਰਨ ਦਰਜਾ ਪ੍ਰਾਪਤ ਸੀ।[228]

ਮਨੂੰ ਦੇ ਆਉਣ ਨਾਲ ਔਰਤ ਦੀ ਸਮਾਜਿਕ ਮਾਨਤਾ ਨੂੰ ਬਹੁਤ ਧੱਕਾ ਵੱਜਾ।[229] ਇਸ ਤੋਂ ਬਾਦ ਉਸ ਨੂੰ ਸ਼ੂਦਰ ਦੇ ਬਰਾਬਰ ਸਮਝਿਆ ਜਾਣ ਲੱਗਾ। ਬ੍ਰਾਹਮਣ ਵਰਗ ਨਿਤ ਨਵੇਂ ਕਾਨੂੰਨ ਬਣਾ ਕੇ ਔਰਤ ਤੇ ਨਵੀਆਂ ਬੰਦਸ਼ਾਂ ਲਗਾ ਰਹੇ ਸਨ। ਔਰਤ ਨੂੰ ਨੀਵੀਂ ਨਜ਼ਰ ਨਾਲ ਦੇਖਿਆ ਜਾਣ ਲੱਗਾ।[230] ਔਰਤ ਦਾ ਜਨ ਸਮਾਗਮਾਂ ਅਤੇ ਮੇਲਿਆਂ ਤੇ ਜਾਣਾ ਬਿਲਕੁਲ ਵਰਜਿਤ ਕਰ ਦਿੱਤਾ ਗਿਆ।[231] ਮੁਸਲਿਮ ਕਾਲ ਵਿਚ ਔਰਤਾਂ ਦੀ ਸਥਿਤੀ ਅਪਮਾਨਜਨਕ ਸੀ।[232] ਬੁੱਧ ਤੇ ਜੈਨ ਧਰਮ ਸਮੇਂ ਸਮੁਚੇ ਰੂਪ ਵਿਚ ਨਾਰੀ ਦੀ ਸਥਿਤੀ ਨੂੰ ਭਾਵੇਂ ਮਾਣ ਹਾਸਿਲ ਨਹੀਂ ਸੀ ਪਰ ਮੂਲ ਸਥਿਤੀ ਤਰਸਯੋਗ ਵੀ ਨਹੀਂ ਸੀ।[233] ਮੱਧ ਕਾਲੀਨ ਸਮਾਜ ਨੇ ਇਸਤਰੀ ਨੂੰ ਕੇਵਲ ਵਾਸ਼ਨਾ ਪੂਰਤੀ ਦਾ ਹੀ ਸਾਧਨ ਸਮਝ ਕੇ ਹੋਰ ਸਾਰੇ ਆਰਥਿਕ, ਰਾਜਨੀਤਕ ਅਤੇ ਸਮਾਜਿਕ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਵਾਂਝਿਆ ਰਖਿਆ ਸੀ।[234] ਗੁਰੂ ਨਾਨਕ ਸਾਹਿਬ ਅਨੁਸਾਰ ਵੱਡੇ ਵੱਡੇ ਰਾਜਿਆਂ ਨੂੰ ਜਨਮ ਦੇਣ ਵਾਲੀ ਇਸਤਰੀ ਨੀਚ ਕਿਵੇਂ ਹੋ ਸਕਦੀ ਹੈ।[235] ਉਹ ਸਮਾਜ ਤੋਂ, ਰਾਜੇ ਤੋਂ ਅਤੇ ਫੌਜ ਤੋਂ ਆਸ ਕਰਦੇ ਹਨ ਕਿ ਇਸਤਰੀ ਪ੍ਰਤੀਸ਼ਠਾ ਵਿਚ ਕਿਸੇ ਵੀ ਹਾਲਤ ਵਿਚ ਗਿਰਾਵਟ ਨਾ ਆਵੇ।[236] ਭਾਰਤੀ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਕਿ ਇਸਤਰੀਆਂ ਨੂੰ ਧਾਰਮਿਕ ਅਧਿਕਾਰ ਅਤੇ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ। ਸੰਗਤ ਵਿਚ ਇਸਤਰੀਆਂ ਨੂੰ ਆਉਣ ਦੀ ਖੁੱਲ ਦਿੱਤੀ ਗਈ। ਸੰਗਤ ਦੇ ਇਤਿਹਾਸ ਵਿੱਚ ਇਸਤਰੀ ਨੂੰ ਬਰਾਬਰ ਦਾ ਦਰਜਾ ਦਿੱਤਾ ਗਿਆ। ਗੁਰੂ ਅੰਗਦ ਦੇਵ ਜੀ ਸਮੇਂ ਮਾਤਾ ਖੀਵੀ ਨੂੰ ਲੰਗਰ ਦੀ ਜ਼ੁਮੇਵਾਰੀ ਸੌਂਪੀ ਗਈ ਸੀ।[237] ਗੁਰੂ ਅਮਰਦਾਸ ਜੀ ਨੇ ਇਸਤਰੀ ਦੀ ਪ੍ਰਤਿਸ਼ਠਾ ਨੂੰ ਦ੍ਰਿਸ਼ਟੀ ਵਿਚ ਰੱਖਦਿਆਂ ਪਰਦੇ ਅਤੇ ਸਤੀ ਪ੍ਰਥਾ ਦਾ ਵਿਰੋਧ ਕੀਤਾ। ਇਥੇ ਹੀ ਬਸ ਨਹੀਂ ਉਹਨਾਂ ਨੇ ਮੰਜੀ ਪ੍ਰਥਾ ਨੂੰ ਲਾਗੂ ਕਰਦਿਆਂ ਇਸਤਰੀਆਂ ਦੀ ਪ੍ਰਤੀਸ਼ਠਾ ਨੂੰ ਕਾਇਮ ਰੱਖਿਆ। ਇਸ ਤਰ੍ਹਾਂ ਇਸਤਰੀ ਨੂੰ ਸੰਗਤ ਦੀ ਬਰਬਰ ਦੀ ਮੈਂਬਰ, ਪ੍ਰਚਾਲਕ ਤੇ ਉਪਦੇਸ਼ਕ ਬਣਾਇਆ। ਫੈਸਲਾ ਲੈਣ ਵਿੱਚ ਵੀ ਇਸਤਰੀ ਨੂੰ ਬਰਾਬਰ ਦਾ ਅਧਿਕਾਰ ਦਿੱਤਾ। ਸਿਖ ਸੰਗਤਾਂ ਦੇ ਸੰਕਲਪ ਦੁਆਰਾ ਇਸਤਰੀ ਦੀ ਪ੍ਰਤਿਸ਼ਠਾ ਸਮਾਜ ਵਿਚ ਲੰਮੇ ਸਮੇਂ ਬਾਦ ਮੁੜ ਬਹਾਲ ਹੋਈ।

**ਸਮਾਜਿਕ ਨਿਆਂ :** ਇਸ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਸਾਰੇ ਮਨੁੱਖਾਂ ਨਾਲ ਇਕ ਸਮਾਨ ਵਰਤਾਉ ਹੋਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਆਪਣੇ ਵਿਕਾਸ ਦੇ ਬਰਾਬਰ ਮੌਕੇ ਅਤੇ ਅਧਿਕਾਰ ਮਿਲਣੇ ਚਾਹੀਦੇ ਹਨ। ਸਭ ਮਨੁੱਖਾਂ ਨੂੰ ਆਪਣੀ ਯੋਗਤਾ, ਪ੍ਰਤਿਭਾ ਅਤੇ ਮਿਹਨਤ ਦੇ ਆਧਾਰ ਤੇ ਸਿਖਿਆ, ਪਦ ਜਾਂ ਜਾਇਦਾਦ ਬਣਾਉਣ ਦੇ ਬਰਾਬਰ ਮੌਕੇ ਮਿਲਣੇ ਚਾਹੀਦੇ ਹਨ। ਕਿਸੇ ਨੂੰ ਵੀ ਜਾਤ, ਧਰਮ ਆਦਿ ਦੇ ਆਧਾਰ ਉਪਰ ਉੱਨਤੀ ਦੇ ਮੌਕਿਆਂ ਤੋਂ ਵੰਚਿਤ ਨਹੀਂ ਕਰਨਾ ਚਾਹੀਦਾ।

ਸਮਾਜਿਕ ਨਿਆਂ ਦੇ ਮੁੱਦੇ ਅਧੀਨ, ਗੁਰੂ ਨਾਨਕ ਸਾਹਿਬ ਨੇ ਹੇਠ ਲਿਖੇ ਅਹਿਮ ਨੁੱਕਤੇ ਦ੍ਰਿਸ਼ਟੀਗੋਚਰ ਕੀਤੇ ਹਨ :

**(1) ਧਾਰਮਿਕ ਸੁਤੰਤਰਤਾ :** ਹਰ ਮਨੁੱਖ ਆਪਣੀ ਇੱਛਾ ਅਨੁਸਾਰ ਧਰਮ ਅਪਨਾਉਣ ਦੀ ਇੱਛਾ ਰੱਖਦਾ ਹੈ। ਗੁਰੂ ਨਾਨਕ ਦੇਵ ਜੀ ਨੇ ਰਾਜ ਵਲੋਂ ਦੂਜੇ ਧਰਮਾਂ ਦੇ ਅਨੁਯਾਈਆਂ ਨਾਲ ਹੁੰਦੇ ਵਿਤਕਰਿਆਂ ਦੀ ਨਿੰਦਾ ਕੀਤੀ

ਹੈ। ਉਹਨਾਂ ਨੇ ਰਾਜ ਵਲੋਂ ਜ਼ਜੀਏ ਲਗਾਉਣ ਲਈ ਰਾਜ ਅਤੇ ਇਸ ਦੀ ਅਦਾਇਗੀ ਕਰਨ ਵਾਲੇ ਬ੍ਰਾਹਮਣਾਂ ਦੀ ਆਲੋਚਨਾ ਕੀਤੀ ਹੈ।[238]

(2) ਸਭਿਆਚਾਰਕ ਸੁਤੰਤਰਤਾ : ਹਰੇਕ ਵਰਗ ਨੂੰ ਆਪਣੇ ਸਭਿਆਚਾਰ ਨੂੰ ਮਾਨਣ ਦਾ ਹੱਕ ਅਜੋਕੇ ਲੋਕਤੰਤਰ ਨੇ ਦਿੱਤਾ ਹੈ। ਇਸ ਲਈ ਕਿਸੇ ਹਕੂਮਤ ਜਾਂ ਧਿਰ ਨੂੰ ਦੂਜੇ ਦੀ ਬੋਲੀ ਜਾਂ ਸਭਿਆਚਾਰ ਵਿਚ ਦਖਲ ਨਹੀਂ ਦੇਣਾ ਚਾਹੀਦਾ। ਗੁਰੂ ਨਾਨਕ ਦੇਵ ਜੀ ਨੇ ਜਬਰੀ ਭਾਸ਼ਾ ਜਾਂ ਸਭਿਆਚਾਰ ਨੂੰ ਠੋਸਣ ਦਾ ਵਿਰੋਧ ਕੀਤਾ ਹੈ। ਉਹਨਾਂ ਨੇ ਦੂਜਿਆਂ ਨੂੰ ਖੁਸ਼ ਕਰਨ ਲਈ ਆਪਣੇ ਸਭਿਆਚਾਰ ਨੂੰ ਤਿਆਗਣ ਵਾਲਿਆਂ ਦੀ ਵੀ ਆਲੋਚਨਾ ਕੀਤੀ ਹੈ।[239]

**(ਸ) ਸਮਾਜਿਕ ਸੁਰੱਖਿਆ ਅਧਿਕਾਰ :** ਸੁਰੱਖਿਆ ਤੋਂ ਭਾਵ ਮਨੁੱਖ ਦੇ ਅਧਿਕਾਰਾਂ ਦੀ ਗਰੰਟੀ ਹੈ, ਜੋ ਰਾਜੇ ਦੇ ਕਾਨੂੰਨ ਵਲੋਂ ਦਿੱਤੀ ਜਾਂਦੀ ਹੈ। ਹਰੇਕ ਵਿਅਕਤੀ ਨੂੰ ਸਮਾਜਿਕ ਸੁਰੱਖਿਆ ਦਾ ਅਧਿਕਾਰ ਪ੍ਰਾਪਤ ਹੈ।[240] ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਦੂਜੇ ਦੇ ਅਧਿਕਾਰ ਖੋਹਣ ਨੂੰ ਪਾਪ ਦਸਿਆ ਹੈ[241] ਅਤੇ ਇਸ ਨੂੰ ਲਹੂ ਪੀਣ ਨਾਲ ਤੁਲਨਾ ਕੀਤੀ ਹੈ।[242] ਉਨਾਂ ਅਨੁਸਾਰ ਜਿਹੜੇ ਦੂਜਿਆਂ ਦਾ ਹੱਕ ਮਾਰਦੇ ਹਨ ਉਨ੍ਹਾਂ ਨੂੰ ਸਜਾ ਮਿਲੇਗੀ।[243]

ਇਸ ਤਰਾਂ ਗੁਰੂ ਨਾਨਕ ਸਾਹਿਬ ਨੇ ਕਿਸੇ ਦੀ ਸਮਾਜ ਸੁਰੱਖਿਆ ਦਾ ਜ਼ਿੰਮਾ ਦੂਜੇ ਨਾਗਰਿਕਾਂ ਉਪਰ ਦੱਸਿਆ ਹੈ। ਕਿਉਂਕਿ ਉਹ ਚਾਹੁੰਦੇ ਸਨ ਕਿ ਹਰ ਕੋਈ ਹਰ ਕਿਸੇ ਦਾ ਸਨਮਾਨ ਕਰੇ।[244]

ਗੁਰੂ ਨਾਨਕ ਦੇਵ ਜੀ ਜਿਹੜੇ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੇ ਹਨ। ਇਹਨਾਂ ਦੀ ਪ੍ਰਾਪਤੀ ਲਈ ਉਹਨਾਂ ਨੇ ਕਈ ਸਿਧਾਂਤ ਪੇਸ਼ ਕੀਤੇ। ਇਹਨਾਂ ਵਿਚ ਮੁੱਖ ਸਿਧਾਂਤ ਸੰਗਤ ਦਾ ਹੈ। ਸੰਗਠਨ, ਸਮਾਜਿਕ ਤਬਦੀਲੀ ਦੀ ਗਤੀਸ਼ੀਲਤਾ ਲਈ ਜ਼ਿੰਮੇਵਾਰ ਹੁੰਦਾ ਹੈ। ਇਸ ਲਈ ਕੋਈ ਵੀ ਤਬਦੀਲੀ ਜਥੇਬੰਦੀ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੀ। ਗੁਰੂ ਨਾਨਕ ਬਾਣੀ ਵਿਚਲੇ ਹਵਾਲੇ ਦੱਸਦੇ ਹਨ, ਕਿ ਉਹਨਾਂ ਦੇ ਮੱਤ ਦੀਆਂ ਸਾਰੀਆਂ ਕਿਰਿਆਵਾਂ ਸੰਗਤ ਵਿਚ ਹੀ ਹੁੰਦੀਆਂ ਹਨ। ਗੁਰੂ ਨਾਨਕ ਬਾਣੀ ਵਿਚ ਜਿਸ ਬਰਾਬਰੀ ਦੀ ਗੱਲ ਕੀਤੀ ਗਈ ਹੈ ਉਸ ਦਾ ਕ੍ਰਿਆਤਮਕ ਰੂਪ ਸੰਗਤ ਹੈ। ਸੰਗਤ ਮਨੁੱਖ ਵਿਚ ਬਰਾਬਰਤਾ ਦਾ ਅਹਿਸਾਸ ਕਰਾਉਂਦੀ ਹੈ। ਸੰਗਤ ਵਿਚ ਆਉਣ ਨਾਲ ਮਨੁੱਖ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਮਨੁੱਖ ਮਨੁੱਖ ਹੋਣ ਕਰਕੇ ਬਰਾਬਰ ਹਨ। ਕਿਸੇ ਨਾਲ ਵੀ ਕਿਸੇ ਤਰਾਂ ਦਾ ਭਿੰਨ ਭੇਦ ਨਹੀਂ ਹੋਣਾ ਚਾਹੀਦਾ। ਸੰਗਤ ਦੀ ਪੰਗਤ ਸੰਸਥਾ ਇਸ ਵਿਚ ਮੁੱਖ ਭੂਮਿਕਾ ਨਿਭਾਉਂਦੀ ਹੈ।

ਸੰਗਤ ਵਿਚ ਜਾ ਕੇ ਮਨੁੱਖ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਮਨੁੱਖ ਕਿਸੇ ਦੇ ਅਧੀਨ ਨਹੀਂ। ਇਸ ਕਰਕੇ ਉਹ ਕਿਸੇ ਨੂੰ ਆਪਣੇ ਅਧੀਨ ਕਰਨ ਦਾ ਵੀ ਉਪਰਾਲਾ ਨਹੀਂ ਕਰਦਾ ਸਗੋਂ ਦੂਸਰਿਆਂ ਦੀ ਸੁਤੰਤਰਤਾ ਨੂੰ ਸੁਨਿਸ਼ਚਿਤ ਕਰਦਾ ਹੈ। ਸੰਗਤ ਵਿਚ ਮਨੁੱਖੀ ਪ੍ਰਤਿਸ਼ਠਾ ਸਮਾਜਿਕ ਨਿਆ ਅਤੇ ਸਮਾਜਿਕ ਸੁਰੱਖਿਆ ਸਬੰਧੀ ਵੀ ਵਿਚਾਰਾਂ ਹੁੰਦੀਆਂ ਹਨ। ਇਹਨਾਂ ਦੀ ਬਹਾਲੀ ਲਈ 'ਸਿਖ-ਸੰਗਤਾਂ' ਨੇ ਸਮੇਂ ਸਮੇਂ ਸਿਰ ਆਵਾਜ਼ ਬੁਲੰਦ ਕੀਤੀ ਅਤੇ ਸੰਘਰਸ਼ ਕੀਤੇ।[245] ਉਦਾਹਰਣ ਵਜੋਂ ਗੁਰੂ ਤੇਗ ਬਹਾਦਰ ਜੀ ਨੇ ਸੰਗਤ ਦੇ ਰੂਪ ਵਿਚ (ਭਾਈ ਮਤੀਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਸਮੇਤ) ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਲੀ ਵਿੱਚ ਜਾ ਕੇ ਕੁਰਬਾਨੀ ਦਿੱਤੀ। ਸਿੱਖ-ਸੰਗਤ ਦਾ ਮੁੱਖ ਉਦੇਸ਼ ਹੀ ਇਕ ਅਜਿਹੇ ਆਦਰਸ਼ ਸਮਾਜ ਦੀ ਸਥਾਪਨਾ ਹੈ, ਜਿਸ ਵਿਚ ਹਰ ਇਕ ਮੈਂਬਰ ਦੇ ਸਾਰੇ ਮਨੁੱਖੀ ਅਧਿਕਾਰ ਸੁਰੱਖਿਅਤ ਹੋਣ।

ਨਿਸ਼ਕਰਸ਼ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸੰਗਤ ਮਨੁੱਖੀ ਜੀਵਨ ਦੇ ਹਰ ਪਹਿਲੂ ਨੂ ਸਾਰਥਿਕ ਸੇਧ ਦਿੰਦੀ ਹੈ। ਧਾਰਮਿਕ ਜੀਵਨ ਵਿੱਚ ਮਨੁੱਖ ਨੂੰ ਇਕ ਪਰਮਾਤਮਾ ਨਾਲ ਜੋੜਦੀ ਹੋਈ ਵਾਧੂ ਕਰਮ ਕਾਂਡਾਂ ਤੋਂ ਛੁਟਕਾਰਾ ਦਵਾਉਂਦੀ ਹੈ। ਮਨੁੱਖ ਨੂੰ ਅਮਲੀ ਜੀਵਨ ਵਿੱਚ ਧਰਮੀ ਬਣਾਉਂਦੀ ਹੈ ਜਿਸ ਕਰਕੇ ਉਹ ਪੂਰੀ ਸ੍ਰਿਸ਼ਟੀ ਨੂੰ ਪਰਮਾਤਮਾ ਦਾ ਰੂਪ ਦੇਖਦਾ ਹੈ ਤੇ ਪਿਆਰਦਾ ਹੈ।

ਸਮਾਜਿਕ ਜੀਵਨ ਵਿੱਚ ਸੰਗਤ ਮਨੁੱਖ ਨੂੰ ਇਕ ਆਦਰਸ਼ਕ ਜੀਵਨ ਸੇਧ ਦਿੰਦੀ ਹੈ। ਸਮਾਜ ਵਿੱਚ ਮਨੁੱਖੀ ਬਰਾਬਰਤਾ ਨੂੰ ਸੁਨਿਸ਼ਚਿਤ ਕਰਵਾਉਂਦੀ, ਊਚ-ਨੀਚ, ਸੁੱਚ-ਭਿੱਟ ਤੇ ਛੂਤ-ਛਾਤ ਨੂੰ ਜੜੋਂ ਖਤਮ ਕਰਦੀ ਸਾਂਝੀਵਾਲਤਾ ਦਾ ਸਬਕ ਦ੍ਰਿੜ ਕਰਵਾਉਂਦੀ ਹੈ।

ਮਨੁੱਖ ਨੂੰ ਸਮੇਂ ਦੀ ਰਾਜਨੀਤਕ ਹਾਲਤ ਬਾਰੇ ਸੁਚੇਤ ਕਰਨਾ ਤੇ ਆਦਰਸ਼ਕ ਰਾਜਨੀਤਕ ਸੇਧ ਦੇਣਾ ਵੀ ਸੰਗਤ ਦੇ ਘੇਰੇ ਵਿੱਚ ਸ਼ਾਮਲ ਹੈ। ਸੰਗਤ ਰਾਹੀਂ ਹੀ ਮੀਰੀ-ਪੀਰੀ ਦਾ ਸੁਨਹਿਰੀ ਅਸੂਲ ਅਮਲੀ ਰੂਪ ਵਿੱਚ ਪ੍ਰਗਟ ਹੋਇਆ ਜਿਸ ਨੇ ਮਨੁੱਖੀ ਸਮਾਜ ਨੂੰ ਸੰਤੁਲਤ ਮਨੁੱਖੀ ਸੋਚ ਪ੍ਰਦਾਨ ਕੀਤੀ।

ਸੰਗਤ ਮਨੁੱਖ ਨੂੰ ਕਿਰਤ ਨਾਲ ਜੋੜਦੀ ਹੈ। ਨਤੀਜੇ ਵਜੋਂ ਸੰਗਤ ਮਨੁੱਖ ਨੂੰ ਮੰਗਤਾ ਨਹੀਂ ਸਗੋਂ 'ਵੰਡ ਕੇ ਛਕਣ' ਦੇ ਯੋਗ ਬਣਾਉਂਦੀ ਹੈ। ਸੰਗਤ ਹਰ ਮਨੁੱਖ ਲਈ 'ਸੱਚੀ ਕਿਰਤ' ਕਰਨਾ ਸੁਨਿਸਚਿੱਤ ਕਰਵਾਉਂਦੀ ਹੈ। ਕਿਰਤ ਨੂੰ ਨਾਮ ਜਪਣ ਤੇ ਵੰਡ ਕੇ ਛਕਣ ਦੇ ਸਿਧਾਂਤ ਨਾਲ ਜੋੜਨ ਕਰਕੇ ਹੀ ਮਨੁੱਖੀ ਜੀਵਨ ਵਿਚ ਸੰਤੁਲਤਤਾ ਆਉਂਦੀ ਹੈ ਜਿਸ ਕਾਰਨ ਮਨੁੱਖ ਜਾਤੀ ਦਾ ਸਰਬਪੱਖੀ ਵਿਕਾਸ ਹੁੰਦਾ ਹੈ। ਕਿਰਤ ਕਰਨ ਕਰਕੇ ਹੀ ਮਨੁੱਖ ਪਰਮਾਤਮਾ ਨਾਲ ਜੁੜ ਸਕਦਾ ਹੈ।

ਸੰਗਤ ਨੇ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਨੂੰ ਪੈਦਾ ਕੀਤਾ ਹੈ ਤੇ ਮਨੁੱਖੀ ਅਧਿਕਾਰਾਂ ਦੇ ਅਹਿਸਾਸ ਕਰਾਉਣ ਦੇ ਨਾਲ ਨਾਲ ਇਹਨਾਂ ਦੀ ਪ੍ਰਾਪਤੀ ਲਈ ਵੀ ਮਹੱਤਵ ਪੂਰਨ ਯੋਗਦਾਨ ਦਿੱਤਾ ਹੈ। ਸੰਗਤ ਨੇ ਮਨੁੱਖੀ ਅਧਿਕਾਰਾਂ ਦੀ ਬਰਾਬਰੀ ਦੇ ਅਧਿਕਾਰ ਤੇ ਸੁਤੰਤਰਤਾ ਦੇ ਅਧਿਕਾਰਾਂ ਦੀ ਬਹਾਲੀ ਨੂੰ ਸੁਨਿਸਚਿੱਤ ਕੀਤਾ ਹੈ। ਹਰ ਮਨੁੱਖ ਬਿਨਾ ਕਿਸੇ ਭੇਦ-ਭਾਵ, ਜਾਤ-ਪਾਤ, ਊਚ-ਨੀਚ ਦੇ ਬਰਾਬਰ ਹੈ ਤੇ ਉਸ ਨੂੰ ਬਰਾਬਰੀ ਦਾ ਹੱਕ ਸੰਗਤ ਨੇ ਅਮਲੀ ਰੂਪ ਵਿੱਚ ਦਿੱਤਾ । ਨੀਵੀਆਂ ਸਮਝੀਆਂ ਜਾਦੀਆਂ ਜਾਤੀਆਂ ਨੂੰ ਬਰਾਬਰਤਾ ਦਾ ਹੱਕ ਸੰਗਤ ਰਾਹੀਂ ਪ੍ਰਾਪਤ ਹੋਇਆ।

ਸੰਗਤ ਵਿੱਚ ਮਨੁੱਖੀ ਜਾਤੀ ਦੀ ਪ੍ਰਤਿਸ਼ਠਾ, ਇਸਤਰੀ ਜਾਤੀ ਦੀ ਪ੍ਰਤਿਸ਼ਠਾ ਦੀ ਬਹਾਲੀ, ਸਮਾਜਿਕ ਨਿਆਂ ਤੇ ਸਮਾਜਿਕ ਸੁਰੱਖਿਆ ਦੇ ਮੁੱਦਿਆਂ ਨੂੰ ਵੀ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਹਨਾਂ ਮੁੱਦਿਆ ਦੀ ਬਹਾਲੀ ਲਈ ਸੰਗਤ ਦੇ ਸੰਕਲਪ ਨੇ ਸਾਰਥਕ ਸੇਧਾਂ ਦੇ ਨਾਲ ਅਮਲੀ ਰੂਪ ਵਿੱਚ ਇਹਨਾਂ ਦੀ ਪ੍ਰਾਪਤੀ ਲਈ ਵਿਸ਼ੇਸ਼ ਯੋਗਦਾਨ ਪਾਇਆ। ਮਨੁੱਖ ਨੂੰ ਮਨੁੱਖ ਕਰਕੇ ਸਤਿਕਾਰ ਦੇਣਾ, ਇਸਤਰੀ ਨੂੰ ਬਿਨਾਂ ਕਿਸੇ ਵਿਤਕਰੇ ਦੇ ਬਰਾਬਰ ਸਮਝਣਾ ਤੇ ਬਰਾਬਰੀ ਦੇ ਸਭ ਹੱਕ ਤੇ ਸਹੂਲਤਾ ਦੇਣੀਆਂ, ਸਭ ਨੂੰ ਸਹੀ ਤੇ ਬਿਨਾਂ ਕਿਸੇ ਭੇਦ ਭਾਵ ਦੇ ਨਿਆਂ ਮਿਲਣਾ, ਹਰ ਇਕ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਅਜਿਹੇ ਵਿਸ਼ੇ ਹਨ ਜਿਹਨਾਂ ਦੀ ਪ੍ਰਾਪਤੀ ਲਈ ਸੰਗਤ ਨੇ ਸਾਰਥਕ ਘਾਲਨਾ ਘਾਲੀਆਂ ਤੇ ਇਨ੍ਹਾਂ ਦੀ ਪ੍ਰਾਪਤੀ ਲਈ ਅਹਿਮ ਭੂਮਿਕਾ ਨਿਭਾਈ।

ਇਸ ਤਰਾਂ ਸੰਗਤ ਨੇ ਮਨੁਖੀ ਜੀਵਨ ਨੂੰ ਸੰਤੁਲਤ ਤੇ ਸਾਰਥਕ ਸੇਧ ਦਿੱਤੀ ਤੇ ਦੇ ਰਹੀ ਹੈ।

## ਹਵਾਲੇ ਅਤੇ ਟਿਪਣੀਆਂ

1. Dr. S.K. Bajaj, Social Philosophy of Guru Nanak, Papers on Guru Nanak Punjab History Conference proceeding, Punjabi Uni. Patiala 1969, p. 222
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨਕੋਸ਼ ਪੰ. 137
3. ਉਹੀ, ਪੰ. 739
4. ਉਹੀ, ਪੰ. 496
5. B.L. Atreya, Indian Culture, P. 19
6. ਵੇਦ ਕਤੇਬ ਵਖਾਣਦੇ ਸੂਫ਼ੀ ਹਿੰਦੂ ਮੁਸਲਮਾਣਾ ।।
   ਮੁਸਲਮਾਣ ਖੁਦਾਇ ਦੇ ਹਿੰਦੂ ਹਰਿ ਪਰਮੇਸੁਰੁ ਭਾਣਾ ।।
   ਕਲਮਾਂ ਸੁੰਨਤ ਸਿਦਕ ਧਰਿ ਪਾਇ ਜਨੇਊ ਤਿਲਕੁ ਸੁਖਾਣਾ ।।
   ਮਕਾ ਮੁਸਲਮਾਨ ਦਾ ਗੰਗ ਬਨਾਰਸ ਦਾ ਹਿੰਦੁਵਾਣਾ ।।
   ਰੋਜ਼ੇ ਰਖਿ ਨਿਮਾਜ਼ ਕਰਿ ਪੂਜਾ ਵਰਤ ਅੰਦਰਿ ਹੈਰਾਣਾ ।।
   ਚਾਰਿ ਚਾਰਿ ਮਜਹਬ ਵਰਨ ਛਿਅ ਘਰਿ ਗੁਰੁ ਉਪਦੇਸੁ ਵਖਾਣਾ ।।
   ਮੁਸਲਮਾਨ ਮੁਰੀਦ ਪੀਰ ਗੁਰੁ ਸਿਖੀ ਹਿੰਦੂ ਲੋਭਾਣਾ ।।
   ਹਿੰਦੂ ਦਸ ਅਵਤਾਰ ਕਰਿ ਮੁਸਲਮਾਣ ਇਕੋ ਰਹਿਮਾਣਾ ।।
   ਖਿੰਜੋਤਾਣ ਕਰੇਨਿ ਧਿਙਾਣਾ।।
   
   ਵਾਰਾਂ ਭਾਈ ਗੁਰਦਾਸ, ਵਾਰ 39, ਪਉੜੀ 10
7. ਅਬਦੁਲਾ, ਤਾਰੀਖ-ਏ-ਦਾਉਦੀ, ਦੀ ਹਿਸਟਰੀ ਆਫ ਇੰਡੀਆ, ਵਾਲੀਅਮ 1, ਬ. 305
8. Dr. Gokal Chand Narang, Transformation of Sikhism, p. 31
9. ਵਾਇਨਿ ਚੇਲੇ ਨਚਨਿ ਗੁਰ ।।
   ਪੈਰ ਹਲਾਇਨ ਫੇਰਨਿ ਸਿਰ ।।
   ਉਡਿ ਉਡਿ ਰਾਵਾ ਝਾਟੈ ਪਾਇ ।।
   ਵੇਖੈ ਲੋਕੁ ਹਸੈ ਘਰਿ ਜਾਇ ।।
   
   ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 465
10. Guru Nanak in History, p. 108
11. ਡਾ. ਗੋਕਲ ਚੰਦ ਨਾਰੰਗ, ਸਿੱਖ ਮੱਤ ਦਾ ਪਰਿਵਰਤਨ ਪੰ. 4
12. ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ।।
    ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ।।
    
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 730
13. ਮਖਟੂ ਹੋਇ ਕੈ ਕੰਨ ਪੜਾਏ ।।
    ਫਕਰੁ ਕਰੇ ਹੋਰੁ ਜਾਤਿ ਗਵਾਏ ।।

ਗੁਰੁ ਪੀਰੁ ਸਦਾਏ ਮੰਗਣ ਜਾਇ ।।
ਤਾ ਕੈ ਮੂਲਿ ਨਾ ਲਗੀਐ ਪਾਇ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1245

14. ਇਕਿ ਵਣਖੰਡਿ ਬੈਸਹਿ ਜਾਇ ਸਦੁ ਨ ਦੇਵਹੀ ।।
ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਵਹੀ ।।
ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ।।
ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ।।
ਇਕਿ ਨਗਨ ਫਿਰਹਿ ਦਿਨੁ ਰਾਤਿ ਨੀਦ ਨ ਸੋਵਹੀ ।।
ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ।।
ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 1284-1285

15. ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਈ ।।
......
ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ।।
ਉਹੀ ਪੰ. 1284-85

16. ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ।।
ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾ ।।
ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾ ।।
ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮਹਾਏ ਸਾਥੈ ।।
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ।।
ਉਹੀ, ਪੰ. 140

17. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 56

18. Guru Nanak and his time, p. 75

19. ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ ।।
ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 21

20. ਗਿਆਨੀ ਲਾਲ ਸਿੰਘ, ਗੁਰਮਤਿ ਮਾਰਤੰਡ ਅਰਥਾਤ ਗੁਰਮਤ ਨਿਰਣਯ, ਪੰ 380

21. ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ।।
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ।।
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ।।
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 56

22. ਡਾ. ਗੋਕਲ ਚੰਦ ਨਾਰੰਗ, ਟਰਾਂਸਫਾਰਮੇਸ਼ਨ ਆਫ ਸਿਖਇਜ਼ਮ ਪੰ. 20

23. ਜੋਗੁ ਨਾ ਖਿੰਥਾ ਜੋਗੁ ਨਾ ਡੰਡੈ ਜੋਗੁ ਨਾ ਭਸਮ ਚੜਾਈਐ ।।
ਜੋਗੁ ਨਾ ਮੁੰਦੀ ਮੂੰਡਿ ਮੁਡਾਇਐ ਜੋਗੁ ਨਾ ਸਿੰਙੀ ਵਾਈਐ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 730

24. ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ।।
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ।।
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ।।
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ।।
ਸ੍ਰੀ ਗੁਰੂ ਗ੍ਰੰਥ ਸਾਹਿਬ 789
25. ਉਹੀ, ਪੰ. 729
26. ਉਹੀ ਪੰ. 729
27. ਜੋਗੁ ਨਾ ਖਿੰਥਾ ਜੋਗ ਨ ਡੰਡੈ ਜੋਗੁ ਨਾ ਭਸਮ ਚੜਾਈਐ ।।
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ।।
ਉਹੀ, ਪੰ. 730
28. ਡਾ. ਮਨਮੋਹਨ ਸਿੰਘ, ਗੁਰਮਤਿ ਕਾਵਿ ਅਤੇ ਭਗਤੀ ਧਾਰਾ, ਪੰ. 124
29. ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਦੀ ਆਸਾ ।।
ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 140
30. ਸਿਖ ਮੱਤ ਦਾ ਪਰਿਵਰਤਨ, ਪੰ. 7
31. ਡਾ. ਸਿੱਖ ਮੱਤ ਦਾ ਪਰਿਵਰਤਨ, ਪੰ.
32. ਪ੍ਰਿ. ਸਤਬੀਰ ਸਿੰਘ, ਬਲਿਓ ਚਿਰਾਗ, ਪੰ. 24-25
33. Abdulla, Taikh-i-Daudi, The Hisotry of India, Vol. IX., p. 445-46
34. ਡਾ. ਗੋਕਲ ਚੰਦ ਨਾਰੰਗ, ਸਿਖ ਮਤ ਦਾ ਪਰਿਵਰਤਨ, ਪ. 3-4
35. ਡਾ. ਰਾਧਾ ਕ੍ਰਿਸ਼ਨਨ, ਸੇਕਰਡ ਹਾਈਡਿੰਗਜ ਆਫ ਦੀ ਸਿਖਸ ਪੰ. 18
36. ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ।।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ।।
ਹਉ ਭਾਲਿ ਵਿਕੁੰਨੀ ਹੋਈ।।ਆਧੇਰੈ ਰਾਹੁ ਨ ਕੋਈ ।।
ਵਿਚਿ ਹਉਮੈ ਕਰਿ ਦੁਖੁ ਰੋਈ ।।
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 145
37. ਬਾਬੇ ਆਖਿਆ ਨਾਥ ਜੀ ! ਸਚੁ ਚੰਦ੍ਰਮਾਂ ਕੂੜੁ ਅੰਧਾਰਾ ।।
ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ ।।
ਪਾਪ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ ।।
ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ ।।
ਜੋਗੀ ਗਿਆਨ ਵਿਹੂਣਿਆ ਨਿਸਦਿਨ ਅੰਗਿ ਲਗਾਇਨਿ ਛਾਰਾ ।।
ਬਾਝੁ ਗੁਰੂ ਡੁਬਾ ਜਗੁ ਸਾਰਾ ।।
ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 29

38. ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ ।।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ ।।
ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ ।।
ਵਰਤਿਆ ਪਾਪ ਸਭਸ ਜਗਿ ਮਾਂਹੀ ।।

ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 30

39. ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ ।।
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ ।।
ਕਚਾ ਰੰਗੁ ਕਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ ।।
ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਇਕ ਥਾਇ ਖਲੋਈ।।
ਰਾਹਿ ਸੈਤਾਨੀ ਦੁਨੀਆ ਗੋਈ ।।
ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 33

40. ਸੁਣਿ ਆਖਾਣਿ ਵਖਾਣੁ ਆਖਿ ਵਖਾਣਿਆ ।।
ਹਿੰਦੂ ਮੁਸਲਮਾਣੁ ਨ ਸਚੁ ਸਿਞਾਣਿਆ ।।
ਦਰਗਹ ਪਤਿ ਪਰਵਾਣੁ ਮਾਣੁ ਨਿਮਾਣਿਆ ।।
ਵੇਦ ਕਤੇਬ ਕੁਰਾਣੁ ਨ ਆਖਰੁ ਜਾਣਿਆ ।।

ਉਹੀ, ਵਾਰ 21, ਪਉੜੀ 4

41. ਦੁਹ ਮਿਲਿ ਜੰਮੇ ਦੁਇ ਜਣੇ ਦੁਹੁ ਜਾਣਿਆਂ ਦੁਇ ਰਾਹ ਚਲਾਏ ।।
ਹਿੰਦੂ ਆਖਨਿ ਰਾਮ ਰਾਮ ਮੁਸਲਮਾਣਾ ਨਾਉ ਖੁਦਾਏ ।।
ਹਿੰਦੂ ਪੂਰਬਿ ਸਉਹਿਆ ਪਛਮ ਮੁਸਲਮਾਣ ਨਿਵਾਏ ।।
ਗੰਗ ਬਨਾਰਸਿ ਹਿੰਦੂਆ ਮਕਾ ਮੁਸਲਮਾਣੁ ਮਨਾਏ ।।
ਵੇਦ ਕਤੇਬਾ ਚਾਰਿ ਚਾਰਿ ਚਾਰ ਵਰਣ ਚਾਰਿ ਮਜ਼ਹਬ ਚਲਾਏ ।।
ਪੰਜ ਤਤ ਦੋਵੇ ਜਣੇ ਪਉਣ ਪਾਣੀ ਬੈਸੰਤਰੁ ਛਾਏ ।।
ਇਕ ਥਾਉ ਦੁਇ ਨਾਉ ਧਰਾਏ ।।

ਉਹੀ ਵਾਰ 33. ਪਉੜੀ 2

42. ਬਾਬਾ ਆਇਆ ਤੀਰਥੈ ਤੀਰਥ ਪੁਰਬ ਸਭੇ ਫਿਰਿ ਦੇਖੈ ।।
ਪੂਰਬ ਧਰਮ ਬਹੁ ਕਰਮ ਕਰਿ ਭਾਉ ਭਗਤਿ ਬਿਨੁ ਕਿਤੇ ਨ ਲੇਖੈ ।।
........
ਭੇਖੀ ਪ੍ਰਭੂ ਨ ਪਾਈਐ ਆਪੁ ਗਵਾਏ ਰੂਪ ਨ ਰੇਖੈ ।।
ਉਹੀ ਵਾਰ 1, ਪਉੜੀ 25

43. ਰਾਤਿ ਅਨ੍ਹੇਰੀ ਅੰਧਕਾਰੁ ਲਖ ਕਰੋੜੀ ਚਮਕਨ ਤਾਰੇ ।।
.............
ਗੁਰਮੁਖਿ ਸੁਖ ਫਲੁ ਸਾਧ ਸੰਗੁ ਪਸੂ ਪਰੇਤ ਪਤਿਤ ਨਿਸਤਾਰੇ ।।
ਪਰਉਪਕਾਰੀ ਗੁਰੂ ਪਿਆਰੇ ।।

ਉਹੀ, ਵਾਰ 16, ਪਉੜੀ 7

44. ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ ।।
ਕੁਝ ਵਿਖਾਲੇਂ ਅਸਾਂ ਨੋ ਤੁਹਿ ਕਿਉ ਢਿਲ ਅਵੇਹੀ ਲਾਈ ।।
ਬਾਬਾ ਬੋਲੇ ਨਾਥ ਜੀ ! ਅਸਾਂ ਵੇਖਣਿ ਜੋਗੀ ਵਸਤੁ ਨ ਕਾਈ ।।
ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹਹਿ ਰਾਈ ।।
ਉਹੀ ਵਾਰ 1, ਪਉੜੀ 42

45. ਧਰਮਸਾਲ ਕਰਤਾਰਪੁਰੁ ਸਾਧ ਸੰਗਤਿ ਸਚਖੰਡ ਵਸਾਇਆ ।।
ਵਾਹਿਗੁਰੂ ਗੁਰ ਸਬਦੁ ਸੁਣਾਇਆ ।।
ਉਹੀ ਵਾਰ 24, ਪਉੜੀ ।

46. ਗੁਰੂ ਪਰਮੇਸਰ ਇਕੁ ਜਾਣਿ ਗੁਰਮੁਖਿ ਦੂਜਾ ਭਾਉ ਮਿਟਾਇਆ ।।
ਹਉਮੈ ਪਾਲਿ ਢਹਾਇਕੈ ਤਾਲ ਨਦੀ ਦਾ ਨੀਰੁ ਮਿਲਾਇਆ ।।
...................
ਸਾਧ ਸੰਗਤਿ ਇਕ ਮਨਿ ਇਕੁ ਧਿਆਇਆ ।।
ਵਾਰਾਂ ਭਾਈ ਗੁਰਦਾਸ, ਵਾਰ 29, ਪਉੜੀ 14

47. ਹਉਮੈ ਗਰਬੁ ਨਿਵਾਰੀਐ ਗੁਰਮੁਖਿ ਰਿਦੈ ਗਰੀਬੀ ਆਵੈ ।।
ਗਿਆਨ ਮਤੀ ਘਟਿ ਚਾਨਣਾ ਭਰਮ ਅਗਿਆਨੁ ਅੰਧੇਰੁ ਮਿਟਾਵੈ ।।
...........
ਸਾਧ ਸੰਗਤਿ ਮਿਲਿ ਹੁਕਮਿ ਕਮਾਵੈ ।।
ਉਹੀ, ਵਾਰ 29, ਪਉੜੀ 13

48. ਗੁਰ ਸਿਖੀ ਪਰਧਾਨੁ ਹੈ ਪੀਰ ਮੁਰੀਦੀ ਹੈ ਪਰਵਾਣਾ ।।
ਦੁਖੀ ਦੁਬਾਜਰਿਆ ਹੈਰਾਣਾ ।।
ਉਹੀ ਵਾਰ 33, ਪਉੜੀ 4

49. ਚਾਰਿ ਵਰਨਿ ਇਕ ਵਰਨਿ ਕਰਿ ਵਰਨ ਅਵਰਨ ਸਾਧ ਸੰਗੁ ਜਾਪੈ ।।
ਛਿਅ ਰੁਤੀ ਛਿਅ ਦਰਸਨਾ ਗੁਰਮੁਖਿ ਦਰਸਨੁ ਸੂਰਜੁ ਥਾਪੈ ।।
ਬਾਰਹ ਪੰਥ ਮਿਟਾਇਕੈ ਗੁਰਮੁਖਿ ਪੰਥ ਵਡਾ ਪਰਤਾਪੈ ।।
ਉਹੀ ਵਾਰ 23 ਪਉੜੀ 19

50. ਡਾ. ਦਰਸ਼ਨ ਸਿੰਘ, ਸਿਖ ਧਰਮ, ਪ੍ਰਸੰਗ ਅਤੇ ਸਰੋਕਾਰ, ਖੋਜ ਪੱਤਰ, ਪੰ. 7

51. ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ।।
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 22

52. ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਆਧਾਰੁ ।।
ਉਹੀ, ਪੰ. 58

53. ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ।।
ਉਹੀ ਪੰ. 62

54. ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ।।

ਗੁਰੂ ਨਾਨਕ ਬਾਣੀ ਪ੍ਰਕਾਸ਼ ਪੰ. 214

55. Dr. S. Radha Krishnan, The Present Crises of Faith, p. 112

56. ਡਾ. ਰਾਧਾ ਕ੍ਰਿਸ਼ਨਨ, ਭਾਰਤੀਯ ਸੰਸਕ੍ਰਿਤੀ : ਕੁਛ ਵਿਚਾਰ ਅਮੁੱਖ

57. ਸਿਧ ਛਪਿ ਬੈਠੇ ਪਰਬਤੀ ਕਉਣ ਜਗਤਿ ਕਉ ਪਾਰਿ ਉਤਾਰਾ ।।

ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 29

58. A. B. Panday, Society and Government in Medieval India, p. 20

59. (ੳ) ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ।।
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ।।

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 470

(ਅ) ਘਰਿ ਘਰਿ ਮੀਆ ਸਭਨਾ ਜੀਆ ਬੋਲੀ ਅਵਰ ਤੁਮਾਰੀ ।।

ਉਹੀ ਪੰ. 1191

60. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਿਕ ਸਰਵੇਖਣ, ਪੰ. 8

61. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਮਲਾਰ ਬਾਣੀ ਨਾਮਦੇਵ ਜੀਉ ਕੀ, ਪੰ. 1292

62. ਤੁਮ ਕਤ ਬ੍ਰਾਹਮਣ ਹਮ ਕਤ ਸੂਦ।। ਹਮ ਕਤ ਲੋਹੂ ਤੁਮ ਕਤ ਦੂਧ ।।

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 324

63. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 23

64. ਸਿਖ ਮੱਤ ਦਾ ਪਰਿਵਰਤਨ, ਪੰ. 46

65. ਸ. ਹਰਬੰਸ ਸਿੰਘ ਚਾਵਲਾ, ਗੁਰੂ ਗ੍ਰੰਥ ਬਾਣੀ ਵਿਚ ਸਮਕਾਲੀ ਸਮਾਜਿਕ ਚਿਤਰ, ਪੰ. 51

66. ब्रह्मणो उस्प मुख्म उरु तदस्य यद्वैश्य पद्भचां शूद्रों आजायत।।
10. 90. 12

67. ਮਨੁ ਸਿਮਰਤੀ 10:109, 111, 123, 8:22, 142, 380, 414, 4:80

68. Dr. S. Radha Krishnan, The Present Crisis of Faith, p. 112

69. ਜਾਤੀ ਦੈ ਕਿਆ ਹਥਿ ਸਚੁ ਪਰਖੀਐ ।।
ਮਹੁਰਾ ਹੋਵੈ ਹਥਿ ਮਰੀਐ ਚਖੀਐ ।।

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 142

70. ਫਕੜ ਜਾਤੀ ਫਕੜੁ ਨਾਉ।। ਸਭਨਾ ਜੀਆ ਇਕਾ ਛਾਉ ।।

ਉਹੀ, ਪੰ. 83

71. ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ।।

ਉਹੀ, ਪੰ. 349

72. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 23

73. Dr. S. Radha Krishnan, Religion and Culture, p. 142

74. ਖਸਮੁ ਵਿਸਾਰਹਿ ਤੇ ਕਮਜਾਤਿ ।।ਨਾਨਕ ਨਾਵੈ ਬਾਝੁ ਸਨਾਤਿ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 10
75. ਭਾਈ ਜੋਧ ਸਿੰਘ, ਗੁਰਮਤ ਨਿਰਣਯ, ਪੰ. 258
76. Dr. Trilochan Singh, Guru Nanak's Religion, p. 32
77. ਜਗਜੀਤ ਸਿੰਘ, ਸਿਖ ਇਨਕਲਾਬ, ਪੰ. 42
78. International Encyclopaedia of Social Science Vol 3, p. 318
79. The Present Crisis of Faith, p. 113
80. ਮਨਿ ਮੈਲੈ ਸੂਚਾ ਕਿਉ ਹੋਇ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 686
81. ਜਯ ਰਾਮ ਮਿਸ਼ਰ (ਸੰਪਾ), ਗੁਰੂ ਨਾਨਕ ਬਾਣੀ, ਪੰ. 10
82. ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 17
83. ਵਾਰਾਂ ਭਾਈ ਗੁਰਦਾਸ, ਵਾਰ 22, ਪਉੜੀ 16
84. W.H. Macleod, Guru Nanak and his Sikh religion, p. 210
85. ਭਾਈ ਵੀਰ ਸਿੰਘ (ਸੰਪਾ.) ਪੁਰਾਤਨ ਜਨਮ ਸਾਖੀ, ਪੰ. 110
86. ਡਾ. ਕਿਰਪਾਲ ਸਿੰਘ (ਸੰਪਾ:) ਜਨਮ ਸਾਖੀ ਪਰੰਪਰਾ, ਭਾਈ ਬਾਲੇ ਵਾਲੀ ਜਨਮਸਾਖੀ, ਪੰ. 264
87. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ (ਭਾਗ ਪਹਿਲਾ) ਪੰ. 342
88. ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 473
89. ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ।।
ਮਿਲਿ ਕੈ ਕਰਹ. ਕਹਾਣੀਆ ਸੰਮ੍ਰਥ ਕੰਤ ਕੀਆਹ ।।
ਉਹੀ, ਪੰ. 17
90. ਕਵੀ ਸੋਹਨ ਜੀ (ਕ੍ਰਿਤ) ਗੁਰ ਬਿਲਾਸ ਪਾਤਸ਼ਾਹੀ ਛੇਵੀ (ਸੰਪਾਦਕ ਗਿਆਨੀ ਇੰਦਰ ਸਿੰਘ ਗਿੱਲ), ਪੰ.19
91. ਉਹੀ, ਪੰ. 71
92. ਉਹੀ, ਪੰ. 288
93. ਭਾਈ ਸੰਤੋਖ ਸਿੰਘ (ਰਚਿਤ), ਗੁਰ ਪ੍ਰਤਾਪ ਸੂਰਜ (ਸੰਪਾਦਕ ਡਾ. ਜੈ ਭਗਵਾਨ ਗੋਬਿੰਦ, ਪੰ. 82
94. ਗਿਆਨੀ ਗਿਆਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰ. 215
95. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰ. 882
96. ਕਾਲਾ ਸਿੰਘ ਬੇਦੀ, ਵਾਰਕਾਰ ਗੁਰੂ ਨਾਨਕ, ਪੰ. 382
97. ਡਾ. ਦਰਸ਼ਨ ਸਿੰਘ, ਦਿ ਰਿਲੀਜਨ ਆਫ ਗੁਰੂ ਨਾਨਕ, ਪੰ. 3
98. ਖੁਸਵੰਤ ਸਿੰਘ, ਹਾਇਮਨਜ ਆਫ਼ ਗੁਰੂ ਨਾਨਕ, ਪੰ. 99
99. ਈਲੀਅਟ ਐਂਡ ਡਾਇਸ਼ਨ, ਹਿਸਟਰੀ ਆਫ ਇੰਡੀਆ, ਭਾਗ-4, ਪੰ. 191
100. ਜੀ. ਐਸ ਛਾਬੜਾ, ਐਡਵਾਸਡ ਹਿਸਟਰੀ ਆਫ ਪੰਜਾਬ, ਪੰ. 2

101. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰ. 117
102. Indu Bhushan Banerjee, Evolution of Khalsa, Vol I, p. 32
103. ਭਗਤ ਸਿੰਘ, ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ, ਪੰ. 167
104. A.B. Pandey, The First Afgan Empire, p. 201
105. Abdulla, Tribh-i-Daudi, The History of India, Vol I , p. 447
106. ਡਾ. ਗੋਕਲ ਚੰਦ ਨਾਰੰਗ, ਟਰਾਂਸਫਰਮੇਸ਼ਨ ਆਫ ਸਿਖਇਜ਼ਮ, ਪੰ. 19
107. ਪ੍ਰਿੰ. ਸਤਬੀਰ ਸਿੰਘ, ਬਲਿਓ ਚਿਰਾਗ, ਪੰ. 17
108. ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 663

109. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 417

(ਗੁਰੂ ਨਾਨਕ ਬਾਣੀ ਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 417 ਉਪਰ ਦਿੱਤੀਆਂ ਤੁਕਾਂ ਦਾ ਸਾਰ)

110. ਰਾਜੇ ਸੀਹ ਮੁਕਦਮ ਕੁਤੇ।। ਜਾਇ ਜਗਾਇਨਿ ਬੈਠੇ ਸੁਤੇ ।।

ਉਹੀ, ਪੰ. 1288

111. ਕਲਿ ਆਈ ਕੁਤੇ ਮੁਹੀ-- - - - -

ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 30

112. J.S. Grewal, From Guru Nanak to Maharaja Ranjit Singh , p 18
113. ਭਗਤ ਸਿੰਘ, ਮੱਧਕਾਲੀਨ ਭਾਰਤ ਦੀਆਂ ਸੰਸਥਾਵਾਂ, ਪੰ. 388
114. ਉਹੀ, ਪੰ. 412
115. ਬੰਧਨ ਕਿਰਖੀ ਕਰਹਿ ਕਿਰਸਾਨ ।। ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ ।।

ਉਹੀ, ਪੰ-416

116. ਰਾਜੇ ਸੀਹ ਮੁਕਦਮ ਕੁਤੇ ।। ਜਾਇ ਜਗਾਇਨਿ ਬੈਠੇ ਸੁਤੇ ।।

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1288

117. K.M. Ashram, Life and conditions of the people of Hindustan, p. 105
118. Bakhshish Singh Nijjar (Dr.), Punjab under the Sultans, p. 159
119. Dr. J.S. Grewal, Guru Nanak in History, p. 36
120. ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ।।

............

ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ।।

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 991

121. ਕਾਜੀ ਹੋਇ ਕੈ ਬਹੈ ਨਿਆਇ ।।

ਫੇਰੇ ਤਸਬੀ ਕਰੇ ਖੁਦਾਇ ।।

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 951

122. ਗਊ ਬਿਰਾਹਮਣ ਕਉ ਕਰੁ ਲਾਵਹੁ- - - - -॥

ਉਹੀ, ਪੰ. 471

123. ਉਹੀ, ਪੰ. 142
124. ਉਹੀ, ਪੰ. 143
125. ਉਹੀ, ਪੰ. 148
126. ਉਹੀ, ਪੰ. 1280
127. ਉਹੀ, ਪੰ. 1288
128. ਉਹੀ, ਆਸਾ ਦੀ ਵਾਰ, ਪੰ. 468-69
129. ਉਹੀ, ਪੰ. 471
130. ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ। ।
ਉਹੀ, ਪੰ. 145
131. ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ ।।
ਉਹੀ ਪੰਨਾ 471
132. ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ।।
ਉਹੀ, ਪੰ. 468
133. ਦੈਤ ਸੰਘਾਰਿ ਸੰਤ ਨਿਸਤਾਰੇ ।।
ਉਹੀ, ਪੰ. 224
134. ਅਸੁਰ ਸਘਾਰਣ ਰਾਮੁ ਹਮਾਰਾ ।।
ਉਹੀ, ਪੰ. 1028
135. ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ।।
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ।।
ਉਹੀ, ਪੰ. 471
136. ਆਪੇ ਸਿਧ ਸਾਧਿਕੁ ਵੀਚਾਰੀ ।। ਆਪੇ ਰਾਜਨੁ ਪੰਚਾ ਕਾਰੀ ।।
ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ।
ਉਹੀ, ਪੰ. 1022
137. ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ।।
ਉਹੀ, ਪੰ. 1241
138. ਰਾਜੇ ਚੁਲੀ ਨਿਆਵ ਕੀ ......... ।।
ਉਹੀ, ਪੰ. 1240
139. ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ।।
ਉਹੀ, ਪੰ. 16
140. (ੳ) ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ।।
ਬੇਦ ਦੀ ਬਿਪਤਿ ਪੜੀ ਪਛੁਤਾਨਿਆ ।।
ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ।।
ਐਸਾ ਗਰਬੁ ਬੁਰਾ ਸੰਸਾਰੈ ।। ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ।। ਰਹਾਉ ।।

ਬਲਿ ਰਾਜਾ ਮਾਇਆ ਅਹੰਕਾਰੀ ।। ਜਗਨ ਕਰੈ ਬਹੁ ਭਾਰ ਅਫਾਰੀ ।।
ਬਿਨੁ ਗੁਰ ਪੂਛੇ ਜਾਇ ਪਾਇਆਰੀ ।।
ਹਰੀਚੰਦੁ ਦਾਨੁ ਕਰੈ ਜਸੁ ਲੇਵੈ ।। ਬਿਨ ਗੁਰ ਅੰਤੁ ਨ ਪਾਇ ਅਭੇਵੈ ।।
ਆਪਿ ਭੁਲਾਇ ਆਪੇ ਮਤਿ ਦੇਵੈ।।
ਦੁਰਮਤਿ ਹਰਣਾਖਸੁ ਦੁਰਾਚਾਰੀ ।। ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ।।
ਪ੍ਰਹਲਾਦ ਉਧਾਰੇ ਕਿਰਪਾ ਧਾਰੀ ।।
ਭੂਲੋ ਰਾਵਣੁ ਮੁਗਧੁ ਅਚੇਤਿ ।। ਲੂਟੀ ਲੰਕਾ ਸੀਸ ਸਮੇਤਿ ।।
ਗਰਬਿ ਗਇਆ ਬਿਨੁ ਸਤਿਗੁਰ ਹੇਤਿ ।।
ਸਹਸਬਾਹੁ ਮਧੁ ਕੀਟ ਮਹਖਾਸਾ ।। ਹਰਣਾਖਸੁ ਲੇ ਨਖਹੁ ਬਿਧਾਸਾ।।
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ।।
ਜਰਾਸੰਧਿ ਕਾਲਜਮੁਨ ਸੰਘਾਰੇ ।। ਰਕਤਬੀਜੁ ਕਾਲੁ ਨੇਮੁ ਬਿਦਾਰੇ ।।
ਦੈਤਿ ਸੰਘਾਰਿ ਸੰਤ ਨਿਸਤਾਰੇ ।।

ਉਹੀ, ਪੰ. 224

(ਅ) ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ।।
ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ।।
ਮੈ ਧਰ ਨਾਮੁ ਜਿਉ ਰਾਖਹੁ ਰਹਨਾ ।।
ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ।। ਸਾਹ ਮਰਹਿ ਸੰਚਹਿ ਮਾਇਆ ਦਾਮ ।।
ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ।।
ਰਯਤਿ ਮਹਰ ਮੁਕਦਮ ਸਿਕਦਾਰੈ ।। ਨਿਹਚਲੁ ਕੋਇ ਨ ਦਿਸੈ ਸੰਸਾਰੈ ।।
ਅਫਰਿਉ ਕਾਲੁ ਕੂੜੁ ਸਿਰਿ ਮਾਰੈ ।।
ਨਿਹਚਲੁ ਏਕੁ ਸਚਾ ਸਚੁ ਸੋਈ ।। ਜਿਨਿ ਕਰਿ ਸਾਜੀ ਤਿਨਹਿ ਸਭ ਗੋਈ ।।
ਉਹ ਗੁਰਮੁਖਿ ਜਾਪੈ ਤਾ ਪਤਿ ਹੋਈ ।।

ਉਹੀ, ਪੰ. 227

............

(ੲ) ਬੂਡਾ ਦੁਰਜੋਧਨੁ ਪਤਿ ਖੋਈ ।। ਰਾਮ ਨ ਜਾਨਿਆ ਕਰਤਾ ਸੋਈ ।।
ਜਨ ਕਉ ਦੂਖਿ ਪਚੈ ਦੁਖੁ ਹੋਈ ।।
ਜਨਮੇਜੈ ਗੁਰ ਸਬਦੁ ਨ ਜਾਨਿਆ ।। ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ।।
ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ।।
ਕੰਸੁ ਕੇਸੁ ਚਾਂਡੂਰ ਨ ਕੋਈ ।। ਰਾਮੁ ਨ ਚੀਨਿਆ ਅਪਨੀ ਪਤਿ ਖੋਈ ।।
ਬਿਨੁ ਜਗਦੀਸ ਨ ਰਾਖੈ ਕੋਈ ।।

ਉਹੀ, ਪੰ. 225

141. ਸਾਹ ਪਾਤਿਸਾਹ ਸਿਰ ਖਸੁਮ ਤੂੰ- - - - - ।।

ਸ੍ਰੀ ਗੁਰੂ ਗ੍ਰੰਥ ਸਾਹਿ,ਬ ਪੰ. 72

142. .......ਰਾਜੁ ਤੇਰਾ ਕਬਹੁ ਨ ਜਾਵੈ।
ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ ।।
ਉਹੀ, ਪੰ. 567
143. ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ ।।
ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ ।।
ਉਹੀ, ਪੰ. 142
144. ਜੇ ਜਾਣਸਿ ਬ੍ਰਹਮੰ ਕਰਮੰ ।। ਸਭਿ ਫੋਕਟ ਨਿਸਚਉ ਕਰਮੰ ।।
ਉਹੀ, ਪੰ. 470
145. Niharranjan Ray, The Sikh Gurus and Sikh Society, p. 59
146. ਡਾ. ਦਰਸ਼ਨ ਸਿੰਘ, ਸਿਖ ਮੱਤ ਵਿਚ ਮੀਰੀ ਅਤੇ ਪੀਰੀ ਦਾ ਸਿਧਾਂਤ, ਖੋਜ ਪੱਤਰ, ਪੰ. 1
147. ਰਾਜੇ ਚੁਲੀ ਨਿਆਵ ਕੀ .... ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1240
148. ਕਾਜੀ ਹੋਇ ਕੈ ਬਹੈ ਨਿਆਇ ।। ਫੇਰੇ ਤਸਬੀ ਕਰੇ ਖੁਦਾਇ ।।
ਵਢੀ ਲੈ ਕੇ ਹਕੁ ਗਵਾਏ ।।
ਉਹੀ, ਪੰ. 951
149. ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ।।
ਉਹੀ ਪੰ. 722
150. ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ।।
ਧੋਤੀ ਟਿਕਾ ਤੈ ਜਮਪਾਲੀ ਧਾਨੁ ਮਲੇਛਾ ਖਾਈ ।।
ਉਹੀ, ਪੰ. 471
151. ਫਕੜ ਜਾਤੀ ਫਕੜੁ ਨਾਉ ।। ਸਭਨਾ ਜੀਆ ਇਕਾ ਛਾਉ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 83
152. ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ।।
ਓਨੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ।।
ਉਹੀ, ਪੰ. 418
153. ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ।।
ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ।।
ਉਹੀ, ਪੰ. 419
154. ਜੇ ਦਰਿ ਮਾਂਗਤੁ ਕੂਕ ਕਰੇ ਮਹਲੀ ਖਸਮੁ ਸੁਣੇ ।।
ਉਹੀ, ਪੰ. 349
155. ਡਾ. ਦਰਸ਼ਨ ਸਿੰਘ, ਸਿਖਮਤ ਵਿਚ ਮੀਰੀ ਅਤੇ ਪੀਰੀ ਦਾ ਸਿਧਾਂਤ, ਖੋਜ ਪੱਤਰ, ਪੰ. 9
156. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰ. 440
157. ਉਹੀ, ਪੰ. 441

158. ਕਵੀ ਸੋਹਨ ਜੀ (ਕ੍ਰਿਤ) ਸ੍ਰੀ ਗੁਰੂ ਬਿਲਾਸ ਪਾਤਸ਼ਾਹੀ ਛੇਵੀਂ, ਪੰ. 459
159. Niharranjan Ray, The Sikh Gurus and Sikh Society p. 25
160. ਉਹੀ, ਪੰ. 25
161. ਪ੍ਰੋ. ਪ੍ਰੀਤਮ ਸਿੰਘ (ਸੰਪਾ), ਨਉ ਨਿਧ, ਪੰ. 55-56
162. ਡਾ. ਗੰਡਾ ਸਿੰਘ (ਸੰਪਾ), ਹੁਕਮਨਾਮੇ, ਹੁਕਮਨਾਮਾ ਨੰ. 35
163. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰ. 782
164. ਉਹੀ, ਪੰ. 865
165. ਕਵੀ ਸੈਨਾਪਤ (ਰਚਿਤ) (ਸੰਪਾ.ਸਮਸ਼ੇਰ ਸਿੰਘ ਅਸ਼ੋਕ), ਸ੍ਰੀ ਗੁਰੂ ਸੋਭਾ, ਪੰ. 65
166. ਭਾਈ ਸੰਤੋਖ ਸਿੰਘ (ਰਚਿਤ), ਗੁਰੂ ਪ੍ਰਤਾਪ ਸੂਰਜ, ਰੁੱਤ 3, ਅਧਿਆਇ 24 ਹਵਾਲਾ, ਭਾਈ ਕਾਨ੍ਹ ਸਿੰਘ ਨਾਭਾ, ਗੁਰਮਤ ਸੁਧਾਕਰ, ਪੰ. 352
167. ਡਾ. ਗੰਡਾ ਸਿੰਘ, ਹੁਕਮਨਾਮੇ, ਹੁਕਮਨਾਮਾ ਨੰ. 61, 63
168. C.E.M. Joad, Philosophy for our times, p. 308-309.
169. John B. Chethimattam, The Secular Religion of Guru Nanak, The Seminar Paper Publishing in perspectives on Guru Nanak Edited by Harbans Singh, p. 140
170. Duncan Greenless, the Gospel of Guru Granth Sahib, p. 28
171. Niharranjan Ray, The Sikh Gurus and Sikh Society p. 88
172. ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ। ਉਹੀ, ਪੰ. 417
173. ਹਰਬੰਸ ਸਿੰਘ ਚਾਵਲਾ, ਗੁਰੂ ਗ੍ਰੰਥ ਬਾਣੀ ਵਿਚ ਸਮਾਜਿਕ ਚਿੱਤਰ, ਪੰ. 48
174. ਭਗਤ ਸਿੰਘ, ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ, ਪੰ. 409-410
175. ਗੁਰੂ ਨਾਨਕ ਲੇਖ ਸੰਗ੍ਰਹਿ, ਪੰ. 48
176. ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ 417
177. ਭਗਤ ਸਿੰਘ, ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ, ਪੰ. 412
178. ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ।।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 15
179. ਗੁਰੂ ਨਾਨਕ ਲੇਖ ਸੰਗ੍ਰਹਿ, ਪੰ. 48
180. ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ।।
.........
ਹਾਣੁ ਹਟੁ ਕਰਿ ਆਰਜਾ ਸਚੁ ਨਾਮ ਕਰਿ ਵਥੁ ।।
........
ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 595

181. ਉਹੀ, ਪੰ 1412

182. ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ ।।
ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ ।।
ਉਹੀ, ਪੰ. 1412

183. ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ।। ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨਾ ਖਾਇ ।। ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ।। ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ।।
ਉਹੀ, ਪੰ- 141

184. ਜੋ ਲੇਵੈ ਸੋ ਦੇਵੈ ਨਾਹੀ ਖਟੇ ਦੰਮ ਸਹੰਮੀ । ਉਹੀ, ਪੰ. 1412

185. ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ।। ਉਹੀ, ਪੰ. 417

186. Niharranjan Ray, Sikh Gurus and Sikh Society, p. 54

187. ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ ।।
ਕਿਰਤ ਵਿਰਤਿ ਕਰ ਧਰਮ ਦੀ ਖਟਿ ਖਵਾਲਣੁ ਭਾਇ ਕਰੇਹੀ ।।
ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 3

188. ਸੀਲੁ ਸੰਜਮ ਸੁਚ ਭੰਨੀ ਖਾਣਾ ਖਾਜੁ ਅਹਾਜ ।।
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1311

189. ਮਾਣੂਆ ਮੰਗਿ ਮੰਗਿ ਪੈਨੈ ਖਾਇ ।।
ਅੰਧੀ ਕੰਮੀ ਅੰਧ ਸਜਾਇ ।।
ਭੁਖਿਆ ਦੇਇ ਨ ਮਰਦਿਆ ਰਖੈ ।।
ਅੰਧਾ ਝਗੜਾ ਅੰਧੀ ਸਥੈ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1240-1241

190. ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ।।
ਉਹੀ, ਪੰ. 637

191. ਘਾਲਿ ਖਾਇ ਕਿਛੁ ਹਥਹੁ ਦੇਇ ।।
ਨਾਨਕ ਰਾਹੁ ਪਛਾਣਹਿ ਸੇਇ ।। ਉਹੀ, ਪੰ. 1245

192. ਡਾ. ਦਰਸ਼ਨ ਸਿੰਘ, ਸਿੱਖ ਧਰਮ ਅਤੇ ਕਿਰਤ, ਖੋਜ ਪੱਤਰ, ਪੰ. 7

193. ਪ੍ਰਿੰਸੀਪਲ ਸਤਬੀਰ ਸਿੰਘ, ਬਲਿਓ ਚਿਰਾਗ, ਪੰ. 101

194. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰ. 352

195. ਵਾਰਾਂ ਭਾਈ ਗੁਰਦਾਸ, ਵਾਰ 6, ਪਉੜੀ 13

196. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰ. 471

197. ਡਾ. ਗੰਡਾ ਸਿੰਘ (ਸੰਪਾ.) ਹੁਕਮਨਾਮੇ, ਹੁਕਮਨਾਮਾ ਨੰ. 25

198. ਪਿਆਰਾ ਸਿੰਘ ਪਦਮ, ਰਹਿਤਨਾਮੇ -ਰਹਿਤ ਨਾਮਾ ਭਾਈ ਦੇਸਾ ਸਿੰਘ ਜੀ ਪੰ. 129

199. H.J. Laski, A Grammer of Politics, p., 91

200. ਰਾਮਚੰਦਰ ਅਗਰਵਾਲ, ਨਾਗਰਿਕ ਸ਼ਾਸਤਰ ਦੇ ਸਿਧਾਂਤ ਅਤੇ ਭਾਰਤੀ ਸੰਵਿਧਾਨ ਤੇ ਰਾਜ ਪ੍ਰਬੰਧ ਪੰ. 63
201. ਉਹੀ, ਪੰ. 64
202. ਉਹੀ, ਪੰ. 64
203. William Archibald Dunning, A History of Political Theories (From Raussean to Spencer) p. 11
204. The Encyclopeadia of Philosphy, Vol 7. p. 195
205. International Encyclopeadia of the Social Sciences, Vol 6, p. 540
206. Lane Poole, Medievel India, p. 104
207. ਭਗਤ ਸਿੰਘ, ਮੱਧਕਾਲੀਨ ਭਾਰਤ ਦੀਆਂ ਸੰਸਥਾਵਾਂ, ਪੰ. 167
208. ਉਹੀ, ਪੰ. 137
209. A.B. Panday, Early Medievel India, p. 260
210. ਏ. ਐਲ. ਸ੍ਰੀ ਵਾਸਤਵ, ਸੁਲਤਾਨਤੇ ਆਫ਼ ਦਿੱਲੀ, ਪੰ. 241
211. ਗਊ ਬਿਰਾਹਮਣ ਕਉ ਕਰੁ ਲਾਵਹੁ.....। । ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 471
212. ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ । ।
ਉਹੀ, ਪੰ. 1191
213. ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ । ।
ਉਹੀ, ਪੰ. 471
214. ਪ੍ਰੀਤਮ ਸਿੰਘ ਗਿੱਲ, ਹੈਰੀਟੇਜ਼ ਆਫ ਸਿਖ ਕਲਚਰ, ਪੰ. 81
215. Encyclopeadia of Religion and Ethics, Vol XI, ਪੰ 915
216. ਸਭ ਮਹਿ ਜੋਤਿ ਜੋਤਿ ਹੈ ਸੋਇ । ।
ਸ੍ਰੀ ਗੁਰੂ ਗ੍ਰੰਥ ਸਾਹਿਬ , ਪੰ. 663
217. ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ । ।
ਉਹੀ, ਪੰ. 1330
218. ਗੁਰਮੁਖਿ ਸੇਵਾ ਗੁਰ ਸਿਖਾ ਗੁਰ ਸਿਖ ਮਾ ਪਿਉ ਭਾਈ ਮਿਤਾ । ।
ਵਾਰਾਂ ਭਾਈ ਗੁਰਦਾਸ, ਵਾਰ 5, ਪਉੜੀ 2
219. ਸਰੂਪ ਸਿੰਘ ਭੱਲਾ, ਮਹਿਮਾ ਪ੍ਰਕਾਸ਼ ਭਾਗ ਦੂਜਾ, ਪੰ. 102
220. ਗੁਰੂ ਬਿਲਾਸ ਪਾਤਸ਼ਾਹੀ ਛੇਵੀਂ, ਪੰ. 43
221. ਕੁਇਰ ਸਿੰਘ, ਗੁਰੂ ਬਿਲਾਸ ਪਾਤਸ਼ਾਹੀ ਦਸਵੀਂ, ਪੰ. 90
222. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰ. 50, 58, 104, 236, 244, 262, 368
223. H.J. Laski, A Gramer of Politics p. 142
224. Article - 1
225. Article - 4

226. ਅਵਰ ਜੋਨਿ ਤੇਰੀ ਪਨਿਹਾਰੀ ।।
ਇਸੁ ਧਰਤੀ ਮਹਿ ਤੇਰੀ ਸਿਕਦਾਰੀ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 374
227. ਜੇ ਜੀਵੈ ਪਤਿ ਲਥੀ ਜਾਇ।।ਸਭੁ ਹਰਾਮੁ ਜੇਤਾ ਕਿਛੁ ਖਾਇ ।।
ਉਹੀ, ਪੰ. 142
228. ਗਜਾਨਨ ਸ਼ਰਮਾ, ਪ੍ਰਾਚੀਨ ਭਾਰਤੀਯ ਸਾਹਿਤਯ ਮੇਂ ਨਾਰੀ, ਪੰ. 54
229. ਪ੍ਰੋ. ਪ੍ਰੀਤਮ ਸਿੰਘ, ਸਿਖ ਵਿਚਾਰਧਾਰਾ, ਪੰ. 140
230. P. Thomas, Indian Woman through Ages, p. 56-57
231. ਗਜਾਨਨ ਸ਼ਰਮਾ, ਪ੍ਰਾਚੀਨ ਭਾਰਤੀਯ ਸਾਹਿਤਯ ਮੇਂ ਨਾਰੀ, ਪੰ. 68
232. M. InduMenon, Status of Muslim Woman in India, p. 7
233. ਡਾ. ਏ. ਸੀ. ਅਰੋੜਾ, ਭਾਰਤ ਦਾ ਇਤਿਹਾਸ, ਪੰ. 73
234. K.M. Ashraf, Life and conditions of People of Hindustan, p. 100
235. ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 473
236. ਜਿਨਿ ਸਿਰਿ ਸੋਹਨਿ ਪਟੀਆ ਮਾਗੀ ਪਾਇ ਸੰਧੂਰੁ ।।
ਸੇ ਸਿਰ ਕਾਤੀ ਮੁੰਨੀਅਨਿ੍ ਗਲਿ ਵਿਚ ਆਵੈ ਧੂੜਿ ।।
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ।।
ਉਹੀ, ਪੰ. 417
237. ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ।।
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ ।।
ਉਹੀ, ਪੰ. 967
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ।।
..............
ਜਿਨ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ 418
238. ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1191
239. ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ।।
ਉਹੀ, ਪੰ. 663
240. ਆਰਟੀਕਲ - 22, 3
241. ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ।।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 141

242. ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ।।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ।।
ਉਹੀ, ਪੰ. 140

243. ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ ।।
ਉਹੀ, ਪੰ. 139

244. ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ।।
ਉਹੀ, ਪੰ. 566

245. Niharranjan Ray, The Sikh Gurus and Sikh Society, p 102

ਅਧਿਆਇ ਅੱਠਵਾਂ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਮੰਤਵ

8.1 ਮਨੁੱਖੀ ਜੀਵਨ ਦਾ ਲਕਸ਼

8.2 ਲਕਸ਼ ਪ੍ਰਾਪਤੀ ਦੇ ਸਾਧਨ

8.3 ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਮੰਤਵ

8.3.1 ਆਦਰਸ਼ ਮਨੁੱਖ ਦੀ ਉਸਾਰੀ

8.3.2 ਆਦਰਸ਼ ਸਮਾਜ ਦੀ ਉਸਾਰੀ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਮੰਤਵ

## 8.1 ਮਨੁੱਖੀ ਜੀਵਨ ਦਾ ਲਕਸ਼:

ਵੱਖ ਵੱਖ ਧਰਮ ਗ੍ਰੰਥਾਂ ਤੇ ਮੱਤਾਂ ਨੇ ਮਨੁੱਖੀ ਜੀਵਨ ਦੇ ਵੱਖ ਵੱਖ ਲਕਸ਼ ਚਿਤਵੇ ਹਨ। ਵੇਦਾਂ ਵਿੱਚ ਆਪਣੀ ਜ਼ਿੰਦਗੀ ਨੂੰ ਹਰ ਪੱਖੋਂ ਸਫ਼ਲ ਤੇ ਸਾਰਥਿਕ ਬਣਾਉਣਾ ਹੀ ਜੀਵਨ ਲਕਸ਼ ਮੰਨਿਆ ਗਿਆ ਹੈ।[1] ਉਪਨਿਸ਼ਦਾਂ ਦੀ ਵਿਚਾਰਧਾਰਾ ਅਨੁਸਾਰ ਦੁਖ ਜੀਵਨ ਦੀ ਸਮੱਸਿਆ ਹੈ। ਦੁਖਾਂ ਦਾ ਕਾਰਨ ਇੱਛਾ ਮੰਨੀ ਗਈ ਹੈ।[2] ਗਿਆਨ ਨਾਲ ਮਨੁੱਖ ਆਪਣੇ ਵਾਸਤਵਿਕ ਸਰੂਪ ਨੂੰ ਪਛਾਣ ਲੈਂਦਾ ਹੈ ਤੇ ਦੁਖ ਦੇ ਬੰਧਨ ਤੋਂ ਛੁਟ ਜਾਂਦਾ ਹੈ। ਮੁਕਤੀ ਆਤਮਾ ਤੇ ਬ੍ਰਹਮ ਦੀ ਇਕਮਿਕਤਾ ਹੈ, ਇਹੀ ਜੀਵਨ ਦਾ ਆਦਰਸ਼ ਹੈ।[3] ਗੀਤਾ ਵਿੱਚ ਜੀਵਨ ਆਦਰਸ਼ ਦੀ ਰੂਪ ਰੇਖਾ ਉਪਨਿਸ਼ਦਾਂ ਨਾਲ ਮਿਲਦੀ ਜੁਲਦੀ ਹੈ। ਗੀਤਾ ਵਿੱਚ ਆਦਰਸ਼ ਨੂੰ ਮੁਕਤੀ[4], ਮੋਕਸ਼[5], ਨਿਰਵਾਣ[6], ਪਰਮਗਤੀ[7], ਪਰਮਧਾਮ[8], ਪਰਮਸ਼ਾਤੀ[9] ਪਰਮਪਦ[10] ਆਦਿ ਨਾਵਾਂ ਨਾਲ ਅੰਕਤ ਕੀਤਾ ਗਿਆ ਹੈ। ਅਭੇਤਤਾ ਦੀ ਇਸ ਅਵਸਥਾ ਨੂੰ ਬ੍ਰਹਮ ਸਥਿਤੀ, ਨਿਤ ਸਥਿਤੀ ਜਾਂ ਪੂਰਨ ਆਨੰਦ ਵੀ ਕਿਹਾ ਗਿਆ ਹੈ। ਇਹ ਆਨੰਦ ਸਦੀਵੀ ਹੈ।

ਜੈਨਮੱਤ ਅਨੁਸਾਰ ਮਨੁੱਖ ਦੇ ਜੀਵਨ ਦਾ ਆਦਰਸ਼ ਮੁਕਤੀ ਪ੍ਰਾਪਤ ਕਰਨਾ ਹੈ।[11] ਜੈਨ ਧਰਮ ਮੁਕਤੀ ਦੇ ਸਿਧਾਂਤ ਨੂੰ ਦੋ ਭਾਗਾਂ ਵਿੱਚ ਵੰਡਦਾ ਹੈ। (1) ਭਾਵ ਮੋਕਸ਼ (2) ਦ੍ਰਵ ਮੋਕਸ਼। ਪਿਛਲੇ ਕਰਮਾਂ ਨੂੰ ਕਠਨ ਤਪਸਿਆ ਰਾਹੀਂ ਨਸ਼ਟ ਕਰਨਾ ਤੇ ਅੱਗੇ ਤੋਂ ਕਰਮ ਨਾ ਕਰਨਾ ਭਾਵ ਜਿਹੜੇ ਕਰਮ ਬੰਧਨ ਦਾ ਕਾਰਨ ਬਣਦੇ ਹਨ ਉਹਨਾਂ ਨੂੰ ਰੋਕਣ ਨਾਲ ਹੀ ਮੁਕਤੀ ਦੀ ਪ੍ਰਾਪਤੀ ਲਈ ਸਹਾਈ ਹੋ ਸਕਦੇ ਹਨ।

ਬੁੱਧ ਧਰਮ ਅਨੁਸਾਰ ਜੀਵਨ ਲਕਸ਼ ਜੋ ਬੁੱਧ ਤੋਂ ਬਾਅਦ ਉਸ ਦੇ ਭਿਕਸ਼ੂਆਂ ਨੇ ਪ੍ਰਚਾਰਿਆ ਉਹ ਮੁਕਤੀ ਸੀ।[12] ਬੁੱਧ ਧਰਮ ਨੇ ਜਿਥੇ ਮਨੁੱਖ ਦੀ ਸਰੇਸ਼ਟਤਾ ਨੂੰ ਸਵੀਕਾਰ ਕੀਤਾ ਹੈ ਉਥੇ ਇਸ ਦੇ ਜੀਵਨ ਆਦਰਸ਼ ਨੂੰ ਵੀ ਉਤਨੀ ਹੀ ਮਹੱਤਤਾ ਦਿੱਤੀ ਹੈ। ਇਸ ਆਦਰਸ਼ ਨੂੰ ਬੁੱਧ ਧਰਮ ਵਿੱਚ 'ਨਿਰਵਾਣ' ਕਿਹਾ ਗਿਆ ਹੈ। ਨਿਰਵਾਣ ਦਾ ਅਰਥ ਹੈ 'ਬੁਝ ਜਾਣਾ' 'ਤ੍ਰਿਸ਼ਨਾ ਦਾ ਅੰਤ ਹੋਣਾ'। ਬੁੱਧ ਧਰਮ ਇਸ ਜਨਮ ਨੂੰ ਸਫ਼ਲ ਕਰਨ ਲਈ ਚੰਗੇ ਕਰਮ ਕਰਨ ਤੇ ਜ਼ੋਰ ਦਿੰਦਾ ਹੈ ਕਿਉਂਕਿ ਮਨੁੱਖ ਹੀ ਇਕ ਅਜਿਹੀ ਜੂਨ ਹੈ ਜੋ ਚੈਤੰਨ ਹੋਣ ਦੇ ਨਾਲ ਨਾਲ ਚਿੰਤਨਮਈ ਹੈ। ਅਧਿਆਤਮਿਕ ਉਨਤੀ ਲਈ ਮਨੁੱਖਾ ਜੂਨ ਜ਼ਰੂਰੀ ਹੈ।[13] ਈਸਾਈਮੱਤ ਵਿੱਚ ਮਨੁੱਖ ਦੇ ਜੀਵਨ ਆਦਰਸ਼ ਪ੍ਰਤੀ ਬੜੀ ਸਪਸ਼ਟਤਾ ਨਾਲ ਵਰਨਣ ਮਿਲਦਾ ਹੈ। ਮਨੁੱਖ ਦੀ ਘਾੜਤ ਪ੍ਰਭੂ ਦੇ ਆਪਣੇ ਆਤਮਕ ਆਪੇ ਵਿੱਚ ਕੀਤੀ ਹੈ।[14] ਮਨੁੱਖ ਪ੍ਰਭੂ ਦੀ ਅੰਸ਼ ਹੈ। ਉਸ ਨੂੰ ਸੱਚੇ ਤੇ ਧਰਮੀ ਪੁੱਤਰ ਦੇ ਨਾਤੇ ਪ੍ਰਭੂ ਪਿਤਾ ਨਾਲ ਪਿਆਰ ਕਰਨਾ ਚਾਹੀਦਾ ਹੈ। ਉਸ ਦਾ ਆਦਰਸ਼ ਪ੍ਰਭੂ ਨਾਲ ਅਭੇਦਤਾ ਨਹੀਂ ਪ੍ਰਭੂ ਨਾਲ ਨੇੜਤਾ ਪ੍ਰਾਪਤ ਕਰਨਾ ਹੈ।[15]

ਇਸਲਾਮ ਮੱਤ ਅਨੁਸਾਰ ਮਨੁੱਖ ਦਾ ਜੀਵਨ ਲਕਸ਼ ਖੁਦਾ ਦੀ ਸਮੀਪਤਾ ਪ੍ਰਾਪਤ ਕਰਨਾ ਹੈ। ਇਸਲਾਮ ਇਕ ਜੀਵਨ ਚਾਂਜ ਹੈ ਜੋ ਅੱਲਹ ਨੂੰ ਆਤਮ ਸਮਰਪਣ ਕਰਨ ਦਾ ਉਪਦੇਸ਼ ਦਿੰਦਾ ਹੈ।[16] ਇਸਲਾਮ ਅਨੁਸਾਰ ਮਨੁੱਖ ਜਨਮ ਤੋਂ ਪਾਪੀ ਨਹੀਂ। ਮਨੁੱਖ ਤਾਂ ਪੂਰਨਤਾ ਪ੍ਰਾਪਤ ਕਰਨ ਲਈ ਸਾਜਿਆ ਗਿਆ ਹੈ।[17] ਅਲਹ ਮਨੁੱਖ ਨੂੰ ਪੈਦਾ ਹੀ ਨਹੀਂ ਕਰਦਾ ਸਗੋਂ ਉਸ ਨੂੰ ਪੂਰਨਤਾ ਵਲ ਲਿਜਾਣ ਲਈ ਸਾਧਨ ਵੀ ਪੈਦਾ ਕਰਦਾ ਹੈ।[18] ਸੱਚਾ ਮੁਸਲਮਾਨ ਅੱਲਾ ਦੇ ਗੁਣਾ ਨੂੰ ਧਾਰਨ ਕਰੇ ਇਹੋ ਹੀ ਆਦਰਸ਼ ਮਨੁੱਖ ਦੀ ਮਰਿਆਦਾ ਹੈ।[19]

ਗੁਰੂ ਨਾਨਕ ਦੇਵ ਜੀ ਅਨੁਸਾਰ 'ਆਪਾ ਪਛਾਣਨਾ' ਤੋਂ ਅਗੇ ਨਿਰੰਕਾਰੁ ਨਾਲ ਲਿਵ ਜੋੜਨ ਨੂੰ ਮਨੁੱਖੀ ਲਕਸ਼ ਮੰਨਿਆ ਗਿਆ ਹੈ।

> *ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥ ਆਪੁ ਪਛਾਣੈ ਬੂਝੈ ਸੋਇ॥*
> *ਗੁਰ ਪਰਸਾਦਿ ਕਰੇ ਬੀਚਾਰੁ॥ ਸੋ ਗਿਆਨੀ ਦਰਗਹ ਪਰਵਾਣੁ॥* [20]

*ਆਪੁ ਪਛਾਣਿ ਰਹੈ ਲਿਵ ਲਾਗਾ॥ ਜਨਮੁ ਜੀਤਿ ਗੁਰਮਤਿ ਦੁਖੁ ਭਾਗਾ॥*[21]
*ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ॥*
*ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ॥*[22]

**8.2 ਪਰਮਪਦ ਨੂੰ ਪ੍ਰਾਪਤ ਕਰਨ ਦੇ ਸਾਧਨ :**

ਡਾ. ਜੋਧ ਸਿੰਘ ਅਨੁਸਾਰ, ਪੁਰਾਣੇ ਚਿੰਤਕਾਂ ਨੇ ਯੋਗ ਰਾਹੀਂ ਮਨ ਨੂੰ ਇਕਾਗਰ ਕਰਕੇ ਪਰਮਾਤਮਾ ਦੇ ਸਰੂਪ ਦਾ ਧਿਆਨ ਧਰ ਸਮਾਧੀ ਵਿੱਚ ਚਲੇ ਜਾਣਾ ਹੀ ਸਾਧਨ ਦੱਸਿਆ ਹੈ। ਉਨ੍ਹਾਂ ਅਨੁਸਾਰ ਇਹੋ ਪਰਮਪਦ ਦੀ ਪ੍ਰਾਪਤੀ ਦਾ ਸਾਧਨ ਹੈ। ਇਸ ਤੋਂ ਪਤਾ ਲਗਦਾ ਹੈ ਕਿ ਆਤਮਾ ਕੇਵਲ 'ਦ੍ਰਿਸ਼ਟਾ' ਰੂਪ ਹੈ। ਉਸ ਦੇ ਵਿੱਚ ਕਰਤਾਰੀ ਸ਼ਕਤੀ ਨਹੀਂ ਹੈ।[23] ਉਪਨਿਸ਼ਦਾਂ ਅਨੁਸਾਰ ਵੈਦਿਕ ਕਰਮਕਾਂਡ ਦੀ ਕੋਈ ਮਹੱਤਤਾ ਨਹੀਂ ਹੈ, ਆਤਮ ਚੀਨਨ ਦਾ ਵਸੀਲਾ ਗਿਆਨ ਹੈ। ਗੁਰੂ ਨਾਨਕ ਅਨੁਸਾਰ ਬਾਹਰਲੀ ਸੁੱਚਮਤਾ ਸਾਡੇ ਅੰਦਰ ਮਨ ਦੀ ਪਵਿੱਤਰਤਾ ਪੈਦਾ ਨਹੀਂ ਕਰਦੀ ਤੇ ਨਾ ਹੀ ਧਾਰਮਿਕ ਪੁਸਤਕਾਂ ਵਾਚਣ, ਅਰਥ ਕਰਨ ਅਤੇ ਉਹਨਾਂ ਤੇ ਵਿਵਾਦ ਕਰਨ ਨਾਲ ਕੁਝ ਬਣਦਾ ਹੈ:

ਜਗੁ ਪਰਬੋਧਹਿ ਮੜੀ ਬਧਾਵਹਿ॥ ਆਸਣੁ ਤਿਆਗਿ ਕਾਹੇ ਸਚੁ ਪਾਵਹਿ॥
ਮਮਤਾ ਮੋਹੁ ਕਾਮਣਿ ਹਿਤਕਾਰੀ॥ ਨਾ ਅਉਧੂਤੀ ਨਾ ਸੰਸਾਰੀ॥
ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ॥ ਘਰਿ ਘਰਿ ਮਾਗਤ ਲਾਜ ਨ ਲਾਗੈ॥
ਗਾਵਹਿ ਗੀਤ ਨ ਚੀਨਹਿ ਆਪੁ॥ ਕਿਉ ਲਾਗੀ ਨਿਵਰੈ ਪਰਤਾਪੁ॥[24]

ਪਰੰਤੂ ਇਕ ਗ੍ਰਿਹਸਥੀ ਹਨ ਜੋ ਗੁਰੂ ਦੇ ਰਾਹ ਉਤੇ ਤੁਰ ਪਏ ਹਨ :

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥
ਨਾਮੁ ਦਾਨੁ ਇਸਨਾਨੁ ਦ੍ਰਿੜ ਹਰਿ ਭਗਤਿ ਸੁਜਾਗੇ॥
ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ॥
ਨਾਨਕ ਨਾਮੁ ਨ ਵੀਸਰੈ ਸਾਚੇ ਮਨ ਮਾਨੈ॥[25]

ਗੁਰੂ ਨਾਨਕ ਅਨੁਸਾਰ ਜੰਗਲਾਂ ਵਿੱਚ ਵਾਸ, ਕੰਦ-ਮੂਲ ਖਾਣੇ, ਸਿੱਧੀਆਂ ਹਾਸਿਲ ਕਰ ਲੈਣੀਆਂ ਇਹ ਕਿਸੇ ਕੰਮ ਨਹੀਂ:

ਇਕਿ ਕੰਦ ਮੂਲੁ ਚੁਣਿ ਖਾਹਿ ਵਣਖੰਡਿ ਵਾਸਾ॥
ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ॥
ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥
ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ॥
ਜਮ ਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ॥[26]

ਪ੍ਰੰਤੂ ਗੁਰੂ ਸਾਹਿਬ ਬਾਹਰੀ ਕਰਮਕਾਂਡ ਤਿਆਗ ਕੇ ਗ੍ਰਿਹਸਥ ਵਿੱਚ ਰਹਿੰਦਿਆਂ ਸੱਚੇ ਸ਼ਬਦ ਨਾਲ ਜੁੜਨ ਦੀ ਪ੍ਰੇਰਨਾ ਦਿੰਦੇ ਹਨ:

ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ॥
ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ॥
ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ॥[27]

ਗੁਰੂ ਨਾਨਕ ਅਨੁਸਾਰ ਨਾਮ ਦੀ ਦਾਤ ਸਭ ਤੋਂ ਉੱਤਮ ਹੈ:

ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ [28]

ਕਿਸੇ ਧਰਮ ਦੇ ਬਾਹਰਲੇ ਅੰਗ ਧਾਰਣ ਕਰ ਲੈਣੇ ਕਿਸੇ ਕੰਮ ਨਹੀਂ ਆਉਣੇ, ਕਿਉਂਕਿ ਕਰਮਾਂ ਤੋਂ ਬਿਨਾਂ ਛੁਟਕਾਰਾ ਨਹੀਂ:

ਹਿੰਦੂ ਕੈ ਘਰਿ ਹਿੰਦੂ ਆਵੈ

\- - - - - - - - - - -

ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ॥
ਸਚੋ ਸਚੁ ਵਖਾਣੈ ਕੋਇ॥ ਨਾਨਕ ਅਗੈ ਪੁਛ ਨ ਹੋਇ॥[29]

ਗੁਰੂ ਨਾਨਕ ਮਨੁੱਖਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਦੇ ਹਨ, ਗੁਰਮੁਖ ਅਤੇ ਮਨਮੁਖ। ਗੁਰਮੁਖ ਉਹ ਹਨ ਜੋ ਸਾਰੇ ਅਵਗੁਣ ਤਿਆਗ ਕੇ ਸੱਚ ਦਾ ਅਭਿਆਸ ਕਰਦੇ ਕਰਤਾਰ ਦੇ ਨੇੜੇ ਹੋ ਰਹੇ ਹਨ। ਮਨਮੁਖ ਆਪਣੇ ਮਨ ਦੀਆਂ ਤਰੰਗਾਂ ਮਗਰ ਤੁਰਦੇ, ਝੂਠ, ਦਗਾ, ਫਰੇਬ ਆਦਿ ਵਸੀਲਿਆਂ ਨੂੰ ਵਰਤਦੇ, ਸੰਸਾਰ ਦੇ ਭੋਗਾਂ ਵਿੱਚ ਖਚਿਤ ਹਨ। ਧਾਰਮਿਕ ਜੀਵਨ ਦੀ ਨੀਂਹ ਸਦਾਚਾਰ ਹੈ। ਬਾਹਰਲੇ ਭੇਖ ਧਾਰਣ ਕਰਨ, ਰੱਟੇ ਦੇ ਤੌਰ 'ਤੇ ਰੀਤਾਂ, ਰਸਮਾਂ ਕਰੀ ਜਾਣ ਨਾਲ ਕੋਈ ਸਿੱਧੀ ਪ੍ਰਾਪਤੀ ਨਹੀਂ ਹੁੰਦੀ। ਅੰਦਰ ਵਸਦੀ ਜੋਤ ਤੱਕ ਉਹ ਹੀ ਅਪੜ ਸਕਦਾ ਹੈ ਜਿਸ ਨੇ ਗੁਰੂ ਦੇ ਕਹੇ ਅਨੁਸਾਰ ਆਪਣਾ ਆਚਾਰ ਬਣਾ ਲਿਆ ਹੈ:

ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸ ਗੁਰ ਕਾ ਸਬਦੁ ਰਤਨੁ ਆਚਾਰ॥[30]

ਇਸ ਤਰ੍ਹਾਂ ਸਾਰੇ ਔਗੁਣ ਤਿਆਗ ਕੇ ਫਿਰ ਨਾਮ ਵਿੱਚ ਸੁਰਤ ਜੁੜਦੀ ਹੈ ਜਿਸ ਕਰਕੇ ਅੰਦਰ ਵਸਦੀ ਜੋਤ ਨਾਲ ਮੇਲ ਹੁੰਦਾ ਹੈ:

ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤ ਸੰਗਤਿ ਗੁਰ ਪਿਆਰ॥
ਅਹਿਨਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ॥
ਗੁਰਮੁਖਿ ਸਿਖ ਕੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ॥
ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ॥[31]

ਗੁਰੂ ਨਾਨਕ ਨੇ ਭੇਖ ਧਾਰ ਕੇ ਦੁਆਰੇ ਦੁਆਰੇ ਭਜਨ ਗਾ ਕੇ ਰੋਟੀ ਮੰਗਣਾ, ਗੁਰੂ ਪੀਰ ਸੱਦਾ ਕੇ ਸਿੱਖਾਂ ਦੀ ਕਮਾਈ ਉਪਰ ਗੁਜ਼ਾਰਾ ਕਰਨਾ, ਇਸ ਨੂੰ ਨਿੰਦਤ ਕੰਮ ਸਮਝਿਆ ਹੈ। ਦਸਾਂ ਨਹੁੰਆਂ ਦੀ ਕਿਰਤ ਕਰਕੇ ਆਪ ਖਾਣਾ ਤੇ ਦੂਜਿਆਂ ਦੀ ਸਹਾਇਤਾ ਕਰਨੀ, ਇਸ ਨੂੰ ਉੱਤਮ ਜੀਵਨ ਦਾ ਰਾਹ ਦਸਿਆ ਹੈ:

ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥[32]

ਆਤਮਾ ਹੁਕਮ ਤੋਂ ਹੋਂਦ ਵਿੱਚ ਆਉਂਦੀ ਹੈ। ਸਰੀਰ ਨਾਸ਼ ਹੋਣ ਨਾਲ ਇਹ ਨਾਸ਼ ਨਹੀਂ ਹੁੰਦੀ। ਸਤਿਗੁਰੂ ਨਾਨਕ ਨੇ ਕਰਮ ਦਾ ਸਿਧਾਂਤ ਤੇ ਆਵਾਗਵਨ ਨੂੰ ਮੰਨਿਆ ਹੈ। ਗੁਰੂ ਨਾਨਕ ਬਾਣੀ ਤੋਂ ਇਹ ਪਰਗਟ ਹੈ ਕਿ ਆਤਮਾ ਸਰੀਰ ਦੇ ਨਾਸ਼ ਹੋਣ ਮਗਰੋਂ ਆਪਣੇ ਕਰਮਾਂ ਅਨੁਸਾਰ ਫਿਰ ਜਨਮ ਲੈਂਦੀ ਹੈ ਅਤੇ ਇਹ ਉਦੋਂ ਤਕ ਜਨਮ-ਮਰਨ ਦੇ ਗੇੜ ਵਿੱਚ ਰਹਿੰਦੀ ਹੈ ਜਦੋਂ ਤੱਕ ਹਉਮੈਂ ਦੀ ਕੰਧ ਖਤਮ ਕਰਕੇ ਆਪਣੇ ਅੰਦਰ ਵਸਦੀ ਨਿਰੰਕਾਰੁ ਦੀ ਜੋਤ ਨਾਲ ਇਕਮਿਕ ਨ ਹੋ ਜਾਵੇ। ਕਰਮਾ ਦਾ ਫਲ ਹਰ ਇਕ ਨੂੰ ਭੁਗਤਣਾ ਪੈਂਦਾ ਹੈ:

ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥
ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥[33]

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥[34]

ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ॥

ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ॥[35]

ਗਿਆਨ ਦਾ ਭਾਵ ਸਿਰਫ਼ ਦਿਮਾਗੀ ਸਮਝ ਨਹੀਂ ਹੈ। ਜਿਨ੍ਹਾਂ ਅਸੂਲਾਂ ਨੂੰ ਮਨੁੱਖ ਠੀਕ ਸਮਝਦਾ ਹੈ ਉਨ੍ਹਾਂ ਨੂੰ ਵਰਤੋਂ ਵਿੱਚ ਲਿਆਵੇ, ਕਿਉਂਕਿ ਅਮਲ ਸਾਡੇ ਸੁਭਾਅ ਨੂੰ ਬਦਲਦੇ ਹਨ:

ਜੇਹੇ ਕਰਮ ਕਮਾਇ ਤੇਹਾ ਹੋਇਸੀ॥[36]

ਗਿਆਨੀ ਕੌਣ ਹੈ ਗੁਰੂ ਨਾਨਕ ਬਾਣੀ ਅਨੁਸਾਰ:

ਜਹ ਕਰਣੀ ਤਹ ਪੂਰੀ ਮਤਿ॥

ਕਰਣੀ ਬਾਝਹੁ ਘਟੇ ਘਟਿ॥

ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥

ਆਪੁ ਪਛਾਣੈ ਬੂਝੈ ਸੋਇ॥

ਗੁਰ ਪਰਸਾਦਿ ਕਰੇ ਬੀਚਾਰੁ  ਸੋ ਗਿਆਨੀ ਦਰਗਹ ਪਰਵਾਣੁ॥[37]

ਗੁਣਾਂ ਦੀ ਪ੍ਰਾਪਤੀ ਹੀ ਅਮਲੀ ਗਿਆਨ ਹੈ:

ਗੁਣ ਵੀਚਾਰੇ ਗਿਆਨੀ ਸੋਇ॥  ਗੁਣ ਮਹਿ ਗਿਆਨੁ ਪਰਾਪਤਿ ਹੋਇ॥

ਗੁਣਦਾਤਾ ਵਿਰਲਾ ਸੰਸਾਰਿ॥  ਸਾਚੀ ਕਰਣੀ ਗੁਰ ਵੀਚਾਰਿ॥

ਅਗਮ ਅਗੋਚਰੁ ਕੀਮਤਿ ਨਹੀ ਪਾਇ॥ ਤਾ ਮਿਲੀਐ ਜਾ ਲਏ ਮਿਲਾਇ॥

ਗੁਣਵੰਤੀ ਗੁਣ ਸਾਰੇ ਨੀਤ॥  ਨਾਨਕ ਗੁਰਮਤਿ ਮਿਲਿਐ ਮੀਤ॥[38]

ਅਵਗੁਣਾਂ ਦਾ ਤਿਆਗ ਤੇ ਗੁਣਾਂ ਦਾ ਸੰਗ੍ਰਹਿ ਹੀ ਗਿਆਨ ਦੀ ਪ੍ਰਾਪਤੀ ਹੈ:

ਜਪੁ ਤਪੁ ਸੰਜਮੁ ਸਾਧੀਐ, ਤੀਰਥਿ ਕੀਚੈ ਵਾਸੁ॥

ਪੁੰਨ ਦਾਨ ਚੰਗਿਆਈਆ, ਬਿਨੁ ਸਾਚੇ ਕਿਆ ਤਾਸੁ॥

ਜੇਹਾ ਰਾਧੇ, ਤੇਹਾ ਲੁਣੈ, ਬਿਨੁ ਗੁਣ ਜਨਮੁ ਵਿਣਾਸੁ॥

ਮੁੰਧੇ, ਗੁਣ ਦਾਸੀ ਸੁਖੁ ਹੋਇ॥

ਅਵਗਣ ਤਿਆਗਿ ਸਮਾਈਐ, ਗੁਰਮਤਿ ਪੂਰਾ ਸੋਇ॥[39]

ਅਵਗੁਣ ਤਿਆਗ ਕੇ ਮਨ ਸ਼ੁਧ ਕਰਕੇ ਨਾਮ ਜਪੀਏ ਤਾਂ ਸਿਧੀ ਹੁੰਦੀ ਹੈ:

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥

ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ॥

ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ। ਰਹਾਉ॥

- - - - - - - - - - - - - - - - - - - - - - -

ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤ ਪਾਵਹੁ॥[40]

ਗੁਰੂ ਨਾਨਕ ਬਾਣੀ ਅਨੁਸਾਰ ਗ੍ਰਿਹਸਥ ਵਿੱਚ ਰਹਿ ਕੇ, ਸੰਸਾਰਿਕ ਕਾਰ-ਵਿਹਾਰ ਕਰਦੇ ਹੋਏ ਅੰਦਰ ਵਸਦੀ ਜੋਤ ਨਾਲ  ਇਕ ਮਿਕ ਹੋ ਸਕੀਦਾ ਹੈ।[41] ਨਾਮ ਸਿਮਰਨ ਹੀ ਪਰਮਪਦ ਦੀ ਪ੍ਰਾਪਤੀ ਦਾ ਵਸੀਲਾ ਹੈ:

ਕੁਦਰਤਿ ਵਿਚ ਵਿਆਪਕ ਨਿਰੰਕਾਰੁ ਦਾ ਸਿਮਰਨ ਹੀ ਉਸ ਤੀਕ ਅਪੜਨ ਦਾ ਵਸੀਲਾ ਹੈ:

ਫੇਰਿ ਕਿ ਅਗੈ ਰਖੀਐ॥.............॥

- - - - - - - -

*ਗਾਵੀਐ ਸੁਣੀਐ ਮਨਿ ਰਖੀਐ ਭਾਉ॥*
*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥*[42]

ਇਹ ਸਿਮਰਨ ਹਉਮੈ ਤੋਂ ਉਪਜਦੇ ਪਾਪਾਂ ਨੂੰ ਕਟਦਾ ਹੈ

*ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥*[43]

ਹਉਮੈ ਸਾਨੂੰ ਦੂਸਰਿਆਂ ਤੋਂ ਨਿਖੇੜਦੀ ਹੈ। ਨਾਮ, ਸਾਰਿਆਂ ਵਿੱਚ ਵਿਆਪਕ ਕਰਤਾਰ ਦੀ ਯਾਦ ਸਭ ਨਾਲ ਪਿਆਰ ਦਾ ਕਾਰਣ ਬਣਦੀ ਹੈ:

*ਜੋ ਰਤੇ ਸਹਿ ਆਪਣੇ ਤਿਨ ਭਾਵੈ ਸਭੁ ਕੋਇ॥*[44]

ਪਹਿਲੀ ਪ੍ਰਾਪਤੀ ਇਸ ਪੰਧ ਉਤੇ ਸੰਤੋਖ ਹੈ। ਫਿਰ ਸੇਵਾ, ਆਪਣਾ ਹਿਤ ਤਿਆਗ ਕੇ ਦੂਜਿਆਂ ਦਾ ਕੰਮ ਸਵਾਰਣਾ। ਸੇਵਾ ਦੇ ਨਿਭਾ ਲਈ ਸੰਤੋਖ, ਉਚਾ ਆਚਰਣ ਅਤੇ ਆਪਣੇ ਲਕਸ਼ ਨੂੰ ਸਦਾ ਸਾਹਮਣੇ ਰੱਖਣਾ ਜ਼ਰੂਰੀ ਹੈ।

*ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ॥*[45]

ਗੁਰੂ ਨਾਨਕ ਬਾਣੀ ਦੇ ਅਸਰ ਦਾ ਨਤੀਜਾ ਪਰਉਪਕਾਰ ਹੈ। ਸੁਚਾ ਆਚਰਣ ਤੇ ਸੇਵਾ ਨਿਰੰਕਾਰ ਵਿੱਚ ਮਨ ਜੋੜਦੇ ਹਨ:

*ਇਹੁ ਤਨਿ ਲਾਗੈ ਬਾਣੀਆ॥*
*ਸੁਖੁ ਹੋਵੈ ਸੇਵ ਕਮਾਣੀਆ॥*
*ਸਭ ਦੁਨੀਆ ਆਵਣ ਜਾਣੀਆ॥*
*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥*[46]

ਸੰਤੋਖ, ਸੇਵਾ ਤੇ ਗੁਰਬਾਣੀ ਦਾ ਅਭਿਆਸ ਤੇ ਕੀਰਤਨ ਇਹ ਮਨੁੱਖ ਦੇ ਅੰਤਹਕਰਣ ਨੂੰ ਨਵਾਂ ਰੂਪ ਦੇਂਦਾ ਹੈ:

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥*[47]

ਇਹ ਉਦਮ ਲਗਾਤਾਰ ਕੀਤਿਆ ਉਸ ਦੀ ਬਖਸ਼ਿਸ਼ ਦਾ ਦਰ ਖੁਲਦਾ ਹੈ ਅਤੇ ਨਾਮ ਦਾ ਹਿਰਦੈ ਵਿੱਚ ਵਾਸ ਹੋ ਜਾਂਦਾ ਹੈ। ਜਿਹਵਾ ਦਾ ਜਪੁ ਹਿਰਦੇ ਵਿੱਚ ਸਿਮਰਨ ਦਾ ਰੂਪ ਧਾਰਦਾ ਹੈ:

*ਬਿਨ ਜਿਹਵਾ ਜੋ ਜਪੈ ਹਿਆਇ॥*
*ਕੋਈ ਜਾਣੈ ਕੈਸਾ ਨਾਉ॥*[48]

ਨਤੀਜੇ ਵਜੋਂ ਜਗਿਆਸੂ ਦੀ ਇਹ ਅਵਸਥਾ ਆ ਜਾਂਦੀ ਹੈ ਕਿ:

*ਨਾ ਓਹਿ ਮਰਹਿ ਨ ਠਾਗੇ ਜਾਹਿ॥*
*ਜਿਨ ਕੈ ਰਾਮੁ ਵਸੈ ਮਨ ਮਾਹਿ॥*
*ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥*[49]

ਗੁਰੂ ਨਾਨਕ ਦੇਵ ਜੀ ਨੇ ਇਕ ਪੂਰਨ ਸਿੱਖ ਦਾ ਵਰਨਣ ਜੋ ਦਰਗਹ ਵਿੱਚ ਕਬੂਲ ਹੁੰਦਾ ਹੈ, ਆਦਰ ਭਰੇ ਸ਼ਬਦਾਂ ਵਿੱਚ ਕੀਤਾ ਹੈ:

*ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੇ ਪਾਇਆ॥*

*ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ॥*
*ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ॥*
*ਨਾਨਕ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ॥*[50]

**8.3 ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਮੰਤਵ**

**8.3.1 ਆਦਰਸ਼ ਮਨੁੱਖ ਦੀ ਉਸਾਰੀ**

ਸਿੱਖ ਧਰਮ ਅਨੁਸਾਰ ਸਿੱਖ ਦਾ ਜੀਵਨ ਮਨੋਰਥ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰਨੀ ਹੈ, ਸਚਿਆਰ ਬਣਨਾ ਹੈ, ਗੁਰੂ ਦਾ ਹੁਕਮ ਮੰਨ ਕੇ ਨਾਮ ਸਿਮਰਨ ਵਾਲਾ ਜੀਵਨ ਜੀਉਣਾ ਹੈ, ਕਰਮਕਾਂਡ ਦਾ ਤਿਆਗ ਕਰਨਾ ਹੈ। ਪ੍ਰਭੂ ਸਿੱਖਿਆ ਨੂੰ ਅਮਲੀ ਰੂਪ ਵਿੱਚ ਧਾਰਨ ਕਰਨਾ ਹੈ। ਪ੍ਰਭੂ ਹੁਕਮ ਕੀ ਹੈ- ਨਾਮ ਸਿਮਰਨ। ਨਾਮ ਸਿਮਰਨ ਦਾ ਕਰਮ ਸਾਰੇ ਕਰਮਾਂ ਤੋਂ ਉਤਮ ਹੈ।

*ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥*[51]

ਮਨੁੱਖ ਆਪਣੇ ਅੰਦਰ ਵਸਦੀ ਬ੍ਰਹਮ ਰੂਪੀ ਆਤਮਾ ਨੂੰ ਪਛਾਣ ਕੇ ਜੀਵਨ ਮੁਕਤ ਦੀ ਅਵਸਥਾ ਪ੍ਰਾਪਤ ਕਰਦਾ ਹੈ।[52] ਇਹ ਅਵਸਥਾ ਆਤਮਿਕ ਵਿਕਾਸ ਦੀ ਅਵਸਥਾ ਹੈ। ਇਸ ਵਿੱਚ ਪਹੁੰਚ ਕੇ ਮਨੁੱਖ ਦੀ ਆਤਮਾ ਤਿੰਨਾ ਗੁਣਾਂ ਤੋਂ ਉਪਰ ਹੋ ਕੇ ਵਾਸਤਵਿਕ ਗਿਆਨ ਵਾਲੀ ਹੋ ਜਾਂਦੀ ਹੈ। ਇਸ ਅਵਸਥਾ ਵਿੱਚ ਪਹੁੰਚੇ ਹੋਏ ਮਨੁੱਖ ਦਾ ਜੀਵਨ ਅਡੋਲ ਤੇ ਸ਼ਾਂਤ ਹੋ ਜਾਂਦਾ ਹੈ।[53] ਰਿਪਬਲਿਕ ਵਿਚ ਪਲੈਟੋ ਨੇ ਵੀ ਕਿਹਾ ਹੈ ਜਿਸ ਦੀਆਂ ਰੀਝਾਂ ਹਰ ਪ੍ਰਕਾਰ ਦੇ ਗਿਆਨ ਵਲ ਮੋੜ ਦਿੱਤੀਆਂ ਗਈਆਂ ਹੋਣ, ਉਹ ਆਤਮਾ ਦੇ ਅਨੰਦ ਵਿੱਚ ਲੀਨ ਹੋ ਜਾਂਦਾ ਹੈ ਅਤੇ ਸਰੀਰਕ ਸੁੱਖ ਮਹਿਸੂਸ ਨਹੀਂ ਕਰਦਾ।[54] ਜਿਵੇਂ ਪ੍ਰਾਕਿਰਤੀ ਸੁਭਾਵਿਕ ਨਿਯਮਾਂ ਦੇ ਅਨੁਸਾਰ ਆਪਣਾ ਕਾਰ ਵਿਹਾਰ ਕਰਦੀ ਹੈ ਇਸੇ ਤਰ੍ਹਾਂ ਮਨੁੱਖ ਵੀ ਰੱਬੀ ਹੁਕਮ ਦੇ ਅਨੁਸਾਰ ਚਲ ਕੇ ਦੈਵੀ ਗੁਣਾਂ ਦੀ ਮੂਰਤ ਬਣ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਪਹੁੰਚਿਆ ਮਨੁੱਖ ਗੁਰੂ ਨਾਨਕ ਦੀ ਦ੍ਰਿਸ਼ਟੀ ਵਿੱਚ ਆਦਰਸ਼ ਮਨੁੱਖ ਹੈ। ਅਜਿਹੇ ਮਨੁੱਖ ਨੂੰ ਗੁਰੂ ਨਾਨਕ ਸਾਹਿਬ ਨੇ ਗੁਰਮੁਖ, ਸੰਤ, ਗਿਆਨੀ, ਭਗਤ, ਸਚਿਆਰ, ਜੀਵਨ-ਮੁਕਤ ਆਦਿ ਸੰਗਿਆਵਾਂ ਪ੍ਰਦਾਨ ਕੀਤੀਆਂ ਹਨ। ਪ੍ਰੰਤੂ ਵਧੇਰੇ ਕਰਕੇ 'ਗੁਰਮੁਖ' ਪਦ ਨੂੰ ਹੀ ਆਦਰਸ਼ ਮਨੁੱਖ ਦਾ ਪ੍ਰਤੀਕ ਮੰਨਿਆ ਗਿਆ ਹੈ।

ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦਾ ਮੰਤਵ ਮੂਲ ਰੂਪ ਵਿੱਚ ਅਜਿਹੇ ਹੀ ਆਦਰਸ਼ ਮਨੁੱਖਾਂ ਦੀ ਘਾੜਨਾ ਘੜਨਾ ਹੈ।[55] ਗੁਰੂ ਨਾਨਕ ਬਾਣੀ ਵਿੱਚ ਮਨੁੱਖ ਨੂੰ ਦੇਵਤਾ ਬਣਾਉਣ ਦੀ ਕਲਪਨਾ ਕੀਤੀ ਗਈ ਹੈ।[56] ਗੁਰੂ ਸਾਹਿਬ ਦਾ ਵਿਚਾਰ ਹੈ ਕਿ ਮਨੁੱਖ ਪਸ਼ੂ ਬਿਰਤੀ ਤੋਂ ਉਪਰ ਉਠ ਕੇ ਚੰਗਾ ਬਣਨ ਦੀ ਸਮਰਥਾ ਤਾਂ ਰੱਖਦਾ ਹੈ ਪਰ ਇਸ ਅਵਸਥਾ ਦਾ ਗਿਆਨ ਉਸ ਨੂੰ ਆਪ ਨਹੀਂ ਹੁੰਦਾ। ਇਸ ਲਈ ਉਸ ਨੂੰ ਸੱਚੀ ਅਗਵਾਈ ਦੀ ਲੋੜ ਪੈਂਦੀ ਹੈ। ਗੁਰੂ ਨਾਨਕ ਨੇ ਆਪਣੇ ਸਿੱਖਾਂ ਨੂੰ ਰੂਹਾਨੀ ਮੁਕਤੀ ਦਾ ਉਪਦੇਸ਼ ਦੇਣ ਦੇ ਨਾਲ ਨਾਲ ਸਮਾਜਿਕ, ਧਾਰਮਿਕ ਤੇ ਸਿਆਸੀ ਬੰਧਨਾਂ ਤੋਂ ਆਜ਼ਾਦ ਹੋਣ ਦੀ ਵੀ ਪ੍ਰੇਰਨਾ ਕੀਤੀ ਹੈ। ਗੁਰੂ ਨਾਨਕ ਬਾਣੀ ਅਨੁਸਾਰ ਚੰਗੇ ਮਨੁੱਖ ਦੀ ਪਹਿਚਾਣ ਉਸ ਦੇ ਚੰਗੇ ਅਮਲ ਹੀ ਹੁੰਦੇ ਹਨ।[57] ਇਕ ਚੰਗਾ ਮਨੁੱਖ ਨਿਜੀ ਜੀਵਨ ਦੇ ਨਾਲ ਨਾਲ ਭਾਈਚਾਰਕ ਸੰਬੰਧਾਂ ਨੂੰ ਵੀ ਅੱਛੀ ਤਰ੍ਹਾਂ ਨਿਭਾਉਂਦਾ ਹੈ। ਸੁਆਰਥ ਦਾ ਤਿਆਗ ਉਸ ਦਾ ਵਿਸ਼ੇਸ਼ ਗੁਣ ਹੁੰਦਾ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਸੁਆਰਥ ਤਿਆਗਣ ਦੀ ਜੁਗਤੀ ਧਰਮ ਦੀ ਕੀਮਤ ਧਾਰਨ ਕਰਨ ਨਾਲ ਆ ਸਕਦੀ ਹੈ ਕਿਉਂਕਿ ਧਰਮ ਹੀ ਮਨੁੱਖ ਨੂੰ ਅੱਛੇ ਤੇ ਬੁਰੇ ਦੀ ਸੋਝੀ ਕਰਾਉਂਦਾ ਹੈ ਅਤੇ ਮਨੁੱਖ ਨੂੰ ਸੰਜਮੀ ਜੀਵਨ ਜੀਉਣ ਦੀ ਜਾਂਚ ਸਿਖਾਉਂਦਾ ਹੈ।

ਗੁਰੂ ਨਾਨਕ ਨੇ 'ਜਪੁਜੀ' ਵਿੱਚ ਮਨੁੱਖੀ ਜੀਵਨ ਦੀ ਮੂਲ ਸਮੱਸਿਆ ਵਲ ਸੰਕੇਤ ਕੀਤਾ ਹੈ ਕਿ ਸਚਿਆਰ ਕਿਵੇਂ ਬਣਨਾ ਹੈ।[58] ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਮਨੁੱਖ ਨੂੰ ਸਚਿਆਰ ਰੂਪ ਵਿੱਚ ਵੇਖਣਾ ਚਾਹੁੰਦੇ ਸਨ। ਇਹ ਹੀ ਮਨੁੱਖ ਲਈ ਸਦਾਚਾਰਕ ਮਿਆਰ ਮੰਨਿਆ ਗਿਆ ਹੈ। ਸਚਿਆਰ ਬਣਨ ਦੇ ਰਾਹ ਵਿੱਚ ਕੂੜ ਦੀ ਕੰਧ

ਉਸਰੀ ਹੋਈ ਹੈ, ਉਸ ਨੂੰ ਢਾਹੁਣਾ ਪੈਂਦਾ ਹੈ।[59] ਕੂੜ ਦੀ ਕੰਧ ਦਰ ਅਸਲ ਹਉਮੈਂ ਦੀ ਮੂਲ ਉਪਾਧੀ ਹੈ। ਹਉਮੈਂ ਦਾ ਅਰਥ ਹੈ 'ਮੈ'' 'ਮੇਰੀ' ਦੀ ਭਾਵਨਾ। ਇਹ ਭਾਵਨਾ ਮਨੁੱਖ ਨੂੰ ਲੋਭੀ ਤੇ ਸੁਆਰਥੀ ਬਣਾ ਦੇਂਦੀ ਹੈ। ਮਨੁੱਖ ਆਪਣੇ ਅੰਦਰ ਵਸਦੀ ਜੋਤ ਨੂੰ ਭੁਲ ਕੇ ਸੰਸਾਰਿਕਤਾ ਵਲ ਵਧੇਰੇ ਆਕਰਸ਼ਿਤ ਹੋ ਜਾਂਦਾ ਹੈ। ਇਹ ਭਾਵਨਾ ਹੀ ਕੰਧ ਬਣ ਕੇ ਮਨੁੱਖ ਨੂੰ ਸਚਿਆਰ ਬਣਨ ਤੋਂ ਰੋਕਦੀ ਹੈ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਹਉਮੈਂ ਤੋਂ ਮੁਕਤ ਹੋਣ ਦਾ ਇਕੋ ਇਕ ਰਸਤਾ ਹੈ ਕਿ ਮਨੁੱਖ ਨੂੰ ਰੱਬੀ ਜਾਂ ਦੇਵੀ ਨਿਯਮਾਂ ਅਧੀਨ ਆਪਣਾ ਆਪਾ ਢਾਲਣਾ ਚਾਹੀਦਾ ਹੈ।[60] ਹਉਮੈ ਮੁਕਤ ਵਿਅਕਤੀ ਨੂੰ ਹੀ ਕੁਦਰਤ ਦੀ ਸ਼ਕਤੀ ਦਾ ਗਿਆਨ ਪ੍ਰਾਪਤ ਹੁੰਦਾ ਹੈ॥[61] ਇਸ ਤੋਂ ਸਪਸ਼ਟ ਹੈ ਕਿ ਸਚਿਆਰ ਬਨਣ ਲਈ ਹਉਮੈਂ ਦੀ ਸੋਚ ਨੂੰ ਮਿਟਾਉਣਾ ਜ਼ਰੂਰੀ ਹੈ। ਸਚਿਆਰ ਹੀ ਗੁਰੂ ਨਾਨਕ ਬਾਣੀ ਦਾ ਆਦਰਸ਼ ਮਨੁੱਖ 'ਗੁਰਮੁਖ' ਹੈ।

ਗੁਰੂ ਨਾਨਕ ਸਾਹਿਬ ਨੇ 'ਸਿਧ ਗੋਸਟਿ' ਬਾਣੀ ਵਿੱਚ ਜੋਗੀਆਂ ਨੂੰ ਸਮਝਾਉਂਦਿਆਂ ਇਹ ਵਿਚਾਰ ਪ੍ਰਗਟ ਕੀਤਾ ਹੈ ਕਿ ਮਨੁੱਖ ਦਾ ਜਨਮ ਕੇਵਲ ਗੁਰਮੁਖ ਬਣਨ ਲਈ ਹੀ ਹੁੰਦਾ ਹੈ॥[62] ਉਨ੍ਹਾਂ ਨੇ ਗੁਰਮੁਖ ਦੇ ਗੁਣਾਂ ਤੇ ਕਰਤਵਾਂ ਦਾ ਵਰਨਣ ਕਰਦਿਆਂ ਹੋਇਆਂ ਕਿਹਾ ਹੈ:

ਗੁਰਮੁਖਿ ਜੋਗ ਸਬਦਿ ਆਤਮਾ ਚੀਨੈ
ਹਿਰਦੇ ਏਕੁ ਮੁਰਾਰੀ॥
ਮਨੂਆ ਅਸਥਿਰ ਸਬਦੇ ਰਾਤਾ ਏਹਾ ਕਰਣੀ ਸਾਰੀ॥
ਬੇਦ ਬਾਦ ਨ ਪਾਖੰਡ ਅਉਧੂ ਗੁਰਮੁਖ ਸਬਦ ਬੀਚਾਰੀ॥
ਗੁਰਮੁਖ ਜੋਗ ਕਮਾਵੈ ਆਉਧੁ ਜਤੁ ਸਤੁ ਸਬਦ ਵੀਚਾਰੀ॥
ਮਾਇਆ ਮੋਹੁ ਭਵਜਲੁ ਹੈ ਅਉਧੂ ਸਬਦ ਤਰੇ ਕੁਲਤਾਰੀ॥
ਸਬਦਿ ਗੁਰੂ ਜੁਗ ਚਾਰੇ ਅਉਧੂ ਬਾਣੀ ਭਗਤ ਵੀਚਾਰੀ॥[63]

ਗੁਰਮੁਖ ਦਾ ਨਿਜੀ ਜੀਵਨ ਵਿਕਾਸ ਦੀ ਸਿਖਰ ਉਤੇ ਪਹੁੰਚਿਆ ਹੋਇਆ ਹੁੰਦਾ ਹੈ। ਉਹ ਰੱਬੀ ਹੁਕਮ ਦੇ ਅਧੀਨ ਰਹਿੰਦਾ ਹੋਇਆ ਉਸ ਦੇ ਗੁਣਾਂ ਦਾ ਵਿਚਾਰ ਕਰਕੇ, ਆਪਣਾ ਜੀਵਨ ਉਨ੍ਹਾਂ, ਅਨੁਸਾਰ ਢਾਲਦਾ ਹੈ। ਮੋਹ ਮਾਇਆ ਤੋਂ ਨਿਰਲੇਪਤਾ, ਮਨ ਉਤੇ ਕਾਬੂ, ਹਉਮੈ ਦਾ ਤਿਆਗ, ਜਤ-ਸਤ, ਉਦਮ, ਪਰਉਪਕਾਰ ਆਦਿ ਗੁਣ ਉਸ ਦੇ ਵਿਕਾਸਮਈ ਜੀਵਨ ਦੀ ਅਭਿਵਿਅਕਤੀ ਕਰਦੇ ਹਨ।

ਸਮਾਜਿਕ ਜੀਵਨ ਵਿੱਚ ਉਹ ਜਾਤ-ਪਾਤ, ਊਚ-ਨੀਚ ਇਸਤਰੀ-ਪੁਰਖ ਦੇ ਭੇਦ-ਭਾਵ ਤੋਂ ਮੁਕਤ ਹੋ ਕੇ ਹਰੇਕ ਮਨੁਖ ਦੀ ਭਲਾਈ ਲਈ ਕਾਰਜ ਕਰਦਾ ਹੈ ਕਿਉਂਕਿ ਸਾਰਿਆਂ ਜੀਵਾਂ ਵਿੱਚ ਉਸ ਇਕੋ ਪ੍ਰਭੂ ਦੀ ਜੋਤ ਦਿਸਦੀ ਹੈ॥[64] ਉਸ ਦੀ ਹਮਦਰਦੀ ਵਧੇਰੇ ਕਰਕੇ ਉਨ੍ਹਾਂ ਵਿਅਕਤੀਆਂ ਨਾਲ ਹੁੰਦੀ ਹੈ, ਜਿਨ੍ਹਾਂ ਦਾ ਦਰਜਾ ਸਮਾਜ ਵਿੱਚ ਭਾਵੇਂ ਨੀਵਾਂ ਗਿਣਿਆ ਜਾਂਦਾ ਹੈ, ਪਰ ਉਨ੍ਹਾਂ ਦੇ ਅਮਲ ਚੰਗੇ ਹਨ।[65]

ਗੁਰੂ ਨਾਨਕ ਦਾ ਆਦਰਸ਼ ਮਨੁੱਖ ਗ੍ਰਿਹਸਥ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦਾ ਹੋਇਆ ਗ੍ਰਿਹਸਥ ਦੇ ਮੋਹ ਮਾਇਆ ਤੋਂ ਨਿਰਲੇਪ ਰਹਿੰਦਾ ਹੈ।[66] ਗੁਰਮੁਖ ਵਿੱਚ ਖਿਮਾ, ਦਇਆ, ਦਾਨਾਈ, ਨਿਮਰਤਾ, ਪ੍ਰੇਮ ਦੀ ਭਾਵਨਾ ਆਦਿ ਸਾਰੇ ਗੁਣਾਂ ਦੀ ਅਭਿਵਿਅਕਤੀ ਹੋ ਜਾਂਦੀ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਬਾਣੀ ਦੇ ਆਦਰਸ਼ ਮਨੁੱਖ ਦੀ ਸ਼ਖਸ਼ੀਅਤ ਵਿੱਚ ਉਹ ਸਾਰੇ ਗੁਣ ਅਤੇ ਕਰਤਵ ਮੌਜੂਦ ਹਨ, ਜੋ ਉਸ ਦੇ ਨਿਜੀ ਜੀਵਨ ਵਿੱਚ ਉੱਤਮਤਾ ਪੈਦਾ ਕਰਨ ਅਤੇ ਸਮਾਜ ਦੀ ਭਲਾਈ ਲਈ ਸਾਰਥਿਕ ਹਨ।

ਗੁਰਮੁਖ ਜੀਵਨ ਲਈ ਧਨ ਦੌਲਤ ਦੀ ਜ਼ਰੂਰਤ ਨੂੰ ਸਮਝਦਾ ਹੋਇਆ ਇਸ ਦੀ ਪ੍ਰਾਪਤੀ ਲਈ ਉਦਮ ਕਰਦਾ ਹੈ। ਉਹ ਕੰਮ-ਕਾਰ ਕਰਦਾ ਹੈ ਪਰ ਇਸ ਤੋਂ ਪ੍ਰਾਪਤ ਹੋਣ ਵਾਲੀ ਸੰਪਤੀ ਉਸ ਨੂੰ ਮੋਹਿਤ ਨਹੀਂ ਕਰਦੀ।[67] ਉਹ ਕੇਵਲ ਜੀਵਨ ਦੀਆਂ ਬੁਨਿਆਦੀ ਲੋੜਾਂ ਜਿਵੇਂ ਸੰਜਮ ਨਾਲ ਖਾਣ ਪੀਣ, ਸਾਦਾ ਲਿਬਾਸ, ਸਾਫ਼ ਸੁਥਰਾ ਘਰ ਆਦਿ ਦੀ ਕਾਮਨਾ

ਕਰਦਾ ਹੈ।[68] ਉਸ ਦੀ ਦ੍ਰਿਸ਼ਟੀ ਵਿੱਚ ਉਹ ਕੰਮ ਜਾਂ ਸਾਧਨ ਬੁਰੇ ਹਨ ਜਿਨ੍ਹਾਂ ਦੁਆਰਾ ਦੂਜਿਆਂ ਨੂੰ ਦੁੱਖ ਪਹੁੰਚਦਾ ਹੈ। ਇਸ ਲਈ ਉਹ ਮਾਲੀ ਤੇ ਸਰੀਰਕ ਸਮਰਥਾ ਅਨੁਸਾਰ ਧਨ ਕਮਾਉਣ ਦਾ ਸਾਧਨ ਅਪਨਾਉਂਦਾ ਹੈ।[69] ਉਹ ਕੇਵਲ ਨਿਜੀ ਸੁਖਾਂ ਨੂੰ ਮੁੱਖ ਨਹੀਂ ਰੱਖਦਾ ਸਗੋਂ ਆਪਣੀ ਸਮਰਥਾ ਅਨੁਸਾਰ ਸਮਾਜ ਦੀ ਸੇਵਾ ਵਿੱਚ ਹਿੱਸਾ ਪਾਉਂਦਾ ਹੈ। ਉਹ ਆਪਣੀ ਕਮਾਈ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰਦਾ ਹੈ।[70] ਉਸ ਦਾ ਹਰ ਵੇਲੇ ਇਹ ਯਤਨ ਰਹਿੰਦਾ ਹੈ ਕਿ ਉਹ ਸੰਸਾਰਕ ਖਿਚਾਂ ਵਿੱਚ ਉਲਝੇ ਮਨੁੱਖਾਂ ਨੂੰ ਧਨ ਦੌਲਤ ਦੀ ਨਾਸ਼ਵਾਨਤਾ ਦਾ ਅਹਿਸਾਸ ਕਰਵਾ ਕੇ ਮਨੁੱਖੀ ਕਰਤਵ ਨੂੰ ਪਛਾਨਣ ਲਈ ਪ੍ਰੇਰੇ।[71] ਉਹ ਇਸ ਸੰਸਾਰ ਨੂੰ ਧਰਮਸਾਲ[72] ਸਮਝਦਾ ਹੋਇਆ ਆਪਣੇ ਮਨੁੱਖੀ ਕਰਤਵਾਂ ਨੂੰ ਪਹਿਲ ਦਿੰਦਾ ਹੈ। ਉਹ ਕੇਵਲ ਨਿਜੀ ਮੁਕਤੀ ਦਾ ਅਭਿਲਾਸ਼ੀ ਨਹੀਂ ਹੁੰਦੀ, ਸਗੋਂ ਸਮੁਚੇ ਭਾਈਚਾਰੇ ਨੂੰ ਵੀ ਇਸ ਦਿਸ਼ਾ ਵਿੱਚ ਵੇਖਣ ਦਾ ਚਾਹਵਾਨ ਹੁੰਦਾ ਹੈ। ਇਸ ਲਈ ਉਹ ਦੂਜਿਆਂ ਨੂੰ ਚੰਗੇ ਕਰਮ ਕਰਨ ਦੀ ਸਿਖਿਆ ਦੇਂਦਾ ਹੈ।[73]

ਬਿਬੇਕ ਬੁੱਧ ਦਾ ਮਾਲਕ 'ਗੁਰਮੁਖ' ਖੰਡ ਬ੍ਰਹਿਮੰਡ ਦੇ ਹਰ ਰਹੱਸ ਨੂੰ ਜਾਣਦਾ ਹੈ। ਉਹ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ। ਕਦੀ ਅਵੇਸਲਾ ਨਹੀਂ ਹੁੰਦਾ।

*ਗੁਰਮੁਖਿ ਜਾਗ ਰਹੇ ਦਿਨ ਰਾਤੀ*
*ਸਾਚੇ ਕੀ ਲਿਵ ਗੁਰਮੁਖਿ ਜਾਤੀ*
*ਮਨਮੁਖ ਸੋਇ ਰਹੇ ਸੇ ਲੁਟੇ*
*ਗੁਰਮੁਖ ਸਾਬਤ ਭਾਈ ਹੇ।*[74]

ਆਦਰਸ਼ ਮਨੁੱਖ ਦੀਆਂ ਗਤੀਵਿਧੀਆਂ ਦਾ ਜ਼ਿਕਰ ਕਰਦਿਆਂ ਡਾ. ਮਾਨਸੁਖਾਨੀ ਨੇ ਗੁਰਮੁਖ ਦੇ ਦਿਲ, ਦਿਮਾਗ ਤੇ ਹੱਥੀਂ ਕਾਰਜ ਕਰਨ ਦੀ ਇਕਸਾਰਤਾ ਦਾ ਜ਼ਿਕਰ ਕੀਤਾ ਹੈ। ਉਦਮ ਭਰਪੂਰ ਜੀਵਨ ਗੁਰਮੁਖ ਨੂੰ ਹਰ ਖੇਤਰ ਵਿੱਚ ਸੁਖ ਅਤੇ ਸਫ਼ਲਤਾ ਪ੍ਰਦਾਨ ਕਰਦਾ ਹੈ।[75]

ਮਨੁੱਖ ਬਾਹਰੀ ਕਰਮਾਂ ਦੇ ਧਾਰਨ ਕਰਨ ਨਾਲ ਜਾਤਾਂ, ਜਿਨਸਾਂ ਅਤੇ ਧਰਮਾਂ ਦੀ ਤੰਗ ਵਲਗਣ ਵਿੱਚ ਆਪਣੇ ਆਪ ਨੂੰ ਸੀਮਤ ਕਰ ਲੈਂਦਾ ਹੈ। ਗੁਰਮੁਖ ਦੀ ਜਾਤ ਸਚੇ ਪ੍ਰਭੂ ਦਾ ਨਾਮ ਹੁੰਦੀ ਹੈ। ਨਾਮ ਦਾ ਕੋਈ ਰੰਗ, ਰੇਖ, ਰੂਪ, ਭੇਖ ਨਹੀਂ ਹੁੰਦਾ, ਜਾਤ ਵਰਨ ਦੇ ਭੇਦ-ਭਾਵ ਤੋਂ ਉੱਪਰ ਉਠ ਕੇ ਉਹ ਇਕੋ ਰੱਬ ਦੇ ਸੱਚੇ ਧਰਮ ਦਾ ਧਾਰਨੀ ਹੁੰਦਾ ਹੈ। ਨਾਮ ਸਿਮਰਨ ਦਾ ਅੰਤਿਮ ਉਦੇਸ਼ ਸੱਚ ਨਾਲ ਮਨੁੱਖ ਦੀ ਅਭੇਦਤਾ ਹੀ ਹੈ, ਜਿਸ ਨੂੰ ਗੁਰੂ ਨਾਨਕ ਨੇ ਸਚਿਆਰਾ ਹੋਣਾ ਕਿਹਾ ਹੈ।[76] ਇਹ ਧਰਮ ਸੰਸਾਰ ਦੇ ਸਾਰੇ ਲੋਕਾਂ ਲਈ ਬਰਾਬਰ ਇਕੋ ਜਿਹਾ ਹੁੰਦਾ ਹੈ। ਡਾ.ਆਰ ਰਾਏ ਗੁਰੂ ਨਾਨਕ ਦੇ ਆਦਰਸ਼ ਮਨੁੱਖ ਬਾਰੇ ਲਿਖਦਾ ਹੈ:

The Ideal man of Guru Nanak Combiles The best of four castes of Hindus, he is Brahman for his thirst for knowledge, he is Khatri for his courage and Patriotism, he is vaisy for his skill and industry and he is sudra for his sewa or service to humaninty.[77]

ਸਿੱਖ, ਆਦਰਸ਼ ਮਨੁੱਖ ਹੁੰਦਾ ਹੈ। ਉਹ ਨੈਤਿਕ ਅਤੇ ਆਤਮਕ ਪੱਖਾਂ ਵਿੱਚ ਮਹਾਨ ਹੁੰਦਾ ਹੈ। ਹੇਠ ਲਿਖੀਆਂ ਦੋ ਤੁਕਾਂ ਉਸ ਦੀ ਸੱਚੀ-ਮੁਚੀ ਤਸਵੀਰ ਪੇਸ਼ ਕਰਦੀਆਂ ਹਨ।

*ਗੁਰਮੁਖਿ ਨਾਮੁ ਦਾਨੁ ਇਸਨਾਨੁ॥ ਗੁਰਮੁਖਿ ਲਾਗੈ ਸਹਜਿ ਧਿਆਨੁ॥*
*ਗੁਰਮੁਖਿ ਪਾਵੈ ਦਰਗਾਹ ਮਾਨੁ॥ ਗੁਰਮੁਖਿ ਭਉ ਭੰਜਨੁ ਪਰਧਾਨੁ॥*
*ਗੁਰਮੁਖਿ ਕਰਣੀ ਕਾਰ ਕਰਾਏ॥ ਨਾਨਕ ਗੁਰਮੁਖ ਮੇਲਿ ਮਿਲਾਏ॥*[78]

- - - - - - - - - - - - - - - - - - - - - - - - - -

*ਗੁਰੁਮੁਖ ਮਿੱਠਾ ਬੋਲਣਾ ਜੋ ਬੋਲੈ ਸੋਈ ਜਪ ਜਾਪੈ॥*
*ਗੁਰਮੁਖ ਅਖੀਂ ਦੇਖਣਾ ਬ੍ਰਹਮ ਧਿਆਨ ਧਰੇ ਆਪ ਸੁ ਆਪੈ॥*

*ਗੁਰਮੁਖ ਸੁਨਣਾ ਸੁਰਤ ਕਰ ਪੰਚ ਸ਼ਬਦ ਗੁਰੁ ਸ਼ਬਦ ਅਲਾਪੈ।।*
*ਗੁਰਮੁਖ ਕਿਰਤ ਕਮਾਵਣੀ ਨਮਸਕਾਰ ਡੰਡਉਤ ਸਿਞਾਪੈ*
*ਗੁਰਮੁਖ ਮਾਰਗ ਚਲਣਾ ਪਰਦਖਣਾ ਪੂਰਨ ਪਰਤਾਪੈ।।*
*ਗੁਰਮੁਖ ਖਾਣਾ ਪੈਨ੍ਹਣਾ ਜੱਗ ਭੋਗ ਸੰਜੋਗ ਪਛਾਪੈ ।।*
*ਗੁਰਮੁਖ ਸਵਣ ਸਮਾਧਿ ਹੈ ਆਪੇ ਆਪ ਨ ਥਾਪ ਉਥਾਪੈ।।*
*ਘਰਬਾਰੀ ਜੀਵਨ ਮੁਕਤਿ ਲਹਿਰ ਨਹੀਂ ਲਬ ਲੋਭ ਵਿਆਪੈ।।*
*ਪਾਰ ਪਵੇ ਲੰਘ ਵਰੈ ਸਰਾਪੈ।।*[79]

ਗੁਰੂ ਨਾਨਕ ਬਾਣੀ ਵਿਚਲੀ 'ਸੰਗਤ' ਦਾ ਮੰਤਵ ਅਜਿਹੇ ਗੁਰਮੁਖ ਆਦਰਸ਼ ਮਨੁੱਖ 'ਗੁਰਸਿਖ' ਦੀ ਉਸਾਰੀ ਕਰਨਾ ਹੈ:

*ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤ ਸੰਗਤਿ ਗੁਰ ਪਿਆਰ।।*
*ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ।।*
*ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ।।*
*ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸ ਮਹਿ ਰਾਖੀ ਜੋਤਿ ਅਪਾਰ।।*
*ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ।।*[80]

ਗੁਰਮੁਖ ਆਤਮਰਾਹ ਚੇਤਨਾ ਦੇ ਸੀਮਤ ਘੇਰੇ ਵਿਚੋਂ ਨਿਕਲਣ ਦਾ ਯਤਨ ਕਰਦਾ ਹੈ ਅਤੇ ਬ੍ਰਹਿਮੰਡੀ ਚੇਤਨਾ ਪ੍ਰਾਪਤ ਕਰਦਾ ਹੈ।[81] ਇਸ ਤਰ੍ਹਾਂ ਉਸ ਨੂੰ ਸਾਰਾ ਸੰਸਾਰ ਇਕ ਘਰ ਜਾਪਣ ਲੱਗ ਪੈਂਦਾ ਹੈ ਅਤੇ ਉਸ ਵਿੱਚ ਵਸਦੇ ਜੀਵ-ਜੰਤਾਂ ਵਿੱਚੋਂ ਇਕੋ ਜੋਤ, ਨਜ਼ਰ ਆਉਂਦੀ ਹੈ।[82] ਗੁਰਮੁਖ ਇਕੋ ਸਮੇਂ ਕਿਰਤੀ ਵੀ ਹੁੰਦਾ ਹੈ ਤੇ ਭਗਤ ਵੀ, ਗ੍ਰਿਹਸਥੀ ਹੁੰਦਾ ਹੈ ਤੇ ਆਤਮ-ਗਿਆਨੀ ਵੀ।

ਗੁਰੂ ਨਾਨਕ ਬਾਣੀ ਵਿਚਲੀ ਸੰਗਤ ਇਹੋ ਜਿਹੇ ਗੁਰਮੁਖ ਦੀ ਘਾੜਤ ਘੜਨ ਦੀ ਟਕਸਾਲ ਬਣਦੀ ਹੈ। ਆਦਰਸ਼ ਮਨੁੱਖ (ਗੁਰਮੁੱਖ) ਇਕ ਆਦਰਸ਼ ਸਮਾਜ ਦਾ ਨਿਰਮਾਣ ਕਰਦਾ ਹੈ।

### 8.3.2 ਆਦਰਸ਼ ਸਮਾਜ ਦੀ ਉਸਾਰੀ

**ਸਮਾਜ ਦੀ ਪਰਿਭਾਸ਼ਾ**

ਸਮਾਜ ਮਨੁੱਖੀ ਇਕਾਈਆਂ ਦਾ ਇੱਕ ਸਮੂਹ ਹੈ। ਸਮਾਜ ਨੂੰ ਇਕ ਅਖੰਡ ਸੰਗਠਨ ਜਾਂ ਵਿਵਸਥਾ ਵਜੋਂ ਹੀ ਸਵੀਕਾਰ ਕਰਨਾ ਸੰਗਤੀ ਯੁਕਤ ਨਹੀਂ ਬਲਕਿ ਸਮਾਜ ਅਨੇਕ ਇਕਾਈਆਂ ਦੇ ਸਹਿਯੋਗ ਨਾਲ ਹੋਂਦ ਅਖਤਿਆਰ ਕਰਦਾ ਹੈ ਭਾਵ ਇਸ ਵਿੱਚ ਸੰਮਤੀ, ਸੰਸਥਾਵਾਂ, ਵਰਗ, ਜਾਤ ਆਦਿ ਦੀ ਭੂਮਿਕਾ ਹੈ। ਆਰ.ਐਮ.ਮੈਕਾਈਵਰ ਅਤੇ ਸੀ.ਐਚ.ਪੇਜ ਅਨੁਸਾਰ, "ਸਮਾਜ ਵਿਵਹਾਰਾਂ ਅਤੇ ਪ੍ਰਕ੍ਰਿਆਵਾਂ ਦੀ, ਅਧਿਕਾਰ ਅਤੇ ਪਰਸਪਰ ਸਹਿਯੋਗ ਦੀ ਅਨੇਕ ਸਮੂਹਾਂ ਅਤੇ ਵਿਭਾਗਾਂ ਦੀ, ਮਾਨਵ ਵਿਵਹਾਰ ਦੇ ਨਿਯੰਤਰਣ ਅਤੇ ਸਵਾਧੀਨਤਾ ਦੀ ਵਿਵਸਥਾ ਹੈ। ਇਸ ਨਿਰੰਤਰ ਪਰਿਵਰਤਨਸ਼ੀਲ ਪ੍ਰਣਾਲੀ ਨੂੰ ਅਸੀਂ 'ਸਮਾਜ' ਕਹਿੰਦੇ ਹਾ। ਇਹ ਸਮਾਜਿਕ ਸੰਬੰਧਾਂ ਦਾ ਜਾਲ ਹੈ।[83] ਸਮਾਜ ਸਜਾਤੀ ਮਨੁੱਖਾਂ ਦਾ ਮੰਤ੍ਰੀ ਪੂਰਣ ਸੰਗਠਨ ਹੈ।[84] ਸਮਾਜ ਸਮਾਜਿਕ ਰਿਸ਼ਤਿਆਂ ਦਾ ਅਜਿਹਾ ਸੰਗਠਨ ਹੈ ਜਿਸ ਵਿਚ ਹਰ ਇਕ ਮਨੁੱਖ ਦੂਜੇ ਮਨੁੱਖ ਨਾਲ ਸੰਬੰਧਿਤ ਹੁੰਦਾ ਹੈ।[85] ਸਮਾਜ ਮਨੁੱਖਾਂ, ਇਸਤ੍ਰੀਆਂ ਅਤੇ ਬੱਚਿਆਂ ਦਾ ਉਹ ਸਮੂਹ ਹੈ, ਜਿਸ ਵਿੱਚ ਲੋਕ ਸੁਤੰਤਰ ਰੂਪ ਨਾਲ ਆਪਣੇ ਸਭਿਆਚਾਰਕ ਦਰਜੇ ਤੇ ਆਪਣੀ ਜਾਤ ਨੂੰ ਜੀਉਂਦਾ ਅਤੇ ਕਾਇਮ ਰੱਖਣ ਵਿਚ ਸਮਰੱਥ ਹੋ ਸਕਦੇ ਹਨ।[86] ਗਿਡਿੰਗਜ਼ ਨੇ ਸਮਾਜ ਦੀ ਪਰਿਭਾਸ਼ਾ ਦਿੰਦੇ ਹੋਏ ਕਿਹਾ ਹੈ ਕਿ, "ਸਮਾਜ ਆਪਣੇ ਆਪ ਇਕ ਸੰਘ ਹੈ, ਸੰਗਠਨ ਹੈ ਤੇ ਉਪਚਾਰਿਕ ਸੰਬੰਧਾਂ ਦਾ ਯੋਗ ਹੈ, ਜਿਸ ਵਿੱਚ ਸਹਿਯੋਗੀ ਵਿਅਕਤੀ ਪਰਸਪਰ ਸਾਂਝ ਨਾਲ ਬੱਝੇ ਹੁੰਦੇ ਹਨ।[87]

**ਆਦਸ਼ਕ ਸਮਾਜ**

ਪੱਛਮੀ ਚਿੰਤਕ ਪਲੈਟੋ ਨੇ ਆਪਣੀ ਪੁਸਤਕ ਰੀਪਬਲਿਕ ਵਿੱਚ ਆਦਰਸ਼ ਸਮਾਜ ਦੀ ਜੋ ਕਲਪਨਾ ਕੀਤੀ ਹੈ, ਉਸ ਅਨੁਸਾਰ ਉਸਦੇ ਰੀਪਬਲਿਕ ਵਿੱਚ ਮਰਦ ਤੇ ਔਰਤਾਂ ਉੱਪਰ ਇਕੋ ਜਿਹੇ ਕਾਨੂੰਨ ਲਾਗੂ ਹੋਣਗੇ ਤੇ ਉਨ੍ਹਾਂ ਦੇ ਕਿੱਤੇ ਵੀ ਇਕੋ ਜਿਹੇ ਹੋਣਗੇ।[88] ਕਿਸੇ ਦਾ ਕੋਈ ਨਿੱਜੀ ਹਿੱਤ ਨਹੀਂ ਹੋਵੇਗਾ। ਇਸ ਲਈ ਕਾਨੂੰਨ ਦਾਵੇ ਨਹੀਂ ਹੋਣਗੇ। ਮੇਰ-ਤੇਰ ਦੇ ਤਫ਼ਰਕੇ ਕਾਟਣ ਉਸ ਸ਼ਹਿਰ ਨੂੰ ਲੀਰੋ ਲੀਰ ਨਹੀਂ ਕਰਨਗੇ। ਹਰ ਕੋਈ ਧਨ ਜੋੜ-ਜਾੜ ਕੇ ਨਿੱਜੀ ਮਕਾਨ ਨਹੀਂ ਬਣਾਏਗਾ ਤੇ ਨਾ ਹੀ ਵਖਰੇ ਬੀਵੀ-ਬੱਚੇ ਤੇ ਨਿੱਜੀ ਦੁਖ-ਸੁਖ ਵਿੱਚ ਗਰਸਿਆ ਰਹੇਗਾ। ਸਗੋਂ ਜਿਥੋਂ ਤੱਕ ਸੰਭਵ ਹੈ ਸਭਨਾ ਦੇ ਹਰਖ ਸੋਗ ਸਾਂਝੇ ਹੋਣਗੇ ਕਿਉਂਕਿ ਉਨ੍ਹਾਂ ਦੀ ਰਾਏ ਸਾਂਝੀ ਹੋਵੇਗੀ। ਉਹਨਾਂ ਦੇ ਪਿਆਰੇ ਤੇ ਨੇੜੇ ਦੇ ਸਾਕ-ਸੰਬੰਧੀ ਵੀ ਸਾਂਝੇ ਹੋਣਗੇ। ਇਸ ਲਈ ਉਹ ਸਾਰੇ ਕਿਸੇ ਸਾਂਝੇ ਉਦੇਸ਼ ਵਲ ਰੁਚਿਤ ਹੋਣਗੇ।[89]

ਵੇਦਾਂ ਵਿੱਚ ਆਦਰਸ਼ ਸਮਾਜ ਉਸ ਨੂੰ ਮੰਨਿਆ ਗਿਆ ਹੈ ਜਿਸ ਵਿੱਚ ਆਪਸੀ ਸਦਭਾਵਨਾ ਹੋਵੇ।

ਅਥਰਵ ਵੇਦ ਅਨੁਸਾਰ ਆਪਸੀ ਸਦਭਾਵਨਾ ਦੇ ਬਿਨਾਂ ਇਹ (ਬਣਤਰ) ਟਿਕ ਨਹੀਂ ਸਕੇਗੀ ਅਤੇ ਸਦਭਾਵਨਾ ਤਦ ਪੈਦਾ ਹੋਵੇਗੀ ਜਦੋਂ ਸਾਡੀ ਬੁਧੀ ਜਾਂ ਮਤਿ ਸ਼ੁਧ ਹੋਵੇਗੀ, ਵਿਕਾਰ ਰਹਿਤ ਹੋਵੇਗੀ।[90]

ਆਰੀਆ ਦੀ ਸਮਾਜ ਰਚਨਾ ਵਿੱਚ ਉਚ-ਨੀਚ, ਸ਼ੋਸ਼ਕ-ਸ਼ੋਸ਼ਿਤ, ਅਮੀਰ-ਗਰੀਬ ਕੋਈ ਨਹੀਂ ਹੈ। ਸਾਰੇ ਇੱਕ ਹੀ ਪੱਧਰ ਤੇ ਕਰਤੱਵ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਵੇਖੇ ਜਾਂਦੇ ਹਨ। ਚਰਿਤਰਹੀਣ ਹੋਏ ਲੋਕਾਂ ਲਈ ਉਥੇ ਕੋਈ ਥਾਂ ਨਹੀ।[91] ਇਕ ਦੂਜੇ ਦੀ ਰੱਖਿਆ ਕਰਨਾ ਅਤੇ ਸਹਾਇਤਾ ਕਰਨਾ ਮਨੁੱਖ ਦਾ ਕਰਤੱਵ ਹੈ। ਬਿਨਾ ਸਾਰਿਆਂ ਨੂੰ ਲੈ ਕੇ ਚਲਣਾ ਤੇ ਜੀਵਨ ਦਾ ਔਖਾ ਰਸਤਾ ਪਾਰ ਨਹੀਂ ਕੀਤਾ ਜਾ ਸਕਦਾ।[92]

ਗੋਸੁਆਮੀ ਤੁਲਸੀਦਾਸ ਦੀ ਦ੍ਰਿਸ਼ਟੀ ਵਿੱਚ ਉਹੀ ਸਵਰਾਜ ਹੈ ਜਿਥੇ ਕੋਈ ਦੀਨ ਦੁਖੀ ਨਹੀਂ ਰਹਿੰਦਾ। ਸਾਰਿਆਂ ਦੀਆਂ ਇਛਾਵਾਂ ਦੀ ਯਥਾਯੋਗ ਪੂਰਤੀ ਹੁੰਦੀ ਹੈ। ਸਭ ਦੀ ਸੁਖ ਸੁਵਿਧਾ ਦਾ ਧਿਆਨ ਰੱਖਿਆ ਜਾਂਦਾ ਹੈ ਜਿਸ ਰਾਜ ਵਿੱਚ ਰਾਜਾ ਅਤੇ ਪਰਜਾ ਦੋਵੇਂ ਧਰਮ ਦਾ ਪਾਲਣ ਕਰਦੇ ਹਨ, ਉਥੇ ਖੁਸ਼ੀ, ਸੁਖ ਅਤੇ ਖੁਸ਼ਹਾਲੀ ਨਿਵਾਸ ਕਰਦੀ ਹੈ।[93]

ਤੁਲਸੀ ਦੇ ਸਾਹਿਤ ਵਿੱਚ ਆਦਰਸ਼ ਸਮਾਜ ਨੂੰ ਰਾਮ ਰਾਜ ਦਾ ਅੰਗ ਮੰਨਿਆਂ ਗਿਆ ਹੈ। ਅਜਿਹੇ ਰਾਜ ਦੀ ਸਥਾਪਨਾ ਤੁਲਸੀ ਆਦਰਸ਼ ਅਤੇ ਪੂਰਨ ਰਾਜਾ ਰਾਮ ਦੇ ਮਾਧਿਅਮ ਦੁਆਰਾ ਕਰਨ ਦਾ ਯਤਨ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਕੇਂਦਰਿਤ ਬਿੰਦੂ ਪ੍ਰੇਮ, ਖਿਮਾ, ਦਇਆ, ਸਮਾਨਤਾ, ਆਪਸੀ ਮੇਲ ਜੋਲ ਆਦਿ ਹੈ।[94]

ਗੁਰੂ ਨਾਨਕ ਦੇ ਮਿਸ਼ਨ ਬਾਰੇ ਡਾ.ਜੋਧ ਸਿੰਘ ਲਿਖਦਾ ਹੈ:

ਗੁਰੂ ਨਾਨਕ ਇਕ ਅਜਿਹੇ ਤਿਆਗੀ ਨਹੀਂ ਸਨ ਜਿਸ ਨੂੰ ਨਿਰਾ ਆਪਣੀ ਮੁਕਤੀ ਦਾ ਫ਼ਿਕਰ ਹੋਵੇ। ਉਹਨਾਂ ਦਾ ਮਨਸਾ ਇਹ ਸੀ ਕਿ ਆਮ ਆਦਮੀ ਸੱਚ-ਮੁਚ. ਦਾ ਧਾਰਮਿਕ ਜੀਵਨ ਬਤੀਤ ਕਰਨ ਅਤੇ ਆਪਣੇ ਆਪ ਨੂੰ ਇੱਕ ਅਜਿਹੇ ਭਾਈਚਾਰਕ ਪ੍ਰਬੰਧ ਵਿੱਚ ਬੰਨ੍ਹਣ ਜਿਸ ਵਿੱਚ ਇੱਕ ਦੂਜੇ ਦੇ ਵਿਚਾਰਾਂ ਲਈ ਰਵਾਦਾਰੀ ਹੋਵੇ ਅਤੇ ਸਾਰੇ ਰਲ ਕੇ ਸੰਪੂਰਨ ਮਨੁੱਖੀ ਟੱਬਰ ਦਾ ਭਲਾ ਕਰਨ ਲਈ ਉਤਸ਼ਾਹਿਤ ਹੋਵਣ।[95]

ਡਾ.ਤ੍ਰਿਲੋਚਨ ਸਿੰਘ ਅਨੁਸਾਰ, "ਉਹ ਸਾਰੇ ਮਨੁੱਖਾਂ ਵਿੱਚ ਬਰਾਬਰਤਾ, ਸਭ ਨੂੰ ਬਰਾਬਰ ਦੇ ਅਧਿਕਾਰਾਂ ਦੀ ਗੱਲ ਕਰਦੇ ਹੋਏ, ਬਿਨ੍ਹਾਂ ਕਿਸੇ ਡਰ, ਦਬਾਅ ਜਾਂ ਸਮਾਜਿਕ ਅਧੀਨਗੀ ਦੇ ਮਨੁੱਖ ਨੂੰ ਵਿਚਰਦਾ ਦੇਖਣਾ ਚਾਹੁੰਦੇ ਸਨ।[94]

ਗਿਆਨੀ ਲਾਲ ਸਿੰਘ ਅਨੁਸਾਰ ਗੁਰੂ ਜੀ ਨੇ ਆਪਣੀਆਂ ਮਾਨਵਵਾਦੀ ਤੇ ਵਿਸ਼ਵ ਭਾਈਚਾਰੇ ਨੂੰ ਵਧਾਉਣ ਵਾਲੀਆਂ ਸਿਖਿਆਵਾਂ ਨੂੰ ਸੰਗਤ ਰਾਹੀਂ ਅਮਲੀ ਰੂਪ ਦਿੱਤਾ।[97]

ਡਾ.ਦਰਸ਼ਨ ਸਿੰਘ ਅਨੁਸਾਰ ਉਹਨਾਂ ਨੇ ਸਮਾਜ ਵਿੱਚ ਘਰ ਕਰ ਚੁੱਕੀਆਂ ਨਾ ਬਰਾਬਰਤਾ, ਜਾਤੀ, ਸਤੀ, ਇਸਤਰੀ ਦੀ ਅਧੀਨਗੀ ਆਦਿ ਬੁਰਾਈਆਂ ਦੀ ਡਟ ਕੇ ਵਿਰੋਧਤਾ ਕੀਤੀ।[98]

ਉਹਨਾਂ ਦੇ ਮੱਤ ਦੀ ਇਹ ਵਿਲੱਖਣਤਾ ਹੈ ਕਿ ਉਹਨਾਂ ਦਾ ਉਪਦੇਸ਼ ਕਿਸੇ ਇੱਕ ਫਿਰਕੇ ਧਰਮ ਜਾਂ ਖੇਤਰ ਨੂੰ ਨਹੀਂ ਸਗੋਂ ਉਹਨਾ ਦਾ ਸਾਂਝੀਵਾਲਤਾ ਗੈਰ ਫਿਰਕਾਦਾਰੀ ਦਾ ਉਪਦੇਸ਼ ਆਪਣੇ ਆਪ ਵਿੱਚ ਵਿਲੱਖਣ ਸੀ। ਡਾ.ਜਗਜੀਤ ਸਿੰਘ ਅਨੁਸਾਰ ਗੁਰੂ ਨਾਨਕ ਸਾਹਿਬ ਦਾ ਸਾਂਝੀਵਾਲਤਾ ਤੇ ਗੈਰਫਿਰਕਾਦਾਰੀ ਦਾ ਉਪਦੇਸ਼ ਆਪਣੇ ਆਪ ਵਿੱਚ ਸਿੱਖ ਮਿਸ਼ਨ ਨੂੰ ਪੁਰਾਣੇ ਮੱਤਾਂ ਨਾਲੋਂ ਨਿਖੇੜਨ ਵੱਲ ਪਹਿਲਾਂ ਕਦਮ ਸੀ।[99]

ਸਾਧੂ ਵਾਸਵਾਨੀ ਅਨੁਸਾਰ ਗੁਰੂ ਨਾਨਕ ਨੇ ਉਹ ਧਰਮ ਪ੍ਰਚਾਰਿਆ ਜੋ ਮਨੁੱਖਾਂ ਦੇ ਭਲੇ ਲਈ ਤੇ ਉੱਚੇ ਸੁੱਚੇ ਜੀਵਨ ਲਈ ਹੈ।[100]

ਡਾ. ਗੰਡਾ ਸਿੰਘ ਦਾ ਮੱਤ ਹੈ ਕਿ ਸੰਗਤ ਤੇ ਪੰਗਤ ਸੰਸਥਾਵਾਂ ਗੁਰੂ ਨਾਨਕ ਸਾਹਿਬ ਦੀਆਂ ਸਿਖਿਆਵਾਂ ਦੇ ਪ੍ਰਗਟਾਅ ਅਤੇ ਅਭਿਆਸ ਦੀਆਂ ਪ੍ਰਯੋਗਸ਼ਾਲਾਵਾਂ ਹਨ।[101] ਇਹੋ ਕਾਰਨ ਹੈ ਕਿ ਕਈ ਵਿਦਵਾਨਾ ਨੇ ਸਿੱਖ ਧਰਮ ਨੂੰ ਸੰਗਤੀ ਧਰਮ ਕਿਹਾ ਹੈ।[102]

ਭਾਈ ਕਾਨ੍ਹ ਸਿੰਘ ਨਾਭਾ ਦਾ ਕਥਨ ਹੈ ਕਿ ਸਿਖ ਸਮਾਜ ਨੂੰ ਸਾਧ ਸੰਗਤ ਵੀ ਕਿਹਾ ਜਾਂਦਾ ਹੈ।[103]

ਬੈਨਰਜੀ ਅਨੁਸਾਰ ਸੰਗਤ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ ਦਾ ਸਿੱਖ ਮੱਤ ਦਾ ਇਕ ਮਹੱਤਵਪੂਰਣ ਅੰਸ਼ ਹੈ।[104]

ਦਲਜੀਤ ਸਿੰਘ ਅਨੁਸਾਰ ਗੁਰੂ ਨਾਨਕ ਨੇ ਗ੍ਰਿਹਸਥ ਨੂੰ ਰੂਹਾਨੀਅਤ ਦੀ ਸਖਲਾਈ ਅਤੇ ਵਿਸਥਾਰ ਦਾ ਸਾਧਨ ਬਣਾਇਆ।[105]

ਡਾ. ਜਗਜੀਤ ਸਿੰਘ ਅਨੁਸਾਰ ਇਹ ਉਹਨਾਂ ਨੇ ਆਪਣੇ ਧਾਰਮਿਕ ਸਿਧਾਂਤ ਦੀ ਸਮਾਜ ਨਾਲ ਸਾਂਝ ਪਾਉਣ ਲਈ ਕੀਤਾ।[106] ਡਾ. ਗੋਕਲ ਚੰਦ ਨਾਰੰਗ ਦਾ ਕਥਨ ਹੈ ਕਿ ਗੁਰੂ ਨਾਨਕ ਨੇ ਅਧਿਆਤਮਿਕ ਜੀਵਨ ਦੇ ਨਾਲ ਨਾਲ ਸੰਸਾਰਿਕ ਕਾਰ ਵਿਹਾਰ ਤੇ ਵੀ ਆਪਣੀ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ।[107]

ਗੁਰੂ ਨਾਨਕ ਬਾਣੀ ਸ੍ਰਿਸ਼ਟੀ ਦੀ ਹੋਂਦ ਨੂੰ ਸੱਚ ਮੰਨਦੀ ਹੋਈ ਸੰਸਾਰਕ ਕਦਰਾਂ ਕੀਮਤਾਂ ਨੂੰ ਯਥਾਰਥਵਾਦੀ ਦਾਰਸ਼ਨਿਕ ਚਿੰਤਨ ਰਾਹੀਂ ਇਸ ਤਰ੍ਹਾਂ ਨਿਸ਼ਚਿਤ ਕਰਦੀ ਹੈ

*ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥* [108]

ਗੁਰੂ ਨਾਨਕ ਸਾਹਿਬ ਨੇ ਇਕ ਐਸੇ ਸਮਾਜ ਦਾ ਸੰਕਲਪ ਦਿੱਤਾ ਜਿਸ ਵਿੱਚ ਕੋਈ ਭੇਦ ਭਾਵ ਨਾ ਹੋਵੇ, ਮਨੁੱਖੀ ਭਾਈਚਾਰਾ ਤੇ ਬਰਾਬਰੀ ਹੋਵੇ।[109]

ਪ੍ਰਿੰ.ਤੇਜਾ ਸਿੰਘ ਦਾ ਕਹਿਣਾ ਹੈ ਕਿ ਉਹਨਾਂ ਨੇ ਮਨੁੱਖ ਦੀ ਹਰ ਪੱਖੋਂ ਆਜ਼ਾਦੀ ਲਈ ਆਵਾਜ਼ ਬੁਲੰਦ ਕੀਤੀ ਤੇ ਇਕ ਆਦਰਸ਼ ਸਮਾਜ ਦੀ ਨੀਂਹ ਰੱਖੀ ਜਿਥੇ ਸ਼ਾਂਤੀ ਤੇ ਮਨੁੱਖੀ ਹੋਂਦ ਸੁਰੱਖਿਅਤ ਹੋਣ।[110]

ਸ.ਕਪੂਰ ਸਿੰਘ ਅਨੁਸਾਰ ਗੁਰੂ ਨਾਨਕ ਪੂਰੀ ਮਨੁੱਖਤਾ ਨੂੰ ਖੁਸ਼ ਤੇ ਖੁਸ਼ਹਾਲ ਵੇਖਣਾ ਚਾਹੁੰਦੇ ਸਨ।[111]

ਗੁਰੂ ਨਾਨਕ ਨੇ ਜਿਸ ਆਦਰਸ਼ ਸਮਾਜ ਦਾ ਨਿਰੂਪਣ ਕੀਤਾ ਹੈ ਉਹ ਕੋਈ ਕਲਪਨਿਕ ਸੰਸਾਰ ਨਹੀਂ ਸਗੋਂ ਇੱਕ ਯਥਾਰਥ ਹੈ ਤੇ ਇਹ ਸਮਾਜ ਕਲਜੁਗ ਵਿਚ ਹੀ ਸਤਿਯੁਗ ਲਿਆ ਸਕਦਾ ਹੈ। ਸਮਾਜ ਦੇ ਬਾਰੇ ਜੋ ਸੰਕਲਪ ਗੁਰੂ ਨਾਨਕ ਦੇਵ ਜੀ ਨੇ ਬਣਾਇਆ, ਉਹ ਮਨੁੱਖ ਮਨੁੱਖ ਵਿਚਕਾਰ, ਮਰਦ ਤੇ ਇਸਤਰੀ ਵਿਚਕਾਰ, ਧਰਮ ਧਰਮ ਵਿਚਕਾਰ, ਅਮੀਰ ਗਰੀਬ ਵਿਚਕਾਰ, ਰਾਜੇ ਅਤੇ ਉਸ ਦੀ ਪਰਜਾ ਵਿਚਕਾਰ ਹਰ ਪ੍ਰਕਾਰ ਦੇ ਮਨੋਵਿਰੋਧ ਜਾਂ ਪੱਖਪਾਤ ਦੀਆਂ ਕੰਧਾਂ ਨੂੰ ਢਾਹ ਦਿੰਦਾ ਹੈ। ਇਹ ਭਾਈਚਾਰਾ ਕਰਮਕਾਂਡੀ ਰਸਮਾਂ ਰੀਤਾਂ ਦੇ ਸਾਰੇ ਬੰਧਨਾਂ ਨੂੰ ਕੱਟ ਦਿੰਦਾ ਹੈ। ਇਸ ਭਾਈਚਾਰੇ ਵਿੱਚ ਖਾਣ ਪਹਿਨਣ ਤੇ ਰਹਿਣ ਸਹਿਣ ਦੀ ਪੂਰੀ ਸੁਤੰਤਰਤਾ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸੰਕਲਪਤ ਸਮਾਜ ਕਿਸੇ ਕਿਸਮ ਦੇ ਜਾਤੀ ਵਿਤਕਰਿਆਂ ਜਾਂ ਵਖੇਵਿਆਂ ਤੋਂ ਸੁਤੰਤਰ ਹੈ।[112] ਕੋਈ ਵੀ ਆਪਣੇ ਆਪ ਨੂੰ ਇਕ

ਦੂਜੇ ਤੋਂ ਉੱਤਮ ਨਹੀਂ ਸਮਝਦਾ। ਨਿਮਰਤਾ ਸਾਦਗੀ ਇਸ ਦੇ ਵਿਸ਼ੇਸ਼ ਗੁਣ ਹਨ, ਇਸ ਲਈ ਮਨੁੱਖ ਜਾਤੀ ਦੀ ਸੇਵਾ ਇਸ ਦੇ ਜੀਵਨ ਦਾ ਮੁੱਖ ਉਦੇਸ਼ ਹੈ। ਸਿੱਖ ਭਾਈਚਾਰੇ ਦਾ ਹਰ ਵਿਅਕਤੀ ਸੰਤ ਹੈ, ਸਿਪਾਹੀ ਹੈ, ਵਿਦਵਾਨ ਹੈ। ਇਸੇ ਲਈ ਇਹ ਭਾਈਚਾਰਾ ਆਪ ਵੀ ਸੂਰਬੀਰ ਭਾਵਨਾ ਵਾਲਾ, ਸੰਤਾਂ ਦੇ ਆਚਰਣ ਵਾਲਾ, ਵਿਦਵਾਨਾਂ ਦੇ ਗਿਆਨ ਵਾਲਾ ਹੈ।

ਇੱਕ ਆਦਰਸ਼ ਭਾਈਚਾਰਾ ਅਜਿਹੇ ਵਿਅਕਤੀਆਂ ਦਾ ਸਮੂਹ ਹੁੰਦਾ ਹੈ, ਜਿਹੜੇ ਆਪਣੇ ਨਿੱਤ ਪ੍ਰਤੀ ਦੀਆਂ ਲੋੜਾਂ ਵਿੱਚ ਪੂਰਨ ਤੌਰ ਤੇ ਸੰਤੁਸ਼ਟ ਹੁੰਦੇ ਹਨ। ਜਦੋਂ ਤੀਕ ਲੋੜਾਂ ਪੂਰੀਆਂ ਨਾ ਹੋਣ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਇਸ ਹਾਲਤ ਵਿੱਚ ਕੋਈ ਮਨੁੱਖ ਰੱਬ ਜਾਂ ਉਸ ਦੀ ਭਗਤੀ ਬਾਰੇ ਸੋਚ ਵੀ ਨਹੀਂ ਸਕਦਾ। ਭਗਤ ਕਬੀਰ ਜੀ ਇਸ ਸੰਬੰਧ ਵਿੱਚ ਬੜੇ ਦ੍ਰਿੜ ਵਿਚਾਰ ਰਖਦੇ ਹੋਏ ਫੁਰਮਾਉਂਦੇ ਹਨ:

*'ਭੂਖੈ ਭਗਤਿ ਨ ਕੀਜੈ'*[113]

ਧੰਨਾ ਭਗਤ ਵੀ ਇਸੇ ਰੰਗ ਵਿੱਚ ਗਾਉਂਦਾ ਹੋਇਆ ਕਹਿੰਦਾ ਹੈ:

*'ਗੋਪਾਲ ਤੇਰਾ ਆਰਤਾ'*[114]

ਉਪਰੋਕਤ ਉਦਾਹਰਨਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇੱਕ ਸੰਤੁਸਟ ਵਿਅਕਤੀ ਹੀ ਪ੍ਰਭੂ ਦੀ ਭਗਤੀ ਕਰ ਸਕਦਾ ਹੈ। ਗੁਰੂ ਨਾਨਕ ਦਾ ਧਰਮ ਉੱਦਮ ਤੇ ਪ੍ਰੀਸ਼ਰਮ ਦਾ ਧਰਮ ਹੈ, ਕਰਮੀ ਦਾ ਧਰਮ ਹੈ। ਇਸ ਲਈ ਹਰ ਵਿਅਕਤੀ ਨੂੰ ਗ੍ਰਿਹਸਥੀ ਜੀਵਨ ਬਿਤਾਉਣ ਦਾ ਹੁਕਮ ਦਿੰਦਾ ਹੈ। ਇਹ ਧਰਮ ਵਰਣ ਆਸ਼ਰਮ ਨੂੰ ਸਵੀਕਾਰ ਨਹੀਂ ਕਰਦਾ ਇਹ ਤਾਂ ਬਰਾਬਰੀ ਤੇ ਭਰਾਤਰੀ ਭਾਵ ਤੇ ਜੋਰ ਦਿੰਦਾ ਹੈ, ਉਸ ਦਾ ਮਾਰਗ ਪ੍ਰਵਿਰਤੀ ਮਾਰਗ ਹੈ। ਇਸ ਮਾਰਗ ਤੇ ਚਲਦਿਆਂ ਉਸ ਨੂੰ ਉਪਦੇਸ਼-ਦਾਤਾ ਭਾਵ ਗੁਰੂ ਦੀ ਦੱਸੀ ਰਹਿਤ ਵਿੱਚ ਰਹਿਣਾ ਪੈਂਦਾ ਹੈ। ਇਸ ਸੰਸਾਰ ਦੇ ਕਰਮ ਖੇਤਰ ਵਿੱਚ ਰਹਿੰਦਿਆਂ ਹੋਇਆਂ ਮਨੁੱਖ ਆਪਣੇ ਤੇ ਆਪਣੇ ਪਰਿਵਾਰ ਵਾਸਤੇ ਕਮਾਈ ਕਰਦਾ ਹੈ ਅਤੇ ਦੂਜਿਆਂ ਦੇ ਭਲੇ ਲਈ ਆਪਣੀ ਕਮਾਈ ਦਾ ਦਸਬੰਧ ਦੇਣ ਦੇ ਯੋਗ ਵੀ ਹੁੰਦਾ ਹੈ:

*'ਘਾਲਿ ਖਾਇ ਕਿਛੁ ਹਥਹੁ ਦੇਹ'*[115]

ਅਰਥ (ਮਾਇਆ) ਦੀ ਪ੍ਰਾਪਤੀ ਦੇ ਨਾਲ ਉਸ ਦੇ ਕਾਮ (ਦੁਨੀਆਵੀ ਲੋੜਾਂ) ਦੀ ਪੂਰਤੀ ਵੀ ਹੋ ਜਾਂਦੀ ਹੈ ਅਤੇ ਧਰਮ ਦੇ ਮਾਰਗ ਤੇ ਚਲਦਿਆਂ ਉਹ ਆਪਣੇ ਉਪਦੇਸ਼-ਦਾਤਾ ਗੁਰੂ ਦੀ ਅਗਵਾਈ ਹੇਠ ਆਪਣੇ ਆਪ ਨੂੰ ਹੌਲੀ ਹੌਲੀ ਆਪਣੀ ਮੰਜ਼ਿਲ ਭਾਵ ਮੋਕਸ਼ ਲਈ ਪਰਪੱਕ ਕਰ ਲੈਂਦਾ ਹੈ। ਪਰ ਸਮਾਜ ਜਾਂ ਭਾਈਚਾਰੇ ਦੀ ਭਲਾਈ ਜਾਂ ਜ਼ਿੰਮੇਵਾਰੀ ਤਾਂ ਰਾਜ ਦੇ ਮੋਢਿਆਂ ਤੇ ਹੁੰਦੀ ਹੈ। ਸਮਾਜ ਦੇ ਹਰੇਕ ਵਿਅਕਤੀ ਲਈ ਖਾਣ-ਪੀਣ, ਪਹਿਣਨ ਤੇ ਰਹਿਣ ਦੀ ਜ਼ਿੰਮੇਵਾਰੀ ਰਾਜ ਸਰਕਾਰ ਨੂੰ ਆਪਣੇ ਜਿੰਮੇ ਲੈਣੀ ਪੈਂਦੀ ਹੈ। ਹਰ ਵਿਅਕਤੀ ਨੂੰ ਉਸ ਦੀ ਰੁਚੀ ਅਨੁਸਾਰ ਕੰਮ ਧੰਦਾ ਵੀ ਮਿਲਣਾ ਚਾਹੀਦਾ ਹੈ। ਕੰਮ ਹੀ ਪੂਜਾ ਹੈ। ਨੇਕ-ਨੀਤ ਕਾਮਾ ਤਾਂ ਜੋਗੀ ਹੁੰਦਾ ਹੈ। ਉਹ ਕਦੀ ਕਿਸੇ ਦਾ ਬੁਰਾ ਨਹੀਂ ਚਿਤਵਦਾ ਅਤੇ ਧਰਮ ਦੇ ਰਾਹ ਤੇ ਬੜੇ ਆਰਾਮ ਤੇ ਸੌਖੀ ਤਰ੍ਹਾਂ ਚਲਦਾ ਹੈ। ਆਦਰਸ਼ ਸਮਾਜ ਦੇ ਵਿਅਕਤੀ ਦੀ ਅਰਦਾਸ ਹੁੰਦੀ ਹੈ—'ਤੇਰੇ ਭਾਣੇ ਸਰਬਤ ਦਾ ਭਲਾ'। ਰਾਜ ਦਾ ਬਾਦਸ਼ਾਹ ਜਾਂ ਮੁਖੀਆ ਇੱਕ ਆਦਰਸ਼ ਮਨੁੱਖ ਹੋਣਾ ਚਾਹੀਦਾ ਹੈ, ਜਿਸ ਤੇ ਉਸ ਦੀ ਪਰਜਾ ਦੇ ਸਾਰੇ ਮਨੁੱਖਾਂ ਨੂੰ ਵਿਸ਼ਵਾਸ ਹੋਵੇ। ਉਹ ਗਰੀਬ ਲੋਕਾਂ ਦਾ ਨਿਰਮਾਣ ਸੇਵਕ ਹੋਣਾ ਚਾਹੀਦਾ ਹੈ। ਉਹ ਲੋਕ ਰਾਜ ਦੇ ਅਸੂਲਾਂ ਨੂੰ ਅਪਣਾ ਕੇ ਚਲੇ, ਨਹੀਂ ਤਾਂ ਇਹਨਾਂ ਬਿਨਾਂ ਉਸ ਦੀ ਹਕੂਮਤ ਕੁਝ ਸਮੇਂ ਪਿਛੋਂ ਢਹਿ ਢੇਰੀ ਹੋ ਜਾਵੇਗੀ। ਗੁਰੂ ਨਾਨਕ ਬਾਣੀ ਅਨੁਸਾਰ ਉਹ ਤਖਤ ਦੇ ਯੋਗ ਹੋਵੇ, ਭਾਵ ਗੁਣਾਂ ਦਾ ਮਾਲਕ ਹੋਵੇ ਅਤੇ ਉਸ ਦੇ ਕਰਮਚਾਰੀ ਰੱਬ ਦੇ ਭੈ ਵਾਲੇ ਅਤੇ ਰਾਜ ਦੇ ਨਿਯਮਾਂ ਦੇ ਪਾਬੰਧ ਹੋਣ:

*ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥*[116]

ਰਾਜਾ ਅਤੇ ਉਸਦੇ ਕਰਮਚਾਰੀ ਆਪਣੀ ਪਰਜਾ ਕੋਲੋਂ ਉਨ੍ਹਾਂ ਹੀ ਲੈਣ ਜਿੰਨਾ ਜਾਇਜ਼ ਹੋਵੇ ਤੇ ਜਿਸ ਦੇ ਨਾਲ ਰਾਜ ਦੇ ਕੰਮ ਕਾਜ ਨੂੰ ਠੀਕ ਤਰ੍ਹਾਂ ਨਿਭਾ ਸਕਣ।

*ਬਾਝਹੁ ਵਾਜਬ ਮਾਲ ਦੇ ਹੋਰ ਨਾ ਹਾਕਮ ਲੇਇ।।*

*ਨਾਨਕ ਆਖੈ ਰੁਕਨਦੀਨ ਹਾਕਮ ਕਹੀਅਹਿ ਸੇਇ।।*[117]

ਇਸਤਰੀ ਸਮਾਜ ਦਾ ਮਹੱਤਵਸ਼ਾਲੀ ਅੰਗ ਹੈ ਤੇ ਇਸਤਰੀ ਹੀ ਸਮਾਜ ਦੇ ਮਹਾਨ ਵਿਅਕਤੀਆਂ ਨੂੰ ਜਨਮ ਦੇਂਦੀ ਹੈ:

*ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨੁ।।*[118]

ਉਸ ਨੂੰ ਅਤਿਅੰਤ ਸਤਿਕਾਰ ਮਿਲਣਾ ਚਾਹੀਦਾ ਹੈ। ਉਹ ਕੇਵਲ ਅਰਧੰਗੀ ਹੀ ਨਹੀਂ ਮੁਕਤੀ ਦਾ ਦਰਵਾਜ਼ਾ ਵੀ ਹੈ।

*ਲੋਕ ਵੇਦ ਗੁਣੁ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ*

*ਗੁਰਮੁਖਿ ਸੁਖ ਫਲ ਨਿਹਚਉ ਨਾਰੀ।।*[119]

ਉਸ ਨੂੰ ਇਕ ਧੀ, ਮਾਂ, ਭੈਣ ਤੇ ਪਤਨੀ ਦੇ ਨਾਤੇ ਯੋਗ ਸਤਿਕਾਰ ਮਿਲਣਾ ਚਾਹੀਦਾ ਹੈ। ਸਮਾਜ ਵਿੱਚ ਉਸ ਦੇ ਹੱਕ ਮਰਦ ਦੇ ਬਰਾਬਰ ਹਨ। ਗੁਰੂ ਨਾਨਕ ਬਾਣੀ ਵਿਚਲੀ ਸੰਗਤ ਵਿੱਚ ਇਸਤਰੀ ਨੂੰ ਸ਼ਾਮਲ ਕੀਤਾ ਗਿਆ ਹੈ।

*ਆਵਹੁ ਭੈਣੇ ਗਲਿ ਮਿਲਹ ਅੰਕ ਸਹੇਲੜੀਆਹ।।*[120]

ਆਦਰਸ਼ਕ ਸਮਾਜ ਵਿਚਲਾ ਹਰੇਕ ਵਿਅਕਤੀ ਸਰੀਰਕ ਮਾਨਸਿਕ ਤੇ ਆਤਮਿਕ ਤੌਰ ਤੇ ਮਹਾਨ ਹੋਣਾ ਚਾਹੀਦਾ ਹੈ। ਅਜਿਹੇ ਸਿੱਖ ਭਾਈਚਾਰੇ ਦਾ ਮਨੁੱਖ 'ਨਮੂਨੇ ਦਾ ਮਨੁੱਖ' ਜਾਂ ਸੱਚਾ ਸਿੱਖ ਹੋਣਾ ਚਾਹੀਦਾ ਹੈ। ਗੁਰਬਾਣੀ ਦੀ ਸੰਕੇਤਾਵਲੀ ਵਿੱਚ ਸੱਚੇ ਸਿੱਖ ਨੂੰ ਗੁਰਮੁਖ ਕਿਹਾ ਜਾਂਦਾ ਹੈ। ਗੁਰਮੁਖ ਉਹ ਹੁੰਦਾ ਹੈ ਜੋ ਗੁਰੂ ਦੀ ਸਿਖਿਆ ਉੱਪਰ ਪੱਕੀ ਤਰ੍ਹਾਂ ਅਮਲ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਸਿੱਖ ਨੂੰ ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਕੇ ਛਕਣ ਦਾ ਸਿਧਾਂਤ ਦਿੱਤਾ। ਉਹਨਾਂ ਨੇ ਇਸ ਸਿਧਾਂਤ ਰਾਹੀਂ ਸਿੱਖ ਦੇ ਜੀਵਨ ਨੂੰ ਸੰਤੁਲਤ ਤੇ ਪੂਰਨ ਬਣਾਇਆ ਉਹਨਾਂ ਨੇ ਅਜਿਹੇ ਮਨੁੱਖ ਦੀ ਸਿਰਜਨਾ ਕਰਕੇ ਇੱਕ ਇਸ ਤਰ੍ਹਾਂ ਦੇ ਸਮਾਜ ਦਾ ਸੰਕਲਪ ਦਿੱਤਾ, ਜਿਸ ਵਿੱਚ ਕਿਸੇ ਤਰ੍ਹਾਂ ਦੀ ਖਿਚੋਤਾਣ ਨਾ ਹੋਵੇ, ਪ੍ਰੇਮ ਪਿਆਰ, ਭਾਈਚਾਰਾ, ਬਰਾਬਰਤਾ, ਇੱਕ ਦੂਸਰੇ ਦਾ ਸਤਿਕਾਰ ਹੋਵੇ, ਮਨੁੱਖ ਦੀ ਕਦਰ ਉਸ ਦੀ ਜਾਤ ਪਾਤ, ਰੰਗ ਰੂਪ ਵਰਣ ਤੋਂ ਨਾ ਹੋ ਕੇ ਇਸ ਤੋਂ ਹੋਵੇ ਕਿ ਉਹ ਇਕ ਮਨੁੱਖ ਹੈ। ਉਹਨਾਂ ਨੇ ਕਿਰਤ ਕਰਨ ਦਾ ਸੰਕਲਪ ਦੇ ਕੇ ਸਮਾਜ ਨੂੰ ਆਰਥਿਕ ਸੁਤੰਤਰਤਾ ਬਖਸ਼ੀ। ਕਿਸੇ ਨੂੰ ਕਿਸੇ ਦੇ ਹੱਥਾਂ ਵੱਲ ਵੇਖਣਾ ਨਾ ਪਵੇ। ਇਹ ਇੱਕ ਅਜਿਹਾ ਸਿਧਾਂਤ ਹੈ ਜਿਸ ਨੂੰ ਹਰ ਮਨੁੱਖ ਅਪਣਾ ਸਕਦਾ ਹੈ। ਕੰਮ ਨਾ ਕਰਨਾ ਸਿਰਫ ਮੰਗ ਕੇ ਖਾਣਾ ਜੇਕਰ ਹਰ ਮਨੁੱਖ ਇਸ ਤਰ੍ਹਾਂ ਦਾ ਹੋ ਜਾਵੇ ਤਾਂ ਸਭ ਘਰ ਭਿਖਿਆ ਮੰਗਤਿਆਂ ਦੇ ਹੋ ਜਾਣਗੇ। ਭਿਖਿਆ ਦੇਣ ਵਾਲਾ ਕੋਈ ਨਹੀਂ ਰਹੇਗਾ। ਇਸ ਲਈ ਗੁਰੂ ਸਾਹਿਬ ਨੇ ਕਿਰਤ ਕਰਨ ਦਾ ਸਿਧਾਂਤ ਦੇ ਕੇ ਮਨੁੱਖ ਨੂੰ ਆਰਥਿਕ ਸੁਤੰਤਰਤਾ ਬਖਸ਼ੀ ਹੈ ਤੇ "ਭੁਖੇ ਭਗਤ ਨ ਕੀਜੈ" ਦੀ ਹਾਲਤ ਤੋਂ ਬਚਾਇਆ ਹੈ। ਪਰਮਾਤਮਾ ਦੀ ਭਗਤੀ ਕਿਰਤ ਤੋਂ ਹੀ ਸ਼ੁਰੂ ਹੁੰਦੀ ਹੈ। ਦੋਨੋਂ ਦੂਸਰੇ ਸਿਧਾਂਤ ਇਸ ਸਿਧਾਂਤ ਤੇ ਨਿਰਭਰ ਕਰਦੇ ਹਨ। ਕਿਰਤੀ ਹੀ ਨਾਮ ਜਪ ਸਕਦਾ ਹੈ ਤੇ ਵੰਡ ਕੇ ਛਕ ਸਕਦਾ ਹੈ ਇਸ ਲਈ ਕਿਰਤ ਮਨੁੱਖ ਨੂੰ ਪਰਮਾਤਮਾ ਦੇ ਨੇੜੇ ਲੈ ਜਾਂਦੀ ਹੈ। ਡਾ. ਦਰਸ਼ਨ ਸਿੰਘ ਜੀ ਇਸ ਬਾਰੇ ਆਪਣੇ ਵਿਚਾਰ ਇਉਂ ਪ੍ਰਗਟ ਕਰਦੇ ਹਨ:

"ਰੋਜ਼ਾਨਾ ਕਿਰਤ ਕਰਦਾ ਹੋਇਆ ਮਨੁੱਖ ਨਾਲ ਦੇ ਨਾਲ ਨਾਮ ਜਪਦਾ ਹੈ, ਸਵਾਸ ਸਵਾਸ ਨਾਮ ਤਾਂ ਹੀ ਜਪਿਆ ਜਾ ਸਕਦਾ ਹੈ। ਕਿਰਤ ਅਤੇ ਨਾਮ ਨੂੰ ਇੱਕ ਦੂਜੇ ਨਾਲ ਜੋੜ ਕੇ ਗੁਰਬਾਣੀ ਨੇ ਮਨੁੱਖੀ ਜੀਵਨ ਨੂੰ ਅਤੇ ਮਨੁੱਖੀ ਅਮਲ ਨੂੰ ਅਧਿਆਤਮਕ ਆਧਾਰ ਦਿੱਤੇ ਹਨ। ਮਨੁੱਖ ਜੋ ਵੀ ਕਰੇ ਇਸ ਦੇ ਹਰ ਅਮਲ ਦਾ ਆਧਾਰ

ਅਧਿਆਤਮਿਕਤਾ ਹੋਣੀ ਚਾਹੀਦੀ ਹੈ। ਉਸ ਦਾ ਅਮਲ ਸਿਆਸੀ ਹੈ, ਧਾਰਮਿਕ ਹੈ, ਸਦਾਚਾਰਕ ਹੈ, ਆਰਥਿਕ ਹੈ ਜਾਂ ਕਿਸੇ ਵੀ ਹੋਰ ਕਿਸਮ ਦਾ ਹੈ ਉਹ ਅਧਿਆਤਮਿਕਤਾ ਦੇ ਆਧਾਰ ਤੋਂ ਵੰਚਿਤ ਨਹੀਂ ਹੋਣਾ ਚਾਹੀਦਾ। ਇੰਜ ਕਿਰਤ ਅਤੇ ਨਾਮ ਸਿਮਰਨ ਨੂੰ ਇਕ ਦੂਜੇ ਨਾਲ ਜੋੜ ਕੇ ਗੁਰੂ ਸਾਹਿਬ ਨੇ ਪ੍ਰਚਲਿਤ ਧਾਰਮਿਕਤਾ ਦੀਆਂ ਬਹੁਤ ਸਾਰੀਆਂ ਦੰਭ ਭਰੀਆਂ ਕ੍ਰਿਆਵਾਂ ਨੂੰ ਨਿਰਾਰਥ ਕਰ ਦਿੱਤਾ॥[121] ਦੂਸਰਾ ਪੱਖ ਅਧਿਆਤਮਿਕ ਦਾ ਹੈ 'ਨਾਮ ਜਪਣਾ'। ਇਸ ਨਾਲ ਮਨੁੱਖ ਦੀ ਸਾਂਝ ਪਰਮਾਤਮਾ ਨਾਲ ਪੈਂਦੀ ਹੈ। ਨਾਮ ਵੀ ਸੰਗਤ ਵਿੱਚ ਗੁਰੂ ਦੀ ਬਖਸ਼ਿਸ਼ ਦੁਆਰਾ ਜਪਿਆ ਜਾ ਸਕਦਾ ਹੈ। ਇਹ ਸੰਗਤ ਵੀ ਪਰਮਾਤਮਾ ਦੀ ਬਖਸ਼ਿਸ਼ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਨਾਮ ਜਪ ਕੇ ਪਰਮਾਤਮਾ ਨਾਲ ਮਿਲਾਪ ਗੁਰੂ ਦੀ ਕਿਰਪਾ ਨਾਲ ਹੁੰਦਾ ਹੈ। ਮਨੁੱਖ ਦੀ ਇਸ ਸਾਰੀ ਕਿਰਿਆ ਵਿੱਚ ਕੋਈ 'ਮੈਂ' ਅਹਿਮੀਅਤ ਨਹੀਂ ਰੱਖਦੀ। 'ਮੈਂ' ਆਉਣ ਨਾਲ ਤਾਂ ਇਹ ਕਿਰਿਆ ਰੁਕ ਜਾਂਦੀ ਹੈ। ਇਸ ਲਈ ਮਨੁੱਖ ਵਿੱਚ ਇਹ 'ਮੈਂ' ਨਾ ਆਵੇ ਕਿ ਮੈਂ ਸੰਗਤ ਕੀਤੀ, ਇਸ ਸਥਿਤੀ ਤੋਂ ਬਚਾਉਣ ਲਈ ਗੁਰੂ ਸਾਹਿਬ ਨੇ ਸੰਗਤ ਦਾ ਸੰਕਲਪ ਦਿੱਤਾ ਜਿਸ ਵਿੱਚ ਹਉਮੈਂ ਦੀ ਰਤੀ ਮਾਤਰ ਵੀ ਗੁੰਜਾਇਸ਼ ਨਹੀਂ ਰਹਿੰਦੀ, ਸਿਖ ਹਰ ਰੋਜ਼ ਅਰਦਾਸ ਵਿਚ ਅਕਾਲਪੁਰਖ ਤੋਂ ਇਹ ਮੰਗ ਕਰਦਾ ਹੈ ਕਿ 'ਸੇਈ ਪਿਆਰੇ ਮੇਲ ਜਿਨਾ ਮਿਲਿਆ ਤੇਰਾ ਨਾਮ ਚਿਤ ਆਵੇ'। ਫਿਰ ਸੰਗਤ ਦਾ ਮਿਲਾਪ ਤਾਂ ਵਾਹਿਗੁਰੂ ਦੀ ਕਿਰਪਾ ਦਾ ਸਦਕਾ ਹੀ ਹੋਇਆ। ਭਗਤੀ ਮਾਰਗ ਵਿੱਚ 'ਮੈਂ' ਜਦੋਂ ਆ ਗਈ ਤਾਂ ਮਨੁੱਖ ਦੀ ਅਧਿਆਤਮਿਕ ਜੀਵਨ ਦੀ ਪ੍ਰਾਪਤੀ ਜ਼ੀਰੋ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਸੰਗਤ ਦਾ ਸਿਧਾਂਤ ਦੇ ਕੇ ਮਨੁੱਖ ਨੂੰ ਇਸ ਤੋਂ ਬਚਾਇਆ ਕਿਉਂਕਿ ਸੰਗਤ ਵਿੱਚ ਜਾ ਕੇ ਜਦੋਂ ਮਨੁੱਖ ਸੇਵਾ ਕਰਦਾ ਹੈ ਜਿਸ ਨੂੰ ਬਹੁਤ ਘਟੀਆ ਕੰਮ ਸਮਝਿਆ ਜਾਂਦਾ ਸੀ, ਜੋੜੇ ਝਾੜਨੇ, ਝਾੜੂ ਮਾਰਨਾ, ਬਰਤਨ ਸਾਫ਼ ਕਰਨਾ, ਲੰਗਰ ਦੀ ਸੇਵਾ, ਤਾਂ ਇਹ ਕਰਦੇ ਕਰਦੇ ਮਨੁੱਖ ਦਾ ਆਪਣਾ ਮਨ ਸਾਫ਼ ਹੁੰਦਾ ਰਹਿੰਦਾ ਹੈ। ਹਉਮੈਂ ਦੀ ਮੈਲ ਲੱਥਦੀ ਜਾਂਦੀ ਹੈ ਤੇ ਉਹ ਨਿਰਮਾਣਤਾ ਵਿੱਚ ਆਉਂਦਾ ਹੈ। ਜਦੋਂ ਸਿੱਖ ਬਰਤਨ ਮਾਂਜ ਰਿਹਾ ਹੁੰਦਾ ਹੈ ਤਾਂ ਅਸਲ ਵਿੱਚ ਉਸ ਦਾ ਮਨ ਮਾਜਿਆ ਜਾ ਰਿਹਾ ਹੁੰਦਾ ਹੈ ਜਦੋਂ ਉਹ ਜੋੜਿਆਂ ਨੂੰ ਝਾੜ ਰਿਹਾ ਹੁੰਦਾ ਹੈ ਤਾਂ ਉਸ ਦੇ ਮਨ ਦੀ ਧੂੜ ਲੱਥ ਰਹੀ ਹੁੰਦੀ ਹੈ। ਇਸ ਨਾਲ ਜਦੋਂ ਮਨ ਨਿਰਮਲ ਤੇ ਹਉਮੈ ਰਹਿਤ ਹੋ ਜਾਂਦਾ ਹੈ ਤਾਂ ਪਰਮਾਤਮਾ ਦੇ ਨਾਮ ਦਾ ਨਿਵਾਸ ਹਿਰਦੇ ਵਿੱਚ ਸਹਿਜ ਨਾਲ ਹੀ ਹੋ ਜਾਂਦਾ ਹੈ। ਭਗਤ ਰਵਿਦਾਸ ਜੀ ਨੇ ਇਸ ਭੇਦ ਨੂੰ ਬੜੇ ਸਪਸ਼ਟ ਸ਼ਬਦਾਂ ਵਿੱਚ ਬਿਆਨ ਕੀਤਾ ਹੈ:

*'ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂ ਹੀ ਮੈ ਨਾਹੀ'* [122]

ਇਸ ਤੋਂ ਅਗਲਾ ਸਿਧਾਂਤ ਵੰਡ ਕੇ ਛਕਣਾ ਹੈ ਜੋ ਕਿ ਮਨੁੱਖ ਨੂੰ ਸਮਾਜ ਨਾਲ ਜੋੜਦਾ ਹੈ। ਸਮਾਜ ਵਿੱਚ ਜੁੜ ਕੇ ਵੰਡ ਕੇ ਛਕਣ ਦੇ ਆਧਾਰ ਤੇ ਸੇਵਾ ਦੀ ਵੀ ਆਪਣੀ ਅਹਿਮੀਅਤ ਹੈ। ਸੇਵਾ ਵੀ ਵੰਡ ਕੇ ਛਕਣ ਦਾ ਹੀ ਇਕ ਰੂਪ ਹੈ। ਸੋ ਇਹ ਤਿੰਨੇ 'ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਕੇ ਛਕਣਾ' ਹੀ ਅਸਲ ਵਿੱਚ ਇਕ ਸਿਧਾਂਤ ਹੈ ਉਹ ਸਿਧਾਂਤ ਹੈ 'ਗੁਰਮੁਖ ਗਾਡੀ ਰਾਹ' ਜਿਸ ਤੇ ਚਲ ਕੇ ਹਰ ਪ੍ਰਾਣੀ ਪਰਮਾਤਮਾ ਦੇ ਦਰ ਤੇ ਪਰਵਾਨ ਹੋ ਸਕਦਾ ਹੈ। ਇਹ ਸਿਧਾਂਤ ਕਿਰਤ ਕਰਨ ਤੋਂ ਸ਼ੁਰੂ ਹੋ ਕੇ ਵੰਡ ਕੇ ਛਕਣ ਉਤੇ ਸੰਪੂਰਨ ਹੁੰਦਾ ਹੈ। ਇਸ ਸਿਧਾਂਤ ਦਾ ਅਮਲੀ ਰੂਪ ਸੰਗਤ ਹੈ ਕਿਉਂਕਿ ਗੁਰੂ ਨਾਨਕ ਬਾਣੀ ਸਿਰਫ ਨਿਰੇ ਗਿਆਨ ਨੂੰ ਹੀ ਅਹਿਮੀਅਤ ਨਹੀਂ ਦਿੰਦੀ। ਇਥੇ ਤਾਂ 'ਕਰਮਾ ਦੇ ਨਿਬੇੜੇ' ਹਨ। ਇਥੇ ਤਾਂ 'ਆਪੇ ਬੀਜ ਆਪੇ ਹੀ ਖਾਹੁ' ਹੈ। ਇਥੇ ਤਾਂ 'ਜੈਸਾ ਬੀਜੈ ਸੁ ਲੂਣੇ ਕਰਮਾ ਸੰਦੜਾ ਖੇਤ' ਹੈ। ਇਸ ਲਈ ਗੁਰਬਾਣੀ ਸਮਾਜ ਨੂੰ ਕਿਰਿਆਸ਼ੀਲ ਬਣਾਉਂਦੀ ਹੈ। ਕਿਰਿਆਸ਼ੀਲ ਹੋਣ ਦਾ ਮਾਰਗ ਇਹੋ ਹੀ ਹੈ ਕਿ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਸੰਕਲਪ ਨੂੰ ਦ੍ਰਿੜ ਕਰਕੇ ਸੰਗਤ ਵਿੱਚ ਅਮਲੀ ਜੀਵਨ ਜੀਣਾ। ਇਹੋ ਕਾਰਨ ਹੈ ਵਿਦਵਾਨਾਂ ਨੂੰ ਇਹ ਕਹਿਣਾ ਪਿਆ ਕਿ ਗੁਰੂ ਸਾਹਿਬ ਦੀ ਅਧਿਆਤਮਿਕ ਤੇ ਸਮਾਜਿਕ ਜ਼ਿੰਦਗੀ ਦੇ ਸੰਕਲਪ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ।[123] ਇਸ ਦਾ ਕਾਰਨ ਇਹ ਹੈ ਕਿ ਪੂਰਨਤਾ ਇਸੇ ਵਿੱਚ ਹੀ ਹੈ। ਸਹਿਜ ਇਸੇ ਵਿੱਚ ਹੀ ਹੈ। ਪ੍ਰਾਪਤੀ ਇਸੇ ਵਿੱਚ ਹੀ ਹੈ ਤੇ ਪਰਮਪਦ ਦੀ ਪ੍ਰਾਪਤੀ ਵੀ ਇਸੇ ਵਿੱਚ ਹੀ ਹੈ। ਗੁਰੂ ਨਾਨਕ ਦੇਵ ਜੀ ਦੀ ਸੰਗਤ ਦਾ ਉਦੇਸ਼ ਮਨੁੱਖ ਨੂੰ ਇਕ ਅਜਿਹੀ ਸੰਸਥਾ ਦੇਣਾ ਸੀ ਜਿਸ ਵਿੱਚ ਵਿਚਰਦਾ ਹੋਇਆ ਮਨੁੱਖ ਆਪਣੇ ਮੁਖ ਉਦੇਸ਼ ਪਰਮਾਤਮਾ ਨਾਲ ਅਭੇਦਤਾ

ਦੇ ਨਿਸ਼ਾਨੇ ਨੂੰ ਪੂਰਾ ਕਰ ਸਕੇ। ਇਸ ਦੇ ਨਾਲ ਹੀ ਇੱਕ ਅਜਿਹਾ ਮਨੁੱਖੀ ਸਮਾਜ ਸਿਰਜਣਾ ਉਹਨਾਂ ਦਾ ਉਦੇਸ਼ ਸੀ ਜਿਸ ਵਿੱਚ ਹਰ ਮਨੁੱਖ ਵਿਚਰਦਾ ਹੋਇਆ ਹਉਮੈ, ਵਿਕਾਰ, ਦਵੈਤ ਆਦਿ ਤੋਂ ਮੁਕਤ ਹੋਵੇ। ਗੁਰੂ ਦੀ ਸਿਖਿਆ ਲੈ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੇ ਤੇ ਉਸ ਪਰਮਾਤਮਾ ਦੇ ਦਰ ਤੇ ਸਚਿਆਰ ਬਣੇ। ਇਸ ਦੇ ਨਾਲ ਹੀ ਸਮਾਜ ਦੇ ਹਰ ਮਨੁੱਖ ਦੀ ਜ਼ਿੰਦਗੀ ਦੇ ਸਮਾਜਿਕ ਤੇ ਆਰਥਿਕ ਪੱਖ ਵੀ ਪੂਰਨ ਰੂਪ ਵਿੱਚ ਸੰਤੁਲਤ ਹੋਣ। ਇਸ ਲਈ ਉਹਨਾਂ ਨੇ ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਕੇ ਛਕਣ ਦਾ ਸਿਧਾਂਤ ਦਿੱਤਾ। ਕਿਰਤ ਕਰਨ ਨਾਲ ਸਮਾਜ ਦਾ ਹਰ ਮਨੁੱਖ ਆਰਥਿਕ ਪੱਖੋਂ ਸੁਤੰਤਰ ਹੋਵੇ। ਮਿਲ ਕੇ ਨਾਮ ਜਪੇ ਤੇ ਸਮਾਜ ਨਾਲ ਮਿਲ ਕੇ ਵੰਡ ਕੇ ਛਕੇ। ਸਮਾਜ ਵਿੱਚ ਜਾਤ ਪਾਤ, ਛੂਤ-ਛਾਤ, ਊਚ-ਨੀਚ, ਰੰਗ ਨਸਲ ਤੇ ਵਰਣ ਦੇ ਆਧਾਰ ਤੇ ਕੋਈ ਭੇਦ ਭਾਵ ਨਾ ਹੋਵੇ। ਹਰ ਇਨਸਾਨ ਦੀ ਪਹਿਚਾਣ ਇਨਸਾਨ ਕਰਕੇ ਹੋਵੇ। ਉਸ ਦੀ ਜਾਤ ਸਿਰਫ ਇਨਸਾਨੀਅਤ ਹੋਵੇ ਤੇ ਉਸ ਦਾ ਸਤਿਕਾਰ ਇਸ ਕਰਕੇ ਹੋਵੇ ਕਿ ਸਭ ਵਿੱਚ ਪਰਮਾਤਮਾ ਦੀ ਜੋਤ ਹੈ। ਹਰ ਮਨੁੱਖ ਨੂੰ ਬਰਾਬਰ ਦੇ ਅਧਿਕਾਰ ਹੋਣ ਇਸ ਦਾ ਭਾਵ ਕਿ ਹਰ ਖੇਤਰ ਵਿੱਚ ਹਰ ਮਨੁੱਖ ਨੂੰ ਬਰਾਬਰ ਦੀਆਂ ਸਹੂਲਤਾਂ ਹੋਣ। ਇਸਤਰੀਆਂ ਨੂੰ ਇਸਤਰੀ ਸਮਝ ਕੇ ਕੋਈ ਭੇਦ ਭਾਵ ਨਾ ਹੋਵੇ। ਮਰਦ ਦੇ ਬਰਾਬਰ ਦੇ ਅਧਿਕਾਰ ਹੋਣ। ਉਸ ਸਮਾਜ ਵਿੱਚ ਹਰ ਇਕ ਦਾ ਉਦੇਸ਼ 'ਸਰਬਤ ਦਾ ਭਲਾ' ਹੋਵੇ। ਇਸ ਉਦੇਸ਼ ਅਧੀਨ ਸਮਾਜ ਕੰਮ ਕਰੇ। ਜਿਸ ਦੇ ਨਾਲ ਕਿਸੇ ਨੂੰ ਵੀ ਇਕ ਦੂਸਰੇ ਤੋਂ ਕੋਈ ਭੇਦ-ਭਾਵ ਦੀ ਸ਼ਿਕਾਇਤ ਨਾ ਹੋਵੇ। ਸਮਾਜ ਵਿੱਚ ਸਰਬ ਮਨੁੱਖਤਾ ਵਿੱਚ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੀ ਭਾਵਨਾ ਪ੍ਰਪੱਕ ਹੋਵੇ। ਇਹੋ ਜਿਹੇ ਗੁਰਮੁਖ ਜੋ ਕਿ ਪਰਮਾਤਮਾ ਦੇ ਰੰਗ ਵਿੱਚ ਰੰਗੇ ਹੋਏ 'ਸਰਬਤ ਦੇ ਭਲੇ' ਦਾ ਮਿਸ਼ਨ/ਸੰਕਲਪ ਲੈ ਕੇ ਚਲਦੇ ਹੋਏ ਕਿਰਤ ਕਰਦੇ ਨਾਮ ਜਪਦੇ ਤੇ ਵੰਡ ਕੇ ਛਕਦੇ ਮਨੁੱਖਤਾ ਨੂੰ ਸੁਖ ਪ੍ਰਦਾਨ ਕਰਨ।

ਗੁਰੂ ਨਾਨਕ ਸਾਹਿਬ ਨੇ ਭਗਤ ਰਵਿਦਾਸ ਜੀ ਦੁਆਰਾ ਬਿਆਨ ਕੀਤੀ[124] ਰਾਜ ਦੀ ਪਰਿਭਾਸ਼ਾ ਨੂੰ ਮਾਨਤਾ ਦਿੱਤੀ ਜਿਸ ਨੂੰ ਆਦਰਸ਼ ਰਾਜ ਜਾਂ ਹਲੇਮੀ ਰਾਜ ਕਿਹਾ ਜਾ ਸਕਦਾ ਹੈ। ਜਿਸ ਵਿੱਚ ਲੋਕ 'ਸਭੇ ਸਾਂਝੀਵਾਲ ਸਦਾਇਨਿ' ਅਤੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਧਾਰਨੀ ਹੋਣ, ਅਜਿਹਾ ਸਮਾਜ ਜਿਸ ਵਿੱਚ ਜਾਤਪਾਤ ਦੀ, ਊਚ ਨੀਚ ਦੀ, ਛੂਤ-ਛਾਤ ਦੀ, ਭਰਮ ਭੁਲੇਖਿਆਂ ਦੀ, ਵਹਿਮਾ-ਭਰਮਾਂ ਦੀ, ਜੰਤਰਾਂ-ਮੰਤਰਾਂ ਦੀ ਅਤੇ ਪਾਖੰਡੀ ਕਰਮ ਕਾਂਡਾਂ ਦੀ ਕੋਈ ਥਾਂ ਨਾ ਹੋਵੇ। ਸਮਾਜ ਜਿਸ ਵਿੱਚ ਹਰ ਇਕ ਨੂੰ ਆਪਣੇ ਢੰਗ ਨਾਲ ਰਹਿਣ ਬਹਿਣ, ਪੂਜਾ-ਪਾਠ ਅਤੇ ਜਿਉਣ ਦੇ ਬਰਾਬਰ ਦੇ ਹੱਕ ਹੋਣ, ਜਿਥੇ ਨਾ ਸੁਰਗਾਂ ਦੇ ਝੂਠੇ ਲਾਰੇ ਲਾਏ ਜਾਣ ਅਤੇ ਨਾ ਹੀ ਨਰਕਾਂ ਦੇ ਡਰਾਵੇ ਦਿੱਤੇ ਜਾਣ, ਜਿਥੇ ਜਾਬਰ, ਲੋਟੂ ਅਤੇ ਨਾ ਧਾੜਵੀ ਜੰਮਣ ਅਤੇ ਜਿਥੇ ਸਭ ਸੁਤੰਤਰ ਹੋਣ ਅਤੇ ਕੋਈ ਪ੍ਰਾਧੀਨ ਨਾ ਹੋਵੇ, ਸੱਚ ਤੇ ਇਨਸਾਫ਼ ਦਾ ਰਾਜ ਹੋਵੇ। ਇਹ ਸੀ ਬਾਬੇ ਨਾਨਕ ਦਾ ਸੁਪਨਾ ਜਿਸ ਨੂੰ ਸਾਕਾਰ ਕਰਨ ਲਈ ਸੰਗਤਾਂ ਦੀ ਸਥਾਪਨਾ ਕੀਤੀ ਗਈ।

ਗੁਰੂ ਨਾਨਕ ਬਾਣੀ ਵਿਚਲੀ 'ਸੰਗਤ' ਜਿਥੇ ਇੱਕ ਆਦਰਸ਼ ਮਨੁੱਖ ਦੀ ਉਸਾਰੀ ਦੀ ਟਕਸਾਲ ਬਣਦੀ ਹੈ, ਉਥੇ ਇਹਨਾਂ ਆਦਰਸ਼ ਮਨੁੱਖਾਂ ਦਾ ਇੱਕ ਆਦਰਸ਼ ਸਮਾਜ ਵੀ ਉਸਾਰਦੀ ਹੈ। ਭੈੜੇ ਮਨੁੱਖ ਵੀ ਸੰਗਤ ਵਿੱਚ ਆ ਕੇ ਇਸ ਆਦਰਸ਼ ਸਮਾਜ ਦਾ ਅੰਗ ਬਣਦੇ ਜਾਂਦੇ ਹਨ:

*ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥*
*ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥*
*ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥*
*ਹੋਦੈ ਤਾਣਿ ਨਿਤਾਣਿਆ ਰਹਹਿ ਨਿਮਾਨਣੀਆਹ॥*
*ਨਾਨਕ ਜਨਮੁ ਸਕਾਰਥਾ ਜੇ ਤਿਨਕੈ ਸੰਗਿ ਮਿਲਾਹ॥*[125]

## ਹਵਾਲੇ ਤੇ ਟਿੱਪਣੀਆਂ


1. ਕਲਚਰਲ ਹੈਰੀਟੇਜ਼ ਆਫ ਇੰਡੀਆ, ਭਾਗ 1, ਪੰ. 213
2. ਮੈਤਰਾਯਣੀ ਉਪਨਿਸ਼ਦ, 1, 3.3
3. ਕਠ ਉਪਨਿਸ਼ਦ, 6, 13-15
4. ਗੀਤਾ, 5: 28
5. ਉਹੀ, 5:28
6. ਉਹੀ, 5: 26, 6:15
7. ਉਹੀ, 8:13
8. ਉਹੀ, 2:15
9. ਉਹੀ, 5:72
10. ਉਹੀ, 8:28
11. ਇਕਬਾਲ ਨਰਾਇਣ ਚੋਪੜਾ, ਭਾਰਤੀ ਦਰਸ਼ਨ, ਪੰ. 111
12. ਪੀ.ਟੀ ਰਾਜੂ, ਦੀ ਕਲਸੈਪਟ ਆਫ ਮੈਨ, ਪੰ. 279
13. ਧਮਪਦ, ਗਾਥਾ, 53
14. ਬਾਈਬਲ ਉਤਪਤ 1-3
15. ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪੰ. 18
16. ਕੁਰਾਨ ਸੂਰਾ 4-126
17. ਉਹੀ 95-4
18. ਰਾਧਾ ਕ੍ਰਿਸ਼ਨਨ, ਰੀਕਵਰੀ ਆਫ ਫੇਥ, ਪੰ. 178
19. ਸ਼ਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪੰ. 19
20. ਗੁਰੂ ਨਾਨਕਬਾਣੀ ਪ੍ਰਕਾਸ਼, ਸ੍ਰੀ ਰਾਗ, ਪੰ. 134
21. ਉਹੀ, ਪੰ. 1324
22. ਉਹੀ, ਪੰ. 1533-1534
23. ਭਾਈ ਜੋਧ ਸਿੰਘ, ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ, ਪੰ. 64
24. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 894
25. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 494
26. ਉਹੀ ਪੰ. 235
27. ਉਹੀ ਪੰ. 235
28. ਉਹੀ ਪੰ. 274
29. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1040-41
30. ਉਹੀ, ਪੰ. 1389

31. ਉਹੀ, ਪੰ. 1389
32. ਉਹੀ ਪੰ. 1375
33. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 27
34. ਉਹੀ, ਪੰ. 56
35. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1494
36. ਉਹੀ, ਪੰ. 779
37. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 134
38. ਉਹੀ, ਪੰ. 939
39. ਉਹੀ, ਪੰ. 158
40. ਉਹੀ, ਪੰ. 771
41. ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥
    ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 522
42. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 7-8
43. ਉਹੀ, ਪੰ. 26
44. ਉਹੀ, ਪੰ. 645
45. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 569
46. ਉਹੀ, ਪੰ. 140
47. ਉਹੀ ਪੰ. 47
48. ਉਹੀ, ਪੰ. 1390
49. ਉਹੀ, ਪੰ. 43
50. ਉਹੀ, ਪੰ. 1520
51. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 72
52. ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥
    ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ॥
    ਉਹੀ, ਪੰ. 1256
53. ਆਸਾ ਮਨਸਾ ਦੋਊ ਬਿਨਾਸਤ ਤ੍ਰਿਹ ਗੁਣ ਆਸ ਨਿਰਾਸ ਭਈ॥
    ਗਰੂ ਨਾਨਕ ਬਾਣੀ ਪ੍ਰਕਾਸ਼ ਪੰ. 430
54. ਪਲੈਟੋ, ਰੀਪਬਲਿਕ (ਅਨੁ) ਹਰਭਜਨ ਸਿੰਘ, ਪੰ. 307
55. ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 356
56. ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
    ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥
    ਉਹੀ ਪੰ. 462-63

57. ਭਣਤਿ ਨਾਨਕੁ ਬੂਝੈ ਕੋ ਬੀਚਾਰੀ॥
ਇਸੁ ਜਗ ਮਹਿ ਕਰਣੀ ਸਾਰੀ॥
ਉਹੀ ਪੰ. 599
58. ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਗੁਰੂ ਨਾਨਕਬਾਣੀ ਪ੍ਰਕਾਸ਼, ਪੰ. 2
59. ਕਿਵ ਕੂੜੈ ਤੁਟੈ ਪਾਲਿ॥
ਉਹੀ, ਪੰ. 2
60. ਨਾਨਕ ਹੁਕਮੈ ਜੇ ਬੂਝੈ ਤ ਹਉਮੈ ਕਹੈ ਨ ਕੋਇ॥
ਉਹੀ, ਪੰ. 4
61. ਜੇ ਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 3
62. ਗੁਰਮੁਖਿ ਧਰਤੀ ਸਾਚੈ ਸਾਜੀ॥
ਉਹੀ, ਪੰ. 941
63. ਉਹੀ, ਪੰ. 906
64. ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ॥
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ॥
ਉਹੀ, ਪੰ. 62
65. ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਉਹੀ, ਪੰ. 15
66. ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ॥
ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ॥
ਉਹੀ, ਪੰ. 140
67. ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ॥
ਗਿਆਨੀ ਕਾ ਧਨੁ ਨਾਮੁ ਹੈ ਸਦ ਹੀ ਰਹੈ ਸਮਾਇ॥
ਉਹੀ ਪੰ. 1282
68. ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ॥
ਉਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਉਹੀ, ਪੰ. 466-467
69. ਗੁਰਮੁਖਿ ਕਰਣੀ ਕਾਰ ਕਮਾਵੈ॥
ਉਹੀ, ਪੰ. 159
70. ਗੁਰਮੁਖਿ ਨਾਮੁ ਦਾਨੁ ਇਸਨਾਨੁ॥
ਉਹੀ, ਪੰ. 942

71. ਆਪਿ ਤਰੈ ਸੰਗਤਿ ਕੁਲ ਤਾਰੈ॥
ਸਤਿਗੁਰੁ ਸੇਵਿ ਤਤੁ ਵੀਚਾਰੈ॥
ਉਹੀ, ਪੰ. 353
72. ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥
ਉਹੀ ਪੰ., 7
73. ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਉਹੀ ਪੰ. 8
74. ਉਹੀ, ਪੰ. 1028
75. Dr. G.S. Mansukhani, The Quintessence of Sikhism, p. 185
76. ਗੁਰਨਾਮ ਕੌਰ, ਜਪੁਜੀ, ਸਚਿਆਰ ਦਾ ਸੰਕਲਪ, ਪੰ. 65
77. The Sikh Review (Calcutta) arti, p. 77, 1978 Vol 26. No. 299
78. ਗੁਰੁ ਨਾਨਕ ਬਾਣੀ ਪ੍ਰਕਾਸ਼, ਸਿਧ ਗੋਸਟਿ, ਪੰ. 1008
79. ਵਾਰਾਂ ਭਾਈ ਗੁਰਦਾਸ, ਵਾਰ 6, ਪਉੜੀ 18
80. ਗੁਰੁ ਨਾਨਕ ਬਾਣੀ ਪ੍ਰਕਾਸ਼, ਪੰ. 1389
81. ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ॥
ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ॥
ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 942
82. ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ॥
ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ॥
ਉਹੀ ਪੰ. 599
83. Society is a system of usages and procedures, of authority and mutual aid, of many groupings and divisions of controls of human beheviour and of liberties. This everchanging complex system we can call society. It is the web of social relationships. R.M. Maciver and C.H. Page, Society, An Introductory Analysis p.5
84. Association with one fellowmen, especially in a friendly manner, championship or fellowship
William ii, H.M.Fowler' cousion (ed.) The exford English Dictionary on Historical Principles, p 1936
85. Society in General, consists in the complicated network of social relationships by which every human being is interconnected with his followmen.
—S.J. Gisbert Pascual, Fundamentals of Sociology, p.8
86. Dictionary of Sociology. p. 300

87. F.H. Giddings, The Principles of Sociology. p. 7
88. ਪਲੇਟੋ, ਰੀਪਬਲਿਕ ਅਨੁ. ਡਾ. ਹਰਭਜਨ ਸਿੰਘ, ਪੰ. 248
89. ਉਹੀ, ਪੰ. 267
90. ਅਥਰਵ ਵੇਦ (3/30/4) ਹਵਾਲਾ ਆਰੀਆ ਜੀਵਨ ਦਰਸ਼ਨ, ਪੰ. 173
91. ਰਿਗਵੇਦ, 1/125/7, ਉਹੀ ਪੰ. 135
92. ਉਹੀ, 101/91/4, ਉਹੀ, ਪੰ. 137
93. ਡਾ. ਸ਼ੀਲਵਤੀ ਗੁਪਤਾ (ਗ੍ਰੰਥਕਾਰ), ਤੁਲਸੀ ਕੇ ਰਾਜਨੀਤਕ ਵਿਚਾਰ, ਪੰ. 254
94. ਅਰੁਨ ਪ੍ਰਕਾਸ਼ ਮਿਸ਼ਰਾ, ਤੁਲਸੀ ਕਾ ਮਾਨਵਵਾਦ, ਪੰ. 93
95. ਗਰਮੁਖ ਨਿਹਾਲ ਸਿੰਘ (ਮੁਖ ਸੰਪਾਦਕ) ਗੁਰੂ ਨਾਨਕ, ਜੀਵਨ, ਯੁਗ ਤੇ ਉਪਦੇਸ਼, ਪੱ. 13
96. Dr. Tarlochan Singh, Guru Nanak's Religion, p. 27
97. ਰਾਮ ਸਿੰਘ ਕੁਲਾਰ(ਸੰਪਾ.) ਪੰਜਾਬ ਵਸਦਾ ਗੁਰਾਂ ਦੇ ਨਾਂ ਤੇ, ਪੰ. 27
98. Indian Bhakti Tradition of Sikh Gurus, p. 208-213
99. ਸਿਖ ਇਨਕਲਾਬ, ਪੰ. 117
100. T.L. Vaswani, Guru Nanak Prophet of light, p. 11
101. ਗੁਰਮਤਿ ਪ੍ਰਕਾਸ਼ (ਜੂਨ 84), ਪ੍ਰੋ. ਸਵਰਨ ਸਿੰਘ ਦਾ ਲੇਖ, ਗੁਰਸੰਗਤ ਕੀਨੀ ਖਾਲਸਾ ਪੰ. 82
102. Prital Singh Gill, The Doctrine of Guru Nanak p. 165
103. ਗੁਰਮਤ ਮਾਰਤੰਡ ਪੰ. 122 (ਫੁੱਟ ਨੋਟ)
104. A.C. Banerjee, Guru Nanak and his times. p. 204
105. Sikhism, p. 260
106. ਸਿਖ ਇਨਕਲਾਬ ਪ. 101
107. ਸਿਖ ਮੱਤ ਦਾ ਪਰਿਵਰਤਨ, ਪੰ. 13
108. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 522
109. Jr. of Sikh Studies, Vol XI, No. 1 Feb. 84
111. Kapoor Singh, Guru Nanak
ਹਵਾਲਾ ਗੁਰੂ ਨਾਨਕ ਸਿਮ੍ਰਤੀ ਅੰਕ -1 ਪਰਖ 1969
112. ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 83
113. ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 656
114. ਉਹੀ ਪੰ. 695
115. ਉਹੀ ਪੰ. 1245
116. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 992
117. ਗੋਸ਼ਟ ਮੱਕੇ ਮਦੀਨੇ ਕੀ
118. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 473

119. ਵਾਰਾਂ ਭਾਈ ਗੁਰਦਾਸ ਵਾਰ – 5, ਪਉੜੀ 16
120. ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 17
121. ਡਾ. ਦਰਸ਼ਨ ਸਿੰਘ, ਸਿੱਖ ਕੌਣ? ਪੰ. 13
122. ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 657
123. J.S. Grewal, Guru Nanak in History p. 168
124. ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 345
125. ਗੁਰੂ ਨਾਨਕ ਬਾਣੀ ਪ੍ਰਕਾਸ਼ ਪੰ. 214

ਅਧਿਆਇ ਨੌਂਵਾਂ

# ਗੁਰੂ ਨਾਨਕ ਬਾਣੀ ਵਿੱਚ ਕੁਸੰਗਤ

9.1 ਕੁਸੰਗਤ ਦੀ ਪਰਿਭਾਸ਼ਾ

9.2 ਵੱਖ ਵੱਖ ਧਰਮਾਂ ਵਿੱਚ ਕੁਸੰਗਤ ਬਾਰੇ ਵਿਚਾਰ

9.3 ਗੁਰੂ ਨਾਨਕ ਬਾਣੀ ਅਨੁਸਾਰ ਕੁਸੰਗਤ

9.3.1 ਮਨਮੁਖ

9.3.2 ਸਾਕਤ

9.3.3 ਮਾਇਆਧਾਰੀ

9.3.4 ਪੰਜ ਵਿਕਾਰ

# ਗੁਰੂ ਨਾਨਕ ਬਾਣੀ ਵਿੱਚ ਕੁਸੰਗਤ

ਗੁਰੂ ਨਾਨਕ ਬਾਣੀ ਅਨੁਸਾਰ ਜਿਥੇ 'ਸੰਗਤ' ਇਨਸਾਨ ਨੂੰ ਉੱਚਾ ਸੁੱਚਾ ਆਚਾਰ ਦੇਣ ਦੀ ਜ਼ਾਮਨ ਹੈ, ਉਥੇ ਕੁਸੰਗਤ (ਮਾੜੀ ਸੰਗਤ) ਇਨਸਾਨ ਨੂੰ ਹੈਵਾਨ ਤੇ ਸ਼ੈਤਾਨ ਵਿੱਚ ਬਦਲ ਦਿੰਦੀ ਹੈ। ਇਹੀ ਕਾਰਨ ਹੈ ਕਿ ਦਰਦ ਰੱਖਣ ਵਾਲੇ ਮਹਾਪੁਰਸ਼ਾਂ ਨੇ ਜਿੱਥੇ ਮਨੁੱਖ ਨੂੰ ਸੰਗਤ ਲਈ ਪ੍ਰੇਰਿਆ ਉੱਥੇ ਕੁਸੰਗਤ ਤੋਂ ਦੂਰ ਰਹਿਣ ਦੀ ਤਾਕੀਦ ਵੀ ਕੀਤੀ ਹੈ। ਭਗਤ ਕਬੀਰ ਨੇ ਤਾਂ ਕੁਸੰਗਤ ਨੂੰ ਕਾਲੇ ਬਰਤਨ, ਲਸਨ ਦੀ ਖਾਨ ਜਾਂ ਕੇਲੇ ਦੇ ਕੋਲ ਬੇਰੀ ਹੋਣ ਦੀ ਉਪਮਾ ਦਿੱਤੀ ਹੈ:

*ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥*
*ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥*[1]
*ਕਬੀਰ ਸਾਕਤ ਸੰਗ ਨ ਕੀਜੀਐ ਦੂਰਹਿ ਜਾਈਐ ਭਾਗਿ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥*[2]
*ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ*
*ਉਹ ਝੂਲੈ ਉਹ ਚੀਰੀਐ ਸਾਕਤ ਸੰਗਿ ਨ ਹੇਰਿ॥*[3]

ਮਨੁੱਖ ਇਕ ਸਮਾਜਿਕ ਜੀਵ ਹੈ। ਇਹ ਚਾਹੇ ਜਾਂ ਨਾ ਚਾਹੇ, ਸਾਥੀਆਂ ਦੀ ਚੰਗੀ ਮਾੜੀ ਸੰਗਤ ਦਾ ਪ੍ਰਭਾਵ ਅਵੱਸ਼ ਕਬੂਲਦਾ ਹੈ। ਕਬੀਰ ਸਾਹਿਬ ਨੇ ਇਸ ਹਕੀਕਤ ਨੂੰ ਆਪਣੇ ਅੰਦਾਜ਼ ਵਿੱਚ ਇਉਂ ਬਿਆਨ ਕੀਤਾ ਹੈ:

*ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸਿ ਜਾਇ॥*
*ਜੋ ਜੈਸੀ ਸੰਗਤ ਮਿਲੈ ਸੋ ਤੈਸੋ ਫਲੁ ਖਾਇ॥*[4]

ਭਾਈ ਗੁਰਦਾਸ ਇਕ ਭ੍ਰਿੰਗੀ ਦੀ ਉਦਾਹਰਨ ਦੇ ਕੇ ਸੰਗਤ ਦੀ ਪ੍ਰਭਾਵੀ-ਸ਼ਕਤੀ ਨੂੰ ਬਿਆਨ ਕਰਦੇ ਹਨ ਕਿ ਭ੍ਰਿੰਗੀ ਦਾ ਆਪਣਾ ਕੋਈ ਬੱਚਾ ਨਹੀਂ ਹੁੰਦਾ। ਉਹ ਖਾਸ ਕਿਸਮ ਦੀ ਕੀੜੀ ਨੂੰ ਆਪਣੇ ਨਾਲ ਲਿਜਾ ਕੇ, ਉਸ ਦੇ ਗਿਰਦ ਇੰਜ ਭੀਂ ਭੀਂ ਕਰਦੀ ਹੈ ਕਿ ਉਹ ਕੀੜੀ ਆਖਰ ਭ੍ਰਿੰਗੀ ਬਣ ਜਾਂਦੀ ਹੈ:

*ਕੀੜੀ ਨਿਕੜੀ ਚਲਿਤ ਕਰ, ਭ੍ਰਿੰਗੀ ਨੋਂ ਮਿਲ ਭ੍ਰਿੰਗੀ ਹੋਵੈ॥*[5]

ਅੰਗਰੇਜ਼ੀ ਵਿੱਚ ਸੰਗਤ ਦੇ ਸੰਬੰਧ ਵਿੱਚ ਬੜਾ ਹੀ ਭਾਵ ਪੂਰਨ ਕਥਨ ਹੈ ਕਿ ਆਦਮੀ ਆਪਣੀ ਸੰਗਤ ਤੋਂ ਪਛਾਣਿਆ ਜਾਂਦਾ ਹੈ।

ਜਰਮਨੀ ਦੇ ਮਹਾਨ ਫਿਲਾਸਫਰ ਗੋਇਟੇ ਦਾ ਵਡਮੁੱਲਾ ਕਥਨ ਹੈ ਕਿ ਮੈਨੂੰ ਇਹ ਦੱਸ ਦਿਓ ਕਿ ਤੁਸੀਂ ਕਿਨ੍ਹਾਂ ਲੋਕਾਂ ਵਿੱਚ ਬੈਠਦੇ, ਉਠਦੇ ਤੇ ਵਿਚਰਦੇ ਹੋ, ਮੈਂ ਤੁਹਾਨੂੰ ਇਹ ਦੱਸ ਦਿਆਂਗਾ ਕਿ ਤੁਸੀਂ ਕੌਣ ਹੋ, ਕੈਸੇ ਹੋ?[6]

ਇਸੇ ਹਕੀਕਤ ਨੂੰ ਵਿਦਵਾਨ ਹੋਰੇਸ਼ ਇਉਂ ਬਿਆਨਦਾ ਹੈ:

"People will in great degree, and not without reason form their opinion of you by that they have of your friends, as says the Spanish Proverb, "Tell me with whom you live and I will tell you, who you are.".[7]

ਅਰਥਾਤ— ਲੋਕ, ਵੱਡੀ ਹੱਦ ਤਕ ਤੇ ਇਹ ਅਕਾਰਣ ਨਹੀਂ, ਤੁਹਾਡੇ ਬਾਰੇ ਉਹੀ ਰਾਏ ਬਣਾਉਣਗੇ, ਜੋ ਉਹਨਾਂ ਦੀ ਤੁਹਾਡੇ ਮਿੱਤਰਾਂ ਦੋਸਤਾਂ ਬਾਰੇ ਹੈ— ਜਿਵੇਂ ਕਿ ਸਪੇਨੀ ਅਖਾਉਤ ਹੈ— ਮੈਨੂੰ ਇਹ ਦੱਸ ਦਿਉ ਕਿ ਤੁਸੀਂ ਕਿਨ੍ਹਾਂ ਨਾਲ ਰਹਿੰਦੇ ਹੋ, ਤੇ ਮੈਂ ਤੁਹਾਨੂੰ ਇਹ ਦੱਸ ਦਿਆਂਗਾ ਕਿ ਤੁਸੀਂ ਕੌਣ ਹੋ?

ਸੰਗਤ ਅਥਵਾ ਨੇਕੀ ਬਦੀ ਦੇ ਸੰਬੰਧ ਵਿੱਚ ਇਹ ਨੁਕਤਾ ਵੀ ਚੇਤੇ ਰੱਖਣਯੋਗ ਹੈ ਕਿ ਉਤਮ ਸੰਗਤ ਵਿੱਚ ਚੰਗਿਆਈ ਨੂੰ ਗ੍ਰਹਿਣ ਕਰਨਾ ਇਉਂ ਹੈ ਜਿਵੇਂ ਪਰਬਤ ਦੀ ਚੋਟੀ ਉਤੇ ਚੜ੍ਹਨਾ। ਪਰੰਤੂ ਮਾੜੇ ਪ੍ਰਭਾਵ ਹੇਠ ਨੀਚਤਾ ਵਲ ਗਿਰਨਾ ਪਹਾੜ ਦੀ ਉਤਰਾਈ ਸਮਾਨ ਸੌਖਾ ਹੈ। ਇਹੀ ਕਾਰਨ ਹੈ ਕਿ ਵਰ੍ਹਿਆਂ ਬੱਧੀ ਤੱਪਸਿਆ ਦੁਆਰਾ ਮਨ ਸਾਧਨ ਵਾਲੇ ਮੁਨੀ ਜਨ ਕੁਸੰਗਤ ਕਾਰਨ ਚਲਣ-ਹੀਨਤਾ ਦੀ ਨਿਆਈਂ ਵਲ ਗਿਰਦੇ ਇਕ ਪਲ ਵੀ ਨਹੀਂ ਲਾਉਂਦੇ।

ਵਿਦਵਾਨ ਕੋਲਟਨ ਇਸ ਸਚਾਈ ਨੂੰ ਇਉਂ ਅੰਕਿਤ ਕਰਦਾ ਹੈ ਕਿ ਕਿਸੇ ਇਕ ਸੰਗਤ ਨੂੰ ਵੀ ਦੂਜੀ ਨਾਲੋਂ ਬਹੁਤੀ ਤਰਜੀਹ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਅਸੀਂ ਦੂਜਿਆਂ ਦੀਆਂ ਚੰਗਿਆਈਆਂ ਨਾਲੋਂ ਬੁਰਿਆਈਆਂ ਵੱਲ ਛੇਤੀ ਪ੍ਰੇਰਿਤ ਹੁੰਦੇ ਹਾਂ, ਜਿਵੇਂ ਸਿਹਤ ਨਾਲੋਂ ਬੀਮਾਰੀ ਦੀ ਛੂਤ ਛੇਤੀ ਚੰਬੜਦੀ ਹੈ।[8]

ਸੰਗਤ ਦੇ ਪ੍ਰਭਾਵ ਦਾ ਇਹ ਆਲਮ ਹੈ ਕਿ ਜੇ ਕਿਤੇ ਮਨੁੱਖ ਦਾ ਬੱਚਾ ਆਰੰਭ ਤੋਂ ਹੀ ਜੰਗਲੀ ਜਾਨਵਰਾਂ ਵਿੱਚ ਪਲੇ, ਤਾਂ ਉਹ ਉਹਨਾਂ ਦਾ ਹੀ ਬੇਲੀ ਬਣਕੇ ਉਨ੍ਹਾਂ ਦੀਆਂ ਹੀ ਆਦਤਾਂ ਸਿੱਖ ਜਾਵੇਗਾ।

ਗੁਰੂ ਨਾਨਕ ਦੇਵ ਜੀ ਨੇ ਸੰਗਤ ਦੇ ਭਾਰੀ ਪ੍ਰਭਾਵ ਨੂੰ 'ਜਪੁਜੀ' ਦੀਆਂ 'ਸੁਣਿਐ' ਦੀਆਂ ਚੌਹਾਂ ਪਉੜੀਆਂ ਵਿੱਚ ਦਰਸਾਉਣ ਦਾ ਯਤਨ ਕੀਤਾ ਹੈ। ਜਿਹੜਾ ਮੰਨਣਾ ਖਤਰਨਾਕ ਹੈ, ਉਹ ਸੁਣਨਾ ਵੀ ਖਤਰਨਾਕ ਹੈ, ਕਿਉਂਕਿ ਸਾਡੇ ਕੰਨ ਮਸ਼ੀਨ ਵਾਂਗ ਕੁਝ ਇਸ ਤਰ੍ਹਾਂ ਦੇ ਬਣੇ ਹੋਏ ਹਨ ਕਿ ਜਦੋਂ ਕੋਈ ਗੱਲ ਬਾਰ ਬਾਰ ਇਹਨਾਂ ਵਿੱਚ ਪਾਈ ਜਾਵੇ, ਤਦ ਇਹਨਾਂ ਲਈ ਉਸ ਗਲ ਦੇ ਅਸਰ ਤੋਂ ਨਿਰਲੇਪ ਰਹਿਣਾ ਅਸੰਭਵ ਹੈ।[9]

**9.1 ਕੁਸੰਗਤ ਦੀ ਪਰਿਭਾਸ਼ਾ—**

ਵੱਖ ਵੱਖ ਸ਼ਬਦ ਕੋਸ਼ਾਂ ਅਤੇ ਵਿਦਵਾਨਾਂ ਅਨੁਸਾਰ 'ਕੁਸੰਗਤ' ਦੀਆਂ ਵੱਖ ਵੱਖ ਪਰਿਭਾਸ਼ਾਵਾਂ ਹਨ।

ਪੰਜਾਬੀ ਕੋਸ਼ ਅਨੁਸਾਰ 'ਕੁਸੰਗਤ' ਦਾ ਅਰਥ ਹੈ— ਬੁਰੀ ਸੰਗਤ, ਬੁਰੀ ਸੁਹਬਤ, ਖੋਟਾ ਸਾਥ, ਭੈੜਾ ਸਾਥ ਆਦਿ।[10]

ਭਾਸ਼ਾ ਸ਼ਬਦ ਕੋਸ਼ (ਹਿੰਦੀ) ਵਿੱਚ 'ਕੁਸੰਗਤ' ਤੋਂ ਭਾਵ ਬੁਰਿਆ ਦਾ ਸਾਥ ਤੇ ਬੁਰੇ ਲੋਕਾਂ ਨਾਮ ਮੇਲ ਜੋਲ ਹੈ।[11]

ਵਿਸ਼ਾਲ ਸ਼ਬਦ ਸਾਗਰ (ਹਿੰਦੀ) ਵਿੱਚ 'ਕੁਸੰਗਤ' ਬੁਰੇ ਲੋਕਾਂ ਨਾਲ ਬੈਠਣ ਉਠਣ ਨੂੰ ਆਖਿਆ ਗਿਆ ਹੈ।[12]

**9.2 ਵੱਖ ਵੱਖ ਧਰਮਾਂ ਵਿੱਚ ਕੁਸੰਗਤ ਬਾਰੇ ਵਿਚਾਰ—**

ਰਿਗਵੇਦ ਅਨੁਸਾਰ ਦੁਸ਼ਟ ਕੰਮ ਨਾ ਕਰੋ ਅਤੇ ਨਾ ਪ੍ਰਤਿਸ਼ਠਤ ਅਤੇ ਧਰਮਾਤਮਾਵਾਂ ਵਿੱਚ ਅਨਾਚਾਰ ਕਰੋ ਕਿਉਂਕਿ ਦੁਸ਼ਟਾਂ ਅਨਾਚਾਰੀਆਂ ਲਈ ਦੂਜੀ ਤਰ੍ਹਾਂ ਦਾ ਵਿਧਾਨ ਹੈ, ਜਿਸ ਤੋਂ ਉਹ ਦੁਖ ਪਾਉਂਦੇ ਹਨ।[13]

ਕਠੋ ਉਪਨਿਸ਼ਦ ਵਿੱਚ ਲਿਖਿਆ ਹੈ ਕਿ ਜਿਸਨੇ ਭੈੜੇ ਆਚਰਣ ਦਾ ਤਿਆਗ ਨਹੀਂ ਕੀਤਾ, ਜੋ ਅਸ਼ਾਂਤ ਹੈ, ਜਿਸ ਦਾ ਚਿਤ ਬੇਚੈਨ ਹੈ, ਉਹ ਗਿਆਨ ਨਾਲ ਅਤੇ ਸਿਰਫ਼ ਬੁੱਧੀਵਾਦ ਨਾਲ ਅਸਲ ਤੱਤ ਨੂੰ ਨਹੀਂ ਪਾ ਸਕਦਾ।[14] ਇਸ ਦੇ ਉਲਟ ਜਿਸ ਦਾ ਅੰਤਹਕਰਣ ਸ਼ੁਧ ਹੈ— ਸ਼ੁਧ ਆਚਾਰ ਯੁਕਤ ਜਿਸ ਦਾ ਅੰਤਹਕਰਣ ਹੈ- ਅਜਿਹਾ ਆਤਮਵੇਤਾ ਮਨ ਨਾਲ ਜਿਸ ਲੋਕ ਦੀ ਕਾਮਨਾ ਕਰਦਾ ਹੈ ਅਤੇ ਜਿਨ੍ਹਾਂ ਕੰਮਾਂ ਨੂੰ ਚਾਹੁੰਦਾ ਹੈ, ਉਹ ਉਸ ਲੋਕ ਨੂੰ ਅਤੇ ਆਦਰਸ਼ਾਂ ਨੂੰ ਪ੍ਰਾਪਤ ਕਰ ਲੈਂਦਾ ਹੈ।[15]

ਧਮਪਦ ਵਿੱਚ ਮਨੁੱਖ ਨੂੰ ਭੈੜੀ ਸੰਗਤ ਕਰਨ ਨਾਲੋਂ ਇਕੱਲੇ ਵਿਚਰਨ ਨੂੰ ਪਹਿਲ ਦਿੱਤੀ ਹੈ। ਇਸ ਗ੍ਰੰਥ ਵਿੱਚ ਲਿਖਿਆ ਹੈ ਕਿ ਜੇ ਸੰਗ ਕਰਨ ਜੋਗ ਬੁੱਧੀਮਾਨ, ਸਾਉ ਅਤੇ ਗਿਆਨੀ ਸਾਥੀ ਨਾ ਮਿਲੇ ਤਾਂ ਜਿਵੇਂ ਜਿੱਤੇ ਹੋਏ ਰਾਜ ਨੂੰ ਪਿੱਛੇ ਛੱਡਕੇ ਰਾਜਾ ਜਾਂ ਜੰਗਲ ਵਿੱਚ ਹਾਥੀ ਵਿਚਰਦਾ ਹੈ ਉਸੇ ਤਰ੍ਹਾਂ ਇਕੱਲਾ ਵਿਚਰੇ।[16] ਮੂਰਖ ਦੀ ਸੰਗਤ ਤੋਂ ਰੋਕਦਿਆਂ 'ਧਮਪਦ' ਵਿੱਚ ਕਿਹਾ ਗਿਆ ਹੈ ਕਿ ਮੂਰਖ ਦੀ ਸੰਗਤ ਤੋਂ ਇਕੱਲੇ ਵਿਚਰਨ ਕਰਨਾ ਬਿਹਤਰ ਹੈ। ਇਕੱਲਾ ਵਿਚਰਨ ਕਰੋ, ਪਰੰਤੂ ਪਾਪ ਨਾ ਕਰੋ। ਥੋੜੀ ਬੇਫ਼ਿਕਰੀ ਨਾਲ ਜੰਗਲ ਵਿੱਚ ਵਿਚਰਨ ਵਾਲੇ ਹਾਥੀ ਵਾਂਗ ਇਕੱਲਾ ਵਿਚਰਨ ਕਰੋ।[17]

ਬਾਈਬਲ ਅਨੁਸਾਰ ਕਥਨੀ ਤੇ ਕਰਨੀ ਵਿੱਚ ਅੰਤਰ ਰੱਖਣ ਵਾਲਿਆਂ ਨੂੰ ਕਰਮਕਾਂਡੀ ਕਿਹਾ ਗਿਆ ਹੈ।[18] ਜੋ ਲੋਕ ਦੂਜੇ ਦਾ ਹੱਕ ਮਾਰਦੇ ਹਨ ਅਤੇ ਦਿਖਾਵੇ ਲਈ ਲੰਮੀਆਂ ਲੰਮੀਆਂ ਪ੍ਰਾਰਥਨਾਵਾਂ ਕਰਦੇ ਹਨ ਉਹ ਦੰਡ ਦੇ ਭਾਗੀ ਬਣਨਗੇ।[19] ਪਰੰਤੂ ਅਜਿਹੇ ਲੋਕਾਂ ਦੀ ਸੰਗਤ ਕਰਨ ਜਾਂ ਨਾ ਕਰਨ ਬਾਰੇ ਬਾਈਬਲ ਚੁੱਪ ਹੈ। ਵਿਸ਼ੇ ਵਿਕਾਰ, ਜੋ ਆਤਮਾ ਨਾਲ ਯੁੱਧ ਕਰਦੇ ਹਨ ਦੀ ਸੰਗਤ ਤੋਂ ਬਚਣ ਦੀ ਤਾਕੀਦ ਕੀਤੀ ਗਈ ਹੈ।[20]

ਕੁਰਾਨ ਮਜੀਦ ਅਨੁਸਾਰ ਚੁਗਲਖੋਰ, ਔਗੁਣ ਚਿਤਾਰਨ ਵਾਲੇ ਅਤੇ ਧਨ ਇੱਕਠਾ ਕਰਨ ਵਾਲੇ ਨੂੰ ਕਸ਼ਟ ਹੁੰਦਾ ਹੈ। ਧਨ ਇੱਕਠਾ ਕਰਨ ਵਾਲਾ ਨਰਕ ਦੀ ਅੱਗ ਵਿੱਚ ਸੜਦਾ ਹੈ।[21]

ਕੁਰਾਨ ਮਜੀਦ ਵਿੱਚ ਸ਼ੈਤਾਨ ਦੀ ਸੰਗਤ ਤੋਂ ਦੂਰ ਰਹਿਣ ਦੀ ਤਾਕੀਦ ਕੀਤੀ ਗਈ ਹੈ ਅਤੇ ਸ਼ੈਤਾਨ ਨੂੰ ਸਪੱਸ਼ਟ ਵੈਰੀ ਕਿਹਾ ਗਿਆ ਹੈ।[22] ਪਰਮਾਤਮਾ ਨੂੰ ਨਾ ਮੰਨਣ ਵਾਲਿਆਂ ਨੂੰ ਮਿੱਤਰ ਨਾ ਬਣਾਉਣ ਲਈ ਹੀ ਨਹੀਂ ਸਗੋਂ ਉਹਨਾਂ ਤੋਂ ਪੂਰੀ ਤਰ੍ਹਾਂ ਬਚ ਕੇ ਰਹਿਣਾ ਹੀ ਯੋਗ ਹੈ ਜਿਹੜਾ ਵੀ ਇਨਕਾਰੀਆਂ ਦੀ ਸੰਗਤ ਕਰੇਗਾ ਅੱਲਾਹ ਤੋਂ ਦੂਰ ਹੋ ਜਾਵੇਗਾ।[23] ਅੱਲਾਹ ਬਾਰੇ ਅਤੇ ਉਸ ਦੇ ਗੁਣਾਂ ਬਾਰੇ ਗਲਤ ਗੱਲਾਂ ਕਰਨ ਵਾਲਿਆਂ ਦੀ ਸੰਗਤ ਦਾ ਤਿਆਗ ਕਰਨਾ ਜ਼ਰੂਰੀ ਹੈ।[24]

## 9.3 ਗੁਰੂ ਨਾਨਕ ਬਾਣੀ ਅਨੁਸਾਰ ਕੁਸੰਗਤ

ਗੁਰੂ ਨਾਨਕ ਬਾਣੀ ਅਨੁਸਾਰ ਵਾਹਿਗੁਰੂ ਦੀ ਦਰਗਾਹ ਵਿੱਚ ਹਰੇਕ ਇਨਸਾਨ ਦਾ ਲੇਖਾ ਹੋਵੇਗਾ ਅਤੇ ਕਰਨੀ ਅਥਵਾ ਸੱਚੇ ਆਚਾਰ ਤੋਂ ਬਿਨਾ, ਕੋਈ ਨਹੀਂ ਬਖਸ਼ਿਆ ਜਾਵੇਗਾ। ਹਿੰਦੂ ਮੁਸਲਮਾਨ ਹੋਣ ਦੇ ਨਾਤੇ ਕਿਸੇ ਦਾ ਲਿਹਾਜ ਨਹੀਂ ਹੋਵੇਗਾ। ਉਥੇ ਅਮਲਾਂ ਉੱਤੇ ਨਿਬੇੜੇ ਹੋਣਗੇ:

*ਏਥੈ ਜਾਣੈ ਸੁ ਜਾਇ ਸਿਞਾਣੈ॥ ਹੋਰੁ ਫਕੜੁ ਹਿੰਦੂ ਮੁਸਲਮਾਣੈ॥*
*ਸਭਨਾ ਕੀ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ॥*[25]

ਗੁਰੂ ਨਾਨਕ ਸਾਹਿਬ ਮਨੁੱਖ ਨੂੰ ਸੰਬੋਧਨ ਕਰਦੇ ਰਹਿੰਦੇ ਹਨ, ਕਿ ਜਿਵੇਂ ਵਪਾਰ ਕਰਨ ਲੱਗੇ ਪਹਿਲਾਂ ਚੀਜ਼ ਪਰਖ ਕੇ ਵਪਾਰ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਮਿੱਤਰ ਵੀ ਪਰਖ ਕੇ ਚੁਣਨੇ ਚਾਹੀਦੇ ਹਨ।[26] ਦੁਰਜਨਾਂ ਦੀ ਸੰਗਤ (ਕੁਸੰਗਤ) ਦੀ ਦੁਹਾਈ ਦਿਓ ਕਿ ਇਨ੍ਹਾਂ ਦੀ ਸੰਗਤ ਨਹੀਂ ਕਰਨੀ ਚਾਹੀਦੀ।[27]

ਗੁਰੂ ਨਾਨਕ ਬਾਣੀ ਵਿੱਚ ਬਹੁਤ ਸਾਰੇ ਮਨੁੱਖਾਂ ਦੀ ਸੰਗਤ ਕਰਨ ਤੋਂ ਰੋਕਿਆ ਗਿਆ ਹੈ ਜਿਨ੍ਹਾਂ ਵਿੱਚ ਪ੍ਰਮੁੱਖ ਤੌਰ ਤੇ ਮਨਮੁਖ, ਮਾਇਆਧਾਰੀ, ਹੰਕਾਰੀ, ਵਿਕਾਰੀ ਆਦਿ ਸ਼ਾਮਿਲ ਹਨ।

### 9.3.1 ਮਨਮੁਖ

ਡਾ. ਬਲਬੀਰ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਮਜ਼ਬਾਂ ਦੀ ਵੰਡ ਹਿੰਦੂ ਤੇ ਮੁਸਲਿਮ ਦੀ ਜਗ੍ਹਾ ਗੁਰਮੁਖ ਤੇ ਮਨਮੁਖ ਦੀ ਕੀਤੀ ਹੈ। ਇਹ ਪਰਵਿਰਤੀ ਅਤੇ ਨਿਰਵਿਰਤੀ ਦੇ ਖਿਆਲ ਤੋਂ ਹੈ। ਗੁਰੂ ਨਾਨਕ ਦੇਵ ਜੀ ਨੇ ਮਨਮੁਖ ਨੂੰ ਨਿਰਾ ਅਧਿਆਤਮਕ ਨੁਕਤੇ ਤੋਂ ਨਹੀਂ ਦੇਖਿਆ, ਪ੍ਰੰਤੂ ਉਸ ਵਿੱਚ ਇਖਲਾਕੀ ਤਮੀਜ਼ ਦਾ ਪੂਰਨ ਲੱਛਣ ਖਿਚਿਆ ਹੈ। ਗੁਰਮੁਖ ਹਉਮੈਂ ਤੋਂ ਮੁਕਤ ਹੁੰਦਾ ਹੈ ਅਤੇ ਮਨਮੁਖ ਹਉਮੈਂ ਦੇ ਰੋਗਾਂ ਵਿੱਚ ਗ੍ਰਸਤ ਹੈ।[28]

*"ਮਨ ਪਿਛੇ ਲਗ ਕੇ ਚਲਣ ਵਾਲਾ ਆਪ ਹੁਦਰਾ ਮਨਮੁਖ ਹੈ।*[29]

ਡਾ. ਜਗਬੀਰ ਸਿੰਘ ਅਨੁਸਾਰ ਮਨਮੁਖ ਸਾਧਾਰਨ ਜੀਵਨ-ਗਤੀ ਵਿੱਚ ਬੱਝਾ ਹੋਇਆ ਵਿਅਕਤੀ ਹੈ ਜੋ ਅਣ-ਜਾਗ੍ਰਤ ਅਵਸਥਾ ਦਾ ਪ੍ਰਤੀਕ ਹੈ। ਮਨਮੁਖਤਾ ਮਨੁੱਖੀ ਜੀਵਨ ਦੀ ਉਹ ਮੁਢਲੀ ਅਵਸਥਾ ਹੈ ਜੋ ਸਹਿਜ ਸਾਧਾਰਨ ਮੂਲ-ਪ੍ਰਵਿਰਤੀਆਂ ਦੀ ਜਕੜ ਵਿੱਚ ਬੱਝੀ ਹੋਈ ਹੁੰਦੀ ਹੈ। ਇਹ ਪਸ਼ੂ ਪੱਧਰ ਦੀ ਜੀਵਾਤਮਕ ਹੋਂਦ ਵਲ ਵਧਣ ਦੀ ਰੁਚੀ ਰੱਖਦੀ ਹੈ ਜੋ ਗੁਰੂ ਨਾਨਕ ਅਨੁਸਾਰ ਅਧਿਆਤਮਕ-ਨੈਤਿਕ ਪਤਨ ਦੀ ਦਸ਼ਾ ਦਾ ਸੂਚਕ ਹੈ।[30]

ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਬੇਮੁਖ[31], ਮੂਰਖ[32], ਨਿੰਦਕ[33], ਅਕ੍ਰਿਤਘਣ[34], ਲੂਣਹਰਾਮੀ[35],

ਦੁਬਾਜਰਾ[36], ਕਪਟੀ[37] ਅਤੇ ਮੀਣਾ ਆਦਿ ਮਨੁੱਖ ਵਿਅਕਤੀ ਦੇ ਵੱਖ ਵੱਖ ਰੂਪਾਂ ਨੂੰ ਦੇਖਿਆ ਜਾ ਸਕਦਾ ਹੈ। ਭਾਈ ਸਾਹਿਬ ਨੇ ਵੀ ਇਹਨਾਂ ਦੀ ਸੰਗਤ ਤੋਂ ਮਨੁੱਖ ਨੂੰ ਵਰਜਿਆ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿੱਚ ਮਨਮੁਖ ਨੂੰ ਅਗਿਆਨੀ, ਮੂਰਖ, ਚੁਗਲਖ਼ੋਰ ਅਤੇ ਗਵਾਰ ਆਖਿਆ ਹੈ।[38] ਮਨਮੁਖ ਆਪਣੇ ਮਨ ਦੇ ਮਗਰ ਲੱਗ ਕੇ ਪਾਗਲਾਂ ਵਾਂਗ ਅਗਿਆਨ ਵਿੱਚ ਭੁਲਿਆ ਰਹਿੰਦਾ ਹੈ।[39] ਇਸੇ ਪ੍ਰਕਾਰ ਮਨਮੁਖ ਭਰਮਾਂ ਵਿੱਚ ਭਟਕਦਾ ਹੈ ਅਤੇ ਉਸ ਨੂੰ ਪ੍ਰਭੂ ਪ੍ਰੇਮ ਦਾ ਰੰਗ ਨਹੀਂ ਚੜ੍ਹਦਾ।[40] ਉਸ ਨੂੰ ਸੱਚ ਦੀ ਸੋਝੀ ਨਹੀਂ ਹੁੰਦੀ। ਇਸ ਤਰ੍ਹਾਂ ਉਹ ਆਪਣੇ ਜਨਮ ਨੂੰ ਨਿਸ਼ਫ਼ਲ ਗੁਆ ਲੈਂਦਾ ਹੈ[41] ਅਤੇ ਜਨਮ ਮਰਨ ਦੇ ਚੱਕਰ ਵਿੱਚ ਹੀ ਪਿਆ ਰਹਿੰਦਾ ਹੈ[42] ਉਹ ਜੋ ਕੁਝ ਰਚਦਾ ਹੈ, ਉਹ ਕੂੜ ਹੁੰਦਾ ਹੈ ਅਤੇ ਉਹ ਕੂੜ ਵਿਚ ਹੀ ਖੁਭਿਆ ਰਹਿੰਦਾ ਹੈ।[43] ਉਸ ਦਾ ਆਪਹੁਦਰਾ ਮਨ ਹਮੇਸ਼ਾਂ ਮੈਲਾ ਰਹਿੰਦਾ ਹੈ ਅਤੇ ਸ਼ਬਦ ਦੀ ਕਦਰ ਨਹੀਂ ਪਹਿਚਾਣਦਾ।[44] ਗੁਰੂ ਸਾਰਿਬ ਨੇ ਮਨਮੁਖ ਦੀ ਤੁਲਨਾ ਸੈਲਪੱਥਰ ਨਾਲ ਕੀਤੀ ਹੈ।[45] ਮਨਮੁਖ ਦੀ ਕਥਨੀ ਤੇ ਕਰਨੀ ਵਿੱਚ ਅੰਤਰ ਹੁੰਦਾ ਹੈ। ਇਸ ਦਾ ਵੱਡਾ ਕਾਰਨ ਹੈ ਕਿ ਉਸ ਨੇ ਪ੍ਰਭੂ ਦੇ ਨਾਉ ਨੂੰ ਵਿਸਾਰਿਆ ਹੁੰਦਾ ਹੈ।[46] ਇਸ ਕਾਰਨ ਉਸ ਦੇ ਪੱਲੇ ਪਛਤਾਵਾਂ ਹੀ ਪੈਂਦਾ ਹੈ।[47] ਉਹ ਨਿਰਾ ਸ਼ਬਦ ਵਲੋਂ ਹੀ ਅੱਖਾਂ ਬੰਦ ਨਹੀਂ ਰੱਖਦਾ ਸਗੋਂ ਅੰਹਕਾਰੀ ਵੀ ਹੁੰਦਾ ਹੈ।[48] ਉਸ ਦਾ ਚਿਤ ਮਾਇਆ ਵਿੱਚ ਖੁਭਿਆ ਰਹਿੰਦਾ ਹੈ।[49] ਇਥੇ ਹੀ ਬਸ ਨਹੀਂ ਮਨਮੁਖ ਗੰਦਾ, ਬਦਨਾਮ ਤੇ ਡਰਾਉਣਾ ਹੁੰਦਾ ਹੈ।[50] ਇਸ ਤਰ੍ਹਾਂ ਮਨਮੁਖ ਦਾ ਬੋਲਣਾ ਫ਼ਜ਼ੂਲ ਤੇ ਕੱਚਾ ਹੁੰਦਾ ਹੈ।

### 9.3.2 ਸਾਕਤ

ਪੰਜਾਬੀ ਕੋਸ਼ ਵਿੱਚ 'ਸਾਕਤ' ਦੇ ਅਰਥ— ਮਾਇਆ ਦਾ ਪੁਜਾਰੀ, ਰੱਬ ਤੋਂ ਭੁਲਿਆ ਹੋਇਆ, ਮੂਰਖ, ਦੁਸ਼ਟ, ਪਾਪੀ ਲਈ ਗਏ ਹਨ।[51]

ਗੁਰੂ ਨਾਨਕ ਸਾਹਿਬ ਅਨੁਸਾਰ ਉਹ ਸਾਕਤ ਹੈ, ਜਿਸ ਨੇ ਆਪਣੇ ਆਪ ਨੂੰ ਮਾਇਆ ਨਾਲ ਜੋੜ ਕੇ ਨਾਮ ਰਸ ਛੱਡ ਦਿੱਤਾ ਹੈ ਅਤੇ ਉਹ ਭੈੜੀ ਮੱਤ ਵਿੱਚ ਜਾ ਲੱਗਾ ਹੈ।[52] ਅਜਿਹਾ ਜੀਵ ਮਾਇਆ ਦੀ ਖਾਤਰ ਬਹੁਤ ਭੱਜ ਦੌੜ ਕਰਦਾ ਹੈ।[53] ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਥਾਂ ਥਾਂ ਸਾਕਤ ਦੇ ਲੱਛਣ ਪ੍ਰਗਟਾਏ ਹਨ ਅਤੇ ਜੀਵ ਨੂੰ ਉਸ ਦੀ ਸੰਗਤ ਕਰਨ ਤੋਂ ਵਰਜਿਆ ਹੈ। ਜਿਸ ਪ੍ਰਕਾਰ ਮੱਛੀ ਪਾਣੀ ਬਿਨਾਂ ਮਰ ਜਾਂਦੀ ਹੈ ਉਸੇ ਤਰ੍ਹਾਂ ਸਾਕਤ (ਮਾਇਆ ਦਾ ਪ੍ਰੇਮੀ) ਪ੍ਰਭੂ ਬਿਨ੍ਹਾਂ ਪਿਆਸਾ ਹੀ ਮਰ ਜਾਂਦਾ ਹੈ।[54] ਉਹ ਨਿਰਾ ਮਰਦਾ ਹੀ ਨਹੀਂ ਸਗੋਂ ਜਨਮ-ਮਰਨ ਦੇ ਚੱਕਰ ਵਿਚ ਵੀ ਪੈ ਜਾਂਦਾ ਹੈ।[55] ਇਹ ਮਾਇਆ ਦਾ ਸੇਵਕ ਗੁਰ-ਸ਼ਬਦ ਵਿੱਚ ਨਹੀਂ ਭਿੱਜਦਾ ਅਤੇ ਦੁਰਮਤ ਦੇ ਕਾਰਨ ਆਵਾਗਵਨ ਦੇ ਚੱਕਰ ਵਿੱਚ ਪਿਆ ਰਹਿੰਦਾ ਹੈ।[56] ਉਸ ਨੂੰ ਸੱਚ ਚੰਗਾ ਨਹੀਂ ਲਗਦਾ ਕਿਉਂਕਿ ਉਸ ਨੇ ਕੂੜ ਦਾ ਪੱਲਾ ਪਕੜਿਆ ਹੁੰਦਾ ਹੈ। ਇਸ ਲਈ ਉਸ ਦੀ ਬੁਨਿਆਦ ਹੀ ਕੂੜੀ ਹੁੰਦੀ ਹੈ।[57] ਅਜਿਹਾ ਜੀਵ ਕੂੜ ਕਪਟ ਵਿੱਚ ਆਪਣੇ ਜੀਵਨ ਦਾ ਆਸਰਾ ਲਭਦਾ ਹੈ।[58] ਮਾਇਆਧਾਰੀ ਦੇ ਇਹ ਵੀ ਲੱਛਣ ਹਨ ਕਿ ਉਹ ਜਿਉਂ ਜਿਉਂ ਸੁਖ ਤੇ ਧਨ ਪਦਾਰਥ ਆਪਣੇ ਨਾਲ ਆਉਂਦਾ ਵੇਖਦਾ ਹੈ ਉਸ ਦੇ ਮਨ ਵਿੱਚ ਹੰਕਾਰ ਪੈਦਾ ਹੋ ਜਾਂਦਾ ਹੈ[59] ਤੇ ਉਹ ਆਪਣੇ ਕੁਟੰਬ, ਮਾਇਆ ਅਤੇ ਘਰ ਮੰਦਰ ਨੂੰ ਦੇਖ ਕੇ ਫਜ਼ੂਲ ਜੰਜਾਲਾਂ ਵਿੱਚ ਫਸ ਜਾਂਦਾ ਹੈ।[60]

ਸਾਕਤ ਸੰਸਾਰ ਦੀਆਂ ਚਾਰ ਨਦੀਆਂ (ਹੰਸ, ਹੇਤ, ਲੋਭ, ਕੋਪ) ਵਿੱਚ ਡੁਬ ਕੇ ਸੜਦਾ ਹੈ।[62] ਮਾਇਆ ਨੂੰ ਪ੍ਰੇਮ ਕਰਨ ਵਾਲੇ ਜੀਵ ਬਾਰੇ ਤਾਂ ਗੁਰੂ ਜੀ ਨੇ ਇਥੋਂ ਤੱਕ ਕਿਹਾ ਹੈ ਕਿ ਅਜਿਹੇ ਮਨੁੱਖ ਦੀ ਕਦੇ ਖਲਾਸੀ ਨਹੀਂ ਹੁੰਦੀ। ਕਾਲ ਉਸ ਨੂੰ ਆਪਣਾ ਸ਼ਿਕਾਰ ਸਮਝਦਾ ਹੈ, ਜਮਾਂ ਦੇ ਦਰ ਤੇ ਉਸ ਨੂੰ ਸਜਾਵਾਂ ਮਿਲਦੀਆਂ ਹਨ, ਅਜਿਹੇ ਅਪਰਾਧੀ ਦਾ ਭੈੜਾ ਹਾਲ ਹੁੰਦਾ ਹੈ, ਕੋਈ ਉਸ ਦਾ ਸਹਾਇਕ ਨਹੀਂ ਬਣਦਾ, ਉਸ ਦੀ ਇੱਕਲੀ ਆਪਣੀ ਜ਼ਿੰਦਗੀ ਫਾਹੀ ਵਿੱਚ ਫਸਦੀ ਹੈ[63], ਕਿਉਂਕਿ ਅਜਿਹੇ ਜੀਵ ਹਰ ਤਰ੍ਹਾਂ ਦੀ ਮੈਲ ਨਾਲ ਭਰੇ ਹੁੰਦੇ ਹਨ। ਅਜਿਹੀ ਕੁਸੰਗਤ ਵਿਚ ਫਸ ਕੇ ਸਾਧਾਰਨ ਜੀਵ ਗੁਰੂ ਸਰੋਵਰ ਨੂੰ ਪਹਿਚਾਣਦਾ ਨਹੀਂ।[64]

## 9.3.3 ਮਾਇਆਧਾਰੀ

ਮਹਾਨ ਕੋਸ਼ ਅਨੁਸਾਰ ਮਾਇਆਧਾਰੀ ਉਹ ਹੈ ਜੋ ਦੌਲਤਮੰਦ ਹੈ ਜਿਸ ਨੇ ਅਗਿਆਨ ਦੁਆਰਾ ਧਨ ਸੰਪਦਾ ਆਪਣੀ ਮੰਨੀ ਹੈ।[65]

ਗੁਰੂ ਨਾਨਕ ਸਾਹਿਬ ਨੇ ਮਾਇਆ ਦਾ ਸਰੂਪ ਕਈ ਰੂਪਾਂ ਵਿੱਚ ਨਿਸ਼ਚਿਤ ਕੀਤਾ ਹੈ:

(ੳ) ਗੁਰੂ ਜੀ ਨੇ ਮਾਇਆ ਦੇ ਮੋਹ ਦੀ ਤੁਲਨਾ ਇਕ ਵਿਭਚਾਰਨ ਇਸਤਰੀ ਨਾਲ ਕੀਤੀ ਹੈ।[66]

(ਅ) ਮਾਇਆ ਨੂੰ ਸੱਪਣੀ ਕਿਹਾ ਗਿਆ ਹੈ:

*ਨਦੀ ਉਪਕੰਠਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ॥*
*ਉਲਟੀ ਨਦੀ ਕਹਾ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਹੀ॥*[67]

(ੲ) ਮਾਇਆ ਅੰਨ੍ਹੇ ਖੂਹ ਦੇ ਵਾਂਗ ਹੈ, ਜਿਸ ਵਿੱਚ ਡਿਗ ਜਾਵੇ ਤਾਂ ਨਿਕਲਣਾ ਬਹੁਤ ਮੁਸ਼ਕਲ ਹੈ:

*ਅੰਧ ਕੂਪਿ ਮਾਇਆ ਮਨੁ ਗਾਡਿਆ॥*
*ਕਿਉ ਕਰਿ ਉਤਰਉ ਪਾਰਿ ਸੁਆਮੀ॥*[68]

(ਸ) ਮਾਇਆ ਸ਼ਰਾਬ ਵਾਂਗ ਨਸ਼ਾ ਦਿੰਦੀ ਹੈ, ਇਹ ਇਕ ਅਜਿਹਾ ਨਸ਼ਾ ਹੈ ਜਿਸ ਨਾਲ ਕਦੇ ਵੀ ਤ੍ਰਿਪਤੀ ਨਹੀਂ ਹੁੰਦੀ:

*ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ॥*[69]

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਮਾਇਆ ਇਕ ਪ੍ਰਬਲ ਸ਼ਕਤੀ ਹੈ ਜੋ ਮਨੁੱਖ ਨੂੰ ਕੁਰਾਹੇ ਪਾ ਕੇ ਜਨਮ ਮਰਨ ਦੇ ਗੇੜ ਵਿੱਚ ਪਾ ਦਿੰਦੀ ਹੈ। ਗੁਰੂ ਨਾਨਕ ਬਾਣੀ ਅਨੁਸਾਰ ਮਾਇਆ ਪਾਪਾਂ ਬਾਝੋਂ ਇੱਕਠੀ ਨਹੀਂ ਹੁੰਦੀ:

*ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥*
*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥*[70]

ਜੋ ਲੋਕ ਇਸ ਨੂੰ ਬਹੁਤ ਇੱਕਠਾ ਕਰਦੇ ਹਨ ਉਹ ਦੁਖੀ ਹੁੰਦੇ ਹਨ। ਮਾਇਆਧਾਰੀ ਹੰਕਾਰੀ ਹੋ ਜਾਂਦਾ ਹੈ ਤੇ ਉਹ ਵਿਸ਼ੇ ਵਿਕਾਰਾਂ ਵਿੱਚ ਫਸ ਜਾਂਦਾ ਹੈ।[71] ਮਾਇਆ ਦੇ ਲੋਭੀ ਨੂੰ ਗੁਰੂ ਸਾਹਿਬ ਨੇ ਕਰਾੜ ਵੀ ਆਖਿਆ ਹੈ ਅਤੇ ਉਸ ਦੀ ਸੰਗਤ ਤੋਂ ਵਰਜਿਆ ਹੈ।[72]

## 9.3.4 ਵਿਕਾਰ

ਵਿਕਾਰ ਉਹ ਦੋਸ਼ ਹੈ ਜਿਸ ਨੂੰ ਗ੍ਰਹਿਣ ਕਰਨ ਨਾਲ ਮਨੁੱਖ ਦੇ ਮਨ ਅਤੇ ਸਰੀਰ ਵਿੱਚ ਵਿਗਾੜ ਪੈਦਾ ਹੁੰਦਾ ਹੈ।[73]

ਗੁਰੂ ਨਾਨਕ ਬਾਣੀ ਵਿੱਚ ਪੰਜ ਵਿਕਾਰ ਜਿਵੇਂ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦੇ ਭੈੜੇ ਪ੍ਰਭਾਵਾਂ ਵੱਲ ਸੰਕੇਤ ਕਰਦਿਆਂ ਮਨੁੱਖ ਨੂੰ ਇਹਨਾ ਧਾਰਨ ਕਰਨ ਤੇ ਇਹਨਾਂ ਦੀ ਸੰਗਤ ਤੋਂ ਰੋਕਿਆ ਗਿਆ ਹੈ। ਇਹ ਪੰਜੇ ਵਿਕਾਰ ਮਨੁੱਖ ਦੇ ਗੁਣਾਂ ਨੂੰ ਨਸ਼ਟ ਕਰਕੇ ਅਵਗੁਣਾਂ ਨਾਲ ਭਰ ਦਿੰਦੇ ਹਨ:

*ਭੀਤਰਿ ਪੰਚ ਗੁਪਤ ਮਨਿ ਵਾਸੇ॥*
*ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ॥*
*ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ।*
*ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ।*[74]

ਇਹਨਾਂ ਪੰਜਾਂ ਦੇ ਪ੍ਰਭਾਵ ਹੇਠ ਮਨੁੱਖ ਲੋਭੀ, ਕਪਟੀ, ਪਾਪੀ ਤੇ ਪਾਖੰਡੀ ਹੋ ਜਾਂਦਾ ਹੈ।

### ਕਾਮ

ਸਭ ਤੋਂ ਪਹਿਲਾ ਵਿਕਾਰ ਕਾਮ ਹੈ। ਭਰ ਜੋਬਨ ਵਿੱਚ ਮਨੁੱਖ ਕਾਮ ਵਿਚ ਗਲਤਾਨ ਹੋ ਜਾਂਦਾ ਹੈ। ਇਹ ਅਜਿਹਾ

ਜੀਵਨ ਦਾ ਸਮਾਂ ਹੁੰਦਾ ਹੈ ਕਿ ਕਾਮ ਪਿੱਛਾ ਨਹੀਂ ਛੱਡਦਾ:

*ਛਿਵੈ ਕਾਮੁ ਨ ਪੂਛੈ ਜਾਤਿ॥*[75]

*ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋਬਨਿ ਮੈ ਮਤਿ॥*

*ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ ਅੰਧੁਲੇ ਨਾਮੁ ਨ ਚਿਤਿ॥*[76]

ਸਤ ਮਾਰਗ ਨੂੰ ਛੱਡ ਕੇ ਜੀਵ ਕਾਮ ਵਲ ਰੁਚਿਤ ਹੋ ਜਾਂਦਾ ਹੈ।

**ਕ੍ਰੋਧ**

ਕ੍ਰੋਧ ਕਾਮ ਨਾਲ ਮਿਲ ਕੇ ਮਨੁੱਖ ਦਾ ਨਾਸ਼ ਕਰ ਦਿੰਦਾ ਹੈ:

*ਕਾਮੁ ਚਿਤੈ ਕਾਮਣਿ ਹਿਤਕਾਰੀ॥*

*ਕ੍ਰੋਧੁ ਬਿਨਾਸੇ ਸਗਲ ਵਿਕਾਰੀ॥*[77]

ਕ੍ਰੋਧ ਨੂੰ ਗੁਰੂ ਸਾਹਿਬ ਨੇ ਚੰਡਾਲ ਆਖਿਆ ਹੈ:

*ਅਗਨਿ ਕ੍ਰੋਧ ਚੰਡਾਲੁ॥*[78]

ਕਾਮ ਤੇ ਕ੍ਰੋਧ ਮਿਲ ਕੇ ਅਗਨੀ ਵਾਂਗ ਸਰੀਰ ਦੀ ਸ਼ਕਤੀ ਦਾ ਨਾਸ਼ ਕਰ ਦਿੰਦੇ ਹਨ:

*ਕਾਮੁ ਕ੍ਰੋਧੁ ਕਾਇਆ ਕਉ ਗਾਲੈ॥*

*ਜਿਉ ਕੰਚਨ ਸੋਹਾਗਾ ਢਾਲੈ॥*[79]

ਕਾਮ ਤੇ ਕ੍ਰੋਧ ਨਿਰੋਲ ਕਪਟ ਅਤੇ ਬਿਖਿਆ ਹਨ।[80] ਇਹ ਸਰੀਰ ਵਿੱਚ ਰਹਿੰਦੇ ਚੰਡਾਲ ਹਨ।[81] ਇਹਨਾਂ ਵਿੱਚ ਫਸੇ ਮਨੁੱਖਾਂ ਨੂੰ ਇਹਨਾਂ ਤੋਂ ਤ੍ਰਿਪਤੀ ਨਹੀਂ ਹੁੰਦੀ:

*ਕਾਮ ਕ੍ਰੋਧ ਬਿਖੁ ਭੂਖ ਪਿਆਸਾ॥*[82]

**ਲੋਭ**

ਲੋਭ ਇਕ ਵੱਡਾ ਵਿਕਾਰ ਹੈ ਜੋ ਜੀਵ ਤੇ ਭਾਰੂ ਹੈ। ਇਸੇ ਲਈ ਗੁਰੂ ਜੀ ਨੇ ਜੀਵ ਨੂੰ ਇਸ ਤੋਂ ਬਚਣ ਲਈ ਕਿਹਾ ਹੈ—

*ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥*[83]

ਲੋਭ ਹਨੇਰਾ ਬੰਦੀਖਾਨਾ ਹੈ ਜਿਸ ਵਿੱਚ ਜੀਵ ਅਉਗੁਣਾਂ ਦੀ ਬੇੜੀ ਵਿੱਚ ਜਕੜਿਆ ਹੋਇਆ ਹੈ:

*ਲਬੁ ਅਧੇਰਾ ਬੰਦੀਖਾਨਾ*

*ਅਉਗਣ ਪੈਰਿ ਲੁਹਾਰੀ॥*[84]

**ਮੋਹ**

ਚੌਥਾ ਵਿਕਾਰ ਸੰਸਾਰਿਕ ਪਦਾਰਥਾਂ ਦਾ ਮੋਹ ਹੈ ਜੋ ਜੀਵ ਨੂੰ ਦੋਸ਼ੀ ਤੇ ਦਾਗੀ ਬਣਾ ਦਿੰਦਾ ਹੈ:

*ਜੇਤਾ ਮੋਹੁ ਪਰੀਤਿ ਸੁਆਦ*

*ਸਭਾ ਕਾਲਖ ਦਾਗਾ ਦਾਗ॥*

*ਦਾਗ ਦੋਸ ਮੁਹਿ ਚਲਿਆ ਲਾਇ॥*

*ਦਰਗਹ ਬੈਸਣ ਨਾਹੀ ਜਾਇ॥*[85]

ਕੁਟੰਬ ਅਤੇ ਇਸ ਨਾਲ ਸਬੰਧਤ ਸਾਰੇ ਝੂਠੇ ਕਾਰਜ ਮੋਹ ਦੇ ਘੇਰੇ ਵਿੱਚ ਆਉਂਦੇ ਹਨ। ਮੋਹ ਦੇ ਕਾਰਨ ਸੰਸਾਰ ਡੁਬ ਰਿਹਾ ਹੈ ਅਤੇ ਜਨਮ ਮਰਨ ਦੇ ਗੇੜ ਵਿੱਚ ਚੱਕਰ ਲਗਾ ਰਿਹਾ ਹੈ:

*ਮੋਹੁ ਕੁਟੰਬੁ ਮੋਹੁ ਸਭ ਕਾਰ॥*

*ਮੋਹੁ ਤੁਮ ਤਜਹੁ ਸਗਲ ਵੇਕਾਰ॥*

— — — —

— — — —

*ਏਤੁ ਮੋਹਿ ਫਿਰਿ ਜੂਨੀ ਪਾਹਿ॥*
*ਮੋਹੇ ਲਾਗਾ ਜਮਪੁਰਿ ਜਾਹਿ॥*[86]

ਸਾਰੀ ਦੁਨੀਆਂ ਝੂਠੇ ਮੋਹ ਦੇ ਭਰਮ ਵਿੱਚ ਭੁਲੀ ਫਿਰਦੀ ਹੈ। ਨਾ ਕੋਈ ਕਿਸੇ ਦਾ ਪੁੱਤਰ ਹੈ ਨਾ ਕੋਈ ਕਿਸੇ ਦੀ ਮਾਤਾ ਹੈ:

*ਨ ਕਿਸ ਕਾ ਪੂਤੁ ਨ ਕਿਸ ਕੀ ਮਾਈ।*
*ਝੂਠੈ ਮੋਹਿ ਭਰਮਿ ਭੁਲਾਈ॥*[87]

**ਅਹੰਕਾਰ/ਹਉਮੈਂ**

ਪੰਜਵਾਂ ਵਿਕਾਰ ਅਹੰਕਾਰ ਹੈ। ਜਿਸ ਨੂੰ ਗਰਬ ਵੀ ਕਿਹਾ ਜਾਂਦਾ ਹੈ। ਅਹੰਕਾਰ ਕਰਕੇ ਮਨੁੱਖ ਪ੍ਰਭੂ ਤੋਂ ਦੂਰ ਹੋ ਜਾਂਦਾ ਹੈ:

*ਵਾਦਿ ਅਹੰਕਾਰਿ ਨਾਹੀ ਪ੍ਰਭੁ ਮੇਲਾ॥*[88]

ਗੁਰੂ ਨਾਨਕ ਦੇਵ ਜੀ ਅਨੁਸਾਰ ਸਾਰੇ ਸੰਸਾਰ ਨੂੰ ਅਹੰਕਾਰ ਨੇ ਠੱਗਿਆ ਹੋਇਆ ਹੈ:

*ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ॥*[89]

ਉਹ ਵਿਦਵਾਨ ਵੀ ਮੂਰਖ ਹੈ ਜੋ ਆਪਣੀ ਵਿਦਵਤਾ ਦਾ ਅਹੰਕਾਰ ਕਰਦਾ ਹੈ:

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥[90]

ਹਉਮੈ ਵਿੱਚ ਜੀਵ ਫਜ਼ੂਲ ਵਿੱਚ ਖਪਦਾ ਖਪਾਉਂਦਾ ਰਹਿੰਦਾ ਹੈ:

*ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ॥*[91]

ਗੁਣਹੀਨ ਅਹੰਕਾਰੀ ਤਾਂ ਖੋਤੇ ਦੇ ਸਮਾਨ ਹਨ:

*ਨਾਨਕ ਸੇ ਨਰਿ ਅਸਲਿ ਖਰ*
*ਜਿ ਬਿਨੁ ਗੁਣ ਗਰਬੁ ਕਰੰਤਿ॥*[92]

ਗਰਬੁ ਕਰਨ ਨਾਲ ਸਿਰ ਤੇ ਭਾਰ ਚੜਦਾ ਹੈ:

*ਗਰਬ ਨ ਕੀਜੈ ਨਾਨਕਾ*
*ਮਤੁ ਸਿਰਿ ਆਵੈ ਭਾਰੁ॥*[93]

ਇੰਜ਼ ਵਿਸ਼ੇ ਵਿਕਾਰਾਂ ਨਾਲ ਕਦੇ ਤ੍ਰਿਪਤੀ ਨਹੀਂ ਹੁੰਦੀ। ਇਸ ਲਈ ਮਾਨਵ ਅਗਿਆਨਤਾ ਕਾਰਨ ਇਹਨਾਂ ਵਿਕਾਰਾਂ ਦੀ ਤ੍ਰਿਸ਼ਨਾ ਤੋਂ ਮੁਕਤ ਨਹੀਂ ਹੋ ਸਕਦਾ ਅਤੇ ਆਵਾਗਵਨ ਦੇ ਚੱਕਰ ਵਿੱਚ ਭਟਕਦਾ ਰਹਿੰਦਾ ਹੈ। ਆਵਾਗਉਣ ਦੇ ਚੱਕਰ ਤੋਂ ਬਚਣ ਲਈ ਅਤੇ ਪ੍ਰਭੂ ਨਾਲ ਜੁੜਨ ਲਈ ਗੁਰੂ ਜੀ ਨੇ ਜੀਵ ਨੂੰ ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਤਿਆਗਣ ਦੀ ਪ੍ਰੇਰਨਾ ਦਿੱਤੀ ਹੈ।[94]

ਗੁਰੂ ਨਾਨਕ ਬਾਣੀ ਅਨੁਸਾਰ ਮਨਮੁਖ, ਸਾਕਤ, ਮਾਇਆਧਾਰੀ, ਹੰਕਾਰੀ ਤੇ ਵਿਸ਼ੇ-ਵਿਕਾਰਾਂ ਵਿੱਚ ਫਸੇ ਮਨੁੱਖ ਨੂੰ 'ਦੁਸ਼ਟ' ਕਿਹਾ ਗਿਆ ਹੈ। ਦੁਸ਼ਟਾਂ ਦੀ ਸੰਗਤ (ਕੁਸੰਗਤ) ਤੋਂ ਦੂਰ ਰਹਿਣ ਦੀ ਤਾਕੀਦ ਕੀਤੀ ਗਈ ਹੈ ਕਿਉਂਕਿ ਦੁਸ਼ਟਾਂ ਦੇ ਅਚਾਰ, ਵਿਚਾਰ ਤੇ ਵਿਹਾਰ ਵਿੱਚ ਝੂਠ ਹੁੰਦਾ ਹੈ। ਦੁਸ਼ਟਾਂ ਦੀ ਦੋਸਤੀ ਨਾਲ ਮਨੁੱਖ ਆਪਣਾ ਜਨਮ ਗੁਆ ਲੈਂਦਾ ਹੈ:

*ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥*

*ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥*
*ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥*
*ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ॥*[95]

ਮਨੁੱਖ ਸੰਗਤ ਛੱਡ ਕੇ ਕੁਸੰਗਤ ਵਿੱਚ ਆਪਣੇ ਜੀਵਨ ਦਾ ਅਮੁੱਲਾ ਸਮਾਂ ਗੁਆ ਦਿੰਦਾ ਹੈ ਇਸ ਤਰ੍ਹਾਂ ਉਸਦਾ ਜੀਵਨ ਵਿਅਰਥ ਚਲਿਆ ਜਾਂਦਾ ਹੈ:

*ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ॥*
*ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥*[96]

ਗੁਰੂ ਜੀ ਨੇ ਆਪਣੀ ਬਾਣੀ ਵਿੱਚ ਜਿਨ੍ਹਾਂ ਹੋਰ ਭੈੜੇ ਜੀਵਾਂ ਦੀ ਸੰਗਤ ਤੋਂ ਵਰਜਿਆ ਹੈ ਉਹਨਾਂ ਲਈ ਗੁਰੂ ਨਾਨਕ ਬਾਣੀ ਵਿੱਚ ਕੁਝ ਸ਼ਬਦ ਤੇ ਪ੍ਰਤੀਕ ਪ੍ਰਯੋਗ ਕੀਤੇ ਹਨ ਜਿਵੇਂ ਕਉਆ[97], ਕੁਪੰਖੀ[98], ਕਿਰਾੜ[99], ਦੁਰਜਨ[100], ਦੁਸ਼ਟ[101] ਆਦਿ।

ਨਿਸ਼ਕਰਸ਼ ਵਜੋਂ ਅਸੀਂ ਆਖ ਸਕਦੇ ਹਾਂ ਕਿ ਲੱਗ ਭਗ ਸਾਰੇ ਕੋਸ਼ਾਂ ਵਿੱਚ ਇਹ ਗੱਲ ਸਵੀਕਾਰ ਕੀਤੀ ਗਈ ਹੈ ਕਿ ਬੁਰੇ ਲੋਕਾਂ ਦੀ ਸੁਹਬਤ ਹੀ ਕੁਸੰਗਤ ਹੈ। ਇਵੇਂ ਹੀ ਵੱਖ ਵੱਖ ਧਰਮਾਂ ਨੇ ਵੀ ਮਨੁੱਖ ਨੂੰ 'ਕੁਸੰਗਤ' ਤੋਂ ਵਰਜਿਆ ਹੈ। ਗੁਰੂ ਨਾਨਕ ਬਾਣੀ ਅਨੁਸਾਰ ਮਨੁੱਖ ਨੂੰ ਮਨਮੁਖ, ਸਾਕਤ, ਮਾਇਆਧਾਰੀ ਅਤੇ ਵਿਕਾਰਾਂ ਦੀ ਸੰਗਤ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਮਨੁੱਖ ਉੱਤੇ ਕੁਸੰਗਤ ਦੇ ਬਹੁ-ਦਿਸ਼ਾਵੀ ਪ੍ਰਭਾਵ ਪੈਂਦੇ ਹਨ। ਇਹ ਪ੍ਰਭਾਵ ਉਸ ਦੀ ਬੁੱਧੀ, ਆਤਮਾ, ਚਰਿੱਤਰ, ਨੈਤਿਕਤਾ ਨੂੰ ਦੂਸ਼ਿਤ ਕਰਦੇ ਹਨ।

## ਹਵਾਲੇ ਤੇ ਟਿੱਪਣੀਆਂ

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰ. 1365
2. ਉਹੀ, ਪੰ. 1371
3. ਉਹੀ, ਪੰ. 1369
4. ਉਹੀ, ਪੰ. 1369
5. ਵਾਰਾਂ ਭਾਈ ਗੁਰਦਾਸ, ਵਾਰ 4, ਪਉੜੀ 7
6. Dictionary of Thought, p. 33
7. Ibid, p. 33
8. Ibid p. 87
   "No company is far preferable to bad, because we are more apt to catch vice of others than thier Virtues as disease is more contagiousthan health."
9. Ibid p. 90
10. ਪੰਜਾਬੀ ਕੋਸ਼, ਭਾਗ ਪਹਿਲਾ, ਪੰ. 467
11. ਭਾਸ਼ਾ ਸ਼ਬਦ ਕੋਸ਼ (ਹਿੰਦੀ), ਪੰ. 490
12. ਵਿਸ਼ਾਲ ਸ਼ਬਦ ਸਾਗਰ (ਹਿੰਦੀ), ਪੰ. 253
13. ਰਿਗਵੇਦ-8-2-12 (ਹਵਾਲਾ ਆਰੀਆ ਜੀਵਨ ਦਰਸ਼ਨ ਪੰ. 135)
14. ਕਠੋਉਪਨਿਸ਼ਦ 1-2-24, (ਉਹੀ)
15. ਉਹੀ, 3-1-10
16. ਧਮਪਦ- 320
17. ਉਹੀ– 330
18. ਪਵਿੱਤਰ ਬਾਈਬਲ, ਮੱਤੀ 23-2-3 (ਹਵਾਲਾ ਡਾ. ਮਨਮੋਹਨ ਸਿੰਘ, ਸਾਮੀ ਧਰਮਾ ਦੇ ਉਪਦੇਸ਼)
19. ਪਵਿੱਤਰ ਬਾਈਬਲ, ਮੱਤੀ 23.14 (ਉਹੀ)
20. ਪਵਿੱਤਰ ਬਾਈਬਲ, ਪਤਮਾਂ ਦੀ ਪਹਿਲੀ ਚਿੱਠੀ 2.11 (ਉਹੀ)
21. ਕੁਰਾਨ ਮਜੀਦ (ਪੰਜਾਬੀ ਅਨੁਵਾਦ ਸਹਿਤ), ਅਲ-ਹੁਮਾਜਾ
    30.2-5, ਪੰ. 411-412
22. ਉਹੀ, ਅਲ-ਬਕਰ 2.209, ਪੰ. 73
23. ਉਹੀ, ਆਲਿ ਇਮਰਾਨ 3.29, ਪੰ. 185
24. ਅਤੇ ਉਹੀ, ਅਲ ਨਿਸ਼ਾ 4.141, ਪੰ. 220-221, ਅਲ ਇਅਰਫ 7-181 ਪੰ. 369
25. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 952
26. ਪਹਿਲਾ ਵਸਤੁ ਸਿਞਾਣਿ ਕੈ ਤਾ ਕੀਚੈ ਵਾਪਾਰੁ॥
    ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1530

27. ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ॥
ਉਹੀਂ, ਪੰ. 1530
28. ਕਲਮ ਦੀ ਕਰਾਮਾਤ, ਪੰ. 319
29. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੋਥੀ ਦੂਜੀ, ਪੰ. 362
30. ਬਾਣੀ ਸੰਸਾਰ, ਪੰ. 4731.
31. ਵਾਰਾਂ ਭਾਈ ਗੁਰਦਾਸ, ਵਾਰ 34, ਪਉੜੀ 19, 34/4, 34/12
32. ਉਹੀ, 32/1, 32/3-11, 32/15, 32/16, 32/19
33. ਉਹੀ, 35/1-7
34. ਉਹੀ, 37/23, 35/8-9
35. ਉਹੀ, 35/10-11
36. ਉਹੀ, 37/29, 33/8-12, 33/15-21, 33/੨
37. ਉਹੀ, 17/3, 17/7-9, 17/18-49
38. ਮਨਮੁਖੁ ਅੰਧਾ ਮੁਗਧੁ ਗਵਾਰੁ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 935
39. ਮਨਮੁਖ ਭਰਮਿ ਭੁਲੇ ਬਉਰਾਨੇ॥
ਉਹੀ, ਪੰ. 840
40. ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ॥
ਉਹੀ ਪੰ. 790
41. ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ॥
ਉਹੀ, ਪੰ. 572
42. ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ॥
ਉਹੀ, ਪੰ. 524
43. ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ॥
ਉਹੀ, ਪੰ. 496
44. ਮਨਮੁਖਿ ਮੈਲਾ ਸਬਦੁ ਨ ਪਛਾਣੈ॥
ਉਹੀ, ਪੰ. 474
45. ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ॥
ਉਹੀ, ਪੰ. 496
46. ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥
ਨਾਵਹੁ ਭੂਲੇ ਥਾਉ ਨ ਕੋਈ॥ ਉਹੀ ਪੰ. 843
47. ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ ਪਛੁਤਾਣੀਆ॥
ਉਹੀ, ਪੰ. 382
48. ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ॥
ਉਹੀ, ਪੰ. 375

49. ਮਨਮੁਖ ਮੂੜ ਮਾਇਆ ਚਿਤ ਵਾਸੁ॥
ਉਹੀ, ਪੰ. 340
50. ਮਨਮੁਖ ਕੁਚੀਲ ਕੁਛਿਤ ਬਿਕਰਾਲਾ॥
ਉਹੀ, ਪੰ. 342
51. ਪੰਜਾਬੀ ਕੋਸ਼, ਪੰ. 165
52. ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ ਜਾ ਸਾਕਤ ਦੁਰਮਤਿ ਲਾਗਾ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 694
53. ਸਾਕਤ ਮਾਇਆ ਕਉ ਬਹੁ ਧਾਵਹਿ॥
ਨਾਮੁ ਵਿਸਾਰਿ ਕਹਾ ਸੁਖੁ ਪਾਵਹਿ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1157
54. ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ॥
ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ॥
ਉਹੀ, ਪੰ. 689
55. ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ॥
ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ॥
ਉਹੀ, ਪੰ. 791
56. ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨ ਜਾਨੁ॥
ਉਹੀ, ਪੰ. 114
57. ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਇ॥
ਉਹੀ, ਪੰ. 118
58. ਸਾਕਤ ਕੂੜ ਕਪਟ ਮਹਿ ਟੇਕਾ॥ ਅਹਿਨਿਸਿ ਨਿੰਦਾ ਕਰਹਿ ਅਨੇਕਾ॥
ਉਹੀ, ਪੰ. 1162
59. ਸੁਖ ਸੰਪਤਿ ਕਉ ਆਵਤ ਦੇਖੈ ਸਾਕਤ ਮਨਿ ਅਭਿਮਾਨੁ ਭਇਆ॥
ਉਹੀ, ਪੰ. 912
60. ਦੇਖਿ ਕੁਟੰਬੁ ਮਾਇਆ ਗ੍ਰਿਹ ਮੰਦਰੁ ਸਾਕਤੁ ਜੰਜਾਲਿ ਪਰਾਲਿ ਪਇਆ।
ਉਹੀ, ਪੰ. 912
61. ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ।
ਉਹੀ, ਪੰ. 277
62. ਸਾਕਤ ਦੁਰਮਤਿ ਡੂਬਹਿ ਦਾਝਹਿ...॥
ਉਹੀ, ਪੰ. 1167
63. ਸਾਕਤ ਫਾਸੀ ਪੜੈ ਇਕੇਲਾ॥
ਉਹੀ, ਪੰ. 1167
64. ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ॥
ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ॥

ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ॥
ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ॥
ਉਹੀ, ਪੰ. 1535

65. ਭਾਈ ਕਾਨ੍ਹ ਸਿੰਘ ਨਾਭਾ, ਪੰ. 958
66. ਮਾਇਆ ਮੋਹੁ ਧਰਕਟੀ ਨਾਰਿ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 838
67. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1274
68. ਉਹੀ, ਪੰ. 876
69. ਉਹੀ, ਪੰ. 832
70. ਉਹੀ ਪੰ. 417
71. ਮਾਇਆ ਸੰਚਿ ਰਾਜੇ ਅਹੰਕਾਰੀ॥
ਉਹੀ, ਪੰ. 1342
72. ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1541
73. ਨਾਲੰਦਾ, ਵਿਸ਼ਾਲ ਸ਼ਬਦ ਸਾਗਰ, ਪੰ. 1257
74. ਗੁਰੂ ਗ੍ਰੰਥ ਸਾਹਿਬ, ਪੰ. 359
75. ਉਹੀ, ਪੰ. 137
76. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 207
77. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 225
78. ਉਹੀ, ਪੰ. 15
79. ਉਹੀ, ਪੰ. 932
80. ਉਹੀ, ਪੰ. 437
81. ਉਹੀ, ਪੰ. 24
82. ਉਹੀ, ਪੰ. 224
83. ਉਹੀ, ਪੰ. 419
84. ਉਹੀ, ਪੰ. 1191
85. ਉਹੀ, ਪੰ. 662
86. ਉਹੀ, ਪੰ. 356
87. ਉਹੀ, ਪੰ. 357
88. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 365
89. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 19
90. ਉਹੀ, ਪੰ. 140
91. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 972

92. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1246
93. ਉਹੀ, ਪੰ. 956
94. ਛੋਡਹੁ ਕਾਮ ਕ੍ਰੋਧੁ ਬੁਰਿਆਈ॥
ਹਉਮੈ ਧੰਧੁ ਛੋਡਹੁ ਲੰਪਟਾਈ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1141
95. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 790
96. ਉਹੀ, ਪੰ. 790
97. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 1535
98. ਉਹੀ, ਪੰ. 1535
99. ਉਹੀ, ਪੰ. 1541
100. ਉਹੀ, ਪੰ. 1530
101. ਉਹੀ, ਪੰ. 1343

ਅਧਿਆਇ ਦਸਵਾਂ

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਅਤੇ ਹੋਰ ਧਾਰਮਿਕ ਪੁਸਤਕਾਂ - ਤੁਲਨਾਤਮਕ ਅਧਿਐਨ (ਵੇਦ, ਉਪਨਿਸ਼ਦ, ਧਮਪਦ, ਬਾਈਬਲ, ਕੁਰਾਨ ਸਰੀਫ਼)

10.1 'ਸਿੱਖ-ਸੰਗਤ' ਤੇ ਵੇਦ

10.2 'ਸਿੱਖ-ਸੰਗਤ' ਤੇ ਉਪਨਿਸ਼ਦ

10.3 'ਸਿੱਖ-ਸੰਗਤ' ਤੇ ਧਮਪਦ

10.4 'ਸਿੱਖ-ਸੰਗਤ' ਤੇ ਬਾਈਬਲ

10.5 'ਸਿੱਖ-ਸੰਗਤ ਤੇ ਕੁਰਾਨ ਸਰੀਫ਼

# ਗੁਰੂ ਨਾਨਕ ਬਾਣੀ ਵਿਚਲੀ ਸੰਗਤ ਅਤੇ ਹੋਰ ਧਾਰਮਿਕ ਪੁਸਤਕਾਂ - ਤੁਲਨਾਤਮਕ ਅਧਿਐਨ

ਅਸੀਂ ਪਹਿਲੇ ਅਧਿਆਇ ਵਿੱਚ ਵਿਚਾਰ ਕਰ ਆਏ ਹਾਂ ਕਿ ਵੱਖ-ਵੱਖ ਧਾਰਮਿਕ ਪੁਸਤਕਾਂ ਵਿੱਚ ਸੰਗਤ ਦਾ ਕੀ ਸੰਕਲਪ ਹੈ। ਪਰੰਤੂ ਉਸ ਅਧਿਆਇ ਵਿੱਚ ਲੋੜ ਅਨੁਸਾਰ ਸਾਡੀ ਪਹੁੰਚ ਸਿੱਧੀ ਸੀ ਅਤੇ ਇਸ ਦਾ ਅਧਿਐਨ 'ਸਿੱਖ-ਸੰਗਤ' ਦੇ ਸੰਦਰਭ ਵਿੱਚ ਨਹੀਂ ਸੀ ਕੀਤਾ ਗਿਆ। ਪਰੰਤੂ ਇਸ (ਦਸਵੇ) ਅਧਿਆਇ ਵਿੱਚ ਅਸੀਂ 'ਸਿੱਖ-ਸੰਗਤ' ਦਾ ਵੱਖ-ਵੱਖ ਧਰਮ ਪੁਸਤਕਾਂ (ਵੇਦ, ਉਪਨਿਸ਼ਦ, ਧਮਪਦ, ਬਾਈਬਲ, ਕੁਰਾਨ-ਸਰੀਫ਼) ਨਾਲ ਤੁਲਨਾਤਮਕ ਅਧਿਐਨ ਵਿਸਤ੍ਰਿਤ ਰੂਪ ਵਿਚ ਕਰ ਰਹੇ ਹਾਂ। ਇਥੇ ਸਾਡਾ ਇਹ ਦੇਖਣ ਦਾ ਯਤਨ ਹੋਵੇਗਾ ਕਿ ਪਰਿਭਾਸ਼ਾ, ਉਦੇਸ਼, ਸੰਰਚਨਾ ਤੇ ਪ੍ਰਕਿਰਿਆ ਦੇ ਸੰਦਰਭ ਵਿੱਚ 'ਸਿੱਖ-ਸੰਗਤ' ਕਿਸ ਧਾਰਮਿਕ ਗ੍ਰੰਥ ਨਾਲ ਕਿੰਨੀ ਕੁ ਯਮਾਨਤਾ ਜਾਂ ਅਸਮਾਨਤਾ ਰੱਖਦੀ ਹੈ।

ਗੁਰੂ ਨਾਨਕ ਬਾਣੀ ਤੋਂ ਪਹਿਲਾਂ ਵੱਖ ਵੱਖ ਧਰਮਾਂ ਦੇ ਕੁਝ ਧਾਰਮਿਕ ਗ੍ਰੰਥ ਪ੍ਰਚਲਿਤ ਹਨ, ਜਿਵੇਂ ਵੇਦ, ਉਪਨਿਸ਼ਦ, ਧਮਪਦ, ਬਾਈਬਲ, ਕੁਰਾਨ ਸਰੀਫ਼ ਆਦਿ। ਇਹਨਾਂ ਗ੍ਰੰਥਾਂ ਵਿੱਚ ਵੀ ਸੰਗਤ ਦਾ ਸੰਕਲਪ ਕਿਸੇ ਨਾ ਕਿਸੇ ਰੂਪ ਵਿੱਚ ਮਿਲਦਾ ਹੈ। ਅਗਲੇ ਸਫ਼ਿਆਂ ਤੇ ਅਸੀਂ ਗੁਰੂ ਨਾਨਕ ਬਾਣੀ ਅਤੇ ਇਹਨਾਂ ਗ੍ਰੰਥ ਵਿੱਚ ਸੰਗਤ ਸੰਬੰਧੀ ਉਪਲੱਬਧ ਸੰਕਲਪਾਂ ਦਾ ਤੁਲਨਾਤਮਕ ਅਧਿਐਨ ਕਰਦੇ ਹਾਂ।

### 10.1 'ਸਿੱਖ-ਸੰਗਤ' ਅਤੇ ਵੇਦ :

ਵੇਦਾਂ ਨੂੰ ਭਾਰਤੀ ਸੰਸਕ੍ਰਿਤੀ ਦਾ ਸਭ ਤੋਂ ਪੁਰਾਣਾ ਸਾਹਿਤ ਮੰਨਿਆ ਜਾਂਦਾ ਹੈ। ਵੇਦ ਚਾਰ ਹਨ : ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ। ਇਹਨਾਂ ਨੂੰ ਸੰਹਿਤਾਂ (ਭਜਨਾਂ ਦਾ ਇਕੱਠ) ਵੀ ਕਹਿੰਦੇ ਹਨ। 'ਵੇਦ' ਸ਼ਬਦ ਦਾ ਭਾਵ 'ਗਿਆਨ' ਹੈ। ਇਹ ਗਿਆਨ ਰੱਬ ਤੋ ਉਤਰਿਆ ਹੋਇਆ ਮੰਨਿਆ ਜਾਂਦਾ ਹੈ। ਇਸੇ ਲਈ ਵੇਦ ਪਵਿੱਤਰ ਮੰਨੇ ਗਏ ਹਨ। ਇਹਨਾਂ ਚਾਰ ਪਵਿੱਤਰ ਗ੍ਰੰਥਾਂ ਵਿਚੋਂ ਸਭ ਤੋਂ ਪੁਰਾਣਾ ਅਤੇ ਪ੍ਰਸਿੱਧ ਰਿਗਵੇਦ ਹੈ। ਇਸ ਵਿੱਚ 1028 ਭਜਨ ਹਨ ਜਿਹੜੇ 10 ਮੰਡਲਾਂ ਵਿੱਚ ਵੰਡੇ ਗਏ ਹਨ।[1] 'ਰਿਕ' ਸ਼ਬਦ ਜਿਹੜਾ ਆਮ ਤੌਰ ਤੇ ਦੇਵਤੇ ਦੇ ਸੰਬੰਧ ਵਿੱਚ ਵਰਤਿਆ ਜਾਂਦਾ ਹੈ, ਦਾ ਭਾਵ ਉਸਤਤ ਵਿੱਚ ਰਚਿਆ ਭਜਨ ਹੈ। ਸ਼ਬਦ 'ਯਜੁਸ' ਦਾ ਭਾਵ ਬਲੀ ਜਾਂ ਯੱਗ ਹੈ। ਯੁਜਰਵੇਦ ਬਲੀ ਤੇ ਯੱਗਾਂ ਸੰਬੰਧੀ ਰੀਤਾਂ ਤੇ ਮੰਤਰਾਂ ਦਾ ਸੰਗ੍ਰਹਿ ਹੈ। 'ਸਾਮ' ਸ਼ਬਦ ਦਾ ਭਾਵ ਭਜਨ ਗਾਉਣਾ ਹੈ। ਸਾਮਵੇਦ 'ਰਿਗਵੇਦ' ਵਿਚੋਂ ਚੁਣੇ ਅਜਿਹੇ ਭਜਨਾਂ ਦਾ ਸਮੂਹ ਹੈ ਜਿਹੜੇ ਗਾਉਣ ਦੇ ਮਨੋਰਥ ਨਾਲ ਰਸ ਦੀਆਂ ਧੁਨੀਆਂ ਅਨੁਸਾਰ ਇੱਕਠੇ ਕੀਤੇ ਗਏ ਹਨ। ਸ਼ਬਦ 'ਅਥਰਵਨ' ਦਾ ਭਾਵ ਹੈ ਪੁਜਾਰੀ ਜਾਂ ਬ੍ਰਾਹਮਣ, ਜਿਹੜਾ ਅੱਗ ਅਤੇ ਸੋਮ ਦੀ ਪੂਜਾ ਕਰਦਾ ਹੈ। ਇਸ ਤੋਂ ਮੰਤਰਾਂ ਦੇ ਚੌਥੇ ਸਮੂਹ ਦਾ ਨਾਮ ਅਥਰਵਵੇਦ ਪਿਆ। ਇਹ ਵੇਦਾਂ ਵਿਚੋਂ ਸਭ ਤੋਂ ਆਖਰੀ ਹੈ।[2]

'ਸੰਗਤ ਦਾ ਵਿਕਾਸ' ਦੇ ਅਧਿਆਇ ਵਿੱਚ ਵੇਦਾਂ ਵਿੱਚ ਸੰਗਤ ਦੇ ਸੰਕਲਪ ਦੀ ਚਰਚਾ ਕੀਤੀ ਗਈ ਹੈ। ਭਾਵੇਂ ਵੇਦਾਂ ਵਿੱਚ ਸੰਗਤ ਦੀ ਸਪਸ਼ਟ ਪਰਿਭਾਸ਼ਾ ਨਹੀਂ ਮਿਲਦੀ ਫਿਰ ਵੀ ਇਹਨਾਂ ਵਿੱਚ ਸੰਗਤੀ ਭਾਵ ਦਾ ਨਿਰੂਪਣ ਹੁੰਦਾ ਹੈ। ਵੇਦਾਂ ਤੋਂ ਇਸ ਤਰ੍ਹਾਂ ਦੇ ਹਵਾਲੇ ਮਿਲਦੇ ਹਨ ਕਿ ਲੋਕ ਸਮਾਨ ਲਕਸ਼, ਸਦਭਾਵਨਾ ਅਤੇ ਸਮਾਨ ਮਨ ਲਈ ਪ੍ਰਾਰਥਨਾਵਾਂ ਕਰਦੇ ਹਨ। ਇਸ ਤਰ੍ਹਾਂ ਇੱਕਤਰ ਹੋਏ ਲੋਕਾਂ ਲਈ 'ਦੇਵਪੁਤਰੀ', 'ਸਭਾ', 'ਸੰਮਤੀ' ਅਤੇ 'ਨਰਿਸ਼ਟਾ' ਸ਼ਬਦ ਵਰਤੇ ਗਏ ਹਨ। ਇਹਨਾਂ ਸਭਾਵਾਂ ਵਿੱਚ ਲੋਕਾਂ ਦਾ ਮੁੱਖ ਮੰਤਵ ਦੇਵੀ ਦੇਵਤਿਆਂ ਦੀ ਉਸਤਤੀ, ਯੱਗ ਕਰਨਾ ਆਦਿ ਪ੍ਰਮੁੱਖ ਉਦੇਸ਼ ਸਨ। ਵੇਦਾਂ ਦੀ ਸੰਗਤ ਨੂੰ ਸੰਗਤ ਦਾ ਮੁੱਢ ਕਿਹਾ ਜਾ ਸਕਦਾ ਹੈ ਜਦੋਂ ਕਿ

ਗੁਰੂ ਨਾਨਕ ਬਾਣੀ ਵਿਚਲੀ ਸੰਗਤ ਇਸ ਦਾ ਸਿਖਰ ਹੈ, 'ਸਿੱਖ-ਸੰਗਤ' ਦੇ ਉਦੇਸ਼, ਸੰਰਚਨਾ ਤੇ ਪ੍ਰਕ੍ਰਿਆ ਦੇ ਮੁੱਖ ਰੂਪ ਵਿੱਚ ਅੰਤਰ ਹੈ। ਵੇਦਾਂ ਦੀ ਸੰਗਤ ਦਾ ਉਦੇਸ਼ ਸੰਸਾਰਿਕ ਸੁੱਖਾਂ ਦੀ ਪ੍ਰਾਪਤੀ ਲਈ ਦੇਵਤਿਆਂ ਦੀ ਅਰਾਧਨਾ ਕਰਨਾ ਹੈ[3] ਜਦੋਂ ਕਿ 'ਸਿੱਖ-ਸੰਗਤ' ਦਾ ਉਦੇਸ਼ ਪ੍ਰਭੂ ਪ੍ਰਾਪਤੀ ਅਤੇ ਸਚਿਆਰਮਈ ਮਨੁੱਖੀ ਜੀਵਨ ਜਾਂਚ ਪ੍ਰਾਪਤ ਕਰਨਾ ਹੈ। ਇੰਜ 'ਵੇਦ-ਸੰਗਤ' 'ਸਿੱਖ-ਸੰਗਤ' ਨਾਲ ਏਨੀ ਹੀ ਸਮਾਨਤਾ ਰੱਖਦੀ ਹੈ ਕਿ ਦੋਵਾਂ ਅਨੁਸਾਰ ਲੋਕ ਆਪਣੇ ਕਿਸੇ ਸਾਂਝੇ ਉਦੇਸ਼ ਦੀ ਪ੍ਰਾਪਤੀ ਲਈ ਜੁੜਦੇ ਹਨ ਅਤੇ ਦੋਵਾਂ ਸੰਗਤਾਂ ਵਿੱਚ ਇਸਤਰੀਆਂ ਵੀ ਸ਼ਾਮਿਲ ਹੋ ਸਕਦੀਆਂ ਹਨ। ਪਰ ਅਧਿਆਤਮਿਕ ਜਾਂ ਨੈਤਿਕਤਾ ਦਾ 'ਵੇਦ-ਸੰਗਤ' ਵਿੱਚ ਕਿਧਰੇ ਕੋਈ ਜ਼ਿਕਰ ਨਹੀਂ ਆਉਂਦਾ।[4] ਸਿੱਖ ਸੰਗਤ' ਵਿੱਚ ਪਰਮਾਤਮਾ ਦਾ ਨਿਵਾਸ ਮੰਨਿਆ ਗਿਆ ਹੈ। ਇਸ ਦਾ ਮੁੱਖ ਅਧਾਰ ਗੁਰਸ਼ਬਦ ਹੈ ਜਦੋਂ ਕਿ 'ਵੇਦ ਸੰਗਤ' ਦਾ ਮੁੱਖ ਆਧਾਰ ਕੋਈ ਵਿਸੇਸ਼ ਦੇਵਤਾ ਹੈ। 'ਵੇਦ-ਸੰਗਤ' ਵਿੱਚ ਥਾਂ ਥਾਂ ਦੀ ਸੰਗਤ ਵਿੱਚ ਇਹ ਵੀ ਅੰਤਰ ਹੈ ਕਿ ਹਰ ਸੰਗਤ ਦਾ ਇਸ਼ਟ ਅਲੱਗ ਅਲੱਗ ਦੇਵਤਾ ਹੋ ਸਕਦਾ ਹੈ ਜਾਂ ਇਕ ਤੋਂ ਵੱਧ ਦੇਵਤਿਆਂ ਦੀ ਆਰਾਧਨਾ ਹੋ ਸਕਦੀ ਹੈ, ਜਦੋਂ ਕਿ 'ਸਿੱਖ-ਸੰਗਤ' ਗੁਰਸ਼ਬਦ ਤੇ ਆਧਾਰਿਤ ਹੁੰਦੀ ਹੈ। 'ਸਿੱਖ-ਸੰਗਤ' ਵਿੱਚ ਪਰਮਾਤਮਾ ਤੇ ਗੁਰੂ ਦਾ ਸਮਾਵੇਸ਼ ਹੁੰਦਾ ਹੈ, ਜਦੋਂ ਕਿ 'ਵੇਦ-ਸੰਗਤ' ਇਸ ਗੱਲ ਤੋਂ ਵਾਂਝੀ ਹੈ।

'ਵੇਦ-ਸੰਗਤ' ਵਿਚ ਦੇਵਤਿਆਂ ਦੀ ਉਸਤਤੀ ਵਿੱਚ ਮੰਤਰਾਂ ਦਾ ਉਚਾਰਣ, ਯੱਗ ਤੇ ਬਲੀ ਕਿਰਿਆਵਾਂ ਹਨ ਪਰੰਤੂ 'ਸਿੱਖ-ਸੰਗਤ' ਵਿੱਚ ਗੁਰਬਾਣੀ ਪੜ੍ਹਨੀ, ਕੀਰਤਨ ਕਰਨਾ, ਗੁਰਬਾਣੀ ਵਿਚਾਰ ਤੇ ਪਰਮਾਤਮਾ ਦੇ ਨਾਮ ਦਾ ਸਿਮਰਨ ਮੁੱਖ ਕਿਰਿਆਵਾਂ ਹਨ।

'ਸਿੱਖ ਸੰਗਤ' ਦੀ ਸੰਰਚਨਾ ਦੇ ਮੁੱਖ ਅੰਸ਼ ਸਿੱਖ, ਪਰਮਾਤਮਾ ਤੇ ਗੁਰੂ ਹਨ ਅਤੇ ਕੀਰਤਨ, ਕਥਾ, ਅਰਦਾਸ, ਸੇਵਾ ਤੇ ਲੰਗਰ/ਪੰਗਤ ਇਸ ਦੇ ਸਹਾਇਕ ਅੰਸ਼ ਹਨ। 'ਸਿੱਖ-ਸੰਗਤ' ਵਿੱਚ ਗੁਰੂ ਦੀ ਸਿੱਖਿਆ ਨੂੰ ਅਮਲੀ ਜਾਮਾ ਪਹਿਨਾਇਆ ਜਾਂਦਾ ਹੈ। ਇਸ ਵਿਚ ਸਿੱਖ ਸੰਸਾਰਿਕ ਨਾਤਿਆਂ ਨੂੰ ਤਰਜੀਹ ਨਾ ਦੇ ਕੇ ਸੰਗਤੀ ਸਾਥੀਆਂ ਨਾਲ ਨਾਤਾ ਜੋੜਦਾ ਹੈ। ਇਹ ਕੇਵਲ ਰੂਹਾਨੀ ਸੰਬੰਧ ਤੇ ਆਧਾਰਿਤ ਹੁੰਦਾ ਹੈ। ਇਸ ਲਈ 'ਸਿੱਖ-ਸੰਗਤ' ਵਿੱਚ ਸਾਰੇ ਵਰਨ ਇਕ ਹੋ ਜਾਂਦੇ ਹਨ। 'ਵੇਦ-ਸੰਗਤ' ਵਿੱਚ ਉਪਰੋਕਤ ਬਿੰਦੂਆਂ ਦਾ ਅਭਾਵ ਹੈ।

'ਸਿੱਖ-ਸੰਗਤ' ਗੁਰਮੁਖਾਂ, ਆਸਤਕ ਤੇ ਭਲੇ ਪੁਰਸ਼ਾਂ ਦੀ ਸੰਗਤ ਹੈ, ਜੋ ਵਾਹਿਗੁਰੂ ਨਾਮ ਦਾ ਹਰ ਵੇਲੇ ਆਸਰਾ ਲੈ ਕੇ ਮਨੁੱਖ-ਮਾਤਰ ਦੀ ਸੇਵਾ ਵਿੱਚ ਜੀਵਨ ਅਰਪਨ ਕਰਨ ਨੂੰ ਆਪਣੇ ਜੀਵਨ-ਸਿਧਾਂਤ ਵਜੋਂ ਅਪਣਾਉਂਦੇ ਹਨ। ਇਸ ਸੰਗਤ ਦਾ ਸੰਚਾਲਕੀ ਧੁਰਾ ਗੁਰੂ ਹੈ ਜੋ ਕਿ ਸੰਗਤ ਰਾਹੀਂ ਆਪਣੇ ਸਰਬ ਕਲਿਆਣ ਦੇ ਉਦੇਸ਼ ਦੀ ਪੂਰਤੀ ਕਰਦਾ ਹੈ।

ਨਿਸ਼ਕਰਸ਼ ਵਜੋਂ ਅਸੀ ਆਖ ਸਕਦੇ ਕਿ 'ਵੇਦ-ਸੰਗਤ' ਤਾਂ ਬੀਜ ਰੂਪ ਹੈ, ਜਦੋਂ ਕਿ 'ਸਿੱਖ-ਸੰਗਤ' ਸੰਗਤ ਦੇ ਸੰਕਲਪ ਦਾ ਸਿਖਰ ਹੈ। ਇਸ ਕਾਰਨ ਕਰਕੇ ਦੋਵਾਂ ਦੇ ਉਦੇਸ਼ ਗਠਨ ਤੇ ਪ੍ਰਕ੍ਰਿਆ ਵਿੱਚ ਵੀ ਅੰਤਰ ਹੈ।

### 10.2 ਗੁਰੂ ਨਾਨਕ ਬਾਣੀ ਵਿਚਲੀ ਸੰਗਤ ਅਤੇ ਉਪਨਿਸ਼ਦ

ਭਾਰਤੀ ਅਧਿਆਤਮਵਾਦ ਦਾ ਮੂਲ ਆਧਾਰ ਉਪਨਿਸ਼ਦ ਕਹੇ ਜਾ ਸਕਦੇ ਹਨ, ਕਿਉਂਕਿ ਉਪਨਿਸ਼ਦਾਂ ਵਿੱਚ ਹੀ ਆਤਮ-ਵਿਦਿਆ ਜਾਂ ਬ੍ਰਹਮ-ਵਿਦਿਆ ਸੰਬੰਧੀ ਯਥਾਰਥ ਰੂਪ ਵਿੱਚ ਸਭ ਤੋਂ ਪਹਿਲਾਂ ਵਿਆਖਿਆ ਪ੍ਰਾਪਤ ਹੁੰਦੀ ਹੈ। ਸਾਧਾਰਣ ਤੌਰ ਤੇ ਵੇਦ ਦੇ ਚਾਰ ਭਾਗ ਮੰਨੇ ਗਏ ਹਨ, ਜਿਹਨਾਂ ਨੂੰ ਸੰਹਿਤਾ-ਭਾਗ, ਬ੍ਰਹਮਣ ਭਾਗ, ਆਰਣਿਅਕ ਭਾਗ ਤੇ ਉਪਨਿਸ਼ਦ ਭਾਗ ਕਿਹਾ ਜਾਂਦਾ ਹੈ।[5] ਸੰਹਿਤਾ ਭਾਗ ਵਿੱਚ ਮੰਤਰਾਂ ਦਾ ਸੰਗ੍ਰਹਿ ਪ੍ਰਾਪਤ ਹੁੰਦਾ ਹੈ, ਬ੍ਰਾਹਮਣ ਭਾਗ ਕਰਮਕਾਂਡ ਦੀ ਵਿਆਖਿਆ ਕਰਦਾ ਹੈ। ਆਰਣਿਅਕ ਭਾਗ ਉਪਾਸ਼ਨਾ ਕਾਂਡ ਨਾਲ ਸੰਬੰਧਿਤ ਹੈ, ਉਪਨਿਸ਼ਦ ਭਾਗ ਗਿਆਨ ਕਾਂਡ ਦਾ ਵਿਸ਼ਲੇਸ਼ਣ ਕਰਦਾ ਹੈ। ਇਸ ਤਰ੍ਹਾਂ ਉਪਨਿਸ਼ਦਾਂ ਨੂੰ ਵੇਦਾਂ ਦਾ ਆਖਰੀ ਜਾਂ ਅੰਤਮ ਭਾਗ ਹੋਣ ਕਰਕੇ 'ਵੇਦਾਂਤ' ਵੀ ਕਿਹਾ ਜਾਂਦਾ ਹੈ। (ਹਾਲਾਂਕਿ ਸ਼ੰਕਰਾਚਾਰੀਆਂ ਦਾ ਵੇਦਾਂਤ-ਦਰਸ਼ਨ ਉਪਨਿਸ਼ਦਾਂ ਤੋਂ ਵੱਖਰਾ ਪ੍ਰਾਪਤ ਹੁੰਦਾ ਹੈ, ਫਿਰ ਵੀ ਉਹ ਉਪਨਿਸ਼ਦਾਂ ਦੇ ਵਾਕਾਂ ਦੀ ਵਿਆਖਿਆ

ਕਰਦਾ ਹੈ ਅਤੇ ਉਪਨਿਸ਼ਦਾਂ ਦੇ ਦਰਸ਼ਨ ਤੇ ਹੀ ਆਧਾਰਿਤ ਹੈ।) 'ਉਪਨਿਸ਼ਦ' ਸ਼ਬਦ ਦੇ ਅਰਥਾਂ ਅਨੁਸਾਰ ਉਪਨਿਸ਼ਦ ਇਕ ਅਜਿਹੀ ਵਿਦਿਆ ਹੈ ਜਿਹੜੀ ਗੁਰੂ ਦੇ ਨੇੜੇ ਚੰਗੀ ਤਰ੍ਹਾਂ ਜਾਂ ਭਗਤੀ ਭਾਵ ਨਾਲ ਬੈਠ ਕੇ ਸਿੱਖੀ ਜਾਂਦੀ ਹੈ। ਇਹ ਵਿਦਿਆ ਮਨੁੱਖ ਦੇ ਅਗਿਆਨ ਦਾ ਵਿਨਾਸ਼ ਕਰ ਦਿੰਦੀ ਹੈ ਤੇ ਮਨੁੱਖ ਜਨਮ ਮਰਨ ਦੇ ਚੱਕਰ ਤੋਂ ਨਿਕਲ ਕੇ ਹਮੇਸ਼ਾਂ ਲਈ ਮੁਕਤ ਹੋ ਜਾਂਦਾ ਹੈ।[6]

ਉਪਨਿਸ਼ਦਾਂ ਵਿੱਚ ਸੰਗਤ ਦੀ ਕੋਈ ਪਰਿਭਾਸ਼ਾ ਉਪਲੱਬਧ ਨਹੀਂ ਹੈ ਪਰੰਤੂ ਸੰਗਤ ਲਈ 'ਬ੍ਰਹਮਸੰਸਦ' ਸ਼ਬਦ ਦੀ ਵਰਤੋਂ ਮਿਲਦੀ ਹੈ। ਉਪਨਿਸ਼ਦਾਂ ਵਿੱਚ ਵਰਣਤ ਸੰਗਤ ਗੁਰੂ-ਸ਼ਿਸ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਇਸ ਵਿੱਚ ਸ਼ਿਸ਼ ਰਿਸ਼ੀ-ਆਸ਼ਰਮ ਵਿੱਚ ਰਿਸ਼ੀ ਨੂੰ ਗੁਰੂ ਮੰਨ ਕੇ ਉਸ ਤੋਂ ਬ੍ਰਹਮ-ਵਿਦਿਆ ਪ੍ਰਾਪਤ ਕਰਦੇ ਹਨ। ਇਸ ਸੰਗਤ ਵਿੱਚ ਸ਼ਮੂਲੀਅਤ ਚੋਣਵੇਂ ਲੋਕਾਂ ਦੀ ਹੀ ਦੱਸੀ ਗਈ ਹੈ। ਆਮ ਲੋਕਾਂ ਨੂੰ ਇਸ ਤੋਂ ਦੂਰ ਰੱਖਿਆ ਗਿਆ ਹੈ।

ਇਸ ਪ੍ਰਕਾਰ ਉਪਨਿਸ਼ਦਾਂ ਵਿਚਲੀ ਸੰਗਤ ਉਦੇਸ਼, ਸੰਰਚਨਾ ਤੇ ਪ੍ਰਕਿਰਿਆ ਆਦਿ ਦੀ ਦ੍ਰਿਸ਼ਟੀ ਤੋਂ ਵੇਦ ਗ੍ਰੰਥਾਂ ਵਿਚਲੀ ਸੰਗਤ (ਜਿਸ ਸੰਬੰਧੀ ਅਸੀਂ ਚਰਚਾ ਕਰ ਆਏ ਹਾਂ) ਨਾਲੋਂ ਭਿੰਨ ਹੈ। ਜਿਥੋਂ ਤੱਕ ਇਸ ਦਾ 'ਸਿੱਖ-ਸੰਗਤ' ਨਾਲ ਤੁਲਨਾਮਤਕ ਅਧਿਐਨ ਦਾ ਸੰਬੰਧ ਹੈ ਅਸੀਂ ਨਿਰਸੰਦੇਹ ਆਖ ਸਕਦੇ ਹਾਂ ਕਿ ਦੋਹਾਂ ਵਿੱਚ ਕੁਝ ਸਮਾਨਤਾਵਾਂ ਵੀ ਹਨ ਤੇ ਕੁਝ ਅਸਾਮਨਤਾਵਾਂ ਵੀ ਹਨ। ਸਿੱਖ ਸੰਗਤ ਦਾ ਉਦੇਸ਼ ਉਪਨਿਸ਼ਦਾਂ ਦੀ ਸੰਗਤ ਨਾਲ ਇਸ ਗਲ ਤੋਂ ਸਮਾਨਤਾ ਰੱਖਦਾ ਹੈ ਕਿ ਦੋਹਾਂ ਵਿੱਚ ਬ੍ਰਹਮ-ਤੱਤ (ਪਰਮਾਤਮਾ) ਦੀ ਪ੍ਰਾਪਤੀ ਲਈ ਜੁੜਨਾ ਹੈ। ਦੋਵਾਂ ਦਾ ਆਧਾਰ ਅਧਿਆਤਮਕ ਤੇ ਨੈਤਿਕਤਾ ਹੈ ਪਰ ਪ੍ਰਾਪਤੀ ਦੇ ਸਾਧਨਾਂ ਵਿੱਚ ਅੰਤਰ ਹੈ। ਉਪਨਿਸ਼ਦਾਂ ਵਿੱਚ ਗ੍ਰਹਿਸਤੀ ਜੀਵਨ ਤੋਂ ਦੂਰ ਰਹਿ ਕੇ ਆਸ਼ਰਮਾਂ ਵਿੱਚ ਗੁਰੂ (ਰਿਸ਼ੀ) ਦੀ ਸੇਵਾ ਕਰਦਿਆਂ ਹੋਇਆਂ ਮਨੁੱਖ ਬ੍ਰਹਮ-ਤੱਤ ਨੂੰ ਜਾਣਦਾ ਹੈ ਜਦੋਂ ਕਿ 'ਸਿੱਖ-ਸੰਗਤ' ਸੰਸਾਰ ਵਿੱਚ ਵਿਚਰਦਿਆਂ ਗੁਰੂ ਦੀ ਸਿੱਖਿਆ ਨੂੰ ਕਮਾਉਂਦਿਆਂ ਬ੍ਰਹਮ-ਤੱਤ ਦੀ ਪ੍ਰਾਪਤੀ ਹੀ ਨਹੀਂ, ਸਗੋਂ ਇਸ ਨਾਲ ਅਭੇਦਤਾ ਮੁੱਖ ਨਿਸ਼ਾਨਾ ਮੰਨਦੀ ਹੈ। 'ਸਿੱਖ-ਸੰਗਤ' ਵਿੱਚ ਜਨ ਸਾਧਾਰਨ ਦੀ ਸ਼ਮੂਲੀਅਤ ਵੀ 'ਉਪਨਿਸ਼ਦ-ਸੰਗਤ' ਤੋਂ ਇਸ ਦਾ ਵਖਰੇਵਾਂ ਦਰਸਾਉਂਦੀ ਹੈ।

'ਉਪਨਿਸ਼ਦ-ਸੰਗਤ' ਵਿੱਚ ਪਰਮਾਤਮਾ ਦਾ ਵਾਸਾ ਨਹੀਂ ਮੰਨਿਆ ਗਿਆ ਹੈ। ਇਸ ਦਾ ਕੇਂਦਰ ਬਿੰਦੂ ਗੁਰੂ ਹੈ। ਇਸ ਸੰਗਤ ਅਨੁਸਾਰ ਸ਼ਿਸ਼ ਗੁਰੂ ਦੀ ਸਿੱਖਿਆ ਨੂੰ ਸੰਗਤ ਦੁਆਰਾ ਆਪਣੇ ਜੀਵਨ ਵਿੱਚ ਢਾਲਦੇ ਹਨ। ਗੁਰੂ ਤੇ ਸ਼ਿਸ਼ ਦਾ ਸੰਕਲਪ 'ਸਿੱਖ-ਸੰਗਤ' ਦੇ ਗੁਰੂ-ਸਿੱਖ ਦੇ ਸੰਕਲਪ ਨਾਲ ਪੂਰਨ-ਰੂਪ ਵਿੱਚ ਮੇਲ ਨਹੀਂ ਖਾਂਦਾ, ਕਿਉਂਕਿ 'ਸਿੱਖ-ਸੰਗਤ' ਵਿੱਚ 'ਗੁਰੂ' ਸ਼ਬਦ ਰੂਪ (ਗੁਰਬਾਣੀ) ਹੋ ਕੇ ਸੰਗਤ ਵਿੱਚ ਵਿਚਰਦਾ ਹੈ।

'ਸੰਗਤ' ਦੇ ਕੀਤੇ ਗਏ ਫੈਸਲੇ ਨੂੰ ਗੁਰੂ ਦਾ ਫੈਸਲਾ ਮੰਨਿਆ ਗਿਆ ਹੈ, ਜਦੋਂ ਕਿ ਉਪਨਿਸ਼ਦਾਂ ਵਿੱਚ ਇਸ ਤਰ੍ਹਾਂ ਦਾ ਕੋਈ ਉਲੇਖ ਨਹੀਂ ਕੀਤਾ ਗਿਆ। ਦੋਹਾਂ ਸੰਗਤਾਂ ਵਿੱਚ ਇਸ ਗੱਲ ਦੀ ਸਮਾਨਤਾ ਜ਼ਰੂਰ ਮਿਲਦੀ ਹੈ ਕਿ ਕੀਰਤਨ ਤੇ ਸਿਮਰਨ ਸੰਗਤ ਦੇ ਅੰਸ਼ ਹਨ।

ਉਪਨਿਸ਼ਦਾਂ ਦੀ ਸੰਗਤ ਦਾ ਖੇਤਰ ਵਿਸ਼ਾਲ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਅਲੱਗ ਅਲੱਗ ਰਿਸ਼ੀਆਂ ਦੇ ਆਸ਼ਰਮਾਂ ਦੀ ਸੰਗਤ ਦੀ ਦੂਸਰੇ ਆਸ਼ਰਮ ਦੀ ਸੰਗਤ ਨਾਲ ਕੋਈ ਸਾਂਝ ਨਹੀਂ ਬਣਦੀ ਹੈ, ਪਰ 'ਸਿੱਖ-ਸੰਗਤ' ਵਿੱਚ ਸ਼ਾਮਲ ਲੋਕਾਂ ਦਾ ਆਪਸ ਦਾ ਰਿਸ਼ਤਾ ਇਸ ਤਰ੍ਹਾਂ ਦਾ ਹੁੰਦਾ ਹੈ ਕਿ ਉਹ ਸੰਗਤ ਨਾਲ ਸੰਬੰਧਿਤ ਹੋਣ ਕਾਰਨ ਇਕ ਰੂਪ ਹੋ ਨਿਬੜਦੇ ਹਨ ਤੇ ਸੰਗਤ ਦਾ ਕੇਂਦਰ ਬਿੰਦੂ 'ਗੁਰਸ਼ਬਦ' ਹੁੰਦਾ ਹੈ। ਇਹੋ ਕਾਰਨ ਹੈ ਕਿ ਸਾਰੇ ਲੋਕ (ਸਾਰੇ ਵਰਨ) ਬਿਨਾਂ ਕਿਸੇ ਭੇਦ ਭਾਵ ਦੇ ਇਕ ਹੋ ਜਾਂਦੇ ਹਨ ਪਰ ਉਪਨਿਸ਼ਦਾਂ ਦੀ ਸੰਗਤ ਵਿੱਚ ਇਹ ਸੰਭਵ ਨਹੀਂ ਕਿਉਂਕਿ ਹਰ ਇਕ ਲਈ ਉਸ ਸੰਗਤ ਵਿੱਚ ਸ਼ਮੂਲੀਅਤ ਸੰਭਵ ਨਹੀਂ ਹੈ। 'ਉਪਨਿਸ਼ਦ-ਸੰਗਤ' ਵਿੱਚ ਗੁਰੂ ਨੂੰ ਪਰਮਾਤਮਾ ਦਾ ਰੂਪ ਤਾਂ ਮੰਨਿਆ ਗਿਆ ਹੈ ਪਰ ਗੁਰੂ 'ਸਿੱਖ-ਸੰਗਤ' ਵਾਂਗ ਸ਼ਬਦ-ਰੂਪ ਹੋ ਕੇ ਸੰਗਤ ਵਿੱਚ ਵਿਦਮਾਨ ਨਹੀਂ ਹੁੰਦਾ।

ਇੰਜ 'ਉਪਨਿਸ਼ਦ-ਸੰਗਤ' ਵਿੱਚ ਤੱਤ-ਗਿਆਨ (ਬ੍ਰਹਮ-ਤੱਤ) ਦੀ ਸੋਝੀ ਮੁੱਖ ਉਦੇਸ਼ ਹੈ ਜਦੋਂ ਕਿ ਸਿੱਖ-

ਸੰਗਤ ਦਾ ਮੁੱਖ ਉਦੇਸ਼ ਪ੍ਰਭੂ-ਮਿਲਾਪ ਹੈ ਜੋ ਕਿ ਸੰਸਾਰ ਵਿੱਚ ਵਿਚਰਦਿਆਂ ਕਿਰਤ ਕਰਦਿਆਂ, ਨਾਮ ਜਪਦਿਆਂ ਤੇ ਵੰਡ ਕੇ ਛਕਦਿਆਂ ਸੰਗਤੀ ਜੀਵਨ ਬਤੀਤ ਕਰਦਿਆਂ ਸਹਿਜ ਨਾਲ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਚਾਹੇ ਦੋਵਾਂ ਸੰਗਤਾਂ ਦਾ ਉਦੇਸ਼ ਇਕੋ ਹੀ ਪ੍ਰਤੀਤ ਹੁੰਦਾ ਹੈ ਪਰ ਇਸ ਦੀ ਪ੍ਰਾਪਤੀ ਦੀ ਪ੍ਰਕ੍ਰਿਆ ਵਿੱਚ ਵਿਲੱਖਣਤਾ ਹੈ। 'ਸਿੱਖ-ਸੰਗਤ' ਸਮੂਹ-ਮਨੁੱਖਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਇਕ ਲੜੀ ਵਿੱਚ ਪਰੋ ਕੇ, ਸਚਿਆਰ ਮਨੁੱਖ ਬਣਾ ਕੇ ਇੱਕ ਆਦਰਸ਼ਿਕ ਸਮਾਜ ਦੀ ਉਸਾਰੀ ਕਰਦੀ ਹੈ ਜਿਸ ਦਾ 'ਉਪਨਿਸ਼ਦ-ਸੰਗਤ' ਵਿੱਚ ਅਭਾਵ ਹੈ।

### 10.3 ਗੁਰੂ ਨਾਨਕ ਬਾਣੀ ਵਿਚਲੀ ਸੰਗਤ ਅਤੇ ਧਮਪਦ

'ਧਮਪਦ' ਗ੍ਰੰਥ ਮੂਲ ਰੂਪ ਵਿੱਚ ਪਾਲੀ ਭਾਸ਼ਾ ਵਿੱਚ ਲਿਖਿਆ ਗਿਆ ਹੈ। ਇਸ ਵਿੱਚ ਬੁੱਧ ਬਾਣੀ ਦੇ ਚੋਣਵੇਂ ਵਚਨ ਇੱਕਤ੍ਰਿਤ ਕੀਤੇ ਗਏ ਹਨ। ਇਹ ਗ੍ਰੰਥ 26 ਵਰਗਾਂ ਵਿੱਚ ਵੰਡਿਆ ਗਿਆ ਹੈ ਤੇ ਇਸ ਵਿੱਚ 423 ਗਥਾਵਾਂ ਹਨ। ਇਸ ਵਿੱਚ ਭਿਖੂ ਜੀਵਨ, ਤਿਆਗ, ਪਵਿੱਤਰਤਾ, ਚਿੱਤ ਦੀ ਇਕਾਗਰਤਾ ਜਾਂ ਧਿਆਨ ਅਤੇ ਸੰਸਾਰਿਕ ਵਿਸ਼ੇ ਵਾਸ਼ਨਾਵਾਂ ਤੋਂ ਸਭ ਤਰ੍ਹਾਂ ਮੁਕਤ ਹੋਣ ਦੀ ਸਿੱਖਿਆ ਦਿੱਤੀ ਗਈ ਹੈ।

'ਧਮਪਦ' ਦੇ ਅਨੇਕਾਂ ਅਨੁਵਾਦ ਹੋਏ ਹਨ। ਮੈਕਸਮੂਲਰ ਨੇ ਇਸ ਦੇ ਅਰਥ 'ਧਰਮ' ਦੇ ਸਲੋਕਾਂ' ਦਾ ਸੰਗ੍ਰਹਿ (Collection of verses of law) ਕੀਤਾ ਹੈ। ਵਿੰਟਰਨਿਟਜ਼ ਨੇ 'ਧਮਪਦ' ਦਾ ਅੰਗਰੇਜ਼ੀ ਅਨੁਵਾਦ ਧਾਰਮਿਕ ਵਾਕਯ (Religious Sentences) ਕੀਤਾ ਹੈ।[7]

ਕੁਝ ਲੇਖਕਾਂ ਨੇ 'ਧਮਪਦ' ਦਾ ਉਲਥਾ 'Path of virtue', Path of Religion, 'Foot Steps of Religion' ਕੀਤਾ ਹੈ। ਜਿਵੇਂ ਬਰਨੂਫ, ਗੈਗਰਲੀ, ਵੈਬਰ, ਰਾਧਾਕ੍ਰਿਸ਼ਨਨ ਆਦਿ।[8] 'ਧਮਪਦ' ਦਾ ਅਰਥ ਧਰਮ ਦਾ ਮਾਰਗ ਜਾਂ ਰਸਤਾ, ਧਰਮ -ਉਪਦੇਸ਼, ਧਰਮਗ੍ਰੰਥ ਕੀਤਾ ਜਾ ਸਕਦਾ ਹੈ, ਪ੍ਰੰਤੂ ਸਾਡੇ ਵਿਚਾਰ ਵਿੱਚ ਧਮਪਦ ਦਾ ਅਰਥ 'ਨਿਰਵਾਣ ਦਾ ਮਾਰਗ ਜਾਂ ਮੁਕਤੀ ਦਾ ਮਾਰਗ' ਉਚਿੱਤ ਲਗਦਾ ਹੈ।

ਇਸ ਵਿੱਚ ਸੰਤ, ਗਿਆਨੀ, ਸ੍ਰੇਸ਼ਟ ਪੁਰਸ਼ਾਂ ਦੀ ਸੰਗਤ ਨੂੰ ਸੁਖਦਾਈ ਕਿਹਾ ਗਿਆ ਹੈ।[9] ਕੁਸੰਗਤ ਤੋਂ ਬਚਣ ਦੀ ਪ੍ਰੇਰਣਾ ਕੀਤੀ ਗਈ ਹੈ।[10] 'ਬੁੱਧ-ਸੰਘ' ਬੁੱਧਮਤ ਵਿੱਚ ਧਮਪਦ ਅਨੁਸਾਰ ਸੰਗਤ ਦਾ ਸੰਸਥਾਗਤ ਰੂਪ 'ਬੁੱਧ-ਸੰਘ' ਹੈ। ਇਸ ਵਿੱਚ 'ਬੁੱਧ-ਸੰਘ' ਸੰਬੰਧੀ ਜੋ ਚਰਚਾ ਕੀਤੀ ਗਈ ਹੈ ਉਹ ਧਮਪਦ ਦੇ ਪ੍ਰਸੰਗ ਵਿੱਚ ਹੀ ਕੀਤੀ ਗਈ ਹੈ। ਇਸ ਗ੍ਰੰਥ ਅਨੁਸਾਰ ਦੁਖਾਂ ਤੋਂ ਮੁਕਤੀ ਲਈ ਬੁੱਧ-ਸੰਘ ਦੀ ਸ਼ਰਨ ਵਿੱਚ ਜਾਣਾ ਜ਼ਰੂਰੀ ਮੰਨਿਆ ਗਿਆ ਹੈ।[11] ਡਾ.ਸ਼ੇਰ ਸਿੰਘ ਸਿੱਖਾਂ ਦੇ ਬੋਧੀਆਂ ਦੀ ਜਥੇਬੰਧਕ ਸਾਂਝ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਬੋਧੀਆਂ ਦੀ ਸੰਘ-ਸੰਸਥਾ ਸਿੱਖਾਂ ਦੀ ਸੰਗਤ ਵਾਂਗ ਹੈ। ਇਸ ਸੰਘ ਦਾ ਮੈਂਬਰ ਬਣਨ ਲਈ ਉਸੇ ਤਰ੍ਹਾਂ ਪਰਣ ਕਰਨੇ ਪੈਂਦੇ ਹਨ ਤੇ ਰਸਮ ਅਦਾ ਹੁੰਦੀ ਹੈ, ਜਿਵੇਂ ਅੰਮ੍ਰਿਤ ਛਕਣ ਸਮੇਂ ਖਾਲਸਾ ਜਥੇਬੰਦੀ ਵਿੱਚ ਦਾਖਲ ਹੋਣ ਲਈ ਕਰਨਾ ਪੈਂਦਾ ਹੈ।[12] ਪਰ ਅਸੀਂ ਡਾ.ਸ਼ੇਰ ਸਿੰਘ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਕਿਉਂਕਿ ਉਹਨਾਂ ਦੇ ਵਿਚਾਰ ਦਾ ਆਧਾਰ ਸੰਗਤ ਦਾ ਉਦੇਸ਼, ਸੰਰਚਨਾ ਤੇ ਪ੍ਰਕ੍ਰਿਆ ਨਹੀਂ ਬਣਦੇ। 'ਸਿੱਖ-ਸੰਗਤ' ਦਾ ਉਦੇਸ਼ ਮਨੁੱਖ ਨੂੰ ਸੰਸਾਰ ਵਿੱਚ ਵਿਚਰਦਿਆਂ, ਗ੍ਰਿਹਸਥੀ ਰਹਿੰਦਿਆਂ ਸ਼ੁਭ ਗੁਣ ਪ੍ਰਾਪਤ ਕਰਦੇ ਹੋਏ ਆਪਣੇ ਲਕਸ਼ ਦੀ ਪ੍ਰਾਪਤੀ ਕਰਨਾ ਹੈ ਜਦੋਂ ਕਿ 'ਬੁੱਧਸੰਘ' ਦਾ ਉਦੇਸ਼ ਹਠ ਦੁਆਰਾ ਸਾਧਨਾ ਕਰਕੇ ਸੰਸਾਰ ਦੇ ਦੁਖਾਂ ਤੋਂ ਮੁਕਤੀ ਪ੍ਰਾਪਤ ਕਰਨਾ ਹੈ। 'ਸਿੱਖ-ਸੰਗਤ' ਵਿੱਚ ਸਭ ਮਨੁੱਖਾਂ ਨੂੰ ਬਰਾਬਰ ਜਾਣ ਕੇ ਸੰਗਤ ਵਿੱਚ ਸ਼ਾਮਲ ਹੋਣ ਦਾ ਅਧਿਕਾਰ ਪ੍ਰਾਪਤ ਹੈ ਪਰ ਬੁੱਧ-ਸੰਘ ਵਿਚਲੇ ਭਿਖੂ-ਸੰਘ ਵਿੱਚ ਗ੍ਰਹਿਸਤੀ ਸ਼ਾਮਲ ਕਰਨ ਦੀ ਇਜਾਜ਼ਤ ਨਹੀਂ ਹੈ।[13] 'ਬੁੱਧ-ਸੰਘ' ਪਰਮਾਤਮਾ ਦੀ ਹੋਂਦ ਵਾਰੇ ਮੁਨਕਰ ਹੈ। ਇੰਜ 'ਸਿੱਖ-ਸੰਗਤ' ਵਾਂਗ 'ਬੁੱਧ-ਸੰਗਤ' ਵਿੱਚ ਪਰਮਾਤਮਾ ਦਾ ਸਮਾਵੇਸ਼ ਨਹੀਂ ਮਿਲਦਾ। ਜਿਥੇ 'ਸਿੱਖ-ਸੰਗਤ' ਦਾ ਆਧਾਰ ਗੁਰਸ਼ਬਦ ਹੈ ਉਥੇ 'ਬੁੱਧ-ਸੰਘ' ਇਸ ਆਧਾਰ ਤੋਂ ਵਾਂਝਾ ਹੈ। ਧਮਪਦ ਇਸ ਵਿਚਾਰ ਨਾਲ ਵੀ ਸਹਿਮਤ ਨਹੀਂ ਹੈ ਕਿ ਪਰਮਾਤਮਾ ਗੁਰੂ ਰੂਪ ਹੋ ਕੇ 'ਬੁਧ-ਸੰਘ' ਵਿੱਚ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਇਸ ਵਿੱਚ 'ਸਿੱਖ-ਸੰਗਤ' ਦੀ ਤਰ੍ਹਾਂ ਕੇਂਦਰ ਬਿੰਦੂ ਗੁਰਸ਼ਬਦ ਨਾ ਹੋ ਕੇ ਭਿਖਸ਼ੂ ਹੁੰਦਾ

ਹੈ। ਵਿਚਲੇ 'ਭਿਖੂ-ਸੰਘ' ਦਾ ਉਦੇਸ਼ ਨਿਰਵਾਣ ਪ੍ਰਾਪਤੀ ਹੈ ਅਤੇ ਗ੍ਰਹਿਸਥੀ ਉਪਾਸ਼ਕ-ਸੰਘ ਦਾ ਉਦੇਸ਼ 'ਸੁ ਗਤਿ' (ਸਵਰਗ) ਦੀ ਪ੍ਰਾਪਤੀ ਕਰਨਾ ਹੈ।[14] ਇਸ ਦੀ ਤੁਲਨਾ ਵਿੱਚ 'ਸਿੱਖ ਸੰਗਤ' ਦਾ ਉਦੇਸ਼ 'ਪ੍ਰਭੂ-ਮਿਲਾਪ' ਹੈ। 'ਬੁੱਧ-ਸੰਘ' ਵਿੱਚ ਸਿਰਫ ਬੁੱਧ ਧਰਮ ਦੇ ਪੈਰੋਕਾਰ ਹੀ ਸ਼ਾਮਲ ਹੁੰਦੇ ਹਨ ਜਦੋਂ ਕਿ 'ਸਿੱਖ-ਸੰਗਤ' ਵਿੱਚ ਹਰ ਧਰਮ ਜਾਤੀ ਤੇ ਵਰਨ ਦੇ ਲੋਕ ਬਿਨਾਂ ਕਿਸੇ ਭੇਦ-ਭਾਵ ਦੇ ਸ਼ਾਮਲ ਹੁੰਦੇ ਹਨ। 'ਬੁਧ-ਸੰਘ' ਵਿੱਚ ਭਿਖਸ਼ੁਣੀਆਂ ਦਾ ਸੰਘ ਅਲੱਗ ਹੀ ਬਣਾਇਆ ਜਾਂਦਾ ਹੈ ਜੋ ਇਹ ਸਿੱਧ ਕਰਦਾ ਹੈ ਕਿ ਇਸਤਰੀਆਂ ਨੂੰ ਸੰਘ ਵਿੱਚ ਸ਼ਾਮਲ ਕਰਕੇ ਵੀ ਅਲੱਗ ਹੀ ਮੰਨਿਆ ਗਿਆ ਹੈ। 'ਬੁੱਧ-ਸੰਘ' ਵਿੱਚ ਸਮੂਹਕ ਸਾਧਨਾ ਤੇ ਧਰਮ ਦੇ ਨੇਮਾਂ ਤੇ ਵਿਚਾਰ ਹੁੰਦੀ ਹੈ ਜਦੋਂ ਕਿ 'ਸਿੱਖ-ਸੰਗਤ' ਵਿੱਚ ਮਨੁੱਖੀ ਜੀਵਨ ਦੇ ਸਾਰੇ ਪੱਖਾਂ (ਅਧਿਆਤਮਕ, ਸਮਾਜਿਕ, ਆਰਥਿਕ, ਰਾਜਨੀਤਕ, ਸਭਿਆਰਚਾਰਕ ਆਦਿ) ਨੂੰ ਸੇਧ ਮਿਲਦੀ ਹੈ। ਨਾਮ-ਸਿਮਰਨ, ਕੀਰਤਨ, ਪ੍ਰਭੂ ਵਿਚਾਰ, 'ਸਿੱਖ-ਸੰਗਤ' ਦੀਆਂ ਮੁੱਖ ਕਿਰਿਆਵਾਂ ਹਨ ਜਦੋਂ ਕਿ 'ਬੁੱਧ-ਸੰਘ' ਵਿੱਚ ਇਹਨਾਂ ਦੀ ਅਣਹੋਂਦ ਹੈ। 'ਸਿੱਖ-ਸੰਗਤ' ਵਿੱਚ ਪੰਗਤ (ਲੰਗਰ) ਨੂੰ ਵੀ ਸੰਗਤ ਦਾ ਅਨਿੱਖੜਵਾਂ ਅੰਗ ਬਣਾਇਆ ਗਿਆ ਹੈ ਪਰੰਤੂ 'ਬੁੱਧ-ਸੰਘ' ਵਿਚ ਪੰਗਤ ਨੂੰ ਉਹ ਸਥਾਨ ਪ੍ਰਾਪਤ ਨਹੀਂ ਹੈ।

ਧਮਪਦ ਅਨੁਸਾਰ ਸੰਘ (ਸੰਗਤ) ਦੁਆਰਾ ਮਨੁੱਖ ਧਰਮ ਨੂੰ ਛੇਤੀ ਜਾਣ ਲੈਂਦਾ ਹੈ, ਇਹ ਸੰਕਲਪ 'ਸਿੱਖ-ਸੰਗਤ' ਵਿੱਚ ਵੀ ਸਵੀਕਾਰਿਆ ਗਿਆ ਹੈ। 'ਬੁੱਧ-ਸੰਘ' ਨੂੰ ਕਿਸੇ ਹੱਦ ਤੱਕ ਅਥਾਰਟੀ ਪ੍ਰਾਪਤ ਹੈ। ਸੰਘ ਛੋਟੇ ਮੋਟੇ ਫੈਸਲੇ ਲੈ ਸਕਦਾ ਹੈ ਪਰ ਇਹ ਅਥਾਰਟੀ 'ਸਿੱਖ-ਸੰਗਤ' ਦੇ ਗੁਰਮਤੇ ਦੇ ਸੰਕਲਪ ਦੇ ਸਮਾਨ ਨਹੀਂ ਮੰਨੀ ਜਾ ਸਕਦੀ।

'ਸਿੱਖ-ਸੰਗਤ' ਦੇ ਸੰਕਲਪ ਵਾਂਗ ਧਮਪਦ ਵਿੱਚ ਵੀ ਵਿਸ਼ੇ ਵਿਕਾਰਾਂ ਦੇ ਸੰਗ ਤੋਂ ਦੂਰ ਰਹਿਣ ਦੀ ਪ੍ਰੇਰਣਾ ਮਿਲਦੀ ਹੈ।[15] 'ਸਿੱਖ-ਸੰਗਤ' ਵਾਂਗ 'ਬੁੱਧ-ਸੰਘ' ਵਿੱਚ ਵੀ ਸੰਸਾਰਿਕ ਰਿਸ਼ਤਿਆਂ ਨੂੰ ਤਰਜੀਹ ਨਾ ਦੇ ਕੇ ਇਕ ਸੰਗਤ ਦੇ ਮੈਂਬਰ ਹੋਣ ਦੇ ਨਾਤੇ ਪੈਰੋਕਾਰ ਇਕ ਦੂਜੇ ਨਾਲ ਜੁੜਦੇ ਹਨ ਤੇ ਸਾਰੇ ਵਰਨ ਮਿਲ ਕੇ ਇਕ ਹੋ ਜਾਂਦੇ ਹਨ।

'ਸਿੱਖ-ਸੰਗਤ' ਅਤੇ ਧਮਪਦ (ਬੁੱਧ-ਸੰਘ) ਬਾਰੇ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ 'ਸਿੱਖ-ਸੰਗਤ' ਦਾ ਇਤਿਹਾਸਕ ਰੋਲ ਬਹੁਤ ਰਿਹਾ ਹੈ। 'ਸਿੱਖ-ਸੰਗਤ' ਨੇ ਲੰਗਰ ਪ੍ਰਥਾ ਨੂੰ ਜਨਮ ਦਿੱਤਾ ਅਤੇ ਮਜ਼ਬੂਤ ਬਣਾਇਆ। ਇਸ ਦੇ ਮੀਰੀ-ਪੀਰੀ ਦੇ ਸਿਧਾਂਤ ਨੇ ਸਿੱਖਾਂ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਕਰ ਦਿੱਤਾ। ਇਸ ਨਾਲ 'ਸਿੱਖ-ਸੰਗਤ' ਨੇ ਰਾਜਨੀਤਕ ਖੇਤਰ ਵਿੱਚ ਵੀ ਅਗਵਾਈ ਦਿੱਤੀ। ਇਸ ਤੋਂ ਬਿਨਾਂ ਗੁਰੂ ਗੋਬਿੰਦ ਦੇ ਸਮੇਂ ਖਾਲਸੇ ਦੀ ਸਿਰਜਣਾ ਉਹਨਾਂ ਦੁਆਰਾ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣਾ, ਸਰਬਤ ਖਾਲਸਾ ਅਤੇ ਗੁਰਮਤੇ ਦੀ ਪਰੰਪਰਾ 'ਸਿੱਖ-ਸੰਗਤ' ਦੀ ਇੱਕ ਮਹੱਤਵਪੂਰਨ ਇਤਿਹਾਸਕ ਭੂਮਿਕਾ ਦਰਸਾਉਂਦੀ ਹੈ। ਇਹਨਾਂ ਇਤਿਹਾਸਕ ਘਟਨਾਵਾਂ ਸਦਕੇ 'ਸਿੱਖ-ਸੰਗਤ' ਨੂੰ ਸਰਬ-ਉੱਚ ਪਦਵੀ ਪ੍ਰਾਪਤ ਹੋ ਗਈ ਹੈ ਅਤੇ ਸਿੱਖ-ਸੰਗਤਾਂ ਨੇ ਮਗਰੋਂ ਸਰਬਤ ਖਾਲਸੇ ਕਰਕੇ ਮਹੱਤਵਪੂਰਨ ਫੈਸਲੇ ਲਏ। ਪ੍ਰੰਤੂ 'ਬੁੱਧ-ਸੰਘ' ਦੇ ਇਤਿਹਾਸ ਨੂੰ ਵਾਚਣ ਤੋਂ ਪਤਾ ਲਗਦਾ ਹੈ ਕਿ ਸਮੇਂ ਸਮੇਂ 'ਬੁੱਧ ਸੰਘ' ਦੀਆਂ ਇਕੱਤਰਤਾਵਾਂ ਤਾਂ ਹੁੰਦੀਆਂ ਰਹੀਆਂ[16] ਪਰ ਇਹ ਸੰਸਥਾ 'ਸਿੱਖ-ਸੰਗਤ' ਵਾਂਗ ਮਹੱਤਵਪੂਰਨ ਇਤਿਹਾਸਕ ਭੂਮਿਕਾ ਨਹੀਂ ਨਿਭਾ ਸਕੀ।

ਉਪਰੋਕਤ ਚਰਚਾ ਤੋਂ ਇਹ ਸਪਸ਼ਟ ਹੈ ਕਿ ਧਮਪਦ ਵਿੱਚ ਵੀ ਗੁਰੂ ਨਾਨਕ ਬਾਣੀ ਦੀ ਤਰ੍ਹਾਂ ਸੰਗਤ ਦਾ ਸੰਸਥਾਗਤ ਰੂਪ ਸਵੀਕਾਰ ਕੀਤਾ ਗਿਆ ਹੈ, ਜਿਸ ਵਿੱਚ ਧਰਮ ਅਨੁਸਾਰ ਨਿਰਧਾਰਿਤ ਕੀਤੇ ਗਏ ਮਨੁੱਖੀ ਲਕਸ਼ ਦੀ ਪ੍ਰਾਪਤੀ ਲਈ ਸਾਧਨਾ ਕੀਤੀ ਜਾਂਦੀ ਹੈ। ਧਮਪਦ ਦੇ 'ਬੁੱਧ-ਸੰਘ' ਦਾ ਪਰਮਾਤਮਾ ਵਿੱਚ ਵਿਸ਼ਵਾਸ ਨਾ ਹੋਣ ਕਰਕੇ ਦੋਹਾਂ ਸੰਗਤਾਂ ਦੇ ਲਕਸ਼, ਸਰੂਪ ਤੇ ਪ੍ਰਕ੍ਰਿਆ ਵਿੱਚ ਅੰਤਰ ਹੈ। ਬੁੱਧਸੰਘ ਦਾ ਉਦੇਸ਼ ਮਨੁੱਖ ਨੂੰ ਆਪਣੀ ਸਾਧਨਾ ਦੁਆਰਾ ਦੁੱਖਾਂ ਤੋਂ ਮੁਕਤੀ ਦੁਆ ਕੇ ਨਿਰਵਾਣ ਦੀ ਪ੍ਰਾਪਤੀ ਕਰਾਉਣਾ ਹੈ ਜਦੋਂ ਕਿ 'ਸਿੱਖ-ਸੰਗਤ' ਦਾ ਮੰਤਵ

ਮਨੁੱਖ ਨੂੰ ਗੁਰੂ ਦੀ ਰਜ਼ਾ ਵਿੱਚ ਰਹਿੰਦਿਆਂ, ਸੰਸਾਰ ਵਿੱਚ ਵਿਚਰਦਿਆਂ, 'ਕਿਰਤ ਕਰੋ, ਨਾਮ ਜਪੋ, ਤੇ ਵੰਡ ਕੇ ਛਕੋ' ਦੇ ਸਿਧਾਂਤ ਤੇ ਚਲਦਿਆਂ ਪ੍ਰਭੂ ਨਾਲ ਮਿਲਾਪ ਕਰਾਉਣਾ ਹੈ। ਇਸ ਤੋਂ ਇਲਾਵਾ 'ਸਿੱਖ-ਸੰਗਤ' ਨੇ ਜਿਹੋ ਜਿਹੀ ਸਾਰਥਿਕ ਇਤਿਹਾਸਕ ਭੂਮਿਕਾ ਨਿਭਾਈ ਹੈ, ਉਹੋ ਜਿਹੀ ਭੂਮਿਕਾ 'ਬੁੱਧ ਸੰਘ' ਦੇ ਇਤਿਹਾਸ ਵਿੱਚ ਨਹੀਂ ਮਿਲਦੀ।

### 10.4 ਗੁਰੂ ਨਾਨਕ ਬਾਣੀ ਵਿਚਲੀ ਸੰਗਤ ਅਤੇ ਬਾਈਬਲ

'ਬਾਈਬਲ' ਈਸਾਈਆਂ ਦਾ ਧਰਮ-ਗ੍ਰੰਥ ਹੈ। ਇਸ ਦਾ ਸ਼ਾਬਦਿਕ ਅਰਥ ਹੈ 'ਪਵਿੱਤਰ ਪੁਸਤਕ' ਜਾਂ 'ਪੁਸਤਕਾਂ'। ਇਹ ਵਾਸਤਵ ਵਿੱਚ ਕੋਈ ਇਕ ਗ੍ਰੰਥ ਜਾਂ ਪੁਸਤਕ ਨਹੀਂ, ਸਗੋਂ ਕਈ ਪੁਸਤਕਾਂ ਦਾ ਸੰਗ੍ਰਹਿ ਹੈ। ਬਾਈਬਲ ਦੇ ਦੋ ਭਾਗ ਹਨ। ਇਕ ਨੂੰ ਪੁਰਾਣਾ ਨੇਮ (ਓਲਡ ਟੈਸਟਾਮੈਂਟ) ਕਹਿੰਦੇ ਹਨ ਅਤੇ ਦੂਜੇ ਨੂੰ ਨਵਾਂ ਨੇਮ (ਨਿਊ ਟੈਸਟਾਮੈਂਟ) ਕਿਹਾ ਜਾਂਦਾ ਹੈ। ਇਹਨਾਂ ਦੋਹਾਂ ਨੇਮਾਂ ਦੀ ਈਸਾਈ ਧਰਮ ਵਰਤੋਂ ਕਰਦਾ ਹੈ। 'ਪੁਰਾਣੇ ਨੇਮ' ਵਿੱਚ ਕੁਲ 39 ਪੁਸਤਕਾਂ ਹਨ ਜਦ ਕਿ 'ਨਵੇਂ ਨੇਮ' ਵਿੱਚ 27 ਪੁਸਤਕਾਂ ਹਨ।[17]

ਪੁਰਾਣੇ ਨੇਮ ਦੀਆਂ ਪੁਸਤਕਾਂ ਯਹੂਦੀਆਂ ਦੇ ਮਜ਼ਹਬੀ ਰਸਮੋ ਰਿਵਾਜ਼ ਤੇ ਜ਼ਿੰਦਗੀ ਨਾਲ ਸੰਬੰਧਿਤ ਹਨ। 'ਨਵਾਂ ਨੇਮ' ਈਸਾਈ ਧਰਮ ਦੀ ਸ਼ੁਰੂਆਤ ਬਾਰੇ ਹੈ, ਜਿਸ ਦੇ ਨਾਲ ਨਵੇਂ ਤੇ ਹਮੇਸ਼ਾ ਰਹਿਣ ਵਾਲੇ 'ਨੇਮ ਦੀ ਸਥਾਪਨਾ' ਪ੍ਰਭੂ ਯਸੂ ਮਸੀਹ ਰਾਹੀਂ ਪਰਮੇਸ਼ਵਰ ਤੇ ਇਨਸਾਨ ਵਿਚਕਾਰ ਹੋਈ ਮੰਨੀ ਜਾਂਦੀ ਹੈ।[18]

'ਬਾਈਬਲ' ਵਿੱਚ ਸੰਗਤ ਦੀ ਮਹੱਤਤਾ, ਮਨੋਰਥ ਤੇ ਸਰੂਪ ਵਾਰੇ ਹਵਾਲੇ ਮਿਲਦੇ ਹਨ। ਇਸ ਦੀ ਚਰਚਾ ਅਸੀਂ ਪਹਿਲੇ ਅਧਿਆਇ ਵਿੱਚ ਕਰ ਆਏ ਹਾਂ। ਬਾਈਬਲ ਵਿੱਚ ਸੰਗਤ ਨੂੰ ਇਕਲੇਸ਼ੀਆ ਤੇ ਕੰਗਰੀਗੇਸ਼ਨ ਕਿਹਾ ਗਿਆ ਹੈ। ਬਾਈਬਲ ਅਨੁਸਾਰ ਈਸਾ ਤੇ ਵਿਸ਼ਵਾਸ ਲਿਆਉਣ ਵਾਲੇ ਪੈਰੋਕਾਰ ਮਿਲ ਕੇ ਸੰਗਤ ਦਾ ਗਠਨ ਕਰਦੇ ਹਨ। ਇਸ ਸੰਗਤ ਵਿੱਚ ਇਸਤਰੀਆਂ ਤੇ ਹਰ ਵਰਗ ਦੇ ਲੋਕਾਂ ਦੀ ਸ਼ਮੂਲੀਅਤ ਦਾ ਹਵਾਲਾ ਮਿਲਦਾ ਹੈ।[19] ਇਸ ਸੰਗਤ ਵਿੱਚ ਸ਼ਾਮਲ ਹੋਣ ਲਈ ਬਪਤਿਸਮਾਂ ਜ਼ਰੂਰੀ ਸਮਝਿਆ ਗਿਆ ਹੈ।[20] ਇਸ ਤਰ੍ਹਾਂ ਇਸ ਸੰਗਤ ਦਾ ਗਠਨ ਸਿਰਫ਼ ਬਪਤਿਸਮਾ ਲਏ ਹੋਏ ਲੋਕ ਹੀ ਕਰਦੇ ਹਨ, ਪਰ ਇਸ ਤੋਂ ਬਾਅਦ ਸਭ ਨੂੰ ਬਰਾਬਰ ਸਮਝਿਆ ਜਾਂਦਾ ਹੈ। 'ਸਿੱਖ-ਸੰਗਤ' ਵਿੱਚ ਸ਼ੁਰੂ ਤੋਂ ਹੀ ਸਭ ਦੀ ਸ਼ਮੂਲੀਅਤ ਮੰਨੀ ਜਾਂਦੀ ਹੈ ਤੇ ਮਨੁੱਖ ਨੂੰ ਮਨੁੱਖ ਹੋਣ ਦੇ ਨਾਤੇ ਹੀ ਬਰਾਬਰ ਸਮਝਿਆ ਜਾਂਦਾ ਹੈ। 'ਮਸੀਹੀ-ਸੰਗਤ' ਵਿੱਚ ਪਰਮਾਤਮਾ ਦਾ ਨਿਵਾਸ ਮੰਨਿਆ ਜਾਂਦਾ ਹੈ।[21] ਪਰ ਇਹ ਨਹੀਂ ਸਮਝਿਆ ਜਾਂਦਾ ਹੈ ਕਿ ਪਰਮਾਤਮਾ ਗੁਰੂ ਰੂਪ ਹੋ ਕੇ ਸੰਗਤ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਇਸ ਸੰਗਤ ਦਾ ਆਧਾਰ ਵੀ ਗੁਰਸ਼ਬਦ ਨਹੀਂ ਹੈ। 'ਮਸੀਹੀ-ਸੰਗਤ' ਦਾ ਕੇਂਦਰੀ ਬਿੰਦੂ ਪਾਦਰੀ ਹੁੰਦਾ ਹੈ ਜੋ ਕਿ ਸੰਗਤ ਦਾ ਸੰਚਾਲਨ ਕਰਦਾ ਹੈ, ਪਰ 'ਸਿੱਖ-ਸੰਗਤ' ਦਾ ਆਧਾਰ ਗੁਰਸ਼ਬਦ ਹੈ ਤੇ ਗੁਰੂ ਇਸ ਦਾ ਸੰਚਾਲਨ ਕਰਦਾ ਹੈ। 'ਮਸੀਹੀ-ਸੰਗਤ' ਵਿੱਚ ਸਿਰਫ਼ ਈਸਾਈ ਧਰਮ ਦੇ ਪੈਰੋਕਾਰ ਹੀ ਸ਼ਾਮਲ ਹਨ। ਇਸ ਸੰਗਤ ਦਾ ਉਦੇਸ਼ ਮੁਕਤੀ ਪ੍ਰਾਪਤ ਕਰਨਾ ਹੈ। ਸਾਂਝਾ ਜੀਵਨ ਬਤੀਤ ਕਰਨਾ ਵੀ ਇਸ ਦਾ ਮਨੋਰਥ ਹੈ।[22] 'ਮਸੀਹੀ-ਸੰਗਤ' ਨਾਲ 'ਸਿੱਖ-ਸੰਗਤ' ਦੀ ਤੁਲਨਾ ਕੀਤਿਆਂ ਪਤਾ ਲਗਦਾ ਹੈ ਕਿ 'ਸਿੱਖ-ਸੰਗਤ' ਵਿੱਚ ਬਿਨ੍ਹਾ ਭੇਦ-ਭਾਵ ਸਾਰੇ ਹੀ ਸ਼ਾਮਲ ਹੋ ਸਕਦੇ ਹਨ ਅਤੇ ਇਸ ਦਾ ਮਨੋਰਥ ਸਚਿਆਰ ਮਨੁੱਖਾਂ ਦੀ ਘਾੜਤ ਘੜਨਾ ਹੈ।

'ਮਸੀਹੀ-ਸੰਗਤ' ਨੂੰ ਆਪਣੇ ਆਪ ਫੈਸਲੇ ਲੈਣ ਦਾ ਅਧਿਕਾਰ ਤਾਂ ਹੈ ਪਰ ਉਹ 'ਸਿੱਖ-ਸੰਗਤ' ਦੇ 'ਗੁਰਮਤੇ' ਨਾਲ ਮੇਲ ਨਹੀਂ ਖਾਂਦਾ ਹੈ। 'ਮਸੀਹੀ-ਸੰਗਤ' ਲੰਗਰ (ਸਾਂਝੇ ਭੋਜਨ) ਦਾ ਹਵਾਲਾ ਤਾਂ ਮਿਲਦਾ ਹੈ[23] ਪਰ ਪੰਗਤ ਨੂੰ ਸੰਗਤ ਦਾ ਅਨਿਖੜਵਾਂ ਅੰਗ ਕਰਕੇ ਨਹੀਂ ਮੰਨਿਆ ਗਿਆ ਹੈ।

'ਮਸੀਹੀ-ਸੰਗਤ' ਤੇ 'ਸਿੱਖ-ਸੰਗਤ' ਵਿੱਚ ਇਹ ਸਮਾਨਤਾ ਹੈ ਕਿ ਸੰਗਤ ਰਾਹੀਂ ਮਨੁੱਖ ਅਧਿਆਤਮਕ ਤੇ ਨੈਤਿਕ ਗੁਣਾਂ ਦੀ ਪ੍ਰਾਪਤੀ ਕਰਦਾ ਹੈ ਤੇ ਸਮਾਜਿਕ ਪੱਖੋਂ ਵੀ ਇਕ ਦੂਸਰੇ ਨਾਲ ਜੁੜਦਾ ਹੈ, ਸਾਂਝਾ ਭੋਜਨ ਕਰਦਾ ਹੈ, ਪਰ ਇਸ ਦੀ ਸਰੰਚਨਾ ਤੇ ਪ੍ਰਕ੍ਰਿਆ ਵਿੱਚ ਬਹੁਤ ਅੰਤਰ ਹੈ। 'ਸਿੱਖ-ਸੰਗਤ' ਵਿੱਚ ਪਰਮਾਤਮਾ ਦਾ ਸਮਾਵੇਸ਼

ਹੋਣ ਤੇ 'ਗੁਰੂ' ਦਾ ਸ਼ਬਦ ਰੂਪ ਵਿੱਚ ਸੰਗਤ ਦਾ ਸੰਚਾਲਨ ਕਰਨਾ, ਹਰ ਵਰਨ ਤੇ ਧਰਮ ਦੇ ਲੋਕਾਂ ਦੀ ਸ਼ਮੂਲੀਅਤ, ਸੰਗਤ ਦੀ ਅਥਾਰਟੀ, ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਕੇ ਛਕਣਾ ਦੇ ਸਿਧਾਂਤ ਦਾ ਕਿਰਿਆਤਮਿਕ ਰੂਪ, ਅਜਿਹੇ ਪੱਖ ਹਨ ਜੋ ਕਿ ਇਹਨਾਂ ਨੂੰ ਵਖਰਿਆਉਂਦੇ ਹਨ। ਕਿਹਾ ਜਾ ਸਕਦਾ ਹੈ ਕਿ 'ਇਕਲੇਸ਼ੀਆ' ਸੰਗਤ ਦਾ ਵਿਕਸਤ ਰੂਪ ਹੈ ਪਰ 'ਸਿੱਖ-ਸੰਗਤ' ਇਸ ਦਾ ਸਿਖਰ ਹੈ ਜੋ ਕਿ ਹਰ ਪੱਖ ਤੋਂ ਸੰਤੁਲਨ ਤੇ ਸੰਪੂਰਨ ਹੈ।

### 10.5 ਗੁਰੂ ਨਾਨਕ ਬਾਣੀ ਵਿਚਲੀ ਸੰਗਤ ਅਤੇ ਕੁਰਾਨ ਸ਼ਰੀਫ਼

'ਕੁਰਾਨ' ਇਸਲਾਮ ਦਾ ਆਧਾਰ-ਗ੍ਰੰਥ ਹੈ। ਕੁਰਾਨ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਪੜ੍ਹਨਾ, ਪ੍ਰਵਚਨ ਅਤੇ ਭਾਸ਼ਣ।' ਪਰ ਵਾਸਤਵ ਵਿੱਚ ਕੁਰਾਨ ਤੋਂ ਭਾਵ ਉਹ ਰੱਬੀ ਕਿਤਾਬ ਹੈ ਜੋ ਮੁਸਲਮਾਨਾਂ ਦੇ ਵਿਸ਼ਵਾਸ ਮੁਤਾਬਕ ਹਜ਼ਰਤ ਜਿਬਰਾਈਲ ਦੁਆਰਾ ਇਸਲਾਮ ਦੇ ਪੈਗੰਬਰ (ਮੁਹੰਮਦ ਸਾਹਿਬ) ਉਪਰ ਮੱਕੇ ਮਦੀਨੇ ਵਿੱਚ ਪ੍ਰਗਟ ਹੋਈ। ਕੁਰਾਨ ਦਾ ਵਿਸ਼ਾ ਅਤਿ ਵਿਸ਼ਾਲ ਅਤੇ ਮਹੱਤਵਪੂਰਣ ਹੈ। ਇਕ ਪਾਸੇ ਇਸ ਵਿੱਚ ਅਧਿਆਤਮਕ ਦੂਜੇ ਪਾਸੇ ਸਮਾਜਕ ਸਭਿਆਚਾਰਕ ਅਤੇ ਰਾਜਨੀਤਕ ਵਿਚਾਰਧਾਰਾ ਅੰਕਿਤ ਹੈ। ਨਾਲ ਹੀ ਅਨੇਕ ਪ੍ਰਕਾਰ ਦੇ ਨਿਯਮਾਂ ਕਾਨੂੰਨਾਂ ਦਾ ਵਰਣਨ ਕੀਤਾ ਗਿਆ ਹੈ। ਕੁਰਾਨ ਦੀਆਂ 114 ਸੂਰਤਾਂ ਅਰਥਾਤ ਅਧਿਆਇ ਹਨ ਜੋ 30 ਪਾਰਿਆਂ ਅਰਥਾਤ ਖੰਡਾਂ ਦੇ ਅੰਤਰਗਤ ਹਨ।[24]

ਡਿਕਸ਼ਨਰੀ ਆਫ ਇਸਲਾਮ ਅਨੁਸਾਰ ਇਸਲਾਮ ਧਰਮ ਵਿੱਚ ਸੰਗਤ ਨੂੰ 'ਜਮਹ' ਆਖਿਆ ਗਿਆ ਹੈ।[25] ਕੁਰਾਨ ਸਰੀਫ਼ ਵਿੱਚ ਸੰਗਤ ਦੀ ਮਹੱਤਤਾ ਬਾਰੇ ਇਸ ਤੋਂ ਹੀ ਪਤਾ ਲਗ ਜਾਂਦਾ ਹੈ ਜਦੋਂ ਇੱਕਠੇ ਹੋ ਕੇ ਇਬਾਦਤ ਕਰਨ ਦਾ ਫਲ ਸਤਾਈ ਗੁਣਾਂ ਮੰਨਿਆ ਗਿਆ ਹੈ।[26] ਇਸ ਸੰਗਤ ਦਾ ਉਦੇਸ਼ ਪਰਮਾਤਮਾ ਦੇ ਨਾਮ ਨਾਲ ਜੁੜਨਾ ਹੈ।[27] 'ਸਿੱਖ-ਸੰਗਤ' ਦੀ ਇਸ ਆਧਾਰ ਤੇ ਸਮਾਨਤਾ ਹੈ ਕਿ ਪਰਮਾਤਮਾ ਦੇ ਨਾਮ ਨਾਲ ਜੁੜਨਾ ਤੇ ਇਕੱਠੇ ਹੋ ਕੇ ਇਬਾਦਤ ਕਰਨਾ ਹੀ ਸੰਗਤ ਦੇ ਗਠਨ ਦਾ ਉਦੇਸ਼ ਹੈ ਪਰ 'ਸਿੱਖ-ਸੰਗਤ' ਵਾਂਗ 'ਜਮਹ' ਵਿੱਚ ਪਰਮਾਤਮਾ ਦਾ ਨਿਵਾਸ ਨਹੀਂ ਮੰਨਿਆ ਜਾਂਦਾ ਤੇ ਨਾ ਹੀ ਇਹ ਮੰਨਿਆ ਜਾਂਦਾ ਹੈ ਕਿ ਪਰਮਾਤਮਾ ਗੁਰੂ ਰੂਪ ਹੋ ਕੇ ਸੰਗਤ ਵਿੱਚ ਵਿਚਰਦਾ ਹੈ। 'ਜਮਹ' ਵਿੱਚ ਸਿਰਫ਼ ਇਸਲਾਮ ਧਰਮ ਦੇ ਪੈਰੋਕਾਰ ਹੀ ਸ਼ਾਮਲ ਹੁੰਦੇ ਹਨ। ਮੁਸਲਮਾਨ ਇਸਤਰੀਆਂ ਨੂੰ ਸ਼ਮੂਲੀਅਤ ਦੀ ਇਜ਼ਾਜ਼ਤ ਤਾਂ ਹੈ ਪਰ ਉਹਨਾਂ ਨੂੰ ਅਲੱਗ ਰਹਿਣ ਦੀ ਸਲਾਹ ਦਿੱਤੀ ਗਈ ਹੈ।[28] 'ਸਿੱਖ-ਸੰਗਤ' ਵਿੱਚ ਹਰ ਧਰਮ ਜਾਤੀ ਦੇ ਲੋਕ ਸ਼ਾਮਲ ਹੁੰਦੇ ਹਨ ਤੇ ਇਸਤਰੀਆਂ ਦੀ ਬਰਾਬਰ ਦੀ ਸ਼ਮੂਲੀਅਤ ਹੁੰਦੀ ਹੈ। 'ਜਮਹ' ਗੁਰਸ਼ਬਦ ਤੇ ਆਧਾਰਿਤ ਨਹੀਂ ਜਦੋਂ ਕਿ 'ਸਿੱਖ-ਸੰਗਤ' ਗੁਰਸ਼ਬਦ ਤੇ ਆਧਾਰਤਿ ਹੁੰਦੀ ਹੈ ਤੇ 'ਗੁਰੂ' ਸੰਗਤ ਦਾ ਸੰਚਾਲਕੀ ਧੁਰਾ ਹੁੰਦਾ ਹੈ। ਇਸਲਾਮ ਵਿੱਚ ਸਿਰਫ਼ ਸਮੂਹੀ ਦੁਆ ਹੁੰਦੀ ਹੈ[29] ਪਰ ਕੀਰਤਨ ਦੀ ਮਨਾਹੀ ਹੈ, ਜਦੋਂ ਕਿ 'ਸਿੱਖ-ਸੰਗਤ' ਵਿੱਚ ਕੀਰਤਨ ਸੰਗਤ ਦਾ ਇਕ ਮਹੱਤਵਰੂਪਨ ਅੰਸ਼ ਹੈ। ਇਸਲਾਮ ਵਿੱਚ ਸੰਗਤ ਮਨੁੱਖ ਦੇ ਅਧਿਆਤਮਕ ਜੀਵਨ ਦੀ ਹੀ ਅਗਵਾਈ ਕਰਦੀ ਹੈ, ਜਦੋਂ ਕਿ 'ਸਿੱਖ-ਸੰਗਤ' ਆਪਣੀਆਂ ਸੇਵਾ ਤੇ ਲੰਗਰ ਦੀਆਂ ਕਿਰਿਆਵਾਂ ਰਾਹੀਂ ਮਨੁੱਖੀ ਜੀਵਨ ਦੇ ਸਮਾਜਿਕ ਤੇ ਆਰਥਿਕ ਪੱਖ ਨੂੰ ਵੀ ਸੇਧ ਦਿੰਦੀ ਹੈ। 'ਸਿੱਖ-ਧਰਮ' ਦੇ 'ਗੁਰਮਤੇ' ਦੇ ਸਿਧਾਂਤ ਦਾ ਇਸਲਾਮ-ਸੰਗਤ ਵਿੱਚ ਅਭਾਵ ਹੈ।

'ਇਸਲਾਮ-ਸੰਗਤ' ਵਿੱਚ ਸ਼ੈਤਾਨ ਦਾ ਸੰਕਲਪ ਚਿਤਰਿਆ ਗਿਆ ਹੈ[30] ਪਰੰਤੂ 'ਸਿੱਖ-ਸੰਗਤ' ਸ਼ੈਤਾਨ ਦੇ ਸੰਕਲਪ ਤੋਂ ਮੁਨਕਰ ਹੈ। 'ਇਸਲਾਮ-ਸੰਗਤ' ਅਨੁਸਾਰ ਜਬਰਾਈਲ ਫਰਿਸ਼ਤਾ ਇਸਲਾਮ ਦੇ ਪਵਿੱਤਰ ਗ੍ਰੰਥ ਕੁਰਾਨ ਨੂੰ ਮਨੁੱਖ ਦੇ ਦਿਲ ਤੇ ਉਤਾਰਦਾ ਹੈ[31] ਪ੍ਰੰਤੂ 'ਸਿੱਖ ਸੰਗਤ' ਵਿੱਚ ਕੋਈ ਅਜਿਹਾ ਫਰਿਸ਼ਤਾ ਗੁਰਬਾਣੀ ਨੂੰ ਮਨੁੱਖ ਦੇ ਮਨ ਤੇ ਉਤਾਰਨ ਦੀ ਭੂਮਿਕਾ ਨਹੀਂ ਨਿਭਾਉਂਦਾ ਹੈ। ਇਸ ਪ੍ਰਕਾਰ ਇਸਲਾਮ-ਸੰਗਤ ਅਨੁਸਾਰ ਅੱਲਾਹ, ਕਿਆਮਤ, ਫਰਿਸ਼ਤੇ, ਰੱਬੀ ਪੁਸਤਕ (ਕੁਰਾਨ) ਤੇ ਸਾਰੇ ਨਬੀਆਂ ਉਤੇ ਵਿਸ਼ਵਾਸ ਰੱਖਣ ਦਾ ਆਦੇਸ਼ ਦਿੱਤਾ ਗਿਆ ਹੈ।[32] ਪਰੰਤੂ 'ਸਿੱਖ-ਸੰਗਤ' ਮਨੁੱਖ ਲਈ ਸੌਖਾ ਰਾਹ ਦਰਸਾਉਂਦਿਆਂ ਕੇਵਲ ਸ਼ਬਦ ਨਾਲ ਜੁੜਨ ਦੀ ਪ੍ਰੇਰਨਾ ਹੀ ਦਿੰਦੀ ਹੈ।

'ਇਸਲਾਮ-ਸੰਗਤ' ਵਿੱਚ ਜੁੜਨ ਵਾਲਾ ਮਨੁੱਖ ਸੰਸਾਰਿਕ ਰਿਸ਼ਤਿਆਂ ਨੂੰ ਤਰਜੀਹ ਨਾ ਦੇ ਕੇ ਅਤੇ ਭੇਦ-ਭਾਵ ਨੂੰ ਭੁਲਾ ਕੇ ਸੰਗਤ ਰਾਹੀਂ ਇਸ ਸੰਗਤ ਦੇ ਹੋਰ ਮੈਂਬਰਾਂ ਨਾਲ ਜੁੜ ਜਾਂਦਾ ਹੈ। ਇਸ ਤੋਂ ਬਿਨਾਂ 'ਇਸਲਾਮ-ਸੰਗਤ' ਵਿੱਚ ਗ੍ਰਿਹਿਸਤ ਆਸ਼ਰਮ ਦੀ ਵੀ ਪ੍ਰਵਾਨਗੀ ਦਿੱਤੀ ਗਈ ਹੈ। ਇਸਲਾਮ-ਸੰਗਤ ਦੇ ਇਹ ਦੋਵੇਂ ਪੱਖ 'ਸਿੱਖ-ਸੰਗਤ' ਨਾਲ ਸਮਾਨਤਾ ਰੱਖਦੇ ਹਨ। ਇਸ ਤੋਂ ਇਲਾਵਾ 'ਇਸਲਾਮ-ਸੰਗਤ' ਅਨੁਸਾਰ ਸਚਿਆਰੇ ਪੁਰਖਾਂ ਦੀ ਸੰਗਤ ਕਰਨ ਦੀ ਪ੍ਰੇਰਨਾ ਦਿਤੀ ਗਈ ਹੈ।[33] ਇਹ ਗੱਲ 'ਸਿੱਖ-ਸੰਗਤ' ਦੇ ਸਿਧਾਂਤ ਨਾਲ ਮੇਲ ਖਾਂਦੀ ਹੈ। ਇਵੇਂ ਹੀ ਇਸਲਾਮ-ਸੰਗਤ ਵਿਚ ਜ਼ਕਾਤ (ਦਾਨ) ਦੇਣ ਤੇ ਜ਼ੋਰ ਦਿੱਤਾ ਗਿਆ ਹੈ, ਦੂਜੇ ਬੰਨੇ 'ਸਿੱਖ-ਸੰਗਤ' ਵਿਚ ਵੰਡ ਕੇ ਛਕਣ ਦੇ ਸਿਧਾਂਤ ਨੂੰ ਰੇਖਾਂਕਿਤ ਕੀਤਾ ਗਿਆ ਹੈ। ਇਸ ਪ੍ਰਕਾਰ ਦੋਵਾਂ ਸਿਧਾਂਤਾਂ ਦਾ ਕੁਝ ਹੱਦ ਤੱਕ ਮੇਲ ਹੈ ਕਿਉਂਕਿ ਦੋਵਾਂ ਦੇ ਪਿੱਛੇ ਪਰਉਪਕਾਰ ਦੀ ਭਾਵਨਾ ਜੁੜੀ ਹੁੰਦੀ ਹੈ।

ਇਸ ਤਰ੍ਹਾਂ ਕੁਰਾਨ ਅਨੁਸਾਰ ਸੰਗਤ ਦੀ ਸਥਾਪਨਾ ਦਾ ਉਦੇਸ਼ ਇੱਕਠੇ ਹੋ ਕੇ ਪਰਮਾਤਮਾ ਦਾ ਨਾਮ ਜਪਣਾ, ਇਕ ਹੋ ਜਾਣਾ, ਗ੍ਰਿਹਸਥ ਧਰਮ ਪ੍ਰਵਾਨ ਕਰਨਾ 'ਸਿੱਖ-ਸੰਗਤ' ਨਾਲ ਸਾਂਝੇ ਬਿੰਦੂ ਹਨ। ਪਰ ਜੋ ਦਰਜਾ 'ਸਿੱਖ-ਸੰਗਤ' ਨੂੰ ਪ੍ਰਵਾਨ ਹੈ ਉਹ ਦਰਜਾ 'ਇਸਲਾਮ-ਸੰਗਤ' ਨੂੰ ਪ੍ਰਵਾਨ ਨਹੀਂ ਹੈ ਕਿਉਂਕਿ ਗੁਰਮਤੇ ਦਾ ਸਿਧਾਂਤ, ਪ੍ਰਭੂ ਦਾ ਸੰਗਤ ਵਿੱਚ ਸਮਾਵੇਸ਼, 'ਗੁਰੂ' ਸੰਗਤ ਦਾ ਸੰਚਾਲਕ, ਹਰ ਧਰਮ ਵਰਗ ਦੇ ਲੋਕਾਂ ਤੇ ਇਸਤਰੀ ਦੀ ਸ਼ਮੂਲੀਅਤ, ਕੀਰਤਨ ਤੇ ਲੰਗਰ ਸੰਗਤ ਦਾ ਅੰਸ਼, ਅਜਿਹੇ ਬਿੰਦੂ ਹਨ ਜੋ ਕਿ ਦੋਹਾਂ ਸੰਗਤਾਂ ਦੀ ਭੇਦਤਾ ਦਰਸਾਉਂਦੇ ਹਨ। ਅਸਲ ਵਿੱਚ 'ਸਿੱਖ-ਸੰਗਤ', ਸੰਗਤ ਦੇ ਸੰਕਲਪ ਦਾ ਵਿਕਸਤ ਤੇ ਸਿਖਰ ਰੂਪ ਹੈ ਜੋ ਕਿ ਹਰ ਪੱਖੋਂ ਸੰਤੁਲਨ ਤੇ ਸੰਪੂਰਨ ਹੈ, ਕਿਉਂਕਿ 'ਸਿੱਖ-ਸੰਗਤ', ਅਨੁਸਾਰ ਮਨੁੱਖ ਆਪਣੇ ਜੀਵਨ ਦੀ ਪ੍ਰਾਪਤੀ ਸੰਗਤ ਰਾਹੀਂ ਹੀ ਪ੍ਰਾਪਤ ਕਰ ਸਕਦਾ ਹੈ।

ਇਸ ਅਧਿਆਇ ਦੇ ਸਾਰ ਅੰਸ਼ ਵਜੋਂ ਇਹ ਸਪਸ਼ਟ ਹੈ ਕਿ ਸੰਗਤ ਦਾ ਸੰਕਲਪ ਤਾਂ ਸਾਰੇ ਮੁੱਖ ਧਾਰਮਿਕ ਗ੍ਰੰਥਾਂ ਵਿਚ ਮਿਲਦਾ ਹੈ ਪਰ ਜੋ ਵਿਕਸਤ ਤੇ ਸੰਤੁਲਤ ਰੂਪ ਗੁਰੂ ਨਾਨਕ ਬਾਣੀ ਵਿੱਚ ਮਿਲਦਾ ਹੈ ਉਹ ਇਸ ਸੰਕਲਪ ਦਾ ਸਿਖਰ ਹੈ।

ਗੁਰਮਤਿ ਦੀ 'ਸਿੱਖ-ਸੰਗਤ' ਸੰਸਥਾ ਅਧਿਆਤਮਕ ਸਾਧਨ ਮਾਰਗ ਦਾ ਅਜਿਹਾ ਸਾਰਥਕ ਮਾਧਿਅਮ ਹੈ ਜਿਸ ਨੇ ਮਨੁੱਖਤਾ ਨੂੰ ਦੇਸ਼, ਜਾਤ, ਨਸਲ, ਲਿੰਗ, ਧਰਮ ਦੀ ਵੰਡ ਤੇ ਭਿੰਨ-ਭੇਦ ਤੋਂ ਉਪਰ ਉੱਠ, ਸਰਬ ਮਾਨਵਤਾ ਨੂੰ ਮਨੁੱਖ ਨੂੰ ਮਨੁੱਖ ਸਮਝਣ ਲਈ ਏਕੇ ਦੀ ਲੜੀ ਵਿੱਚ ਬੰਨ੍ਹ ਦਿੱਤਾ ਹੈ। ਸੰਗਤ ਦਾ ਸੰਕਲਪ ਮਨੁੱਖਤਾ ਲਈ ਸਾਂਝਾ ਪਲੇਟ ਫਾਰਮ ਪ੍ਰਸਤੁਤ ਕਰਦਾ ਹੈ, ਜਿਸ ਤੇ ਹਿੰਦੂ, ਮੁਸਲਮਾਨ, ਬ੍ਰਾਹਮਣ, ਸ਼ੂਦਰ, ਗਰੀਬ-ਅਮੀਰ, ਆਦਮੀ, ਔਰਤਾਂ ਆਦਿ ਵਰਗਾਂ ਕਿਸਮਾਂ ਦੇ ਲੋਕ ਸਹਿਜ ਜੀਵਨ ਬਸਰ ਕਰਦੇ ਸਰਬਪੱਖੀ ਵਿਕਾਸ ਵਿੱਚ ਪ੍ਰਫੁਲਿਤ ਹੁੰਦੇ ਹੋਏ ਪਰਮਾਰਥ ਵਲ ਵਧਣ ਦੇ ਸਮਰਥ ਬਣ ਜਾਂਦੇ ਹਨ।

'ਸਿੱਖ-ਸੰਗਤ' ਦੀ ਸੰਸਥਾ ਮੂਲ ਰੂਪ ਵਿੱਚ ਇਕ ਅਕਾਲਪੁਰਖ ਦੀ ਪੂਜਾ ਭਾਵਨਾ ਨੂੰ ਦ੍ਰਿੜ ਕਰਵਾਉਂਦੀ ਮਨੁੱਖ ਨੂੰ ਕਰਮਸ਼ੀਲ ਜੀਵਨ ਵਲ ਪ੍ਰੇਰਦੀ, ਵੈਰਾਗ ਸੰਨਿਆਸ ਦੀ ਨਿੱਜੀ ਮੁਕਤੀ ਦੀ ਥਾਵੇਂ ਗ੍ਰਿਹਸਥ ਨੂੰ ਸਰਵੋਤਮ ਸਵੀਕਾਰਦੀ, ਸਮੂਹ ਸਮਾਜ ਵਿੱਚ ਕੁਦਰਤੀ ਜੀਵਨ ਬਸਰ ਕਰਦਿਆਂ, ਬਿਰਤੀਆਂ ਨੂੰ ਬਾਹਰਮੁਖੀ ਦੀ ਜਗ੍ਹਾਂ ਅੰਤਰਮੁਖੀ ਕਰਨ ਦੀ ਜਾਂਚ ਸਿਖਾਉਂਦੀ, ਆਤਮ-ਬੋਧ ਤੋਂ ਪਰਮਾਤਮ-ਬੋਧ ਤੱਕ ਦਾ ਪੈਂਡਾ ਤਹਿ ਕਰਵਾਉਣ ਦਾ ਸਫਲ ਸਹਲ ਤੇ ਸਰਵੋਤਮ ਮਾਧਿਅਮ ਬਣਦੀ ਹੈ।

ਜਦੋਂ ਅਸੀਂ ਇਤਿਹਾਸਕ ਸੰਦਰਭ ਵਿੱਚ 'ਸਿੱਖ-ਸੰਗਤ' ਅਤੇ ਦੂਜਿਆਂ ਧਾਰਮਿਕ ਗ੍ਰੰਥਾਂ ਵਿਚਲੀ ਸੰਗਤ ਦੀ ਇਤਿਹਾਸਕ ਭੂਮਿਕਾ ਦਾ ਅਧਿਐਨ ਕਰਦੇ ਹਾਂ ਤਦ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਜੋ ਮਹੱਤਵਪੂਰਨ ਅਤੇ ਸਮਾਜ ਨੂੰ ਸਾਰਥਿਕ ਮੋੜ ਦੇਣ ਵਾਲੀ ਭੂਮਿਕਾ ਸਿੱਖ-ਸੰਗਤ ਨੇ ਨਿਭਾਈ ਹੈ, ਉਹ ਕਿਸੇ ਹੋਰ ਧਰਮ ਗ੍ਰੰਥ ਵਿਚਲੀ ਸੰਗਤ ਦੇ ਸੰਦਰਭ ਵਿੱਚ ਵੇਖਣ ਨੂੰ ਨਹੀਂ ਮਿਲਦੀ।

## ਹਵਾਲੇ ਅਤੇ ਟਿੱਪਣੀਆਂ


1. ਡਾ.ਐਲ.ਐਮ.ਜੋਸ਼ੀ,ਪ੍ਰੋ.ਹਰਬੰਸ ਸਿੰਘ, ਸੰਸਾਰ ਦੇ ਧਰਮ, ਪੰ. 19
2. ਉਹੀ, ਪੰ. 19
3. ਰਿਗਵੇਦ, 1/12/1-12
4. ਡਾ.ਸੁਰਜੀਤ ਸਿੰਘ, ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰ. 50 (ਜੂਨ, 1984 ਅੰਕ)
5. ਪ੍ਰਧਾਨ ਉਪਨਿਸ਼ਦ, ਪੰ. 2
6. ਪ੍ਰਧਾਨ ਉਪਨਿਸ਼ਦ, ਪੰ. 2
7. ਹਿਸਟਰੀ ਆਫ ਇੰਡੀਅਨ ਲਿਟ੍ਰੇਚਰ ਪੋਥੀ 2, ਪੰ. 80
8. ਧਮਪਦ (ਲਿਪੀਅੰਤਰ, ਪੰਜਾਬੀ ਅਨੁਵਾਦ ਤੇ ਭੂਮਿਕਾ), ਪੰ. 5
9. ਉਹੀ, ਵੱਗ 15, ਗਾਥਾ-208
10. ਉਹੀ, ਵੱਗ 6, ਗਾਥਾ - 78
11. ਉਹੀ, ਵੱਗ 14, ਗਾਥਾ 190-192
12. ਡਾ.ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰ. 131
13. ਧਮਪਦ (ਲਿਪੀਅੰਤਰ, ਪੰਜਾਬੀ ਅਨੁਵਾਦ ਤੇ ਭੂਮਿਕਾ) ਵੱਗ 21, ਗਾਥਾ 302
14. ਉਹੀ, ਪੰ. 17
15. ਉਹੀ, ਵਗ 17, ਗਾਥਾ 231-234
16. ਉਹੀ, ਪੰ. 27 ਤੋਂ 32 ਤੱਕ
17. ਡਾ. ਮਨਮੋਹਨ ਸਿੰਘ, ਸਾਮੀ ਧਰਮਾਂ ਦੇ ਉਪਦੇਸ਼, ਪੰ. 25-26
18. ਕਰਤਾਰ ਸਿੰਘ ਭੱਟੀ, ਈਸਾਈ ਧਰਮ ਇਕ ਜਾਣ-ਪਛਾਣ, ਪੰ. 12
19. ਲੂਕਾ-14-13 (ਪਵਿੱਤਰ ਬਾਈਬਲ ਅਰਥਾਤ ਪੁਰਾਣਾ ਅਤੇ ਨਵਾਂ ਨੇਮ)
20. ਮੱਤੀ, 29:19 (ਉਹੀ)
21. ਮੱਤੀ, 8:15-20 (ਉਹੀ)
22. ਕਰ, 2:42 (ਚੇਲਿਆਂ ਦੇ ਕਰਤਵ, ਉਹੀ)
23. ਕਰ 2:42 (ਉਹੀ)
24. ਕੁਰਆਨ ਮਜੀਦ (ਪੰਜਾਬੀ ਅਨੁਵਾਦ ਸਾਹਿਤ)
25. Dictionary of Islam, p. 60
26. Ibid, p. 60
27. ਸੁਰਾ XXIV-30 (ਹਵਾਲਾ, ਕੁਰਆਨ ਮਜੀਦ ਕਾਦੀਅਨ, ਪੰ. 773)
28. Dictionary of Islam, p. 330
29 ਕੁਰਆਨ ਮਜੀਦ ਕਾਦੀਅਨ (ਪੰਜਾਬੀ ਅਨੁਵਾਦ ਸਾਹਿਤ), ਪੰ. 825
30. ਉਹੀ, ਪੰ. 73
31. ਉਹੀ, ਪੰ, 821
32. ਉਹੀ, ਪੰ. 58
33. ਉਹੀ, ਪੰ. 430

ਅਧਿਆਇ ਗਿਆਰਵਾਂ

# 'ਸਿੱਖ-ਸੰਗਤ' ਦਾ ਭਵਿਖ

# ਸਿੱਖ ਸੰਗਤ ਦਾ ਭਵਿਖ

ਕਿਸੇ ਸੰਸਥਾ ਜਾਂ ਫਲਸਫ਼ੇ ਦਾ ਭਵਿਖ ਉਸ ਦੀ ਵਰਤਮਾਨ ਦੀ ਸਮਰਥਾ ਤੇ ਭਵਿਖ ਵਿੱਚ ਸਾਰਥਕਤਾ ਤੇ ਨਿਰਭਰ ਕਰਦਾ ਹੈ। ਮੌਜੂਦਾ ਸਮੇਂ ਵਿੱਚ ਉਹ ਸੰਸਥਾ ਜਾਂ ਫਲਸਫ਼ਾ ਆਪਣੇ ਵਿਸ਼ੇ ਦੇ ਖੇਤਰ ਵਿੱਚ ਕਿਸ ਹੱਦ ਤੱਕ ਸਫਲ ਹੁੰਦਾ ਹੈ, ਇਹ ਨਤੀਜੇ ਉਸ ਦੀ ਜ਼ਿੰਦਗੀ (Survival) ਨੂੰ ਨਿਰਧਾਰਿਤ ਕਰਦੇ ਹਨ। ਜੋ ਫਲਸਫ਼ਾ ਮੌਜੂਦਾ ਸਮੇਂ ਵਿੱਚ ਸਾਰਥਕ ਤੇ ਪ੍ਰਸੰਗਿਕ ਹੋਵੇ, ਉਹ ਭਵਿੱਖ ਵਿੱਚ ਵੀ ਸਾਰਥਕ ਹੋਵੇ, ਇਹ ਜ਼ਰੂਰੀ ਨਹੀਂ। ਉਸ ਦੀ ਭਵਿੱਖ ਵਿਚਲੀ ਸਾਰਥਕਤਾ ਭਵਿੱਖ ਦੇ ਸੰਭਾਵੀ ਹਾਲਾਤਾਂ ਉਤੇ ਨਿਰਭਰ ਕਰਦੀ ਹੈ। ਜਿਸ ਸੰਸਥਾ ਦੀ ਵਿਚਾਰਧਾਰਾ ਬਦਲਦੇ ਹੋਏ ਹਾਲਾਤਾਂ ਵਿੱਚ ਮਨੁੱਖ ਦੀਆਂ ਵਰਤਮਾਨ ਤੇ ਸੰਭਾਵੀ ਮੁਸ਼ਕਲਾਂ ਨੂੰ ਹੱਲ ਕਰਨ ਵਿੱਚ ਸਹਾਈ ਹੁੰਦੀ ਹੈ ਉਹ ਸੰਸਥਾ ਹੀ ਜਿਉਂਦੀ ਰਹਿੰਦੀ ਹੈ। ਸਮਾਂ ਬਹੁਤ ਤੇਜੀ ਨਾਲ ਬਦਲ ਰਿਹਾ ਹੈ। ਟੈਕਨਾਲੋਜੀ ਤੇ ਜਾਣਕਾਰੀ ਨੇ ਬਹੁਤ ਉੱਨਤੀ ਕੀਤੀ ਹੈ। ਸਮੇਂ ਦੇ ਨਾਲ ਮਨੁੱਖੀ ਕਦਰਾਂ ਕੀਮਤਾਂ ਵਿੱਚ ਵੀ ਤਬਦੀਲੀ ਆਉਣੀ ਸੁਭਾਵਕ ਹੈ। ਜਿਹੜੀਆਂ ਸੰਸਥਾਵਾਂ ਜਾਂ ਵਿਚਾਰਧਾਰਾਵਾਂ ਸਮੇਂ ਦੀਆਂ ਹਾਣੀ ਨਹੀਂ ਬਣੀਆਂ ਉਹਨਾਂ ਨੂੰ ਮਨੁੱਖ ਵਿਸਾਰਦਾ ਜਾਂਦਾ ਹੈ ਤੇ ਨਵੀਆਂ ਵਿਚਾਰਧਾਰਾਵਾਂ ਤੇ ਸੰਸਥਾਵਾਂ ਹੋਂਦ ਵਿੱਚ ਆਉਂਦੀਆਂ ਜਾਂਦੀਆਂ ਹਨ।

ਵੇਦਾਂ ਤੋਂ ਲੈ ਕੇ ਹੁਣ ਤੱਕ ਸੰਗਤ ਸੰਸਥਾ ਵੀ ਕਈ ਪੜਾਵਾਂ ਵਿਚੋਂ ਗੁਜ਼ਰ ਚੁੱਕੀ ਹੈ। ਸਮੇਂ ਦੇ ਅਨੁਸਾਰ ਸੰਗਤ ਦੇ ਪ੍ਰਭਾਵੀ ਖੇਤਰ ਬਦਲਦੇ ਰਹੇ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੀ ਸੰਗਤ ਸੰਸਥਾ ਨੇ ਮਨੁੱਖ ਦੇ ਅਧਿਆਤਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਪੱਖ ਨੂੰ ਪ੍ਰਭਾਵਿਤ ਕਰਕੇ ਇਸਨੂੰ ਗਤੀਮਾਨ (Dynamic) ਬਣਾਇਆ ਹੈ। ਗੁਰੂ ਨਾਨਕ ਦੇਵ ਜੀ ਸਮੇਂ ਦਿੱਤੀ ਇਸ ਸੰਸਥਾ ਨੇ ਆਦਰਸ਼ਕ ਮਨੁੱਖੀ ਕਦਰਾਂ-ਕੀਮਤਾਂ ਨੂੰ ਸਥਾਪਤ ਕਰਨ ਵਿੱਚ ਮਹਾਨ ਯੋਗਦਾਨ ਪਾਇਆ ਹੈ। ਅਧਿਆਤਮਿਕ ਤ੍ਰਿਪਤੀ ਦੇ ਨਾਲ ਨਾਲ ਸਮਾਜਿਕ ਤਰੁੱਟੀਆਂ ਨੂੰ ਅਮਲੀ ਰੂਪ ਵਿਚ ਇਨਸਾਨੀ ਸੋਚ ਤੇ ਵਿਹਾਰ ਵਿਚੋਂ ਕੱਢਣ ਲਈ ਸਫਲ ਯਤਨ ਕੀਤੇ ਹਨ। ਅੱਜ ਦੇ ਸਮੇਂ ਵਿੱਚ ਬਦਲਦੇ ਹੋਏ ਹਾਲਾਤਾਂ ਵਿੱਚ ਵੀ ਇਹ ਸੰਸਥਾ ਉਸੇ ਤਰ੍ਹਾਂ ਸਾਰਥਕ (ਪ੍ਰਸੰਗਕ) ਬਣੀ ਹੋਈ ਹੈ। ਆਉਣ ਵਾਲੇ ਹਾਲਾਤਾਂ ਵਿੱਚ ਜਦੋਂ ਕਿ ਮਨੁੱਖੀ ਜ਼ਿੰਦਗੀ ਦੇ ਅਧਿਆਤਮਿਕ, ਸਮਾਜਿਕ ਤੇ ਆਰਥਿਕ ਪਹਿਲੂਆਂ ਦੇ ਅਰਥ ਤੇਜ਼ੀ ਨਾਲ ਬਦਲ ਰਹੇ ਹਨ, ਇਹ ਸੰਸਥਾ ਕਿੰਨੀ ਕਾਰਗਰ ਰਹੇਗੀ ਇਸ ਬਾਰੇ ਵਿਚਾਰ ਕਰਨੀ ਬਣਦੀ ਹੈ।

ਬਦਲਦੇ ਹੋਏ ਦੌਰ ਵਿੱਚ ਮਨੁੱਖ ਧਾਰਮਿਕ ਕਰਮਕਾਡਾਂ ਤੋਂ ਹੌਲੀ ਹੌਲੀ ਛੁਟਕਾਰਾ ਪਾ ਰਿਹਾ ਹੈ ਕਿਉਂਕਿ ਸਾਇੰਸ ਤੇ ਟੈਕਨੋਲੋਜੀ ਦੇ ਵਿਕਾਸ ਨਾਲ ਮਨੁੱਖ ਵਿੱਚ ਤਰਕਸ਼ੀਲਤਾ ਵੱਧ ਰਹੀ ਹੈ। ਜਿਹੜੇ ਕਰਮਕਾਂਡ ਤਰਕ ਦੀ ਕਸਵੱਟੀ ਤੇ ਪੂਰੇ ਨਹੀਂ ਉਤਰਦੇ ਮਨੁੱਖ ਉਹਨਾਂ ਨੂੰ ਵਿਸਾਰ ਰਿਹਾ ਹੈ। ਇਨਸਾਨ ਇਹਨਾਂ ਕਰਮਕਾਡਾਂ ਤੋਂ ਇੰਨਾ ਤੰਗ ਆ ਗਿਆ ਹੈ ਕਿ ਨਾਸਤਿਕਤਾ ਦੇ ਵਿਚਾਰਾਂ ਨੇ ਜ਼ੋਰ ਪਕੜਨਾ ਸ਼ੁਰੂ ਕਰ ਦਿੱਤਾ ਹੈ। ਨਾਸਤਿਕਤਾ ਦਾ ਕਾਰਨ ਅਸਲ ਵਿੱਚ ਮਨੁੱਖ ਦਾ ਧਰਮ ਨੂੰ ਸਹੀ ਅਰਥਾਂ ਵਿੱਚ ਨਾ ਸਮਝ ਸਕਣਾ ਹੈ। ਪਹਿਲੇ ਯੁਗਾਂ ਦੇ ਧਰਮ (ਵੈਦਿਕ) ਵਿੱਚ ਸਮੇਂ ਅਨੁਸਾਰ ਕਰਮਕਾਂਡਾਂ ਦੀ ਭਰਮਾਰ ਰਹੀ ਹੈ। ਉਸ ਸੰਸਕ੍ਰਿਤੀ ਨੂੰ ਮੰਨਣ ਵਾਲੇ ਅੱਜ ਵੀ ਉਹਨਾਂ ਕਰਮਕਾਂਡਾਂ ਨੂੰ ਛੱਡ ਕੇ ਸਹੀ ਸੇਧ ਲੈਣ ਨੂੰ ਤਿਆਰ ਨਹੀਂ ਹਨ। ਭਾਵੇਂ ਕਿ ਸਮੇਂ ਦੇ ਗ੍ਰੰਥਾਂ/ਮਹਾਪੁਰਸ਼ਾਂ ਨੇ ਬਦਲਦੇ ਹੋਏ ਸਮੇਂ ਵਿੱਚ ਅਧਿਆਤਮਿਕ ਪ੍ਰਾਪਤੀ ਦੇ ਸਾਧਨ ਯੱਗ, ਸਮਾਧੀ, ਪੂਜਾ ਨੂੰ ਛੱਡ ਕੇ 'ਪਰਮਾਤਮਾ ਦਾ ਨਾਮ'[1] ਕਹੇ ਹਨ ਪਰ ਉਹਨਾਂ ਦੀ ਵਿਚਾਰਧਾਰਾ ਤੇ ਅਧਾਰਤ ਸੰਗਤਾਂ/ਪੈਰੋਕਾਰ ਇਹਨਾਂ ਯੋਗ, ਸਮਾਧੀ ਤੇ ਪੂਜਾ ਦੇ ਗੋਰਖ ਧੰਦੇ ਵਿੱਚ ਹੀ ਰੁਚਿਤ ਹਨ। ਇਹਨਾਂ ਸਾਧਾਨਾਂ ਰਾਹੀਂ ਕੋਈ ਪ੍ਰਾਪਤੀ ਨਾ ਹੋਣ ਕਾਰਨ ਮਨੁੱਖ ਧਰਮ

ਤੋਂ ਬੇਮੁੱਖ ਹੁੰਦਾ ਜਾ ਰਿਹਾ ਹੈ। ਇਸੇ ਕਾਰਨ ਮਨੁੱਖ ਦੇ ਅਧਿਆਤਮਿਕ ਜੀਵਨ ਵਿੱਚ ਇੱਕ ਖਲਾਅ ਪੈਦਾ ਹੋ ਰਿਹਾ ਹੈ। ਇਸ ਦੇ ਕਾਰਨ ਮਨੁੱਖ ਸੁਆਰਥੀ, ਸੌੜੇ ਖਿਆਲਾਂ ਦਾ ਤੇ ਪਸ਼ੂ ਵਿਰਤੀ ਦਾ ਮਾਲਕ ਬਣਦਾ ਜਾ ਰਿਹਾ ਹੈ। ਇਸ ਤਰ੍ਹਾਂ ਦੇ ਸਮੇਂ ਵਿੱਚ ਅਧਿਆਤਮਿਕ ਪ੍ਰਾਪਤੀ ਲਈ ਸਹੀ ਰਸਤਾ ਪਰਮਾਤਮਾ ਦੇ ਨਾਮ ਦਾ ਹੈ। ਇਸ ਨਾਮ ਦੀ ਮਹਿਮਾ ਤੇ ਇਸ ਸਮੇਂ ਵਿੱਚ ਇਸ ਦੀ ਸਾਰਥਿਕਤਾ 'ਤੁਲਸੀ ਦਾਸ' ਨੇ ਵੀ 'ਰਾਮਚਰਿਤ ਮਾਨਸ' ਵਿੱਚ ਲਿਖੀ ਹੈ।[2] ਮਨੁੱਖ ਦੀ ਅਜਿਹੀ ਅਧਿਆਤਮਿਕ ਬਿਖਰਦੀ ਹੋਈ ਅਵਸਥਾ ਨੂੰ ਸਿਰਫ਼ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਈ ਹੋਈ 'ਸੰਗਤ' ਹੀ ਸਹੀ[illegible]ਦਰਸਾ ਸਕਦੀ ਹੈ, ਕਿਉਂਕਿ ਉਸਦੀ ਆਧਾਰਸ਼ਿਲਾ ਹੀ 'ਨਾਮ' ਹੈ।[3] ਇਹ 'ਸੰਗਤ' ਮਨੁੱਖ ਨੂੰ ਬੇਲੋੜੇ, ਕਰਮਕਾਂਡਾਂ ਤੋਂ ਛੁਟਕਾਰਾ ਦਿਵਾ ਕੇ ਸਿਰਫ਼ ਪਰਮਾਤਮਾ ਦੇ ਨਾਮ ਨਾਲ ਜੋੜਦੀ ਹੈ। ਉਸ ਪਰਮਾਤਮਾ ਦੇ ਨਾਮ ਨਾਲ ਜੋ ਕਿ 'ਸਤਿਨਾਮ' ਹੈ, 'ਅਕਾਲ' ਹੈ ਤੇ 'ਇੱਕ' ਹੈ। ਇੱਕ ਨਾਲ ਜੋੜ ਕੇ 'ਸੰਗਤ' ਏਕਾਭਾਵ ਪੈਦਾ ਕਰਦੀ ਹੈ।

ਦੁਨੀਆਂ ਵਿੱਚ ਪਰਮਾਤਮਾ ਨਾਲ ਮਿਲਾਉਣ ਦਾ ਦਾਵਾ ਕਰਨ ਵਾਲੇ ਅਖੌਤੀ ਸੰਤਾਂ, ਬਾਬਿਆਂ, ਸੁਆਮੀਆਂ ਤੇ ਭਗਵਾਨਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਇਹ ਲੋਕਾਂ ਦੀ ਧਾਰਮਿਕ ਪ੍ਰਵਿਰਤੀ ਦਾ ਲਾਭ ਉਠਾ ਕੇ ਉਹਨਾਂ ਨੂੰ ਲੁਟਦੇ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਵਰਣਿਤ 'ਸੰਗਤ' ਲਈ 'ਸ਼ਬਦ-ਗੁਰੂ'[5] ਪਰਮਾਤਮਾ-ਗੁਰੂ[6] ਦਾ ਸਿਧਾਂਤ ਦਿੱਤਾ ਹੈ। ਸੰਗਤ ਵਿੱਚ 'ਗੁਰੂ' ਸ਼ਬਦ ਰੂਪ ਹੋ ਕੇ ਸੰਗਤ ਦੀ ਅਗਵਾਈ ਕਰਦਾ ਹੈ। ਗੁਰੂ ਨਾਨਕ-ਬਾਣੀ ਅਨੁਸਾਰ ਪਰਮਾਤਮਾ ਆਪ ਹੀ ਗੁਰੂ ਹੈ, ਇਸ ਲਈ ਸੰਗਤ ਦਾ ਸੰਚਾਲਕ ਪਰਮਾਤਮਾ ਆਪ ਹੀ ਹੈ, ਇਸ ਸੰਗਤ ਵਿੱਚ ਸਿੱਖ ਗੁਰੂ ਦੇ ਉਪਦੇਸ਼ ਦਾ ਭਾਉ (ਪਿਆਰ) ਰੱਖ ਕੇ ਸ਼ਾਮਲ ਹੁੰਦੇ ਹਨ[17] ਭਾਵ ਸੰਗਤ ਦਾ ਜੁੜਨਾ ਇੱਕ ਰਸਮ ਬਣ ਕੇ ਨਹੀਂ ਰਹਿੰਦਾ। ਪ੍ਰੇਮ ਨਾਲ ਸ਼ਰਧਾ ਉਪਜਦੀ ਹੈ ਤੇ ਸ਼ਰਧਾ ਨਾਲ ਸੱਚਾ ਨਾਮ ਸੁਣ ਕੇ ਉਸ ਦਾ ਸਿਮਰਨ ਹੁੰਦਾ ਹੈ। ਇਸ ਵਿਚਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖ ਸੰਗਤ ਵਿੱਚ ਦਿਖਾਵਾ ਕਰਮਕਾਂਡ, ਸੁਆਰਥ ਜਾਂ ਅਸੁਰਤਾ ਨੂੰ ਕੋਈ ਥਾਂ ਨਹੀਂ ਹੈ।

ਇਸ ਸਮੇਂ ਧਰਮ ਨੂੰ ਜਿਹੜੀ ਅਗਲੀ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਹ ਚੁਣੌਤੀ ਵਿਗਿਆਨ ਅਤੇ ਟੈਕਨਾਲੋਜੀ ਨੇ ਦਿੱਤੀ ਹੈ। ਡਾ.ਦਰਸ਼ਨ ਸਿੰਘ ਅਨੁਸਾਰ : "ਸਾਇੰਸ ਅਤੇ ਟੈਕਨਾਲੋਜੀ ਦੀ ਸਮੁੱਚੀ ਪਹੁੰਚ ਦਾ ਦਾਰੋਮਦਾਰ ਪ੍ਰਤੱਖ ਹੈ। ਜੋ ਦਿਸਦਾ ਹੈ, ਦੇਖਿਆ ਜਾ ਸਕਦਾ ਹੈ ਜਾਂ ਸਿੱਧ ਕੀਤਾ ਜਾ ਸਕਦਾ ਹੈ ਉਹ ਸੱਚ ਹੈ ਅਤੇ ਜੋ ਨਹੀਂ ਦਿਸਦਾ, ਮਨੌਤ ਜਾਂ ਮਿੱਥ ਹੈ ਉਹ ਸੱਚ ਨਹੀਂ ਹੈ। ਟੈਕਨੋਲੋਜੀ ਨੇ ਨਵੀਆਂ ਨਵੀਆਂ ਕਾਢਾਂ ਰਾਹੀਂ ਇਹ ਵੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਘਾੜਤ ਸਿਰਫ ਪਰਮਾਤਮਾ ਹੀ ਨਹੀਂ ਕਰ ਸਕਦਾ ਬੰਦਾ ਵੀ ਕਰ ਸਕਦਾ ਹੈ। ਅਦਭੁਤ ਕਾਢਾਂ ਸਿਰਫ ਪਰਮਾਤਮਾ ਦੀ ਦੇਣ ਨਹੀਂ, ਬੰਦੇ ਦੇ ਦਿਮਾਗ ਦੀ ਦੇਣ ਵੀ ਹਨ। ਉਸ ਨੂੰ ਅੱਗੇ ਵਿਸਤਾਰ ਸਾਇੰਸ ਅਤੇ ਟੈਕਨੋਲੋਜੀ ਵਿਆਪਕ ਰੂਪ ਵੀ ਦਿੰਦੀ ਹੈ।

ਸੰਸਾਰ ਦੇ ਬਹੁਤ ਸਾਰੇ ਧਰਮ ਮਿੱਥ ਚੇਤਨਾ ਦੇ ਦੁਆਲੇ ਘੁੰਮਦੇ ਹਨ। ਉਨਾਂ ਦਾ ਇਕ ਆਪਣਾ ਮਿੱਥ ਸੰਸਾਰ ਹੈ। ਮਿੱਥ ਸੰਸਾਰ ਦਾ ਸ਼ਾਇਦ ਕੋਈ ਆਪਣਾ ਤਰਕ ਹੁੰਦਾ ਹੋਵੇ ਪਰ ਕੋਈ ਨਿਰਪੱਖ ਤਰਕ ਨਹੀਂ ਹੁੰਦਾ। ਇਹ ਮਨੁੱਖੀ ਮਾਨਸਿਕਤਾ ਅਰਥਾਤ ਮਨੌਤਾਂ ਦੀ ਘਾੜਤ ਹੈ ਅਤੇ ਬਹੁਤੀ ਵਾਰੀ ਪ੍ਰਤੱਖ ਸੱਚ ਨਾਲ ਇੱਕ ਸੁਰ ਨਹੀ ਹੁੰਦਾ। ਇਸ ਕਰਕੇ ਸਾਇੰਸ ਅਤੇ ਟੈਕਨੋਲੋਜੀ ਧਰਮ ਦੀ ਦੁਨੀਆਂ ਨੂੰ ਬੁਨਿਆਦੀ ਚੁਣੌਤੀ ਦਿੰਦੀ ਹੈ ਅਤੇ ਧਰਮ ਦੀ ਸਿਰਜਨਾ ਨੂੰ ਸਵੀਕਾਰ ਨਹੀਂ ਕਰਦੀ। ਸਭ ਤੋਂ ਵੱਡੀ ਸਮੱਸਿਆ ਤਾਂ ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਦੀ ਹੈ। ਉਸ ਦੀ ਹੱਦ ਸਿੱਧ ਕੀਤੀ ਨਹੀਂ ਜਾ ਸਕਦੀ, ਦੇਖੀ ਦਿਖਾਈ ਨਹੀਂ ਜਾ ਸਕਦੀ। ਇਸ ਕਰਕੇ ਸਾਇੰਸ ਅਤੇ ਟੈਕਨੇਲੋਜੀ ਉਸ ਤੋਂ ਉਪਰਾਮ ਹੈ। ਧਰਮ ਸ਼ੁਰੂ ਹੀ ਪਰਮਾਤਮਾ ਦੀ ਹੋਂਦ ਨੂੰ ਸਵੀਕਾਰ ਕਰਕੇ ਹੁੰਦਾ ਹੈ। ਇਸ ਕਰਕੇ ਸਾਇੰਸ ਅਤੇ ਟੈਕਨੋਲੋਜੀ ਧਰਮ ਦੀਆਂ ਬੁਨਿਆਦਾਂ ਨੂੰ ਚੁਣੌਤੀ ਦੇ ਕੇ ਚਲਦੀਆਂ ਹਨ।[8]

ਸਿੱਖ-ਸੰਗਤ ਦੀ ਉਸਾਰੀ ਗੁਰਬਾਣੀ ਉਤੇ ਆਧਾਰਿਤ ਹੈ। ਗੁਰਬਾਣੀ ਦੀ ਪਹੁੰਚ ਵਿਗਿਆਨਕ ਹੈ। ਇਸ ਵਿੱਚ ਹਰ ਗੱਲ ਦਾ ਵਿਵੇਕਸ਼ੀਲ ਢੰਗ ਨਾਲ ਸਮਾਧਾਨ ਕੀਤਾ ਗਿਆ ਹੈ। ਗੁਰਬਾਣੀ ਵਿਗਿਆਨਕ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਸਮਰੱਥ ਹੈ, ਕਿਉਂਕਿ ਵਿਗਿਆਨ ਦੀ ਉਮਰ ਅਜੇ ਛੋਟੀ ਹੈ ਇਸ ਵਿੱਚ ਅਜੇ ਹੋਰ ਖੋਜਾਂ ਦੀ ਬਹੁਤ ਗੁੰਜਾਇਸ਼ ਹੈ। ਇਹ ਆਪਣੇ ਆਪ ਵਿੱਚ ਪਰੀਪੂਰਨ ਨਹੀਂ। ਇਹੋ ਹੀ ਕਾਰਨ ਹੈ ਕਿ ਵਿਗਿਆਨ ਪਰਮਾਤਮਾ ਦੀ ਹੋਂਦ ਤੋਂ ਉਪਰਾਮ ਹੈ। ਜਦੋਂ ਕਿ ਗੁਰਬਾਣੀ ਦੀ ਹੋਂਦ ਸੰਬੰਧੀ ਇੱਕ ਸਾਰਥਿਕ ਦ੍ਰਿਸ਼ਟੀਕੋਣ ਰੱਖਦੀ ਹੈ। ਗੁਰਬਾਣੀ ਅਨੁਸਾਰ ਪਰਮਾਤਮਾ ਸੱਚ ਹੈ। ਸਮੇਂ, ਸਥਾਨ, ਰੰਗ, ਰੂਪ ਨਾਮ ਚਿਹਨ ਚੱਕਰ ਇਸ ਸਭ ਤੋਂ ਅਤੀਤ ਹੈ। ਜ਼ਰੇ ਜ਼ਰੇ ਵਿੱਚ 'ਵਸਦਾ ਹੈ' ਤੇ ਜਿਗਿਆਸੂ ਨੂੰ 'ਜ਼ਾਹਿਰਾ' ਦਿਸਦਾ ਹੈ। ਸਾਰੀ ਕਾਇਨਾਤ, ਦਾ ਸਭ ਕੁਝ ਉਸ ਵਿਚੋਂ ਨਿਕਲਿਆ ਹੈ, ਉਸ ਵਿੱਚ ਹੈ ਅਤੇ ਉਸ ਵਿੱਚ ਸਮਾ ਜਾਂਦਾ ਹੈ। ਇਸ ਤੱਥ ਨੂੰ ਵਿਗਿਆਨ ਅਜੇ ਤਕ ਰੱਦ ਨਹੀਂ ਕਰ ਸਕਿਆ।[9]

ਇੰਜ 'ਸਿੱਖ-ਸੰਗਤ' ਭਵਿਖ ਵਿੱਚ ਪਰਮਾਤਮਾ ਦੀ ਹੋਂਦ ਤੋਂ ਉਪਰਾਮਤਾ ਦਾ ਹੱਲ ਗੁਰਬਾਣੀ ਦੇ ਪ੍ਰਕਾਸ਼ ਵਿੱਚ ਲੱਭ ਕੇ ਆਉਣ ਵਾਲੀਆਂ ਇਹਨਾਂ ਚੁਣੌਤੀਆਂ ਦਾ ਹੱਲ ਕੱਢਣ ਦੇ ਸਮਰੱਥ ਹੈ। ਇੱਥੇ ਹੀ ਬਸ ਨਹੀਂ ਗੁਰਬਾਣੀ ਤਾਂ ਕਈ ਥਾਵਾਂ ਤੇ ਵਿਗਿਆਨ ਅਤੇ ਟੈਕਨੋਲੋਜੀ ਦਾ ਮਾਰਗ ਦਰਸ਼ਨ ਕਰ ਰਹੀ ਹੈ। ਅੱਜ ਵਿਗਿਆਨ ਚੰਦਰਮਾ,ਮੰਗਲ, ਸ਼ੁਕਰ ਆਦਿ ਉਪਗ੍ਰਹਿ ਤੇ ਗ੍ਰਹਿ ਉਤੇ ਮਨੁੱਖੀ ਜੀਵਨ ਦੀ ਖੋਜ ਕਰਨ ਵਿੱਚ ਤਤਪਰ ਹੈ। ਇਸ ਸੰਬੰਧੀ ਨਾਨਕ ਬਾਣੀ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਅਗੰਮ ਅਗੰਮ ਅਸੰਖ ਲੋਅ[10] ਕਹਿ ਚੁੱਕੀ ਹੈ।

ਜ਼ਿੰਦਗੀ ਦੀ ਰਫਤਾਰ ਤੇਜ਼ ਹੋਣ ਨਾਲ ਮਨੁੱਖ ਆਪਣੇ ਕੰਮਾਂ-ਕਾਰਾਂ ਵਿੱਚ ਬਹੁਤ ਰੁਝ ਰਿਹਾ ਹੈ। ਮਨੋਰੰਜਨ ਤੇ ਪ੍ਰਚਾਰ ਦੇ ਆਧੁਨਿਕ ਸਾਧਨ ਅਤੇ ਪਦਾਰਥਵਾਦ ਮਨੁੱਖ ਦੀ ਸਮਾਜਿਕ ਜ਼ਿੰਦਗੀ ਵਿੱਚ ਇਕ ਖਲਾਅ ਪੈਦਾ ਕਰ ਰਹੇ ਹਨ। ਮਨੁੱਖ ਮਨੁੱਖੀ ਭਾਈਚਾਰੇ ਨਾਲੋਂ ਟੁੱਟ ਰਿਹਾ ਹੈ, ਜਿਸ ਨਾਲ ਇਕ ਦੂਜੇ ਦੇ ਸੰਪਰਕ ਤੇ ਸਹਿਯੋਗ ਤੋਂ ਪ੍ਰਾਪਤ ਹੋਣ ਵਾਲੇ ਵਿਸ਼ਵਾਸ ਤੇ ਗਿਆਨ ਤੋਂ ਵਾਂਝਾ ਹੋ ਰਿਹਾ ਹੈ। ਇਸ ਦਾ ਹੀ ਕਾਰਨ ਹੈ ਕਿ ਮਨੁੱਖ ਸਮਾਜ ਬਾਰੇ ਨਾ ਸੋਚ ਕੇ ਸਿਰਫ਼ ਆਪਣੇ ਬਾਰੇ ਹੀ ਸੋਚਦਾ ਹੋਇਆ ਸੁਆਰਥੀ ਬਣ ਰਿਹਾ ਹੈ। ਇਸ ਕਾਰਨ ਉਹ ਸਮਾਜਿਕ ਜੀਵਨ ਦੇ ਅਨੁਭਵਾਂ ਤੋਂ, ਜੋ ਮਨੁੱਖੀ ਜੀਵਨ ਦੀ ਉਸਾਰੀ ਵਿੱਚ ਮਹਾਨ ਯੋਗਦਾਨ ਪਾਉਂਦੇ ਹਨ, ਵਾਂਝਾ ਹੋ ਰਿਹਾ ਹੈ। ਇਨਸਾਨੀ ਭਾਈਚਾਰੇ ਦੀ ਸਾਂਝੀ ਸੋਚ ਤੇ ਸਾਂਝੀ ਉਸਾਰੀ ਦਾ ਆਭਾਵ, ਸਮਾਜਿਕ ਜੀਵਨ ਦੇ ਵਹਾਅ ਵਿੱਚ ਖੜੋਤ ਪੈਦਾ ਕਰਦਾ ਹੈ। ਗੁਣਾਂ ਦੀ ਸਾਂਝ ਤੇ ਇਕ ਦੂਸਰੇ ਦੇ ਦੁੱਖ-ਸੁੱਖ ਵਿੱਚ ਮਨੁੱਖ, ਮਨੁੱਖੀ ਦਰਦ ਨੂੰ ਭੁਲਕੇ ਪੂਰਨ ਰੂਪ ਵਿੱਚ ਪਦਾਰਥਵਾਦ ਦਾ ਗੁਲਾਮ ਹੋ ਰਿਹਾ ਹੈ। ਇਸ ਦੇ ਨਤੀਜੇ ਵਜੋਂ ਮਨੁੱਖ ਸਮਾਜਿਕ ਜੀਵ ਨਾ ਹੋ ਕੇ ਵਧੇਰੇ ਪਸ਼ੂ ਵਿਰਤੀਆਂ ਦਾ ਧਾਰਨੀ ਬਣ ਸਕਦਾ ਹੈ।

ਉਪਰੋਕਤ ਚੁਣੌਤੀ ਅਤੇ ਸਥਿਤੀ ਤੋਂ ਛੁਟਕਾਰਾ ਦਿਵਾਉਣ ਲਈ ਤੇ ਬਚਾਉਣ ਲਈ ਗੁਰੂ ਨਾਨਕ ਬਾਣੀ ਵਿਚਲੀ ਸੰਗਤ ਮਨੁੱਖ ਨੂੰ ਸਹਾਈ ਹੋਵੇਗੀ, ਕਿਉਂਕਿ ਇਸ ਸੰਗਤ ਦਾ ਉਦੇਸ਼ ਇਕ ਦੂਜੇ ਨਾਲ ਰਲ ਮਿਲ ਕੇ ਰਹਿਣਾ ਤੇ ਗੁਣਾਂ ਦੀ ਸਾਂਝ ਪੈਦਾ ਕਰਨਾ ਹੈ।[11] ਇਸ ਦਾ ਉਦੇਸ਼ ਸਭ ਨੂੰ ਇਕ ਕਰਨਾ ਹੈ।[12] ਇਸ ਵਿੱਚ ਸ਼ਾਮਲ ਹੋ ਕੇ ਮਨੁੱਖ ਇਨਸਾਨੀ ਭਾਈਚਾਰੇ ਨਾਲ ਜੁੜ ਕੇ ਸਮਾਜਿਕ ਜ਼ਿੰਦਗੀ ਜੀਣ ਦਾ ਵਲ ਸਿਖੇਗਾ। ਚੰਗੇ ਮਨੁੱਖਾਂ ਦੀ ਸੰਗਤ ਵਿੱਚ ਬੈਠ ਕੇ ਸ਼ੁਭ ਗੁਣ ਗ੍ਰਹਿਣ ਕਰੇਗਾ[13] ਕਿਉਂਕਿ ਸੰਗਤ ਵਿੱਚ ਮਨੁੱਖ ਗੁਣਵੰਤਿਆਂ ਦੇ ਗੁਣਾਂ ਦਾ ਪ੍ਰਭਾਵ ਗ੍ਰਹਿਣ ਕਰਦਾ ਹੈ।[14] ਇਸ ਤਰ੍ਹਾਂ ਸੰਗਤ ਮਨੁੱਖ ਨੂੰ ਇਕੱਲ ਦੇ ਸੁਆਰਥੀਪਣ ਵਿਚੋਂ ਕੱਢ ਕੇ ਸਮਾਜਿਕ ਭਾਈਚਾਰੇ ਵਿੱਚ ਜੁੜਨ ਦਾ ਕਾਰਨ ਬਣੇਗੀ।

ਗੁਰੂ ਨਾਨਕ ਸਾਹਿਬ ਦੇ ਸਮੇਂ ਵਿੱਚ ਮਨੁੱਖ ਜਾਤਪਾਤ ਤੇ ਊਚਨੀਚ ਵਿੱਚ ਪੈ ਕੈ ਸੁੱਚ-ਭਿੱਟ ਵਿੱਚ ਭਟਕਿਆ ਹੋਇਆ ਸੀ। ਗੁਰੂ ਨਾਨਕ ਬਾਣੀ ਦੇ ਉਪਦੇਸ਼ ਤੇ ਸਥਾਪਤ ਸੰਗਤ ਕਾਰਨ ਇਹ ਬੁਰਾਈਆਂ ਸਮੇਂ ਦੇ ਨਾਲ ਸਮਾਜ ਵਿੱਚ ਘੱਟ ਹੋ ਰਹੀਆਂ ਹਨ ਪਰ ਫਿਰ ਵੀ ਸਮਾਜ ਵਿੱਚ ਜਾਤ ਪਾਤ ਦੀ ਚੁਣੌਤੀ ਅਤੇ ਸਮਾਪਤ ਹੁੰਦੀ ਦਿਖਾਈ

ਨਹੀਂ ਦੇ ਰਹੀ। ਅੱਜ ਦੀਆਂ ਸਮਾਜਿਕ ਵੰਡਾਂ ਤੋਂ ਇਲਾਵਾ ਮਨੁੱਖੀ ਸਮਾਜ ਵਿੱਚ ਸਮੇਂ ਦੇ ਬੀਤਣ ਨਾਲ ਅਲੱਗ ਤਰ੍ਹਾਂ ਦੀਆਂ ਵੰਡੀਆਂ ਪੈਣ ਦੀ ਸੰਭਾਵਨਾ ਹੈ। ਇਸੇ ਕਾਰਨ ਖੇਤਰ, ਆਰਥਿਕ, ਸਭਿਆਚਾਰਿਕ ਪੱਖਾਂ ਤੋਂ ਨਵੀਆਂ ਜਮਾਤਾਂ ਪੈਦਾ ਹੋ ਰਹੀਆਂ ਹਨ। ਇਸ ਤਰ੍ਹਾਂ ਦੀਆਂ ਮਨੁੱਖੀ ਸਮਾਜ ਵਿੱਚ ਪਈਆਂ ਵੰਡੀਆਂ ਹਰ ਜਮਾਤ ਨੂੰ ਸਿਰਫ ਆਪਣੇ ਬਾਰੇ ਹੀ ਸੋਚਣ ਲਈ ਮਜ਼ਬੂਰ ਕਰਨਗੀਆਂ, ਕਿਉਂਕਿ ਇਹਨਾਂ ਦਾ ਆਧਾਰ ਸੁਆਰਥ-ਪੱਖੀ ਹੋਏਗਾ।

ਇਹਨਾਂ ਜਮਾਤਾਂ ਦਾ ਟਕਰਾਉ ਵੀ ਲਾਜ਼ਮੀ ਹੈ। ਇਸ ਤਰ੍ਹਾਂ ਦੀ ਸਥਿਤੀ ਵਿੱਚ ਗੁਰੂ ਨਾਨਕ-ਬਾਣੀ ਵਿਚਲੀ ਸੰਗਤ ਦੀ ਉਹੀ ਹੀ ਸਾਰਥਿਕਤਾ ਹੋਵੇਗੀ ਜੋ ਕਿ ਗੁਰੂ ਨਾਨਕ ਸਮੇਂ ਜਾਤਪਾਤ, ਊਚ-ਨੀਚ ਤੇ ਛੂਤਛਾਤ ਦੇ ਪੱਖ ਤੋਂ ਵੰਡੇ ਸਮਾਜ ਨੂੰ ਸੀ। ਇਹ ਸੰਗਤ ਮਨੁੱਖ ਨੂੰ ਮਨੁੱਖ ਨਾਲ ਜੋੜਨ, ਬਰਾਬਰਤਾ ਦ੍ਰਿੜ ਕਰਵਾਉਣ[15] ਤੇ ਇੱਕ ਦੂਜੇ ਦੇ ਨਾਲ ਮਿਲ ਕੇ ਵੰਡ ਕੇ ਛਕਣ ਦਾ ਰਸਤਾ ਦਿਖਾਉਣ ਵਿੱਚ ਸਹਾਈ ਹੋਵੇਗੀ।[16] ਮਨੁੱਖ ਨੂੰ ਸਮਾਜਿਕ ਉਸਾਰੀ ਵਿੱਚ ਸਾਂਝੇ ਤੌਰ ਤੇ ਸੇਵਾ ਭਾਵਨਾ ਰੱਖਦੇ ਹੋਏ, ਹਿੱਸਾ ਪਾਉਣ ਲਈ ਪ੍ਰੇਰਨਾ ਸਰੋਤ ਬਣੇਗੀ।[17]

ਪਦਾਰਥਵਾਦੀ ਯੁੱਗ ਦਾ ਮਨੁੱਖ ਮਾਇਆ ਦੇ ਨਸ਼ੇ ਵਿਚ ਵਿਕਾਰਾਂ ਦੀ ਮਾਰ ਤੋਂ ਨਹੀਂ ਬਚ ਸਕੇਗਾ। ਇਸ ਨਾਲ 'ਹਉਮੈ' ਪ੍ਰਮੁੱਖ ਰੂਪ ਵਿੱਚ ਪ੍ਰਗਟ ਹੋਵੇਗੀ। ਜਿਸ ਨਾਲ ਸਮਾਜ ਵਿੱਚ ਝਗੜੇ ਤੇ ਕਲੇਸ਼ ਉਤਪਨ ਹੋਣਾ ਸੁਭਾਵਿਕ ਹੈ। ਮਨੁੱਖਾਂ ਵਿੱਚ ਦਵੈਤ ਤੇ ਈਰਖਾ ਘਰ ਕਰਨਗੇ, ਪਰ ਗੁਰੂ ਨਾਨਕ ਬਾਣੀ ਅਨੁਸਾਰ ਸੰਗਤ ਵਿੱਚ ਜਾ ਕੇ ਮਨੁੱਖ ਜਦੋਂ ਸਿਮਰਨ ਤੇ ਸੇਵਾ ਕਰੇਗਾ ਤਾਂ ਉਸ ਦੇ ਵਿਕਾਰਾਂ ਦੀ ਮੈਲ ਕੱਟੀ ਜਾਵੇਗੀ।[18] ਮਨ ਨਿਰਮਲ ਹੋ ਕੇ ਨਿਰਮਾਣਤਾ ਵਿੱਚ ਆਵੇਗਾ। ਇਸ ਤਰ੍ਹਾਂ ਆਉਗੁਣਾਂ ਤੋਂ ਛੁਟਕਾਰਾ ਤੇ ਗੁਣਾਂ ਦੀ ਪ੍ਰਪਤੀ ਹੋਵੇਗੀ।[19] ਨਸ਼ਿਆਂ ਦੀ ਸਮੱਸਿਆ ਭਵਿੱਖ ਦੇ ਸਮਾਜ ਲਈ ਇੱਕ ਹੋਰ ਵੱਡੀ ਚੁਣੌਤੀ ਬਣ ਰਹੀ ਹੈ। ਡਾ.ਬੈਨਰਜੀ ਅਤੇ ਡਾ.ਮੋਹਨ ਦੁਆਰਾ ਕੀਤੀ ਗਈ ਖੋਜ ਅਨੁਸਾਰ ਸਾਡਾ ਪੜ੍ਹਿਆ ਲਿਖਿਆ ਨੌਜਵਾਨ ਮਾਰਗ ਦਾ 50% ਨਸ਼ਿਆਂ ਦਾ ਸ਼ਿਕਾਰ ਹੋ ਰਿਹਾ ਹੈ।[20] ਇਹਨਾਂ ਨਸ਼ਿਆਂ ਵਿੱਚ ਸ਼ਰਾਬ, ਤਮਾਕੂ, ਨਸ਼ੀਲੀਆਂ ਗੋਲੀਆਂ ਆਦਿ ਸ਼ਾਮਿਲ ਹਨ।[21]

'ਸਿੱਖ-ਸੰਗਤ' ਭਵਿਖ ਵਿੱਚ ਆਉਣ ਵਾਲੀਆਂ ਨਸ਼ਿਆਂ ਦੇ ਵਾਧੇ ਸੰਬੰਧੀ ਸਮੱਸਿਆਵਾਂ ਦਾ ਸਮਾਧਾਨ ਕਰਦੀ ਹੈ। 'ਸਿੱਖ-ਸੰਗਤ' ਵਿੱਚ ਜੁੜ ਕੇ ਮਨੁੱਖ ਨਸ਼ੇ ਛੱਡ ਕੇ ਅੰਮ੍ਰਿਤ ਦਾ ਵਪਾਰੀ ਬਣ ਜਾਵੇਗਾ।[22] ਇਸ ਤੋਂ ਇਲਾਵਾ ਗੁਰੂ ਨਾਨਕ ਬਾਣੀ ਵਿੱਚ ਦਿੱਤੀ ਇਹ ਸੇਧ *"ਬਾਬਾ ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥"*[23] ਨਸ਼ਾ ਕਰਨ ਵਾਲਿਆਂ ਨੂੰ ਇਸ ਭੈੜੇ ਰਾਹ ਤੇ ਚੱਲਣ ਤੋਂ ਰੋਕਦੀ ਰਹੇਗੀ।

ਪੱਛਮੀ ਪ੍ਰਭਾਵ ਅਤੇ ਸੰਚਾਰ ਦੇ ਨਵੇਂ ਸਾਧਨਾਂ ਕਰਕੇ ਆਉਣ ਵਾਲੇ ਭਵਿੱਖ ਵਿੱਚ ਡਰ ਹੈ ਕਿ ਮਨੁੱਖ ਨੰਗੇਜ਼ ਅਤੇ ਕਾਮ ਰੁਚੀਆਂ ਵੱਲ ਵਧੇਗਾ। ਅਜਿਹੀ ਸਥਿਤੀ ਵਿੱਚ ਗੁਰੂ ਨਾਨਕ ਸਾਹਿਬ ਦੁਆਰਾ ਦਰਸਾਇਆ ਅਤੇ 'ਸਿੱਖ-ਸੰਗਤ' ਵਿੱਚ ਆਪਣਾਇਆ ਮਾਰਗ *"ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*

*ਬਾਬਾ ਹੋਰੁ ਸਉਣਾ ਖੁਸੀ ਖੁਆਰੁ॥ ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥"*[24] ਅਜਿਹੇ ਜੀਵਾਂ ਦੀ ਅਗਵਾਈ ਕਰੇਗਾ।

ਆਉਣ ਵਾਲੇ ਸਮੇਂ ਵਿੱਚ ਤੀਜਾ ਮਹਾਂਯੁੱਧ ਅਤੇ ਵਿਨਾਸ਼ਕਾਰੀ ਯੁੱਧ ਦਾ ਡਰ ਅਜੋਕੇ ਮਨੁੱਖ ਲਈ ਇੱਕ ਵੱਡੀ ਚਿਤਾਵਨੀ ਬਣਿਆ ਹੋਇਆ ਹੈ। ਵਿਗਿਆਨੀਆਂ ਅਨੁਸਾਰ ਅਜਿਹੇ ਮਾਰੂ ਹਥਿਆਰ ਅਤੇ ਗੈਸਾਂ, ਬੰਬ ਆਦਿ ਬਣ ਚੁੱਕੇ ਹਨ, ਜਿਨ੍ਹਾਂ ਦੀ ਵਰਤੋਂ ਦੁਆਰਾ ਨਾ ਕੇਵਲ ਵੱਖ ਵੱਖ ਕਿਸਮ ਦੀਆਂ ਮਾਰੂ ਬਿਮਾਰੀਆਂ ਵਿਸ਼ਵ ਵਿਚ ਫੈਲਾਈਆਂ ਜਾ ਸਕਦੀਆਂ ਹਨ ਸਗੋਂ ਖਿਨਾ ਵਿੱਚ ਸਾਰੇ ਵਿਸ਼ਵ ਨੂੰ ਸਮਾਪਤ ਕਰ ਸਕਦੇ ਹਨ। ਸਾਡੀ ਦ੍ਰਿਸ਼ਟੀ ਵਿੱਚ ਇਸ ਸਮੱਸਿਆ ਦਾ ਹੱਲ ਵੀ 'ਸਿੱਖ-ਸੰਗਤ' ਦੁਆਰਾ ਹੀ ਕੱਢਿਆ ਜਾ ਸਕਦਾ ਹੈ। ਜੇ ਵਿਸ਼ਵ ਦੇ ਸ਼ਕਤੀ ਸ਼ਾਲੀ ਦੇਸ਼ ਉਥੋਂ ਦੇ ਰਾਜਨੀਤੀਵਾਨ ਤੇ ਵਿਗਿਆਨਕ 'ਸਿੱਖ-ਸੰਗਤ' ਸੰਸਥਾ ਨੂੰ ਧਾਰਨ ਕਰ ਲੈਣ ਇਸ ਸੰਸਥਾ

ਦੁਆਰਾ ਦਰਸਾਏ ਮਾਰਗ ਨੂੰ ਅਪਨਾ ਲੈਣ ਫਿਰ ਇਹ ਲੋਕ ਦੁਨੀਆਂ ਦੇ ਵਿਨਾਸ਼ ਦਾ ਰਾਹ ਛੱਡ ਕੇ ਵਿਗਿਆਨਕ ਕਾਢਾਂ ਨੂੰ ਮਨੁੱਖ ਦੀ ਭਲਾਈ ਲਈ ਵਰਤਣਗੇ। ਉਹ ਲੋਕ ਇੱਕ ਦੂਜੇ ਪ੍ਰਤੀ ਨਫ਼ਰਤ, ਈਰਖਾ ਤੇ ਦੁਸ਼ਮਣੀ ਦਾ ਰਾਹ ਤਿਆਗ ਕੇ ਇਕ ਵਿਸ਼ਵ ਭਾਈਚਾਰੇ ਦਾ ਰੂਪ ਧਾਰਨ ਕਰ ਸਕਦੇ ਹਨ। ਉਹ ਵਿਸ਼ਵ ਭਾਈਚਾਰਾ ਜਿਸ ਦਾ ਇਕੋ ਹੀ ਪਿਤਾ ਪਰਮਾਤਮਾ ਹੋਵੇਗਾ ਅਤੇ ਵਿਸ਼ਵ ਦੇ ਸਾਰੇ ਲੋਕ ਉਸ ਦੇ ਧੀਆਂ ਪੁੱਤਰ ਹੋਣਗੇ।[25]

ਪਦਾਰਥਵਾਦੀ ਯੁੱਗ ਵਿੱਚ ਮਾਇਆਧਾਰੀ ਜਮਾਤ ਸ਼ੋਸ਼ਣ ਕਰਨ ਵਾਲੀ ਜਮਾਤ ਨੂੰ ਜਨਮ ਦੇਣ ਦਾ ਕਾਰਨ ਬਣੇਗੀ। ਜਿਸ ਨਾਲ ਕਿ ਸ਼ੋਸ਼ਿਤ ਸਮਾਜ ਤੇ ਸ਼ੋਸ਼ਣਕਾਰੀ ਜਮਾਤ ਪੈਦਾ ਹੋਵੇਗੀ। 'ਕਿਰਤ ਕਰਨ ਤੇ ਵੰਡ ਕੇ ਛਕਣਾ' ਦੇ ਸਿਧਾਂਤ ਅਧੀਨ ਸੰਗਤ ਭਵਿੱਖ ਵਿੱਚ ਇਸ ਤਰ੍ਹਾਂ ਦੀ ਸਥਿਤੀ ਨਾਲ ਨਿਪਟਣ ਲਈ ਸਾਰਥਿਕ ਸਿੱਧ ਹੋਵੇਗੀ।

ਸੰਗਤ ਵਿਚੋਂ ਸਮਾਜ ਨੂੰ 'ਕਿਰਤੀ ਹੋਣ ਤੇ ਵੰਡ ਕੇ ਛਕਣ' ਦਾ ਸੰਦੇਸ਼ ਮਿਲੇਗਾ ਜਿਸ ਨਾਲ ਇੱਕ ਕਿਰਤੀ, ਦਾਨੀ ਤੇ ਸੇਵਾ ਭਾਵ ਵਾਲੇ ਸਮਾਜ ਦੀ ਉਸਾਰੀ ਹੋਵੇਗੀ। ਸਮਾਜ ਵਿੱਚ ਉਸ ਵਰਤਾਰੇ ਅਧੀਨ ਜਦੋਂ ਹਰ ਮਨੁੱਖ ਵੱਖਰੀ ਵਿਚਾਰਧਾਰਾ ਤੇ ਖਿਆਲਾਂ ਦਾ ਮਾਲਕ ਬਣ ਬੈਠੇਗਾ ਤਾਂ ਸੰਗਤ ਦੇ 'ਗੁਰਮਤੇ ਦੇ ਸਿਧਾਂਤ' ਅਧੀਨ ਮਨੁੱਖ ਨੂੰ ਜੁੜ ਕੇ ਸਰਬ-ਕਲਿਆਣ ਲਈ ਫੈਸਲੇ ਲੈਣ ਦੀ ਸੇਧ ਮਿਲੇਗੀ। ਸੰਗਠਨ ਦੇ ਨਾਲ ਜੁੜ ਕੇ ਸਮੂਹਕ ਫੈਸਲਿਆਂ ਰਾਹੀਂ ਵਿਅਕਤੀਗਤ ਤੇ ਸਮਾਜਿਕ ਉਸਾਰੀ ਨੂੰ ਉਤਸ਼ਾਹ ਮਿਲੇਗਾ। ਇਸ ਤੋਂ ਇਲਾਵਾ ਸੰਗਤ ਸਮੇਂ ਅਨੁਸਾਰ ਬਦਲਦੀਆਂ ਪ੍ਰਸਥਿਤੀਆਂ ਵਿੱਚ ਮੌਜੂਦਾ ਹਾਲਾਤਾਂ ਵਿੱਚ ਗੁਰੂ ਆਸ਼ੇ ਅਨੁਸਾਰ ਵਿਚਾਰ ਕਰਕੇ ਫੈਸਲੇ ਲੈ ਸਕਦੀ ਹੈ ਕਿਉਂਕਿ ਸੰਗਤ ਦੇ ਫੈਸਲੇ ਨੂੰ ਗੁਰੂ ਦਾ ਫੈਸਲਾ ਕਰਕੇ ਜਾਣਿਆ ਜਾਂਦਾ ਹੈ।

ਉਪਰੋਕਤ ਵਿਚਾਰ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਨਾਨਕ ਬਾਣੀ ਵਿਚਲੀ ਸੰਗਤ ਭਵਿੱਖ ਵਿੱਚ ਇਕ ਨਰੋਏ ਸਮਾਜ ਨੂੰ ਉਸਾਰੇਗੀ ਜਿਸ ਵਿੱਚ ਮਨੁੱਖ ਧਾਰਮਿਕ, ਸਮਾਜਿਕ, ਆਰਥਿਕ ਸਭਿਆਚਾਰਿਕ ਤੇ ਰਾਜਨੀਤਕ ਮਸਲਿਆਂ ਦੇ ਹੱਲ ਸੰਗਤ ਦੇ ਸੰਦਰਭ ਵਿੱਚ ਵਿਚਾਰ ਕੇ ਲੱਭ ਸਕੇਗਾ। ਭਵਿੱਖ ਵਿਚ ਗੁਰੂ ਨਾਨਕ ਦੁਆਰਾ ਸਥਾਪਤ ਸੰਗਤ ਮਨੁੱਖ ਦੇ ਵਿਰਾਨ ਤੇ ਭਟਕੇ ਮਨ ਨੂੰ ਸੇਧ ਦੇ ਕੇ ਇੱਕ ਪੂਰਨ ਮਨੁੱਖ ਬਣਾਉਂਦੀ ਹੋਈ ਉਸ ਦੇ ਮੂਲ ਨਾਲ ਜੋੜ ਕੇ ਜਨਮ-ਮਰਨ ਦੇ ਬੰਧਨਾਂ ਤੋਂ ਮੁਕਤ ਕਰਨ ਦੇ ਸਮਰੱਥ ਹੋਵੇਗੀ।

*ਰਾਮ ਨਾਮੁ ਗੁਰਬਚਨੀ ਬੋਲਹੁ॥*
*ਸੰਤ ਸਭਾ ਮਹਿ ਇਹੁ ਰਸੁ ਟੋਲਹੁ॥*
*ਗੁਰਮਤਿ ਖੋਜਿ ਲਹਹੁ ਘਰੁ ਅਪਨਾ ਬਹੁੜਿ ਨ ਗਰਭ ਮਝਾਰਾ ਹੇ॥*[26]

## ਹਵਾਲੇ ਅਤੇ ਟਿੱਪਣੀਆਂ

1. ਰਾਮਚਰਿਤ ਮਾਨਸ ਟੀਕਾ), 25.4, 26.1, 26.3, ਪੰ. 28-29
2. ਕਹਾ ਕਹੂੰ ਲਗ ਨਾਮ ਵਡਾਈ॥ ਰਾਮ ਨ ਸਕੈ ਨਾਮੁ ਗੁਣ ਗਾਈ॥

   ਰਾਮ ਚਰਿਤਮਾਨਸ, ਪੰ. 28
3. ਸਤਸੰਗਤਿ ਕੈਸੀ ਜਾਣੀਐ ਜਿਥੈ॥ ਏਕੋ ਨਾਮੁ ਵਖਾਣੀਐ॥

   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 72
4. ਜਾਗਤ ਜੋਤ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨ ਆਨੈ।

   ਦਸਮ ਗ੍ਰੰਥ, ਪੰ. 712
5. ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 943
6. ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ।

   ਉਹੀ, ਪੰ. 599
7. ਸਿਖ ਸਭਾ ਦੀਖਿਆ ਕਾ ਭਾਉ॥

   ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 400
8. ਡਾ. ਦਰਸ਼ਨ ਸਿੰਘ, ਪ੍ਰੋਫੈਸਰ ਚੇਅਰਮੈਨ ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਉਦਘਾਟਨੀ ਭਾਸ਼ਨ, 11.11.97 ਨੂੰ ਪਾਉਂਟਾ ਸਾਹਿਬ ਵਿਖੇ ਆਯੋਜਿਤ ਪੰਜਾਬੀ ਯੂਨੀਵਰਸਿਟੀ ਦੇ ਸੈਮੀਨਾਰ ਵਿੱਚ ਪੜ੍ਹਿਆ ਗਿਆ।
9. ਉਹੀ।
10. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 24
11. ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥

    ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥

    ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ॥

    ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 809
12. ਆਈ ਪੰਥੀ ਸਗਲ ਜਮਾਤੀ.......।

    ਉਹੀ, ਪੰ. 41
13. ਊਤਮ ਸੰਗਤਿ ਊਤਮੁ ਹੋਵੈ॥

    ਉਹੀ, ਪੰ. 468
14. ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ॥

    ਉਹੀ, ਪੰ. 94
15. ਐ ਜੀ ਨਾ ਹਮ ਉਤਮ ਨੀਚ ਨ ਮਧਿਮ

    ਹਰਿ ਸਰਣਾਗਤਿ ਹਰਿ ਕੇ ਲੋਗ॥

    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 504

16. ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥
ਉਹੀ, ਪੰ. 1245
17. ਵਿਚਿ ਦੁਨੀਆ ਸੇਵਿ ਕਮਾਈਐ॥
ਉਹੀ, ਪੰ. 26
18. ਸਤ ਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ॥
ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 641
19. ਗੁਣੀ ਗੁਣੀ ਮਿਲਿ ਲਾਹਾ ਪਾਵਸਿ ਗੁਰਮੁਖਿ ਨਾਮਿ ਵਡਾਈ॥
ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ॥ ਉਹੀ, ਪੰ. ੧੨੮੫
ਗੁਣ ਕਉ ਧਾਵੈ ਅਵਗਣ ਧੋਵੈ॥ ਉਹੀ, ਪੰ. ੫੬੮
20. Banerjee, Prevalence of habit Forming drug among college Students: A survey; Indian Medical Journal, 1963, Vol. 57, p. 193
ਹਵਾਲਾ ਡਾ. ਜਗਬੀਰ ਸਿੰਘ ਸਾਬਰ ਦਾ ਪੇਪਰ, ਸਿੱਖ ਪੰਥ ਨੂੰ ਦਰਪੇਸ਼ ਨਸ਼ਿਆਂ ਦੀ ਸਮੱਸਿਆ, ਪਾਉਂਟਾ ਸਾਹਿਬ, 1997 ਪੰ. 4
21. ਉਹੀ, ਪੰ. 4
22. ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 360
23. ਉਹੀ, ਪੰ. 16
24. ਉਹੀ, ਪੰ. 16-17
25. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰ. 56
26. ਉਹੀ, ਪੰ. 1161

# ਨਿਸ਼ਕਰਸ਼

# ਨਿਸ਼ਕਰਸ਼

ਜਦੋਂ ਤੋਂ ਮਨੁੱਖ ਜਾਤੀ ਹੋਂਦ ਵਿੱਚ ਆਈ ਹੈ, ਮਨੁੱਖ ਟੱਬਰ ਜਾਂ ਕਬੀਲੇ ਦੇ ਰੂਪ ਵਿੱਚ ਇਕੱਠੇ ਮਿਲ ਕੇ ਰਹਿੰਦੇ ਆਏ ਹਨ। ਆਦਿ ਕਾਲ ਤੋਂ ਪ੍ਰਾਕਿਰਤੀ ਦੇ ਮੁਕਾਬਲੇ ਵਿੱਚ ਆਪਣੀ ਹੋਂਦ ਨੂੰ ਸੁਰਖਿਅਤ ਕਰਨ ਲਈ ਜੀਵਨ ਨਿਰਬਾਹ ਦੇ ਸਾਧਨ ਇਕੱਠੇ ਕਰਨ ਲਈ ਇਹ ਮਿਲ-ਜੁਲ ਕੇ ਰਹਿਣ ਦਾ ਪ੍ਰਬੰਧ ਜ਼ਰੂਰੀ ਸਮਝਿਆ ਗਿਆ। ਅਜਿਹੀ ਸੰਗਤ ਜਾਂ ਇਕੱਠੇ ਰਹਿਣ ਦੀ ਤਹਿ ਵਿੱਚ ਸਦਾ ਹੀ ਇਕ ਧਾਰਮਿਕ ਭਾਵਨਾ ਕੰਮ ਕਰਦੀ ਪ੍ਰਤੀਤ ਹੁੰਦੀ ਹੈ ਭਾਵੇਂ ਉਹ ਧਰਮ ਕਿੰਨਾ ਵੀ ਮੁੱਢਲੀ ਅਵਸਥਾ ਵਿੱਚ ਸੀ। ਸਮੂਹਕ ਪ੍ਰਵਿਰਤੀ ਮਨੁੱਖ ਦੇ ਸਮਾਜੀ ਵਰਤਾਰੇ ਵਿੱਚ ਇਕ ਵਿਸ਼ੇਸ਼ ਸਥਾਨ ਰੱਖਦੀ ਹੈ। ਮਨੁੱਖ ਆਪਣੇ ਚੌਗਿਰਦੇ ਦੇ ਸਮੁੱਚੇ ਸਮਾਜ ਦਾ ਇਕ ਅੰਗ ਤਾਂ ਹੁੰਦਾ ਹੈ ਪਰ ਉਹ ਆਪਣੇ ਸੰਗ ਲਈ ਆਪਣੀ ਵਿਸ਼ੇਸ਼ ਰੁਚੀ ਅਤੇ ਲੋੜ ਅਨੁਸਾਰ ਕੁੱਝ ਵਿਅਕਤੀਆਂ ਦੀ ਚੋਣ ਕਰਦਾ ਹੈ। ਇਸ ਤਰ੍ਹਾਂ ਆਪਣੀ ਮਰਜ਼ੀ ਨਾਲ ਸਥਾਈ ਜਾਂ ਅਸਥਾਈ ਸਾਥ ਲਈ ਚੁਣੇ ਗਏ ਸੰਗ ਨੂੰ ਸੰਗਤ ਆਖਦੇ ਹਨ। ਅਰਥਾਂ ਦੀ ਕੜੀ ਤੋਂ ਸੰਗਤ ਦਾ ਭਾਵ ਸਾਥ ਜਾਂ ਸੁਹਬਤ ਹੈ। ਇਹ ਸਾਥ ਕਿਸੇ ਚੰਗੇ ਜਾਂ ਮਾੜੇ ਉਦੇਸ਼ ਦੀ ਪ੍ਰਾਪਤੀ ਲਈ ਚੰਗੇ ਜਾਂ ਮਾੜੇ ਸਾਥੀਆਂ ਦਾ ਹੋ ਸਕਦਾ ਹੈ। ਆਮ ਅਰਥਾਂ ਤੋਂ ਵਖਰਿਆਉਣ ਲਈ ਅਧਿਆਤਮਿਕ ਖੇਤਰ ਵਿੱਚ ਸੰਗਤ ਨੂੰ ਆਮ ਤੌਰ ਤੇ ਸਤਿਸੰਗਤ, ਸਾਧਸੰਗਤ, ਸਾਧਸੰਗ, ਸਤਿਸੰਗ ਜਾਂ ਸੰਤਮੰਡਲ ਕਰਕੇ ਲਿਖਿਆ ਜਾਂਦਾ ਹੈ। ਸੰਗਤ ਦੇ ਸਹੀ ਅਰਥ ਹਨ, ਸੰਤਾਂ ਦੀ ਸੁਹਬਤ, ਭਲੇ ਲੋਕਾਂ ਦੀ ਸੰਗਤ।

ਸਿੱਖ ਧਰਮ ਵਿੱਚ 'ਸੰਗਤ' ਦਾ ਭਾਵ 'ਸਤਿਸੰਗਤ' ਹੈ, ਜਿਸ ਦਾ ਅਰਥ ਹੈ, ਉਤਮ ਸੰਗਤ, ਨੇਕ ਸੁਹਬਤ, ਸੰਤਾਂ ਅਤੇ ਭਲੇ ਲੋਕਾਂ ਦੀ ਸੰਗਤ। ਗੁਰੂ ਨਾਨਕ ਦੇਵ ਜੀ ਨੇ ਸੰਗਤ ਦੀ ਪਰਿਭਾਸ਼ਾ ਦਿੰਦਿਆਂ ਇਹ ਗੱਲ ਸੱਪਸ਼ਟ ਰੂਪ ਵਿੱਚ ਕਹਿ ਦਿੱਤੀ ਹੈ ਕਿ ਕੇਵਲ ਨਾਮ ਅਭਿਆਸ ਲਈ ਜੁੜੇ ਗੁਰਮੁਖ ਜਨਾਂ ਦੀ ਇੱਕਤਰਤਾ ਨੂੰ ਹੀ 'ਸੰਗਤ', ਸਾਧਸੰਗਤ ਜਾਂ ਸਤਿਸੰਗਤ ਕਿਹਾ ਜਾ ਸਕਦਾ ਹੈ। ਉਨ੍ਹਾਂ ਅਨੁਸਾਰ ਸੰਗਤ ਤੋਂ ਭਾਵ ਉਸ ਸੰਗਤ ਤੋਂ ਹੈ ਜਿਥੇ ਪ੍ਰਭੂ ਦੇ ਪ੍ਰੇਮੀ ਜੁੜ ਬੈਠਦੇ ਹਨ ਤੇ ਇਕ ਅਕਾਲਪੁਰਖ ਦਾ ਨਾਮ ਸਿਮਰਦੇ ਹਨ। ਸੰਗਤ ਇੱਕ ਸੰਸਥਾ ਹੈ ਜਿਥੇ ਗੁਰੂ ਦੈਵੀ ਗਿਆਨ ਦਿੰਦਾ ਹੈ।

ਸੰਗਤ ਦੀ ਪ੍ਰੰਪਰਾ ਮਨੁੱਖ ਜਿੰਨੀ ਹੀ ਪੁਰਾਣੀ ਹੈ। ਵੇਦਾਂ ਤੇ ਉਪਨਸ਼ਿਦਾਂ ਵਿੱਚ ਸੰਗਤ ਦੀ ਲੋੜ ਤੇ ਇਸ ਦੇ ਮੱਹਤਵ ਉਤੇ ਬਹੁਤ ਬਲ ਦਿੱਤਾ ਗਿਆ ਹੈ। ਵੇਦ-ਕਾਲ ਵਿੱਚ ਲੋਕ ਇਕੱਠੇ ਹੋ ਕੇ ਦੇਵਤਿਆਂ ਦੀ ਉਸਤਤੀ ਵਿੱਚ ਭਜਨ ਗਾ ਕੇ ਦੁਨਿਆਵੀ ਸੁਖਾਂ ਦੀ ਪ੍ਰਾਪਤੀ ਲਈ ਪ੍ਰਾਰਥਨਾਵਾਂ, ਯਗ ਤੇ ਹਵਨ ਕਰਦੇ ਸਨ। ਵੇਦਾਂ ਵਿੱਚ ਸੰਗਤ ਲਈ ਸਭਾ, ਸੰਮਤੀ, ਦੇਵ ਪੁੱਤਰੀ ਤੇ ਨਰਿਸ਼ਟਾ ਸ਼ਬਦ ਵਰਤੇ ਗਏ ਹਨ। ਇਹਨਾਂ ਸੰਗਤਾਂ ਦਾ ਕੇਂਦਰ ਬਿੰਦੂ ਕੋਈ ਵਿਸ਼ੇਸ਼ ਦੇਵਤਾ ਹੁੰਦਾ ਸੀ। ਇਹਨਾਂ ਸੰਗਤਾਂ ਵਿੱਚ ਸਭ ਲੋਕ ਸ਼ਾਮਲ ਹੁੰਦੇ ਸਨ। ਲੋਕ ਸਮੂਹਕ ਪ੍ਰਾਰਥਨਾਵਾਂ ਵਿੱਚ ਵਧੇਰੇ ਸ਼ਕਤੀ ਮੰਨਦੇ ਸਨ। ਇਹ ਸੰਗਤ ਦਾ ਮੁਢਲਾ ਰੂਪ ਸੀ।

ਉਪਨਸ਼ਿਦਾਂ ਵਿਚਲੀ ਸੰਗਤ ਗੁਰੂ -ਸ਼ਿਸ਼ਾਂ ਦੀ ਸੰਗਤ ਹੈ ਜਿਸ ਵਿੱਚ ਆਮ ਲੋਕਾਂ ਦੀ ਸ਼ਮੂਲੀਅਤ ਨਹੀ ਦਰਸਾਈ ਗਈ ਹੈ। ਇਸ ਸੰਗਤ ਦਾ ਮੂਲ ਵਿਸ਼ਾ 'ਬ੍ਰਹਮਤੱਤ' ਦੀ ਸੋਝੀ ਹੈ। ਇਸ ਸੰਗਤ ਨੂੰ 'ਬ੍ਰਹਮਸੰਸਦ' ਦਾ ਨਾਂ ਦਿੱਤਾ ਗਿਆ ਹੈ। ਇਸ ਦਾ ਖੇਤਰ ਵਿਸ਼ਾਲਤਾ ਦਾ ਧਾਰਨੀ ਨਹੀ ਹੈ।

ਜੈਨ ਮੱਤ ਵਿੱਚ ਵੀ ਕੈਵਲਿਆ ਪ੍ਰਾਪਤੀ ਜਾਂ ਨਿਸ਼ਕਰਮਤਾ ਸਿਧੀ ਲਈ ਸਤਿਸੰਗ ਨੂੰ ਪਰਮ ਅਵੱਸ਼ਕ ਮੰਨਿਆ ਗਿਆ ਹੈ। ਸਮੂਹਕ ਰੂਪ ਵਿੱਚ ਸਾਧਨਾ ਕਰਨ ਲਈ 'ਜੈਨ-ਸੰਘ' ਦੀ ਸਥਾਪਨਾ ਕੀਤੀ ਗਈ ਹੈ। ਜੈਨ-ਮੱਤ ਅਨੁਸਾਰ ਸੰਗਤ ਰਾਹੀਂ ਪ੍ਰਾਪਤ ਕੀਤਾ ਗਿਆ ਗਿਆਨ ਸਾਰੇ ਗਿਆਨਾਂ ਤੋਂ ਸ਼੍ਰੇਸ਼ਟ ਮੰਨਿਆ ਗਿਆ ਹੈ।

ਬੁੱਧ ਮੱਤ ਵਿੱਚ 'ਸੰਘਮ, ਸ਼ਰਨਮ, ਗਛਾਮੀ' ਸ਼ਬਦਾਂ ਤੋਂ ਪਤਾ ਲਗਦਾ ਹੈ ਕਿ ਬੁੱਧ ਧਰਮ ਵਿੱਚ ਸਮਾਜ ਪ੍ਰਬੰਧਤ ਕਰਨ ਲਈ ਸੰਸਥਾਗਤ ਢਾਂਚਾ ਖੜਾ ਕੀਤਾ ਗਿਆ। 'ਬੁੱਧ-ਸੰਘ' ਸੰਗਤ ਦਾ ਸੰਸਥਾਗਤ ਰੂਪ ਹੈ। ਧਮਪਦ ਅਨੁਸਾਰ ਸੰਘ (ਸੰਗਤ) ਵਿਚ ਮਨੁੱਖ ਧਰਮ ਨੂੰ ਛੇਤੀ ਜਾਣ ਲੈਂਦਾ ਹੈ।

ਈਸਾਈਅਤ ਵਿੱਚ ਵੀ ਸੰਗਤ ਦਾ ਸੰਸਥਾਗਤ ਰੂਪ ਮਿਲਦਾ ਹੈ। ਸੰਗਤ ਲਈ ਕੰਗਰੀਗੇਸ਼ਨ (Congregation) ਤੇ ਇਕਲੇਸ਼ੀਆ ਸ਼ਬਦ ਵਰਤਿਆ ਗਿਆ ਹੈ। ਇਸ ਵਿੱਚ ਇਕੱਠੇ ਹੋ ਕੇ ਪੈਰੋਕਾਰ ਸਮੂਹਕ ਪ੍ਰਾਰਥਨਾਵਾਂ ਕਰਦੇ ਹਨ। ਈਸਾਈਆਂ ਅਨੁਸਾਰ ਨੈਤਿਕ ਗੁਣਾਂ ਦੀ ਸਾਂਝ ਲਈ ਸੰਗਤ ਬਹੁਤ ਜ਼ਰੂਰੀ ਹੈ। ਸੰਗਤ ਈਸਾਈ ਧਰਮ ਦੇ ਵਿਸ਼ਵ-ਵਿਆਪੀ ਪ੍ਰਚਾਰ ਦਾ ਮੁੱਖ ਕਾਰਨ ਬਣੀ।

ਇਸਲਾਮ ਧਰਮ ਵਿਚ ਸੰਗਤ ਲਈ 'ਜਮਹ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਇਸਲਾਮ ਸਮੂਹਕ ਦੁਆ ਵਿੱਚ ਕਈ ਗੁਣਾਂ ਫਲ ਮੰਨਦਾ ਹੈ। ਇਹਨਾਂ ਸੰਗਤਾਂ ਦਾ ਇਕੱਠੇ ਹੋਣ ਦਾ ਸਥਾਨ ਮਸਜਿਦ ਹੁੰਦਾ ਹੈ। ਇਕੱਠੇ ਹੋ ਕੇ ਪਰਮਾਤਮਾ ਦੀ ਇਬਾਦਤ ਕਰਨਾ ਸੰਗਤ ਦਾ ਮੁੱਖ ਉਦੇਸ਼ ਹੈ।

ਮੁੱਖ ਭਾਰਤੀ ਤੇ ਸਾਮੀ ਧਰਮਾਂ ਸਮੇਂ ਸੰਗਤ ਦਾ ਸਰੂਪ ਸਮੇਂ ਅਨੁਸਾਰ ਅਲੱਗ ਅਲੱਗ ਰਿਹਾ ਹੈ। ਇਸ ਸੰਸਥਾ ਦੇ ਵਿਕਾਸ ਦਾ ਸਿਖਰ ਉਦੋਂ ਹੋਇਆ ਜਦੋਂ ਗੁਰੂ ਨਾਨਕ ਦੇਵ ਜੀ ਨੇ ਸੰਗਤ ਦਾ ਸੰਕਲਪ ਦਿੱਤਾ। ਨਾਨਕ ਬਾਣੀ ਵਿੱਚ ਉਦੇਸ਼ ਗਠਨ ਤੇ ਸੰਚਾਲਨ ਦੇ ਪੱਖੋਂ 'ਸੰਗਤ' ਦਾ ਸੰਕਲਪ ਮੌਲਿਕ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਾ ਮੂਲ ਮਨੋਰਥ ਤੇ ਆਸ਼ਾ ਹੀ ਸ਼ਬਦ ਤੇ ਆਧਾਰਿਤ ਸੰਗਤ ਦੀ ਸਥਾਪਨਾ ਕਰਨਾ ਸੀ। ਉਹਨਾਂ ਨੇ ਇਸੇ ਮਨੋਰਥ ਨੂੰ ਲੈ ਕੇ ਉਦਾਸੀਆਂ ਸਮੇਂ ਅਨੇਕਾਂ ਥਾਵਾਂ ਤੇ 'ਸੰਗਤਾਂ' ਦੀ ਸਥਾਪਨਾ ਕੀਤੀ। ਗੁਰੂ ਨਾਨਕ ਬਾਣੀ ਵਿਚਲੀ ਸੰਗਤ ਦੇ ਉਦਭਵ ਦਾ ਮੂਲ ਕਾਰਨ ਮਨੁੱਖ ਨੂੰ ਸਚਿਆਰ ਬਣਾਉਣਾ ਹੈ। ਮਨੁੱਖ ਮਾਇਆ ਦੇ ਪ੍ਰਭਾਵ ਕਰਕੇ ਆਪਣੇ ਮੂਲ ਨੂੰ ਭੁੱਲ ਕੇ ਪਰਮਾਤਮਾ ਤੋਂ ਟੁੱਟ ਕੇ ਵਿਸ਼ੇ ਵਿਕਾਰਾਂ ਵਿੱਚ ਖਪਤ ਹੋ ਕੇ ਮੁਕਤੀ ਤੋਂ ਦੂਰ ਹੋ ਜਾਂਦਾ ਹੈ। ਮਨੁੱਖ ਨੂੰ ਇਸ ਕਲਯੁਗੀ ਪ੍ਰਭਾਵ ਤੋਂ ਬਚਾ ਕੇ ਵਿਸ਼ੇ ਵਿਕਾਰਾਂ ਤੋ ਛੁਟਕਾਰਾ ਦਿਵਾ ਕੇ ਨਾਮ ਬਾਣੀ ਰਾਹੀਂ ਪਰਮਾਤਮਾ ਨਾਲ ਅਭੇਦਤਾ ਪ੍ਰਦਾਨ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਸੰਗਤ ਦਾ ਸੰਕਲਪ ਦਿੱਤਾ ਜਿਸ ਦੀ ਰੂਪ ਰੇਖਾ ਉਹਨਾਂ ਨੇ ਆਪਣੀ ਬਾਣੀ ਵਿੱਚ ਵਰਨਣ ਕੀਤੀ ਹੈ। ਇਸ ਸੰਕਲਪ ਨੂੰ ਉਹਨਾਂ ਨੇ ਆਪਣੀਆਂ ਉਦਾਸੀਆਂ ਸਮੇਂ ਅਮਲੀ ਰੂਪ ਵਿਚ ਸੰਗਤਾਂ ਸਥਾਪਤ ਕਰਕੇ ਪ੍ਰਗਟ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਤੋਂ ਇਲਾਵਾ ਹੋਰ ਅਨੇਕਾਂ ਥਾਵਾਂ ਤੇ ਸਿੱਖਾਂ ਦੇ ਸਹਿਯੋਗ ਨਾਲ 'ਸੰਗਤਾਂ' ਦੀ ਸਥਾਪਨਾ ਕੀਤੀ। ਇਹਨਾਂ ਸੰਗਤਾਂ ਦੀ ਪ੍ਰਕਿਰਿਆ ਜੁੜਕੇ ਨਾਮ ਜਪਣਾ, ਬਾਣੀ ਪੜ੍ਹਨਾ ਸੁਣਨਾ, ਕਥਾ ਕੀਰਤਨ ਕਰਨਾ ਸੀ। ਲੰਗਰ ਸੰਗਤ ਦਾ ਅਨਿਖੜਵਾਂ ਅੰਗ ਬਣਾ ਦਿੱਤਾ ਗਿਆ। ਇਹਨਾਂ ਸੰਗਤਾਂ ਦਾ ਘੇਰਾ ਬਹੁਤ ਵਿਸ਼ਾਲ ਸੀ। ਭਾਰਤ ਤੋਂ ਇਲਾਵਾ ਲੰਕਾ ਤੱਕ ਸੰਗਤਾਂ ਦੀ ਵਿਸ਼ਾਲਤਾ ਸੀ।

ਗੁਰੂ ਨਾਨਕ ਦੇਵ ਜੀ ਦੁਆਰਾ ਸੰਗਤ ਦੀ ਸਥਾਪਨਾ ਭਾਰਤੀ ਸਮਾਜਿਕ ਜੀਵਨ ਵਿੱਚ ਇੱਕ ਕ੍ਰਾਂਤੀਕਾਰੀ ਅਮਲ ਸੀ। ਇਸ ਤੋਂ ਪਹਿਲਾਂ ਜਮਾਤ ਵਿੱਚ ਇੱਕ ਥਾਂ ਮਿਲ-ਬੈਠਣ ਤੇ ਨਾਮ ਅਭਿਆਸ ਕਰਨ ਦੀ ਸੰਸਥਾ ਹੋਂਦ ਵਿੱਚ ਨਹੀਂ ਆਈ ਸੀ। ਹਿੰਦੂ ਸਮਾਜ ਵਿੱਚ ਜੋ ਇਕੱਠ ਹੁੰਦੇ ਸਨ, ਉਹ ਵਿਸ਼ੇਸ਼ ਜਾਤੀਆਂ, ਬਰਾਦਰੀਆਂ ਦੇ ਹੁੰਦੇ ਸਨ। ਇਹਨਾਂ ਸਭਾਵਾਂ ਦਾ ਮੰਤਵ ਵੀ ਦੁਨਿਆਵੀ ਸਮੱਸਿਆਵਾਂ ਉੱਤੇ ਵਿਚਾਰ ਕਰਨਾ ਹੁੰਦਾ ਸੀ। ਸਮਾਜ ਉਚ-ਨੀਚ, ਜਾਤਾਂ, ਬਰਾਦਰੀਆਂ ਤੇ ਵਰਣਾਂ ਵਿੱਚ ਵੰਡਿਆ ਹੋਇਆ ਸੀ। ਹਿੰਦੂਆ ਵਿੱਚ ਫੋਕਟ ਕਰਮ ਕਾਂਡ ਅਤੇ ਮੁਸਲਮਾਨਾਂ ਵਿੱਚ ਸ਼ਰੀਅਤ ਦੀ ਪ੍ਰਧਾਨਤਾ ਸੀ। ਵਰਤ, ਨੇਮ, ਨਿਮਾਜ਼, ਰੋਜ਼ੇ, ਤੀਰਥ ਯਾਤਰਾ, ਹੱਜ, ਜਨਮ-ਮਰਨ ਦੀਆਂ ਰੀਤਾਂ ਨੂੰ ਹੀ ਧਰਮ ਦੀ ਮੰਨ ਲਿਆ ਗਿਆ ਸੀ। ਲੋਕਾਂ ਵਿੱਚ ਦਵੇਸ਼ ਭਾਵਨਾ ਘਰ ਕਰ ਚੁੱਕੀ ਸੀ ਅਤੇ ਧਰਮ ਦੀ ਸਹੀ ਅਰਥਾਂ ਵਿੱਚ ਅਣਹੋਂਦ ਸੀ। ਅਜਿਹੇ ਸਮੇਂ ਗੁਰੂ ਨਾਨਕ ਦੇਵ ਜੀ ਨੇ ਨਾਮ ਤੇ ਆਧਾਰਤ

ਸੰਗਤ ਦੀ ਨੀਂਹ ਰੱਖੀ, ਜਿਸ ਵਿਚ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ, 'ਏਕ ਪਿਤਾ ਏਕਸ ਕੇ ਹਮ ਬਾਰਿਕ' ਨੂੰ ਆਧਾਰ ਬਣਾਇਆ ਗਿਆ। ਅਜਿਹੇ ਲਕਸ਼ ਦੀ ਪ੍ਰਾਪਤੀ ਲਈ ਮਨ ਨੂੰ ਸਾਧਣ ਦੀ ਲੋੜ ਹੁੰਦੀ ਹੈ। ਸਾਧੇ ਹੋਏ ਮਨਾਂ ਦੇ ਮਾਲਕ ਜਦੋਂ ਮਿਲ ਬੈਠੇ ਤਾਂ 'ਸਾਧਸੰਗਤ' ਦਾ ਰੂਪ ਧਾਰਨ ਕਰ ਗਏ।

ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸੰਗਤਾਂ ਦਾ ਘੇਰਾ ਬਹੁਤ ਵਿਸ਼ਾਲ ਸੀ। ਉਹਨਾਂ ਨੇ ਜਗ੍ਹਾ-ਜਗ੍ਹਾ ਸੰਗਤਾਂ ਕਾਇਮ ਕਰਕੇ ਸੁਯੋਗ ਸਿੱਖਾਂ ਨੂੰ ਉਹਨਾਂ ਸੰਗਤਾਂ ਦੇ ਮੋਢੀ ਥਾਪਿਆ ਤੇ ਮੰਜੀਆਂ ਦੀ ਬਖਸ਼ਿਸ਼ ਕੀਤੀ। ਇਹਨਾਂ ਸੰਗਤਾਂ ਦਾ ਵੇਰਵਾ ਤੇ ਮੋਢੀ ਸਿੱਖਾਂ ਦੇ ਨਾਮ ਪੁਰਾਤਨ ਜਨਮ ਸਾਖੀਆਂ ਤੇ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਮਿਲਦੇ ਹਨ। ਗੁਰੂ ਅੰਗਦ ਦੇਵ ਜੀ ਨੇ ਸਿੱਖ ਸੰਗਤਾਂ ਵਿੱਚ ਵਾਧਾ ਕੀਤਾ। ਉਹਨਾਂ ਨੇ ਆਪਣੀਆਂ ਧਰਮ ਪ੍ਰਸਾਰ ਲਈ ਕੀਤੀਆਂ ਯਾਤਰਾਵਾਂ ਸਮੇਂ ਹੋਰ ਸੰਗਤਾਂ ਦੀ ਵੀ ਸਥਾਪਨਾ ਕੀਤੀ।

ਗੁਰੂ ਅਮਰਦਾਸ ਜੀ ਨੇ ਸਿੱਖ-ਸੰਗਤ ਦੇ ਨਾਲ ਲੰਗਰ ਨੂੰ ਵੀ ਸੰਗਤ ਦਾ ਅਨਿੱਖੜਵਾਂ ਅੰਗ ਐਲਾਨ ਕੀਤਾ। ਭਾਵੇਂ ਕਿ ਗੁਰੂ ਨਾਨਕ ਦੇਵ ਜੀ ਸਮੇਂ ਦੇ ਨਾਲ ਲੰਗਰ ਦੀ ਪ੍ਰਥਾ ਜ਼ਰੂਰੀ ਕੀਤੀ ਗਈ ਸੀ ਪਰ ਗੁਰੂ ਅਮਰਦਾਸ ਜੀ ਦੁਆਰਾ 'ਪਹਿਲੇ ਪੰਗਤ ਪਾਛੇ ਸੰਗਤ' ਦਾ ਫੁਰਮਾਨ ਜਾਰੀ ਕਰਕੇ ਇਹ ਜ਼ਰੂਰੀ ਕਰ ਦਿੱਤਾ ਕਿ ਮੇਰਾ ਸਿੱਖ ਜਾਂ ਦਰਸ਼ਨ ਅਭਿਲਾਸ਼ੀ ਲੰਗਰ ਵਿੱਚ ਪ੍ਰਸ਼ਾਦ ਛਕ ਕੇ ਪਿੱਛੋਂ ਦਰਸ਼ਨ ਲਈ ਸੰਗਤ ਵਿਚ ਆਵੇ। ਇਸ ਪ੍ਰਥਾ ਨੇ ਜਾਤਪਾਤ ਤੇ ਊਚ-ਨੀਚ ਵਾਲੀ ਕਾਣੀਵੰਡ ਤੇ ਕਰਾਰੀ ਚੋਟ ਲਾਈ। ਪੰਗਤ ਵਿੱਚ ਬੈਠ ਕੇ ਇੱਕੋ ਜਿਹਾ ਭੋਜਨ ਛਕਣਾ ਭਾਰਤ ਵਾਸੀਆਂ ਲਈ ਨਵਾਂ ਤਜਰਬਾ ਸੀ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਆਬਾਦ ਕਰਕੇ, ਸੰਗਤ ਦਾ ਨਵਾਂ ਕੇਂਦਰ ਸਥਾਪਿਤ ਕੀਤਾ। ਸੰਗਤਾਂ ਦੀ ਵਿਸ਼ਾਲਤਾ ਨੂੰ ਦੇਖਦੇ ਹੋਏ ਉਹਨਾਂ ਨੇ ਸਮੂਹ ਸਿੱਖ ਸੰਗਤਾਂ ਨੂੰ ਬਾਈ ਭਾਗਾਂ ਵਿੱਚ ਵੰਡਿਆ। ਇਹ ਵੰਡ ਕਿਸੇ ਖੇਤਰ ਨੂੰ ਆਧਾਰ ਮੰਨ ਕੇ ਨਹੀ ਕੀਤੀ ਗਈ ਸੀ। ਸਗੋਂ ਸੰਗਤਾਂ ਨੂੰ ਯੋਗ ਅਗਵਾਈ ਦੇਣ ਲਈ ਪ੍ਰਬੰਧ ਕੀਤਾ ਗਿਆ ਸੀ। ਸੰਗਤ ਦੇ ਹਰ ਇਕ ਭਾਗ ਨੂੰ 'ਮੰਜੀ' ਕਿਹਾ ਗਿਆ। ਹਰ 'ਮੰਜੀ' ਦੇ ਮੁੱਖੀ ਸਿੱਖ ਨੂੰ 'ਮੰਜੀਦਾਰ' ਨਿਯੁਕਤ ਕੀਤਾ ਗਿਆ। ਇਸ ਦੇ ਫਲਸਰੂਪ ਸਿੱਖ ਧਰਮ ਦਾ ਪ੍ਰਚਾਰ ਹੋਰ ਵਧ ਗਿਆ ਅਤੇ ਜਗ੍ਹਾ-ਜਗ੍ਹਾ 'ਸੰਗਤਾਂ' ਸਥਾਪਿਤ ਹੋ ਗਈਆਂ।

ਮੰਜੀ ਪ੍ਰਥਾ ਨੂੰ ਗੁਰੂ ਰਾਮਦਾਸ ਜੀ ਨੇ ਪੂੱਰਕ ਕਰਨ ਦੇ ਨਾਲ 'ਮਸੰਦ ਪ੍ਰਥਾ' ਨੂੰ ਆਰੰਭ ਕੀਤਾ। ਇਸ ਪ੍ਰਥਾ ਨੂੰ ਆਰੰਭ ਕਰਨ ਦਾ ਉਹਨਾਂ ਦਾ ਮਨੋਰਥ ਸਿੱਖ-ਸੰਗਤਾਂ ਦਾ ਗੁਰੂ ਨਾਲ ਨਿਰੰਤਰ ਸੰਪਰਕ ਸਥਾਪਿਤ ਕਰਨਾ ਸੀ। ਮਸੰਦ 'ਸੰਗਤਾਂ' ਤੋਂ ਭੇਟਾਵਾਂ ਲੈ ਕੇ ਗੁਰੂ ਤੱਕ ਪਹੁੰਚਾਉਂਦੇ ਤੇ ਗੁਰੂ ਦੇ ਉਪਦੇਸ਼ਾਂ ਨੂੰ ਆਪਣੇ ਖੇਤਰ ਵਿੱਚ ਜਾ ਕੇ ਪ੍ਰਚਾਰਦੇ ਸਨ। ਵਿਦਵਾਨ, ਯੋਗ ਤੇ ਇਮਾਨਦਾਰ ਸ਼ਖਸ਼ੀਅਤਾਂ ਨੂੰ ਮਸੰਦਾਂ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਸੀ।

ਸੰਗਤ ਦੇ ਵਿਕਾਸ ਵਿੱਚ ਗੁਰੂ ਅਰਜਨ ਦੇਵ ਜੀ ਨੇ ਬੜਾ ਮਹੱਤਵਪੂਰਨ ਹਿੱਸਾ ਪਾਇਆ। ਸਿੱਖ ਧਰਮ ਦੀ ਲੰਗਰ ਦੀ ਸੰਸਥਾ ਤੇ ਉਸਾਰੀ ਦੇ ਕੰਮਾਂ ਵਾਸਤੇ ਜਿਵੇਂ ਕਿ ਸਰੋਵਰ ਤੇ ਹਰਿਮੰਦਰ ਸਾਹਿਬ ਆਦਿ ਲਈ ਮਾਇਆ ਦੀ ਲੋੜ ਸੀ। ਗੁਰੂ ਅਰਜਨ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਆਪਣੀ ਆਮਦਨੀ ਦਾ ਦਸਵਾਂ ਹਿੱਸਾ (ਦਸਵੰਧ) ਮਰਜ਼ੀ ਨਾਲ ਗੁਰੂ ਦੇ ਖ਼ਜ਼ਾਨੇ ਵਿੱਚ ਜਮਾ ਕਰਵਾਉਣ ਲਈ ਕਿਹਾ। ਦਸਵੰਧ ਇਕੱਠਾ ਕਰਨ ਤੇ ਧਰਮ ਦਾ ਪ੍ਰਚਾਰ ਕਰਨ ਲਈ ਉਹਨਾਂ ਨੇ ਗੁਰੂ ਰਾਮਦਾਸ ਦੇ ਚਲਾਏ 'ਮਸੰਦ ਪ੍ਰਬੰਧ' ਨੂੰ ਵਿਕਸਤ ਕੀਤਾ। ਇਹ ਮਸੰਦ ਜੋ ਗੁਰੂ ਰਾਹੀਂ ਨਾਮਜ਼ਦ ਕੀਤੇ ਜਾਂਦੇ ਸਨ, ਇਲਾਕੇ ਦੀ ਸੰਗਤ ਤੋਂ ਦਸਵੰਧ ਦੀ ਮਾਇਆ ਇਕੱਤਰ ਕਰਕੇ ਸਾਲ ਵਿਚ ਇੱਕ ਵਾਰੀ, ਆਮ ਕਰਕੇ ਵਿਸਾਖੀ ਨੂੰ, ਗੁਰੂ ਸਾਹਿਬ ਕੋਲ ਜਮ੍ਹਾ ਕਰਵਾ ਦਿੰਦੇ ਸਨ, ਇਸ ਦੇ ਨਾਲ ਹੀ ਹਰ ਮਸੰਦ ਆਪਣੀ ਸੰਗਤ ਦੇ ਕੰਮਾਂ ਬਾਰੇ ਗੁਰੂ ਸਾਹਿਬ ਨੂੰ ਜਾਣਕਾਰੀ ਦਿੰਦਾ ਸੀ। ਇਸ ਤਰ੍ਹਾਂ ਸੰਗਤ ਨੂੰ ਗੁਰੂ ਨਾਲ ਜੋੜਨ ਤੇ ਸਿੱਖ ਧਰਮ ਦਾ ਪ੍ਰਚਾਰ ਕਰਨ ਵਿੱਚ ਮਸੰਦ ਕੇਂਦਰੀ ਧੁਰਾ ਬਣ ਗਏ ।

ਸੰਗਤ ਦੇ ਵਿਕਾਸ ਵਿੱਚ ਇੱਕ ਨਵਾਂ ਮੋੜ ਗੁਰੂ ਹਰਗੋਬਿੰਦ ਸਾਹਿਬ ਸਮੇਂ ਆਇਆ। ਉਹਨਾਂ ਨੇ ਮੀਰੀ ਤੇ ਪੀਰੀ

ਦਾ ਸਿਧਾਂਤ ਦੇ ਕੇ ਸੰਗਤਾਂ ਨੂੰ ਆਪਣੀ ਸਵੈ-ਰੱਖਿਆ ਬਾਰੇ ਵਿਚਾਰ ਕਰਨ ਲਈ ਕਿਹਾ। ਗੁਰੂ ਸਾਹਿਬ ਦੀਆਂ ਮੁਗਲਾਂ ਨਾਲ ਲੜਾਈਆਂ ਵਿੱਚ ਹੋਈਆਂ ਜਿੱਤਾਂ ਨਾਲ ਉਹਨਾਂ ਦੇ ਸ਼ਰਧਾਲੂਆਂ ਦਾ ਆਤਮ-ਵਿਸ਼ਵਾਸ ਵਧਿਆ। ਸੰਗਤ ਨੇ ਇਹ ਕੰਮ ਰਾਜਨੀਤਕ ਸਤਾ ਪ੍ਰਾਪਤੀ ਨਹੀਂ ਸਗੋਂ ਸਵੈ-ਰਖਿਆ ਲਈ ਸ਼ੁਰੂ ਕੀਤਾ ਸੀ ਜਿਸ ਨਾਲ ਧਰਮ ਅਧਾਰਿਤ ਸਿਆਸਤ ਦਾ ਸੰਕਲਪ ਸਾਹਮਣੇ ਆਇਆ।

ਬਾਬਾ ਗੁਰਦਿੱਤਾ ਜੀ ਨੇ ਗੁਰੂ ਹਰਗੋਬਿੰਦ ਸਾਹਿਬ ਦੇ ਕਹਿਣ ਤੇ ਚਾਰ ਮੁੱਖ ਪ੍ਰਚਾਰਕ ਉਦਾਸੀ ਬਾਣੇ ਵਾਲੇ, ਵੱਖ-ਵੱਖ ਥਾਵਾਂ ਤੇ ਸੰਗਤਾਂ ਦੀ ਦੇਖ-ਰੇਖ ਤੇ ਧਾਰਮਿਕ ਪ੍ਰਚਾਰ ਲਈ ਨਿਯੁਕਤ ਕੀਤੇ। ਇਨ੍ਹਾਂ ਦੇ ਨਾਮ ਸਨ: ਅਲਮਸਤ, ਫੂਲ, ਗੋਂਡਾ ਅਤੇ ਬਾਲੂ ਹਸਣਾ। ਇਨ੍ਹਾਂ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਅਤੇ ਕਈ ਪ੍ਰਚਾਰ ਕੇਂਦਰ ਸਥਾਪਤ ਕੀਤੇ ਜਿਹਨਾਂ ਨੂੰ 'ਧੂਏ' ਕਿਹਾ ਜਾਂਦਾ ਸੀ। ਜਦੋਂ ਪਹਿਲੇ ਗੁਰੂਆਂ ਦੇ ਬਣਾਏ ਮਸੰਦ ਲਾਲਚੀ ਤੇ ਘੁਮੰਡੀ ਹੋ ਕੇ ਆਪਣੇ ਧਾਰਮਿਕ ਤੇ ਨੈਤਿਕ ਫਰਜ਼ਾਂ ਨੂੰ ਭੁੱਲਣ ਲੱਗੇ ਤਾਂ ਇਨ੍ਹਾਂ ਦੀ ਥਾਂ ਇਨ੍ਹਾਂ ਨਵੇਂ ਪ੍ਰਚਾਰਕਾਂ ਨੇ ਲੈ ਲਈ ਤੇ ਸਿੱਖ ਧਰਮ ਦਾ ਦੁਰੇਡੇ ਤੇ ਅਪਹੁੰਚ ਥਾਵਾਂ ਤੇ ਪ੍ਰਚਾਰ ਕੀਤਾ। ਇਨ੍ਹਾਂ ਧੂਇਆਂ ਤੋਂ ਇਲਾਵਾ, ਗੁਰੂ ਹਰਗੋਬਿੰਦ, ਗੁਰੂ ਹਰਿ ਰਾਇ, ਗੁਰੂ ਹਰਿ ਕ੍ਰਿਸ਼ਨ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੇ ਵੇਲੇ ਬਹੁਤ ਸਾਰੀਆਂ, 'ਬਖਸ਼ਿਸ਼ਾਂ' ਸੰਗਤ ਦੀ ਤਰ੍ਹਾਂ ਸਥਾਪਤ ਹੋਈਆ। ਇਹਨਾਂ ਨੇ ਵੀ ਸਿੱਖ ਧਰਮ ਦੇ ਪ੍ਰਚਾਰ ਦਾ ਕੰਮ ਕੀਤਾ। ਇਸ ਤਰ੍ਹਾਂ ਦੇਸ਼ ਦਾ ਕੋਈ ਅਜਿਹਾ ਨਗਰ ਨਹੀਂ ਸੀ ਜਿਥੇ ਸਿੱਖ ਨਾ ਮਿਲਦੇ ਹੋਣ । ਸਿਧਾਂਤਕ ਸਬਲਤਾ ਅਤੇ ਸਮਾਜਿਕ ਸਕਾਰਮਕਤਾ ਕਾਰਣ ਸਿੱਖ ਸੰਗਤਾਂ ਸਾਰੇ ਭਾਰਤ ਵਿੱਚ ਸਥਾਪਤ ਹੋ ਚੁਕੀਆਂ ਸਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੇ ਮਸੰਦਾਂ ਦੀ ਗਿਰਾਵਟ ਕਾਰਨ ਸਿੱਖ-ਸੰਗਤ ਨੇ ਇੱਕ ਨਵੇਂ ਦੌਰ ਵਿੱਚ ਪ੍ਰਵੇਸ਼ ਕੀਤਾ। ਭਾਵੇਂ ਕਿ ਇਹ ਨਵੀਨਤਾ ਅਸਲੋਂ ਨਹੀਂ ਸੀ ਪਰ ਆਪਣੇ ਪ੍ਰਭਾਵ ਤੇ ਸਰੂਪ ਕਾਰਨ ਪਹਿਲਾਂ ਨਾਲੋਂ ਵੱਖਰੀ ਜਾਪਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਨੂੰ ਦੀਵਾਲੀ ਤੇ ਵਿਸਾਖੀ ਨੂੰ ਅਨੰਦਪੁਰ ਆਉਣ, ਮਸੰਦਾਂ ਨੂੰ ਕੁੱਝ ਵੀ ਨਾ ਦੇਣ ਤੇ ਹਥਿਆਰਬੰਦ ਨੌਜਵਾਨ ਭੇਜਣ ਵਾਰੇ ਹੁਕਮਨਾਮੇ ਭੇਜੇ। ਇਹ ਸੰਗਤ ਨੂੰ ਖਾਲਸਾ ਵਿੱਚ ਤਬਦੀਲ ਕਰਨ ਤੋਂ ਪਹਿਲਾਂ ਇੱਕ ਪ੍ਰਚਲਿਤ ਸੰਗਤੀ ਪ੍ਰਬੰਧ ਨੂੰ ਬਦਲਣ ਵਾਲਾ ਕਦਮ ਸੀ। ਉਹਨਾਂ ਨੇ ਹੁਕਮਨਾਮਿਆਂ ਰਾਹੀਂ ਵੀ ਦੁਰੇਡੇ ਦੀਆਂ ਸੰਗਤਾਂ ਨਾਲ ਸੰਪਰਕ ਬਣਾਈ ਰੱਖਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਦੀ ਪ੍ਰਥਾ ਨੂੰ ਨਵੇਂ ਸਿਰੇ ਤੋਂ ਸੰਗਠਤ ਕੀਤਾ। ਉਹਨਾਂ ਨੇ ਚਰਣ ਪਹੁਲ ਦੀ ਥਾਂ ਤੇ ਸੰਗਤਾਂ ਵਾਸਤੇ 'ਖੰਡੇ ਦੇ ਪਹੁਲ' ਦੀ ਵਿਧੀ ਸ਼ੁਰੂ ਕੀਤੀ। ਇਸ ਤਰ੍ਹਾਂ ਉਨਾਂ ਨੇ 1699 ਈ. ਦੀ ਵਿਸਾਖੀ ਦੇ ਦਿਨ ਖਾਲਸੇ ਦੀ ਸਥਾਪਨਾ ਕੀਤੀ। 1708 ਈ. ਵਿੱਚ ਉਨ੍ਹਾਂ ਨੇ ਦੇਹਧਾਰੀ ਗੁਰੂ ਦੀ ਪ੍ਰਥਾ ਵੀ ਖਤਮ ਕਰ ਦਿੱਤੀ। ਉਨ੍ਹਾਂ ਨੇ 'ਸਿੱਖ-ਸੰਗਤ' ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਹੋਣ ਦਾ ਐਲਾਨ ਕੀਤਾ। ਇਸ ਨਾਲ ਜਮਹੂਰੀ ਲੀਹਾਂ ਤੇ ਸੰਤ ਸਿਪਾਹੀਆਂ ਦੀ ਸੰਗਤ ਦਾ ਜਨਮ ਹੋ ਗਿਆ । ਖਾਲਸੇ ਵਿੱਚ ਸਭ ਬਰਾਬਰ ਸਨ ਤੇ ਹਨ। ਹਰ ਪ੍ਰਕਾਰ ਦੇ ਧਾਰਮਿਕ ਮਸਲੇ ਸੰਗਤ ਸਾਹਮਣੇ ਰੱਖੇ ਜਾਂਦੇ ਹਨ ਤੇ ਸੰਗਤ ਪੰਜਾਂ ਪਿਆਰਿਆਂ ਰਾਹੀਂ 'ਗੁਰਮਤੇ' ਦੇ ਰੂਪ ਵਿੱਚ ਫੈਸਲਾ ਕਰਦੀ ਹੈ।

ਸੰਗਤ ਦੇ ਸਰੂਪ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ, ਜਿਸ ਦੀ ਪ੍ਰਫੁਲਤਾ ਬਾਕੀ ਗੁਰੂ ਸਾਹਿਬਾਂ ਸਮੇਂ ਹੋਈ। ਇਸ ਪ੍ਰਫੁਲਤਾ ਦੀ ਪ੍ਰਪੱਕਤਾ ਤੇ ਮੋਹਰ ਛਾਪ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੇ ਰੂਪ ਵਿੱਚ ਲਾਈ। ਗੁਰੂ ਨਾਨਕ ਦੇਵ ਦੇ ਸਥਾਪਿਤ ਸੰਗਤ ਜੀਵਨ-ਮਾਰਗ (ਧਰਮ) ਨੂੰ ਖਾਲਸਾ ਪੰਥ ਦੇ ਰੂਪ ਸਾਜਿਆ ਜਾਂ ਇਉਂ ਕਹਿ ਸਕਦੇ ਹਾਂ ਕਿ ਸਤਿ ਸੰਗਤਿ ਦੀ ਉਪਜ ਖਾਲਸਾ ਪੰਥ ਦੇ ਰੂਪ ਵਿੱਚ ਹੋਈ।

ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸੰਗਤ ਗੁਰਸਿੱਖਾਂ ਦਾ ਸੰਗਮ ਹੈ। ਇਕੱਲਾ ਸਿੱਖ ਕੇਵਲ ਸਿੱਖ ਹੀ ਹੈ, ਸੰਗਤ ਨਹੀਂ। ਘੱਟੋ ਘੱਟ ਦੋ ਗੁਰਮਤਿ ਦੇ ਪ੍ਰੇਮੀ ਗੁਰਸਿੱਖਾਂ ਦਾ ਨਾਮ ਅਭਿਆਸ ਲਈ, ਗੁਰਸ਼ਬਦ ਵਿੱਚ ਸੁਰਤ ਜੋੜਨ ਲਈ, ਪ੍ਰਭੂ ਕੀਰਤੀ ਲਈ ਜਾਂ ਗੁਰਮਤਿ ਵਿਚਾਰ ਲਈ ਸਹਿਮੇਲ ਹੀ ਸੰਗਤ ਹੈ। ਸੰਗਤ ਵਿੱਚ 'ਸ਼ਬਦ' ਨੂੰ ਪ੍ਰਧਾਨਤਾ

ਪ੍ਰਾਪਤ ਹੈ। 'ਸ਼ਬਦ' ਹੀ ਗੁਰੂ ਹੈ ਤੇ ਇਹ 'ਸ਼ਬਦ' ਗੁਰੂ ਦੇ ਮਾਧਿਅਮ ਦੁਆਰਾ ਪਰਮਾਤਮਾ ਵਲੋਂ ਪ੍ਰਗਟ ਕੀਤਾ ਗਿਆ ਹੈ। ਪਰਮਾਤਮਾ ਆਪਣੇ ਆਪ ਨੂੰ ਗੁਰੂ ਦੇ ਵਿੱਚ ਸਮੋ ਕੇ ਸੰਗਤ ਵਿੱਚ ਸ਼ਬਦ ਦਾ ਵਰਤਾਰਾ ਕਰਦਾ ਹੈ। ਇਹ ਸ਼ਬਦ ਧੁਰੋਂ ਪਰਮਾਤਮਾ ਤੋਂ ਆਇਆ ਅਤੇ ਕੇਵਲ ਉਸੇ ਦਾ ਹੀ ਲਖਾਇਕ ਹੈ। ਸੰਗਤ ਵਿੱਚ ਇਸ ਸ਼ਬਦ ਦਾ ਹੀ ਵਰਤਾਰਾ ਹੁੰਦਾ ਹੈ। ਸੋ ਨਿਰੰਕਾਰ ਜਾਂ ਪਾਰਬ੍ਰਹਮ 'ਗੁਰ ਸ਼ਬਦ' ਦੇ ਰੂਪ ਵਿਚ ਹਰ ਸਮੇਂ ਸਾਧਸੰਗਤ ਵਿੱਚ ਸਮਾਇਆ ਰਹਿੰਦਾ ਹੈ। 'ਸੰਗਤ' ਸਚਖੰਡ ਹੈ ਕਿਉਂਕਿ ਨਿਰੰਕਾਰ ਗੁਰੂ ਦੀ ਬਾਣੀ ਦੇ ਰੂਪ ਵਿੱਚ ਉਥੇ ਹਮੇਸ਼ਾਂ ਵਸਦਾ ਹੈ। ਸ਼ਬਦ ਦੀ ਪ੍ਰਧਾਨਤਾ ਕਰਕੇ ਹੀ ਸੰਗਤ ਨੂੰ ਗੁਰੂ ਦੀ ਸਭਾ ਵੀ ਕਿਹਾ ਗਿਆ ਹੈ। ਇਸ ਵਿਚ ਗੁਰੂ ਦੀ ਹੋਂਦ ਹਰ ਸਮੇਂ ਗੁਰਬਾਣੀ ਦੇ ਰੂਪ ਵਿਚ ਰਹਿੰਦੀ ਹੈ।

ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸੰਗਤ ਦਾ ਮੁੱਖ ਧੁਰਾ 'ਨਾਮ' ਹੈ। 'ਨਾਮ' ਤੋਂ ਬਿਨ੍ਹਾਂ ਸੰਗਤ ਨਹੀਂ ਹੈ। ਜਿਥੇ ਨਾਮ ਹੈ ਉਥੇ ਪਰਮਾਤਮਾ ਹੈ। ਸੰਗਤ ਵਿੱਚ ਹਮੇਸ਼ਾਂ ਪਰਮਾਤਮਾ ਦਾ ਵਾਸਾ ਹੈ। ਗੁਰੂ ਸੰਗਤ ਦਾ ਸੰਚਾਲਕੀ ਧੁਰਾ ਹੈ। ਗੁਰਸਿੱਖ ਇਕੱਤਰ ਹੋ ਕੇ ਸੰਗਤ ਦੀ ਸਿਰਜਣਾ ਕਰਦੇ ਹਨ। ਸੰਗਤ ਦੀਆਂ ਮੁੱਖ ਕ੍ਰਿਆਵਾਂ ਨਾਮ ਜਪਣਾ, ਕੀਰਤਨ ਕਰਨਾ, ਗੁਰਬਾਣੀ ਪੜ੍ਹਨਾ, ਕਥਾ ਤੇ ਵਿਖਿਆਨ ਹੁੰਦੇ ਹਨ। ਲੰਗਰ ਸੰਗਤ ਦਾ ਅਨਿਖੜਵਾਂ ਅੰਗ ਹੈ। ਸਿੱਖ 'ਸੰਗਤ' ਵਿੱਚ ਹੱਥੀਂ ਸੇਵਾ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ 'ਸੰਗਤ' ਦਾ ਇਹ ਗੁਣ ਹੈ ਕਿ ਇਸ ਵਿੱਚ ਗੁਰੂ ਆਪ ਉਪਸਥਿਤ ਰਹਿੰਦਾ ਹੈ। ਉਹ ਜਿੱਥੇ ਪੂਰਨ ਗੁਰਸਿਖਾਂ ਦੀਆਂ ਆਤਮਾਵਾਂ ਵਿੱਚ ਆਪਣੀ ਜੋਤਿ ਦਾ ਸਮਾਵੇਸ਼ ਕਰਦਾ ਹੋਇਆ ਉਨ੍ਹਾਂ ਨਾਲ ਤਦਰੂਪ ਹੋ ਜਾਂਦਾ ਹੈ ਉੱਥੇ ਸਮੁੱਚੀ 'ਸੰਗਤ' ਵਿੱਚ ਵੀ ਉਸ ਦੀ ਹੋਂਦ ਵਿਦਮਾਨ ਰਹਿੰਦੀ ਹੈ। ਗੁਰੂ ਦੀ ਸ਼ਕਤੀ ਦੇ ਸਮਾਵੇਸ਼ ਕਾਰਨ ਹੀ ਗੁਰਮਤਿ ਵਿੱਚ 'ਗੁਰੂ ਨੂੰ ਵੀਹ ਵਿਸਵੇ ਤੇ ਸੰਗਤ ਨੂੰ ਇਕੀਹ ਵਿਸਵੇ' ਕਿਹਾ ਗਿਆ ਹੈ। ਗੁਰੂ ਦੀ ਹੋਂਦ ਕਾਰਨ ਹੀ ਇਸ ਵਿੱਚ ਪੀਰਾਂ ਪੈਗੰਬਰਾਂ ਵਰਗੀ ਕਰਾਮਾਤ ਹੁੰਦੀ ਹੈ। ਸੰਗਤ ਵਿੱਚ ਪਰਮਾਤਮਾ ਆਪ ਨਿਵਾਸ ਕਰਦਾ ਹੈ, ਇਸ ਲਈ ਇਸ ਨੂੰ ਬੈਕੁੰਠ ਵੀ ਕਿਹਾ ਗਿਆ ਹੈ। ਸੰਗਤ ਵਿੱਚ ਸ਼ਬਦ-ਸੁਰਤ ਦੇ ਮੇਲ ਨਾਲ ਅਲੱਖ ਵਾਹਿਗੁਰੂ ਦਾ ਪ੍ਰਗਟਾ ਪ੍ਰਤੱਖ ਹੋ ਜਾਂਦਾ ਹੈ ਤੇ ਮਨੁੱਖ ਸਹਿਜ ਵਿੱਚ ਸਮਾ ਜਾਂਦਾ ਹੈ। ਸੰਗਤ ਵਿੱਚ ਗੁਰੂ ਦੇ ਉਪਦੇਸ਼ ਨੂੰ ਧਾਰਨ ਕਰਕੇ ਸ਼ਬਦ-ਸੁਰਤ ਦੀ ਪ੍ਰੀਤੀ ਨਾਲ ਮਨੁੱਖ ਦਾ ਅਨੁਭਵ ਖੁਲ ਜਾਂਦਾ ਹੈ ਅਤੇ ਉਹ ਅਨੰਤ ਪਿਆਰ ਵਿਚ ਮਗਨ ਹੋ ਜਾਂਦਾ ਹੈ, ਈਸ਼ਵਰ ਦੇ ਪ੍ਰੇਮ ਦਾ ਨੇਮ ਫੁਟ ਪੈਂਦਾ ਹੈ। ਉਸ ਪ੍ਰੇਮੀ ਦੀ ਪਹੁੰਚ ਵਿੱਚ ਸਾਰੀ ਸ੍ਰਿਸ਼ਟੀ ਆ ਜਾਂਦੀ ਹੈ ਅਤੇ ਉਹ ਤ੍ਰਿਕਾਲ ਦਰਸ਼ੀ ਹੋ ਜਾਂਦਾ ਹੈ।

ਹੋਰਨਾਂ ਮੱਤਾਂ ਵਿੱਚ ਵੀ ਸੰਗਤ ਨੂੰ ਸ੍ਰੇਸ਼ਟ ਮੰਨਿਆ ਗਿਆ ਹੈ ਪਰ ਗੁਰਮਤਿ ਸੰਗਤ ਨੂੰ ਨਿਰਾ ਸ੍ਰੇਸ਼ਟ ਹੀ ਨਹੀਂ ਮੰਨਦੀ, ਆਤਮਿਕ ਉੱਨਤੀ ਲਈ ਲੋੜੀਂਦਾ ਅੰਗ ਮੰਨਦੀ ਹੈ। ਜਿਸ ਤਰ੍ਹਾਂ ਗੁਰੂ ਤੋਂ ਬਿਨਾਂ ਰਾਹ ਨਹੀਂ ਲੱਭਦਾ, ਇਸ ਤਰ੍ਹਾਂ ਸੰਗਤ ਤੋਂ ਬਿਨਾਂ, ਗੁਰਮੁਖਾਂ ਦੇ ਮੇਲ ਬਿਨਾਂ ਉਸ ਦੱਸੇ ਰਾਹ ਤੇ ਤੁਰ ਨਹੀਂ ਹੁੰਦਾ। ਇਸ ਲਈ ਸੰਗਤ ਕਰਨਾ ਸਿੱਖ ਦਾ ਨਿੱਤ ਕਰਮ ਰੱਖਿਆ ਗਿਆ ਹੈ। ਸਾਧ ਦਾ ਸੰਗ, ਗੁਰਮੁਖ ਦਾ ਮੇਲ ਇਹ ਰੋਜ਼ ਅਰਦਾਸ ਵਿੱਚ ਹਰ ਇੱਕ ਸਿੱਖ ਮੰਗਦਾ ਹੈ। 'ਸੰਗਤ' ਸਿੱਖ ਲਈ ਚਾਨਣ ਮੁਨਾਰਾ ਹੈ।

ਸਿੱਖ 'ਸੰਗਤ' ਵਿੱਚ ਬੈਠ ਕੇ ਸ਼ੁੱਭ ਗੁਣ ਪ੍ਰਾਪਤ ਕਰਦਾ ਹੈ, ਨਾਮ ਸਿਮਰਨ ਵਿੱਚ ਜੁੜਦਾ ਹੈ ਅੰਤ ਅਮਰ ਹੋ ਜਾਂਦਾ ਹੈ। ਉਸ ਦੇ ਮਨ ਵਿੱਚੋਂ ਹਰ ਪ੍ਰਕਾਰ ਦਾ ਦਵੈਤ, ਈਰਖਾ, ਸਾੜਾ, ਕਲੇਸ਼ ਆਦਿ ਦੂਰ ਹੋ ਜਾਂਦਾ ਹੈ। ਮਨ ਵਿੱਚੋਂ ਹਰ ਪ੍ਰਕਾਰ ਦੇ ਅਗਿਆਨ ਦਾ ਨਾਸ਼ ਹੋ ਜਾਂਦਾ ਹੈ। ਉਸ ਦੇ ਚਾਰੇ ਪਾਸੇ ਬਣਿਆ ਭਰਮ ਜਾਲ 'ਸੰਗਤ' ਕਾਰਨ ਛਾਈ ਮਾਈ ਹੋ ਜਾਂਦਾ ਹੈ। ਹਉਮੈ ਜਿਹਾ ਅਸਾਧ ਰੋਗ ਵੀ ਠੀਕ ਹੋ ਜਾਂਦਾ ਹੈ। ਸਿੱਖ ਜਦੋਂ 'ਸੰਗਤ' ਦੀ ਛੁਹ ਪ੍ਰਾਪਤ ਕਰਦਾ ਹੈ, ਤਾਂ ਉਸ ਦਾ ਜੀਵਨ ਬਦਲ ਜਾਂਦਾ ਹੈ ਕਿਉਂਕਿ 'ਸੰਗਤ' ਵਿੱਚ ਪਰਮਾਤਮਾ ਵਸਦਾ ਹੈ। ਸਿੱਖ 'ਸੰਗਤ' ਵਿੱਚ ਜਾ ਕੇ ਗੁਰੂ ਦੇ ਉਪਦੇਸ਼ ਨੂੰ ਕਮਾਉਂਦਾ ਹੋਇਆ ਆਪਣੇ ਜੀਵਨ ਵਿੱਚ ਵਸਾਉਂਦਾ ਹੈ। ਸਿੱਖ ਲਈ ਸੰਗਤ ਗੁਰੂ ਦੀ ਚਾਟਸਾਲ ਹੈ। ਸੰਗਤ ਵਿੱਚ ਸਿੱਖ ਨਾਮ ਬਾਣੀ ਦੇ ਨਾਲ ਨਾਲ ਸੇਵਾ ਵੀ ਕਰਦਾ ਹੈ। ਇਹ ਸੇਵਾ ਤਨ, ਮਨ

ਤੇ ਧਨ ਪੱਖੋਂ ਹੁੰਦੀ ਹੈ। 'ਸੰਗਤ' ਸਿੱਖ ਦੇ ਜੀਵਨ ਦੇ ਹਰ ਪੱਖ ਨੂੰ ਤਰਾਸ਼ ਕੇ ਸਹੀ ਸੇਧ ਪ੍ਰਦਾਨ ਕਰਦੀ ਹੈ ਜਿਸ ਨਾਲ ਸਿੱਖ ਅਧਿਆਤਮਕ ਜੀਵਨ ਦੇ ਨਾਲ ਨਾਲ ਸਮਾਜਿਕ ਤੇ ਆਰਥਿਕ ਪੱਖਾਂ ਵਿੱਚ ਵੀ ਆਦਰਸ਼ਕ ਵਿਅਕਤੀਤਵ ਦਾ ਮਾਲਕ ਬਣ ਜਾਂਦਾ ਹੈ ਅਤੇ ਗੁਰੂਆਂ ਦੁਆਰਾ ਵਰਣਤ ਸੰਤ-ਸਿਪਾਹੀ ਦੀ ਪਦਵੀ ਨੂੰ ਪ੍ਰਾਪਤ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਸੰਗਤ ਦਾ ਮੁੱਖ ਆਧਾਰ ਅਧਿਆਤਮਕ ਹੈ। ਸੰਗਤ ਵਿੱਚ ਮੁੱਖ ਰੂਪ ਵਿੱਚ ਅਧਿਆਤਮਕ ਮੁੱਦਿਆਂ ਤੇ ਵਿਚਾਰ ਹੁੰਦੀ ਹੈ। ਇਹਨਾਂ ਵਿੱਚ ਪਰਮਾਤਮਾ, ਉਸ ਦਾ ਸਰੂਪ, ਅਤੇ ਪ੍ਰਾਪਤੀ ਮੁੱਖ ਮੁੱਦਾ ਹੈ। ਇਸ ਦੇ ਨਾਲ ਪਰਮਾਤਮਾ ਦਾ ਨਾਮ, ਮੁਕਤੀ, ਹੁਕਮ ਅਤੇ ਮਨੁੱਖ ਦਾ ਸਚਿਆਰ ਹੋਣਾ ਅਧਿਆਤਮਕ ਮੁੱਦੇ ਸੰਗਤ ਵਿੱਚ ਵਿਚਾਰੇ ਜਾਂਦੇ ਹਨ। ਸੰਗਤ ਮਨੁੱਖ ਨੂੰ ਸਹੀ ਅਰਥਾਂ ਵਿੱਚ ਸੱਚੇ ਧਰਮ ਦਾ ਧਾਰਨੀ ਬਣਾਉਂਦੀ ਹੈ।

'ਸੰਗਤ' ਅਧਿਆਤਮਕ ਜੀਵਨ ਦੇ ਨਾਲ ਨਾਲ ਸਮਾਜਿਕ, ਆਰਥਿਕ ਅਤੇ ਰਾਜਨੀਤਕ ਜੀਵਨ ਪੱਖਾਂ ਉੱਤੇ ਵੀ ਸੇਧ ਦਿੰਦੀ ਹੈ। ਇਸ ਸੰਦਰਭ ਵਿੱਚ ਗੁਰਮਤਿ ਦਾ 'ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ' ਦਾ ਸਿਧਾਂਤ ਸਾਰਥਕ ਹੁੰਦਾ ਹੈ। ਸੰਗਤ ਵਿੱਚ ਸਿੱਖ ਸੇਵਾ ਅਤੇ ਪੰਗਤ ਰਾਹੀਂ ਸਮਾਜਿਕ ਸਾਂਝ ਪ੍ਰਪੱਕ ਕਰਦਾ ਹੈ। ਇਸ ਦੇ ਨਾਲ ਨਾਲ ਵੰਡ ਕੇ ਛਕਣ ਦੇ ਸਿਧਾਂਤ ਦੁਆਰਾ ਆਰਥਿਕ ਅਸਮਾਨਤਾ ਨੂੰ ਘੱਟ ਕਰਨ ਦੇ ਪ੍ਰਯਤਨ ਵਿੱਚ ਕਾਰਜਸ਼ੀਲ ਹੁੰਦਾ ਹੈ। 'ਪਹਿਲੇ ਪੰਗਤ ਪਾਛੇ ਸੰਗਤ' ਦੇ ਸਿਧਾਂਤ ਕਾਰਨ ਜਾਤਪਾਤ ਤੇ ਊਚ-ਨੀਚ ਵਾਲੀ ਕਾਣੀ ਵੰਡ ਤੋਂ ਮੁਕਤੀ ਪ੍ਰਾਪਤ ਕਰਦਾ ਹੈ। ਸੰਗਤੀ ਏਕਤਾ ਅਤੇ ਆਤਮ ਪਹਿਚਾਣ ਕਾਰਨ ਮਨੁੱਖੀ ਸੁਤੰਤਰਤਾ ਦਾ ਅਹਿਸਾਸ ਹੁੰਦਾ ਹੈ ਜਿਸ ਕਾਰਨ ਸਮਾਜਿਕ ਤੇ ਆਰਥਿਕ ਬਰਾਬਰਤਾ ਦੇ ਨਾਲ ਨਾਲ ਰਾਜਨੀਤਕ ਨਿਰਪੱਖਤਾ ਤੇ ਪ੍ਰਪੱਕਤਾ ਵੀ ਅਜਿਹੇ ਮੁੱਦੇ ਹਨ ਜੋ ਕਿ ਸੰਗਤ ਦੇ ਵਿਚਾਰਾਧੀਨ ਹੁੰਦੇ ਹਨ। ਮਨੁੱਖੀ ਅਧਿਕਾਰਾਂ ਦਾ ਅਹਿਸਾਸ ਤੇ ਪ੍ਰਾਪਤੀ ਨੂੰ ਵੀ ਸੰਗਤ ਰਾਹੀਂ ਸੇਧ ਦਿੱਤੀ ਜਾਂਦੀ ਹੈ। ਸੰਗਤ ਵਿੱਚ ਸਚਿਆਰ ਮਨੁੱਖ ਦੇ ਨਾਲ ਨਾਲ ਸਚਿਆਰ ਸਮਾਜ, ਅਰਥ ਵਿਵਸਥਾ ਤੇ ਰਾਜ-ਵਿਵਸਥਾ ਦੇ ਨਾਲ ਸੰਬੰਧਿਤ ਮੁੱਦੇ ਵੀ ਸੰਗਤ ਦੇ ਬੁਨਿਆਦੀ ਮੁੱਦਿਆਂ ਵਿੱਚ ਸ਼ਾਮਲ ਹਨ।

ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸੰਗਤ ਦਾ ਮੁੱਖ ਮੰਤਵ ਇੱਕ ਸਚਿਆਰ ਮਨੁੱਖ ਤੇ ਆਦਰਸ਼ਕ ਸਮਾਜ ਦੀ ਉਸਾਰੀ ਕਰਨਾ ਹੈ। ਜਿੱਥੇ ਊਚ-ਨੀਚਤਾ, ਨਾ-ਬਰਾਬਰਤਾ, ਤੰਗ-ਦਿਲੀ, ਜਾਤ-ਪਾਤ, ਵੈਰ-ਵਿਰੋਧ ਆਦਿ ਦੀ ਕੋਈ ਥਾਂ ਨਾ ਹੋਵੇ, ਜਿਸ ਸਮਾਜ ਵਿੱਚ ਸਭ ਸੁਖੀ ਹੋਣ ਤੇ ਮਨੁੱਖੀ ਜੀਵਨ ਅਧਿਆਤਮਿਕ, ਸਮਾਜਿਕ ਤੇ ਆਰਥਕ ਪੱਖ ਤੋਂ ਸੰਤੁਲਤ ਹੋਵੇ।

ਸਿੱਖ ਧਰਮ ਅਨੁਸਾਰ ਜੀਵਨ ਮਾਰਗ ਦੀ ਸੋਝੀ ਗੁਰਬਾਣੀ ਪੇਸ਼ ਕਰਦੀ ਹੈ। ਇਸ ਮਾਰਗ ਦੇ ਰਾਹ ਤੇ ਤੁਰਨ ਦੀ ਜਾਂਚ ਤੇ ਮਾਰਗ ਦੇ ਅਮਲ ਦੀ ਵਿਧੀ ਸੰਗਤ ਵਿਚੋਂ ਪ੍ਰਾਪਤ ਹੁੰਦੀ ਹੈ। ਇਹ ਸੰਸਥਾ ਮਨੁੱਖ ਦੀ ਸਰੀਰਕ, ਮਾਨਸਿਕ ਤੇ ਆਤਮਿਕ ਸੰਭਾਵਨਾਵਾਂ ਤੇ ਸ਼ਕਤੀਆਂ ਨੂੰ ਉਜਾਗਰ ਕਰਨ ਦਾ ਦੁਆਰਾ ਹੈ। ਮਨੁੱਖੀ ਜੀਵਨ, ਮਨੁੱਖੀ ਵਿਅਕਤੀਤਵ ਤੇ ਅਧਿਆਤਮਿਕ ਵਿਕਾਸ ਵਿੱਚ ਇਸ ਸੰਸਥਾ ਦਾ ਉਸਾਰੂ ਤੇ ਵਿਆਪਕ ਪ੍ਰਭਾਵ ਹੈ। ਇਹ ਮਨੁੱਖ ਨੂੰ ਸੱਚ ਵਲ ਉਨਮੁਖ ਹੋਣ ਲਈ ਪ੍ਰੇਰਨਾ ਸਰੋਤ ਬਣ ਕੇ ਸਹੀ ਜੀਵਨ-ਜਾਚ ਦਸਦੀ ਹੈ। ਸੰਗਤ ਏਕੇ ਵਿੱਚ ਬੰਨਣ ਵਾਲੀ ਨਿਵੇਕਲੀ ਸੰਸਥਾ ਹੈ ਜੋ ਸਰਬ-ਮਨੁੱਖਤਾ ਨੂੰ ਸਮਾਜਿਕ ਧਾਰਮਿਕ ਤੇ ਰੂਹਾਨੀ ਭਾਈਚਾਰੇ ਵਿੱਚ ਬੰਨਦੀ ਮਨੁੱਖ ਦੀ ਮਾਨਸਿਕ, ਨੈਤਿਕ ਸੁਹਜਾਤਮਕ ਤੇ ਆਤਮਕ ਵਿਕਾਸ ਦੁਆਰਾ ਨਵ-ਨਿਰਮਾਣ ਕਰਦੀ, ਸਾਰੀ ਲੋਕਾਈ ਨੂੰ 'ਆਪ ਜਪੈ ਅਵਰਾ ਨਾਮ ਜਪਾਵੈ' ਦੁਆਰਾ 'ਲੋਕ ਸੁਖੀਏ ਪਰਲੋਕ ਸੁਹੇਲੇ' ਬਣਾਉਂਦੀ ਹੈ।

ਸੰਗਤ ਦੀ ਸੰਸਥਾ ਮੂਲ ਰੂਪ ਵਿੱਚ ਇੱਕ ਅਕਾਲਪੁਰਖ ਦੀ ਪੂਜਾ ਭਾਵਨਾ ਨੂੰ ਦ੍ਰਿੜ ਕਰਦੀ ਮਨੁੱਖ ਨੂੰ ਕਰਮਸ਼ੀਲ ਜੀਵਨ ਵਲ ਪ੍ਰੇਰਦੀ, ਵੈਰਾਗ ਸੰਨਿਆਸ ਦੀ ਨਿੱਜੀ ਮੁਕਤੀ ਦੀ ਥਾਂ ਗ੍ਰਿਹਸਥ ਨੂੰ ਸਰਵੋਤਮ ਸਵੀਕਾਰਦੀ, ਸਮੂਹ ਸਮਾਜ ਵਿੱਚ ਕੁਦਰਤੀ ਜੀਵਨ ਬਸਰ ਕਰਦਿਆਂ, ਬਿਰਤੀਆਂ ਨੂੰ ਬਾਹਰਮੁਖੀ ਦੀ ਥਾਵੇਂ ਅੰਤਰਮੁਖੀ ਕਰਨ ਦੀ ਜਾਚ ਸਿਖਾਉਂਦੀ,

ਆਤਮ-ਬੋਧ ਤੋਂ ਪਰਮਾਤਮ-ਬੋਧ ਤੱਕ ਦਾ ਪੈਂਡਾ ਤਹਿ ਕਰਾਉਣ ਦਾ ਸਫਲ ਤੇ ਸਰਵੋਤਮ ਮਾਧਿਅਮ ਬਣੀ ਹੈ। ਸੰਗਤ ਸੰਸਥਾ ਅਧਿਆਤਮਕ ਸਾਧਨਾ ਮਾਰਗ ਦਾ ਅਜਿਹਾ ਸਾਰਥਿਕ ਮਾਧਿਅਮ ਹੈ ਜਿਸ ਨੇ ਮਨੁੱਖਤਾ ਨੂੰ ਦੇਸ਼, ਜਾਤ, ਨਸਲ, ਲਿੰਗ ਧਰਮ ਦੀ ਵੰਡ ਤੇ ਭਿੰਨ ਭੇਦ ਤੋਂ ਉੱਪਰ ਉਠ, ਸਰਬ ਮਾਨਵਤਾ ਲਈ ਸਾਂਝਾ ਪਲੇਟਫਾਰਮ ਪ੍ਰਸਤੁਤ ਕਰਦਾ ਹੈ, ਜਿਸ ਤੇ ਹਿੰਦੂ ਮੁਸਲਮਾਨ, ਸ਼ੂਦਰ, ਗਰੀਬ, ਅਮੀਰ, ਆਦਮੀ, ਔਰਤਾਂ ਆਦਿ ਵਰਗਾਂ ਕਿਸਮਾਂ ਦੇ ਲੋਕ ਸਹਿਜ ਜੀਵਨ ਬਸਰ ਕਰਦੇ ਸਰਬਪੱਖੀ ਵਿਕਾਸ ਵਿੱਚ ਪ੍ਰਫਲਿਤ ਹੁੰਦੇ ਹੋਏ ਪਰਮਾਰਥ ਵੱਲ ਵਧਣ ਦੇ ਸਮਰੱਥ ਬਣ ਸਕਦੇ ਹਨ।

ਸੰਗਤ ਇਨਸਾਨ ਨੂੰ ਸੱਚਾ-ਸੁੱਚਾ ਆਚਾਰ ਦੇਣ ਦੀ ਜਾਮਨ ਹੈ ਤੇ ਕੁਸੰਗਤ (ਮਾੜੀ ਸੰਗਤ) ਇਨਸਾਨ ਨੂੰ ਹੈਵਾਨ ਤੇ ਸ਼ੈਤਾਨ ਵਿੱਚ ਬਦਲ ਦਿੰਦੀ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸੰਗਤ ਵਿੱਚ ਭਲੇ ਪੁਰਸ਼ਾਂ ਦੀ ਸੰਗਤ ਤੋਂ ਇਲਾਵਾ ਸ਼ੁਭ ਵਿਚਾਰਾਂ ਤੇ ਗੁਣਾਂ ਦੀ ਸੰਗਤ ਅਤਿ ਜ਼ਰੂਰੀ ਹੈ। ਇਸ ਦੇ ਨਾਲ ਮਨੁੱਖੀ ਸਖਸ਼ੀਅਤ ਵਿੱਚ ਸੰਪੂਰਨਤਾ ਆਉਂਦੀ ਹੈ ਜਦੋਂ ਕਿ ਕੁਸੰਗਤ ਤੋਂ ਦੂਰ ਰਹਿਣਾ ਵੀ ਬਹੁਤ ਜ਼ਰੂਰੀ ਹੈ। ਕੁਸੰਗਤ ਦੇ ਵਿੱਚ ਬੁਰੇ ਪੁਰਸ਼ਾਂ ਦੀ ਸੰਗਤ ਤੋਂ ਇਲਾਵਾ ਅਸ਼ੁਭ ਗੁਣਾਂ ਤੇ ਵਿਚਾਰਾਂ ਤੋਂ ਵੀ ਦੂਰ ਰਹਿਣਾ ਕੁਸੰਗਤ ਤੋਂ ਦੂਰ ਰਹਿਣਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਬੁਰਾ ਸੁਣਨਾ ਵੀ ਮਾੜਾ ਅਸਰ ਕਰਦਾ ਹੈ। ਚੰਗਾ ਸੁਣਨ ਦੇ ਨਾਲ ਮਨੁੱਖੀ ਸਖਸ਼ੀਅਤਾਂ ਘੜੀਆਂ ਜਾਂਦੀਆਂ ਹਨ, ਸ਼ੁਭ ਗੁਣਾਂ ਦਾ ਪ੍ਰਵੇਸ਼ ਮਨੁੱਖ ਵਿੱਚ ਹੁੰਦਾ ਹੈ। ਜਦੋਂ ਕਿ ਬੁਰੇ ਵਿਚਾਰਾਂ ਤੇ ਵਿਕਾਰਾਂ ਨਾਲ ਮਨ ਵਿੱਚ ਮੈਲ ਭਰਦੀ ਹੈ ਤੇ ਮਨੁੱਖੀ ਜੀਵਨ ਬੇਅਰਥ ਚਲਾ ਜਾਂਦਾ ਹੈ। ਇਸ ਲਈ ਸ਼ੁੱਭ ਮਨੁੱਖਾਂ, ਸ਼ੁੱਭ ਗੁਣਾਂ, ਸ਼ੁੱਭ ਵਿਚਾਰਾਂ ਤੇ ਵਿਵਹਾਰਾਂ ਦਾ ਸੰਗ ਕਰਨਾ ਆਵਸ਼ਕ ਹੈ। ਇਸ ਦੇ ਨਾਲ ਹੀ ਅਸ਼ੁੱਭ ਪੁਰਸ਼ਾਂ, ਅਸ਼ੁੱਭ ਗੁਣਾਂ, ਵਿਕਾਰਾਂ ਤੇ ਅਸ਼ੁੱਭ ਵਿਵਹਾਰਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਮਨੁੱਖੀ ਘਾੜਤ ਸਹੀ ਰੂਪ ਵਿੱਚ ਘੜੀ ਜਾਂਦੀ ਹੈ ਤੇ ਇਸ ਰਸਤੇ ਚਲਦਾ ਹੋਇਆ ਮਨੁੱਖ ਆਪਣੇ ਮਨੋਰਥ ਦੀ ਪ੍ਰਾਪਤੀ ਕਰਨ ਵਿਚ ਸਫਲ ਹੋ ਜਾਂਦਾ ਹੈ।


'ਸਿੱਖ ਸੰਗਤ' ਦੀ ਵੇਦ, ਉਪਨਿਸ਼ਦ, ਧਮਪਦ, ਬਾਈਬਲ ਕੁਰਾਨ-ਸ਼ਰੀਫ ਆਦਿ ਧਾਰਮਿਕ ਗ੍ਰੰਥਾਂ ਵਿਚਲੀ ਸੰਗਤ ਦੇ ਸੰਕਲਪਾਂ ਦਾ ਤੁਲਨਾਤਮਕ ਅਧਿਐਨ ਕਰਦਿਆਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਇਹਨਾਂ ਧਰਮ ਗ੍ਰੰਥਾਂ ਵਿੱਚ ਸੰਗਤ ਲਈ ਵੱਖ ਵੱਖ, ਸ਼ਬਦ ਵਰਤੇ ਗਏ ਹਨ। ਕਈ ਗੱਲਾਂ ਵਿੱਚ ਸਿੱਖ-ਸੰਗਤ ਉਦੇਸ਼, ਸੰਰਚਨਾ ਤੇ ਪ੍ਰਕਿਰਿਆ ਦੀ ਦ੍ਰਿਸ਼ਟੀ ਤੋਂ ਇਹਨਾਂ ਧਰਮ ਗ੍ਰੰਥਾਂ ਵਿਚਲੇ ਸੰਗਤ ਦੇ ਸੰਕਲਪਾਂ ਨਾਲ ਸਮਾਨਤਾ ਰੱਖਦੀ ਹੈ ਅਤੇ ਕਈਆਂ ਵਿੱਚ ਅਸਮਾਨਤਾ। ਤੁਲਨਾਤਮਕ ਅਧਿਐਨ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਭਾਵੇਂ ਦੂਜੇ ਧਾਰਮਕ ਗ੍ਰੰਥਾਂ ਵਿੱਚ ਸੰਗਤ ਦਾ ਸੰਕਲਪ ਤਾਂ ਹੈ ਪਰ ਉਹ 'ਸਿੱਖ ਸੰਗਤ' ਵਾਂਗ ਸੰਪੂਰਨ ਸਰਬ-ਹਿਤਕਾਰੀ, ਸਰਬਪੱਖੀ ਵਿਕਾਸ ਵਾਲਾ, ਸਰਬਭੌਮਿਕ, ਸਰਬ ਕਾਲੀ ਆਦਿ ਨਹੀਂ ਹਨ। 'ਸਿੱਖ-ਸੰਗਤ' ਕਰਮ ਕਾਂਡ ਦੀ ਥਾਂ ਨਾਮ ਸਿਮਰਨ ਉਤੇ ਜ਼ੋਰ ਦਿੰਦੀ ਹੈ। 'ਸਿੱਖ-ਸੰਗਤ' ਗਿਣਵੇਂ ਚੁਣਵੇਂ ਵਿਅਕਤੀਆਂ ਦੀ ਥਾਂ ਸਾਰੇ ਨਾਮ ਲੇਵਾ ਆ ਜਾਂਦੇ ਹਨ। ਇਸ ਦਾ ਉਦੇਸ਼ ਧਰਮ, ਅਰਥ, ਕਾਮ ਤੇ ਮੋਕਸ਼ ਦੀ ਥਾਂ ਪ੍ਰਭੂ ਦੇ ਲੜ ਲੱਗਣਾ ਹੈ। ਇਸ ਦੀ ਸਾਰਥਕਤਾ ਕਿਸੇ ਇੱਕ ਖੇਤਰ ਵਿੱਚ ਨਹੀਂ ਸਗੋਂ ਮਨੁੱਖੀ ਜੀਵਨ ਦੇ ਅਧਿਆਤਮਕ, ਸਮਾਜਿਕ, ਆਰਥਿਕ, ਰਾਜਨੀਤਕ ਆਦਿ ਖੇਤਰਾਂ ਵਿੱਚ ਹੈ। 'ਸਿੱਖ-ਸੰਗਤ' ਨਾਲ ਸੰਬੰਧਿਤ ਲੰਗਰ ਪ੍ਰਥਾ, ਮੀਰੀ ਪੀਰੀ ਦਾ ਸਿਧਾਂਤ, ਸਰਬਤ-ਖਾਲਸਾ ਤੇ ਗੁਰਮਤੇ ਦਾ ਸਿਧਾਂਤ ਇਸ ਦੀ ਵਿਲੱਖਣਤਾ ਤੇ ਸਰਬ-ਉੱਚਤਾ ਦੀ ਗਵਾਹੀ ਭਰਦੇ ਹਨ।

ਕਿਸੇ ਸੰਸਥਾ ਦਾ ਭਵਿੱਖ ਉਸ ਦੇ ਉਦੇਸ਼, ਸਰੰਚਨਾ, ਪ੍ਰਕਿਰਿਆ ਆਦਿ ਉੱਤੇ ਨਿਰਭਰ ਹੁੰਦਾ ਹੈ। ਅੱਜ ਜਦੋਂ ਕਿ ਸਿੱਖ ਸਮਾਜ ਅਤੇ ਸਮੂਹ ਲੋਕਾਈ ਸਾਹਮਣੇ ਬਹੁਤ ਸਾਰੀਆਂ ਧਾਰਮਿਕ, ਸਮਾਜਿਕ, ਆਰਥਿਕ, ਨੈਤਿਕ ਤੇ ਰਾਜਨੀਤਕ ਚੁਣੌਤੀਆਂ ਸਾਹਮਣੇ ਆ ਰਹੀਆਂ ਹਨ, ਉਸ ਸਮੇਂ 'ਸਿੱਖ-ਸੰਗਤ' ਸਾਰਥਿਕ ਤੇ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਇਹ ਸੰਸਥਾ ਮਨੁੱਖ ਅੰਦਰਲੇ ਈਸ਼ਵਰ ਸੰਬੰਧੀ ਸੰਕਿਆਂ ਨੂੰ ਦੂਰ ਕਰ ਸਕਦੀ ਹੈ। ਇਹ ਵਿਸ਼ਵ ਨੂੰ ਮਾਰੂ ਹਥਿਆਰ ਬਣਾਉਣ ਦੇ ਰਾਹ ਤੋਂ ਰੋਕ ਕੇ ਭਰਾਤਰੀ ਭਾਵ ਵਾਲੇ ਰਾਹ ਤੇ ਤੋਰ ਸਕਦੀ ਹੈ। ਇਸ ਦੇ ਮਹਾਨ ਸਿਧਾਂਤ ਮਨੁੱਖ ਦੇ ਨੈਤਿਕ

ਜੀਵਨ ਵਿੱਚ ਆ ਰਹੇ ਪਤਨਾਂ ਬਾਰੇ ਮਨੁੱਖ ਨੂੰ ਸੁਚੇਤ ਕਰਕੇ ਉਸ ਵਿੱਚ ਸਚਿਆਰ ਗੁਣਾਂ ਦਾ ਸੰਚਾਰ ਕਰ ਸਕਦੇ ਹਨ। ਅੱਜ ਜਦੋਂ ਕਿ ਮਨੁੱਖ ਆਪਸੀ ਵੈਰ-ਵਿਰੋਧ, ਨਫ਼ਰਤ ਅਤੇ ਹੋਰ ਕਈ ਪ੍ਰਕਾਰ ਦੇ ਵਿਕਾਰਾਂ ਤੋਂ ਪ੍ਰਭਾਵਿਤ ਹੋ ਰਿਹਾ ਹੈ, ਇਸ ਸੰਸਥਾ ਦੁਆਰਾ ਦ੍ਰਿੜਾਇਆ ਰਾਹ ਉਸ ਨੂੰ ਇਹਨਾਂ ਸਾਰਿਆਂ ਤੋਂ ਨਿਜਾਤ ਦਿਵਾ ਸਕਦਾ ਹੈ।


ਇਸ ਤੋਂ ਸਪੱਸ਼ਟ ਹੈ ਕਿ ਆਉਣ ਵਾਲੇ ਸਮੇਂ ਦੀਆਂ ਸਾਰੀਆਂ ਚੁਣੌਤੀਆਂ ਦਾ ਹੱਲ 'ਸਿੱਖ-ਸੰਗਤ' ਪਾਸ ਹੈ ਅਤੇ ਇਸ ਦਾ ਭਵਿੱਖ ਉੱਜਲ ਹੈ। ਰਹਿੰਦੀ ਦੁਨੀਆਂ ਤੱਕ ਇਸ ਸੰਸਥਾ ਦੀ ਸਾਰਥਿਕਤਾ ਬਣੀ ਰਹੇਗੀ।

# ਪਰਿਸ਼ਿਸ਼ਟ






ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ (ਪੰਜਾਬ) ਜਿਥੇ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਸੰਗਤ ਸਥਾਪਤ ਕੀਤੀ




ਗੁਰਦੁਆਰਾ ਸੰਤ ਘਾਟ ਸੁਲਤਾਨਪੁਰ (ਪੰਜਾਬ) ਜਿਥੋਂ 'ਚੜਿਆ ਸੋਧਣਿ ਧਰਤਿ ਲੁਕਾਈ' ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ ਸ਼ੁਰੂ ਕੀਤੀ






ਗੁਰਦੁਆਰਾ ਗੋਇੰਦਵਾਲ ਸਾਹਿਬ (ਪੰਜਾਬ) ਜਿਥੇ ਗਰੂ ਅਮਰ ਦਾਸ ਜੀ ਨੇ 'ਪਹਿਲੇ ਪੰਗਤ ਪਾਛੈ ਸੰਗਤ' ਦਾ ਸਿਧਾਂਤ ਪ੍ਰਪੱਕ ਕਰਕੇ ਲੰਗਰ ਨੂੰ ਸੰਗਤ ਦਾ ਅਨਿਖੜਵਾਂ ਅੰਗ ਬਣਾ ਦਿੱਤਾ





ਗੁਰਦੁਆਰਾ ਚੁਬਾਰਾ ਸਾਹਿਬ ਗੋਇੰਦਵਾਲ (ਪੰਜਾਬ) ਵਿਖੇ ਲੱਗੀ ਸੁਨਹਿਰੇ ਪੱਤਰੇ ਵਾਲੀ 22 ਪ੍ਰਚਾਰਕਾਂ ਦੀ ਫੋਟੋ





**ਸੁਨਹਿਰੇ ਪੱਤਰੇ ਵਾਲੀ ਫੋਟੋ ਵਿਚ ਲਿਖੇ 22 ਪ੍ਰਚਾਰਕਾਂ ਦੇ ਨਾਵਾਂ ਦਾ ਉਤਾਰਾ:-**

ਪਾਰੋ ਜੁਲਕਾ ਡਲੇ ਮਾਹੇ ॥ 1
ਲਾਲੂ ਬੁਧੂਵਾਰ ਖੱਤੀ ਤਾਹਿ ॥ 2
ਮਹੇਸਾ ਧੀਰ ਗੁਰੂ ਕੋ ਸਿਖ ॥ 3
ਸੋ ਰਹੇ ਸੁਲਤਾਨਪੁਰ ਵਿਚ ॥
ਮਾਈਦਾਸ ਵੈਰਾਗੀ ਜੋਏ ॥ 4
ਮਾਣਕਦਾਸ ਜੀਵੜ ਹੈ ਸੋਇ ॥ 5
ਸਾਵਣ ਮੱਲ ਜੀ ਵੈਰੋਵਾਲ ॥ 6
ਮੱਲ ਜੀ ਸੇਵਾ ਗੁਰ ਕੇ ਲਾਲ ॥ 7
ਹੰਦਾਲ ਜੱਟ ਜੰਡਆਲੇ ਰਹੇ ॥ 8
ਸੱਚਨਸੱਚ ਜਮਰਾਦਾ ਕਹੇ ॥ 9
ਗੰਗੂ ਖੱਤ੍ਰੀ ਘਾਗੋ ਰਹਿਤ ॥ 10
ਸਾਧਾਰਣ ਲੁਹਾਰ ਬਕਾਲੇ ਵਸਤ ॥ 11
ਮਥੋਮੁਰਾਰੀ ਸਿਲੀ ਖੱਤ੍ਰੀ॥12
ਖੇਡਾ ਬ੍ਰਾਹਮਣ ਖੇਮਕਰਣ ਦਾ ਪੱਤੀ॥ 13
ਫਿਰਿਆ ਕਟਾਰਾ ਮਾਲਵੇ ਵਸੇ ॥ 14-15
ਸਾਈਂਦਾਸ ਗੁਸਾਈਂ ਵਰਸੈ ॥ 16
ਦਿੱਤੇ ਕੇ ਭੱਲੇ ਜਮਧੋੜ ਵਿਚ ਰਹਿਤੇ ॥ 17
ਮਾਈ ਸੇਵਾ ਕਾਬਲ ਵਸਤੇ ॥ 18
ਦੁਰਗੋ ਪੰਡਿਤ ਮਹੇੜੇ ਗਾਂਉ ॥ 19
ਜੀਤ ਬੰਗਾਲੀ ਦੱਖਣ ਜਾਂਉ ॥ 20
ਬੀਬੀ ਭਾਗੋ ਕਸ਼ਮੀਰ ਸੰਭਾਲ ॥ 21
ਬੱਲੂਨਾਈ ਵੈਰੋਵਾਲ ॥ 22

**ਦੋਹਰਾ:- ਬਾਈ ਮੰਜੀ ਬਖਸ਼ ਪ੍ਰਭ ਰਾਮਦਾਸ ਗੁਰ ਕੀਨ ॥ ਬਿਆਸ ਗੰਗ ਤਟ ਤਪ ਕੀਉ ਅਮਰ ਅਮਰਪਦ ਲੀਨ ॥**
**ਇਸ ਮੂਰਤ ਦੀ ਸੇਵਾ ਕਰਾਈ ਬਾਵਾ ਮੂਲ ਸਿੰਘ ਜੀ ਬੇਟਾ ਬਾਵੇ ਧਨੇਜਾ ਸਿੰਘ ਦਾ ਪੋਤਾ ਬਾਵੇ ਖੜਕ ਸਿੰਘ ਬਾਬੇ ਅਮਰ ਮੱਲ ਜੀ ਕੇ ॥**

ਸੰਮਤ ਨਾਨਕ ਸਾਹੀ 451 ਹਾੜ





ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ (ਪੰਜਾਬ) ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤ ਨੂੰ 1699 ਈ. ਦੀ ਵਿਸਾਖੀ ਨੂੰ 'ਖਾਲਸਾ' ਦਾ ਰੂਪ ਦਿੱਤਾ

# ਪੁਸਤਕ ਸੂਚੀ

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


ਅਬਦੁੱਲਾ ਗਿਆਨੀ (ਅਨੁ.), ਕੁਰਆਨ ਮਜ਼ੀਦ, ਕਾਦੀਆਨ: ਨਾਜ਼ਿਰ ਦਾਵਤੋ ਤਬਲੀਗ (ਭਾਰਤ), 1983

'ਅਰਸੀ' ਸਾਹਿਬ ਸਿੰਘ, ਜੈਤਸਰੀ ਵਾਰ (ਇਕ ਅਧਿਐਨ) ਜੀਂਦ: ਅਰੋੜਾ ਪਬਲਿਸ਼ਰਜ਼, 1983

ਅਰੋੜਾ, ਏ.ਸੀ (ਡਾ.), ਪੰਜਾਬ ਦਾ ਇਤਿਹਾਸ, ਜਲੰਧਰ: ਪ੍ਰਦੀਪ ਪਬਲੀਕੇਸ਼ਨਜ਼, 1978

ਅਵਤਾਰ ਸਿੰਘ (ਡਾ.), ਮੇਰਾ ਧਰਮ ਮੇਰਾ ਇਤਿਹਾਸ, ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1996

ਆਹਲੂਵਾਲੀਆ, ਜਸਬੀਰ ਸਿੰਘ (ਡਾ.) ਅਤੇ ਪ੍ਰੋ. ਐਚ.ਐਸ. ਦਿਲਗੀਰ (ਸੰਪਾ.), ਸ੍ਰੀ ਅਕਾਲ ਤਖਤ, ਚੰਡੀਗੜ੍ਹ: ਗੁਰੂ ਗੋਬਿੰਦ ਸਿੰਘ' ਫਾਊਂਡੇਸ਼ਨ, 1994

ਆਨੰਦ ਬਲਵੰਤ ਸਿੰਘ, ਸਿੱਖ ਅਤੇ ਸਿੱਖ ਧਰਮ, ਦਿੱਲੀ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਮਿਤੀਹੀਨ

ਸਹਿਗਲ ਮਨਮੋਹਨ (ਡਾ.), ਗੁਰੂ ਗ੍ਰੰਥ ਸਾਹਿਬ, ਇਕ ਸਭਿਆਚਾਰਕ ਸਰਵੇਖਣ, ਪਟਿਆਲਾ : ਭਾਸ਼ਾ ਵਿਭਾਗ ਪੰਜਾਬ, 1987

ਸਤਬੀਰ ਸਿੰਘ, ਸਾਡਾ ਇਤਿਹਾਸ, ਜਲੰਧਰ: ਨਿਊ ਬੁੱਕ ਕੰਪਨੀ, 1984

--------, ਪਰਬਤ ਮੇਰਾਣ, ਜਲੰਧਰ: ਨਿਊ ਬੁਕ ਕੰਪਨੀ, 1990

--------, ਨਿਰਭਉ ਨਿਰਵੈਰ (ਜੀਵਨੀ ਗੁਰੂ ਹਰਿ ਰਾਇ ਜੀ), ਜਲੰਧਰ: ਨਿਊ ਬੁੱਕ ਕੰਪਨੀ, 1981

--------, ਬਲਿਓ ਚਿਰਾਗ (ਜੀਵਨੀ ਗੁਰੂ ਨਾਨਕ ਦੇਵ ਜੀ), ਜਲੰਧਰ: ਨਿਊ ਬੁੱਕ ਕੰਪਨੀ, 1996

--------, ਅਸਟਮ ਬਲਬੀਰਾ (ਜੀਵਨੀ ਸ੍ਰੀ ਗੁਰੂ ਹਰਕ੍ਰਿਸ਼ਨ ਜੀ), ਜਲੰਧਰ: ਨਿਊ ਬੁੱਕ ਕੰਪਨੀ 1982

ਸਮਸ਼ੇਰ ਸਿੰਘ, ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1995

ਅਸ਼ੋਕ, ਸਮਸ਼ੇਰ ਸਿੰਘ (ਅਨੁ.), ਸ੍ਰੀ ਮਦ ਭਗਵਤਗੀਤਾ (ਪੰਜਾਬੀ ਰੂਪ) ਲੁਧਿਆਣਾ: ਪੰਜਾਬੀ ਸਾਹਿਤ ਅਕਾਦਮੀ, 1958

ਸਾਹਿਬ ਸਿੰਘ (ਪ੍ਰੋ.), ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਮਰਦਾਸ ਜੀ, ਅੰਮ੍ਰਿਤਸਰ: 1967

--------, ਆਸਾ ਦੀ ਵਾਰ ਸਟੀਕ, ਅੰਮ੍ਰਿਤਸਰ: ਸਿੰਘ ਬ੍ਰਦਰਜ਼, 1992

--------, ਸਿੱਧ ਗੋਸਟਿ ਸਟੀਕ, ਅੰਮ੍ਰਿਤਸਰ: ਸਿੰਘ ਬ੍ਰਦਰਜ਼, 1993

ਸੁੱਖਾ ਸਿੰਘ (ਭਾਈ) ਗੁਰ ਬਿਲਾਸ ਦਸਵੀਂ ਪਾਤਸ਼ਾਹੀ ਲਾਹੌਰ, ਰਾਮਚੰਦ ਮਾਨਕ ਟਾਹਲਾ ਸੰਮਤ, 1952

ਸੂਰੀ, ਕਰਤਾਰ ਸਿੰਘ, ਗੁਰੂ ਅਰਜਨ ਦੇਵ ਕਲਾ ਤੇ ਚਿੰਤਨ, ਚੰਡੀਗੜ੍ਹ : ਨਾਨਕ ਸਿੰਘ ਪ੍ਰਕਾਸ਼ਨ, 1989

ਸ਼ੇਰ ਸਿੰਘ, ਗੁਰਮਤਿ ਦਰਸ਼ਨ, ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1992

ਸੋਹਣ ਕਵਿ, ਸ੍ਰੀ ਗੁਰਬਿਲਾਸ ਪਾਤਸ਼ਾਹੀ ਛੇਵੀਂ (ਸੰਪਾ, ਗਿਆਨੀ ਇੰਦਰ ਸਿੰਘ ਗਿੱਲ) ਅੰਮ੍ਰਿਤਸਰ: ਜੀਵਨ ਮੰਦਰ ਪੁਸਤਕਾਲਿਆ, 1968

ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ (ਪ੍ਰਸਤਾਵਨਾ), ਅੰਮ੍ਰਿਤਸਰ ਖਾਲਸਾ ਸਮਾਚਾਰ, 1954

-------, ਗੁਰ ਪ੍ਰਤਾਪ ਸੂਰਜ (ਸੰਖਿਪਤ), ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1972

ਸ਼੍ਰੋਮਣੀ ਗਰਦੁਆਰਾ ਪ੍ਰਬੰਧਕ ਕਮੇਟੀ, ਸ਼ਬਦਾਰਥ ਸ੍ਰੀ ਗੁਰੂ ਗ੍ਰੰਥ, ਚਾਰ ਭਾਗ, ਅੰਮ੍ਰਿਤਸਰ: 1986-1987

-------, ਸਿੱਖ ਰਹਿਤ ਮਰਿਯਾਦਾ, ਅੰਮ੍ਰਿਤਸਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਹਜ਼ਾਰਾ ਸਿੰਘ (ਗਿਆਨੀ), ਵਾਰਾਂ ਭਾਈ ਗੁਰਦਾਸ (ਭਾਵ ਪ੍ਰਕਾਸ਼ਨੀ ਟੀਕਾ) ਖਾਲਸਾ ਸਮਾਚਾਰ, 1962

ਹਰਬੰਸ ਸਿੰਘ ਅਤੇ ਜੋਸ਼ੀ, ਐਲ.ਐਮ. ਸੰਸਾਰ ਦੇ ਧਰਮ (ਭਾਗ ਪਹਿਲਾ), ਪਟਿਆਲਾ: ਪੰਜਾਬੀ ਯੂਨਿਵਰਸਿਟੀ, 1980

ਹਰਭਜਨ ਸਿੰਘ, ਗੁਰਮਤਿ ਵਿਆਖਿਆਨ, ਅੰਮ੍ਰਿਤਸਰ: ਸਿੰਘ ਬ੍ਰਦਰਜ਼, ਮਾਈ ਸੇਵਾ, 1985

ਹਰਿਭਜਨ ਸਿੰਘ ਅਤੇ ਦੇਵਰਾਜ ਚਾਨਣਾ, ਰਿਗਬਾਣੀ, ਦਿੱਲੀ: ਨਵਯੁਗ ਪਬਲਿਸ਼ਰਜ਼ 1963

ਹਰਿਭਜਨ ਸਿੰਘ (ਡਾ.) (ਅਨੁ.) ਰੀਪਬਲਿਕ (ਪਲੈਟੋ), ਚੰਡੀਗੜ੍ਹ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, 1985

'ਹੀਰਾ' ਭਗਤ ਸਿੰਘ, ਗੁਰਮਤ ਵਿਚਾਰਧਾਰਾ, ਦਿੱਲੀ: ਨੈਸ਼ਨਲ ਬੁਕ ਸ਼ਾਪ, 1969

ਕਰਤਾਰ ਸਿੰਘ (ਪ੍ਰੋ.), ਸਿੰਘ ਇਤਿਹਾਸ (ਭਾਗ ਪਹਿਲਾ), ਅੰਮ੍ਰਿਤਸਰ: ਸ਼੍ਰੋਮਣੀ ਗੁ. ਪ੍ਰ. ਕਮੇਟੀ, 1992

ਕਿਸ਼ਨ ਸਿੰਘ (ਪ੍ਰੋ.), ਸਿਖ ਲਹਿਰ, ਦਿੱਲੀ: ਆਰਸ਼ੀ ਪਬਲਿਸ਼ਰਜ਼, 1986

ਕਿਰਪਾਲ ਸਿੰਘ (ਸੰਪਾ.), ਜਨਮਸਾਖੀ ਪਰੰਪਰਾ (ਇਤਿਹਾਸਕ, ਦ੍ਰਿਸ਼ਟੀਕੋਣ ਤੋਂ) ਪਟਿਆਲਾ: ਪੰਜਾਬੀ ਯੂਨੀਵਰਸਿਟੀ, 1969

ਕੁਲਾਰ, ਰਾਮ ਸਿੰਘ (ਪ੍ਰੋ.), ਪੰਜਾਬ ਵਸਦਾ ਗੁਰਾਂ ਦੇ ਨਾਂ ਤੇ, ਲੁਧਿਆਣਾ : ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, 1985

ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ 10, ਪਟਿਆਲਾ: ਪੰਜਾਬੀ ਯੂਨਿਵਰਸਿਟੀ, 1968

ਕੋਹਲੀ, ਸੁਰਿੰਦਰ ਸਿੰਘ (ਡਾ.), ਉਪਨਿਸ਼ਦ ਪੰਚਮ੍ਰਿਤ ਨਵੀਂ ਦਿੱਲੀ: ਰਾਇਟਰਜ਼ ਕੋਆਪਰੇਟਿਵ, 1983

-------, ਜਨਮਸਾਖੀ ਭਾਈ ਬਾਲਾ, ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ, 1975

| | |
|---|---|
| ---------, | ਪੰਜਾਬੀ ਸਾਹਿਤ ਦਾ ਇਤਿਹਾਸ, ਲੁਧਿਆਣਾ: ਲਾਹੌਰ ਬੁੱਕ ਸ਼ਾਪ, 1955 |
| ਕੋਹਲੀ, ਕੁਲਵੰਤ ਕੌਰ, | ਜੀਵ ਦਾ ਸੰਕਲਪ, ਪਟਿਆਲਾ: ਭਾਸ਼ਾ ਵਿਭਾਗ, ਪੰਜਾਬ, 1979 |
| ਖੜਕ ਸਿੰਘ (ਡਾ.) (ਸੰਪਾ.), | ਗੁਰਮਤਿ ਚੇਤਨਾ ਕੈਂਪ ਮੈਨੂਅਲ, ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1996 |
| ਗਾਫੂਰੋਵ, ਬਾ.ਗ., | ਗੁਰੂ ਨਾਨਕ (ਲੇਖ ਸੰਗ੍ਰਹਿ), ਮਾਸਕੋ: ਪ੍ਰਗਤੀ ਪ੍ਰਕਾਸ਼ਨ, 1977 |
| ਗਿਆਨੀ, ਗਿਆਨ ਸਿੰਘ, | ਸ੍ਰੀ ਗੁਰੂ ਪੰਥ ਪ੍ਰਕਾਸ਼, ਪਟਿਆਲਾ: ਭਾਸ਼ਾ ਵਿਭਾਗ, ਪੰਜਾਬ 1970 |
| -------, | ਤਵਾਰੀਖ ਗੁਰੂ ਖਾਲਸਾ (ਹਿੱਸਾ ਪਹਿਲਾ), ਪਟਿਆਲਾ: ਭਾਸ਼ਾ ਵਿਭਾਗ, ਪੰਜਾਬ, 1970 |
| ਗਿੱਲ, ਮਹਿੰਦਰ ਕੌਰ, | ਮਾਤਾ ਸੁੰਦਰੀ ਜੀ, ਦਿੱਲੀ: ਰੱਬੀ ਪ੍ਰਕਾਸ਼ਨ, 1976 |
| ਗੁਪਤਾ, ਸ਼ਾਂਤੀ ਨਾਥ (ਡਾ.), | ਭਾਰਤੀ ਦਰਸ਼ਨ, ਚੰਡੀਗੜ੍ਹ: ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, 1974 |
| ਗੁਰਦੇਵ ਸਿੰਘ (ਡਾ.), | ਗੁਰੂ ਨਾਨਕ ਵਿਚਾਰ ਤੇ ਕਾਵਿਕਲਾ, ਲੁਧਿਆਣਾ: ਲਾਹੌਰ ਬੁਕ ਸ਼ਾਪ, 1969 |
| ਗੁਰਮੁਖ ਨਿਹਾਲ ਸਿੰਘ (ਮੁਖ ਸੰਪਾਦਕ), | ਗੁਰੂ ਨਾਨਕ ਜੀਵਨ ਯੁਗ ਤੇ ਉਪਦੇਸ਼, ਨਵੀਂ ਦਿੱਲੀ: ਗੁਰੂ ਨਾਨਕ ਫਾਉਂਡੇਸ਼ਨ, 1969 |
| ਗੁਲਵੰਤ ਸਿੰਘ, | ਇਸਲਾਮ ਅਤੇ ਸੂਫੀਵਾਦ, ਪਟਿਆਲਾ: ਪਬਲੀਕੇਸ਼ਨ ਬਿਊਰੋ ਪੰਜਾਬੀ, ਯੂਨੀਵਰਸਿਟੀ, 1986 |
| ਗੰਡਾ ਸਿੰਘ (ਡਾ.), | ਹੁਕਮਨਾਮੇ, ਪਟਿਆਲਾ: ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 1993 |
| ਚਾਵਲਾ, ਹਰਬੰਸ ਸਿੰਘ, | ਗੁਰੂ ਅਮਰਦਾਸ, ਜੀਵਨ ਤੇ ਉਪਦੇਸ਼, ਨਵੀਂ ਦਿੱਲੀ: ਪੰਜਾਬੀ ਰਾਈਟਰਜ਼ ਕੋਆਪਰੇਟਿਵ, 1982 |
| -------, | ਗੁਰੂ ਗ੍ਰੰਥ ਬਾਣੀ ਵਿਚ ਸਮਕਾਲੀ ਸਮਾਜਿਕ ਚਿੱਤਰ, ਨਵੀ ਦਿੱਲੀ: ਪੰਜਾਬੀ ਰਾਈਟਰਜ਼ ਕੋਆਪਰੇਟਿਵ, ੧੯੯੦ |
| ਛਿੱਬਰ, ਕੇਸਰ ਸਿੰਘ, | ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ, (ਸੰਪਾ. ਰਤਨ ਸਿੰਘ ਜੱਗੀ), ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ, 1972 |
| ਚੋਪੜਾ, ਇਕਬਾਲ ਨਰਾਇਣ, | ਭਾਰਤੀ ਦਰਸ਼ਨ, ਪਟਿਆਲਾ: ਪੰਜਾਬੀ ਯੂਨੀਵਰਸਿਟੀ, ਮਿਤੀਹੀਨ। |
| ਜਗਜੀਤ ਸਿੰਘ, | ਸਿਖ ਇਨਕਲਾਬ, ਨਵੀਂ ਦਿੱਲੀ: ਬਾਹਰੀ ਪਬਲੀਕੇਸ਼ਨਜ਼ ਪ੍ਰਾ.ਲਿ. 1982 |
| ਜਗਬੀਰ ਸਿੰਘ, | ਗੁਰਬਾਣੀ : ਵਿਸ਼ਵ ਦ੍ਰਿਸ਼ਟੀ ਤੇ ਵਿਚਾਰਧਾਰਾ, ਦਿੱਲੀ: ਵੈੱਲਵਿਸ਼ ਪਬਲਿਸ਼ਰਜ਼, 1997 |
| -------, | ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1973 |
| -------, | ਬਾਣੀ ਸੰਸਾਰ, ਦਿੱਲੀ: ਰਵਿੰਦਰ ਪ੍ਰਕਾਸ਼ਨ, 1974 |
| ਜੈਨ, ਰਵਿੰਦਰ ਕੁਮਾਰ, | ਭਗਵਾਨ ਮਹਾਂਵੀਰ ਅਨੁ ਮਲੇਰਕੋਟਲਾ, 24ਵੀਂ ਮਹਾਂਵੀਰ ਨਿਰਵਾਣ |

ਸ਼ਤਾਬਦੀ ਸੰਯੋਜਿਕ ਸਮਿਤੀ, ਪੰਜਾਬ, 1983

ਜੱਗੀ, ਗੁਰਸ਼ਰਨ ਕੌਰ, ਗੁਰੂ ਨਾਨਕ ਬਾਣੀ ਦਾ ਸਿਧਾਂਤਕ ਵਿਸ਼ਲੇਸ਼ਣ, ਪਟਿਆਲਾ: ਪੈਪਸੂ ਬੁਕ ਡਿਪੂ 1979

ਜੱਗੀ, ਰਤਨ ਸਿੰਘ (ਡਾ.), ਗੁਰੂ ਨਾਨਕ ਦੀ ਵਿਚਾਰਧਾਰਾ, ਦਿੱਲੀ: ਨਵਯੁਗ ਪਬਲਿਸ਼ਰਜ਼, 1969

------, ਤੁਲਸੀ ਰਾਮਾਇਣ (ਰਾਮ ਚਰਿਤ ਮਾਨਸ), ਪਟਿਆਲਾ: ਪ੍ਰਕਾਸ਼ਨ ਤੇ ਵਿਕਰੀ ਵਿਭਾਗ ਪੰਜਾਬੀ ਯੂਨੀਵਰਸਿਟੀ, 1977

ਜੋਸ਼ੀ,ਐਲ.ਐਮ. ਅਤੇ ਸ਼ਾਰਧਾ ਗਾਂਧੀ (ਸੰਪਾ: ਤੇ ਅਨੁ.), ਧਮਪਦ, ਪਟਿਆਲਾ: ਪੰਜਾਬੀ ਯੂਨੀਵਰਸਿਟੀ. 1969

ਜੋਗਿੰਦਰ ਸਿੰਘ, ਸੁਖਮਨੀ ਸਾਹਿਬ ਦਾ ਦਾਰਸ਼ਨਿਕ ਅਧਿਐਨ, ਭਾਸ਼ਾ ਵਿਭਾਗ ਪੰਜਾਬ, 1986

------, ਅਰਦਾਸ ਤੇ ਸਾਡਾ ਇਤਿਹਾਸ, ਦਿੱਲੀ: ਪ੍ਰੀਤ ਪ੍ਰਕਾਸ਼ਨ, 1967

------, ਸਿੱਖ ਧਰਮ ਤੇ ਸਿੱਖ ਪੰਥ, ਦਿੱਲੀ: ਪ੍ਰੀਤ ਪ੍ਰਕਾਸ਼ਨ, 1971

ਜੋਧ ਸਿੰਘ (ਭਾਈ) (ਸੰਪਾ.), ਸਿੱਖੀ ਕੀ ਹੈ, ਪਟਿਆਲਾ: ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 1990

------, ਗੁਰਮਤਿ ਨਿਰਣਯ, ਲੁਧਿਆਣਾ: ਲਾਹੌਰ ਬੁਕ ਸ਼ਾਪ, 1962

------, ਗੁਰੂ ਨਾਨਕ ਬਾਣੀ, ਨਵੀਂ ਦਿੱਲੀ: ਨੈਸ਼ਨਲ ਬੁਕ ਟਰੱਸਟ ਇੰਡੀਆ, 1971

------, ਗੁਰੂ ਨਾਨਕ ਸਿਮਰਤੀ ਵਿਆਖਿਆਨ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1966-1967

------, ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1982

ਜੋਧ ਸਿੰਘ, ਸਿਖ ਸਿਧਾਂਤ, ਸਰੂਪ ਤੇ ਸਮਰੱਥਾ, ਅੰਮ੍ਰਿਤਸਰ: ਸਿੰਘ ਬ੍ਰਦਰਜ਼, 1991

ਜੰਗ ਸਿੰਘ (ਗਿਆਨੀ), ਇਕਵੀਂ ਸਦੀ ਤੇ ਸਿੱਖ, ਲੁਧਿਆਣਾ: ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, 1996

ਢਿਲੋਂ, ਜਸਵਿੰਦਰ ਕੌਰ, ਗੁਰੂ ਨਾਨਕ ਦੀ ਕੀਮਤ ਮੀਮਾਸਾਂ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1982

------, ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ ਦਾ ਦਾਰਸ਼ਨਿਕ ਅਧਿਐਨ, ਅੰਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ 1991

ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1997

------, ਗੁਰੂ ਅੰਗਦ ਦੇਵ ਜੀ, ਪਟਿਆਲਾ: ਪੰਜਾਬੀ ਯੂਨੀਵਰਸਿਟੀ, ਦੂਜੀ ਵਾਰ, 1994

------, ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸਹਾਦਤ, ਪਟਿਆਲਾ: ਪੰਜਾਬੀ ਯੂਨੀਵਰਸਿਟੀ 1976

------, ਗੁਰੂ ਨਾਨਕ ਬਾਣੀ ਪ੍ਰਕਾਸ਼ (ਭਾਗ ਪਹਿਲਾ), ਪਟਿਆਲਾ: ਪੰਜਾਬੀ ਯੂਨੀਵਰਸਿਟੀ

------, ਗੁਰੂ ਨਾਨਕ ਬਾਣੀ ਪ੍ਰਕਾਸ਼ (ਭਾਗ ਦੂਜਾ) ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1987

ਤਾਲਿਬ, ਗੁਰਬਚਨ ਸਿੰਘ (ਸੰਪਾ.), ਸੰਸਾਰ ਦੇ ਕੁਝ ਮੁੱਖ ਧਰਮ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1989

ਤਿਵਾੜੀ, ਵਿਸ਼ਵਾਨਾਥ, ਨਾ ਕੋ ਹਿੰਦੂ ਨਾ ਮੁਸਲਮਾਨ, ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1971

------, ਕਰਾਂਤੀਕਾਰ ਗੁਰੂ ਨਾਨਕ, ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1991

ਦਰਸ਼ਨ ਸਿੰਘ (ਡਾ.), ਸਿੱਖ ਕੌਣ?, ਲੁਧਿਆਣਾ: ਇੰਟਰਨੈਸ਼ਨਲ ਇਨਸਟੀਚਿਊਟ ਆਫ ਸਿਖਇਜ਼ਮ, ਮਿਤੀਹੀਨ।

ਦਰਸ਼ਨ ਸਿੰਘ (ਪਟਿਆਲਾ), ਗੁਰੂ ਗ੍ਰੰਥ ਬਾਣੀ ਵਿੱਚ ਗੁਰੂ ਦਾ ਸੰਕਲਪ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1988

ਭਾਈ ਗੁਰਦਾਸ, ਸਿੱਖੀ ਦੇ ਪਹਿਲੇ ਵਿਆਖਿਆਕਾਰ, ਪਟਿਆਲਾ: ਪੰਜਾਬੀ ਯੂਨੀਵਰਸਿਟੀ 1986

ਦਲਜੀਤ ਸਿੰਘ (ਸੰਪਾ.), ਗੁਰੂ ਨਾਨਕ ਜੋਤ ਤੇ ਸਰੂਪ, ਲੁਧਿਆਣਾ: ਦੇਵ ਦੂਤ ਪ੍ਰਕਾਸ਼ਨ, ਮਿਤੀਹੀਨ।

ਦਿਲ, ਬਲਬੀਰ ਸਿੰਘ, ਅਮਰ ਕਵੀ ਗੁਰ ਅਮਰਦਾਸ, ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ

------, ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ, ਫਿਰੋਜ਼ਪੁਰ: ਸ੍ਰੀ ਗੁਰੂ ਅਮਰਦਾਸ ਫਾਊਡੇਸ਼ਨ, 1986

ਦੀਵਾਨ ਸਿੰਘ (ਡਾ.), ਗੁਰਮਤਿ ਸਿਧਾਂਤ, ਲੁਧਿਆਣਾ: ਪੰਜਾਬੀ ਰਾਈਟਰਜ਼ ਕੁਆਪਰੇਟਿਵ ਸੋਸਾਇਟੀ, ਲਿਮਟਿਡ, 1988

------, ਸਿਖ ਧਰਮ ਬਾਰੇ, ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਡੇਸ਼ਨ, 1996

ਦੀਪ, ਦਲੀਪ ਸਿੰਘ (ਡਾ.), ਜਪੁਜੀ ਇਕ ਤੁਲਨਾਤਮਿਕ ਅਧਿਐਨ, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1986

-------, ਵਾਰਾਂ ਭਾਈ ਗੁਰਦਾਸ (29ਵੀਂ 32ਵੀਂ ਅਤੇ 35ਵੀਂ ਵਾਰ ਦਾ ਸਾਹਿੱਤਕ ਅਧਿਐਨ) ਲੁਧਿਆਣਾ: ਲਾਹੌਰ ਬੁਕ ਸ਼ਾਪ, 1971

ਦੀਪ, ਦੇਵਿੰਦਰ ਸਿੰਘ (ਡਾ.), ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਗੁਰੂ ਨਾਨਕ ਬਾਣੀ ਵਿਚ ਭਾਰਤੀ ਸਭਿਆਚਾਰ ਦਾ ਚਿੰਤਨ, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1983

ਨਾਭਾ, ਕਾਹਨ ਸਿੰਘ (ਭਾਈ), ਗੁਰਮਤਿ ਮਾਰਤੰਡ, (ਭਾਗ ਪਹਿਲਾ ਅਤੇ ਦੂਜਾ), ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1978

------, ਗੁਰਮਤ ਪ੍ਰਭਾਕਰ, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1988

------, ਗੁਰਮਤ ਸੁਧਾਕਰ, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1970

ਨਾਰੰਗ, ਗੋਕਲ ਚੰਦ ਸਿੱਖ ਮੱਤ ਦਾ ਪਰਿਵਰਤਨ (ਅਨੁ.) ਪਟਿਆਲਾ, ਪੰਜਾਬੀ ਯੂਨੀਵਰਸਿਟੀ,

1973

ਨੇਕੀ, ਜਸਵੰਤ ਸਿੰਘ (ਡਾ.), ਅਰਦਾਸ, ਦਰਸ਼ਨ ਰੂਪ ਅਭਿਆਸ, ਅੰਮ੍ਰਿਤਸਰ: ਸਿੰਘ ਬ੍ਰਦਰਜ਼,. 1989

ਨਿਰੰਕਾਰੀ, ਮਾਨ ਸਿੰਘ (ਡਾ.), ਸਿਖ ਧਰਮ ਤੇ ਸਿਖੀ, ਅੰਮ੍ਰਿਤਸਰ, ਲੋਕ ਸਾਹਿਤ ਪ੍ਰਕਾਸ਼ਨ, 1981

ਨਿਰਾਕਾਰੀ, ਰਾਮ ਦਾਸ, ਪ੍ਰਧਾਨ ਉਪਨਿਸ਼ਦ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1992

ਪਟਿਆਲਾ, ਭਾਸ਼ਾ ਵਿਭਾਗ, ਗੁਰਮਤਿ ਸਾਹਿਤ ਵਿਵੇਚਨ, ਪੰਜਾਬ, 1993

ਪਦਮ, ਪਿਆਰਾ ਸਿੰਘ (ਸੰਪਾ.), ਰਹਿਤਨਾਮੇ, ਅੰਮ੍ਰਿਤਸਰ: ਸਿੰਘ ਬ੍ਰਦਰਜ਼, 1994

------, ਗੁਰੂ ਘਰ (ਸਿੱਖ ਸਿਧਾਂਤ ਬਾਰੇ ਵਿਚਾਰ ਚਰਚਾ), ਅੰਮ੍ਰਿਤਸਰ: ਸਿੰਘ ਬ੍ਰਦਰਜ਼, 1997

ਪ੍ਰਤਾਪ ਸਿੰਘ, ਗੁਰਮਤ ਲੈਕਚਰ, ਅੰਮ੍ਰਿਤਸਰ: ਮੇਹਰ ਸਿੰਘ ਐਂਡ ਸਨਜ਼, 1955

------, ਗੁਰਮਤਿ ਫਿਲਾਸਫੀ, ਅੰਮ੍ਰਿਤਸਰ: ਪਬਲਿਸ਼ਿੰਗ ਹਾਉਸ, 1946

ਪ੍ਰੇਮ ਪ੍ਰਕਾਸ਼ (ਡਾ.), ਗੁਰੂ ਨਾਨਕ ਤੇ ਨਿਰਗੁਣਧਾਰਾ, ਪਟਿਆਲਾ: ਭਾਸ਼ਾ ਵਿਭਾਗ, ਪੰਜਾਬ 1973

ਪ੍ਰੀਤਮ ਸਿੰਘ (ਪ੍ਰੋ.), ਸਿੱਖ ਵਿਚਾਰ ਧਾਰਾ, ਅੰਮ੍ਰਿਤਸਰ: ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1968

------, ਨਉ ਨਿਧਿ, ਅੰਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ, 1976

ਬਾਈਬਲ ਸੋਸਾਇਟੀ, ਪਵਿੱਤਰ ਬਾਈਬਲ ਅਰਥਾਤ ਪੁਰਾਣਾ ਅਤੇ ਨਵਾਂ ਨੇਮ, ਬੈਂਗਲੌਰ: ਬਾਈਬਲ ਸੋਸਾਇਟੀ, ਇੰਡੀਅਨ ਅਤੇ ਸਿਲੋਨ, 1959

ਫੌਜਾ ਸਿੰਘ ਤੇ ਤਾਰਨ ਸਿੰਘ, ਗੁਰੂ ਤੇਗ ਬਹਾਦਰ, ਜੀਵਨ ਤੇ ਰਚਨਾ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1976

ਬਲਕਾਰ ਸਿੰਘ, ਸਿੱਖ ਰਹੱਸਵਾਦ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1987

------, ਗੁਰੂ ਨਾਨਕ ਧਰਮ ਚਿੰਤਨ, ਪਟਿਆਲਾ: ਪਬਲੀਕੇਸ਼ਨ ਬਿਉਰੋ ਪੰਜਾਬੀ ਯੂਨੀਵਰਸਿਟੀ, 1985

ਬਲਦੇਵ ਸਿੰਘ, ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਮਨੁੱਖੀ ਰਿਸ਼ਤਿਆਂ ਦਾ ਵਿਸ਼ਲੇਸ਼ਣ ਤੇ ਵਿਵੇਚਨ (ਸੋਧ ਪ੍ਰਬੰਧ) ਚੰਡੀਗੜ੍ਹ ਪੰਜਾਬ ਯੂਨੀਵਰਸਿਟੀ, 1990

ਬੇਦੀ ਕਾਲਾ ਸਿੰਘ, ਵਾਰਕਾਰ ਗੁਰੂ ਨਾਨਕ, ਨਵੀਂ ਦਿੱਲੀ ਪੰਜਾਬ ਬੁੱਕ ਸਟੋਰ, 1968

ਬੇਦੀ, ਗੁਰਨਾਮ ਕੌਰ, ਜਪੁਜੀ, ਸਚਿਆਰ ਦਾ ਸੰਕਲਪ, ਅੰਮ੍ਰਿਤਸਰ ਵਾਰਿਸ ਸ਼ਾਹ ਫਾਉਂਡੇਸ਼ਨ, 1994

ਬੈਨ ਰਜੀ, ਇੰਦੂ ਭੂਸ਼ਨ, ਖਾਲਸੇ ਦੀ ਉਤਪਤੀ (ਅਨੁਵਾਦ ਪ੍ਰੀਤਪਾਲ ਸਿੰਘ) ਪਟਿਆਲਾ: ਪਬਲੀਕੇਸ਼ਨ ਬਿਉਰੋ ਪੰਜਾਬੀ ਯੂਨੀਵਰਸਿਟੀ 1989

ਭਗਤ ਸਿੰਘ, ਮੱਧਕਾਲੀਨ ਭਾਰਤ ਦੀਆਂ ਸੰਸਥਾਵਾਂ, ਪਟਿਆਲਾ: ਪੰਜਾਬ ਯੂਨੀਵਰਸਿਟੀ, 1987

ਭੱਟੀ, ਕਰਤਾਰ ਚੰਦ, ਈਸਾਈ ਧਰਮ ਇਕ ਜਾਣ-ਪਛਾਣ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1995

ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼ (ਭਾਗ ਦੂਜਾ) (ਸੰ. ਗੋਬਿੰਦ ਸਿੰਘ ਲਾਂਬਾ ਖਜ਼ਾਨ ਸਿੰਘ)

ਪਟਿਆਲਾ: ਭਾਸ਼ਾ ਵਿਭਾਗ ਪੰਜਾਬ 1971

ਭੰਗੂ, ਰਤਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼ (ਸੰਪਾ) ਡਾ. ਜੀਤ ਸਿੰਘ ਸੀਤਲ, ਅੰਮਿਤਸਰ: ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1984

ਮਹਿਤਾ ਹਰਸ਼ ਅਤੇ ਵਰਮਾ (ਅਨੁ. ਤੇ ਸੰਪਾ.), ਤਿੰਨ ਉਪਨਿਸ਼ਦ, ਜਲੰਧਰ: ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, 1985

ਮਨਸੁਖਾਨੀ, ਗੋਬਿੰਦ ਸਿੰਘ, ਗੁਰਸਿੱਖ ਕੀ ਹੈ, ਅੰਮਿਤਸਰ: ਸਿੰਘ ਬ੍ਰਦਰਜ਼, 1995

ਮਨਮੋਹਨ ਸਿੰਘ (ਡਾ.), ਸਾਮੀ ਧਰਮਾਂ ਦੇ ਉਪਦੇਸ਼, ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1988

------, ਗੁਰਮਤਿ ਕਾਵਿ ਅਤੇ ਭਗਤੀ ਧਾਰਾ, ਦਿੱਲੀ: ਮਨਦੀਪ ਪ੍ਰਕਾਸ਼ਨ, 1981

------, ਭਗਤੀ ਅੰਦੋਲਨ ਪ੍ਰਤੀ ਗੁਰੂ ਨਾਨਕ ਜੀ ਦੀ ਦੇਣ, ਨਵੀਂ ਦਿੱਲੀ: ਮਨਦੀਪ ਪ੍ਰਕਾਸ਼ਨ 1975

------, ਮਾਨਵੀ ਕਦਰਾਂ ਕੀਮਤਾਂ, ਪਟਿਆਲਾ: ਪੰਜਾਬੀ ਯੂਨੀਵਰਸਿਟੀ,. 1990

ਮੈਸੀ ਜੈਮਸ, ਮਸੀਹੀਅਤ ਇਕ ਪਰਿਚਯ, ਬਟਾਲਾ: ਕ੍ਰਿਸ਼ਚਨ ਇੰਸਟੀਚੂਟ ਆਫ ਸਿੱਖ ਸਟਡੀਜ਼ 1976

ਰਣਧੀਰ ਸਿੰਘ (ਸੰਪਾ.), ਪ੍ਰੇਮ ਸੁਮਾਰਗ ਗ੍ਰੰਥ, ਅੰਮ੍ਰਿਤਸਰ: ਮਹਿਤਾਬ ਸਿੰਘ ਬੁੱਕ ਕੰਪਨੀ, 1964

ਰਾਧਾ ਕ੍ਰਿਸਨਨ, ਵਿਚਾਰ ਦਰਪਣ, ਪਟਿਆਲਾ: ਭਾਸ਼ਾ ਵਿਭਾਗ, ਪੰਜਾਬ, 1989

ਲਾਲ ਸਿੰਘ ਗਿਆਨੀ, ਗੁਰਮਤ ਮਾਰਤੰਡ, ਸੰਗਰੂਰ: ਜਨਕ ਪੁਸਤਕ ਭੰਡਾਰ, 1949

ਵਿਦਿਆਰਥੀ, ਦੇਵਿੰਦਰ ਸਿੰਘ (ਸੰਪਾ.), ਸ੍ਰੀ ਗੁਰੂ ਨਾਨਕ ਅਭਿਨੰਦਨ, ਅੰਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ, 1978

ਵੀਰ ਸਿੰਘ, ਭਾਈ (ਸੰਪਾ.), ਪੁਰਾਤਨ ਜਨਮ ਸਾਥੀ, ਅੰਮ੍ਰਿਤਸਰ: ਖਾਲਸਾ ਸਮਾਚਾਰ, 1959

## ਕੋਸ਼ ਤੇ ਖੋਜ ਪੱਤ੍ਰਕਾਵਾਂ

ਹਿੰਦੀ ਭਾਸ਼ਾ ਕੋਸ਼, ਪਟਿਆਲਾ: ਭਾਸ਼ਾ ਵਿਭਾਗ, ਪੰਜਾਬ, 1953

ਕੇਸਰੀ, ਗੁਰਬਖਸ਼ ਸਿੰਘ, ਸੰਖਿਆ ਕੋਸ਼, ਲੁਧਿਆਣਾ: ਪੰਜਾਬੀ ਸਾਹਿਤ ਅਕਾਡਮੀ, 1961

ਗੁਰਚਰਨ ਤੇ ਸ਼ਰਨ ਸਿੰਘ, ਪੰਜਾਬੀ ਅੰਗਰੇਜ਼ੀ ਸ਼ਬਦ ਕੋਸ਼, ਅੰਮ੍ਰਿਤਸਰ: 1954

ਗੁਰੂ ਗ੍ਰੰਥ ਕੋਸ਼, ਅੰਮ੍ਰਿਤਸਰ: ਖਾਲਸਾ ਟ੍ਰੈਕਟ ਸੁਸਾਇਟੀ, 1950

ਜੱਗੀ, ਰਤਨ ਸਿੰਘ (ਡਾ.) (ਸੰਪਾ.), ਸਾਹਿਤ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ) ਪਟਿਆਲਾ: ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 1989

ਵਾਰਾਂ ਭਾਈ ਗੁਰਦਾਸ, ਸ਼ਬਦ-ਅਨੁਕਮਣਿਕਾ ਅਤੇ ਕੋਸ਼, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1966

ਨਾਭਾ, ਕਾਹਨ ਸਿੰਘ (ਭਾਈ) ਮਹਾਨ ਕੋਸ਼, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, ਚੌਥੀ ਵਾਰ, 1981

------, ਗੁਰਸ਼ਬਦ ਰਤਨਾਕਾਰ ਮਹਾਨ ਕੋਸ਼, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1974

ਪਦਮ, ਪਿਆਰਾ ਸਿੰਘ (ਸੰਪਾ.), ਗੁਰੂ ਗ੍ਰੰਥ ਵਿਚਾਰ ਕੋਸ਼, ਪਟਿਆਲਾ: ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 1993

ਪੰਜਾਬੀ ਕੋਸ਼, ਪਟਿਆਲਾ: ਪੰਜਾਬ ਭਾਸ਼ਾ ਵਿਭਾਗ ਪੰਜਾਬ, 1972

ਮਾਇਆ ਸਿੰਘ (ਭਾਈ), ਪੰਜਾਬੀ-ਅੰਗਰੇਜ਼ੀ ਸ਼ਬਦ ਕੋਸ਼, ਪਟਿਆਲਾ: ਭਾਸ਼ਾ ਵਿਭਾਗ, ਪੰਜਾਬ, 1961

ਵੀਰ ਸਿੰਘ, ਭਾਈ, ਸ੍ਰੀ ਗੁਰੂ ਗ੍ਰੰਥ ਕੋਸ਼, ਅੰਮ੍ਰਿਤਸਰ: ਖਾਲਸਾ ਟ੍ਰੈਕਟ ਸੁਸਾਇਟੀ, 1983 (ਸੰਪਾ)

## ਪੱਤ੍ਰਕਾ ਤੇ ਖੋਜ ਪੱਤਰ

ਸਾਬਰ, ਜਗਬੀਰ ਸਿੰਘ, ਸਿੱਖ ਪੰਥ ਨੂੰ ਦਰਪੇਸ਼ ਨਸ਼ਿਆਂ ਦੀ ਸਮੱਸਿਆ, ਪੌਂਟਾ ਸਾਹਿਬ, 11.11.97, ਪੜ੍ਹਿਆ ਗਿਆ ਪੇਪਰ।

ਹਰਚਰਨ ਸਿੰਘ (ਸੰਪਾ.) ਖੋਜ ਪਤ੍ਰਿਕਾ, ਗੁਰੂ ਨਾਨਕ ਵਿਸ਼ੇਸ਼ ਅੰਕ, ਪਟਿਆਲਾ: ਪੰਜਾਬੀ ਯੂਨਿਵਰਸਿਟੀ, 1990

ਦਰਸ਼ਨ ਸਿੰਘ (ਡਾ.), ਉਦਘਾਟਨੀ ਭਾਸ਼ਨ, 11.11.97 ਨੂੰ ਪੌਂਟਾ ਸਾਹਿਬ ਵਿਖੇ ਆਯੋਜਿਤ ਪੰਜਾਬੀ ਯੂਨੀਵਰਸਿਟੀ ਦੇ ਸੈਮੀਨਾਰ ਵਿਚ ਪੜ੍ਹਿਆ ਗਿਆ ਪਰਚਾ (ਡਾ. ਦਰਸ਼ਨ ਸਿੰਘ, ਪ੍ਰੋ. ਅਤੇ ਚੇਅਰਮੈਨ, ਗੁਰੂ ਨਾਨਕ ਸਿੱਖ ਸਟੱਡੀਜ਼ ਪੰਜਾਬ ਯੂਨਿਵਰਸਿਟੀ, ਚੰਡੀਗੜ੍ਹ)

------, ਸਿੱਖ ਮੱਤ ਵਿਚ ਮੀਰੀ ਅਤੇ ਪੀਰੀ ਦਾ ਸਿਧਾਂਤ (ਖੋਜ ਪੱਤਰ) ਗੁਰੂ ਨਾਨਕ ਸਿੱਖ ਸਟੱਡੀਜ਼, ਪੰਜਾਬ ਯੂਨਿਵਰਸਿਟੀ, ਚੰਡੀਗੜ੍ਹ

ਨਾਨਕ ਪ੍ਰਕਾਸ਼ ਪਤ੍ਰਿਕਾ, ਪਟਿਆਲਾ, ਪੰਜਾਬੀ ਯਨੀਵਰਸਿਟੀ, 1971

ਨਾਨਕ ਪ੍ਰਕਾਸ਼ ਪੱਤ੍ਰਿਕਾ, (ਅਰਦਾਸ ਵਿਸ਼ੇਸ਼ ਅੰਕ), ਪਟਿਆਲਾ: ਪਬਲੀਕੇਸ਼ਨ ਬਿਊਰੋ ਯੂਨੀਵਰਸਿਟੀ, 1987

ਨਾਨਕ ਪ੍ਰਕਾਸ਼ ਪਤ੍ਰਿਕਾ (ਸੰਗਤ ਵਿਸ਼ੇਸ਼ ਅੰਕ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1984

ਪੰਜਾਬੀ ਦੁਨੀਆਂ, ਗੁਰੂ ਨਾਨਕ ਅੰਕ, ਪਟਿਆਲਾ: ਭਾਸ਼ਾ ਵਿਭਾਗ, 1971

ਵਿਸਮਾਦ ਨਾਦ ਵਿਸ਼ੇਸ਼ ਅੰਕ:ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ ਲੁਧਿਆਣਾ: ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਜਨਵਰੀ 1994

ਵਿਸਮਾਦ ਨਾਦ ਸ਼ਬਦ ਵਿਸ਼ੇਸ਼ ਅੰਕ, ਸਤੰਬਰ 1997

## ਹਿੰਦੀ ਪੁਸਤਕਾਂ

### ਉਪਨਿਸ਼ਦ


ਸ਼ਵੇਤਾਸ਼ਵਤਰ ਉਪਨਿਸ਼ਦ, ਗੋਰਖਪੁਰ: ਗੀਤਾ ਪ੍ਰੈਸ, ਮਿਤੀਹੀਨ।

ਕਠੋਪਨਿਸ਼ਦ, ਗੋਰਖਪੁਰ: ਗੀਤਾ ਪ੍ਰੈਸ, ਬਿ.ਸੰ. 2008

ਕਠੋਪਨਿਸ਼ਦ (ਸ਼ੰਕਰਭਾਸ਼ਯ) ਵਾਰਾਨਸੀ: ਸ੍ਰੀ ਸਵਾਮੀ ਸਤਿਆਨੰਦ ਸਰਸਵਤੀ, 1974

ਕੇਨ-ਉਪਨਿਸ਼ਦ, ਗੋਰਖਪੁਰ: ਗੀਤਾ ਪ੍ਰੈਸ, ਬਿੰ.ਸੰ. 2019

ਛਾਂਦੋਗਯ ਉਪਨਿਸ਼ਦ (ਸਾਨੁਵਾਦ ਸ਼ੰਕਰਭਾਸਾਯ), ਗੋਰਖਪੁਰ: ਗੀਤਾ ਪ੍ਰੈਸ, ਤੀਜੀ ਵਾਰ ਸੰਮਤ 2013

ਤੈਤਿਰੀਯ ਉਪਨਿਸ਼ਦ, ਗੋਰਖਪੁਰ: ਗੀਤਾ ਪ੍ਰੈਸ, ਬਿ.ਸੰ. 2014

ਬ੍ਰਿਹਦਾਰਣਯਕ ਉਪਨਿਸ਼ਦ (ਸਾਨੁਵਾਦ ਸੰਕਰਭਾਸ਼ਯ ਸਹਿਤ), ਗੋਰਖਪੁਰ: ਗੀਤਾ ਪ੍ਰੈਸ, ਸੰਮਤ 2014

ਮੁੰਡਕ ਉਪਨਿਸ਼ਦ (ਸੰਕਰ ਭਾਸ਼ਾਯ), ਗੋਰਖਪੁਰ: ਗੀਤਾ ਪ੍ਰੈਸ, ਸੰਮਤ 2013

ਉਪਾਧਿਆਇ, ਬਲਦੇਵ, ਬੋਧ ਦਰਸ਼ਨ ਮੀਮਾਂਸਾ, ਬਨਾਰਸ: ਚੋਖੰਬਾ ਵਿਦਿਆ ਭਵਨ, 1954

------, ਭਾਰਤੀ ਦਰਸ਼ਨ, ਦਿਲੀ: ਚੋਖੰਭਾ ਓਰੀਐਂਟਲੀਆ, 1977

ਸਤਯੇਂਦ੍ਰ (ਡਾ.), ਮਧਯਯੁਗੀਨ ਹਿੰਦੀ ਸਾਹਿਤਯ ਦਾ ਲੋਕਤਾਂਤਵਿਕ ਅਧਿਐਨ, ਆਗਰਾ: ਵਿਨੋਦ ਪੁਸਤਕ ਮੰਦਿਰ, ਪੰਜਵਾਂ 1960

ਸ਼ਾਸਤਰੀ, ਸ੍ਰੀ ਹਰਗੋਬਿੰਦ (ਟੀਕਾਕਾਰ), ਮਨੁਸਮ੍ਰਿਤੀ (ਹਿੰਦੀ), ਬਨਾਰਸ: ਚੌਖੰਬਾ ਸੰਸਕ੍ਰਿਤੀ ਸੀਰੀਜ਼, 1952

ਕੋਹਲੀ, ਸੁਰਿੰਦਰ ਸਿੰਘ, ਸਿਖ-ਦਰਸ਼ਨ, ਲੁਧਿਆਣਾ: ਲਾਹੌਰ ਬੁਕ ਸ਼ਾਪ, 1969

ਗੁਪਤਾ, ਸੀਲਵਤੀ (ਡਾ.) ਤੁਲਸੀ ਕੇ ਰਾਜਨੀਤਕ ਵਿਚਾਰ, ਦਿਲੀ: ਸਾਹਿਤਯ ਪ੍ਰਕਾਸ਼ਨ, 1977

ਗੋਇੰਦਕਾ, ਹਰਿਕ੍ਰਿਸ਼ਣਦਾਸ (ਵਿਆਖਿਆਕਾਰ), ਈਸਾਦਿ ਨੌ ਉਪਨਿਸ਼ਦ, ਗੋਰਖਪੁਰ: ਗੋਬਿੰਦ ਭਵਨ ਕਾਰਯਾਲਯ, ਗੀਤਾ ਪ੍ਰੇ. ਸੰਮਤ 2051

ਤ੍ਰਿਗੁਣਾਇਤ, ਗੋਬਿੰਦ (ਡਾ.), ਹਿੰਦੀ ਕੀ ਨਿਰਗੁਣਕਾਵਿਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਨ-ਭੂਮੀ, ਕਾਨਪੁਰ: 1961

ਤਿਵਾੜੀ, ਰਾਮ ਪੂਜਨ, ਸੂਫੀਮਤ: ਸਾਧਨਾ ਔਰ ਸਾਹਿਤਯ, ਬਨਾਰਸ: ਗਿਆਨ ਮੰਡਲ ਲਿਮਿਟਡ, ਸੰਮਤ 2013

ਤ੍ਰਿਵੇਦੀ, ਰਾਮਗੋਵਿੰਦ, ਹਿੰਦੀ ਰਿਗਵੇਦ, ਪ੍ਰਯਾਗ: ਇੰਡੀਅਨ ਪ੍ਰੈਸ (ਪਬਲੀਕੇਸ਼ਨਜ਼) ਲਿਮਿਟਡ, 1954

ਥੇਰ ਗਾਥਾ, ਬੰਬਈ: ਵਿਸ਼ਵ-ਵਿਦਿਆਲਯ, 1939

ਦਾਸ ਗੁਪਤਾ, ਐਸ.ਐਨ (ਡਾ.) ਭਾਰਤੀਯ ਦਰਸਨ ਦਾ ਇਤਿਹਾਸ, ਜੈਪੁਰ: ਰਾਜਸਥਾਨ ਹਿੰਦੀ ਗ੍ਰੰਥ

ਅਕੈਡਮੀ, 1973

ਦਿਨਕਰ, ਰਾਮਧਾਰੀ ਸਿੰਘ, ਸੰਸਕ੍ਰਿਤੀ ਦੇ ਚਾਰ ਅਧਿਆਇ, ਦਿੱਲੀ: ਰਾਜਪਾਲ ਐਂਡ ਸੰਨਜ਼, 1956

ਦ੍ਵਿਵੇਦੀ,ਹਜ਼ਾਰੀ ਪ੍ਰਸ਼ਾਦਿ (ਡਾ.), ਹਿੰਦੀ ਸਾਹਿਤ ਕੀ ਭੂਮਿਕਾ, ਬੰਬਈ: ਹਿੰਦੀ ਗ੍ਰੰਥ ਰਤਨਾਕਰ ਪ੍ਰਾਈਵੇਟ ਲਿਮਿਟਿਡ, 1963

ਦੇਵਰਾਜ, ਐਨ.ਕੇ. ਅਤੇ ਤਿਵਾੜੀ ਰਾਮਾਨੰਦ, ਭਾਰਤੀਯ ਦਰਸਨ ਸ਼ਾਸਤਰ ਕਾ ਇਤਿਹਾਸ, ਇਲਾਹਾਬਾਦ: ਹਿੰਦੁਸਤਾਨੀ ਅਕਾਦਮੀ, 1950

ਪਾਤੰਜਲਿ, ਯੋਗ ਦਰਸ਼ਨ, ਗੋਰਖਪੁਰ: ਗੀਤਾ ਪ੍ਰੈਸ, ਬਿ.ਸੰ. 2020

ਪੋਦਾਰ ਸ੍ਰੀ ਹਨੂੰਮਾਨ ਪ੍ਰਸ਼ਾਦ, ਰਾਮਚਰਿਤ ਮਾਨਸ, (ਮਝਲਾ ਸਾਈਜ਼ ਟੀਕਾ ਸਹਿਤ) ਗੋਰਖਪੁਰ: ਗੀਤਾ ਪ੍ਰੈਸ, ਬਿ.ਸੰ. 2015

ਮਹਾਰਿਸ਼ੀ ਦਯਾਨੰਦ ਸਰਸਵਤੀ, ਯਯੁਰਵੇਦ, ਸਾਮ ਵੇਦ ਅਥਰਵੇਦ, (ਭਾਸ਼ਾ ਭਾਸ਼ਾਯ) ਸੰਪੂਰਨ, ਨਵੀਂ ਦਿੱਲੀ: ਦਯਾਨੰਦ ਸੰਸਥਾਨ, 1597

-------, ਰਿਗਵੇਦ, (ਭਾਸ਼ਾ ਭਾਸ਼ਾਯ) ਸੰਪੂਰਨ, ਨਵੀਂ ਦਿੱਲੀ, ਦਯਾਨੰਦ ਸੰਸਥਾਨ 1597

ਮਿਸ਼ਰ,ਉਮੇਸ਼ (ਡਾ.), ਭਾਰਤੀਯ ਦਰਸ਼ਨ, ਲਖਨਊ: ਹਿੰਦੀ ਸੰਮਤੀ ਸੂਚਨਾ ਵਿਭਾਗ, 1964

ਮਿਸ਼ਰ, ਜਯਰਾਮ (ਸੰਪਾ.), ਗੁਰੂ ਨਾਨਕ ਬਾਣੀ, ਇਲਾਹਾਬਾਦ: ਮਿੱਤਰ ਪ੍ਰਕਾਸ਼ਨ 2012 ਬਿ. ਪ੍ਰਕਾਸ਼ਨ 2012 ਬਿ.

ਰਾਹੁਲ ਸਾਂਕ੍ਰਿਤਯਾਯਨ, ਦਰਸ਼ਨ ਦਿਗਦਰਸ਼ਨ, ਇਲਾਹਾਬਾਦ: ਕਿਤਾਬ ਮਹਲ, 1961

ਰਾਧਾ ਕ੍ਰਿਸ਼ਨਨ, ਉਪਨਿਸ਼ਦੋਂ ਕੀ ਭੂਮਿਕਾ, ਦਿੱਲੀ: ਰਾਜਪਾਲ ਐਂਡ ਸੰਨਜ਼. 1981

-------, ਭਾਰਤੀਯ ਸੰਸਕ੍ਰਿਤੀ, ਕੁਛ ਵਿਚਾਰ, ਨਵੀਂ ਦਿਲੀ: ਸਰਸਵਤੀ ਵਿਹਾਰ, 1978

-------, ਭਾਰਤੀਯ ਦਰਸ਼ਨ, ਦਿੱਲੀ: ਰਾਜਪਾਲ ਐਂਡ ਸੰਨਜ਼, 1969

ਰਾਮ ਜੀ ਲਾਲ (ਸਹਾਇਕ), ਕਬੀਰ ਦਰਸ਼ਨ, ਲਖਨਊ: ਵਿਸ਼ਵ ਵਿਦਿਆਲਯ ਹਿੰਦੀ ਵਿਭਾਗ, 1962

ਰਿਸ਼ੀ ਕੁਮਾਰ, ਰਾਮ ਚੰਦਰ ਸ਼ਰਮਾ (ਹਿੰਦੀ ਅਨੁਵਾਦ) ਅਥਰਵਵੇਦ ਸੰਹਿਤਾ, ਮੁਰਾਦਾਬਾਦ: ਸਨਾਤਨ ਧਰਮ ਯੰਤਰਾਲਯ, 1987

ਵਿਲਖੂ, ਸੁਰੈਣ ਸਿੰਘ (ਡਾ.), ਆਦਿ ਗ੍ਰੰਥ ਕੇ ਪਰੰਪਰਾਗਤ ਤਤਵੋਂ ਕਾ ਅਧਿਐਨ, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1978

ਵਿਯੋਗੀ ਸ੍ਰੀ ਮੋਹਨ ਲਾਲ ਮਹਤੋ, ਆਰੀਆ ਜੀਵਨ ਦਰਸ਼ਨ, ਪਟਨਾ: ਬਿਹਾਰ ਹਿੰਦੀ ਗ੍ਰੰਥ ਅਕਾਦਮੀ, 1971

ਵਿਯੋਗੀ ਹਰੀ, ਸੰਤ ਸੁਧਾ ਸਾਰ, ਨਵੀਂ ਦਿੱਲੀ: ਸਮਤਾ ਸਾਹਿਤਯ ਮੰਡਲ, 1953

ਵੇਦਾਲੰਕਾਰ ਦਲੀਪ, ਵੇਦੋਂ ਮੇਂ ਮਾਨਵਵਾਦ, ਬੜੌਦਾ: ਅਮਰ ਭਾਰਤੀ, 1982

## ਕੋਸ਼ ਅਤੇ ਵਿਸ਼ਵ ਕੋਸ਼


ਉਪਾਧਿਆਇ ਚੰਦਰਸ਼ੇਖਰ ਤਥਾ ਅਨਿਲ ਕੁਮਾਰ, ਵੈਦਿਕ ਕੋਸ਼, ਦਿੱਲੀ: ਨਾਗ ਪ੍ਰਕਾਸ਼ਤ , 1995

ਆਪਟੇ, ਵਾਮਨ ਸ਼ਿਵਰਾਮ, ਸੰਸਕ੍ਰਿਤ ਹਿੰਦੀ ਕੋਸ਼, ਦਿੱਲੀ: ਮੋਤੀ ਲਾਲ ਬਨਾਰਸੀ ਦਾਸ, 1973

ਸਿਆਮ ਸੁੰਦਰ ਦਾਸ, ਹਿੰਦੀ ਸ਼ਬਦ ਸਾਗਰ, ਕਾਸ਼ੀ: ਕਾਸ਼ੀ ਨਗਰੀ ਪ੍ਰਚਾਰਣੀ ਸਭਾ, 1965

ਕਾਲਿਕਾ ਪ੍ਰਸ਼ਾਦਿ, ਬ੍ਰਿਹਤ-ਹਿੰਦੀ ਕੋਸ਼, ਬਨਾਰਸ: ਗਿਆਨ ਮੰਡਲ ਲਿਮਿਟਿਡ, ਸੰਮਤ 2001

ਤ੍ਰਿਪਾਠੀ,ਕਰੁਣਾਪਤੀ (ਸੰਪਾ.) , ਲਘੁਤਰ ਹਿੰਦੀ ਸ਼ਬਦ ਸਾਗਰ, ਕਾਸ਼ੀ ਨਗਰੀ:ਪ੍ਰਚਾਰਵੀ ਸਭਾ, 2021 ਬਿ.

ਨਵਲਜੀ, ਵਿਸ਼ਾਲ ਸ਼ਬਦ ਸਾਗਰ, ਦਿੱਲੀ: ਨਿਊ ਇੰਮਪੀਰੀਅਲ ਬੁਕ ਡਿਪੂ ਬਿ ਸੰ. 2007

ਰਸ਼ਾਲ, ਰਾਮਸ਼ੰਕਰ, ਸ਼ੁਕਲ (ਡਾ.), ਭਾਸ਼ਾ ਸ਼ਬਦ ਕੋਸ਼, ਇਲਾਹਾਬਾਦ: ਰਾਮਨਰਾਇਣ ਲਾਲ, 1951

ਰਾਜ ਕਮਲ, ਪਾਲੀ-ਹਿੰਦੀ ਕੋਸ਼, ਦਿੱਲੀ: ਭਦੰਤ ਅਨੰਦ ਕੌਸਲਿਆਨ, 1975

ਲਾਲਸ, ਸੀਤਾ ਰਾਮ (ਡਾ.) , ਰਾਜਸਥਾਨੀ ਸ਼ਬਦ ਕੋਸ਼, ਜੋਧਪੁਰ: ਚੌਪਰਾਸਨੀ ਸਿਖਸ਼ਾ ਸੰਮਤੀ, 1978

ਵਰਮਾ ਧੀਰੇਂਦ੍ਰ (ਡਾ.) (ਸੰਪਾ.), ਹਿੰਦੀ ਸਾਹਿਤਕ ਕੋਸ਼, ਬਨਾਰਸ: ਗਿਆਨ ਮੰਡਲ ਲਿਮਿਟਿਡ, ਬਿ. ਸੰਮਤ 2015

ਵਰਮਾ, ਰਾਮ ਚੰਦ੍ਰ, ਪ੍ਰਾਮਾਣਿਕ ਹਿੰਦੀ ਕੋਸ਼, ਬਨਾਰਸ: ਹਿੰਦੀ ਸਾਹਿਤਯ ਕੁਟੀਰ, ਬਿ ਸੰ. 2008

------ , ਮਾਨਕ ਹਿੰਦੀ ਕੋਸ਼, ਪ੍ਰਯਾਗ: ਹਿੰਦੀ ਸਾਹਿਤਯ ਸੰਮੇਲਨ, 1966

ਵਿਸ਼ਵੇਸ਼ਰ ਨਰਾਇਣ, ਹਿੰਦੀ ਰਾਸ਼ਟਰ ਭਾਸ਼ਾ ਕੋਸ਼, ਪ੍ਰਯਾਗ: ਇੰਡੀਅਨ ਪ੍ਰੈਸ, 1952

# English Books


Ashraf, K.M., Life and Conditions of the People of Hindustan, New Delhi: Moti Lal Banarsi das, 1969.

Atreya, B.L. Indian Culture, Delhi: Universal, 1965.

Ahluwalia, Jasbir Singh (Dr.) (ed.), Sikhism, and the 21st Century, Amritsar: Guru Nank Dev University, 1997.

Bajaj, S.K. (Dr.), Social Philosophy of Guru Nanak, Patiala: Punjabi University, 1969

Banerjee, A.C. (Dr.), Guru Nanak and His time, Patiala: Punjabi University, 1971

Banerjee, I.B Evolution of Khalsa Vol. I, Calcutta: A Mukherjee & Co. Ltd. 1979

Bhagat Singh, Sikh Polity, New Delhi: Oriental Publishers, 1973.

Bhattachary, C.B. An Introduction to Buddist, Esotericism, Varansi: the Chowkhamba Sanskrit Series Office, IInd edition, 1964.

Bhattacharya, Hari Das (ed.), Cultural Heritage of India, Calcutta: The Rama Krishana Mission, Institute of Culture, 1958.

Chhabra, G.S. Advanced History of the Punjab, Jallundhar: New Academic Publishing Co. 1971

Daljit Singh & Kharak Singh (ed.), Sikhism, Its Philosophy and History, S.A.S. Nagar (Chandigarh): Institute of Sikh Studies, 1997.

Darshan Singh (Dr.), Indian Bhakti Tradition and Sikh Gurus, Ludhiana: Lyall Book Depott, 1968.

-----------, Sikhism, : Issues and Institution, New Delhi: Sehagal Book Distributors, 1996.

-----------, The Religion of Guru Nanak Ludhiana: Lyall Book Depott, 1970

-----------, Japuji Sahib, Text Context and Concerns, Chandigarh, 1992

Das Gupta, S.N., A History of Indian Philosophy, Cambridge University, Press, 1957.

Dayanand Bhargana Jain Ethics, Delhi: Sunderlal Jain Moti Lal Banarsi Dass, Ist Edition, 1968.

Dilgeer, Harjinder Singh (Dr.), The Sikh Reference Book, Canada: The Sikh Education Trust University Alberta Edmoton, 1997.

Fauja Singh & Jaggi, Rattan Singh Perespective on Guru Amardas (Third Sikh Master), Patiala: Punjabi University, 1982.

Ganda Singh (ed.), Punjab Past & Present, Patiala: Punjabi University, 1967.

Gandhi, Surjit Singh, History of Sikh Gurus, Delhi: Gurdas Kapur & Sons, 1978.

Giddings, F.H., The Principles of Sociology: An Analysis of the Phenomena of Social Organisation, New York: Macmillan co., 1921.

Gill, Pritam Singh, The doctrine of Guru Nanak, Jallandhar: New Book Com pany, 1969.

Gonda J., Change and continuity in Indian Religion, Mouton & Co. The Hague, 1965.

Greenless, Duncan, The Gospal of Islam, Madras: The Theosophical Pub. House, 1948.

Grewal J.S., From Guru Nanak to Maharaja Ranjit Singh, Amritsar: Guru Nanak Dev University, 1972.

-----------, Guru Nanak in History, Chandigarh: Publication Bureau Punjab University, 1979

Joad C.E.M. Philosophy for our times, London: Nelson, 1946

Kapoor Singh: Parasaraprasna, Amritsar: Guru Nanak Dev University, 1988

Khushwant Singh, A History of Sikhs, Vol VI, London: Princeton University Press, 1963.

-----------, Hymns of Guru Nanak, Delhi: Orient Longmans, 1969.

Khazan Singh, History and Philosophy of the Sikh Religion, Patiala: Lan guage, Deptt., 1970.

Kohli S.S. A Critical Study of Adi Granth, New Delhi: Pbi. Writers Co-op. 1969.

-----------, Outlines of Sikh Thought, New Delhi: Munshiram Manoharlal Publishers, 1978

-----------, Travels of Guru Nanak Chandigarh: Punjab University First Ed. 1969.

----------, Sikh and Sikhism, New Delhi: Atlantic Publishers, 1993.

----------, Philosophy of Guru Nanak, Chandigarh: Punjab University Publication Bureau, 1980.

Laski, Harold, J., A Grammer of Politics, London: George Allen+Unwin Ltd. 1963.

Language Deppt. History of the Sikh Religion Patiala: Deptt. of Language, 1970.

Lewis, Bernard- Islam: Politics and war London: The Macmillan Press Ltd. 1976.

Macauliffe .M.A. Sikh Religion, London: Exford University, Eight Vols. 1909.

Maciver R.M. and Page, C.H., Society An Introdictory Analysis, London: Macmillin and Co., 1949.

Maclode, W.H., Guru Nanak and Sikh Religion, Delhi: Oxford University Press, 1976

Madanjit Kaur (ed.), Guru Nanak and His teachings. Amritsar, Guru Nanak Dev University, 1989

Manshukhani, Gobind Singh (Dr.), Aspects of Sikhism, New Delhi: Punjabi Writers, 1982.

----------, The Quintessence of Sikhism, Amritsar: S.G. P.C. 1965.

Narang, G.C. Transformation of Sikhism (II edition) New Delhi, New Book Society of India Vo. V, 1960.

Niharranjan Ray, Sikh Gurus and Sikh Society, Delhi: Munshiram Manohar Lal, 1975.

Nizzar, Bakhshish Singh (Dr.), Punjab Under the Sultans, Delhi: Sterling, 1968.

Pandey, A.B. Early Madieval India, Allahabad, Central: 1970.

Pascual Gisbert, S.J. Fundamentals of Sociology. Calcutta: Orient Long Private Ltd. Chittrajan Ave. 1960.

Poole Lane- Medival India Under Mohammedan Rule. Delhi: A Univer sal Publication, 1971.

Radha Krishnan, Indian Philosophy, London, George Allen &Unwin Ltd, 1966.

----------, The Principle Upanisads London: George Allen & Unwin Ltd, 1953.

----------, Recovery of Faith, London, George Allen & Unwin ltd. II

ed. 1961.

-----------, Religion and culture. New Delhi: Orient Paper backs, Abingdon, 1989.

-----------, The Present Crisis of faith. Delhi: Hindi Pocket Book (P) 2 ed. 1970.

Radhakrishnan, S. & Raju P.T., The Concept of Man. London: George Allen & Unwin Ltd. 1960.

Ralph, T.H. Griffith, Hymns of Rig Veda,(Translation) Varanasi: Cho Khamba Sanskrit Series, 4th ed. 1963.

Sharma, Ram Nath, Principles of Sociology, Bombay: Asia, 1968.

Sharma, Chander, A critical Survey of Indian Philosophy London: Rider & Comapay, 1960.

Sher Singh (Dr.) Philosophy of Sikhism, Delhi: Sterling Publishers, 1944.

Sri Aurobindo, The Foundations of Indian Culture, Pandicherry, Sri Aurobindo Ashram, 1972.

Srivastava A.L. The Sultanate of Delhi, Agra: Shiva Lal Aggarwal & co. 1964.

Srivastava, Rama Shanker, Comparative Religion, New Delhi: Munshiram Manohar Lal, 1974.

Talib, Gurbachan Singh, Guru Nanak: His Personality and Vision, Delhi: Gur Das Kapur and Sons, (P) Ltd. 1969.

Taran Singh (ed.), Teaching of Guru Nanak Dev, Patiala, Punjabi University, 1990

Teja Singh, Essays in Sikhism, Amritsar, Sudarshan Press, 1944.

-----------, Sikhism, Amritsar: Khalsa Brothers, 1970.

-----------, Sikhism: Its Ideals and Institutions. Amritsar, Khalsa Broth ers, 1978

Teja Singh & Ganda singh, A Short History of Sikhs, Vol-I Bombay: Orient Longmans, 1950.

Thomas P, Indian Woman Through Ages, New York: Asia Publishing House. 1964.

Trilochan Singh (Dr.), Guru Nanak's Religion. A Comparative Study of Relgions, Lucknow: Central Gurmat Parchar Board, 1968.

Upinderjit Kaur, Sikh Religion and Economic Development. New Delhi: National Book Organisation, 1990.

William Dwight, Atharve-Veda-Samhita, Delhi: Motilal Banarsi Dass, 1992.


### Dictionary, Encyclopaedia & Journal


Apte, V.S., The Students Sanskrit Dictionary, New Delhi: Munshiram, Manohar Lal, 1970

Brandon, S.G.F., A dictionary of Comparative Religion, London: Weiden field & Nicolson, 1970

David L. Sills (ed.), Encyclopaedia of the Social Sciences Macmillan Company of the Free Press, 1968.

-----------, International Encylopaedia of the Social Sceinces . U.S.A. The Macmillan co. & the Free Press, 1968.

Fallon, S.W., New Hindustani Englsih Dictionary, (2nd ed) Allahabad: Bharti Bhandar, 1984.

Harbans Singh, The Encyclopaedia of Sikhism, Patiala: Punjabi University, 1995

Hughes, Patric, Dictionary of Islam, New Delhi: Oriental Publishers, 1973.

James, Hastings, Encyclopaedia of Religion and Ethics, New York: Charles Scribner's sons, 1908.

Kohli, S.S A Conceptual Encyclopaedia of Guru Granth Sahib, New Delhi, Manohar, 1992.

-----------, Dictionary of Granth Sahib, Amritsar: Singh Brothers, 1996.

Macdonell, A.A., Sanskrit-English Dictionary, London, 1893.

Ralhan, O.P., Encyclopaedia of Sikhism, Religion and Culture, New Delhi: Anmol publicatons Pvt. Ltd., 1997.

Teja Singh, Anglo-Punjabi Dictionary, Ludhiana, Sahitya Sangam, 1955

Tiwari, B.N. (Dr.), Practical Hindi-English Dictionary, Delhi: National Publishing House, 1970.

William Li, H.M. Fowler & J.Cousion (ed.) The Oxford English Dictionary on Historical Principles.

Williams, M.M., Sanskrit English Dictionary, London: Oxford Press, 1974.

Williams Moneir, A Dictionary of English and Sanskrit, London: W.H. Allen & Co., 1851.

English Punjabi Dictionary, Chandigarh: Punjab state University Text Book Board, 1982.

New Dictionary of thought, New York: Standard Book Co., 1951.

New Webster's Dictionary of English Language (Delux Encyclopaedia Edition), The Delair Publishing company, INC, 1981.

The New Encyclopaedia Britanica, London: William Bente.

Webster Encyclopaedia Unbridged Dictionary of English Language, New York: Porland House, 1983.

Journal of Sikh Studies, Amritsar: Guru Nanak Dev University, Vol. V, No. 1.

The Punjab Past and Present, Patiala: Punjabi University, Vol. III, 1969.

The Sikhs Review, Culcatta, Sikh Cultural Centre, Vol. IV, No. 10.